# A STUDY OF HISTORICAL REFERENCES IN VARAN BHAI GURDAS

# ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਤਿਹਾਸਕ ਸੰਕੇਤ- ਇਕ ਅਧਿਐਨ

THESIS
SUBMITTED TO THE PANJAB UNIVERSITY, CHANDIGARH
FOR THE DEGREE OF
DOCTOR OF PHILOSOPHY
IN THE FACULTY OF LANGUAGES
1993

PANJAB UNIVERSITY LIBRARY

Submitted by
**Surinder Pal Singh**

## ਤਤਕਰਾ


ਪੰਨਾ

ਭੂਮਿਕਾ : ੳ–ਸ

ਅਧਿਆਇ ਪਹਿਲਾ : 1-21

(ੳ) ਇਤਿਹਾਸ ਅਤੇ ਮਿਥਿਹਾਸ

(ਅ) ਇਤਿਹਾਸ ਅਤੇ ਧਰਮ

(ੲ) ਇਤਿਹਾਸ ਅਤੇ ਗੁਰਬਾਣੀ

ਅਧਿਆਇ ਦੂਜਾ : ਭਾਈ ਗੁਰਦਾਸ: ਜੀਵਨ ਤੇ ਰਚਨਾ 22-56.

ਸੰਖੇਪ ਜੀਵਨ; ਕਾਵਿ ਪ੍ਰਤਿਭਾ ਦੇ ਪ੍ਰੇਰਨਾ ਸਰੋਤ ਅਤੇ ਪ੍ਰਭਾਵ; ਕਾਵਿ ਪ੍ਰਤਿਭਾ ਦਾ ਵਿਕਾਸ; ਰਚਨਾ-ਵਾਰਾਂ ਅਤੇ ਕਬਿੱਤ ਸਵੱਯੇ ਦਾ ਵਿਸ਼ਲੇਸ਼ਣ

ਅਧਿਆਇ ਤੀਜਾ : ਇਤਿਹਾਸਕ ਸ਼ਖਸੀਅਤਾਂ ਅਤੇ ਉਨ੍ਹਾਂ ਨਾਲ ਸੰਬੰਧਤ ਘਟਨਾਵਾਂ 57-279

(ੳ) ਗੁਰੂ ਸਾਹਿਬਾਨ

(ਅ) ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਭਗਤਾਂ ਦੇ ਜੀਵਨ ਨਾਲ ਸੰਬੰਧਤ ਸੰਕੇਤ

(ੲ) ਗੁਰੂ ਸਾਹਿਬਾਨ ਨਾਲ [illegible]

(ਸ) ਗੁਰੂ ਸਾਹਿਬਾਂ ਦੀ [illegible]

(ਹ) ਕੁਝ ਹੋਰ [illegible]

(ਕ) ਇਤਿਹਾਸਕ [illegible]

ਅਧਿਆਇ ਚੌਥਾ : ਮਿਥਿਹਾਸਕ ਸ਼ਖ਼ਸੀਅਤਾਂ ਅਤੇ ਉਨ੍ਹਾਂ ਨਾਲ ਸੰਬੰਧਤ ਘਟਨਾਵਾਂ 280-376

(ੳ) ਦੇਵਤੇ

(ਅ) ਦਸ-ਅਵਤਾਰ

(ੲ) ਦੇਵੀਆਂ

(ਸ) ਰਾਜੇ

(ਹ) ਰਿਸ਼ੀ-ਮੁਨੀ

(ਕ) ਰਮਾਇਣ, ਮਹਾਂਭਾਰਤ ਅਤੇ ਹੋਰ ਗ੍ਰੰਥਾਂ ਨਾਲ ਸੰਬੰਧਤ ਸ਼ਖ਼ਸੀਅਤਾਂ

(ਖ) ਦੈਂਤ

(ਗ) ਮਿਥਿਹਾਸਕ ਸਥਾਨ

ਨਿਸ਼ਕਰਸ਼ : ਭਾਈ ਗੁਰਦਾਸ ਦੀ ਇਤਿਹਾਸ ਦ੍ਰਿਸ਼ਟੀ 377-385

ਪੁਸਤਕ ਸੂਚੀ 386-399

***
*

## ਭੂਮਿਕਾ

ਭਾਈ ਗੁਰਦਾਸ ਗੁਰਮਤਿ ਵਿਚਾਰਧਾਰਾ ਦੇ ਪ੍ਰਮੁੱਖ ਵਿਆਖਿਆਕਾਰ ਅਤੇ ਵਿਆਖਿਆਕਾਰ ਕਰਕੇ ਜਾਣੇ ਜਾਂਦੇ ਹਨ। ਆਪ ਦੀਆਂ ਰਚਨਾਵਾਂ ਵਿਚ ਵਾਰਾਂ, ਕਬਿੱਤ-ਸਵੱਯੇ ਅਤੇ ਸਲੋਕ ਸ਼ਾਮਲ ਹਨ। ਸਿੱਖ ਧਰਮ, ਗੁਰਮਤਿ ਸਿਧਾਂਤਾਂ ਅਤੇ ਗੁਰ-ਇਤਿਹਾਸ ਬਾਰੇ ਆਪ ਵਲੋਂ ਰਚਿਤ ਵਾਰਾਂ ਵਿਚ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ। ਭਾਈ ਗੁਰਦਾਸ ਦੀ ਸਮੁੱਚੀ ਰਚਨਾ ਦੀ ਵਿਲੱਖਣਤਾ ਇਹ ਹੈ ਕਿ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਜੋ ਵਿਚਾਰ ਵਿਅਕਤ ਕੀਤੇ ਹਨ, ਉਸ ਦੇ ਤਿੰਨ ਪ੍ਰੇਰਨਾ ਸਰੋਤ ਹਨ। ਪਹਿਲਾ, ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਹਰਗੋਬਿੰਦ ਸਾਹਿਬ ਤੱਕ ਦੇ ਸਮੇਂ ਵਿਚ ਗੁਰੂ ਸਾਹਿਬਾਨ ਦੀ ਸੰਗਤ ਵਿਚ ਰਹਿਣਾ ਅਤੇ ਗੁਰੂ ਅਰਜਨ ਦੇਵ ਜੀ ਵਲੋਂ ਸੰਪਾਦਤ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੇ ਆਸ਼ਿਆਂ ਤੋਂ ਵਾਕਫ਼ ਹੋਣਾ। ਦੂਜਾ ਸਿੱਖ ਧਰਮ ਦੇ ਪਾਸਾਰ ਲਈ ਵੱਖ ਵੱਖ ਥਾਵਾਂ ਤੇ ਜਾ ਕੇ ਕਈ ਧਰਮਾਂ ਦੇ ਲੋਕਾਂ ਦੇ ਸੰਪਰਕ ਵਿਚ ਆਉਣਾ ਅਤੇ ਤੀਜਾ, ਗੁਰਮਤਿ ਤੋਂ ਛੁੱਟ ਹੋਰ ਧਰਮਾਂ ਸੰਬੰਧੀ ਭਰਪੂਰ ਜਾਣਕਾਰੀ ਪ੍ਰਾਪਤ ਹੋਣਾ। ਭਾਈ ਗੁਰਦਾਸ ਦੀ ਆਪਣੀ ਰਚਨਾ ਵਿਚੋਂ ਇਨ੍ਹਾਂ ਸਾਰੇ ਤੱਥਾਂ ਦਾ ਗਿਆਨ ਭਲੀ ਪ੍ਰਕਾਰ ਹੋ ਜਾਂਦਾ ਹੈ।

ਭਾਈ ਗੁਰਦਾਸ ਦੇ ਜੀਵਨ ਅਤੇ ਰਚਨਾ ਨੂੰ ਪੰਜਾਬੀ ਦੇ ਕਈ ਵਿਦਵਾਨ ਲੇਖਕਾਂ ਨੇ ਕਲਮਬੰਦ ਕੀਤਾ ਹੈ। ਉਨ੍ਹਾਂ ਦੀ ਰਚਨਾ ਦੇ ਕਈ ਪਹਿਲੂਆਂ ਦਾ ਯੋਗ ਵਿਸ਼ਲੇਸ਼ਣ ਵੀ ਕੀਤਾ ਹੈ। ਡਾ. ਰਤਨ ਸਿੰਘ ਜੱਗੀ, ਸੰਤ ਸਿੰਘ ਸੇਖੋਂ, ਦਲੀਪ ਸਿੰਘ ਦੀਪ ਅਤੇ ਦਰਸ਼ਨ ਸਿੰਘ ਆਦਿ ਵਿਦਵਾਨਾਂ ਦੇ ਯਤਨ ਇਸ ਪ੍ਰਸੰਗ ਵਿਚ ਸ਼ਲਾਘਾਯੋਗ ਹਨ। ਹਥਲੇ ਖੋਜ-ਪ੍ਰਬੰਧ ਦਾ ਵਿਸ਼ਾ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਤਿਹਾਸਕ ਸੰਕੇਤਾਂ ਨੂੰ ਦ੍ਰਿਸ਼ਟੀਗੋਚਰ ਕਰਨਾ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਨਾ ਹੈ। ਭਾਵੇਂ ਉਪਰੋਕਤ ਸਾਹਿਤਕਾਰਾਂ ਨੇ ਭਾਈ ਗੁਰਦਾਸ ਦੀਆਂ ਰਚਨਾਵਾਂ ਵਿਚ ਇਤਿਹਾਸਕ ਤੇ ਮਿਥਿਹਾਸਕ ਹਵਾਲਿਆਂ ਦਾ ਵਰਨਣ ਤਾਂ ਕੀਤਾ ਹੈ ਪਰ ਨਿਸ਼ਚਿਤ ਰੂਪ ਵਿਚ ਡੂੰਘਾਈ ਵਿਚ ਜਾ ਕੇ ਇਨ੍ਹਾਂ ਦਾ ਵਿਸ਼ਲੇਸ਼ਣ ਨਹੀਂ ਕੀਤਾ। ਅਸੀਂ ਭਾਈ ਸਾਹਿਬ ਦੀਆਂ ਵਾਰਾਂ ਵਿਚ ਪ੍ਰਾਪਤ ਜਿਥੇ ਇਤਿਹਾਸਕ ਸੰਕੇਤਾਂ ਬਾਰੇ ਚਰਚਾ ਕੀਤੀ ਹੈ, ਉਥੇ ਇਹ ਵੀ ਸਮਝਿਆ

ਹੈ ਕਿ ਵਾਰਾਂ ਵਿਚ ਪ੍ਰਾਪਤ ਮਿਥਿਹਾਸਕ ਹਵਾਲਿਆਂ ਨੂੰ ਵੀ ਵਿਚਾਰ ਅਧੀਨ ਲਿਆਂਦਾ ਜਾਵੇ। ਇਤਿਹਾਸਕ ਅਤੇ ਮਿਥਿਹਾਸਕ ਹਵਾਲੇ ਜਿਸ ਘਟਨਾ, ਸ਼ਖ਼ਸੀਅਤ ਜਾਂ ਸਥਾਨ ਨਾਲ ਸਬੰਧਤ ਹਨ ਜਾਂ ਵਾਪਰੇ ਹਨ, ਉਨ੍ਹਾਂ ਦਾ ਵੀ ਵੇਰਵਾ ਦਿਤਾ ਜਾਵੇ ਤਾਂ ਕਿ ਉਸ ਵਿਚੋਂ ਭਾਈ ਗੁਰਦਾਸ ਦੀ ਇਤਿਹਾਸ ਨੂੰ ਵਰਤਣ ਦੀ ਵਿਧੀ ਅਤੇ ਇਤਿਹਾਸ ਦ੍ਰਿਸ਼ਟੀ ਸਪਸ਼ਟ ਹੋ ਸਕੇ ।

ਇਸ ਖੋਜ- ਪ੍ਰਬੰਧ ਦੇ ਅਧਿਐਨ ਨੂੰ ਅਸੀਂ ਮੁੱਖ ਰੂਪ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਤੇ ਆਧਾਰਿਤ ਕੀਤਾ ਹੈ ਅਤੇ ਇਸਦੇ ਚਾਰ ਅਧਿਆਇ ਬਣਾਏ ਹਨ। ਖੋਜ-ਖੇਤਰ ਦੇ ਵਿਸ਼ੇ ਦੇ ਮਹੱਤਵ ਦੀ ਚਰਚਾ ਕਰਦਿਆਂ ਪਹਿਲੇ ਅਧਿਆਇ ਵਿਚ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਇਤਿਹਾਸ ਅਤੇ ਮਿਥਿਹਾਸ, ਇਤਿਹਾਸ ਅਤੇ ਧਰਮ, ਇਤਿਹਾਸ ਅਤੇ ਗੁਰਬਾਣੀ ਦਾ ਪਰਸਪਰ ਸਬੰਧ ਕੀ ਹੈ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਪਰਿਪੇਖ ਨੂੰ ਕਿਵੇਂ ਉਘਾੜਿਆ ਗਿਆ ਹੈ। ਦੂਜਾ ਅਧਿਆਇ ਭਾਈ ਗੁਰਦਾਸ ਦਾ ਜੀਵਨ, ਉਨ੍ਹਾਂ ਦੀ ਸਾਹਿਤਕ ਪ੍ਰਤਿਭਾ ਦਾ ਵਿਕਾਸ, ਸਿਰਜਣ ਕਲਾ ਅਤੇ ਰਚਨਾਵਾਂ ਨਾਲ ਸਬੰਧਤ ਹੈ। ਤੀਜੇ ਅਧਿਆਇ ਵਿਚ ਇਤਿਹਾਸਕ ਸੰਕੇਤਾਂ ਦੀ ਚਰਚਾ ਕੀਤੀ ਗਈ ਹੈ। ਇਤਿਹਾਸਕ ਸੰਕੇਤਾਂ ਨੂੰ ਅੱਗੇ ਫਿਰ ਕਈ ਉਪ-ਭਾਗਾਂ ਵਿਚ ਵੰਡਿਆ ਗਿਆ ਹੈ। ਜਿਵੇਂ ਪਹਿਲੇ ਛੇ ਗੁਰੂ ਸਾਹਿਬਾਨ ਦੀਆਂ ਸ਼ਖ਼ਸੀਅਤਾਂ, ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤਾਂ ਦਾ ਜੀਵਨ, ਗੁਰੂ ਸਾਹਿਬਾਨ ਦੇ ਨਿਕਟ-ਵਰਤੀ ਪ੍ਰਸਿੱਧ ਸਿੱਖ ਅਤੇ ਹੋਰ ਸ਼ਖ਼ਸੀਅਤਾਂ ਆਦਿ। ਇਸੇ ਅਧਿਆਇ ਵਿਚ ਇਤਿਹਾਸਕ ਸਥਾਨਾਂ ਦਾ ਵੇਰਵਾ ਵੀ ਦਿਤਾ ਗਿਆ ਹੈ। ਚੌਥੇ ਅਧਿਆਇ ਵਿਚ ਮਿਥਿਹਾਸਕ ਸ਼ਖ਼ਸੀਅਤਾਂ ਅਤੇ ਉਨ੍ਹਾਂ ਨਾਲ ਸਬੰਧਤ ਘਟਨਾਵਾਂ ਦਾ ਉਲੇਖ ਕੀਤਾ ਗਿਆ ਹੈ। ਇਸ ਵਿਚ ਦੇਵੀ, ਦੇਵਤੇ, ਅਵਤਾਰ, ਰਿਸ਼ੀ/ਮੁਨੀ, ਰਾਜੇ, ਦੈਂਤ ਰਮਾਇਣ ਤੇ ਮਹਾਂਭਾਰਤ ਅਤੇ ਹੋਰ ਗ੍ਰੰਥਾਂ ਵਿਚ ਆਏ ਮਿਥਿਹਾਸਕ ਹਵਾਲੇ ਆਦਿ ਦਾ ਜ਼ਿਕਰ ਕੀਤਾ ਗਿਆ ਹੈ। ਇਸੇ ਅਧਿਆਇ ਵਿਚ ਹੀ ਮਿਥਿਹਾਸਕ ਸਥਾਨਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਇਤਿਹਾਸਕ ਜਾਂ ਮਿਥਿਹਾਸਕ ਸ਼ਖ਼ਸੀਅਤਾਂ ਬਾਰੇ ਅਤੇ ਸਥਾਨਾਂ ਬਾਰੇ ਜਾਣਕਾਰੀ ਦੇਣ ਲੱਗਿਆਂ ਇਸ ਗੱਲ ਨੂੰ ਧਿਆਨ ਵਿਚ ਰੱਖਿਆ ਗਿਆ ਹੈ ਕਿ ਭਾਈ ਗੁਰਦਾਸ ਨੇ ਆਪਣੀ ਰਚਨਾ ਵਿਚ ਉਨ੍ਹਾਂ ਸੰਕੇਤਾਂ ਜਾਂ ਹਵਾਲਿਆਂ ਨੂੰ ਕਿਸ ਸੰਦਰਭ ਵਿਚ ਗ੍ਰਹਿਣ ਕੀਤਾ ਹੈ ਅਤੇ ਉਨ੍ਹਾਂ ਦੀ ਪੇਸ਼ਕਾਰੀ ਕੀਤੀ ਹੈ। ਉਨ੍ਹਾਂ ਦੀ ਰਚਨਾ ਵਿਚ ਕਈ ਸੰਕੇਤ ਕੇਵਲ ਨਾਮਮਾਤਰ ਹਨ ਪਰ ਉਨ੍ਹਾਂ

ਨੂੰ ਸਪਸ਼ਟ ਕਰਨ ਵਿਚ ਅਸੀਂ ਕੁਝ ਵਧੇਰੇ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ। ਵਿਸ਼ੇਸ਼ ਤੌਰ ਤੇ ਜਿਥੇ ਕਿਧਰੇ ਭਾਈ ਸਾਹਿਬ ਨੇ ਗੁਰੂ ਸਾਹਿਬਾਨ ਅਤੇ ਭਗਤਾਂ ਦੇ ਸੰਕੇਤਾਂ ਨੂੰ ਵਾਰਾਂ ਦੀ ਕਿਸੇ ਪਾਉੜੀ ਵਿਚ ਕਿਸੇ ਵਿਚਾਰ ਦੀ ਸਿਧੀ ਲਈ ਵਰਤਿਆ ਹੈ , ਉਥੇ ਅਸੀਂ ਉਸ ਸੰਕੇਤ ਦੀ ਵਿਸਥਾਰ ਪੂਰਵਕ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ।

ਇਸ ਅਧਿਐਨ ਲਈ ਭਾਈ ਗੁਰਦਾਸ ਦੀਆਂ ਵਾਰਾਂ ਦਾ ਮੂਲ ਪਾਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ "ਵਾਰਾਂ ਭਾਈ ਗੁਰਦਾਸ", ਪੰਜਵੀਂ ਐਡੀਸ਼ਨ 1990 ਵਿਚੋਂ ਲਿਆ ਗਿਆ ਹੈ। ਵਾਰਾਂ ਵਿਚੋਂ ਹਵਾਲਿਆਂ ਲਈ ਦਿੱਤੀਆਂ ਗਈਆਂ ਕਾਵਿ ਪੰਕਤੀਆਂ ਦੇ ਸ਼ਬਦ ਜੋੜ ਆਦਿ ਵੀ ਇਸੇ ਸੰਸਕਰਣ ਅਨੁਸਾਰ ਰੱਖੇ ਗਏ ਹਨ।

## ਧੰਨਵਾਦ

ਮੈਂ, ਆਪਣੇ ਨਿਗਰਾਨ ਪ੍ਰੋਫ਼ੈਸਰ ਰਘਬੀਰ ਸਿੰਘ, ਚੇਅਰਮੈਨ, ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਦਾ ਹਾਰਦਿਕ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਖੋਜ-ਪ੍ਰਬੰਧ ਦਾ ਮੁਢਲਾ ਖਾਕਾ ਤਿਆਰ ਕਰਨ ਤੋਂ ਲੈ ਕੇ ਅੰਤ੍ਰਿਮ ਰੂਪ ਤੱਕ ਯੋਗ ਅਗਵਾਈ ਕੀਤੀ ਅਤੇ ਵਡਮੁੱਲੇ ਸੁਝਾ ਦਿੱਤੇ ਹਨ ।

ਗੁਰਬਾਣੀ ਦੇ ਵਰਿਸ਼ਟ ਅਧਿਆਪਕ ਪ੍ਰੋਫ਼ੈਸਰ ਦਰਸ਼ਨ ਸਿੰਘ, ਚੇਅਰਮੈਨ, ਡਿਪਾਰਟਮੈਂਟ ਆਫ਼ ਗੁਰੂ ਨਾਨਕ ਸਿੱਖ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਇਸ ਖੋਜ-ਕਾਰਜ ਵਿਚ ਸ਼ੁਰੂ ਤੋਂ ਅਖੀਰ ਤੱਕ ਅਗਵਾਈ ਲਈ ਰਿਣੀ ਹਾਂ, ਉਨ੍ਹਾਂ ਦੇ ਉਤਸ਼ਾਹ ਸਦਕਾ ਹੀ ਇਹ ਕਾਰਜ ਨੇਪਰੇ ਚੜ੍ਹ ਸਕਿਆ ਹੈ।

ਮੈਂ, ਉਨ੍ਹਾਂ ਵਿਦਵਾਨਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਦੀਆਂ ਖੋਜ-ਕਿਰਤਾਂ ਤੋਂ ਭਰਪੂਰ ਪ੍ਰੇਰਣਾ ਤੇ ਨਿਗਰ ਸਹਾਇਤਾ ਪ੍ਰਾਪਤ ਹੋਈ ਹੈ।

ਗੁਰੂ ਨਾਨਕ ਖਾਲਸਾ ਕਾਲਜ, ਕਰਨਾਲ ਦੀ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਮਿਸਿਜ਼ ਸੁਸ਼ੀਲ ਇੰਦਰ ਜੀਤ ਸਿੰਘ ਉੱਪਲ ਦਾ ਰਿਣੀ ਹਾਂ, ਜਿਨ੍ਹਾਂ ਨੇ ਯੂਨੀਵਰਸਿਟੀ ਗਰਾਂਟ ਕਮਿਸ਼ਨ ਦੁਆਰਾ ਨਿਰਧਾਰਤ ਇਕ ਸਾਲ ਦੇ ਟੀਚਰ ਫੈਲੋਸ਼ਿਪ ਲਈ ਮੈਨੂੰ ਯੋਗ ਸਮਝਿਆ। ਇਸ ਸਹਾਇਤਾ ਸਦਕਾ ਹੀ ਇਹ ਖੋਜ-ਕਾਰਜ ਸੰਪੂਰਨ ਹੋ ਸਕਿਆ ਹੈ।

ਆਪਣੇ ਪਰਿਵਾਰ ਦੇ ਸਾਰੇ ਜੀਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਬੜੇ ਸੰਕਟ ਭਰੇ ਮਾਹੌਲ ਵਿਚ ਮੇਰੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾ ਕੇ ਮੇਰੀ ਸਾਹਿਤਕ ਬਿਰਤੀ ਨੂੰ ਇਕਾਗਰ ਰੱਖਿਆ ਹੈ।

ਸੁਰਿੰਦਰਪਾਲ ਸਿੰਘ

( ਸੁਰਿੰਦਰ ਪਾਲ ਸਿੰਘ )

## ਅਧਿਆਇ ਪਹਿਲਾ :

*
*
*
*
*
*
*

(ੳ) ਇਤਿਹਾਸ ਅਤੇ ਮਿਥਿਹਾਸ

(ਅ) ਇਤਿਹਾਸ ਅਤੇ ਧਰਮ

(ੲ) ਇਤਿਹਾਸ ਅਤੇ ਗੁਰਬਾਣੀ

(ੳ) ਇਤਿਹਾਸ ਅਤੇ ਮਿਥਿਹਾਸ :

'ਇਤਿਹਾਸ' ਸ਼ਬਦ ਨੂੰ ਦੋ ਅਰਥਾਂ ਵਿਚ ਵਰਤਿਆ ਜਾਂਦਾ ਹੈ ਇਕ ਘਟਨਾਵਾਂ ਦੇ ਪ੍ਰਸੰਗ ਵਿਚ ਅਤੇ ਦੂਜਾ ਘਟਨਾਵਾਂ ਨੂੰ ਰਿਕਾਰਡ ਕਰਨ ਦੇ ਪ੍ਰਸੰਗ ਵਿਚ। ਸੰਸਾਰ ਵਿਚ ਇਤਿਹਾਸ ਨੂੰ ਕਲਮਬੰਦ ਕਰਨ ਦੇ ਕਈ ਤਰੀਕੇ ਪ੍ਰਚਲਤ ਹਨ। ਪਹਿਲਾ ਯੂਨਾਨੀ ਤਰੀਕਾ ਹੈ, ਜਿਸ ਅਨੁਸਾਰ, "ਉਹ ਨਹੀਂ ਲਿਖਿਆ ਜਾਂਦਾ ਜੋ ਵਾਪਰਿਆ ਹੈ, ਸਗੋਂ ਉਹ ਜੋ ਲੇਖਕ ਦੀ ਮਰਜ਼ੀ ਮੁਤਾਬਕ ਹੋਣਾ ਚਾਹੀਦਾ ਹੈ।" ਇਤਿਹਾਸ ਪ੍ਰਤੀ ਚੀਨੀਆਂ ਦਾ ਦ੍ਰਿਸ਼ਟੀਕੋਣ ਇਹ ਹੈ ਕਿ, "ਜੋ ਇਕ ਵਾਰ ਥਾਪ ਦਿੱਤਾ ਗਿਆ, ਉਸੇ ਮੁਤਾਬਕ ਹੀ ਇਤਿਹਾਸ ਤੁਰਦਾ ਹੈ।" ਇਸ ਅਨੁਸਾਰ ਕੇਂਦਰੀ ਵਿਚਾਰ ਤੋਂ ਪਾਸੇ ਹੋ ਜਾਣਾ ਗਲਤ ਮੰਨਿਆ ਜਾਂਦਾ ਹੈ। ਪੱਛਮ ਦੇ ਲੋਕਾਂ ਦਾ ਇਤਿਹਾਸ ਪ੍ਰਤੀ ਵਤੀਰਾ ਇਹ ਹੈ, "ਹਰ ਚੀਜ਼ ਬੇਥਵੀ ਤੇ ਬੇਤਰਤੀਬੀ ਵਿਚ ਹੈ ਇਸ ਨੂੰ ਕ੍ਰਮਵਾਰ ਲਿਆਉਣ ਦੀ ਜ਼ਰੂਰਤ ਹੈ।"* ਇਤਿਹਾਸ ਪ੍ਰਤੀ ਭਾਰਤੀ ਦ੍ਰਿਸ਼ਟੀਕੋਣ ਦਾਰਸ਼ਨਿਕ ਹੈ। ਪੁਰਾਤਨ ਭਾਰਤੀ ਇਤਿਹਾਸ ਲਿਖਣ ਸਮੇਂ ਇਸੇ ਦ੍ਰਿਸ਼ਟੀਕੋਣ ਨੂੰ ਅਪਣਾਇਆ ਗਿਆ ਹੈ। ਵੀਹਵੀਂ ਸਦੀ ਵਿਚ ਭਾਰਤੀ ਇਤਿਹਾਸ ਨੂੰ ਦਾਰਸ਼ਨਿਕ ਦ੍ਰਿਸ਼ਟੀਕੋਣ ਅਨੁਸਾਰ ਲਿਖਣ ਦਾ ਸਿਹਰਾ ਜਾਦੂ ਨਾਥ ਸਰਕਾਰ ਅਤੇ ਤਾਰਾ ਚੰਦ ਜੀ ਦੇ ਸਿਰ ਹੈ ਪਰ ਉਹਨਾਂ ਦਾ ਖੇਤਰ ਹਿੰਦੂ-ਮੁਸਲਮਾਨੀ ਸਬੰਧਾਂ ਜਾਂ ਮੁਸਲਮਾਨੀ ਇਤਿਹਾਸ ਤੱਕ ਹੀ ਸੀਮਿਤ ਰਿਹਾ ਹੈ। ਇਨ੍ਹਾਂ ਤੋਂ ਬਾਅਦ ਹੋਰ ਕਈ ਵਿਦਵਾਨ ਲੇਖਕਾਂ ਨੇ ਭਾਰਤ ਦਾ ਇਤਿਹਾਸ ਲਿਖਣ ਸਮੇਂ ਇਸੇ ਦ੍ਰਿਸ਼ਟੀਕੋਣ ਨੂੰ ਅਪਣਾਇਆ ਅਤੇ ਇਤਿਹਾਸ ਲੇਖਣ-ਪ੍ਰਣਾਲੀ ਵਿਚ ਨਵੀਆਂ ਲੀਹਾਂ ਪਾਈਆਂ ਹਨ।

ਇਤਿਹਾਸ ਬੀਤ ਚੁੱਕੇ ਸਮੇਂ ਦੀਆਂ ਘਟਨਾਵਾਂ ਨੂੰ ਕਲਮਬੰਦ ਕਰਨ ਨੂੰ ਕਿਹਾ ਜਾਂਦਾ ਹੈ। ਇਹ ਘਟਨਾਵਾਂ ਕਿਸੇ ਵੀ ਪ੍ਰਸੰਗ ਵਿਚ ਹੋ ਸਕਦੀਆਂ ਹਨ। ਡਾ. ਗੰਡਾ ਸਿੰਘ ਅਨੁਸਾਰ, "ਇਤਿਹਾਸ ਹੈ ਗੁਜ਼ਰ ਚੁੱਕੇ ਵਿਚ ਹੋ ਚੁੱਕੀਆਂ ਗੱਲਾਂ; ਅਰਥਾਤ ਕੌਮਾਂ, ਮਜ਼੍ਹਬਾਂ ਤੇ ਦੇਸ਼ ਦੀਆਂ ਹੱਡ-ਬੀਤੀਆਂ ਅਤੇ ਚੜ੍ਹਾਉ, ਉਤਾਰ ਦੇ ਹਾਲਾਤ।[1] ਪ੍ਰਿ. ਸਤਿਬੀਰ ਸਿੰਘ ਇਤਿਹਾਸ ਦੀ ਸਾਇੰਸ ਨਾਲ ਤੁਲਨਾ ਕਰਦਾ ਹੋਇਆ ਲਿਖਦਾ ਹੈ ਕਿ ਵਾਪਰ ਚੁੱਕੀਆਂ ਘਟਨਾਵਾਂ ਨੂੰ ਇਕ ਸੁਰ ਕਰਕੇ ਸੁਣਨ ਦਾ ਨਾਮ ਇਤਿਹਾਸ ਹੈ।[2] ਉਨ੍ਹਾਂ ਅਨੁਸਾਰ ਇਤਿਹਾਸ ਹੈ ਹੀ ਉਸ ਦੀ ਕਹਾਣੀ ਨੂੰ ਇੰਨ ਬਿੰਨ ਬਿਆਨ ਕਰਨ ਦਾ ਨਾਮ। ਸਾਇੰਸਦਾਨ ਆਪ ਪੜ੍ਹੀ ਗੱਲ

ਲੈਬਾਰਟਰੀ ਵਿਚ ਜਾ ਕੇ ਪਰਖਦਾ ਹੈ ਤੇ ਅਮਲੀ ਤਜਰਬੇ ਕਰਕੇ ਲੋਕਾਂ ਤੱਕ ਪੁਜਾਦਾ ਹੈ। ਇਸੇ ਤਰ੍ਹਾਂ ਹੀ ਇਤਿਹਾਸ ਦਾ ਜਾਣੂ ਤੇ ਖੋਜੀ ਪੁਰਾਣੀਆਂ ਕੰਦਰਾਂ, ਪਹਾੜਾਂ, ਲਿਖਤਾਂ ਤੇ ਸਿੱਕਿਆਂ ਆਦਿ ਦੀ ਲਿਬਾਰਟਰੀ ਵਿਚ ਜਾ ਕੇ ਸੱਚ ਭਾਲਣ ਦੀ ਕੋਸ਼ਿਸ਼ ਕਰਦਾ ਹੈ। ਜਿਸ ਸਿੱਟੇ ਤੇ ਉਹ ਖੋਜ ਬਾਅਦ ਪੁੱਜਦਾ ਹੈ ਉਹ ਇਤਿਹਾਸ ਹੈ।[3] ਅਜੋਕੇ ਪਦਾਰਥਵਾਦੀ ਚਿੰਤਕਾਂ ਨੇ ਇਤਿਹਾਸ ਬਾਰੇ ਇਕ ਨਵਾਂ ਸਿਧਾਂਤ ਪੇਸ਼ ਕੀਤਾ ਹੈ। ਜਿਸ ਨੂੰ ਉਹ "ਇਤਿਹਾਸ ਦਾ ਪਦਾਰਥਵਾਦੀ ਖਿਆਲ" (Materialistic conception of History) ਕਹਿੰਦੇ ਹਨ। ਇਸ ਸਿਧਾਂਤਅਨੁਸਾਰ ਹਰ ਇਤਿਹਾਸਕ ਘਟਨਾ ਦਾ ਮੂਲ ਕਾਰਣ ਆਰਥਕ ਹੁੰਦਾ ਹੈ ਤੇ ਹੋਰ ਕੋਈ ਨਹੀਂ।[4] ਇਸ ਸਿਧਾਂਤ ਵਿਚ ਕਈ ਤਰੁੱਟੀਆਂ ਹਨ। ਕਿਸੇ ਵੀ ਇਤਿਹਾਸਕ ਘਟਨਾ ਦੇ ਕਾਰਨ ਸਿਰਫ ਆਰਥਕ ਨਹੀਂ ਹੁੰਦੇ। ਬਹੁਤ ਸਾਰੀਆਂ ਘਟਨਾਵਾਂ ਇਹੋ ਜਿਹੀਆਂ ਵਾਪਰਦੀਆਂ ਹਨ ਜਿਨ੍ਹਾਂ ਦੇ ਕਾਰਨ ਆਰਥਕ ਨਾ ਹੋ ਕੇ ਰਾਜਸੀ, ਧਾਰਮਿਕ, ਸਮਾਜਕ ਹੁੰਦੇ ਹਨ। ਜਿਵੇਂ ਬਾਦਸ਼ਾਹ ਅਕਬਰ ਨੇ ਆਪਣੇ ਰਾਜ ਕਾਲ ਦੌਰਾਨ ਹਿੰਦੂਆਂ ਨਾਲ ਸਹਿਣਸ਼ੀਲਤਾ ਵਾਲਾ ਵਿਹਾਰ ਕੀਤਾ ਇਸ ਦੇ ਕਾਰਨ ਰਾਜਸੀ ਸਥਿਰਤਾ ਸਨ ਨਾ ਕਿ ਆਰਥਕ। ਔਰੰਗਜ਼ੇਬ ਨੇ ਹਿੰਦੂਆਂ ਉਤੇ ਜ਼ੁਲਮ, ਅਤਿਆਚਾਰ ਕੀਤੇ ਤੇ ਜਬਰਦਸਤੀ ਕਲਮਾਂ ਪੜ੍ਹਵਾਇਆ ਇਸ ਦਾ ਕਾਰਨ ਧਾਰਮਿਕ ਸੀ ਨਾ ਕਿ ਆਰਥਕ। ਸਿੱਖ ਗੁਰੂ ਸਾਹਿਬਾਨ ਨੇ ਸਮੇਂ ਸਮੇਂ ਸਿਰ ਸਮਾਜਕ ਨਾ-ਬਰਾਬਰੀ ਲਈ ਹਕੂਮਤ ਵਿਰੁੱਧ ਆਵਾਜ਼ ਉਠਾਈ ਇਸ ਦੇ ਕਾਰਨ ਨਿਰੋਲ ਮਾਨਵੀ ਸਨ। ਅਸਲ ਵਿਚ ਪਦਾਰਥਵਾਦੀਆਂ ਨੇ ਜੀਵਨ ਦੇ ਕਿਸੇ ਇਕਹਿਰੇ ਪੱਖ ਨੂੰ ਦੇਖ ਕੇ ਆਪਣਾ ਇਹ ਸਿਧਾਂਤ ਘੜਿਆ ਤੇ ਫਿਰ ਇਤਿਹਾਸ ਨੂੰ ਇਸ ਮੁਤਾਬਕ ਰੱਖ ਦਿੱਤਾ ਹੈ। ਪ੍ਰਸਿੱਧ ਵਿਦਵਾਨ ਕਰੋਸ਼ੇ ਨੇ ਵੀਇਸ ਸਿਧਾਂਤ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਸ ਅਨੁਸਾਰ ਇਹ ਸਿਧਾਂਤ ਦੇ ਉਦਯੋਗਿਕ ਚੌਗਿਰਦੇ ਅੱਗੇ ਬਗੈਰ ਕਿਸੇ ਬਹੁ ਦੇ ਗੋਡੇ ਟੇਕਣ ਬਰਾਬਰ ਹੈ।"[5]

ਇਤਿਹਾਸ ਦੇ ਪ੍ਰਸੰਗ ਵਿਚ ਫਰਾਂਸੀਸੀ ਲੇਖਕ ਵਾਲਟੇਰ ਦਾ ਸਿਧਾਂਤ ਜ਼ਿਆਦਾ ਵਿਗਿਆਨਕ ਪ੍ਰਤੀਤ ਹੁੰਦਾ ਹੈ। ਉਸ ਅਨੁਸਾਰ, "ਇਤਿਹਾਸ ਲਿਖਣ ਲੱਗਿਆਂ ਫਲਸਫੇ ਤੋਂ ਕੰਮ ਲੈਣਾ ਚਾਹੀਦਾ ਹੈ। ਇਹ ਦੇਖਣਾ ਚਾਹੀਦਾ ਹੈ ਕਿ ਰਾਜਸੀ ਘਟਨਾਵਾਂ ਦੀ ਤਹਿ ਹੇਠ ਕਿਹੜੇ ਮਨੁੱਖੀ ਖਿਆਲ ਕੰਮ ਕਰ ਰਹੇ ਹਨ। ਇਸ ਲਈ ਇਤਿਹਾਸ ਲਿਖਣ ਦਾ ਕੰਮ ਫਿਲਾਸਫਰ ਦੇ ਸਪੁਰਦ ਹੋਣਾ ਚਾਹੀਦਾ ਹੈ। ਇਤਿਹਾਸ ਦਾ ਵਾਸਤਾ ਸਿਰਫ ਬਾਦਸ਼ਾਹਾਂ ਨਾਲ ਹੀ ਨਹੀਂ ਬਲਕਿ

ਮਨੁੱਖਤਾ ਨਾਲ ਵੀ ਹੈ, ਇਕੱਲਾ ਲੜਾਈ ਨਾਲ ਹੀ ਨਹੀਂ ਬਲਕਿ ਖਿਆਲਾਂ ਦੀ ਉਨਤੀ ਨਾਲ ਵੀ ਹੈ।[6]

ਸਿਖ ਇਤਿਹਾਸ ਨੂੰ ਵਾਲਟੇਅਰ ਦੇ ਸਿਧਾਂਤ ਦੇ ਪ੍ਰਸੰਗ ਵਿਚ ਪੜ੍ਹਨਾ ਵਧੇਰੇ ਅਨੁਕੂਲ ਹੈ, ਕਿਉਂਕਿ ਇਤਿਹਾਸ ਸਿਰਫ ਆਰਥਕ ਸ਼ਕਤੀਆਂ ਦੀ ਉਪਜ ਨਹੀਂ ਹੈ। ਦੱਬੀਆਂ ਤੇ ਕੁਚਲੀਆਂ ਕੌਮਾਂ ਵਿਚ ਅਣਖ ਪੈਦਾ ਕਰਨ ਦਾ ਕੰਮ ਜੋ ਗੁਰੂ ਸਾਹਿਬਾਨ ਨੇ ਕੀਤਾ ਹੈ ਉਹ ਭਾਰਤੀ ਸਮਾਜ ਦੇ ਕਿਸੇ ਵੀ ਹੋਰ ਧਰਮ ਦੇ ਆਗੂਆਂ ਦੇ ਹਿੱਸੇ ਨਹੀਂ ਆਇਆ।

ਇਤਿਹਾਸ ਕੌਮਾਂ ਦੀ ਜਾਨ ਹੁੰਦਾ ਹੈ। ਇਸੇ ਦੀ ਹੋਂਦ ਦੇ ਅਹਿਸਾਸ ਨਾਲ ਕੌਮਾਂ ਜੀਵਤ ਰਹਿੰਦੀਆਂ ਹਨ ਅਤੇ ਪ੍ਰਫੁਲਤ ਹੁੰਦੀਆਂ ਹਨ। ਪ੍ਰਿੰ. ਸਤਿਬੀਰ ਸਿੰਘ ਅਨੁਸਾਰ, "ਇਤਿਹਾਸ ਕੋਈ ਮੁਰਦਾ ਨਿਰਜੀਵ ਚੀਜ਼ ਨਹੀਂ, ਇਸ ਵਿਚ ਸ਼ਕਤੀ ਹੈ ਤੇ ਜੁਗਤੀ ਵੀ ਉਹ ਜੋ ਮੁਰਦਾ ਰੂਹਾਂ ਵਿਚ ਜਾਨ ਪਾ ਦਿੰਦੀ ਹੈ। ਕਿਤਨੇ ਹੀ ਲਿਤਾੜੇ ਹੋਏ ਮੁਲਕ, ਕੌਮਾਂ ਤੇ ਮਨੁੱਖ ਇਸੇ ਹੀ ਇਕੋ ਗੁੜ੍ਹਤੀ ਨਾਲ ਉਠ ਖਲੋਤੇ।[7] ਡਾ. ਗੰਡਾ ਸਿੰਘ ਅਨੁਸਾਰ, "ਇਤਿਹਾਸ ਕੌਮਾਂ ਨੂੰ ਲਾਈਟ ਹਾਊਸ ਦਾ ਕੰਮ ਦਿੰਦੇ ਹਨ । ਉਹ ਉਨ੍ਹਾਂ ਨੂੰ ਉਨ੍ਹਾਂ ਸਾਰਿਆਂ ਖਤਰਿਆਂ ਤੋਂ ਅਗਾਹ ਰੱਖਦੇ ਹਨ ਜੋ ਕੌਮਾਂ ਦੇ ਨਾਮੋ ਨਿਸ਼ਾਨ ਮਿਟਾ ਦੇਣ ਵਾਲੇ ਹੁੰਦੇ ਹਨ।[8] ਅੰਗਰੇਜ਼ੀ ਦਾ ਇਹ ਅਖਾਣ ਆਪਣੇਆਪ ਵਿਚ ਇਤਿਹਾਸ ਦੀ ਮਹੱਤਤਾ ਛੁਪਾਈ ਬੈਠਾ ਹੈ "ਇਤਿਹਾਸ ਆਪਣੇ ਆਪ ਨੂੰ ਦੁਹਰਾਂਦਾ ਹੈ" ( History repeats itself ) ਇਸੇ ਤਰ੍ਹਾਂ ਇਤਿਹਾਸ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਗੁਰਬਾਣੀ ਵਿਚ ਸੰਕੇਤ ਦਰਜ ਹੈ:

ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨ।[9]

ਮਿਥਿਹਾਸ ਦਾ ਅਰਥ 'ਮਿਥਾਂ' ਦਾ ਵਿਗਿਆਨਕ ਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕਰਨਾ ਹੈ। 'ਮਿਥ' ( Myth ) ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ । ਸਾਹਿਤ ਵਿਚ ਇਸ ਦੇ ਕਈ ਅਰਥ ਪ੍ਰਚਲਤ ਹਨ ਜਿਵੇਂ 'ਕਲਪਿਤ ਕਹਾਣੀ', 'ਮਨਘੜਤ ਬਿਰਤਾਂਤ', ਆਦਿ। ਮਰਸੀਆ ਇਲੀਏਡ ( Mircea Eliade ) ਅਨੁਸਾਰ , "ਧਰਮ-ਵਿਗਿਆਨੀਆਂ, ਸਮਾਜ-ਵਿਗਿਆਨੀਆਂ, ਮਾਨਵ- ਵਿਗਿਆਨੀਆਂ ਤੇ ਲੋਕਯਾਨ ਵਿਗਿਆਨੀਆਂ ਆਦਿ ਨੇ ਮਿਥ

ਦੇ ਅਰਥ-ਵਿਸਥਾਰ ਵਿਚ ਵਾਧਾ ਕਰਕੇ ਜਿਥੇ ਇਸ ਦੇ ਅਰਥ 'ਪਵਿੱਤਰ-ਪਰੰਪਰਾ', 'ਦੈਵੀ ਸੰਦੇਸ਼', 'ਆਦਰਸ਼ਕ ਨਮੂਨਾ' ਆਦਿ ਕੀਤੇ ਹਨ, ਉਥੇ ਹਾਲੇ ਵੀ ਇਸ ਦੇ ਦੂਜੇ ਅਰਥ 'ਛਾਇਆ', 'ਕਲਪਨਾ', 'ਮਨੌਤ' ਨਾਲ ਨਾਲ ਪ੍ਰਚਲਤ ਹਨ।"[10]

ਮਿਥਿਹਾਸ, ਜਿਵੇਂ ਕਿ ਇਸ ਦੇ ਨਾਮ ਤੋਂ ਹੀ ਸਪੱਸ਼ਟ ਹੁੰਦਾ ਹੈ, ਮਿਥਿਆ ਹੋਇਆ ਵਿਚ ਸਚਾਈ ਘੱਟ ਤੇ ਕਈ ਵਾਰ ਇਸ ਦੀ ਮੂਲੋਂ ਹੀ ਅਣਹੋਂਦ ਹੁੰਦੀ ਹੈ ਅਤੇ ਇਸ ਦੀ ਪੇਸ਼ਕਾਰੀ ਵਿਚ ਕਲਪਣਾ ਸ਼ਕਤੀ ਵਧੇਰੇ ਬਲਵਾਨ ਹੁੰਦੀ ਹੈ। ਅਸਲ ਵਿਚ ਕਲਪਣਾ ਦਾ ਜਨਮ ਬੁੱਧੀ ਤੇ ਮਨੋਭਾਵਾਂ ਦੇ ਸੁਮੇਲ ਤੋਂ ਹੁੰਦਾ ਹੈ। ਇਸ ਕਰਕੇ ਮਿਥਿਹਾਸ ਬੇਸ਼ਕ ਕਲਪਣਾ ਦੀਆਂ ਦੀਵਾਰਾਂ ਤੇ ਖੜ੍ਹਾ ਹੈ ਪਰ ਇਸ ਨੂੰ ਮਨੁੱਖੀ ਜੀਵਨ ਨਾਲੋਂ ਵੱਖਰਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਇਕ ਤਰ੍ਹਾਂ ਨਾਲ ਦਿਸਦੇ ਦਾ ਹੀ ਪ੍ਰਤੀਕਰਮ ਹੁੰਦਾ ਹੈ।

ਮਿਥਿਹਾਸ ਦਾ ਘੇਰਾ ਬਹੁਤ ਵਿਸ਼ਾਲ ਹੈ। ਸੰਸਾਰ ਦੀ ਹਰ ਵਸਤੂ ਇਸ ਦੇ ਘੇਰੇ ਵਿਚ ਆਉਂਦੀ ਹੈ। ਸੂਰਜ, ਚੰਦਰਮਾਂ, ਤਾਰੇ, ਧਰਤੀ, ਅਕਾਸ਼, ਦੇਵੀ-ਦੇਵਤੇ, ਅਵਤਾਰ, ਮਨੁੱਖ, ਪਰੀਆਂ, ਰਾਕਸ਼ਸ਼, ਕੀੜੇ-ਮਕੌੜੇ, ਪਸ਼ੂ, ਪੰਛੀ, ਰੁੱਖ, ਪੱਤੇ-ਪੱਤੀਆਂ, ਘਾਹ ਆਦਿ ਮਿਥਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਦੀ ਪੇਸ਼ਕਾਰੀ ਇਨ੍ਹਾਂ ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ।

ਮਿਥਿਹਾਸ ਨਾਲ ਸਬੰਧਤ ਸਮੱਗਰੀ ਦਾ ਵਰਗੀਕਰਣ ਕਰਕੇ ਇਸ ਦਾ ਅਧਿਐਨ ਨਿਯਮ-ਬੱਧ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਵੱਖ ਵੱਖ ਵਿਦਵਾਨਾਂ ਨੇ ਮਿਥਿਹਾਸ ਨਾਲ ਸਬੰਧਤ ਕਥਾਵਾਂ ਦਾ ਵੱਖ ਵੱਖ ਤਰੀਕਿਆਂ ਅਨੁਸਾਰ ਵਰਗੀਕਰਣ ਕੀਤਾ ਹੈ।

ਐਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ[11] ਵਿਚ 'ਮਿਥ' ਦਾ ਵਰਗੀਕਰਣ ਬਾਰਾਂ ਖੰਡਾਂ ਵਿਚ ਕੀਤਾ ਮਿਲਦਾ ਹੈ:

1) ਆਵਰਤੀ ਪ੍ਰਕ੍ਰਿਤਕ ਤਬਦੀਲੀਆਂ ਅਤੇ ਰੁੱਤਾਂ (Periodic natural changes & seasons)

2) ਹੋਰ ਪ੍ਰਕਿਰਤਕ ਵਸਤਾਂ ( Other natural objects )

3) ਅਦਭੁਤ ਜਾਂ ਅਨਿਯਮਤ ਘਟਨਾਵਾਂ (Extraordinary or irregular Phenomena)

4) ਦ੍ਰਿਸ਼ਟਮਾਨ ਸੰਸਾਰ ਦਾ ਮੁੱਢ (Origin of the Universe)

5) ਦੇਵਤਿਆਂ ਦਾ ਮੁੱਢ ( Origin of Gods )

6) ਪਸ਼ੂਆਂ ਅਤੇ ਮਨੁੱਖਾਂ ਦਾ ਮੁੱਢ ( Origin of Animals & Mankind )

7) ਰੂਪ ਪਰਿਵਰਤਨ ( Transformation )

8) ਨਾਇਕਾਂ, ਪਰਿਵਾਰਾਂ ਅਤੇ ਕੌਮਾਂ ਸੰਬੰਧੀ ( Heros, families & nations)

9) ਸਮਾਜਕ ਸੰਸਥਾਵਾਂ ਅਤੇ ਕਾਢਾਂ ( Social institutions & enventions)

10) ਮ੍ਰਿਤੂ ਉਪਰੰਤ ਹੋਂਦ ਅਤੇ ਪਿਤਰ ਲੋਕ (Existance after deaths & Places of dead)

11) ਰਾਕਸ਼ਸ਼, ਸ਼ੈਤਾਨ ਅਤੇ ਭੂਤ-ਪ੍ਰੇਤ ( Demons & Monsters)

12) ਇਤਿਹਾਸਕ ਘਟਨਾਵਾਂ ( Historical Events )

ਐਨਸਾਇਕਲੋਪੀਡੀਆ ਅਮੇਰੀਕਾਨਾ[12] ਅਨੁਸਾਰ ਵਰਗੀਕਰਣ ਇਸ ਪ੍ਰਕਾਰ ਹੈ:

1) ਸ੍ਰਿਸ਼ਟੀ ਦੇ ਅਰੰਭ ਸੰਬੰਧੀ ਮਿਥ ਕਥਾਵਾਂ (Myths of Origins )

2) ਤਾਰਿਆਂ ਅਸਮਾਨ ਅਤੇ ਧਰਮ ਸੰਬੰਧੀ ਮਿਥ ਕਥਾਵਾਂ( Myths of Stars, skyland & Folk tales)

3) ਪਾਰਲੋਕ ਅਤੇ ਪਿਤਰਾਂ ਦੀਆਂ ਮਿਥ ਕਥਾਵਾਂ ( Myths of futine world and ancestors)

4) ਵੱਖ ਵੱਖ ਆਖਿਆਨਾਂ ਨਾਲ ਸੰਬੰਧਤ ਜਾਂ ਉਸ ਦੀ ਵਿਆਖਿਆ ਕਰਨ ਵਾਲੀਆਂ ਮਿਥ-ਕਥਾਵਾਂ(Myths relating to or explaining the legends)

ਕੌਲੀਅਰਜ ਐਨਸਾਈਕਲੋਪੀਡੀਆ[13] ਵਿਚ 'ਮਿਥ' ਸਬੰਧੀ ਵਰਗੀਕਰਣ ਇਸ ਤਰਤੀਬ ਵਿਚ ਦਰਜ ਹੈ:

1) ਵਿਸ਼ੇਸ਼ ਮਿਥ ਕਥਾਵਾਂ (Myths proper)

2) ਨਾਇਕ ਅਧਿਅਨ ਅਤੇ ਵਿਸ਼ੇਸ਼ ਰਿਸ਼ੀ ਕਥਾਵਾਂ (Sagas or heroic legends)

3) ਲੋਕ ਕਥਾਵਾਂ ( Folk Tales )

ਉਪਰੋਕਤ ਗ੍ਰੰਥਾਂ ਵਿਚ 'ਮਿਥ' ਸਬੰਧੀ ਦਰਜ ਵਰਗੀਕਰਣਾਂ ਵਿਚ ਭਿੰਨਤਾਂ ਹੈ। ਪਰ ਇਨ੍ਹਾਂ ਗ੍ਰੰਥਾਂ ਨੂੰ ਦ੍ਰਿਸ਼ਟੀ ਵਿਚ ਰੱਖ ਕੇ ਅਸੀਂ ਮਿਥ ਦਾ ਵਰਗੀਕਰਣ ਸੰਖੇਪ ਰੂਪ ਵਿਚ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ:

1) ਮਿਥਿਹਾਸਕ ਸ਼ਖਸੀਅਤਾਂ ਅਤੇ ਉਨ੍ਹਾਂ ਨਾਲ ਸਬੰਧਤ ਕਥਾਵਾਂ/ਘਟਨਾਵਾਂ।

2) ਮਿਥਿਹਾਸਕ ਸਥਾਨ।

3) ਮਿਥਿਹਾਸਕ ਮਨੌਤਾਂ।

4) ਮਿਥਿਹਾਸਕ ਅਨੁਸ਼ਠਾਨ।

ਮਿਥਿਹਾਸ ਦੀ ਪੇਸ਼ਕਾਰੀ ਸਬੰਧੀ ਪੱਛਮੀ ਸਾਹਿਤ ਵਿਚ ਕਈ ਸ਼ਲਾਘਾਯੋਗ ਯਤਨ ਹੋਏ ਹਨ ਅਤੇ ਉਹ ਸਾਨੂੰ ਵੱਡੀ ਮਾਤਰਾ ਵਿਚ ਸਮੱਗਰੀ ਪ੍ਰਦਾਨ ਕਰਦੇ ਹਨ। ਪੰਜਾਬੀ ਸਾਹਿਤ ਦੇ ਵਿਦਵਾਨਾਂ ਨੇ ਵੀ ਇਸ ਖੇਤਰ ਵਿਚ ਯਤਨ ਕੀਤੇ ਹਨ ਜਿਵੇਂ ਡਾ. ਕਰਨੈਲ ਸਿੰਘ ਥਿੰਦ ਤੇ ਡਾ. ਕੁਲਵੰਤ ਸਿੰਘ ਦੁਆਰਾ ਲਿਖੇ ਖੋਜ-ਪ੍ਰਬੰਧਾਂ ਵਿਚੋਂ ਸਾਨੂੰ ਉਪਰੋਕਤ ਵਿਸ਼ੇ ਬਾਰੇ ਮਹੱਤਵ ਪੂਰਨ ਸਮੱਗਰੀ ਪ੍ਰਾਪਤ ਹੁੰਦੀ ਹੈ। ਡਾ. ਵਣਜਾਰਾ ਬੇਦੀ ਨੇ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਤੇ ਹੋਰ ਵਿਸ਼ੇ ਤੇ ਕਈ ਨਿਗਰ ਪੁਸਤਕਾਂ ਲਿਖ ਕੇ ਸਾਨੂੰ ਵੱਡੀ ਮਾਤਰਾ ਵਿਚ ਸਮੱਗਰੀ ਪ੍ਰਦਾਨ ਕੀਤੀ ਹੈ। ਇਨ੍ਹਾਂ ਦਾ ਇਸ ਖੇਤਰ ਵਿਚ ਕੰਮ ਬਾਕੀ ਵਿਦਵਾਨਾਂ ਨਾਲੋਂ ਮਹੱਤਵਪੂਰਨ ਅਤੇ ਸ਼ਲਾਘਾਯੋਗ ਹੈ।

ਇਤਿਹਾਸ ਅਤੇ ਮਿਥਿਹਾਸ ਇਕ ਦੂਜੇ ਨਾਲੋਂ ਵੱਖਰੇ ਹੁੰਦੇ ਹੋਏ ਵੀ ਆਪਸ ਵਿਚ ਇਸ ਤਰ੍ਹਾਂ ਇਕ-ਜੁੱਟ ਹਨ ਕਿ ਇਹਨਾਂ ਦਾ ਨਿਖੇੜਾ ਕਰਨਾ ਮੁਸ਼ਕਲ ਹੀ ਨਹੀਂ ਕਈ ਵਾਰ ਅਸੰਭਵ ਵੀ ਪ੍ਰਤੀਤ ਹੁੰਦਾ ਹੈ। ਡਾ. ਬਲਬੀਰ ਸਿੰਘ ਅਨੁਸਾਰ, "ਕੁਝ ਵਿਸ਼ਾਲ ਅਰਥਾਂ ਵਿਚ ਇਤਿਹਾਸ ਦਾ ਖੇਤਰ ਰਾਜਿਆਂ, ਮਹਾਰਾਜਿਆਂ ਅਤੇ ਰਾਜਸੀ ਆਗੂਆਂ ਦੀਆਂ ਜਿੱਤਾਂ, ਹਾਰਾਂ ਤੋਂ ਛੁੱਟ ਸਮਕਾਲੀ ਸਮਾਜ ਵਿਚ ਪ੍ਰਚਲਤ ਲੋਕ-ਲਹਿਰਾਂ ਦੇ ਵਰਨਣ ਤੱਕ ਹੈ। ਪਰ ਜਿਥੋਂ ਤਕ ਕਿਸੇ ਦੇਸ਼, ਕੌਮ ਜਾਂ ਜਾਤੀ ਦੇ ਸਭਿਆਚਾਰਕ ਵਿਕਾਸ ਦਾ ਸਬੰਧ ਹੈ, ਉਸ ਬਾਰੇ ਭਰਪੂਰ ਜਾਣਕਾਰੀ ਲਈ ਇਤਿਹਾਸ ਦੀ ਥਾਂ ਮਿਥਿਹਾਸ ਦੇ ਧੁੰਦਲੇ ਵਰਕੇ ਫਰੋਲਣੇ ਪੈਂਦੇ ਹਨ।[14] ਮਰਸੀਆ ਇਲੀਏਡ ਨੇ ਮਿਥਿਹਾਸ ਨੂੰ ਬ੍ਰਹਮੰਡ ਦਾ ਰੂਪ ਸਮਝਦਿਆਂ 'ਪਵਿੱਤਰ ਇਤਿਹਾਸ' ਤੇ ਸੱਚੀ ਕਹਾਣੀ ਕਿਹਾ ਹੈ।[15] ਉਸ ਅਨੁਸਾਰ ਮਿਥਿਹਾਸ ਪਰਾ-ਪ੍ਰਕ੍ਰਿਤਕ ਸ਼ਕਤੀਆਂ ਦੇ ਕਾਰ-ਨਾਮਿਆਂ ਦਾ ਇਤਿਹਾਸ ਹੈ ਅਤੇਇਸ ਇਤਿਹਾਸ ਨੂੰ 'ਸਤਿ' ਅਤੇ 'ਪਵਿੱਤਰ' ਇਤਿਹਾਸ ਮੰਨਿਆ ਜਾਂਦਾ ਹੈ।[16] ਡਾ. ਕਰਨੈਲ ਸਿੰਘ ਥਿੰਦ ਅਨੁਸਰ, "ਮਿਥ-ਕਥਾ ਮਾਨਵਜਾਤੀ ਦਾ ਸੰਸਕ੍ਰਿਤਕ ਇਤਿਹਾਸ ਉਲੀਕਦੀ ਹੈ।[17]

ਇਸ ਪ੍ਰਕਾਰ ਇਤਿਹਾਸ ਉਹ ਵਿਗਿਆਨ ਹੈ ਜਿਸ ਵਿਚ ਇਸ ਵਿਚਾਰ ਦੀ ਪੇਸ਼ਕਾਰੀ ਦਰਜ ਹੁੰਦੀ ਹੈ ਕਿ ਕੀ, ਕਿਵੇਂ ਅਤੇ ਕਦੋਂ ਵਾਪਰਿਆ? ਠੀਕ ਸਮੇਂ ਤੇ ਸਥਾਨਾਂ ਦਾ ਇਸ ਦੀ ਪੇਸ਼ਕਾਰੀ ਵਿਚ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ। ਇਤਿਹਾਸਕਾਰ ਆਪਣੇ ਨਾਇਕ ਦਾ ਪੀੜ੍ਹੀਓਂ ਪੀੜ੍ਹੀ ਵਰਨਣ ਕਰਦਾ ਹੋਇਆ ਉਸ ਦੇ ਸਮਾਜਕ ਚਿੱਤਰ ਨੂੰ ਵੀ ਵਿਸਥਾਰ ਪੂਰਵਕ ਪੇਸ਼ ਕਰਦਾ ਹੈ। ਇਸ ਦੇ ਉਲਟ ਮਿਥਿਹਾਸ ਕਲਪਣਾ ਤੇ ਅਧਾਰਿਤ ਹੁੰਦਾ ਹੈ। ਲੇਖਕ ਇਸ ਦੇ ਨਾਇਕ ਦੇ ਜੀਵਨ ਦੁਆਲੇ ਕਾਲਪਨਿਕ ਕਥਾਵਾਂ ਬੁਨ ਲੈਂਦਾ ਹੈ। ਇਸ ਦੀ ਪੇਸ਼ਕਾਰੀ ਵਿਚ ਸਮੇਂ ਤੇ ਸਥਾਨ ਦਾ ਧਿਆਨ ਨਹੀਂ ਰੱਖਿਆ ਜਾਂਦਾ।

ਇਤਿਹਾਸ ਵਿਚ ਘਟਨਾਵਾਂ ਵਾਪਰਦੀਆਂ ਹਨ ਅਤੇ ਇਹਨਾਂ ਘਟਨਾਵਾਂ ਦਾ ਸਮੇਂ ਸਮੇਂ ਸਿਰ ਵਾਪਰਨਾ ਹੀ ਇਤਿਹਾਸ ਬਣ ਜਾਂਦਾ ਹੈ ਪਰ ਮਿਥਿਹਾਸ ਵਿਚ ਇਸ ਦੇ ਉਲਟ ਘਟਨਾਵਾਂ ਮਨਘੜਤ ਜਾਂ ਕਲਪਿਤ ਹੁੰਦੀਆਂ ਹਨ। ਮਿਥਿਹਾਸਕਾਰ ਕਿਸੇ ਇਕ ਘਟਨਾ ਨੂੰ ਮਿਥ ਲੈਂਦਾ ਹੈ ਤੇ ਉਸ ਅਨੁਸਾਰ ਕਹਾਣੀ ਘੜ ਲੈਂਦਾ ਹੈ। ਤੇ ਉਸ ਦੀ ਪੇਸ਼ਕਾਰੀ ਕਰਦਾ ਹੈ। ਇਹ ਪੇਸ਼ਕਾਰੀ ਮਿਥਿਹਾਸ ਹੋ ਨਿਬੜਦੀ ਹੈ। ਇਤਿਹਾਸ ਵਿਚ ਘਟਨਾਵਾਂ ਜਿਸ ਤਰਤੀਬ

ਵਿਚ ਵਾਪਰਦੀਆਂ ਹਨ ਲੇਖਕ ਉਨ੍ਹਾਂ ਨੂੰ ਉਸੇ ਤਰਤੀਬ ਵਿਚ ਹੀ ਲਿਖਤੀ ਰੂਪ ਦਿੰਦਾ ਹੈ ਪਰ ਮਿਥਿਹਾਸ ਵਿਚ ਘਟਨਾਵਾਂ ਦੇ ਵਾਪਰਨ ਦੀ ਕੋਈ ਤਰਤੀਬ ਨਹੀਂ ਹੁੰਦੀ ਤੇ ਨਾ ਹੀ ਇਸ ਦੀ ਪ੍ਰੇਸੁਕਾਰੀ ਸਮੇਂ ਤਰਤੀਬ ਦਾ ਕੋਈ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਹੈ। ਇਸੇ ਬੇਤਰਤੀਬੀ ਦੇ ਕਾਰਨ ਹੀ ਇਸ ਵਿਚ ਸਚਾਈ ਦੀ ਘਾਟ ਹੁੰਦੀ ਹੈ।

ਇਤਿਹਾਸ ਨਿਰਪੱਖ ਹੁੰਦਾ ਹੈ। ਇਸ ਦਾ ਲੇਖਕ ਹਰ ਇਕ ਵਾਪਰੀ ਘਟਨਾ ਨੂੰ ਨਿਰਪੱਖ ਹੋ ਕੇ ਬਿਆਨ ਕਰਦਾ ਹੈ ਤਾਂ ਕਿ ਇਸ ਦੀ ਇਤਿਹਾਸਕ ਸਚਾਈ ਬਾਰੇ ਕੋਈ ਕਿੰਤੂ ਨਾ ਹੋ ਸਕੇ। ਜਦ ਕਿ ਮਿਥਿਹਾਸ ਵਿਚ ਇਸ ਦਾ ਕੋਈ ਵਿਸ਼ੇਸ਼ ਧਿਆਨ ਨਹੀਂ ਰੱਖਿਆ ਜਾਂਦਾ। ਇਸ ਵਿਚ ਘਟਨਾਵਾਂ ਨੂੰ ਮਨੋਰੰਜਕ ਤੇ ਸੁਆਦਲੀਆਂ ਬਨਾਉਣ ਲਈ ਕਈ ਵਾਰ ਲੇਖਕ ਨੂੰ ਪੱਖਪਾਤ ਦਾ ਸਹਾਰਾ ਵੀ ਲੈਣਾ ਪੈਂਦਾ ਹੈ।

ਇਤਿਹਾਸ ਇਕ ਪ੍ਰਮਾਣਿਕ ਸਚਾਈ ਹੁੰਦਾ ਹੈ। ਜਿਸ ਦਾ ਉਸ ਸਮੇਂ ਦੇ ਸਮਕਾਲੀ ਜੀਵਨ ਨਾਲ ਸਬੰਧ ਹੁੰਦਾ ਹੈ। ਇਤਿਹਾਸ ਵਿਚ ਦਰਜ ਘਟਨਾਵਾਂ ਜਾਂ ਸੰਕੇਤਾਂ ਵਿਚੋਂ ਪ੍ਰਮਾਣਿਕਤਾ ਦੀ ਝਲਕ ਆਪਣੇ ਆਪ ਹੀ ਮਿਲ ਜਾਂਦੀ ਹੈ। ਕਿਉਂਕਿ ਉਹ ਨਿਰੋਲ ਸਚਾਈ ਤੇ ਅਧਾਰਿਤ ਹੁੰਦੀਆਂ ਹਨ ਪਰ ਮਿਥਿਹਾਸ ਵਿਚ ਪ੍ਰਮਾਣਿਕਤਾ ਦੀ ਘਾਟ ਹੁੰਦੀ ਹੈ। ਘਟਨਾਵਾਂ ਦੀ ਪ੍ਰਮਾਣਿਕਤਾ ਸਿੱਧ ਕਰਨ ਵਿਚ ਲੇਖਕ ਦੀ ਕੋਈ ਰੁਚੀ ਨਹੀਂ ਹੁੰਦੀ ਉਹ ਘਟਨਾਵਾਂ ਨੂੰ ਸਿਰਫ ਪੇਸ਼ ਕਰਨ ਲਈ ਘੜਦਾ ਹੈ।

ਉਪਰੋਕਤ ਵੱਖਰਤਾਵਾਂ ਦੇ ਬਾਵਜੂਦ ਵੀ ਇਤਿਹਾਸ ਅਤੇ ਮਿਥਿਹਾਸ ਨੂੰ ਇਕ ਦੂਜੇ ਤੋਂ ਅੱਡ ਨਹੀਂ ਕੀਤਾ ਜਾ ਸਕਦਾ ਕਿਉਂਕਿ ਮਿਥ ਵੀ ਕਿਸੇ ਸਮੇਂ ਵਿਚ ਇਤਿਹਾਸ ਸੀ। ਸਮੇਂ ਦੇ ਬੀਤਣ ਨਾਲ ਅਲਿਖਤੀ ਇਤਿਹਾਸ ਵਿਚ ਕਈ ਗੱਲਾਂ ਆਪਣੇ ਆਪ ਅਲੋਪ ਹੋ ਜਾਂਦੀਆਂ ਹਨ ਅਤੇ ਕਈ ਸੁਤੇ ਸਿੱਧ ਦਾਖਲ ਹੋ ਜਾਂਦੀਆਂ ਹਨ। ਜਿਸ ਤਰ੍ਹਾਂ ਸਾਡੇ ਆਪਣੇ ਵੱਡੇ ਵਡੇਰਿਆਂ ਦਾ ਜੀਵਨ ਹੁਣ ਸਾਡੇ ਲਈ ਮਿਥ ਬਣ ਗਿਆ ਹੈ ਕਿਉਂਕਿ ਸਾਡੇ ਪਾਸ ਉਹਨਾਂ ਦੇ ਜੀਵਨ ਸੰਬੰਧੀ ਤੱਥ ਪ੍ਰਮਾਣਿਕ ਰੂਪ ਵਿਚ ਸੁਰੱਖਿਅਤ ਨਹੀਂ ਹਨ। ਉਹਨਾਂ ਦੀ ਸ਼ਖਸ਼ੀਅਤ ਸੰਬੰਧੀ ਅਸੀਂ ਆਪਣੇ ਬਜੁਰਗਾਂ ਤੋਂ ਜਬਾਨੀ ਸੁਣਦੇ ਆਏ ਹਾਂ ਤੇ ਜਦੋਂ ਅਸੀਂ ਅੱਗੇ ਸਣਾਉਂਦੇ ਹਾਂ ਤਾਂ ਅਚਨਚੇਤ/ਕਈ ਗੱਲਾਂ ਛੱਡ ਜਾਂਦੇ ਹਾਂ ਅਤੇ ਕਈ ਨਵੀਆਂ ਜੋੜ ਲੈਂਦੇ ਹਾਂ। ਇਸ ਤਰ੍ਹਾਂ ਜਿਹੜਾ ਇਤਿਹਾਸ ਹੈ, ਉਹ ਵੀ ਸਮੇਂ ਦੇ ਬੀਤਣ ਨਾਲ ਮਿਥਿਹਾਸ ਬਣ ਜਾਂਦਾ ਹੈ। ਜਿਵੇਂ ਸ੍ਰੀ ਰਾਮ ਚੰਦਰ ਤੇ ਸੀਤਾ ਜੀ

ਇਤਿਹਾਸ ਦੇ ਪਾਤਰ ਸਨ ਪਰ ਸਮੇਂ ਦੇ ਬੀਤਣ ਨਾਲ ਉਹ ਸਾਨੂੰ ਮਿਥਿਹਾਸਕ ਪਾਤਰ ਲੱਗਣ ਲੱਗ ਪਏ ਹਨ, ਇਸ ਦੇ ਨਾਲ ਨਾਲ ਉਹ ਅੱਜ ਇਕ ਚੰਗੇ ਪਤੀ-ਪਤਨੀ ਦੇ ਸੰਬੰਧਾਂ ਦੇ ਪ੍ਰਤੀਕ ( Symbol ) ਵੀ ਬਣ ਗਏ ਹਨ। ਅਸੀਂ ਇਹਨਾਂ ਨੂੰ ਇਸੇ ਰੂਪ ਵਿਚ ਗ੍ਰਹਿਣ ਕਰ ਲਿਆ ਹੈ । ਸਾਡੇ ਮਨ ਵਿਚ ਉਹਨਾਂ ਦੀ ਸ਼ਖਸੀਅਤ ਇਕ ਮਿਥਿਹਾਸਕ ਪਾਤਰ ਦੇ ਰੂਪ ਵਿਚ ਨਹੀਂ ਉਘੜਦੀ ਸਗੋਂ ਇਕ ਚੰਗੇ ਪਤੀ-ਪਤਨੀ ਦੇ ਪ੍ਰਤੀਕ ਦੇ ਰੂਪ ਵਿਚ ਵਿਦਮਾਨ ਹੁੰਦੀ ਹੈ।

ਉਪਰੋਕਤ ਵਿਚਾਰ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਇਤਿਹਾਸ ਅਤੇ ਮਿਥਿਹਾਸ ਸਾਡੇ ਸਮਾਜ ਦਾ ਅਮੀਰ ਵਿਰਸਾ ਹਨ ਅਤੇ ਇਹਨਾਂ ਦਾ ਪ੍ਰਭਾਵ ਕਵੀਆਂ ਅਤੇ ਕਲਾਕਾਰਾਂ ਦੇ ਕੋਮਲ ਹਿਰਦੇ ਤੇ ਪੈਣਾ ਸੁਭਾਵਿਕ ਗੱਲ ਪ੍ਰਤੀਤ ਹੁੰਦੀ ਹੈ। ਭਾਈ ਗੁਰਦਾਸ ਨਾ ਇਤਿਹਾਸਕਾਰ ਸਨ ਅਤੇ ਨਾ ਮਿਥਿਹਾਸਕਾਰ। ਉਨ੍ਹਾਂ ਦਾ ਹਿਰਦਾ ਤਾਂ ਇਕ ਕਵੀ ਦਾ ਹਿਰਦਾ ਸੀ। ਭਾਈ ਗੁਰਦਾਸ ਨੇ ਵਾਰਾਂ ਵਿਚ ਇਤਿਹਾਸ ਅਤੇ ਮਿਥਿਹਾਸ ਦੀ ਵਰਤੋਂ ਹੂ-ਬ-ਹੂ ਨਹੀਂ ਕੀਤੀ ਸਗੋਂ ਸਮਕਾਲੀ ਜੀਵਨ ਵਿਚ ਵਾਪਰੀਆਂ ਇਤਿਹਾਸਕ ਘਟਨਾਵਾਂ ਜਾਂ ਪ੍ਰਚੱਲਤ ਮਿਥਿਹਾਸਕ ਕਥਾਵਾਂ ਤੋਂ ਕਾਫੀ ਕੁਝ ਗ੍ਰਹਿਣ ਕੀਤਾ ਹੈ ਅਤੇ ਉਸ ਦੀ ਸੰਕੇਤਕ ਰੂਪ ਵਿਚ ਵਰਤੋਂ ਕੀਤੀ ਹੈ। ਭਾਈ ਗੁਰਦਾਸ ਦਾ ਮੰਤਵ ਇਤਿਹਾਸਕ ਜਾਂ ਮਿਥਿਹਾਸਕ ਪ੍ਰਸੰਗਾਂ ਦਾ ਵਿਸਥਾਰ ਕਰਨਾ ਨਹੀਂ ਸੀ ਸਗੋਂ ਉਨ੍ਹਾਂ ਨੇ ਤਾਂ ਪ੍ਰਚਲਤ ਮਿਥਿਹਾਸਕ ਪ੍ਰਸੰਗਾਂ ਨੂੰ ਨਵੇਂ ਅਰਥ ਦੇ ਕੇ ਲੋਕਾਂ ਨੂੰ ਇਨ੍ਹਾਂ ਦੇ ਪਰੰਪਰਾਗਤ ਘੇਰੇ ਵਿਚੋਂ ਕੱਢਿਆ ਹੈ ਅਤੇ ਗੁਰਮਤਿ ਸਿਧਾਂਤਾਂ ਨੂੰ ਸਪਸ਼ਟ ਕਰਨ ਲਈ ਗਿਆਨ ਅਤੇ ਵਿਵੇਕ ਦੇ ਘੇਰੇ ਵਿਚ ਲਿਆਂਦਾ ਹੈ।

(ਅ) <u>ਇਤਿਹਾਸਕ ਅਤੇ ਧਰਮ:</u>

ਜਦੋਂ ਅਸੀਂ ਭਾਰਤੀ ਜੀਵਨ ਦੇ ਇਤਿਹਾਸ ਜਾਂ ਪੁਰਾਣੇ ਸਮੇਂ ਵੱਲ ਨਿਗ੍ਹਾ ਮਾਰਦੇ ਹਾਂ ਤਾਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਜੀਵਨ ਦਾ ਉਹ ਪੜਾ ਜਿਸ ਸਮੇਂ ਮਨੁੱਖ ਨੇ ਉੱਨਤੀ ਕੀਤੀ ਅਤੇ ਪੱਥਰ ਯੁੱਗ ਨੂੰ ਪਾਰ ਕਰਕੇ ਉਸ ਨੂੰ ਧਰਮ ਦੀ, ਸਮਾਜ ਦੀ ਅਤੇ ਸਮਾਜ ਵਿਚ ਵਿਚਰਣ ਦੀ ਸੋਝੀ ਪ੍ਰਾਪਤ ਹੋਈ ਸੀ, ਉਸ ਸਮੇਂ ਮਨੁੱਖਾਂ ਜੀਵਨ ਇਸ ਤਰ੍ਹਾਂ ਰਲਗੱਡ ਹੋਇਆ ਸੀ ਕਿ ਉਸ ਵਿਚੋਂ ਵੱਖਰੇ ਰੂਪ ਵਿਚ ਇਤਿਹਾਸ ਜਾਂ ਧਰਮ ਨੂੰ ਲੱਭਣਾ ਬਹੁਤ ਕਠਿਨ ਕਾਰਜ ਸੀ। ਵਾਸਤਵ ਵਿਚ ਇਸ ਨੂੰ ਇਤਿਹਾਸ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਵਿਚ ਬਹੁਤ ਸਾਰੀਆਂ ਘਟਨਾਵਾਂ ਜਾਂ ਪ੍ਰਸੰਗ ਕਲਪਨਾ ਤੇ ਆਧਾਰਿਤ ਸਨ। ਇਸ

ਕਰਕੇ ਇਸ ਨੂੰ ਇਤਿਹਾਸ ਨਾਲੋਂ ਮਿਥਿਹਾਸ ਕਿਹਾ ਜਾਣਾ ਵਧੇਰੇ ਉਚਿੱਤ ਹੈ।

ਪੁਰਾਤਨ ਗ੍ਰੰਥਾਂ ਦਾ ਅਧਿਐਨ ਕੀਤਿਆਂ ਇਹ ਤੱਕ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਨ੍ਹਾਂ ਗ੍ਰੰਥਾਂ ਵਿਚ ਇਤਿਹਾਸ ਅਤੇ ਮਿਥਿਹਾਸ ਮਿਲਵੇਂ ਰੂਪ ਵਿਚ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਇਹ ਉਸਸਮੇਂ ਦਾ ਇਤਿਹਾਸ ਵੀ ਹਨ, ਮਿਥਿਹਾਸ ਵੀ ਹਨ ਅਤੇ ਸਾਹਿਤ ਵੀ ਹਨ। ਉਸਸਮੇਂ ਦੇ ਭਾਰਤੀ ਜੀਵਨ ਦਾ ਸਿਧਾਂਤ ਇਨ੍ਹਾਂ ਪੁਰਾਤਨ ਗ੍ਰੰਥਾਂ ਵਿਚੋਂ ਵਿਸਥਾਰ ਪੂਰਵਕ ਪ੍ਰਾਪਤ ਹੋ ਜਾਂਦਾ ਹੈ। ਇਸ ਸਬੰਧ ਵਿਚ ਪ੍ਰਸਿਧ ਵਿਦਵਾਨ ਹਰਡਰ ( Herder ) ਦੇ ਵਿਚਾਰ ਵਰਨਣਯੋਗ ਹਨ, "ਸਾਡੀ ਦੁਨੀਆਂ ਦੇ ਸਾਰੇ ਉੱਤਮ ਸਭਿਆਚਾਰਾਂ ਦੀਆਂ ਜੜ੍ਹਾਂ ਧਾਰਮਿਕ ਰਵਾਇਤਾਂ ਵਿਚ ਹਨ ਭਾਵੇਂਉਹ ਰਵਾਇਤਾਂ ਲਿਖਤੀ ਜਾਂ ਮੌਖਿਕ ਸਾਹਿਤ ਨੇ ਥਾਪੀਆਂ।"[18]

ਧਰਮ ਅਜੋਕੇ ਸਮੇਂ ਦੀ ਉਪੱਜ ਨਹੀਂ ਹੈ। ਧਰਮ ਦੀ ਪੁਰਾਤਨਤਾ ਬਾਰੇ ਵਿਚਾਰ ਪ੍ਰਗਟ ਕਰਦਾ ਹੋਇਆ ਪ੍ਰਸਿੱਧ ਵਿਦਵਾਨ ਮੈਕਸਮੂਲਰ ਲਿਖਦਾ ਹੈ ਕਿ, "ਜੇ ਇਹ ਇਤਨਾ ਪੁਰਾਤਨ ਨਹੀਂ ਹੈ ਜਿਤਨਾ ਕਿ ਸੰਸਾਰ ਹੈ ਤਾਂ ਇਹ ਘੱਟੋ ਘੱਟ ਇਤਨਾ ਪੁਰਾਤਨ ਜ਼ਰੂਰ ਹੈ ਜਿਤਨੀ ਇਹ ਦੁਨੀਆਂ ਹੈ ਜਿਸ ਦਾ ਸਾਨੂੰ ਗਿਆਨ ਹੈ।[19] ਇਹ ਭਾਰਤੀ ਜੀਵਨ ਵਿਚ ਧਰਮ ਦੇ ਵੱਖ ਵੱਖ ਰੂਪ ਸਮੇਂ ਸਮੇਂ ਸਿਰ ਵਿਕਸਤ ਹੁੰਦੇ ਰਹੇ ਹਨ ਜਿਵੇਂ ਹਿੰਦੂ, ਜੈਨ, ਬੁੱਧ ਧਰਮ ਆਦਿ । ਹੌਲੀ ਹੌਲੀ ਭਾਰਤੀ ਲੋਕ ਧਰਮਾਂ ਨਾਲ ਸਬੰਧਤ ਧਾਰਮਿਕ ਪੁਸਤਕਾਂ ਵੀ ਇਨ੍ਹਾਂ ਦੇ ਸਿਧਾਂਤਾਂ ਦੀ ਪੇਸ਼ਕਾਰੀ ਵੱਲ ਰੁਚਿਤ ਹੁੰਦੀਆਂ ਰਹੀਆਂ ਹਨ। ਇਨ੍ਹਾਂ ਧਾਰਮਿਕ ਪੁਸਤਕਾਂ ਰਾਹੀਂ ਹੀ ਅੱਜ ਸਾਨੂੰ ਇਨ੍ਹਾਂ ਧਰਮਾਂ ਦੇ ਪ੍ਰਸਿੱਧ ਪ੍ਰਚਾਰਕਾਂ ਦੇ ਜੀਵਨ ਸਬੰਧੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਇਨ੍ਹਾਂ ਪੁਸਤਕਾਂ ਰਾਹੀਂ ਧਰਮ ਦਾ ਨਿਰੰਤਰ ਵਿਕਾਸ ਹੁੰਦਾ ਰਿਹਾ ਤੇ ਜੋ ਜੋ ਲਿਖਿਆ ਜਾਂਦਾ ਰਿਹਾ ਉਹ ਇਤਿਹਾਸ ਬਣ ਗਿਆ। ਜਦੋਂ ਲੋਕ ਜੀਵਨ ਉਤੇ ਰਾਜਨੀਤੀ ਦਾ ਪ੍ਰਭਾਵ ਵਧਿਆ ਤਾਂ ਰਾਜਨੀਤੀ ਨਾਲ ਰਲਗੱਡ ਹੋ ਕੇ ਇਤਿਹਾਸ ਰਾਜਨੀਤਕ ਇਤਿਹਾਸ ਬਣ ਗਿਆ ਤੇ ਧਰਮ ਵੱਖ ਵੱਖ ਰਾਜਨੀਤਕ/ਧਾਰਮਿਕ ਸੰਸਥਾਵਾਂ ਵਿਚ ਬਦਲ ਗਏ ਅਤੇ ਪ੍ਰਫੁਲਤ ਹੋਣ ਲੱਗੇ।

ਭਾਰਤੀ ਜੀਵਨ ਨਾਲ ਸਬੰਧਤ ਹਿੰਦੂ, ਜੈਨ ਤੇ ਬੁੱਧ ਆਦਿ ਧਰਮਾਂ ਦੇ ਇਤਿਹਾਸਕ ਵੇਰਵੇ ਪੁਰਾਤਨ ਗ੍ਰੰਥਾਂ ਵਿਚ ਉਪਲੱਬਧ ਹਨ। ਇਨ੍ਹਾਂ ਧਰਮਾਂ ਦੇ ਪ੍ਰਚਾਰਕ ਆਪਣੇ ਆਪਣੇ ਧਰਮ

ਲਈ ਜਾਗਰੂਕ ਹੋਏ ਅਤੇ ਪ੍ਰਚਾਰ ਰਾਹੀਂ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਧਰਮ ਦਾ ਅਨੁਯਾਈ ਬਨਾਉਣ ਦਾ ਯਤਨ ਕੀਤਾ। ਇਹਨਾਂ ਧਾਰਮਿਕ ਵਿਅਕਤੀਆਂ ਦੇ ਜੀਵਨ ਬਿਰਤਾਂਤ ਅਤੇ ਕਾਰਨਾਮੇ ਵੀ ਇਤਿਹਾਸ ਬਣ ਗਏ ਅਤੇ ਇਹੀ ਕਾਰਨ ਹੈ ਕਿ ਇਨ੍ਹਾਂ ਧਰਮਾਂ ਨਾਲ ਸਬੰਧਤ ਮਹੱਤਵਪੂਰਨ ਸ਼ਖਸੀਅਤਾਂ ਬਾਰੇ ਅੱਜ ਸਾਨੂੰ ਭਰਪੂਰ ਸਮੱਗਰੀ ਪ੍ਰਾਪਤ ਹੈ। ਦੂਜੇ ਪਾਸੇ ਰਮਾਇਣ, ਮਹਾਂਭਾਰਤ ਆਦਿ ਪੁਰਾਤਨ ਗ੍ਰੰਥਾਂ ਦੇ ਪਾਤਰਾਂ ਬਾਰੇ ਵੀ ਸਾਨੂੰ ਇਨ੍ਹਾਂ ਤੋਂ ਵਿਸਥਾਰ ਪੂਰਵਕ ਜਾਣਕਾਰੀ ਪ੍ਰਾਪਤ ਹੁੰਦੀ ਹੈ ਭਾਵੇਂ ਇਨ੍ਹਾਂ ਦੀ ਪੇਸ਼ਕਾਰੀ ਉਤੇ ਮਿਥਿਹਾਸ ਦਾ ਰੰਗ ਵਧੇਰੇ ਬਲਵਾਨ ਹੈ।

ਸਿੱਖ ਧਰਮ ਇਕ ਨਵਾਂ ਤੇ ਨਰੋਆ ਧਰਮ ਹੈ। ਪ੍ਰਸਿੱਧ ਵਿਦਵਾਨ ਡੰਕਨ ਗ੍ਰੀਨਲੀਜ਼, ਸਿੱਖ ਧਰਮ ਦੀ ਮੌਲਿਕਤਾ ਤੇ ਸੁਤੰਤਰਤਾ ਬਾਰੇ ਲਿਖਦਾ ਹੈ, "ਸਿਖ ਧਰਮ ਹਿੰਦੂ ਧਰਮ ਦਾ ਭੇਸ-ਵਟਾਵਾਂ ਰੂਪ ਨਹੀਂ ਹੈ, ਬਲਕਿ ਇਸ ਦਾ ਇਲਹਾਮ ( estution ) ਸਿੱਧਾ ਤੇ ਸੁਤੰਤਰ, ਉਸ ਪਰਮ-ਸਰੂਪ ਤੋਂ ਹੋਇਆ ਹੈ, ਜਿਸ ਤੋਂ ਹੋਰਨਾਂ ਧਰਮਾਂ ਦਾ ਹੋਇਆ ਹੈ। ਇਹ ਮੁਸਲਮਾਨੀ ਸਿਖਿਆਵਾਂ ਦਾ ਵੀ ਕੋਈ ਬਦਲਿਆ-ਵਟਿਆ ਰੂਪ ਨਹੀਂ, ਭਾਵੇਂ ਸਿੱਖ ਧਰਮ ਵੀ ਪਰਮਾਤਮਾ ਨਾਲ ਪ੍ਰੇਮ ਅਤੇ ਉਸ ਦੀ ਯਾਦ -ਸਿਮ੍ਰਤੀ ਨੂੰ ਹੀ ਦ੍ਰਿੜ ਕਰਾਉਂਦਾ ਹੈ। ਇਹ ਵੀ ਵਿਸ਼ਵ ਦੇ ਹੋਰ ਮੁੱਖ ਤੇ ਮਹਾਨ ਧਰਮਾਂ ਵਾਂਗ ਇਕ ਅੱਡਰਾ ਤੇ ਆਜ਼ਾਦ ਧਰਮ ਹੈ।"[20] ਅੱਜ ਤੋਂ ਲਗਭਗ 524 ਸਾਲ ਪਹਿਲਾਂ ਇਸ ਦਾ ਜਨਮ ਹੋਇਆ। ਇਸ ਧਰਮ ਦੀ ਵਿਲੱਖਣਤਾ ਤੇ ਨਵੀਨਤਾ ਕਾਰਨ ਇਸ ਵਿਚ ਮਿਥਿਹਾਸ ਦਾ ਰਲਾ ਬਹੁਤ ਘੱਟ ਮਿਲਦਾ ਹੈ। ਗੁਰੂ ਨਾਨਕ ਦੇਵ ਜੀ ਇਸ ਦੇ ਪ੍ਰਵਰਤਕ ਸਨ ਅਤੇ ਬਾਅਦ ਵਿਚ ਨੌ ਗੁਰੂ ਸਾਹਿਬਾਨ ਨੇ ਉਨ੍ਹਾਂ ਦੁਆਰਾ ਦਰਸਾਏ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। ਸਿੱਖ ਧਰਮ ਦਾ ਇਤਿਹਾਸ ਏਨਾ ਲੰਮੇਰਾ ਇਤਿਹਾਸ ਹੈ ਕਿ ਦੁਨੀਆਂ ਦੇ ਕਿਸੇ ਵੀ ਹੋਰ ਧਰਮ ਨੂੰ ਅਜਿਹੀ ਲਗਾਤਾਰ ਪ੍ਰਸੂਤਾ ਪੀੜ੍ਹੀਆਂ ਦੀ ਅਗਵਾਈ ਪ੍ਰਾਪਤ ਨਹੀਂ ਹੋਈ।

ਸਿੱਖ ਧਰਮ ਮਨੁੱਖਤਾ ਨੂੰ ਚੰਗੇ ਆਚਰਣ ਵਾਲੇ ਬਨਣ ਦੀ ਪ੍ਰੇਰਨਾ ਦਿੰਦਾ ਹੈ। ਇਸ ਵਿਚ ਉਚੇ ਆਚਰਣ ਨੂੰ ਉਚੀ ਪਦਵੀ ਪ੍ਰਾਪਤ ਹੈ। ਇਹ ਧਰਮ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਸੱਭ ਤੋਂ ਮੁੱਖ ਲੋੜ ਚੰਗੇ ਆਚਾਰ, ਨੇਕ ਕਰਨੀ ਤੇ ਸ਼ੁਭ ਅਮਲਾਂ ਦੀ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

ਸਰਬ ਧਰਮ ਮਹਿ ਸ੍ਰੇਸਟ ਧਰਮੁ।

ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।[21]

ਸਿੱਖ ਧਰਮ ਨਾਲ ਸਬੰਧਤ ਘਟਨਾਵਾਂ ਦੇ ਇਤਿਹਾਸਕ ਕਾਲ ਕਰਮ ਵਿਚ ਕਿਤੇ ਕਿਤੇ ਅੰਤਰ ਹੈ ਇਸ ਦਾ ਕਾਰਨ ਠੀਕ ਸੰਭਾਲ ਦੀ ਰੁਚੀ ਦਾ ਨਾਂ ਹੋਣਾ ਹੈ ਪਰ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਗੁਰਮਤਿ ਦੇ ਇਤਿਹਾਸ ਨੂੰ ਸੰਭਾਲਿਆ ਜੋ ਅੱਜ ਸਾਡੇ ਜੀਵਨ ਲਈ ਪੱਥ ਪ੍ਰਦਰਸ਼ਨ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ ਸਿੱਖ ਇਤਿਹਾਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਨੂੰ ਜਨਮ ਸਾਖੀਆਂ, ਭਾਈ ਗੁਰਦਾਸ ਦੀਆਂ ਰਚਨਾਵਾਂ ਅਤੇ ਉਸ ਸਮੇਂ ਦੇ ਹੋਰ ਗ੍ਰੰਥਾਂ ਵਿਚੋਂ ਮਿਲ ਜਾਂਦੀ ਹੈ। ਸਾਨੂੰ ਪੰਜਾਬ ਦੇ ਇਤਿਹਾਸ ਵਿਚ ਵੀ ਸਿੱਖਧਰਮ ਦਾ ਇਤਿਹਾਸ ਤੇ ਗੁਰੂ ਸਾਹਿਬਾਨ ਦਾ ਇਤਿਹਾਸ ਰਲੇਵੇਂ ਰੂਪ ਵਿਚ ਮਿਲਦਾ ਹੈ। ਇਸ ਪ੍ਰਕਾਰ ਸਾਡੇ ਕੋਲ ਸਿੱਖ ਧਰਮ ਦਾ ਇਤਿਹਾਸ ਪ੍ਰਮਾਣਿਕ ਰੂਪ ਵਿਚ ਮੌਜੂਦ ਹੈ।

ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਜਿਵੇਂ ਗੁਰੂ ਸਾਹਿਬ ਦਾ ਯਾਤਰਾਵਾਂ ਤੇ ਜਾਣਾ ਤੇ ਉਥੇ ਦੂਜੇ ਧਰਮਾਂ ਦੇ ਪ੍ਰਚਾਰਕਾਂ ਨਾਲ ਵਿਚਾਰ ਵਟਾਂਦਰਾ ਕਰਕੇ ਸ਼ਬਦ ਦੇ ਬਲ ਨਾਲ ਜਿੱਤ ਪ੍ਰਾਪਤ ਕਰਨੀ। ਇਹ ਘਟਨਾਵਾਂ ਗੁਰੂ ਸਾਹਿਬ ਦੇ ਜੀਵਨ ਦੇ ਇਤਿ-ਹਾਸਕ ਪੱਖ ਨੂੰ ਪੇਸ਼ ਕਰਦੀਆਂ ਹਨ। ਧਰਮ ਦਾ ਇਕ ਹੋਰ ਪੱਖ ਹੈ ਜਿਸ ਵਿਚ ਕਰਮ ਕਾਂਡ, ਅਨੁਸ਼ਠਾਨ, ਰਸਮੋਂ ਰਿਵਾਜ, ਜੀਵਨ ਗੁਜਾਰਨ ਦੀ ਵਿਧੀ ਆਦਿ ਆਉਂਦੇ ਹਨ। ਸੰਗਤ, ਪੰਗਤ, ਕਿਰਤ ਕਰਨੀ, ਵੰਡ ਛਕਣਾ, ਨਾਮ ਜਪਣਾ, ਹਉਮੈ ਤਿਆਗਣਾ, ਸੱਚ ਬੋਲਣਾ ਆਦਿ ਜੀਵਨ ਦੇ ਮਾਨਵੀ ਗੁਣ ਹਨ। ਇਹ ਸਿੱਖ ਧਰਮ ਦਾ ਅਨਿੱਖੜ ਅੰਗਹਨ। ਮਰਿਆਦਾ ਵੀ ਸਿੱਖ ਧਰਮ ਦਾ ਅੰਗ ਹੈ। ਜੀਵ ਨੂੰ ਮਰਿਆਦਾ ਵਿਚ ਰਹਿ ਕੇ ਜੀਵਨ ਗੁਜ਼ਾਰਨ ਦਾ ਹੁਕਮ ਹੈ, ਬਾਹਰ ਨਹੀਂ। ਇਹ ਜੀਵਨ ਦਾ ਅੰਤਰੀਵ ਪੱਖ ਹੈ ਭਾਵ ਧਰਮ ਹੈ ਤੇ ਇਤਿਹਾਸ ਜੀਵਨ ਦੇ ਬਾਹਰ-ਮੁਖੀ ਪੱਖ ਦੀ ਪੇਸ਼ਕਾਰੀ ਕਰਦਾ ਹੈ।

ਇਸ ਤੋਂ ਇਲਾਵਾ ਇਤਿਹਾਸ ਵਿਚ ਸ਼ਰਧਾ ਭਾਵਨਾ ਵੀ ਘਾਟ ਹੁੰਦੀ ਹੈ ਪਰ

ਧਰਮ ਵਿਚ ਸ਼ਰਧਾ ਦਾ ਪੱਖ ਬਲਵਾਨ ਹੁੰਦਾ ਹੈ। ਪ੍ਰੋ. ਜੁਗਿੰਦਰ ਸਿੰਘ ਅਨੁਸਾਰ "ਧਰਮ ਦਾ ਆਧਾਰ 'ਅਨੁਭਵ' ਹੁੰਦਾ ਹੈ ਵਿਸ਼ਵਾਸ਼ ਹੁੰਦਾ ਹੈ, ਕਿਸੇ ਤਰ੍ਹਾਂ ਦਾ ਦਰਸ਼ਨ (Philosophy) ਨਹੀਂ।"[22] ਫਿਉਰਬਾਖ (Feuerbach) ਅਨੁਸਾਰ "ਧਰਮ ਦਾ ਮੂਲ ਲੋਭ ਜਾਂ ਪ੍ਰਾਪਤੀ ਦੀ ਇੱਛਾ ਹੈ ਜੋ ਕਿ ਪ੍ਰਾਰਥਨਾ, ਜੱਸ ਤੇ ਸ਼ਰਧਾ ਵਿਚ ਝਲਕਦਾ ਹੈ।"[23] ਇਤਿਹਾਸ ਦੇ ਚਾਲਕ ਆਮ ਨਾਇਕ ਹੁੰਦੇ ਹਨ ਪਰ ਧਰਮ ਦੇ ਚਾਲਕ ਗੁਰੂ, ਪੈਗੰਬਰ, ਅਵਤਾਰ ਆਦਿ ਹੁੰਦੇ ਹਨ। ਇਤਿਹਾਸ ਵਿਚ ਕੋਈ ਚਮਤਕਾਰ ਨਹੀਂ ਹੁੰਦਾ ਪਰ ਦੂਜੇ ਪਾਸੇ ਚਮਤਕਾਰ ਧਰਮ ਦਾ ਅਟੁੱਟ ਅੰਗ ਹੈ। "ਕਿਉਂਕਿ ਧਰਮ ਇਕ ਐਸੀ ਸ਼ਕਤੀ ਹੈ ਜੋ ਉਨ੍ਹਾਂ ਨੂੰ ਵੀ ਜਿੱਤ ਲੈਂਦੀ ਹੈ ਜੋ ਸਮਝਦੇ ਹਨ ਕਿ ਉਨ੍ਹਾਂ ਨੇ ਇਸ ਨੂੰ ਇਸ ਨੂੰ ਜਿੱਤਿਆ ਹੈ।"[24] ਇਤਿਹਾਸ ਵਿਚ ਕਈ ਥਾਵਾਂ ਤੇ ਨਿਰਪੱਖਤਾ ਅਤੇ ਬੇਈਮਾਨੀ ਪ੍ਰਤੱਖ ਰੂਪ ਵਿਚ ਨਜ਼ਰ ਆਉਂਦੀ ਹੈ ਪਰ ਧਰਮ ਇਸ ਤੋਂ ਪੂਰੀ ਤਰ੍ਹਾਂ ਮੁਕਤ ਹੁੰਦਾ ਹੈ ਇਹੀ ਕਾਰਨ ਹੈ ਕਿ ਧਰਮ ਸ਼ਰਧਾ ਰਾਹੀਂ ਜੀਵ ਵਿਚ ਮਰ ਮਿਟਣ ਦੀ ਭਾਵਨਾ ਪੈਦਾ ਕਰਦਾ ਹੈ ਤੇ ਇਤਿਹਾਸ ਰਾਹੀਂ ਇਸ ਤਰ੍ਹਾਂ ਦੀ ਭਾਵਨਾ ਘੱਟ ਪੈਦਾ ਹੁੰਦੀ ਹੈ।

ਉਪਰੋਕਤ ਵਖਰੇਵਿਆਂ ਦੇ ਬਾਵਜੂਦ ਵੀ ਇਤਿਹਾਸ ਅਤੇ ਧਰਮ ਮਨੁੱਖੀ ਜੀਵਨ ਦਾ ਅਟੁੱਟਅੰਗ ਹਨ। ਮਨੁੱਖਤਾ ਦਾ ਅਧਿਐਨ, ਧਰਮ ਦੇ ਅਧਿਐਨ ਤੋਂਬਿਨਾਂ ਅਧੂਰਾ ਹੈ। ਬੇਸ਼ੱਕ ਮਨੁੱਖ ਦੀ ਧਰਮ ਪ੍ਰਤੀ ਵਿਅਕਤੀਗੱਤ ਧਾਰਨਾ ਕੁਝ ਵੀ ਹੈ ਪਰ ਇਸ ਵਿਚਾਰ ਵਿਚ ਕੋਈ ਦੋ ਰਾਏ ਨਹੀਂ ਕਿ ਧਰਮ ਮਨੁੱਖ ਦੇ ਇਤਿਹਾਸ ਵਿਚ ਮਹੱਤਵ ਭੂਮਿਕਾ ਨਿਭਾਉਂਦਾ ਹੈ। ਮੈਕਸਮੂਲਰ ਅਨੁਸਾਰ, ਮਨੁੱਖ ਦਾ ਇਤਿਹਾਸ ਧਰਮ ਦਾ ਇਤਿਹਾਸ ਹੈ।"[25] ਪੁਰਾਤਨ ਭਾਰਤੀ ਜੀਵਨ ਵਿਚ ਇਸ ਨੂੰ ਇਕ ਦੂਜੇ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ ਸੀ। ਸਿੱਖ ਧਰਮ ਦੇ ਸਿਧਾਂਤਾਂ ਨੂੰ ਮੁੱਖ ਰੱਖ ਕੇ ਵੀ ਅਸੀਂ ਇਤਿਹਾਸ ਅਤੇ ਧਰਮ ਨੂੰ ਇਕ ਦੂਜੇ ਤੋਂ ਨਿਖੇੜ ਨਹੀਂ ਸਕਦੇ। ਗੁਰੂ ਗ੍ਰੰਥ ਸਾਹਿਬ ਵਿਚ ਇਤਿਹਾਸ ਅਤੇ ਧਰਮ ਦਾ ਸੁੰਦਰ ਸੁਮੇਲ ਪ੍ਰਾਪਤ ਹੁੰਦਾ ਹੈ। ਇਸ ਵਿਚ ਛੇ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਹੈ। ਇਸ ਬਾਣੀ ਵਿਚ ਉਸ ਸਮੇਂ ਦੇ ਇਤਿਹਾਸ ਨੂੰ ਨਿਰੂਪਣ ਕੀਤਾ ਗਿਆ ਹੈ ਅਤੇ ਇਸ ਇਤਿਹਾਸ ਉਤੇ ਧਰਮ ਦਾ ਰੰਗ ਬਲਵਾਨ ਹੈ। ਇਸ ਕਰਕੇ ਇਸੇ ਇਤਿਹਾਸ ਅਤੇ ਧਰਮ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਕਿਉਂਕਿ ਆਉਣ ਵਾਲੇ ਗੁਰੂ ਸਾਹਿਬਾਨ ਅਤੇ ਸਿੱਖਾਂ ਨੇ ਸਿੱਖ ਧਰਮ ਦੇ ਇਸ ਪ੍ਰਮਾਣਿਕ ਤੇ ਪ੍ਰਚਲਤ ਇਤਿਹਾਸ ਨੂੰ ਮੁੱਖ ਰੱਖ ਕੇ ਆਪਣਾ ਜੀਵਨ ਨਿਰਬਾਹ ਕੀਤਾ ਅਤੇ ਕਰਨਾ ਹੈ।

ਭਾਈ ਗੁਰਦਾਸ ਦਾ ਜੀਵਨ ਫਲਸਫਾ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਤੇ ਆਧਾਰਿਤ ਹੈ। ਭਾਈ ਸਾਹਿਬ ਆਪਣੀਆਂ ਵਾਰਾਂ ਵਿਚ ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਕਰਦੇ ਹਨ ਅਤੇ ਪੁਸ਼ਟੀ ਵੀ ਕਰਦੇ ਹਨ। ਇਸ ਵਿਚ ਉਨ੍ਹਾਂ ਇਤਿਹਾਸਕ ਸ਼ਖ਼ਸੀਅਤਾਂ ਦੇ ਵੇਰਵੇ ਦਰਜ਼ ਹਨ ਜਿਨ੍ਹਾਂ ਦੇ ਜੀਵਨ ਦੇ ਕਈ ਪੱਖ ਲੋਕਾਂ ਨੂੰ ਪ੍ਰਭਾਵਤ ਕਰਦੇ ਹਨ। ਇਹ ਵੇਰਵੇ ਇਤਿਹਾਸਕ ਹਨ ਅਤੇ ਕਾਫ਼ੀ ਹੱਦ ਤੱਕ ਪ੍ਰਮਾਣਿਕ ਵੀ ਹਨ। ਕੇਵਲ ਸੁਣੇ ਸੁਣਾਏ ਜਾਂ ਮਿਥਿ-ਹਾਸ ਤੇ ਆਧਾਰਿਤ ਨਹੀਂ ਹਨ। ਭਾਈ ਗੁਰਦਾਸ ਨੇ ਵਾਰਾਂ ਵਿਚ ਕਈ ਥਾਵਾਂ ਤੇ ਮਿਥਿਹਾਸਕ ਸੰਕੇਤਾਂ ਦੀ ਵਰਤੋਂ ਕੀਤੀ ਹੈ ਪਰ ਉਹ ਵੀ ਸਿੱਖ ਧਰਮ ਦੇ ਸਿਧਾਂਤਾਂ ਨੂੰ ਪੇਸ਼ ਕਰਨ ਵਿਚ ਸਹਾਇਕ ਸਿੱਧ ਹੁੰਦੇ ਹਨ।

ਸਾਰੰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਅਤੇ ਧਰਮ ਇਕ ਦੂਜੇ ਦਾ ਅਨਿਖੜ ਅੰਗ ਹਨ ਇਹਨਾਂ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਕਿਉਂਕਿ ਧਰਮਾਂ ਦੇ ਸਿਧਾਂਤ ਇਤਿਹਾਸ ਰਾਹੀਂ ਹੀ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਦੇ ਹਨ। ਇਸ ਤਰ੍ਹਾਂ ਕਿਸੇ ਧਰਮ ਦੇ ਜੀਵਤ ਰਹਿਣ ਲਈ ਉਸ ਦੇ ਸਿਧਾਂਤਾਂ ਦੇ ਨਾਲ ਨਾਲ ਉਸ ਦੇ ਚੰਗੇ ਤੇ ਸ਼ੁੱਧ ਇਤਿਹਾਸ ਦਾ ਹੋਣਾ ਅਤੀ ਜ਼ਰੂਰੀ ਹੈ।

## (3) ਇਤਿਹਾਸ ਅਤੇ ਗੁਰਬਾਣੀ :

ਪ੍ਰਸਿਧ ਵਿਦਵਾਨ ਏਰਾਸਮਸ ਲਿਖਦਾ ਹੈ, "ਅਸੀਂ ਸੰਤਾਂ ਦੀਆਂ ਪੁਰਾਣੀਆਂ ਜੁੱਤੀਆਂ ਅਤੇ ਮੈਲੇ ਰੁਮਾਲਾਂ ਨੂੰ ਚੁੰਮਦੇ ਹਾਂ, ਪਰ ਉਨ੍ਹਾਂ ਦੀਆਂ ਰਚਨਾਵਾਂ ਵੱਲ ਜੋ ਪਵਿੱਤਰ ਅਤੇ ਕੀਮਤੀ ਯਾਦਗਾਰਾਂ ਹਨ, ਵੱਲ ਧਿਆਨ ਨਹੀਂ ਮਾਰਦੇ। ਉਨ੍ਹਾਂ ਦੇ ਚੋਲਿਆਂ ਅਤੇ ਬਸਤਰਾਂ ਨੂੰ ਅਸੀਂ ਰਤਨ-ਜੜ੍ਹੀਆਂ ਅਲਮਾਰੀਆਂ ਵਿਚ ਸੰਭਾਲ ਕੇ ਰੱਖਦੇ ਹਾਂ, ਪਰ ਉਨ੍ਹਾਂ ਦੀਆਂ ਕਿਰਤਾਂ, ਨੂੰ, ਜਿਨ੍ਹਾਂ ਲਈ ਉਨ੍ਹਾਂ ਨੂੰ ਕਿਤਨੀ ਕਸ਼ਟ-ਧਾਰਨਾ ਕਰਨੀ ਪਈ ਅਤੇ ਜੋ ਹੁਣ ਵੀ ਸਾਡੇ ਲਈ ਲਾਹੇਵੰਦ ਹਨ, ਉਲੀ ਅਤੇ ਸਿਉਂਕ ਦੇ ਹਵਾਲੇ ਕਰ ਦਿੰਦੇ ਹਾਂ।"[26] ਉਪਰੋਕਤ ਕਥਨ ਵਿਚ ਇਹ ਵਿਚਾਰ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਅਸੀਂ ਗੁਰੂਆਂ ਅਤੇ ਸੰਤਾਂ ਦੇ ਸਮੁੱਚੇ ਜੀਵਨ ਕਾਲ ਨੂੰ, ਜੀਵਨ ਨਾਲ ਸਬੰਧਤ ਘਟਨਾਵਾਂ ਨੂੰ ਅਤੇ ਸ਼ਬਦ ਦੇ ਰੂਪ ਵਿਚ ਪ੍ਰਾਪਤ ਉਨ੍ਹਾਂ ਦੇ ਵਿਚਾਰਾਂ ਨੂੰ ਪੂਰਨ ਭਾਂਤ ਨਹੀਂ ਸੰਭਾਲਦੇ, ਜਿਸ ਦੇ ਫਲਸਰੂਪ ਲੋਕ ਜੀਵਨ ਵਿਚੋਂ ਜਾਂ ਤਾਂ

ਉਨ੍ਹਾਂ ਦੀਆਂ ਜੀਵਨੀਆਂ ਧੁੰਦਲੀਆਂ ਹੋ ਜਾਂਦੀਆਂ ਹਨ ਅਤੇ ਜਾਂ ਉਨ੍ਹਾਂ ਦੇ ਵਿਚਾਰ-ਉਪਦੇਸ਼ ਲੋਕਾਂ ਨੂੰ ਭੁੱਲ ਜਾਂਦੇ ਹਨ। ਸਿੱਖ ਧਰਮ ਦੇ ਇਤਿਹਾਸ ਵਿਚ ਇਹ ਗੱਲ ਉਲੇਖਨੀਏ ਹੈ ਕਿ ਗੁਰੂ ਸਾਹਿਬਾਨ ਦੇ ਜੀਵਨ ਨੂੰ ਸਾਡੇ ਵੱਡੇ ਵਡੇਰਿਆਂ ਨੇ ਚੰਗੀ ਤਰ੍ਹਾਂ ਨਹੀਂ ਸੰਭਾਲਿਆ। ਉਨ੍ਹਾਂ ਦੇ ਜੀਵਨ ਨੂੰ ਨਿਆਇਕ ਪੂਰਵਕ ਢੰਗ ਨਾਲ ਵਿਗਿਆਨਕ ਦ੍ਰਿਸ਼ਟੀ ਤੋਂ ਨਹੀਂ ਲਿਖਿਆ ਗਿਆ। ਪਰ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਯਤਨਾਂ ਸਦਕਾ ਗੁਰੂ ਸਾਹਿਬਾਨ ਦੁਆਰਾ ਰਚੀ ਗਈ ਬਾਣੀ ਨੂੰ ਇਕ ਧਾਰਮਿਕ ਗ੍ਰੰਥ ਵਿਚ ਸੰਕਲਿਤ ਤੇ ਸੰਪਾਦਨ ਕਰਨ ਦਾ ਪ੍ਰਿਯਾਸ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਹੈ। ਰਚੀਗਈ ਬਾਣੀ ਨੂੰ ਸੰਭਾਲਣ ਦੇ ਯਤਨ ਗੁਰੂ ਨਾਨਕ ਸਾਹਿਬ ਤੋਂ ਹੀ ਅਰੰਭ ਹੋ ਗਏ ਸਨ। ਭਾਈ ਗੁਰਦਾਸ ਨੇ ਪਹਿਲੀ ਵਾਰ ਵਿਚ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਦਾ ਵਰਨਣ ਕਰਦਿਆਂ ਇਹ ਲਿਖਿਆ ਹੈ ਕਿ ਉਦਾਸੀਆਂ ਕਰਨ ਸਮੇਂ ਗੁਰੂ ਸਾਹਿਬ ਇਕ ਪੋਥੀ ਆਪਣੀ ਕੱਛ ਵਿਚ ਰੱਖਦੇ ਸਨ:

> ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
> ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।[27]

ਸੰਭਵ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਉਨ੍ਹਾਂ ਤੋਂ ਪਹਿਲਾਂ ਹੋ ਚੁੱਕੇ ਭਗਤਾਂ ਦੀ ਬਾਣੀ ਸਮੇਂ ਸਮੇਂ ਸਿਰ, ਜਿਵੇਂ ਜਿਵੇਂ ਪ੍ਰਾਪਤ ਹੁੰਦੀ ਗਈ, ਉਹ ਉਸਨੂੰ ਸੰਭਾਲਦੇ ਗਏ ਅਤੇ ਗੁਰਗੱਦੀ ਦੇਣ ਸਮੇਂ ਮਰਿਆਦਾ ਅਨੁਸਾਰ ਇਹ ਪੋਥੀ ਵੀ ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਭੇਟ ਕੀਤੀ। ਇਸ ਪ੍ਰਕਾਰ ਬਾਣੀ ਇਕੱਤਰ ਹੁੰਦੀ ਗਈ ਅਤੇ ਆਉਣ ਵਾਲੇ ਗੁਰੂ ਸਾਹਿਬਾਨ ਤੱਕ ਪਹੁੰਚਦੀ ਗਈ। ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਸਾਰੀ ਬਾਣੀ ਆਪਣੀ ਰਚਨਾਸਮੇਤ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਤ ਕਰ ਦਿੱਤੀ।

ਇਤਿਹਾਸ ਅਤੇ ਗੁਰਬਾਣੀ ਦੇ ਪਰਸਪਰ ਵਿਸ਼ੇ ਉਤੇ ਵਿਚਾਰ ਕਰਦਿਆਂ ਇਹ ਤੱਥ ਸਹਿਜੇ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਗੁਰੂ ਸਾਹਿਬਾਨ ਦੀ ਬਾਣੀ ਤੋਂ ਛੁੱਟ ਸਮੁੱਚੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਜੋ ਕੁਝ ਦਰਜ ਕੀਤਾ ਗਿਆ ਹੈ ਉਹ ਬਾਹਰਵੀਂ ਸਦੀ ਤੋਂ ਸਤਾਰਵੀਂ ਸਦੀ ਤੱਕ ਹੋਏ ਭਗਤਾਂ, ਭੱਟਾਂ ਅਤੇ ਹੋਰ ਲੇਖਕਾਂ ਦੀ ਬਾਣੀ ਹੈ। ਇਸ ਕਰਕੇ ਇਸ ਮਹਾਨ ਗ੍ਰੰਥ

ਦਾ ਇਕ ਇਤਿਹਾਸਕ ਮਹੱਤਵ ਇਹ ਵੀ ਹੈ ਕਿ ਉੱਤਰੀ ਭਾਰਤ ਦੇ ਪੰਜ ਸੌ ਸਾਲਾਂ ਵਿਚ ਵਿਚਰਦੇ ਗੁਰੂਆਂ, ਭਗਤਾਂ ਦੇ ਅਧਿਆਤਮਕ ਅਨੁਭਵ ਨੂੰ ਇਸ ਵਿਚ ਸੰਭਾਲਿਆ ਗਿਆ ਹੈ। ਸਾਹਿਤਕ ਦ੍ਰਿਸ਼ਟੀਕੋਣ ਤੋਂ ਵੀ ਇਸ ਗ੍ਰੰਥ ਦਾ ਮਹੱਤਵ ਗੌਰਵਮਈ ਹੈ।

ਗੁਰਬਾਣੀ ਜਿਥੇ ਗੁਰੂ ਸਾਹਿਬਾਨ ਦੇ ਅਧਿਆਤਮਕ ਅਨੁਭਵ ਅਤੇ ਦਾਰਸ਼ਨਿਕ ਵਿਚਾਰਾਂ ਦਾ ਉਲੇਖ ਕਰਦੀ ਹੈ ਉਥੇ ਇਸ ਵਿਚੋਂ ਤੱਤਕਾਲੀਨ ਸਮਾਜਕ, ਧਾਰਮਿਕ, ਰਾਜਨੀਤਕ ਅਤੇ ਸਭਿਆਚਾਰਕ ਲੋਕ ਜੀਵਨ ਦੀ ਵੀ ਤਸਵੀਰ ਉਘੜਦੀ ਹੈ। ਵਾਸਤਵ ਵਿਚ ਗੁਰਬਾਣੀ ਦਾ ਨਾ ਤਾਂ ਨਿਰੋਲ ਦਰਸ਼ਨ ਹੈ ਅਤੇ ਨਾ ਹੀ ਨਿਰੋਲ ਸਾਹਿਤਕ ਪੱਧਰ ਦੀ ਕਿਰਤ। ਇਸਦਾ ਦਰਜਾ ਸਾਹਿਤ ਤੋਂ ਉਚੇਰਾ ਪਰਾ-ਸਾਹਿਤ ਦਾ ਹੈ। ਪ੍ਰਸਿਧ ਵਿਦਵਾਨ ਡੰਕਨ ਗ੍ਰੀਨਲੀਜ਼ ਅਨੁਸਾਰ, "ਇਹ ਗੱਲ ਵਿਸ਼ਵਾਸਮਈ ਹੈ ਕਿ ਬਾਣੀ ਧੁਰ ਅੰਦਰਲੇ ਅਨੁਭਵ ਤੋਂ ਪ੍ਰਕਾਸ਼ਮਾਨ ਹੁੰਦੀ ਹੈ ਅਤੇ ਇਸ ਦਾ ਪੜ੍ਹੇ-ਸੁਣੇ ਨਾਲ ਕੋਈ ਸਬੰਧ ਨਹੀਂ ਹੁੰਦਾ।"[28] ਉਪਰੋਕਤ ਕਥਨ ਗੁਰੂ ਸਾਹਿਬਾਨ ਦੇ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ:

ਧੁਰ ਕੀ ਬਾਣੀ ਆਈ ਜਿਨ ਸਗਲੀ ਚਿੰਤ ਮਟਾਈ[29]

ਗੁਰਬਾਣੀ ਵਿਚ ਤਿੰਨ ਪ੍ਰਕਾਰ ਦੀਆਂ ਪ੍ਰਮੁੱਖ ਵਿਚਾਰਧਾਰਾਵਾਂ ਸਬੰਧੀ ਉਲੇਖ ਕੀਤਾ ਗਿਆ ਹੈ। ਪਹਿਲੀ ਵਿਚਾਰਧਾਰਾ ਦਾਰਸ਼ਨਿਕ ਤੇ ਤੱਤ ਗਿਆਨ ਵਾਲੀ ਹੈ, ਜਿਸ ਵਿਚ ਜੀਵ, ਜਗਤ, ਬ੍ਰਹਮਾਂ, ਮਾਇਆ , ਮੁਕਤੀ, ਹੁਕਮ, ਨਦਰ ਅਤੇ ਹੋਰ ਅਜਿਹੇ ਦਾਰਸ਼ਨਿਕ ਸੰਕਲਪਾਂ ਦਾ ਵਿਵੇਚਣ ਹੈ। ਦੂਜੀ ਵਿਚਾਰਧਾਰਾ ਮਨੁੱਖੀ ਕਲਿਆਣ ਹਿੱਤ ਉਸਦੇ ਮਾਨਵੀ ਗੁਣਾਂ ਨਾਲ ਸਬੰਧਤ ਹੈ, ਜਿਸ ਵਿਚ ਮਨੁੱਖੀ ਜੀਵਨ ਦਾ ਉਦੇਸ਼, ਨਾਮ ਸਿਮਰਨ, ਸੇਵਾ, ਕਿਰਤ ਅਤੇ ਹੋਰ ਅਜਿਹੇ ਸੱਦਭਾਵੀ ਗੁਣਾਂ ਦਾ ਪ੍ਰਗਟਾਵਾ ਹੁੰਦਾ ਹੈ। ਗੁਰਬਾਣੀ ਦਾ ਤੀਜਾ ਪੱਖ ਉਸ ਸਮੇਂ ਦੀਆਂ ਸਮਾਜਕ, ਰਾਜਨੀਤਕ, ਧਾਰਮਿਕ, ਸਭਿਆਚਾਰਕ ਪ੍ਰਸਥਿਤੀਆਂ ਨੂੰ ਪੇਸ਼ ਕਰਨਾ ਹੈ। ਇਸ ਤੋਂ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਸਿੱਖ ਧਰਮ ਦੇ ਅਰੰਭ ਅਤੇ ਵਿਕਾਸ ਵਿਚ ਕੇਵਲ ਅਧਿਆਤਮਕ ਪੱਖ ਦੀ ਹੀ ਰਹਿਨੁਮਾਈ ਨਹੀਂ ਕਰਦੀ ਸਗੋਂ ਧਾਰਮਿਕ ਤੇ ਇਤਿਹਾਸਕ ਪੱਖ ਤੋਂ ਵੀ ਇਹ ਸਿੱਖੀ ਜੀਵਨ ਦੇ ਵਿਕਾਸ ਨੂੰ ਉਲੀਕਦੀ ਹੈ।

ਗੁਰਬਾਣੀ ਦਾ ਇਤਿਹਾਸਕ ਮਹੱਤਵ ਸਭ ਤੋਂ ਵਧੇਰੇ ਇਸ ਰੂਪ ਵਿਚ ਪ੍ਰਗਟ ਹੁੰਦਾ ਹੈ ਕਿ ਇਹ ਕੇਵਲ ਸਾਹਿਤਕ ਜਾਂ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ ਕੁਝ ਲੋਕਾਂ ਦੇ ਅਧਿਐਨ

ਕਰਨ ਦੀ ਵਸਤੂ ਨਹੀਂ ਸਗੋਂ ਇਹ ਤਾਂ ਸਮੁੱਚੀ ਮਨੁੱਖਤਾ ਨੂੰ ਇਕ ਸੁਚੱਜਾ ਅਤੇ ਸੰਤੁਲਤ ਜੀਵਨ ਗੁਜਾਰਨ ਦੀ ਜੁਗਤ ਪੇਸ਼ ਕਰਦੀ ਹੈ। ਵਾਸਤਵ ਵਿਚ ਸਿੱਖ ਧਰਮ ਦੇ ਅਨੁਆਈਆਂ ਦੀ ਸਮੁੱਚੀ ਜੀਵਨ ਜਾਚ ਗੁਰਬਾਣੀ ਦੇ ਵਿਚਾਰਾਂ, ਉਪਦੇਸ਼ਾਂ ਉੱਪਰ ਆਧਾਰਿਤ ਹੈ । ਸਿੱਖ ਜਗਤ ਨੇ ਗੁਰਬਾਣੀ ਅਨੁਸਾਰ ਹੀ ਆਪਣੇ ਜੀਵਨ ਰਾਉ ਨੂੰ ਢਾਲ ਲਿਆ ਹੈ। ਇਸ ਪ੍ਰਕਾਰ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਸਾਹਿਬਾਨ ਦੇ ਵਿਚਾਰ ਇਕ ਨਰੋਈ ਜੀਵਨ ਜਾਚ ਨੂੰ ਪ੍ਰਫੁੱਲਤ ਕਰਨ ਵਿਚ ਨਿਰੰਤਰ ਸਹਾਇਕ ਸਿੱਧ ਹੋਏ ਹਨ।

ਸਿੱਖ ਗੁਰੂ ਸਾਹਿਬਾਨ ਦੇ ਜੀਵਨ ਅਤੇ ਜੀਵਨ ਉਪਦੇਸ਼ਾਂ ਨੂੰ ਕਈ ਸ਼ਰਧਾਵਾਨ ਵਿਅਕਤੀਆਂ ਨੇ ਹੋਰਨਾ ਪੁਸਤਕਾਂ ਵਿਚ ਵੀ ਅੰਕਿਤ ਕੀਤਾ ਹੈ, ਜਿਨ੍ਹਾਂ ਨੂੰ ਅਸੀਂ ਜਨਮਸਾਖੀਆਂ ਪਰੰਪਰਾ ਕਹਿ ਸਕਦੇ ਹਾਂ। ਵਾਸਤਵ ਵਿਚ ਗੁਰੂ ਸਾਹਿਬਾਨ ਦੀਆਂ ਸੰਸਾਰਕ ਯਾਤਰਾਵਾਂ, ਉਨ੍ਹਾਂ ਦੀਆਂ ਜੀਵਨ ਘਟਨਾਵਾਂ ਅਤੇ ਕਿਸੇ ਵਿਸ਼ੇਸ਼ ਕਾਲ ਖੰਡ ਵਿਚ ਉਨ੍ਹਾਂ ਦੇ ਵਿਚਰਨ ਸਬੰਧੀ ਵੇਰਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਨਹੀਂ ਹਨ। ਸਗੋਂ ਜੀਵਨੀਆਂ ਦੇ ਇਹ ਸਾਰੇ ਪੱਖ ਸਾਖੀਕਾਰਾਂ ਨੇ ਵੱਖਰੇ ਰੂਪ ਵਿਚ ਪੁਸਤਕਾਂ ਲਿਖ ਕੇ ਪੇਸ਼ ਕੀਤੇ ਹਨ। ਸਾਖੀਕਾਰਾਂ ਨੇ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨੂੰ ਅੰਕਤ ਕਰਨ ਲੱਗਿਆਂ ਭਾਈ ਗੁਰਦਾਸ ਦੀ ਰਚਨਾ ਅਤੇ ਗੁਰਬਾਣੀ ਨੂੰ ਆਧਾਰਬਣਾਇਆ ਹੈ। ਭਾਈਗੁਰਦਾਸ ਦੀ ਪਹਿਲੀ ਵਾਰ ਵਿਚੋਂ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸਬੰਧਤ ਪ੍ਰਮੁੱਖ ਘਟਨਾਵਾਂ ਪ੍ਰਾਪਤ ਕੀਤੀਆਂ ਹਨ ਅਤੇ ਗੁਰਬਾਣੀ ਵਿਚੋਂ ਗੁਰੂ ਉਪਦੇਸ਼ਾਂ ਨੂੰ ਧਾਰਨ ਕੀਤਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਦੇ ਵਿਚਾਰ ਇਥੇ ਸਾਰਥਕ ਸਿੱਧ ਹੁੰਦੇ ਹਨ, "ਸਿੱਖੀ ਦਾ ਮੂਲ ਗੁਰਬਾਣੀ ਹੈ ਤੇ ਦੂਜੀ ਚੀਜ਼ ਇਤਿਹਾਸ ਹੈ।"[30]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਿੱਖ ਧਰਮ, ਸਿੱਖ ਇਤਿਹਾਸ ਅਤੇ ਗੁਰੂ-ਇਤਿਹਾਸ ਦਾ ਸੱਭ ਤੋਂ ਵੱਡਾ ਪ੍ਰੇਰਨਾ ਸਰੋਤ ਗੁਰਬਾਣੀ ਹੈ। ਭਾਈ ਗੁਰਦਾਸ ਵੀ ਗੁਰੂ ਅਰਜਨ ਦੇਵ ਦੀ ਸੰਗਤ ਵਿਚ ਪਹਿਲੇ ਗੁਰਬਾਣੀ ਵਿਚ ਆਏ ਸੰਕਲਪਾਂ ਨੂੰ ਹੀ ਦ੍ਰਿੜ ਕਰਦੇ ਹਨ ਅਤੇ ਉਨ੍ਹਾਂ ਦੀ ਰੌਸ਼ਨੀ ਵਿਚ ਹੀ ਗੁਰੂ ਨਾਨਕ ਸਾਹਿਬ ਦੀ ਜੀਵਨੀ ਨੂੰ ਆਪਣੀ ਪਹਿਲੀ ਵਾਰ ਵਿਚ ਪ੍ਰਗਟ ਕਰਦੇ ਹਨ।

ਪਿਛਲੇ ਪੰਜ ਸੌ ਸਾਲਾਂ ਦੇ ਇਤਿਹਾਸ ਵੱਲ ਜਦੋਂ ਅਸੀਂ ਗਹੁ ਨਾਲ ਝਾਤ ਮਾਰਦੇ ਹਾਂ ਤਾਂ ਇਹ ਤੱਥ ਭਲੀ ਭਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਗੁਰਬਾਣੀ ਨੂੰ, ਸਿੱਖ ਧਰਮ ਦੇ ਇਤਿਹਾਸ ਨੂੰ, ਗੁਰੂ-ਇਤਿਹਾਸ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ। ਸਿੱਖ ਜੀਵਨ ਜਾਚ ਦਾ ਨਿਕਟਵਰਤੀ ਅਧਿਐਨ ਇਨ੍ਹਾਂ ਤਿੰਨਾ ਦੇ ਸੁਮੇਲ ਰਾਹੀਂ ਹੀ ਸੰਭਵ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਆਏ ਇਤਿਹਾਸਕ ਅਤੇ ਮਿਥਿਹਾਸਕ ਸੰਕੇਤ ਜੋ ਸਾਡੇ ਇਸ ਖੋਜ-ਪ੍ਰਬੰਧ ਦਾ ਮੁੱਖ ਵਿਸ਼ਾ ਹਨ ਨੂੰ ਵੀ ਉਪਰੋਕਤ ਪ੍ਰਸੰਗ ਵਿਚ ਹੀ ਵੇਖਣ ਤੇ ਵਾਚਣ ਦੀ ਲੋੜ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦਾ ਅਧਿਐਨ ਕਰਨ ਉਪਰੰਤ ਵੀ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਜਿਥੇ ਕਿਤੇ ਵੀ ਉਹ ਇਤਿਹਾਸ ਜਾਂ ਮਿਥਿਹਾਸ ਵਿਚੋਂ ਕੋਈ ਸੰਕੇਤ ਵਰਤਦੇ ਹਨ ਜਾਂ ਘਟਨਾ ਦਾ ਵੇਰਵਾ ਦਿੰਦੇ ਹਨ ਜਾਂ ਕਿਸੇ ਹੋ ਚੁੱਕੀ ਸਖਸ਼ੀਅਤ ਵੱਲ ਇਸ਼ਾਰਾ ਕਰਦੇ ਹਨ ਤਾਂ ਕਿਸੇ ਨਾ ਕਿਸੇ ਢੰਗ ਨਾਲ ਆਪਣੀ ਲੇਖਣੀ ਦੇ ਮੰਤਵ ਨੂੰ ਗੁਰੂ ਉਪਦੇਸ਼ਾਂ ਨਾਲ ਜੋੜ ਦਿੰਦੇ ਹਨ।

ਇਸ ਤਰ੍ਹਾਂ ਅਸੀਂ ਇਤਿਹਾਸ ਤੇ ਗੁਰਬਾਣੀ ਦਾ ਜੋ ਨਿਕਟਵਰਤੀ ਸਬੰਧ ਹੈ, ਉਸ ਦਾ ਯੋਗ ਪ੍ਰਸੰਗ ਵਿਚ ਅਧਿਐਨ ਕਰ ਸਕਦੇ ਹਾਂ। ਬਾਬਰ ਤੋਂ ਲੈ ਕੇ ਵੱਖਰੇ ਵੱਖਰੇ ਮੁਗਲ ਰਾਜਿਆਂ ਸਮੇਂ ਜੋ ਭਾਰਤ ਦੇ ਲੋਕਾਂ ਦੀ ਸਥਿਤੀ ਬਣੀ ਹੋਈ ਸੀ ਅਤੇ ਜਿਸ ਪ੍ਰਕਾਰ ਦਾ ਜ਼ੁਲਮ ਤੇ ਤਸ਼ੱਦਦ ਹੁਕਮਰਾਨ ਸ਼੍ਰੇਣੀ ਵਲੋਂ ਕੀਤਾ ਜਾ ਰਿਹਾ ਸੀ ਉਸ ਦੇ ਨਿਗਰ ਸਬੂਤ ਗੁਰਬਾਣੀ ਵਿਚ ਆਮ ਮਿਲ ਜਾਂਦੇ ਹਨ। ਭਾਈ ਗੁਰਦਾਸ ਨੇ ਵੀ ਵਾਰਾਂ ਵਿਚ ਅਜਿਹੀਆਂ ਘਟਨਾਵਾਂ ਵੱਲ ਸੰਕੇਤ ਕੀਤਾ ਹੈ।

## ਹਵਾਲੇ ਅਤੇ ਟਿੱਪਣੀਆਂ

* Encyclopaedia Britanica (Vol.II), p. 595-97

1. ਸਿੱਖ ਇਤਿਹਾਸ ਵੱਲ, ਪੰ. 17

2. ਸਾਡਾ ਇਤਿਹਾਸ (ਪਹਿਲਾ ਭਾਗ, ਪੰ. 1

3. ਉਹੀ, ਪੰ. 1

4. Encyclopaedia Britanica (Vol.II), p.596

5. History as the story of Liberty (Trans.by Sylvia Sprigge), p.243

6. Philosophy of History, p. 74

7. ਸਾਡਾ ਇਤਿਹਾਸ (ਭਾਗ ਪਹਿਲਾ), ਪੰ. 1

8. ਸਿੱਖ ਇਤਿਹਾਸ ਵੱਲ, ਪੰ. 18

9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. ੯੫੧

10. Myth and Reality, p.1

11. Encyclopaedia of Religion & Ethics, (Vol.9), p.118-120

12. The Encyclopaedia Americana (Vol.19), p.673

13. Collier's Encyclopedia (Vol.14), p. 343

14. 'ਗੁਰੂ ਸਾਹਿਬ ਦੀ ਕਵਿਤਾ ਵਿਚ ਇਤਿਹਾਸਕ ਅਤੇ ਮਿਥਿਹਾਸਕ ਸੰਕੇਤ' ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ-ਕਲਾ, ਪੰ. 323

15. Myths and Reality, p.1

16. Ibid, p. 18

17. ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰ. 56
18. Reflections on the Philosophy of the History of Mankind, p. 83
19. 'ਧਰਮ ਦੀ ਉਤਪਤੀ ਅਤੇ ਵਿਕਾਸ' (ਅਨੁਵਾਦਕ) ਤਾਰਨ ਸਿੰਘ, ਪੰ. 3
20. The Gospel of the Guru Granth Sahib, p. 216
21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 266
22. ਸ੍ਰੀ ਗੁਰੂ ਗ੍ਰੰਥ ਦਰਪਣ, ਪੰ. 16
23. Quoted by, ਮੈਕਸਮੂਲਰ, ਧਰਮ ਦੀ ਉਤਪਤੀ ਅਤੇ ਵਿਕਾਸ (ਅਨੁਵਾਦਕ) ਤਾਰਨ ਸਿੰਘ (ਡਾ.), ਪੰ. 5
24. ਮੈਕਸਮੂਲਰ, ਧਰਮ ਦੀ ਉਤਪਤੀ ਅਤੇ ਵਿਕਾਸ, ਪੰ. 41
25. The History of Man is the History of Religion, p. 168
26. Quoted by Encyclopaedia of Religion and Ethics(Vol.VI), p. 83
27. ਵਾਰ 1/32, 1-2
28. The Gospel of the Guru Granth Sahib, p. XXXVII
29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 628
30. ਸੰਖੇਪ ਸਿੱਖ ਇਤਿਹਾਸ, (ਭੂਮਿਕਾ), ਪੰ. 2

ਅਧਿਆਇ ਦੂਜਾ :

*
*
*
*

*
*
*
*

## ਭਾਈ ਗੁਰਦਾਸ : ਜੀਵਨ ਤੇ ਰਚਨਾ

## ਭਾਈ ਗੁਰਦਾਸ ਜੀਵਨ ਤੇ ਰਚਨਾ :

### ਭਾਈ ਗੁਰਦਾਸ ਦਾ ਜੀਵਨ :

ਮੱਧਕਾਲ ਦੇ ਕਿਸੇ ਵੀ ਪੰਜਾਬੀ ਕਵੀ ਦੇ ਜੀਵਨ ਬਾਰੇ ਕੋਈ ਸਿੱਧੀ ਸਮੱਗਰੀ ਲਿਖਤੀ ਰੂਪ ਵਿਚ ਪ੍ਰਾਪਤੀ ਨਹੀਂ ਹੁੰਦੀ। ਉਨ੍ਹਾਂ ਸ਼ਖਸੀਅਤਾਂ ਦੇ ਜੀਵਨ ਬਾਰੇ ਲਿਖਣ ਸਮੇਂ ਲੇਖਕਾਂ ਨੂੰ ਕਲਪਨਾ, ਦੂਜੇ ਲੇਖਕਾਂ ਦੀਆਂ ਰਚਨਾਵਾਂ ਜਾਂ ਉਨ੍ਹਾਂ ਦੀ ਆਪਣੀ ਰਚਨਾ ਦੀ ਅੰਦਰਲੀ ਗਵਾਹੀ ਨੂੰ ਹੀ ਆਧਾਰ ਬਣਾਉਣਾ ਪੈਂਦਾ ਹੈ। ਇਹੀ ਸਥਿਤੀ ਭਾਈ ਗੁਰਦਾਸ ਦੇ ਜੀਵਨ ਸਬੰਧੀ ਸਮੱਗਰੀ ਦੀ ਹੈ। ਭਾਈ ਸਾਹਿਬ ਦੇ ਜੀਵਨ ਤੇ ਖਾਸ ਕਰਕੇ ਮੁਢਲੇ ਜੀਵਨ ਬਾਰੇ ਸਿਧੀ ਤੇ ਪ੍ਰਮਾਣਿਕ ਸਮੱਗਰੀ ਪ੍ਰਾਪਤ ਨਹੀਂ ਹੁੰਦੀ। ਡਾ. ਤਾਰਨ ਸਿੰਘ ਅਨੁਸਾਰ, "ਜੋ ਕੁਝ ਵੀ ਆਪ ਦੇ ਜੀਵਨ ਬਾਰੇ ਪਰਾਪਤ ਹੈ, ਉਸ ਦਾ ਆਧਾਰ ਮਹਾਂਕਵੀ ਸੰਤੋਖ ਸਿੰਘ ਰਚਿਤ "ਗੁਰ ਪਰਤਾਪ ਸੂਰਜ ਗ੍ਰੰਥ" ਹੈ, ਜਿਸ ਦਾ ਆਸਰਾ ਭਾਈ ਸਾਹਿਬ ਬਾਰੇ ਉਸ ਸਮੇਂ ਤੀਕ ਪ੍ਰਚਲਤ ਰਵਾਇਤਾਂ ਸਨ।"[1] ਇਸ ਤੋਂ ਇਲਾਵਾ ਭਾਈ ਸਾਹਿਬ ਦੇ ਜੀਵਨ ਬਾਰੇ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਅਤੇ 'ਤਵਾਰੀਖ ਗੁਰ ਖਾਲਸਾ' ਆਦਿ ਰਚਨਾਵਾਂ ਵਿਚੋਂ ਕੁਝ ਸੰਕੇਤ ਮਿਲਦੇ ਹਨ। ਇਸ ਪ੍ਰਕਾਰ ਭਾਈ ਗੁਰਦਾਸ ਦੇ ਜੀਵਨ ਬਾਰੇ ਵਿਦਵਾਨਾਂ ਨੇ ਅੰਦਾਜੇ ਹੀ ਲਾਏ ਹਨ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤੇ ਜਿਨ੍ਹਾਂ ਦੇ ਆਧਾਰ ਤੇ ਕਿਸੇ ਨਤੀਜੇ ਤੇ ਪਹੁੰਚਿਆ ਜਾ ਸਕੇ। ਭਾਈ ਗੁਰਦਾਸ ਦੀਆਂ ਰਚਨਾਵਾਂ ਵਿਚੋਂ ਵੀ ਆਪ ਦੇ ਜੀਵਨ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਜਿਥੇ ਕਿਤੇ ਵੀ ਆਪਣੀਆਂ ਵਾਰਾਂ ਵਿਚ ਭਾਈ ਸਾਹਿਬ ਨੇ ਆਪਣੇ ਨਾਮ ਦੀ ਵਰਤੋਂ ਕੀਤੀ ਹੈ, ਉਹ ਅਲੰਕਾਰਕ ਰੂਪ ਵਿਚ ਹੋਈ ਹੈ।[2] ਭਾਈ ਗੁਰਦਾਸ ਨੇ ਆਪਣੇ ਸਮਕਾਲੀ ਤੇ ਆਪਣੇ ਤੋਂ ਪਹਿਲਾਂ ਦੇ ਸਿੱਖ ਗੁਰੂਆਂ, ਭਗਤਾਂ, ਪ੍ਰਸਿਧ ਸਿੱਖਾਂ ਆਦਿ ਦੇ ਜੀਵਨ ਨਾਲ ਸਬੰਧਿਤ ਕੁਝ ਘਟਨਾਵਾਂ ਉਤੇ ਵਾਰਾਂ ਵਿਚ ਸੰਕੇਤਮਈ ਰੋਸ਼ਨੀ ਪਾਈ ਹੈ ਪਰ ਆਪਣੇ ਜੀਵਨ ਦੇ ਕਿਸੇ ਵੀ ਪੱਖ ਦੀ ਪੇਸ਼ਕਾਰੀ ਵਾਰਾਂ ਵਿਚ ਨਹੀਂ ਕੀਤੀ। ਪਰ ਇਸ ਦਾ ਮਤਲਬ ਇਹ ਨਹੀਂ ਲੈਣਾ ਚਾਹੀਦਾ ਕਿ ਉਨ੍ਹਾਂ ਦੁਆਰਾ ਸਿੱਖੀ ਲਈ ਪਾਏ ਯੋਗਦਾਨ ਨੂੰ, ਉਨ੍ਹਾਂ ਦੇ ਉਚੇ ਆਦਰਸ਼ਾਂ ਨੂੰ ਜਾਂ ਰਚਨਾਵਾਂ ਨੂੰ ਸੰਭਾਲਿਆ ਨਹੀਂ

ਗਿਆ। ਹੁਣ ਵੀ ਭਾਈ ਸਾਹਿਬ ਦਾ ਜੀਵਨ ਤੇ ਉਸ ਨਾਲ ਸਬੰਧਤ ਘਟਨਾਵਾਂ ਜਨ-ਸਮੂਹ ਲਈ ਪੱਥ-ਪ੍ਰਦਰਸ਼ਕ ਦਾ ਕੰਮ ਕਰਦੀਆਂ ਹਨ।

ਭਾਈ ਗੁਰਦਾਸ ਦੇ ਜੀਵਨ ਸਬੰਧੀ ਇਤਿਹਾਸਕਾਰਾਂ ਅਤੇ ਵਿਦਵਾਨਾਂ ਨੇ ਕਈ ਸ਼ਲਾਘਾਯੋਗ ਯਤਨ ਕੀਤੇ ਹਨ। ਸਾਡਾ ਯਤਨ ਕੋਈ ਮੁੱਢਲਾ ਯਤਨ ਨਹੀਂ ਹੈ। ਉਂਜ ਇਸ ਦਾ ਸਾਡੇ ਮੰਤਵ ਨਾਲ ਬਹੁਤਾ ਸਬੰਧ ਵੀ ਨਹੀਂ ਹੈ। ਸਿਰਫ਼ ਇਸ ਕਰਕੇ ਦੇਣਾ ਯੋਗ ਸਮਝਿਆ ਹੈ ਕਿ ਇਸ ਨਾਲ ਸਾਡੇ ਮੰਤਵ ਨੂੰ ਸਪੱਸ਼ਟ ਕਰਨਾ ਜਾਂ ਸਮਝਣਾ ਸੌਖਾ ਹੋ ਜਾਵੇਗਾ।

ਭਾਈ ਗੁਰਦਾਸ ਭੱਲਾ ਪਰਿਵਾਰ ਨਾਲ ਸਬੰਧ ਰੱਖਦੇ ਸਨ। ਭਾਈ ਰਣਧੀਰ ਸਿੰਘ ਨੇ ਭੱਲਾ ਪਰਿਵਾਰ ਦਾ ਸਬੰਧ ਸੂਰਜ ਬੰਸੀ ਖੱਤ੍ਰੀਆਂ ਵਿਚੋਂ ਦਸਰਥ ਦੇ ਪੁੱਤਰ ਭਰਤ ਨਾਲ ਜੋੜਿਆ ਹੈ।[3] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭੱਲੇ ਸਰੀਣ ਖੱਤ੍ਰੀਆਂ ਦੀ ਇਕ ਜਾਤ ਹਨ।[4] ਕੇਸਰ ਸਿੰਘ ਛਿੱਬਰ ਨੇ "ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ" ਵਿਚ ਭਾਈ ਗੁਰਦਾਸ ਨੂੰ ਈਸ਼ਰਦਾਸ ਭੱਲੇ ਦਾ ਪੁੱਤਰ ਮੰਨਿਆ ਹੈ:

ਭਾਈ ਗੁਰਦਾਸ ਈਸ਼ਵਰ ਭੱਲੇ ਕਾ ਬੇਟਾ।
ਈਸ਼ੁਰ ਵਿਸ਼ਨ ਦਾਸ ਭੱਲੇ ਦੇ ਪਰਵਾਰ ਵਿਚੋਂ ਆਹਾ ਖਤਰੇਟਾ।[5]

ਭਾਈ ਰਣਧੀਰ ਸਿੰਘ ਅਨੁਸਾਰ, "ਈਸ਼ੁਰਦਾਸ ਜੀ ਦੇ ਇਕਲੌਤੇ ਪੁੱਤਰ ਭਾਈ ਗੁਰਦਾਸ ਜੀ ਸਨ।[6] ਡਾ. ਰਤਨ ਸਿੰਘ ਜੱਗੀ ਨੇ ਵੀ ਕੇਸਰ ਸਿੰਘ ਛਿਬਰ ਅਤੇ ਰਣਧੀਰ ਸਿੰਘ ਦੇ ਆਧਾਰ ਤੇ ਭਾਈ ਸਾਹਿਬ ਦੇ ਪਿਤਾ ਦਾ ਨਾਮ ਈਸ਼ੁਰ ਦਾਸ ਹੀ ਮੰਨਿਆ ਹੈ।[7] ਪਰ ਭਾਈ ਵੀਰ ਸਿੰਘ ਨੇ ਭਾਈ ਗੁਰਦਾਸ ਦੇ ਪਿਤਾ ਦਾ ਨਾਮ ਦਾਤਾਰ ਚੰਦ ਮੰਨਿਆ ਹੈ।[8] ਸ. ਖੁਸ਼ਵੰਤ ਸਿੰਘ[9], ਹਰਿੰਦਰ ਸਿੰਘ ਰੂਪ[10], ਕਰਤਾਰ ਸਿੰਘ[11] ਆਦਿ ਲੇਖਕਾਂ ਨੇ ਭਾਈ ਵੀਰ ਸਿੰਘ ਦੇ ਇਸ ਵਿਚਾਰ ਨਾਲ ਸਹਿਮਤੀ ਪ੍ਰਗਟਾਈ ਹੈ। ਪਰ ਇਹ ਵਿਚਾਰ ਮੰਨਣਯੋਗ ਨਹੀਂ ਹੈ, ਕਿਉਂਕਿ ਕੇਸਰ ਸਿੰਘ ਛਿੱਬਰ, ਭਾਈ ਗੁਰਦਾਸ ਦੇ ਪਰਿਵਾਰ ਵਿਚੋਂ ਸਨ ਤੇ ਉਨ੍ਹਾਂ ਨੇ ਭਾਈ ਸਾਹਿਬ ਦੇ ਪਿਤਾ ਦਾ ਨਾਮ ਈਸ਼ੁਰ ਦਾਸ ਲਿਖਣ ਸਮੇਂ ਕਿਸੇ ਭਰੋਸੇ ਯੋਗ ਆਧਾਰ ਦੀ ਪੜਤਾਲ ਜ਼ਰੂਰ ਕੀਤੀ ਹੋਵੇਗੀ।

ਭਾਈ ਗੁਰਦਾਸ ਦੀ ਮਾਤਾ ਦਾ ਨਾਮ 'ਜੀਵਣੀ' ਮੰਨਿਆ ਜਾਂਦਾ ਹੈ।[12] ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋ ਕੇ ਉੱਚੇ ਆਚਰਣ ਤੇ ਸੇਵਾ ਭਾਵ ਰੱਖਣ ਵਾਲੇ ਗੁਰਸਿੱਖਾਂ ਨੂੰ ਬਾਈ ਮੰਜੀਆਂ ਤੇ ਬੀਬੀਆਂ ਨੂੰ ਬਵੰਜਾ ਪੀੜ੍ਹੇ ਬਖਸ਼ੇ, ਜਿਨ੍ਹਾਂ ਵਿਚੋਂ ਇਕ ਪੀੜ੍ਹਾ ਯੋਗਤਾ ਅਨੁਸਾਰ ਮਾਤਾ ਜੀਵਣੀ ਦੇ ਹਿੱਸੇ ਆਇਆ।[13]

ਉਪਰੋਕਤ ਵਿਚਾਰ ਅਨੁਸਾਰ ਭਾਈ ਗੁਰਦਾਸ, ਈਸ਼ਰ ਦਾਸ ਭੱਲਾ ਤੇ ਮਾਤਾ ਜੀਵਣੀ ਦੇ ਸਪੁੱਤਰ ਸਨ। ਇਸ ਤਰ੍ਹਾਂ ਰਿਸ਼ਤੇ ਵਜੋਂ ਆਪ ਚੰਦਰ ਭਾਨ ਜੀ ਦੇ ਪੋਤਰੇ ਗੁਰੂ ਅਮਰਦਾਸ ਜੀ ਦੇ ਭਤੀਜੇ, ਬੀਬੀ ਭਾਨੀ ਦੇ ਚੱਚੇਰੇ ਭਾਈ ਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਸਨ।

ਭਾਈ ਗੁਰਦਾਸ ਦੀ ਜਨਮ ਤਿਥੀ ਬਾਰੇ ਵਿਦਵਾਨ ਇਕ ਮੱਤ ਨਹੀਂ ਹਨ। ਕਿਉਂਕਿ ਭਾਈ ਸਾਹਿਬ ਦੀ ਰਚਨਾ ਤੇ ਸਿੱਖ ਇਤਿਹਾਸ ਨਾਲਸਬੰਧਤ ਪੁਰਾਤਨ ਗ੍ਰੰਥਾਂ ਜਿਵੇਂ ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਤਵਾਰੀਖ ਗੁਰੂ-ਖਾਲਸਾ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਆਦਿ ਵਿਚ ਇਸ ਸਬੰਧੀ ਕੋਈ ਨਿਸ਼ਚਿਤ ਤਿਥੀ ਜਾਂ ਸੰਨ ਸਬੰਧੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਵਿਦਵਾਨਾਂ ਨੇ ਅੰਦਾਜੇ ਹੀ ਲਗਾਏ ਹਨ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਭਾਈ ਸਾਹਿਬ ਦਾ ਜਨਮ ਗੁਰੂ ਅੰਗਦ ਦੇਵ ਜੀ ਦੇ ਸਮੇਂ ਹੋਇਆ ਕਈ ਵਿਦਵਾਨ ਇਸ ਵਿਚਾਰ ਨਾਲ ਸਹਿਮਤੀ ਪ੍ਰਗਟ ਕਰਦੇ ਹਨ ਕਿ ਭਾਈ ਗੁਰਦਾਸ ਦਾ ਜਨਮ ਗੁਰੂ ਅਮਰਦਾਸ ਜੀ ਦੇ ਗੁਰਗੱਦੀ ਤੇ ਬੈਠਣ (1552 ਈ. ) ਤੋਂ ਛੇਤੀ ਪਿਛੋਂ ਹੋਇਆ।

ਗਿਆਨੀ ਲਾਲ ਸਿੰਘ ਸੰਗਰੂਰ ਨੇ ਭਾਈ ਗੁਰਦਾਸ ਨੂੰ ਗੁਰੂ ਨਾਨਕ ਸਾਹਿਬ ਦਾ ਸਮਕਾਲੀ ਮੰਨਿਆ ਹੈ ਅਤੇ ਭਾਈ ਸਾਹਿਬ ਦੀ ਕੁੱਲ ਉਮਰ 133 ਸਾਲ ਬਣਾਈ ਹੈ।[14] ਹੋਰ ਕਿਸੇ ਵੀ ਵਿਦਵਾਨ ਨੇ ਇਸ ਵਿਚਾਰ ਨਾਲ ਸਹਿਮਤੀ ਨਹੀਂ ਪ੍ਰਗਟਾਈ। ਸ੍ਰ. ਖੁਸ਼ਵੰਤ ਸਿੰਘ ਨੇ ਭਾਈ ਸਾਹਿਬ ਦਾ ਜਨਮ 1540 ਈ. ਤੋਂ 1560 ਈ. ਦੇ ਵਿਚਕਾਰ ਹੋਇਆ ਮੰਨਿਆ ਹੈ।[15] ਲੇਖਕ ਨੇ ਵੀਹ ਸਾਲਾਂ ਦਾ ਸਮਾਂ ਦਿੱਤਾ ਹੈ ਜਿਹੜਾ ਜਨਮ ਤਾਰੀਖ ਨਿਸ਼ਚਿਤ ਕਰਨ ਵਿਚ ਪੱਕਾ ਪ੍ਰਮਾਣ ਨਹੀਂ ਹੋ ਸਕਦਾ। ਹੋਰ ਕਈ ਵਿਦਵਾਨਾਂ ਨੇ ਭਾਈ ਗੁਰਦਾਸ ਦਾ ਜਨਮ 1531 ਈ. (1608 ਬਿ.) ਵਿਚ ਹੋਇਆ ਨਿਸ਼ਚਿਤ ਕੀਤਾ ਹੈ ਜਿਨ੍ਹਾਂ ਵਿਚੋਂ ਮੌਲਾ ਬਖਸ਼ ਕੁਸਤਾ,[16] ਗੰਡਾ ਸਿੰਘ[17]

ਮੋਹਨ ਸਿੰਘ[18], ਭਾਈ ਰਣਧੀਰ ਸਿੰਘ[19], ਸੰਤ ਸਿੰਘ ਸੇਖੋਂ[20], ਰਤਨ ਸਿੰਘ ਜੱਗੀ[21], ਦਲੀਪ ਸਿੰਘ ਦੀਪ[22], ਆਦਿ ਦੇ ਨਾਮ ਵਰਨਣਯੋਗ ਹਨ। ਇਹ ਵਿਦਵਾਨ ਵੀ ਭਾਈ ਸਾਹਿਬ ਦੇ ਜੀਵਨ ਬਾਰੇ ਕੋਈ ਭਰੋਸੇਯੋਗ ਸਬੂਤ ਨਹੀਂ ਦੇ ਸਕੇ। ਭਾਈ ਵੀਰ ਸਿੰਘ ਨੇ ਭਾਈ ਗੁਰਦਾਸ ਦਾ ਜਨਮ 1543 ਈ. ਤੋਂ 1553 ਈ. (1600 ਤੋਂ 1610 ਬਿ.) ਦੇ ਵਿਚਕਾਰ ਹੋਣਾ ਮੰਨਿਆ ਹੈ।[23] ਭਾਈ ਵੀਰ ਸਿੰਘ ਨੇ ਆਪਣੇ ਇਸ ਵਿਚਾਰ ਦੀ ਪੁਸ਼ਟੀ ਲਈ ਇਹ ਦਲੀਲ ਪੇਸ਼ ਕੀਤੀ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਸੰਭਾਲਣ ਤੋਂ ਬਾਅਦ ਭਾਈ ਗੁਰਦਾਸ ਜਦੋਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਆਉਂਦੇ ਹਨ ਤਾਂ ਆਪਣੀ ਚਚੇਰੀ ਭੈਣ ਬੀਬੀ ਭਾਨੀ ਜੀ ਨੂੰ ਮਿਲਣ ਸਮੇਂ ਮੱਥਾ ਟੇਕਦੇ ਹਨ। ਬੀਬੀ ਭਾਨੀ ਜੀ ਦਾ ਜਨਮ 1533-34 ਈ. (1590-91 ਬਿ.) ਵਿਚ ਹੋਇਆ ਮਿਲਦਾ ਹੈ।[24] ਸੋ ਇਸ ਤਰ੍ਹਾਂ ਭਾਈ ਗੁਰਦਾਸ ਦਾ ਜਨਮ 1533-34 ਈ. ਤੋਂ ਬਾਅਦ ਕਦੇ ਹੋਇਆ ਮੰਨਿਆ ਜਾਣਾ ਚਾਹੀਦਾ ਹੈ।

ਉਪਰੋਕਤ ਵਿਚਾਰ ਤੋਂ ਬਾਅਦ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਭਾਈ ਗੁਰਦਾਸ ਦੀ ਜਨਮ ਤਿਥੀ ਬਾਰੇ ਵਿਦਵਾਨਾਂ ਨੇ ਸਿਰਫ ਅੰਦਾਜੇ ਹੀ ਲਗਾਏ ਹਨ ਕੋਈ ਠੋਸ ਸਬੂਤ ਜਾਂ ਆਧਾਰ ਪੇਸ਼ ਨਹੀਂ ਕੀਤੇ। ਇਨ੍ਹਾਂ ਵਿਦਵਾਨਾਂ ਵਿਚੋਂ ਭਾਈ ਵੀਰ ਸਿੰਘ ਦਾ ਵਿਚਾਰ ਸਚਾਈ ਦੇ ਕੁਝ ਨੇੜੇ ਜਾਪਦਾ ਹੈ। ਸੋ ਜਿਨੀ ਦੇਰ ਤੱਕ ਕੋਈ ਠੋਸ ਪ੍ਰਮਾਣ ਪ੍ਰਾਪਤ ਨਹੀਂ ਹੁੰਦਾ ਅਸੀਂ ਇਸ ਵਿਚਾਰ ਨਾਲ ਸਹਿਮਤ ਹਾਂ ਕਿ ਭਾਈ ਗੁਰਦਾਸ ਦਾ ਜਨਮ 1553 ਈ. (1610 ਬਿ.) ਦੇ ਆਸਪਾਸ ਹੋਇਆ।

ਭਾਈ ਗੁਰਦਾਸ ਦੇ ਜਨਮ ਅਸਥਾਨ ਬਾਰੇ ਵੀ ਵਿਦਵਾਨਾਂ ਵਿਚ ਮੱਤਭੇਦ ਹੈ। ਭਾਈ ਵੀਰ ਸਿੰਘ, ਭਾਈ ਸਾਹਿਬ ਦਾ ਜਨਮ ਬਾਸਰਕੇ ਹੋਇਆ ਮੰਨਿਆ ਹੈ।[25] ਕਰਤਾਰ ਸਿੰਘ ਵੀ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ।[26] ਕਈ ਵਿਦਵਾਨਾਂ ਨੇ ਇਸ ਮੱਤ ਨਾਲ ਸਹਿਮਤੀ ਪ੍ਰਗਟ ਕੀਤੀ ਹੈ ਕਿ ਭਾਈ ਗੁਰਦਾਸ ਦਾ ਜਨਮ ਗੋਇੰਦਵਾਲ ਵਿਖੇ ਹੋਇਆ। ਜਿਨ੍ਹਾਂ ਵਿਚ ਮੌਲਾ ਬਖਸ਼ ਕੁਸ਼ਤਾ[27], ਸੁਰਿੰਦਰ ਸਿੰਘ ਕੋਹਲੀ[28], ਰਣਧੀਰ ਸਿੰਘ[29] ਸਰਦੂਲ ਸਿੰਘ[30], ਦਰਸ਼ਨ ਸਿੰਘ[31] ਆਦਿ ਦੇ ਨਾਮ ਮੁੱਖ ਹਨ।

ਸਿੱਖ ਇਤਿਹਾਸਕਾਰ ਇਸ ਵਿਚਾਰ ਨਾਲ ਸਹਿਮਤ ਹਨ ਕਿ ਗੁਰੂ ਅੰਗਦ ਦੇਵ

ਜੀ ਦੀ ਆਗਿਆ ਨਾਲ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸ਼ਹਿਰ ਵਸਾਇਆ ਤੇ ਪਰਿਵਾਰ ਸਮੇਤ ਇਥੇ ਆਣ ਵੱਸੇ। ਇਹ ਵੀ ਮੰਨਿਆ ਗਿਆ ਹੈ ਕਿ ਗੁਰੂ ਅਮਰਦਾਸ ਜੀ 1552 ਈ. ਵਿਚ ਗੁਰਗੱਦੀ ਤੇ ਬੈਠੇ ਤੇ ਭਾਈ ਗੁਰਦਾਸ ਦਾ ਜਨਮ ਗੁਰੂ ਸਾਹਿਬ ਦੇ ਗੁਰਗੱਦੀ ਸੰਭਾਲਣ ਬਾਅਦ 1553 ਈ. ਦੇ ਆਸ ਪਾਸ ਹੋਇਆ ਸੋ ਇਸ ਤਰ੍ਹਾਂ ਜਨਮ ਗੋਇੰਦਵਾਲ ਵਿਖੇ ਹੀ ਹੋਇਆ ਮੰਨਿਆ ਜਾ ਸਕਦਾ ਹੈ।

ਭਾਈ ਗੁਰਦਾਸ ਦਾ ਬਚਪਨ ਗੁਰੂ ਅਮਰਦਾਸ ਜੀ ਦੇ ਹੱਥਾਂ ਵਿਚ ਹੀ ਗੁਜਰਿਆ। ਸਰਦੂਲ ਸਿੰਘ ਅਨੁਸਾਰ, ਅਜੇ ਆਪ ਤਿੰਨ ਸਾਲਾਂ ਦੇ ਸਨ ਤਾਂ ਪਿਤਾ ਜੀ ਦੀ ਮੌਤ ਹੋ ਗਈ ਤੇ 12 ਸਾਲ ਦੀ ਉਮਰ ਵਿਚ ਮਾਤਾ ਜੀ ਦਾ ਹੱਥ ਸਿਰ ਤੋਂ ਉਠ ਗਿਆ[32]। ਇਸ ਤਰ੍ਹਾਂ ਆਪ ਦੇ ਜੀਵਨ ਸੰਭਾਲ ਦੀ ਸਾਰੀ ਜਿੰਮੇਵਾਰੀ ਗੁਰੂ ਅਮਰਦਾਸ ਜੀ ਤੇ ਪੈ ਗਈ। ਖੁਸ਼ਵੰਤ ਸਿੰਘ ਅਨੁਸਾਰ, ਗੁਰੂ ਜੀ ਨੇ ਬੱਚੇ ਦੀ ਸਿਖਿਆ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ। ਇਹ ਸਿੱਖਣ ਵਿਚ ਤੇਜ ਸੀ ਅਤੇ ਛੇਤੀ ਹੀਗੁਰੂ ਸਾਹਿਬ ਦੀਆਂ ਸਿਖਿਆਵਾਂ ਦਾ ਮੁੱਖ ਪ੍ਰਤੀਨਿਧ ਬਣ ਗਿਆ।[33]

ਗੁਰੂ ਅਮਰਦਾਸ ਜੀ ਦੇ ਗੋਇੰਦਵਾਲ ਆ ਜਾਣ ਕਰਕੇ ਇਹ ਸਿੱਖੀ ਦਾ ਕੇਂਦਰ ਬਣਗਿਆ ਸੀ। ਦੂਜਾ ਇਹ ਸ਼ਾਹ ਰਾਹ ਤੇ ਸਥਿੱਤ ਹੋਣ ਕਰਕੇ ਵਿਦਿਅਕ ,ਧਾਰਮਿਕ ਤੇ ਸਭਿਆਚਾਰਕ ਗਤੀਵਿਧੀਆਂ ਦੇ ਪੱਖੋ ਵੀ ਇਸ ਨੇ ਕਾਫੀ ਉਨੱਤੀ ਕਰ ਲਈ ਸੀ। ਭਾਈ ਵੀਰ ਸਿੰਘ ਅਨੁਸਾਰ, "ਗੋਇੰਦਵਾਲ ਸ਼ਾਹ ਰਾਹ ਦਾ ਪੱਤਨ ਸੀ, ਉਸ ਸਮੇਂ ਸ਼ਾਹੀ ਸੜਕ ਗੋਇੰਦਵਾਲ ਹੋਕੇ (ਹੁਣ ਵਾਲੇ ਨਾਰੰਗਵਾਦ ਤੇ ਤਰਨਤਾਰਨ ਦੇ ਤ੍ਰੈਪਰੇ) ਖ਼ਬਲ ਥਾਣੀ ਲਾਹੌਰ ਨੂੰ ਜਾਂਦੀ ਸੀ ਐਉਂ ਗੋਇੰਦਵਾਲ ਤੋਂ ਆਮ ਲੋਕ ਲੰਘਦੇ ਸਨ ਤੇ ਵਿਚ ਵਿਚ ਗੁਣੀ ਲੋਕ ਭੀ ਲੰਘਦੇ ਤੇ ਟਿਕਦੇ ਸਨ।"[34] ਇਸ ਤਰ੍ਹਾਂ ਸਿੱਖ ਸੰਗਤਾਂ ਤੇ ਧਾਰਮਿਕ ਮਹਾਪੁਰਖਾਂ ਦਾ ਇਸ ਸਥਾਨ ਤੇ ਆਉਣਾ ਜਾਣਾ ਲੱਗਾ ਰਹਿੰਦਾ ਸੀ। ਹਰਿੰਦਰ ਸਿੰਘ ਰੂਪ ਅਨੁਸਾਰ, ਸ੍ਰੀ ਗੋਇੰਦਵਾਲ ਵਿਚ ਹਰ ਮੱਤ ਦੇ ਆਲਮਾਂ ਤੇ ਪੰਡਤਾਂ ਦੀ ਆਵਾਜਾਈ ਰਹਿੰਦੀ, ਬਾਲਕ ਬਹਿਸਾਂ ਤੇ ਗੋਸ਼ਟੀਆਂ ਸੁਣਦਾ, ਵਿਉਤ ਨਾਲ ਪੁਰਾਣੇ ਇਲਮ ਪੜ੍ਹਨੇ ਸ਼ੁਰੂ ਕੀਤੇ। ਤਿੱਖੀ ਬੁੱਧ ਨੇ ਵੇਦ, ਪੁਰਾਨ, ਸ਼ਾਸਤਰ ਪੜ੍ਹੇ ਹੀ ਨਾ ਸਗੋਂ ਹਿਜ਼ ਪਿਆਜ ਟੋਹ ਲਿਆ। ਵੇਲੇ ਦੀ ਜ਼ੁਬਾਨ ਫਾਰਸੀ

ਦੀ ਪੜ੍ਹਾਈ ਕੀਤੀ ਤੇ ਨਾਲ ਹੀ ਪੜ੍ਹਾਈ ਕੀਤੀ ਦੁਨੀਆਂ ਦੀ।"[35] ਇਸ ਤਰ੍ਹਾਂ ਭਾਈ ਗੁਰਦਾਸ ਇਨ੍ਹਾਂ ਮਹਾਂਪੁਰਖਾਂ ਨਾਲ ਵਿਚਾਰ ਵਟਾਂਦਰਾ ਕਰਦੇ, ਜਿਸ ਨਾਲ ਆਪ ਨੂੰ ਹਿੰਦੂ, ਮੁਸਲਮਾਨੀ ਤੇ ਹੋਰ ਮੱਤਾਂ ਦੀ ਭਰਪੂਰ ਜਾਣਕਾਰੀ ਪ੍ਰਾਪਤ ਹੋ ਗਈ ਤੇ ਆਪ ਦੀ ਵੱਖ ਵੱਖ ਭਾਸ਼ਾਵਾਂ ਤੇ ਪਕੜ ਵੀ ਮਜ਼ਬੂਤ ਹੋਗਈ। ਇਸ ਗੱਲ ਦੀ ਗਵਾਹੀ ਆਪ ਦੀਆਂ ਵਾਰਾਂ ਚੋਂ ਮਿਲ ਜਾਂਦੀ ਹੈ।

ਸਰਦੂਲ ਸਿੰਘ ਦਾ ਵਿਚਾਰ ਹੈ ਕਿ "ਭਾਈ ਗੁਰਦਾਸ, ਗੋਇੰਦਵਾਲ ਵਿਖੇ ਵੀ ਵਿਦਿਆ ਪ੍ਰਾਪਤ ਕਰਦੇ ਸਨ ਤੇ ਕਾਸ਼ੀ ਵੀ ਚਲੇ ਜਾਂਦੇ ਸਨ। ਚੋਟੀ ਦੇ ਵਿਦਵਾਨ ਕੇਸੋ ਗੁਪਾਲ ਪੰਡਿਤ (ਜਿਸ ਦੇ ਖਿਆਲ ਗੁਰਸਿੱਖੀ ਵਾਲੇ ਹੋ ਚੁੱਕੇ ਸਨ) ਨੇ ਆਪ ਨੂੰ ਸੰਸਕ੍ਰਿਤ ਪੜ੍ਹਾਉਣ ਵਿਚ ਕਾਫੀ ਸਮਾਂ ਲਾਇਆ। ਆਪ ਦੀ ਬੁੱਧ ਉਜੱਵਲ ਸੀ। ਇਸ ਲਈ ਸੰਸਕ੍ਰਿਤ ਵਿਦਿਆ/ਜਲਦੀ ਹੀ ਗ੍ਰਹਿਣ ਕਰ ਲਈ।[36] ਕਈ ਵਿਦਵਾਨਾਂ ਨੇ ਭਾਈ ਗੁਰਦਾਸ ਦੇ ਵਿਦਵਤਾ ਤੇ ਬਾਰੂ ਪੱਖੀ ਗਿਆਨ ਨੂੰ ਦੇਖ ਕੇ ਇਹ ਵਿਚਾਰ ਪ੍ਰਗਟ ਕੀਤਾ ਕਿ ਭਾਈ ਗੁਰਦਾਸ ਦੂਰਦੁਰਾਡੇ ਭਾਰਤੀ ਤੇ ਇਸਲਾਮੀ ਵਿਦਿਆ ਕੇਂਦਰਾਂ ਤੇ ਵਿਦਿਆ ਪ੍ਰਾਪਤ ਕਰਨ ਗਏ ਹੋਣਗੇ। ਪਰ ਇਹ ਅਨੁਮਾਨ ਹੀ ਲੱਗਦੇ ਹਨ ਕਿਉਂਕਿ ਕਾਸ਼ੀ ਤੀ ਵਿਦਿਆ ਬਾਰੇ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

ਨਾ ਕਾਸੀ ਮਤਿ ਉਪਜੈ ਨਾ ਕਾਸੀ ਮਤਿ ਜਾਏ।
ਸਤਿਗੁਰ ਮਿਲਿਐ ਮਤਿ ਉਪਜੈ ਤਾ ਇਹ ਸੋਝੀ ਪਾਇ[37]

ਇਸ ਪ੍ਰਕਾਰ ਭਾਈ ਗੁਰਦਾਸ ਦੀ ਮੁਢਲੀ ਵਿਦਿਆ ਅਤੇ ਜੀਵਨ ਦਾ ਸਬੰਧ ਗੋਇੰਦਵਾਲ ਨਾਲ ਹੀ ਹੈ।

ਭਾਈ ਗੁਰਦਾਸ ਦੇ ਸਿਖੀ ਧਾਰਨ ਕਰਨ ਬਾਰੇ ਇਤਿਹਾਸਕਾਰਾਂ ਵਿਚ ਮੱਤਭੇਦ ਹੈ। ਕਈ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਭਾਈ ਗੁਰਦਾਸ ਨੇ ਸਿੱਖੀ ਗੁਰੂ ਅਮਰਦਾਸ ਜੀ ਦੇ ਸਮੇਂ ਧਾਰਨ ਕੀਤੀ। ਪਰ ਬਹੁਤ ਸਾਰੇ ਇਤਿਹਾਸਕਾਰ ਇਸ ਮੱਤ ਨਾਲ ਸਹਿਮਤ ਹਨ ਕਿ ਭਾਈ ਸਾਹਿਬ ਨੇ ਸਿੱਖੀ ਗੁਰੂ ਰਾਮਦਾਸ ਜੀ ਦੇ ਸਮੇਂ ਧਾਰਨ ਕੀਤੀ। ਭਾਈ ਕਾਨ੍ਹ ਸਿੰਘ

ਨਾਭਾ ਅਨੁਸਾਰ; ਭਾਈ ਗੁਰਦਾਸ ਨੇ ਚੌਥੇ ਸਤਿਗੁਰਾਂ ਤੋਂ 1580 ਈ. (1638 ਬਿ.) ਵਿਚ ਸਿੱਖ ਧਰਮ ਧਾਰਨ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਪੰਜਵੇਂ ਗੁਰਾਂ ਤੋਂ ਸਮਝਿਆ।[38] ਅਨਿਲ ਚੰਦਰ ਬੈਨਰਜੀ ਅਨੁਸਾਰ; ਭਾਈ ਗੁਰਦਾਸ ਨੇ ਚੌਥੇ ਗੁਰੂ ਰਾਮਦਾਸ ਤੋਂ 1579 ਈ. ਵਿਚ ਸਿੱਖੀ ਧਾਰਨ ਕੀਤੀ।[39] ਡਾ. ਮੋਹਨ ਸਿੰਘ[40], ਗੋਪਾਲ ਸਿੰਘ[41] ਨੇ ਵੀ ਇਸ ਵਿਚਾਰ ਨਾਲ ਸਹਿਮਤੀ ਪ੍ਰਗਟਾਈ ਹੈ। ਪਰ ਇਨ੍ਹਾਂ ਵਿਦਵਾਨਾਂ ਨੇ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤੇ। ਖੁਸ਼ਵੰਤ ਸਿੰਘ ਅਨੁਸਾਰ; ਗੁਰੂ ਅਮਰਦਾਸ ਜੀ ਦੀ ਮੌਤ ਪਿਛੋਂ ਚੌਥੇ ਗੁਰੂ ਰਾਮਦਾਸ ਜੀ ਨੇ ਭਾਈ ਗੁਰਦਾਸ ਨੂੰ ਆਪਣੇ ਵਿਸ਼ਵਾਸ਼ ਵਿਚ ਲਿਆਂਦਾ ਅਤੇ ਇਕ ਪ੍ਰਚਾਰਕ ਦੇ ਤੌਰ ਤੇ ਆਗਰੇ ਭੇਜਿਆ। ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਭਾਈ ਗੁਰਦਾਸ ਅੰਮ੍ਰਿਤਸਰ ਵਾਪਸ ਆਏ ਅਤੇ ਗੁਰੂ ਰਾਮਦਾਸ ਜੀ ਦੇ ਉਤਰਧਿਕਾਰੀ ਗੁਰੂ ਅਰਜਨ ਅੱਗੇ ਆਪਣੇ ਆਪ ਨੂੰ ਪੇਸ਼ ਕੀਤਾ।[42]

ਉਪਰੋਕਤ ਵਿਦਵਾਨਾਂ ਵਲੋਂ ਪਾਏ ਭੁਲੇਖੇ ਨੂੰ ਭਾਈ ਵੀਰ ਸਿੰਘ 'ਕਬਿੱਤ-ਭਾਈ ਗੁਰਦਾਸ' ਦੀ ਭੂਮਿਕਾ ਵਿਚ ਸਪਸ਼ਟ ਕਰਦੇ ਹਨ: "ਬਹੁਤੇ ਲੇਖਕਾਂ ਨੇ ਇਹ ਸਮਝਿਆ ਹੈ ਕਿ ਭਾਈ ਗੁਰਦਾਸ, ਗੁਰੂ ਰਾਮਦਾਸ ਜੀ ਤੱਕ ਸਿੱਖ ਨਹੀਂ ਸਨ ਪਰ ਭਾਈਗੁਰਦਾਸ ਦੇ ਮਿਲਦਿਆਂ ਹੀ ਗੁਰੂ ਰਾਮਦਾਸ ਜੀ ਉਨ੍ਹਾਂ ਨੂੰ ਤਤਕਾਲ ਹੀ ਆਗਰੇ ਵੱਲ ਸਿੱਖੀ ਦਾ ਪ੍ਰਚਾਰ ਕਰਨ ਲਈ ਭੇਜਦੇ ਹਨ:

ਸਿਮਰਹੁ ਵਾਹਿਗੁਰੂ ਸਤਿਨਾਮੂ॥ ਜਾਂਤੇ ਪਾਵਹੁ ਸੁਖ ਬਿਸਰਾਮੂ॥
ਅਬ ਤੁਮ ਆਗ੍ਰੈ ਮਾਂਹਿ ਸਿਧਾਵਹੁ।[43]

(ਸੂ. ਪ੍ਰ.)

ਉਪਰੋਕਤ ਵਿਚਾਰ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਭਾਈ ਗੁਰਦਾਸ, ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖੀ ਧਾਰਨ ਕਰ ਚੁੱਕੇ ਸਨ। ਕਿਉਂਕਿ ਏਨੇ ਵੱਡੇ ਕਾਰਜ ਲਈ ਉਸੇ ਨੂੰ ਹੀ ਭੇਜਿਆ ਜਾ ਸਕਦਾ ਹੈ ਜੋ ਗੁਰਮਤਿ ਦੇ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ।

ਭਾਈ ਗੁਰਦਾਸ ਸਾਰੀ ਉਮਰ ਬ੍ਰਹਮਚਾਰੀ ਰਹੇ ਅਤੇ ਆਪ ਨੇ ਸਾਰਾ ਜੀਵਨ

ਸਿੱਖੀ ਦੀ ਸੇਵਾ ਵਿਚ ਅਰਪਿਤ ਕੀਤਾ। ਸੰਤ ਸਿੰਘ ਸੇਖੋਂ[44], ਰਤਨ ਸਿੰਘ ਜੱਗੀ[45], ਖੁਸ਼ਵੰਤ ਸਿੰਘ[46] ਆਦਿ ਵਿਦਵਾਨ ਵੀ ਇਸ ਤਰ੍ਹਾਂ ਦੇ ਵਿਚਾਰ ਪੇਸ਼ ਕਰਦੇ ਹਨ। ਹੋਰ ਸਾਰੇ ਵਿਦਵਾਨ ਵੀ ਇਸ ਮੱਤ ਨਾਲ ਸਹਿਮਤ ਹਨ। ਨਾਲੇ ਜੇਕਰ ਭਾਈ ਗੁਰਦਾਸ ਦੀ ਵੰਸ਼ ਚਲੀ ਹੁੰਦੀ ਤਾਂ ਸਿੱਖ ਇਤਿਹਾਸ ਵਿਚ ਉਸ ਦਾ ਹਵਾਲਾ ਜ਼ਰੂਰ ਮਿਲ ਜਾਂਦਾ। ਪਰ ਇਸ ਗੱਲ ਤੋਂ ਇਹ ਅਨੁਮਾਨ ਨਹੀਂ ਲਾਉਣਾ ਚਾਹੀਦਾ ਕਿ ਉਹ ਗ੍ਰਿਹਸਤੀ ਜੀਵਨ ਦੇ ਵਿਰੁੱਧ ਸਨ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਗ੍ਰਿਹਸਤੀ ਮਾਰਗ ਨੂੰ ਬਾਕੀ ਸੱਭ ਮਾਰਗਾਂ ਨਾਲੋਂ ਉੱਤਮ ਮੰਨਿਆ ਹੈ:

ਜੈਸੇ ਸਰ ਸਰਿਤਾ ਸਕਲ ਮੈ ਸਮੁੰਦਰਿ ਬਡੋ
ਮੇਰ ਮੈ ਸੁਮੇਰ ਬਡੋ ਜਗਤਿ ਬਖਾਨਿ ਹੈ।
ਤਰਵਰ ਵਿਖੈ ਜੈਸੇ ਚੰਦਨ ਬਿਰਖ ਬਡੋ
ਧਾਤਮੈ ਕਨਿਕ ਅਤਿ ਉਤਮ ਕੈ ਮਾਨਿ ਹੈਂ।
ਪੰਛੀਅਨ ਮੈ ਹੰਸ ਮ੍ਰਿਗ ਰਾਜਨ ਮੈ ਸਾਰਦੂਲ
ਰਾਗਨ ਮਹਿ ਸਿਰੀ ਰਾਗ ਪਾਰਸ ਪਖਾਨ ਹੈ।
ਗਿਆਨਨ ਮੈ ਗਿਆਨ ਘਰੁ ਧਿਆਨਨੁਮੈ ਧਿਆਨਗੁਰੁ
ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ।[47]

ਭਾਵ ਸਾਰੇ ਧਰਮਾਂ ਵਿਚੋਂ ਗ੍ਰਿਹਸਤ ਧਰਮ ਪ੍ਰਧਾਨ ਹੈ

ਭਾਈ ਗੁਰਦਾਸ ਸਿੱਖ ਸਿਧਾਂਤਾਂ ਦੇ ਪ੍ਰਮੁੱਖ ਪ੍ਰਚਾਰਕ ਸਨ। ਗੁਰੂ ਸਾਹਿਬਾਨ ਦੀ ਆਗਿਆ ਨਾਲ ਆਪ ਸਿੱਖ ਸਿਧਾਂਤਾਂ ਦਾ ਪ੍ਰਚਾਰ ਕਰਨ ਲਈ ਦੂਰ ਦੁਰਾਡੇ ਸਥਾਨਾਂ ਤੇ ਗਏ। ਭਾਈ ਵੀਰ ਸਿੰਘ ਅਨੁਸਾਰ, "ਆਪ ਗੁਰੂ ਅਮਰਦੇਵ ਜੀ ਦੇ ਫ਼ੈਜ਼ ਨਾਲ ਕ੍ਰਿਤ ਕ੍ਰਿਤ ਹੋ ਗਏ ਸੀ ਤੇ ਚੰਬੇ, ਜੰਮੂ ਆਦਿ ਪਹਾੜਾਂ ਵਿਚ ਪ੍ਰਚਾਰ ਲਈ ਘੱਲੇ ਗਏ।"[48] ਕਰਤਾਰ ਸਿੰਘ ਵੀ ਇਸ ਤੱਥ ਦੀ ਪੁਸ਼ਟੀ ਕਰਦਾ ਹੈ।[49] ਗੁਰੂ ਅਮਰਦਾਸ ਜੀ 1574 ਈ. (1631 ਬਿ.) ਵਿਚ ਜੋਤੀ ਜੋਤ ਸਮਾਏ। ਉਸ ਸਮੇਂ ਭਾਈ ਗੁਰਦਾਸ ਬਾਹਰ ਗੁਰਸਿੱਖੀ ਦਾ ਪ੍ਰਚਾਰ ਕਰਨ ਲਈ ਗਏ ਹੋਏ ਸਨ। ਭਾਈ ਰਣਧੀਰ ਸਿੰਘ ਅਨੁਸਾਰ, "ਭਾਈ ਗੁਰਦਾਸ ਜੀ ਆਪਣੇ ਤਾਇਆ

ਸਾਹਿਬ ਗੁਰੂ ਅਮਰਦਾਸ ਜੀ ਦੀ ਪਰਚਾਉਣੀ, ਅਤੇ ਜੀਜਾ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਪਾਉਣ ਦੀ ਵਧਾਈ ਦੇਣ ਵਾਸਤੇ ਗੋਇੰਦਵਾਲ ਆਏ ਸਨ।[50]

ਭਾਈ ਗੁਰਦਾਸ ਫਿਰ ਗੁਰੂ ਰਾਮਦਾਸ ਜੀ ਦੀ ਆਗਿਆ ਨਾਲ ਸਿੱਖਾਂ ਸਮੇਤ ਆਗਰੇ ਵੱਲ, ਗੁਰਸਿੱਖੀ ਦਾ ਪ੍ਰਚਾਰ ਕਰਨ ਚੱਲ ਪਏ। ਭਾਈ ਸਾਹਿਬ ਨੇ ਆਗਰੇ ਨੂੰ ਆਪਣੇ ਪ੍ਰਚਾਰ ਦਾ ਮੁੱਖ ਕੇਂਦਰ ਬਣਾਇਆ ਅਤੇ ਉਥੇ ਰਹਿ ਕੇ ਆਲੇ ਦੁਆਲੇ ਦੇ ਇਲਾਕੇ ਵਿਚ ਸਿੱਖ ਸੰਗਤਾਂ ਦੀ ਸਥਾਪਨਾ ਕੀਤੀ ਤੇ ਸਿੱਖੀ ਦੇ ਪ੍ਰਚਾਰ ਨੂੰ ਤੇਜ਼ ਕੀਤਾ। ਭਾਈ ਰਣਧੀਰ ਸਿੰਘ ਅਨੁਸਾਰ, "ਭਾਈ ਸਾਹਿਬ ਨੇ ਆਗਰੇ ਕੇਂਦਰ ਬਣਾ ਕੇ ਚਹੁੰ ਕੂੰਟਾਂ ਵਿਚ, ਸੱਚ ਧਰਮ ਦੇ ਬੀਜ ਮੰਤ੍ਰ ਦਾ ਛੱਟਾ ਦਿੱਤਾ।"[51] ਡਾ. ਗੰਡਾ ਸਿੰਘ ਅਨੁਸਾਰ, ਭਾਈ ਗੁਰਦਾਸ ਨੇ ਆਗਰਾ, ਅਵਧ, ਮੱਧ ਭਾਰਤ ਦੇ ਹੋਰ ਨਾਲ ਲਗਦੇ ਇਲਾਕੇ ਵਿਚ ਬਹੁਤ ਸਫਲਤਾ ਪੂਰਬਕ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਫਤਹਿਪੁਰ ਸੀਕਰੀ, ਗਵਾਲੀਅਰ, ਉਜੈਨ, ਬਰਹਾਨਪੁਰ, ਲਖਨਊ ਅਤੇ ਜੌਨਪੁਰ ਆਦਿ ਥਾਵਾਂ ਤੇ ਸਿੱਖ ਸੰਗਤਾਂ ਦੀ ਸਥਾਪਨਾ ਕੀਤੀ।[52] ਸਰਦੂਲ ਸਿੰਘ ਅਨੁਸਾਰ, "ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਿਆਈ ਦੇ ਸੱਤਾਂ ਸਾਲਾਂ ਵਿਚ ਭਾਈ ਸਾਹਿਬ ਜੀ ਦੀਆਂ ਛੋਟੀਆਂ ਵੱਡੀਆਂ ਕਈ ਉਦਾਸੀਆਂ ਹਨ। ਆਪ ਨੂੰ ਦਿਨ ਰਾਤ ਸੇਵਾ ਤੇ ਬਾਣੀ ਇਕੱਤਰ ਕਰਨ ਦੀ ਲਗਨ ਸੀ।[53] ਇਸ ਤਰ੍ਹਾਂ ਭਾਈ ਗੁਰਦਾਸ ਕਾਫ਼ੀ ਸਮਾਂ ਆਗਰੇ ਵਿਚ ਰਹਿ ਕੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ।

ਭਾਈ ਗੁਰਦਾਸ ਨੂੰ ਜਦੋਂ ਗੁਰੂ ਰਾਮਦਾਸ ਜੀ ਦੇ ਅਕਾਲ ਚਲਾਣੇ ਦੀ ਖਬਰ ਮਿਲੀ ਤਾਂ ਉਹ ਗੋਇੰਦਵਾਲ ਆਏ ਤਾਂ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦੀਆਂ ਗੁਰੂ ਘਰ ਵਿਰੋਧੀ ਗਤੀਵਿਧੀਆਂ ਨੂੰ ਦੇਖ ਕੇ, ਗੁਰੂ ਸਾਹਿਬ ਦੇ ਹੁਕਮ ਅਨੁਸਾਰ ਗੋਇੰਦਵਾਲ ਹੀ ਰਹਿ ਗਏ। ਸਰੂਪ ਦਾਸ ਭੱਲਾ ਇਸ ਸਬੰਧ ਵਿਚ ਵਿਚਾਰ ਪ੍ਰਸਤੁਤ ਕਰਦਾ ਹੈ:

ਤੁਮ ਅਭੇਦ ਜਨਾ ਮੁਝੇ ਅਬ ਰਹੋ ਹਮਾਰੇ ਪਾਸ,
ਬਡੇ ਭਾਗ ਅਪਨੇ ਸਮਝ ਗੁਰ ਚਰਨਨ ਕਰਾ ਨਿਵਾਸ।[54]

ਗੁਰੂ ਅਰਜਨ ਦੇਵ ਜੀ ਦਾ ਸਮਾਂ ਘਰੇਲੂ ਅਤੇ ਬਾਹਰੀ ਵਿਰੋਧਤਾ ਕਾਰਨ ਸਿੱਖੀ ਲਈ ਚੁਨੌਤੀ ਭਰਿਆ ਸੀ। ਭਾਈ ਗੁਰਦਾਸ ਨੇ ਇਸ ਚਨੌਤੀ ਨੂੰ ਸਵੀਕਾਰ ਕੀਤਾ ਅਤੇ

ਸਿੱਖੀ ਨੂੰ ਇਨ੍ਹਾਂ ਹਾਲਾਤਾਂ ਵਿਚ ਮਜ਼ਬੂਤ ਕਰਨ ਦੇ ਉਪਰਾਲੇ ਕੀਤੇ। ਪ੍ਰਿਥੀ ਚੰਦ ਨੇ ਗੁਰੂ ਘਰ ਦੀ ਵਧਦੀ ਸ਼ਰਧਾ ਨੂੰ ਦੇਖ ਕੇ ਲਾਲਚ ਵੱਸ ਆਪਣਾ ਵੱਖਰਾ ਦਰਬਾਰ ਲਗਾ ਲਿਆ ਸੀ। ਭਾਈ ਵੀਰ ਸਿੰਘ ਅਨੁਸਾਰ, "ਰਾਮਦਾਸਪੁਰੇ ਦੇ ਅਗਲੇ ਦੁਆਲੇ ਉਸ ਨੇ ਆਪਣੇ ਆਦਮੀ ਛੱਡ ਦਿੱਤੇ ਜੋ ਬਾਹਰੋਂ ਆਈਆਂ ਸੰਗਤਾਂ ਨੂੰ ਉਸ ਦੇ ਡੇਰੇ ਤੇ ਲੈ ਜਾਂਦੇ।[55] ਭੇਟਾ ਸੇਵਾ ਲੈ ਕੇ ਲੰਗਰ ਛੱਕਣ ਲਈ ਗੁਰੂ ਦਰਬਾਰ ਵਿਚ ਭੇਜ ਦਿੰਦੇ। ਇਸ ਤਰ੍ਹਾਂ ਗੁਰੂ ਘਰ ਦੀ ਆਰਥਿਕ ਸਥਿਤੀ ਡਾਵਾਂ ਡੋਲ ਹੋਣ ਲੱਗੀ ਅਤੇ ਲੰਗਰ ਵੀ ਮਸਤਾਨਾ ਹੋਣ ਲੱਗਾ। ਭਾਈ ਗੁਰਦਾਸ ਨੇ ਇਸ ਸਥਿਤੀ ਸਮੇਂ ਸਿੱਖ ਸੰਗਤਾਂ ਨੂੰ ਪ੍ਰਿਥੀ ਚੰਦ ਦੇ ਮਾੜੇ ਕਾਰਨਾਮਿਆਂ ਤੋਂ ਜਾਣੂ ਕਰਾਇਆ ਅਤੇ ਗੁਰੂ ਘਰ ਨਾਲ ਜੋੜਿਆ । ਇਸ ਨਾਲ ਗੁਰੂ ਘਰ ਦੀ ਰੌਣਕ ਵਿਚ ਵਾਧਾ ਹੋਇਆ ਅਤੇ ਲੰਗਰ ਦੀ ਸਥਿਤੀ ਵੀ ਸੁਧਰ ਗਈ। ਭਾਈ ਵੀਰ ਸਿੰਘ ਨੇ ਇਸ ਸਮੇਂ ਸੰਗਤਾਂ ਨੂੰ ਪ੍ਰੇਰਨ ਲਈ ਭਾਈ ਗੁਰਦਾਸ ਦਾ ਸਿੰਧ, ਪਿਸ਼ਾਵਰ, ਕਾਬਲ ਜਾਣ ਦੀ ਰਵਾਇਤ ਵੱਲ ਸੰਕੇਤ ਕੀਤਾ ਹੈ।[56] ਪਰ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ। ਇਸ ਤਰ੍ਹਾਂ ਭਾਈ ਗੁਰਦਾਸ ਦੀ ਸੁਚੱਜੀ ਵਿਉਂਤ ਨਾਲ ਸਿੱਖ ਸੰਗਤਾਂ ਦੀ ਰੌਣਕ ਗੁਰੂ ਦਰਬਾਰ ਵਿਚ ਵਧਣ ਲੱਗੀ ਅਤੇ ਗੁਰੂ ਘਰ ਦੀ ਆਰਥਿਕ ਸਥਿਤੀ ਵਿਚ ਸੁਧਾਰ ਹੋਇਆ।

ਪ੍ਰਿਥੀ ਚੰਦ ਦੇ ਨਿੱਤ ਦੇ ਝਗੜੇ ਕਰਕੇ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਛੱਡ ਕੇ ਰਾਵੀ ਤੇ ਬਿਆਸ ਦੇ ਕੰਢੇ ਵਿਚਕਾਰਲੇ ਇਲਾਕੇ ਦੀ ਯਾਤਰਾ ਕੀਤੀ। ਉਥੇ ਉਹ ਸਿਖੀ ਦੇ ਪ੍ਰਚਾਰ ਦੇ ਉਸਾਰੀ ਦੇ ਕੰਮਾਂ ਵਿਚ ਲੱਗੇ ਰਹੇ ਤੇ ਤਰਨਤਾਰਨ ਨਗਰ ਦਾ ਨੀਂਹ ਪੱਥਰ ਰੱਖਿਆ।[57]

ਮੈਕਾਲਿਫ ਅਨੁਸਾਰ, ਭਾਈ ਗੁਰਦਾਸ ਵੀ ਇਸ ਯਾਤਰਾ ਦੌਰਾਨ ਗੁਰੂ ਸਾਹਿਬਾਨ ਦੇ ਨਾਲ ਸਨ।[58] ਗੁਰੂ ਅਰਜਨ ਦੇਵਜੀ ਨੇ ਪ੍ਰਿਥੀ ਚੰਦ ਦੀਆਂ ਸਾਰੀਆਂ ਬੁਰਾਈਆਂ ਭੁੱਲ ਕੇ ਭਾਈ ਗੁਰਦਾਸ ਨੂੰ ਉਸ ਨੂੰ ਮਨਾਉਣ ਲਈ ਤੇ ਵਾਪਸ ਲੈ ਆਉਣ ਲਈ ਪਿੰਡ ਹੇਹਰ ਭੇਜਿਆ। ਭਾਈ ਸਾਹਿਬ ਨੇ ਪ੍ਰਿਥੀ ਚੰਦ ਨੂੰ ਬਹੁਤੇ ਸਮਝਾਇਆ, ਪਰ ਪ੍ਰਿਥੀ ਚੰਦ ਨੇ ਗੁਰੂ ਸਾਹਿਬ ਤੇ ਭਾਈ ਗੁਰਦਾਸ ਨੂੰ ਮੰਦੇ ਬੋਲ ਬੋਲੇ।[59] ਭਾਈ ਗੁਰਦਾਸ ਨੇ ਨਿਰਾਸ਼ ਹੋ ਕੇ ਵਾਪਸ ਪਰਤਦਿਆਂ ਆਪਣੀ 36ਵੀਂ ਵਾਰ ਦੀ ਰਚਨਾ ਕੀਤੀ ਜਿਸ ਵਿਚ ਪ੍ਰਿਥੀ ਚੰਦ ਤੇ ਉਸ ਦੇ ਸਹਿਯੋਗੀਆਂ ਨੂੰ ਮੀਣਾ ਕਿਹਾ ਗਿਆ ਹੈ ਅਤੇ ਉਨ੍ਹਾਂ ਦੇ ਖੋਟੇ ਕਾਰਨਾਮਿਆਂ ਤੇ ਰੋਸ਼ਨੀ ਪਾਈ ਗਈ ਹੈ।

ਪ੍ਰਿਥੀ ਚੰਦ ਦੁਆਰਾ ਗੁਰੂ ਘਰ ਦੇ ਵਿਰੋਧ ਵਿਚ ਕੀਤੀਆਂ ਜਾ ਰਹੀਆਂ ਗਤੀ-

ਵਿਧੀਆਂ ਕਾਰਨ ਗੁਰੂ ਘਰ ਦੀ ਆਰਥਿਕ ਅਵਸਥਾ ਤੇ ਕਾਫੀ ਪ੍ਰਭਾਵ ਪਿਆ। ਉਸਾਰੀ ਦੇ ਸ਼ੁਰੂ ਕੀਤੇ ਕੰਮਾਂ ਵਿਚ ਰੁਕਾਵਟ ਆ ਗਈ; ਪ੍ਰਚਾਰ ਦਾ ਕੰਮ ਮੱਠਾ ਪੈ ਗਿਆ ਤੇ ਲੰਗਰ ਵੀ ਮਸਤਾਨਾ ਹੋਣ ਲੱਗਾ। ਇਸ ਸਾਰੀ ਸਥਿਤੀ ਨੂੰ ਸਮਝ ਕੇ ਭਾਈ ਗੁਰਦਾਸ ਨੇ ਗੁਰੂ ਸਾਹਿਬ ਦੀ ਆਗਿਆ ਨਾਲ ਦਸਵੰਧ ਦੀ ਪਿਰਤ ਤੋਰੀ। ਦਸਵੰਧ ਜਾਂ ਦਸੌਂਧ ਦਾ ਭਾਵ ਹੈ ਕਿ ਹਰ ਗੁਰਸਿੱਖ ਆਪਣੀ ਕਿਰਤ ਕਮਾਈ ਵਿਚੋਂ ਦਸਵਾਂ ਹਿੱਸਾ ਕੱਢ ਕੇ ਗੁਰੂ ਦੇ ਖ਼ਜ਼ਾਨੇ ਭੇਟ ਕਰੇ।[66]

ਸੰਤ ਸਿੰਘ ਸੇਖੋਂ ਲਿਖਦਾ ਹੈ, ਕਿਹਾ ਜਾਂਦਾ ਹੈ ਕਿ ਸਿੱਖਾਂ ਵਿਚ ਦਸਵੰਧ ਅਥਵਾ ਗੁਰੂ ਦੀ ਗੋਲਕ ਲਈ ਆਪਣੀ ਆਮਦਨ ਦਾ ਦਸਵਾਂ ਹਿੱਸਾ ਦੇਣ ਦੀ ਪ੍ਰਥਾ ਭਾਈਗੁਰਦਾਸ ਜੀ ਨੇ ਚਲਾਈ।"[61] ਇਸ ਪ੍ਰਥਾ ਅਧੀਨ ਹਰ ਇਕ ਗੁਰਸਿੱਖ ਨੇ ਆਪਣੀ ਆਮਦਨ ਵਿਚੋਂ ਦਸਵਾਂ ਹਿੱਸਾ ਗੁਰੂ ਘਰ ਦੇ ਖਜ਼ਾਨੇ ਵਾਸਤੇ ਭੇਜਣਾ ਸ਼ੁਰੂ ਕਰ ਦਿੱਤਾ ਜਿਸ ਦੇ ਫਲਸਰੂਪ ਧਰਮ ਪ੍ਰਚਾਰ, ਇਮਾਰਤ ਸਾਜੀ, ਆਦਿ ਦਾ ਕੰਮ ਸੰਭਵ ਹੋ ਸਕਿਆ।

ਭਾਈ ਗੁਰਦਾਸ ਨੇ ਸੱਭ ਤੋਂ ਪਹਿਲਾਂ ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਆਪਣੀਆਂ ਵਾਰਾਂ ਵਿਚ ਕੀਤੀ ਹੈ। ਸੁਰਿੰਦਰ ਸਿੰਘ ਕੋਹਲੀ, ਅਨੁਸਾਰ, "ਉਹ ਸਿੱਖ ਮੱਤ ਦੇ ਪਹਿਲੇ ਅਤੇ ਪ੍ਰਮਾਣਿਕ ਵਿਆਖਿਆਕਾਰ ਹਨ।"[62] ਰਤਨ ਸਿੰਘ ਜੱਗੀ ਅਨੁਸਾਰ; "ਭਾਈ ਗੁਰਦਾਸ ਪੰਜਾਬੀ ਭਾਸ਼ਾ ਦੇ ਪਹਿਲੇ ਮੋਢੀ ਕਵੀ ਹਨ; ਜਿਨ੍ਹਾਂ ਨੇ ਗੁਰਬਾਣੀ ਵਿਚ ਵਿਆ-ਖਿਆ ਅਤੇ ਟੀਕਾ ਕਰਨ ਦੀ ਪਿਰਤ ਪਾਈ। ਇਹ ਪਿਰਤ ਅੱਗੇ ਚਲ ਕੇ ਪੰਜਾਬੀ ਸਾਹਿਤ ਦੀ ਬੜੀ ਮਹੱਤਵਪੂਰਨ ਧਾਰਾ ਬਣ ਗਈ।"[63] ਭਾਈ ਗੁਰਦਾਸ ਨੇ ਗੁਰਮਤਿ ਸਿਧਾਂਤਾਂ ਦਾ ਚਿਤਰਨ ਸਰਲ ਬੋਲੀ ਵਿਚ ਤੇ ਕਾਵਿ ਰੂਪ ਵਿਚ ਕੀਤਾ ਹੈ। ਇਸੇ ਕਰਕੇ ਹੀ ਆਪ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਮਾਣ ਪ੍ਰਾਪਤ ਹੈ। ਗੁਰਬਾਣੀ ਨੂੰ ਚੰਗੀ ਤਰ੍ਹਾਂ ਸਮਝਣ ਲਈ ਭਾਈ ਗੁਰਦਾਸ ਦੀ ਰਚਨਾ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਭਾਈ ਗੁਰਦਾਸ ਤੀਜੇ ਗੁਰ ਸਾਹਿਬਾਨ ਤੋਂ ਲੈ ਕੇ ਛੇਵੇਂ ਗੁਰੂ ਸਾਹਿਬਾਨ ਦੀ ਸੰਗਤ ਵਿਚ ਰਹੇ। ਇਸ ਕਰਕੇ ਗੁਰੂ ਸਾਹਿਬਾਨ ਦੇ ਸਮਕਾਲੀ ਹੋਣ ਕਰਕੇ ਆਪ ਨੂੰ ਗੁਰਬਾਣੀ ਤੇ ਗੁਰੂ ਇਤਿਹਾਸ ਦੀ ਚੰਗੀ ਸੋਝੀ ਸੀ। ਕਾਨ੍ਹ ਸਿੰਘ ਨਾਭਾ ਅਨੁਸਾਰ "ਗੁਰੂ ਅਰਜਨ ਦੇਵ ਜੀ ਦਾ ਬਚਨ ਹੈ ਕਿ ਭਾਈਗੁਰਦਾਸ ਦੀ ਬਾਣੀ ਪੜ੍ਹਨ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ।"[64] ਡਾ. ਫੌਜਾ ਸਿੰਘ ਲਿਖਦਾ ਹੈ, "ਸਿੱਖੀ ਦੀ ਵਿਆਖਿਆ ਕਰਨ ਹਿਤ ਭਾਈ ਗੁਰਦਾਸ ਦੀਆਂ ਵਾਰਾਂ ਆਪਣੀ ਕਿਸਮ ਦਾ ਪਹਿਲਾ ਯਤਨ ਹੋਣ ਕਰਕੇ ਅਤੇ ਇਨ੍ਹਾਂ ਵਾਰਾਂ ਨੂੰ ਗੁਰੂਅਰਜਨ ਦੁਆਰਾ ਮਾਨਤਾ ਪ੍ਰਾਪਤ ਹੋਣ

ਕਰਕੇ ਪਵਿੱਤਰ ਆਦਿ ਗ੍ਰੰਥ ਨੂੰ ਸਮਝਣ ਲਈ ਇਨ੍ਹਾਂ ਰਚਨਾਵਾਂ ਨੂੰ ਬਹੁਤ ਮਾਣ ਪ੍ਰਾਪਤ ਹੈ ਅਤੇ ਇਨ੍ਹਾਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਸਮਝਿਆ ਜਾਂਦਾ ਹੈ।"[65] ਡਾ. ਦੀਵਾਨ ਸਿੰਘ ਅਨੁਸਾਰ, ਭਾਈ ਗੁਰਦਾਸ ਜੀ ਦੀ ਗੁਰਮਤਿ ਵਿਆਖਿਆ ਪੂਰਨ ਗੁਰਬਾਣੀ ਦੀ ਅਨੁਕੂਲਤਾ ਅਨੁਸਾਰ ਇਨੀਂ ਸੰਪੂਰਨ ਹੈ ਕਿ ਗੁਰਸਿੱਖੀ ਦਾ ਪੂਰਾ ਅਨੁਭਵ, ਪੂਰਾ ਆਦਰਸ਼, ਪੂਰਾ ਦਰਸ਼ਨ ਇਸ ਵਿਚ ਉਪਸਥਿਤ ਹੈ। ਹਰ ਇਕ ਵਾਰ ਵਿਚ, ਹਰ ਇਕ ਪਉੜੀ ਵਿਚ ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਦੇ ਖਜ਼ਾਨੇ ਭਰਪੂਰ ਹਨ। ਇਸ ਮਹਾਨ ਅਧਿਆਤਮਕ ਸਾਗਰ ਵਿਚ ਅਮੋਲਕ ਮੋਤੀਆਂ ਦੀ ਇੰਨੀ ਬਹੁਲਤਾ ਹੈ ਕਿ ਉਨ੍ਹਾਂ ਦੀ ਗਿਣਤੀ ਜਾਂ ਪੂਰਾ ਪੂਰਾ ਉਲੇਖ ਨਹੀਂ ਹੋ ਸਕਦਾ।[66]

ਸਾਰੰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਨੇ ਆਪਣੀ ਰਚਨਾ ਵਿਚ ਗੁਰਮਤਿ ਦੇ ਸਿਧਾਂਤਾਂ ਤੇ ਅਸੂਲਾਂ ਨੂੰ ਸਰਲ ਤੇ ਸਾਧਾਰਣ ਤਰੀਕੇ ਨਾਲ ਲੋਕਾਂ ਤੱਕ ਪਹੁੰਚਾਉਣ ਦਾ ਸਫਲ ਯਤਨ ਕੀਤਾ ਹੈ। ਡਾ. ਅਤਰ ਸਿੰਘ ਦੇ ਵਿਚਾਰ ਇਸ ਸਬੰਧ ਵਿਚ ਕਾਫ਼ੀ ਸਾਰਥਕ ਹਨ, "ਭਾਈ ਗੁਰਦਾਸ ਜੀ ਨੇ ਆਪਣੀਆਂ ਪੰਜਾਬੀ ਵਾਰਾਂ ਵਿਚ ਸਿੱਖ ਕਵਿਤਾ ਦੀ ਸਿਖਿਆ ਤੇ ਵਿਸ਼ਵਾਸ਼ ਨੂੰ ਉਸ ਕਵਿਤਾ ਵਿਚ ਵਰਤੇ ਗਏ ਅਲੰਕਾਰ ਦੀ ਲੀਹ ਤੇ ਸਰਬ ਸਧਾਰਣ ਕਵਿਤਾ ਦੀ ਬੋਲੀ ਵਿਚ ਉਲੀਕਣ ਦਾ ਸਫਲ ਯਤਨ ਕੀਤਾ ਹੈ।"[67]

ਭਾਈ ਗੁਰਦਾਸ ਦੇ ਜੀਵਨ ਦਾ ਸੱਭ ਤੋਂ ਮਹਾਨ ਕਾਰਜ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਕੱਤਰ ਕਰਨ ਅਤੇ ਲਿਖਣ ਦੀ ਸੇਵਾ ਹੈ। ਗੁਰੂ ਅਰਜਨ ਦੇਵ ਨੇ ਭਾਈ ਗੁਰਦਾਸ ਤੇ ਹੋਰ ਗੁਰਸਿੱਖਾਂ ਦੇ ਸਹਿਯੋਗ ਨਾਲ ਪਹਿਲੇ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਇਕੱਤਰ ਕੀਤੀ ਤੇ ਗੁਰੂ ਗ੍ਰੰਥ ਦੀ ਸੰਪਾਦਨਾ ਕਰਨ ਦਾ ਕੰਮ ਅਰੰਭਿਆ। ਡਾ. ਗੋਕਲ ਚੰਦ ਨਾਰੰਗ ਅਨੁਸਾਰ, "ਗੁਰੂ ਅਰਜਨ ਨੇ ਗੱਦੀ ਸੰਭਾਲਦਿਆਂ ਹੀ ਆਪਣੇ ਅਨੁਯਾਈਆਂ ਲਈ ਕਿਸੇ ਧਾਰਮਿਕ ਗ੍ਰੰਥ ਦੀ ਲੋੜ ਨੂੰ ਅਨੁਭਵ ਕੀਤਾ ਅਤੇ ਇਸ ਉਦੇਸ਼ ਦੀ ਪੂਰਤੀ ਵੱਲ ਸਭ ਤੋਂ ਵੱਧ ਧਿਆਨ ਦਿੱਤਾ।[68] ਗੁਰੂ ਗ੍ਰੰਥ ਸਹਿਬ ਦੀ ਸੰਪਾਦਨਾ ਕਰਨ ਦਾ ਪਹਿਲਾ ਮੁੱਖ ਕਾਰਨ ਇਹ ਸੀ ਕਿ ਲੋਕਾਂ ਦੀ ਅਗਵਾਈ ਅਤੇ ਕਲਿਆਣ ਲਈ ਇਕ ਧਾਰਮਿਕ ਗ੍ਰੰਥ ਤਿਆਰ ਕੀਤਾ ਜਾਵੇ ਜਿਸ ਤੋਂ ਪ੍ਰੇਰਨਾ ਲੈ ਕੇ ਗੁਰਸਿੱਖ ਆਪਣਾ ਜੀਵਨ ਸਫਲ ਕਰ ਸਕਣ। ਦੂਜਾ ਕਾਰਨ, ਗੁਰੂ ਘਰ ਦੇ ਵਿਰੋਧੀਆਂ ਦੁਆਰਾ ਕੱਚੀ ਬਾਣੀ ਰਚਕੇ ਸੱਚੀ ਬਾਣੀ ਵਿਚ ਰਲਾਈ ਜਾ ਰਹੀ ਸੀ। ਇਸ ਬਲਾ ਨੂੰ

ਰੋਕਣ ਲਈ ਗੁਰੂ ਸਾਹਿਬ ਨੇ ਇਸ ਗ੍ਰੰਥ ਦੀ ਸੰਪਾਦਨਾ ਜ਼ਰੂਰੀ ਸਮਝੀ, ਮੈਕਾਲਿਫ ਅਨੁਸਾਰ, "ਗੁਰੂ ਅਰਜਨ ਨੇ ਆਪਣੇ ਸਿੱਖਾਂ ਦੇ ਪਿਛਾਂਹ ਖਿਚੂ ਰਸਮਾਂ ਪ੍ਰਤੀ ਰੁਝਾਨਾਂ ਤੇ ਜੀਵਨ ਦੇ ਧਾਰਮਿਕ ਫਰਜਾਂ ਦੀ ਪੂਰਤੀ ਅਤੇ ਅਗਵਾਈ ਲਈ ਨਿਯਮ ਤਹਿ ਕਰਨ ਦੀ ਜ਼ਰੂਰਤ ਅਨੁਭਵ ਕੀਤੀ। ਇਸ ਤਰ੍ਹਾਂ ਉਨ੍ਹਾਂ ਦਾ ਧਰਮ ਪਵਿੱਤਰ ਬਣੇਗਾ ਅਤੇ ਵਿਰੋਧੀ ਅਸੂਲਾਂ ਤੇ ਰਸਮਾਂ ਦੀ ਰੋਕਥਾਮ ਹੋਵੇਗੀ। ਇਹ ਤਦੇ ਹੋ ਸਕਦਾ ਸੀ ਜੇਕਰ ਗੁਰੂ ਸਾਹਿਬਾਨ ਦੀ ਅਸਲ ਬਾਣੀ ਨੂੰ ਸਥਾਈ ਤੌਰ ਤੇ ਇਕ ਵੱਡੀ ਜਿਲਤ ਵਿਚ ਰਿਕਾਰਡ ਕੀਤਾ ਜਾਂਦਾ।"[69]

ਭਾਈ ਗੁਰਦਾਸ ਨੇ ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਉਹ ਗੁਰੂ ਸਾਹਿਬ ਦੀ ਆਗਿਆ ਨਾਲ ਬਾਬਾ ਮੋਹਨ ਜੀ ਪਾਸ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਦੀਆਂ ਪੋਥੀਆਂ ਲੈਣ ਗਏ ਪਰ ਉਨ੍ਹਾਂ ਨੂੰ ਪ੍ਰਾਪਤ ਨਾ ਹੋ ਸਕੀਆਂ। ਫਿਰ ਗੁਰੂ ਸਾਹਿਬ ਖੁਦ ਚੱਲ ਕੇ ਗਏ ਅਤੇ ਬਾਬਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਸੈਂਚੀਆਂ ਪ੍ਰਾਪਤ ਕੀਤੀਆਂ। ਭਾਈ ਗੁਰਦਾਸ ਨੇ ਖੁਦ ਵੀ ਆਪਣੇ ਪ੍ਰਚਾਰ ਦੌਰਿਆਂ ਦੌਰਾਨ ਕਈ ਭਗਤਾਂ ਦੀ ਬਾਣੀ ਇਕੱਤਰ ਕਰ ਲਈ ਸੀ ਤੇ ਉਹ ਗੁਰੂ ਸਾਹਿਬ ਦੇ ਹਵਾਲੇ ਕੀਤੀ। ਸਰੂਪ ਦਾਸ ਭੱਲਾ ਅਨੁਸਾਰ, ਗੁਰਬਾਣੀ ਦੀ ਇਕੱਤਰਤਾ ਲਈ ਸੰਗਤਾਂ ਨੂੰ ਵੀ ਹੁਕਮਨਾਮੇ ਭੇਜੇ ਗਏ ਕਿ ਜਿਸ ਕਿਸੇ ਕੋਲ ਵੀ ਗੁਰੂ ਸਾਹਿਬਾਨ ਦੀ ਬਾਣੀ ਦੇ ਕੁਝ ਸ਼ਬਦ ਹਨ ਉਹ ਲੈ ਆਵਣ।"[70]

ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਜਦੋਂ ਭਾਈ ਗੁਰਦਾਸ, ਬਾਬਾ ਬੁੱਢਾ ਜੀ ਤੇ ਹੋਰ ਸਿੱਖਾਂ ਤੇ ਸੰਗਤਾਂ ਦੇ ਸਹਿਯੋਗ ਨਾਲ ਸਾਰੀ ਬਾਣੀ ਇਕੱਤਰ ਹੋ ਗਈ ਤਾਂ ਗੁਰੂ ਜੀ ਨੇ ਕਲਮ ਦੇ ਧਨੀ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੂੰ ਆਪਣੇ ਨਾਲ ਲਾਇਆ। ਕਿਉਂਕਿ ਇਹ ਕੰਮ ਕਾਫੀ ਸਿਆਣਪ ਤੇ ਲਗਾਤਾਰ ਮਿਹਨਤ ਦਾ ਸੀ। ਸਾਰੀ ਬਾਣੀ ਨੂੰ ਰਾਗਾਂ, ਛੰਦਾਂ ਤੇ ਗੁਰੂ ਵਿਅਕਤੀਆਂ ਦੀ ਤਰਤੀਬ ਅਨੁਸਾਰ ਸੰਚਯ ਕਰਨਾ ਸੀ।[71] ਗਿਆਨੀ ਗਿਆਨ ਸਿੰਘ ਅਨੁਸਾਰ, ਸਾਰੀ ਬਾਣੀ ਇਕੱਤਰ ਕਰਕੇ ਇਸ ਨੂੰ ਅੰਤਿਮ ਰੂਪ ਵਿਚ ਲਿਖਣ ਦਾ ਕੰਮ ਭਾਈ ਗੁਰਦਾਸ ਦੇ ਸਪੁਰਦ ਕੀਤਾ ਗਿਆ। ਅੰਮ੍ਰਿਤਸਰ, ਤੀਰਥ ਤੋਂ ਪੂਰਬ ਵੱਲੇ ਮੀਲ ਭਰ ਰਮਣੀਕ ਜੰਗਲ, ਸੁੰਦਰ ਬਨ, ਬੇਰੀਆਂ ਵੇਖ ਕੇ (ਜਿਥੇ ਬੈਠ ਕੇ ਗੁਰੂ ਸਾਹਿਬ ਨੇ ਸੁਖਮਨੀ ਦੀ ਰਚਨਾ ਕੀਤੀ ਸੀ) ਇਕ ਛੱਪੜ ਦੇ ਕੰਢੇ, ਜਿਸ ਦਾ ਨਾਮ ਹੁਣ ਰਾਮਸਰ ਹੈ, ਤੰਬੂ ਕਨਾਤ ਲਗਵਾ ਕੇ ਆਪ ਤਾਂ ਗੁਰੂ ਜੀ ਕਨਾਤ ਅੰਦਰ ਬੈਠ ਕੇ ਸ਼ਬਦ ਉਚਾਰਦੇ ਰਹੇ ਤੇ ਬਾਹਰ ਭਾਈ ਗੁਰਦਾਸ ਜੀ ਬੈਠੇ ਲਿਖਦੇ ਰਹੇ।"[72]

ਭਾਈ ਗੁਰਦਾਸ ਜੀ ਇਕ ਸੁਲਝੇ ਹੋਏ ਕਵੀ ਸਨ ਤੇ ਉੱਚ ਪੱਧਰ ਦੀ ਕਵਿਤਾ ਰਚ ਰਹੇ ਸਨ। ਪ੍ਰੋ. ਸ਼ੇਰ ਸਿੰਘ ਗਿਆਨੀ, ਅਨੁਸਾਰ, ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਗੁਰਮਤਿ ਦੇ ਅਸੂਲਾਂ ਨੂੰ ਨਿਖੇੜ ਕੇ ਸਮਝਣ ਤੇ ਬੁਝਣ ਦਾ ਯਤਨ ਉਨ੍ਹਾਂ ਦੇ ਨਿਕਟ-ਵਰਤੀ ਸਿੱਖ ਭਾਈ ਗੁਰਦਾਸ ਜੀ ਨੇ ਕੀਤਾ।[73] ਇਸ ਮੌਕੇ ਤੇ ਗੁਰੂ ਸਾਹਿਬ ਨੇ ਭਾਈ ਗੁਰਦਾਸ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੀ ਪੇਸ਼ਕਸ਼ ਕੀਤੀ ਪਰ ਭਾਈਗੁਰਦਾਸ ਨੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ; "ਸੇਵਕ ਸਾਹਿਬ ਦੇ ਬਰਾਬਰ ਬੈਠਾ ਨਹੀਂ ਸੋਭਦਾ।" ਇਸ ਤੇ ਉਨ੍ਹਾਂ ਦੀ ਰਚਨਾ ਨੂੰ ਪੰਜਵੇਂ ਗੁਰੂ ਅਰਜਨ ਦੁਆਰਾ 'ਗੁਰਬਾਣੀ ਦੀ ਕੁੰਜੀ' ਹੋਣ ਦਾ ਆਸ਼ੀਰਵਾਦ ਤੇ ਮਾਣ ਪ੍ਰਾਪਤ ਹੈ।[74] ਕਨਿੰਘਮ ਇਸ ਸਬੰਧ ਵਿਚ ਲਿਖਦਾ ਹੈ; ਗੁਰੂ ਅਰਜਨ ਦੇਵ ਜੀ ਨੇ ਇਸ ਖਰਵੇਂ ਤੇ ਕੱਟੜ ਸਿੱਖ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨੋ ਇਨਕਾਰ ਕਰ ਦਿੱਤਾ ਸੀ। ਸ਼ਾਇਦ ਇਸ ਕਰਕੇ ਕਿ ਗੁਰੂ ਨਾਨਕ ਜੀ ਦੀ ਬਾਣੀ ਵਾਲਾ ਵਰਨਣ ਢੰਗ ਇਸ ਦੀ ਰਚਿਤ ਵਿਚ ਨਹੀਂ ਸੀ ਤੇ ਉਸ ਨੇ ਸੱਚ ਦਰਸਾਉਣ ਲੱਗਿਆਂ ਕੌੜੇ ਤੇ ਕਰੜੇ ਸ਼ਬਦਾਂ ਦੀ ਵਰਤੋਂ ਕੀਤੀ ਸੀ।[75] ਸ਼ਾਇਦ ਉਪਰੋਕਤ ਵਿਦਵਾਨ ਨੂੰ ਭਾਈ ਗੁਰਦਾਸ ਦੀ ਰਚਨਾ ਦੀ ਇਤਿਹਾਸਕ ਜਾਣਕਾਰੀ ਨਹੀਂ ਹੈ। ਜੇਕਰ ਗੁਰੂਅਰਜਨ ਦੇਵ ਜੀ ਦੇ ਮਨ ਵਿਚ ਭਾਈ ਗੁਰਦਾਸ ਦੀ ਰਚਨਾ ਬਾਰੇ ਇਸ ਤਰ੍ਹਾਂ ਦੇ ਭਾਵ ਹੁੰਦੇ ਤਾਂ ਉਹ ਕਦੇ ਵੀ ਭਾਈ ਗੁਰਦਾਸ ਦੀਆਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਹੋਣ ਦਾ ਖਿਤਾਬ ਜਾਂ ਮਾਣ ਨਾ ਦਿੰਦੇ; ਜਿਸ ਬਾਰੇ ਸਾਰੇ ਵਿਦਵਾਨ ਇਕ ਮੱਤ ਹਨ।

ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਹੋਣ ਤੋਂ ਬਾਅਦ ਗੁਰੂ ਘਰ ਦੇ ਵਿਰੋਧੀਆਂ ਤੇ ਮੀਣਿਆਂ ਨੇ ਅਕਬਰ ਬਾਦਸ਼ਾਹ ਪਾਸ ਸ਼ਕਾਇਤ ਕੀਤੀ ਕਿ ਇਸ ਗ੍ਰੰਥ ਵਿਚ ਇਸਲਾਮ ਤੇ ਇਸਲਾਮ ਦੇ ਪੈਗੰਬਰ ਦੀ ਨਿੰਦਾ ਕੀਤੀ ਗਈ ਹੈ। ਬਾਦਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਬਟਾਲੇ ਮੰਗਵਾਏ। ਗੁਰੂ ਸਾਹਿਬ ਨੇ ਭਾਈ ਗੁਰਦਾਸ, ਬਾਬਾ ਬੁੱਢਾ ਜੀ ਤੇ ਹੋਰ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਨਾਲ ਬਟਾਲੇ ਭੇਜਿਆ। ਭਾਈ ਗੁਰਦਾਸ ਨੇ ਗੁਰੂ ਗ੍ਰੰਥ ਵਿਚੋਂ ਸ਼ਬਦ ਪੜ੍ਹ ਕੇ ਸੁਣਾਏ ਤਾਂ ਅਕਬਰ ਦੀ ਤਸੱਲੀ ਹੋਈ। "ਉਸ ਨੇ 51 ਮੋਹਰਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟ ਕੀਤੀਆਂ ਤੇ ਸਿੱਖਾਂ ਨੂੰ ਦੁਸ਼ਾਲੇ ਤੇ ਗੁਰੂ ਸਾਹਿਬ ਵਾਸਤੇ ਖਿੱਲਤ ਦੇ ਕੇ ਵਿਦਾ ਕੀਤਾ।[76]"

ਖੁਸ਼ਵੰਤ ਸਿੰਘ[77], ਡਾ. ਫੌਜਾ ਸਿੰਘ[78] ਵੀ ਇਸ ਵਿਚਾਰ ਨਾਲ ਸਹਿਮਤ ਹਨ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਗੁਰਗੱਦੀ ਤੇ ਬਿਰਾਜਮਾਨ ਹੋਏ। ਗੁਰੂ ਹਰਗੋਬਿੰਦ ਸਾਹਿਬ ਦਾ ਬਚਪਨ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਦੀ ਦੇਖ ਰੇਖ ਹੇਠ ਹੀ ਬੀਤਿਆ। ਭਾਈ ਗੁਰਦਾਸ ਨੇ ਗੁਰੂ ਸਾਹਿਬ ਦੀ ਵਿਦਿਆ ਦਾ ਚੰਗਾ ਪ੍ਰਬੰਧ ਕੀਤਾ। ਸਮੇਂ ਦੀ ਲੋੜ ਨੂੰ ਮਹਿਸੂਸ ਕਰਦਿਆਂ ਗੁਰੂ ਸਾਹਿਬ ਲਈ ਵਿਸ਼ੇਸ਼ ਰੂਪ ਵਿਚ ਸ਼ਸਤਰ ਵਿਦਿਆ ਦਾ ਪ੍ਰਬੰਧ ਕੀਤਾ ਗਿਆ ਅਤੇ ਦੂਰ ਦੂਰ ਤੋਂ ਸ਼ਸਤਰ ਮੰਗਵਾਏ ਗਏ । ਗੁਰੂ ਹਰਗੋਬਿੰਦ ਸਾਹਿਬ ਨੇ 1609 ਈ. (1665 ਬਿ.) ਨੂੰ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ ਤਾਂ ਭਾਈ ਗੁਰਦਾਸ ਉਸ ਦੇ ਪਹਿਲੇ ਜਥੇਦਾਰ ਨਿਯੁਕਤ ਕੀਤੇ ਗਏ।

ਤਖ਼ਤ ਪੂਜ ਕਰਿਬੇ ਨਮਿਤ ਗੁਰਦਾਸ ਭਾਈ ਠਹਿਰਾਏ।[79]

ਗੁਰੂ ਹਰਗੋਬਿੰਦ ਦੀਆਂ ਬੀਰ ਰਸੀ ਗਤੀਵਿਧੀਆਂ ਨੂੰ ਦੇਖ ਕੇ ਸਿੱਖ ਸੰਗਤਾਂ ਦੇ ਮਨ ਵਿਚ ਸ਼ੰਕੇ ਪੈਦਾ ਹੋਏ ਕਿ ਇਸ ਗੁਰੂ ਨੇ ਪਹਿਲੇ ਗੁਰੂ ਸਾਹਿਬਾਨ ਦੁਆਰਾ ਦੱਸੇ ਮਾਰਗ ਨੂੰ ਤਿਆਗ ਦਿੱਤਾ ਹੈ। ਭਾਈ ਗੁਰਦਾਸ ਨੇ ਇਨ੍ਹਾਂ ਸ਼ੰਕਿਆਂ ਦੀ ਨਵਿਰਤੀ ਆਪਣੀ 26ਵੀਂ ਵਾਰ ਵਿਚ ਕੀਤੀ ਹੈ।[80]

ਗੁਰੂ ਹਰਗੋਬਿੰਦ ਸਾਹਿਬ ਨੂੰ ਜਦੋਂ ਸਮੇਂ ਦੇ ਹਾਕਮ ਜਹਾਂਗੀਰ ਨੇ ਦਿੱਲੀ ਬੁਲਾਇਆ ਤਾਂ ਗੁਰੂ ਘਰ ਦਾ ਸਾਰਾ ਕੰਮ ਕਾਜ ਤੇ ਪ੍ਰਬੰਧ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੂੰ ਸੌਂਪਿਆ ਗਿਆ:

ਪਾਛੇ ਬ੍ਰਿਧ ਭਾਈਗੁਰਦਾਸ । ਸਕਲ ਕਾਰ ਕਰਿਹੈ ਤੁਮ ਪਾਸ।।
ਸਭ ਬਿਧਿ ਮਹਿ ਦੋਨੋ ਬਹੂ ਸਯਾਨੇ ।ਹਰਿਮੰਦਰ ਕੀ ਸੇਵ ਮਹਾਨੇ।।[81]

ਗੁਰੂ ਹਰਗੋਬਿੰਦ ਸਾਹਿਬ ਨੂੰ ਬੰਦੀ ਬਣਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ ਗਿਆ। ਉਸ ਸਮੇਂ ਭਾਈਗੁਰਦਾਸ, ਗੁਰੂ ਸਾਹਿਬ ਨੂੰ ਮਿਲਣ ਲਈ ਗਵਾਲੀਅਰ ਗਏ।

ਭਾਈ ਗੁਰਦਾਸ ਨੇ ਮਹਿਸੂਸ ਕੀਤਾ ਕਿ ਪ੍ਰਿਥੀ ਚੰਦ ਦੀ ਮੌਤ ਪਿਛੋਂ ਵੀ ਉਸ ਦਾ ਪਰਿਵਾਰ ਗੁਰੂ ਘਰ ਲਈ ਹਮੇਸ਼ਾਂ ਵਾਸਤੇ ਬੇਮੁੱਖ ਹੁੰਦਾ ਜਾ ਰਿਹਾ ਹੈ। ਆਪ ਪ੍ਰਿਥੀ ਚੰਦ ਦੇ ਲੜਕੇ ਮਿਹਰਬਾਨ ਪਾਸ ਗਏ ਅਤੇ ਉਸ ਨੂੰ ਸਮਝਾਉਣ ਦਾ ਯਤਨ ਕੀਤਾ, ਪਰ ਸਭ ਬਿਰਥਾ ਗਿਆ। ਗਿਆਨੀ ਗਿਆਨ ਸਿੰਘ ਅਨੁਸਾਰ, "ਨੌਜਵਾਨ ਮਿਹਰਬਾਨ ਦਾ ਹਿਰਦਾ ਤਾਂ ਭਾਈ ਸਾਹਿਬ ਜੀ ਅੱਗੇ ਪਿਘਲ ਗਿਆ ਸੀ ਪਰ ਪ੍ਰਿਥੀ ਚੰਦ ਦੇ ਘਰੋਂ ਕਰਮ ਕੌਰ ਨੇ ਕੋਈ ਪੇਸ਼ ਨਾ ਜਾਣ ਦਿਤੀ।[82]

ਹਰਿਮੰਦਰ ਸਾਹਿਬ ਵਿਖੇ ਇਕ ਵਾਰ ਗੁਰਸਿੱਖਾਂ ਵਿਚ ਸਿੱਖੀ ਸਿਦਕ ਦੀ ਰਚਨਾ ਹੋ ਰਹੀ ਸੀ। ਸਿੱਖਾਂ ਦਾ ਮੱਤ ਸੀ ਕਿ ਭਾਵੇਂ ਕੋਈ ਕਿਨਾਂ ਵੀ ਸਿਦਕਵਾਨ ਹੋਵੇ, ਡੋਲ ਜਾਂਦਾ ਹੈ। ਇਹ ਸੁਣ ਕੇ ਭਾਈ ਗੁਰਦਾਸ ਜੀ ਬੋਲੇ, "ਕੱਚੇ ਸਿੱਖ ਡੋਲਦੇ ਹਨ, ਪੱਕੇ ਨਹੀਂ।" ਜਦ ਇਸ ਗੱਲ ਦੀ ਖਬਰ ਗੁਰੂ ਸਾਹਿਬ ਪਾਸ ਪਹੁੰਚੀ ਤਾਂ ਉਨ੍ਹਾਂ ਨੇ ਭਾਈ ਗੁਰਦਾਸ ਦੀ ਹਉਮੈ ਨੂੰ ਦੂਰ ਕਰਨਾ ਜ਼ਰੂਰੀ ਸਮਝਿਆ। ਗੁਰੂ ਸਾਹਿਬ ਨੇ ਭਾਈ ਗੁਰਦਾਸ ਤੇ ਹੋਰ ਸਿੱਖਾਂ ਨੂੰ ਘੋੜੇ ਖਰੀਦਣ ਲਈ ਕਾਬਲ ਭੇਜਿਆ।[83] ਘੋੜੇ ਖਰੀਦਣ ਤੋਂ ਬਾਅਦ ਜਦੋਂ ਭਾਈ ਗੁਰਦਾਸ ਰਕਮ ਤਾਰਨ ਲਈ ਤੰਬੂ ਵਿਚ ਲੈਣ ਗਏ ਤਾਂ ਉਨ੍ਹਾਂ ਨੂੰ ਉਥੇ ਅਸ਼ਰਫੀਆਂ ਦੀ ਥਾਂ ਠੀਕਰੀਆਂ ਨਜ਼ਰ ਆਈਆਂ, ਭਾਈ ਸਾਹਿਬ ਨਮੋਸ਼ੀ ਦੇ ਮਾਰੇ ਤੰਬੂ ਪਾੜ ਕੇ ਦੌੜ ਗਏ ਤੇ ਕਾਸ਼ੀ ਵਿਚ ਜਾ ਲੁੱਕੇ। ਕਾਫੀ ਦੇਰ ਇੰਤਜ਼ਾਰ ਕਰਨ ਤੋਂ ਬਾਅਦ ਦੂਜੇ ਸਿੱਖ ਤੰਬੂ ਵਿਚ ਗਏ ਤਾਂ ਤੰਬੂ ਦਾ ਪਿਛਲਾ ਪਾਸਾ ਫੱਟਿਆ ਦੇਖਿਆ ਤੇ ਭਾਈ ਗੁਰਦਾਸ ਵੀ ਉਥੇ ਨਹੀਂ ਸਨ। ਉਨ੍ਹਾਂ ਨੇ ਘੋੜਿਆਂ ਦਾ ਮੁੱਲ ਤਾਰਿਆ ਤੇ ਸਾਰੀ ਘਟਨਾ ਆ ਕੇ ਗੁਰੂ ਸਾਹਿਬ ਨੂੰ ਸੁਣਾਈ। "ਕਾਬਲ ਤੋਂ ਦੌੜ ਕੇ ਭਾਈ ਗੁਰਦਾਸ ਕਾਸ਼ੀ ਪਹੁੰਚੇ ਤੇ ਉਥੇ ਉਨ੍ਹਾਂ ਨੇ ਸਿੱਖੀ ਦਾ ਪ੍ਰਚਾਰ ਨਿਰੰਤਰ ਜਾਰੀ ਰੱਖਿਆ ਅਤੇ ਕਾਸ਼ੀ ਦੇ ਰਾਜੇ ਸਮੇਤ ਸੱਤ ਸੌ ਸਿੱਖਾਂ ਨੂੰ ਗੁਰੂ ਘਰ ਦਾ ਸੇਵਕ ਬਣਾਇਆ।[84] ਗੁਰੂ ਸਾਹਿਬ ਨੇ ਕਾਸ਼ੀ ਦੇ ਰਾਜੇ ਪਾਸ ਸੁਨੇਹਾ ਭੇਜਿਆ ਕਿ ਖੁਨਾਮੀਆਂ ਗੁਰਦਾਸ ਉਨ੍ਹਾਂ ਪਾਸ ਹੈ, ਉਸ ਨੂੰ ਭੇਜ ਦਿਉ। ਜਦੋਂ ਭਾਈ ਗੁਰਦਾਸ ਕਾਸ਼ੀ ਤੋਂ ਅੰਮ੍ਰਿਤਸਰ ਵਾਪਸ ਆਏ ਤਾਂ ਗੁਰੂ ਸਾਹਿਬ ਨੇ ਘੋੜੇ ਖਰੀਦਣ ਦੀ ਗੱਲ ਛੇੜੀ ਤਾਂ ਆਪ ਗੁਰੂ ਸਾਹਿਬ ਦੇ ਚਰਨਾਂ ਤੇ ਡਿੱਗ ਪਏ ਤੇ ਮੁਆਫੀ ਮੰਗੀ। ਆਪ ਨੇ ਪਛਤਾਵੇ ਦੀ ਭਾਵਨਾ ਦਾ ਵਰਨਣ ਵਾਰਾਂ ਵਿਚ ਕੀਤਾ ਹੈ:

(1) ਜੋ ਗੁਰ ਫੁਰਮਾਏ ਸਾਗੂ ਕਰਿ ਕਿਆ ਸਿਖੁ ਵਿਚਾਰਾ।[85]

(2) ਸਾਰੇ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ।[86]

ਭਾਈ ਗੁਰਦਾਸ ਜੀ ਦੀ ਦੇਹਾਂਤ ਤਿਥੀ ਬਾਰੇ ਵਿਦਵਾਨਾਂ ਤੇ ਇਤਿਹਾਸਕਾਰਾਂ ਨੇ ਬਗੈਰ ਕਿਸੇ ਠੋਸ ਸਬੂਤ ਦੇ ਅੰਦਾਜੇ ਹੀ ਲਗਾਏ ਹਨ ਅਤੇ ਇਹ ਦੂਜੇ ਨਾਲ ਇਕ ਮੱਤ ਵੀ ਨਹੀਂ ਹਨ। ਗਿਆਨੀ ਗਿਆਨ ਸਿੰਘ ਅਨੁਸਾਰ, ਭਾਈ ਗੁਰਦਾਸ ਦਾ ਦੇਹਾਂਤ 1629 ਈ. (1686 ਬਿ.) ਵਿਚ ਹੋਇਆ ਮੰਨਿਆ ਜਾਂਦਾ ਹੈ।[87] ਖੁਸ਼ਵੰਤ ਸਿੰਘ[88], ਅਨਿਲ ਚੰਦਰ ਬੈਨਰਜੀ[89], ਗਿਆਨੀ ਸ਼ੇਰ ਸਿੰਘ[90] ਆਦਿ ਵਿਦਵਾਨਾਂ ਇਸ ਮੱਤ ਨਾਲ ਸਹਿਮਤ ਹਨ। ਪਰ ਇਤਿਹਾਸ ਦੀ ਕਸਵੱਟੀ ਤੇ ਪਰਖਿਆਂ ਇਹ ਤਿਥੀ ਠੀਕ ਨਹੀਂ ਜਾਪਦੀ ਕਿਉਂਕਿ 1687 ਬਿ. ਵਿਚ ਗੁਰੂ ਹਰਗੋਬਿੰਦ ਪੁਰ ਦਾ ਯੁੱਧ ਤੇ ਉਸ ਨੂੰ ਮੁੜ ਵਸਾਉਣਾ ਸਿੱਖ ਇਤਿਹਾਸ ਵਿਚ ਦਰਜ ਹਨ। ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਉਥੇ ਗੁਰੂ ਸਾਹਿਬ ਨੂੰ ਜਾ ਕੇ ਮਿਲੇ ਸਨ। ਸਿੱਖ ਇਤਿਹਾਸਕਾਰਾਂ ਨੇ ਇਸ ਤੱਥ ਨਾਲ ਸਹਿਮਤੀ ਪ੍ਰਗਟਾਈ ਹੈ ਕਿ ਬਾਬਾ ਬੁੱਢਾ ਜੀ ਦਾ ਦੇਹਾਂਤ 1688 ਬਿ. ਵਿਚ ਹੋਇਆ। ਵਿਦਵਾਨ ਇਸ ਵਿਚਾਰ ਨਾਲ ਵੀ ਸਹਿਮਤ ਹਨ ਕਿ ਭਾਈ ਗੁਰਦਾਸ ਦਾ ਦੇਹਾਂਤ ਬਾਬਾ ਬੁੱਢਾ ਜੀ ਤੋਂ ਪਿਛੋਂ ਹੋਇਆ ਕਿਉਂਕਿ ਬਾਬਾ ਬੁੱਢਾ ਜੀ ਤੋਂ ਮਗਰੋਂ ਭਾਈ ਗੁਰਦਾਸ ਨੂੰ ਗੁਰੂ ਗ੍ਰੰਥ ਸਾਹਿਬ ਦਾ ਗ੍ਰੰਥੀ ਥਾਪਿਆ ਗਿਆ ਸੀ।

ਭਾਈ ਵੀਰ ਸਿੰਘ ਅਨੁਸਾਰ, ਪੋਥੀ ਬਾਬਾ ਬੁੱਢਾ ਜੀ ਵਿਚ ਭਾਈ ਗੁਰਦਾਸ ਦਾ ਦੇਹਾਂਤ 1637 ਈ. (1695 ਬਿ.) ਦਰਜ ਹੈ।[91] ਭਾਈ ਕਾਨ੍ਹ ਸਿੰਘ ਨਾਭਾ[92], ਮੋਹਨ ਸਿੰਘ ਦੀਵਾਨਾ।[93] ਗੋਪਾਲ ਸਿੰਘ[94] ਵੀ ਭਾਈ ਸਾਹਿਬ ਦਾ ਦੇਹਾਂਤ 1694 ਬਿ. ਅਰਥਾਤ 1637 ਈ. ਵਿਚ ਗੋਇੰਦਵਾਲ ਵਿਖੇ ਹੋਣ ਤੇ ਸਹਿਮਤੀ ਪ੍ਰਗਟਾਉਂਦੇ ਹਨ। ਆਪ ਦੇ ਦੇਹਾਂਤ ਬਾਰੇ ਸਭ ਤੋਂ ਮਹੱਤਵਪੂਰਨ ਗਵਾਹੀ ਆਪ ਦੀਆਂ ਵਾਰਾਂ ਵਿਚੋਂ ਮਿਲਦੀ ਹੈ:

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ।

ਅਰਜਨ ਕਾਇਆ ਪਲਟ ਕੈ ਮੂਰਤ ਹਰਿ ਗੋਬਿੰਦ ਸਵਾਰੀ।

ਰੌਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਣ ਵਾਰੋ ਵਾਰੀ।
ਦਲਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।[95]

ਉਪਰੋਕਤ ਸਤਰਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਦੇ ਯੁੱਧਾਂ ਨੂੰ ਭਾਈ ਗੁਰਦਾਸ ਨੇ ਅੱਖੀਂ ਦੇਖਿਆ ਜਾਂ ਸੁਣਿਆ ਹੈ ਅਤੇ ਉਨ੍ਹਾਂ ਦਾ ਵਰਨਣ ਆਪਣੀ ਰਚਨਾ ਵਿਚ ਕੀਤਾ ਹੈ। 1694 ਬਿ. ਤੱਕ ਗੁਰੂ ਹਰਗੋਬਿੰਦ ਸਾਹਿਬ ਦੇ ਯੁੱਧ ਖਤਮ ਹੋ ਚੁੱਕੇ ਸਨ।[96] ਸੋ ਇਸ ਤਰ੍ਹਾਂ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਤੇ ਵਿਦਵਾਨਾਂ ਦੇ ਵਿਚਾਰਾਂ ਤੋਂ ਭਾਈ ਗੁਰਦਾਸ ਦੇ ਦੇਹਾਂਤ ਦੀ ਤਿਥੀ 1637 ਈ. (1695 ਬਿ.) ਵਧੇਰੇ ਸਾਰਥਕ ਸਿੱਧ ਹੁੰਦੀ ਹੈ।

## ਭਾਈ ਗੁਰਦਾਸ ਦੀ ਰਚਨਾ :

ਭਾਈ ਗੁਰਦਾਸ ਦੀ ਰਚਨਾ ਸਬੰਧੀ ਹੁਣ ਤੱਕ ਦੀ ਹੋਈ ਖੋਜ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਨੇ ਪੰਜਾਬੀ ਵਿਚ ਵਾਰਾਂ, ਬ੍ਰਜ ਵਿਚ ਕਬਿੱਤ-ਸਵੈਯੇ ਤੇ ਸੰਸਕ੍ਰਿਤ ਵਿਚ ਸਲੋਕਾਂ ਦੀ ਰਚਨਾ ਕੀਤੀ ਹੈ। ਇਸ ਰਚਨਾ ਤੋਂ ਇਲਾਵਾ ਭਾਈ ਸਾਹਿਬ ਦੀ ਕੁਝ ਹੋਰ ਰਚਨਾ ਹੋਣ ਬਾਰੇ ਵੀ ਵਿਦਵਾਨਾਂ ਨੇ ਵਿਚਾਰ ਪ੍ਰਗਟਾਏ ਹਨ। ਸਰਦੂਲ ਸਿੰਘ ਅਨੁਸਾਰ, "ਭਾਈ ਸਾਹਿਬ ਦੀ ਰਚਨਾ ਇੰਨੀ ਨਹੀਂ ਸੀ ਜਿਨੀ ਸਾਡੇ ਪਾਸ ਮੌਜੂਦ ਹੈ। ਆਪ ਨੇ ਵੇਦਾਂਤ ਅਤੇ ਨਿਆਇ ਸ਼ਾਸਤਰਾਂ ਦਾ ਤਰਜਮਾਂ ਠੇਠ ਪੰਜਾਬੀ ਵਾਰਤਕ ਅਤੇ ਛੰਦਾਂ ਬੰਦੀ ਵਿਚ ਕੀਤਾ ਸੀ। ਅਫਸੋਸ ਹੈ, ਓਹ ਸਾਡੇ ਪਾਸ ਪਹੁੰਚ ਨਹੀਂ ਸਕਿਆ।[97] ਸੀਤਾ ਰਾਮ ਬਾਹਰੀ ਅਨੁਸਾਰ, ਉਨ੍ਹਾਂ ਨੇ ਕੁਝ ਸ਼ਬਦ (ਗੀਤ) ਵੀ ਜ਼ਰੂਰ ਰਚੇ ਹੋਣਗੇ। ਕਿਉਂਕਿ ਉਹ ਗੁਰਬਾਣੀ ਦੀ ਧਾਰਨਾ ਤੇ ਸਾਹਿਤ ਦਾ ਨਿਰਮਾਣ ਕਰ ਰਹੇ ਸਨ।ਉਨ੍ਹਾਂ ਨੂੰ ਰਾਗ ਵਿਦਿਆ ਦਾ ਵੀ ਸ਼ੌਕ ਸੀ। - - - - ਭਾਈ ਵੀਰ ਸਿੰਘ ਨੇ ਭਾਈ ਗੁਰਦਾਸ ਦੇ ਕੁਝ ਦੋਹੜੇ ਇਕੱਠੇ ਕੀਤੇ ਸਨ ਪਰ ਉਹ 1947 ਈ. ਵਿਚ ਹੋਏ ਫਸਾਦਾਂ ਦੇ ਸਮੇਂ 'ਖਾਲਸਾ ਸਮਾਚਾਰ' ਦੇ ਦਫ਼ਤਰ ਵਿਚ ਅੱਗ ਲੱਗਣ ਦੇ ਕਾਰਣ ਨਸ਼ਟ ਹੋ ਗਏ।[98]

ਭਾਈ ਗੁਰਦਾਸ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਭਾਈ ਸਾਹਿਬ ਦੀ ਬਾਣੀ ਸਿੱਖ ਧਰਮ ਦੇ ਨਿਯਮਾਂ ਦਾ

ਉੱਤਮ ਭੰਡਾਰ ਹੈ।[99] ਗਿਆਨੀ ਗਿਆਨ ਸਿੰਘ ਅਨੁਸਾਰ, ਉਨ੍ਹਾਂ ਨੂੰ ਵੀ ਇਹ ਵਰ ਗੁਰੂ ਅਰਜਨ ਦੇਵ ਜੀ ਦਾ ਦਿੱਤਾ ਹੋਇਆ ਹੈ ਕਿ ਜੋ ਕੋਈ ਭਾਈ ਗੁਰਦਾਸ ਜੀ ਦੀ ਬਾਣੀ ਪੜ੍ਹੇ, ਸੁਣੇਗਾ, ਉਸ ਨੂੰ ਸਾਰੀ ਸਿੱਖੀ ਤੇ ਦੂਜੇ ਸਿੱਖਾਂ ਨੂੰ ਅੱਧੀ ਸਿੱਖੀ ਪ੍ਰਾਪਤ ਹੋਵੇਗੀ।[100] ਮੈਕਾਲਿਫ ਅਨੁਸਾਰ, ਗੁਰੂ ਜੀ(ਗੁਰੂ ਅਰਜਨ ਦੇਵ ਜੀ)ਨੇ ਕਿਹਾ ਕਿ ਜਿਹੜਾ ਵੀ ਇਸ ਦੀ ਬਾਣੀ ਦਾ ਪਾਠ ਕਰੇਗਾ, ਉਸਨੂੰ ਪਾਵਨ ਗੁਰੂਆਂ ਦੀ ਸਿਖਿਆ ਵਿਚ ਵਿਸ਼ਵਾਸ਼, ਆਤਮਿਕ ਲਾਹਾ ਅਤੇ ਗਿਆਨ ਪ੍ਰਾਪਤ ਹੋਵੇਗਾ।"[101]

ਵਾਰਾਂ : ਭਾਈ ਗੁਰਦਾਸ ਦੀਆਂ ਵਾਰਾਂ ਨੂੰ ਆਪ ਦੀਆਂ ਰਚਨਾਵਾਂ ਵਿਚੋਂ ਸਭ ਤੋਂ ਵੱਧ ਲੋਕ-ਪ੍ਰਿਯਤਾ ਪ੍ਰਾਪਤ ਹੋਈ ਹੈ। ਗੁਰਮਤਿ ਸਾਹਿਤ ਵਿਚ ਤੇ ਸਿੱਖ ਧਰਮ ਵਿਚ ਵਾਰਾਂ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਭਾਈ ਗੁਰਦਾਸ ਰਚਿਤ ਵਾਰਾਂ ਦੀ ਗਿਣਤੀ ਸਬੰਧੀ ਵਿਦਵਾਨਾਂ ਵਿਚ ਮੱਤ ਭੇਦ ਹੈ। ਕਈ ਪੁਰਾਤਨ ਗ੍ਰੰਥਾਂ ਵਿਚ 39 ਵਾਰਾਂ ਮਿਲਦੀਆਂ ਹਨ, ਕਈ ਗ੍ਰੰਥਾਂ ਵਿਚ 40 ਤੇ ਕਈ ਗ੍ਰੰਥਾਂ ਵਿਚ ਵਾਰਾਂ ਦੀ ਗਿਣਤੀ 41 ਉਪਲੱਬਧ ਹੈ। ਭਾਈ ਗੁਰਦਾਸ ਦੀਆਂ ਵਾਰਾਂ ਸਬੰਧੀ ਪ੍ਰਾਪਤ ਲਗਭਗ ਸਾਰੇ ਨਵੀਨ ਟੀਕਿਆਂ ਵਿਚ 41 ਵਾਰਾਂ ਦਰਜ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ 'ਵਾਰਾਂ ਭਾਈ ਗੁਰਦਾਸ' ਵਿਚ 41 ਵਾਰਾਂ ਸੰਕਲਿਤ ਹਨ। ਪਰ ਇਸ ਪੁਸਤਕ ਦੀ ਭੂਮਿਕਾ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ 41 ਵੀਂ ਵਾਰ ਦਾ ਕਰਤਾ 'ਭਾਈ ਗੁਰਦਾਸ ਦੂਜਾ' ਹੈ। ਡਾ. ਦਲੀਪ ਸਿੰਘ 'ਦੀਪ' ਆਪਣੀ ਖੋਜ ਦੇ ਆਧਾਰ ਤੇ ਇਹ ਵਿਚਾਰ ਪੇਸ਼ ਕਰਦਾ ਹੈ, "ਕੁਝ ਕੁ ਪ੍ਰਾਚੀਨ ਹੱਥ ਲਿਖਤਾਂ 'ਵਾਰਾਂ ਭਾਈ ਗੁਰਦਾਸ ਜੀ' ਗ੍ਰੰਥਾਂ ਨੂੰ ਵੇਖਣ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਵਿਚ ਪਹਿਲਾਂ 39 ਵਾਰਾਂ ਹੀ ਦਰਜ ਸਨ । ਇਹ 40ਵੀਂ ਤੇ 41 ਵੀਂ ਵਾਰ ਬਾਅਦ ਵਿਚ ਦਰਜ ਕੀਤੀਆਂ ਗਈਆਂ ਹਨ।[102] ਇਸ ਤਰ੍ਹਾਂ ਭਾਈ ਗੁਰਦਾਸ ਰਚਿਤ ਵਾਰਾਂ ਦੀ ਗਿਣਤੀ ਬਾਰੇ ਨਿਰਣਾ ਕਰਨਾ ਜ਼ਰੂਰੀ ਹੈ।

ਭਾਈ ਗੁਰਦਾਸ ਦੁਆਰਾ ਰਚਿਤ ਵਾਰਾਂ ਦੀ ਗਿਣਤੀ 39 ਹੋਣ ਬਾਰੇ ਸਾਰੇ ਵਿਦਵਾਨ ਇਕ ਮੱਤ ਹਨ। ਇਸ ਸਬੰਧ ਵਿਚ ਗਿਆਨੀ ਅਮਰ ਸਿੰਘ ਚਾਕਰ ਕੁਝ ਪ੍ਰਾਚੀਨ ਹੱਥ ਲਿਖਤਾਂ ਦਾ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ ਉਨ੍ਹਾਂ ਵਿਚ ਪਹਿਲਾਂ 39 ਵਾਰਾਂ ਹੀ ਲਿਖੀਆਂ ਸਨ, ਇਨ੍ਹਾਂ ਵਿਚ 40ਵੀਂ ਵਾਰ ਲਿਖੀ ਹੋਈ ਨਹੀਂ ਮਿਲਦੀ, ਉਕਤ 41 ਵੀਂ ਵਾਰ ਬਾਅਦ ਵਿਚ ਲਿਖ ਕੇ ਕਿਸੇ ਨੇ ਨਾਲ ਲਗਾਈ ਹੈ। ਇਕ ਹੋਰ ਪ੍ਰਾਚੀਨ ਜਿਲਦ ਵਿਚ

ਇਹ ਦੋਵੇਂ ਵਾਰਾਂ ਲਿਖ ਕੇ ਨਾਲ ਜੋੜੀਆਂ ਗਈਆਂ ਹਨ। ਰਚਨਾ ਤੇ ਬੋਲੀ ਦੀ ਵਿਹਾਰ ਤੋਂ 40ਵੀਂ ਵਾਰ ਦਾ ਪਹਿਲੀਆਂ 39 ਵਾਰਾਂ ਨਾਲੋਂ ਕੋਈ ਠੋਸ ਫਰਕ ਮਲੂਮ ਨਹੀਂ ਹੁੰਦਾ।[103] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਬਹੁਤਿਆਂ ਦਾ ਖਿਆਲ ਹੈ ਕਿ 40ਵੀਂ ਵਾਰ ਕਿਸੇ ਹੋਰ ਕਵੀ ਦੀ ਹੈ ਅਥਵਾ ਉਸ ਗੁਰਦਾਸ ਦੀ ਹੈ ਜੋ ਦਸਵੇਂ ਪਾਤਸ਼ਾਹ ਦੇ 52 ਕਵੀਆਂ ਵਿਚੋਂ ਸੀ। ਪਰ ਇਹ ਵਿਚਾਰ ਠੀਕ ਨਹੀਂ। ਕਵੀ ਜਨ ਪਦ ਰਚਨਾ ਤੋਂ ਚੰਗੀ ਤਰ੍ਹਾਂ ਜਾਣ ਸਕਦੇ ਹਨ ਕਿ ਇਹ ਵਾਰ ਭਾਈ ਗੁਰਦਾਸ ਜੀ ਦੀ ਰਚਨਾ ਹੈ।[104] ਇਸ ਵਿਚਾਰ ਦੀ ਪੁਸ਼ਟੀ 'ਗੁਰ ਬਿਲਾਸ' ਦੀ ਇਹ ਪੰਕਤੀ ਵੀ ਕਰਦੀ ਹੈ:

> ਗੁਰ ਅਰਜਨ ਰਾਮ ਆਗਿਆ ਕਰੀ।
> ਵਾਰ ਚਾਲੀਸ ਰਚੋ ਸੁਖ ਪਰੀ।[105]

ਇਸੇ ਪੰਕਤੀ ਨੂੰ ਅਧਾਰ ਬਣਾ ਕੇ ਪੰਡਿਤ ਨਰੈਣ ਸਿੰਘ[106], ਰਤਨ ਸਿੰਘ ਜੱਗੀ[107], ਰਜਿੰਦਰ ਕੌਰ[108] ਆਦਿ ਵਿਦਵਾਨ 40ਵੀਂ ਵਾਰ ਨੂੰ ਭਾਈ ਗੁਰਦਾਸ ਦੀ ਰਚਨਾ ਸਵੀਕਾਰ ਕਰਦੇ ਹਨ। ਇਸਤੋਂ ਇਲਾਵਾ ਇਸ ਵਾਰ ਦੀ ਰਚਨਾ ਦਾ ਵਿਚਾਰ, ਵਿਸ਼ਾ, ਭਾਸ਼ਾ, ਦ੍ਰਿਸ਼ਟਾਂਤ ਆਦਿ ਤੋਂ ਵੀ ਇਹ ਰਚਨਾ ਬਾਕੀ 39 ਵਾਰਾਂ ਤੋਂ ਭਿੰਨ ਨਹੀਂ ਲੱਗਦੀ। ਇਸ ਤਰ੍ਹਾਂ 40 ਵੀਂ ਵਾਰ ਨੂੰ ਭਾਈ ਗੁਰਦਾਸ ਦੀ ਵਾਰ ਮੰਨ ਲੈਣ ਵਿਚ ਕੋਈ ਅਪੱਤੀ ਨਹੀਂ ਹੋਣੀ ਚਾਹੀਦੀ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ 41ਵੀਂ ਵਾਰ ਨੂੰ ਬਾਅਦ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਤੱਥ ਸਬੰਧੀ ਅਮਰ ਸਿੰਘ ਚਾਕਰ[109], ਪੰਡਿਤ ਹਜਾਰਾ ਸਿੰਘ[110] ਵਿਸਥਾਰ ਪੂਰਵਕ ਜਾਣਕਾਰੀ ਪ੍ਰਦਾਨ ਕਰਦੇ ਹਨ। ਜਿਸ ਵਿਚ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਰਚਨਾ ਭਾਈ ਗੁਰਦਾਸ ਦੀ ਨਹੀਂ ਹੈ ਸਗੋਂ ਹੋਰ ਗੁਰਦਾਸ ਸਿੰਘ ਨਾਮੀ ਸਿੱਖ ਦੀ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਇਆ। ਪੰਡਿਤ ਨਰੈਣ ਸਿੰਘ ਵੀ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ ਕਿ, "ਇਹ ਵਾਰ ਇਕ ਹੋਰ ਭਾਈ ਗੁਰਦਾਸ ਦੀ ਹੈ ਜੋ ਨਾ ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਵਿਚੋਂ ਸੀ ਤੇ ਨਾ ਹੀ ਬਾਹਲੇ ਦੀ ਵੰਸ਼ ਦਾ ਮਸੰਦ ਸੀ। ਇਹ ਵਾਰ ਕਲਗੀਧਰ ਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਅਨੁਮਾਨਕ ਸੰਮਤ 1780 ਜਾਂ 85 ਬਿ. ਦੇ ਵਿਚਾਲੇ ਬਣੀ ਹੈ।[111]

41ਵੀਂ ਵਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਤੇ ਉਸਤੱਤ ਗਾਈ ਗਈ ਹੈ। ਜਿਸ ਤੋਂ ਸਿੱਧ ਹੁੰਦਾ ਹੈ ਕਿ ਇਹ ਵਾਰ ਗੁਰੂ ਸਾਹਿਬ ਦੇ ਸਮੇਂ ਜਾਂ ਬਾਅਦ ਵਿਚ ਰਚੀ ਗਈ। ਪਰ ਭਾਈ ਗੁਰਦਾਸ , ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਅਕਾਲ ਚਲਾਣਾ ਕਰ ਗਏ ਸਨ। ਇਸ ਪ੍ਰਕਾਰ ਇਹ ਵਾਰ ਭਾਈ ਸਾਹਿਬ ਦੀ ਨਹੀਂ ਹੋ ਸਕਦੀ। ਦੂਜਾ, ਇਸ ਵਾਰ ਦਾ ਵਿਚਾਰ, ਭਾਸ਼ਾ, ਸ਼ੈਲੀ, ਭਾਈ ਗੁਰਦਾਸ ਦੀਆਂ ਦੂਜੀਆਂ ਵਾਰਾਂ ਨਾਲ ਮੇਲ ਨਹੀਂ ਖਾਂਦਾ। ਤੀਜਾ, ਇਸ ਵਾਰ ਵਿਚ ਕਵੀ ਦੀ ਛਾਪ 'ਗੁਰਦਾਸ ਸਿੰਘ'ਵੀ ਅੰਕਿਤ ਹੈ।

ਉਪਰੋਕਤ ਵਿਚਾਰ ਤੋਂ ਬਾਅਦ ਇਹ ਸਿੱਧ ਹੁੰਦਾ ਹੈ ਕਿ ਭਾਈ ਗੁਰਦਾਸ ਦੁਆਰਾ ਰਚਿਤ 40 ਵਾਰਾਂ ਹੀਸਾਡੇ ਪਾਸ ਉਪਲੱਭਧ ਹਨ। 41ਵੀਂ ਵਾਰ ਗੁਰੂ ਗੋਬਿੰਦ ਸਿੰਘ ਜੀ ਕਿਸੇ ਸਰਧਾਲੂ ਸਿੱਖ ਦੀ ਰਚਨਾ ਹੈ ਜਿਸ ਨੂੰ ਸੰਭਾਲਣ ਲਈ ਭਾਈ ਗੁਰਦਾਸ ਦੀਆਂ ਵਾਰਾਂ ਦੇ ਕੁਝ ਸੰਕਲਨਾਂ ਵਿਚ ਦਰਜ ਕਰ ਦਿੱਤਾ ਗਿਆ ਹੈ।

ਭਾਈ ਗੁਰਦਾਸ ਨੇ ਵਾਰਾਂ ਦੀ ਰਚਨਾ ਵੱਖ ਵੱਖ ਸਮੇਂ, ਸਥਾਨ ਤੇ ਪ੍ਰਸਥਿਤੀਆਂ ਵਿਚ ਕੀਤੀ। ਵਾਰਾਂ ਵਿਚ ਦਰਜ ਵਿਚਾਰ ਵੀ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ ਕਿ ਵਾਰਾਂ ਦੀ ਰਚਨਾ ਇਕੋ ਸਮੇਂ ਨਹੀਂ ਹੋਈ, ਵੱਖ ਵੱਖ ਸਮੇਂ, ਵੱਖ ਵੱਖ ਹਾਲਾਤਾਂ ਵਿਚ ਹੋਈ। ਇਸ ਸਬੰਧ ਵਿਚ ਹਰਿੰਦਰ, ਸਿੰਘ ਰੂਪ ਦਾ ਵਿਚਾਰ ਠੀਕ ਜਾਪਦਾ ਹੈ, "ਭਾਈ ਸਾਹਿਬ ਨੂੰ ਜਦੋਂ ਕਦੇ ਮੌਕਾ ਮਿਲਦਾ, ਬਾਣੀ ਉਚਾਰੀ ਜਾਂਦੇ।[112]

## ਵਾਰਾਂ ਦਾ ਵਿਸ਼ਾ :

ਭਾਈ ਗੁਰਦਾਸ ਦੀਆਂ ਵਾਰਾਂ ਦਾ ਵਿਸ਼ਾ-ਵਸਤੂ ਗੁਰਮਤਿ ਸਿਧਾਂਤਾਂ'ਤੇ ਅਧਾਰਿਤ ਹੈ। ਭਾਈ ਗੁਰਦਾਸ ਨੇ ਪਹਿਲੇ ਗੁਰੂ ਸਾਹਿਬ ਤੋਂ ਲੈ ਕੇ ਛੇਵੇਂ ਗੁਰੂ ਸਾਹਿਬਾਨ ਤੱਕ ਗੁਰੂ ਘਰ ਵਿਚ ਵਾਪਰਨ ਵਾਲੀਆਂ ਘਟਨਾਵਾਂ ਅਤੇ ਉਸ ਸਮੇਂ ਦੀਆਂ ਪ੍ਰਚਲਤ ਇਤਿਹਾਸਕ ਸਖਸ਼ੀਅਤਾਂ ਅਤੇ ਉਨ੍ਹਾਂ ਨਾਲ ਸਬੰਧਿਤ ਘਟਨਾਵਾਂ ਨੂੰ ਸੰਕੇਤਕ ਰੂਪ ਵਿਚ ਵਾਰਾਂ ਰਾਹੀਂ ਮੂਰਤੀਮਾਨ ਕੀਤਾ ਹੈ।ਭਾਈ ਗੁਰਦਾਸ ਦੀਆਂ ਵਾਰਾਂ ਮਨਮੁੱਖਾਂ ਨੂੰ ਪਛਾਣਨ ਤੇ ਗੁਰਮੁੱਖਾਂ ਦੇ ਉਚੇ ਤੇ ਸੁੱਚੇ ਆਚਰਨਕ ਗੁਣਾਂ ਦਾ ਪ੍ਰਚਾਰ ਕਰਦੀਆਂ ਹਨ। ਇਸ ਪ੍ਰਕਾਰ ਭਾਈ ਸਾਹਿਬ ਦੀਆਂ ਵਾਰਾਂ ਦਾ ਮੁੱਖ ਵਿਸ਼ਾ ਸਿੱਖ ਸਿਧਾਂਤਾਂ ਦਾ ਪ੍ਰਚਾਰ ; ਤੇ ਵਿਆਖਿਆ ਕਰਨਾ ਹੈ।

ਡਾ.'ਗੁਰਬਖਸ਼ ਸਿੰਘ ਸੂਤ ਨੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਵਿਸ਼ੇ-ਵਸਤੂ ਦੀ ਚਰਚਾ ਕਰਦਿਆਂ ਇਸ ਨੂੰ ਤਿੰਨਾਂ ਹਿੱਸਿਆਂ ਵਿਚ ਵੰਡਿਆ ਹੈ। ਉਸ ਅਨੁਸਾਰ, ਪਹਿਲੀਆਂ ਉਨੀ ਵਾਰਾਂ ਦਾ ਵਿਸ਼ਾ ਪਾਰਬ੍ਰਹਮ, ਜਗਤ ਉਤਪਤੀ, ਗੁਰੂ ਦੀ ਵਿਸ਼ੇਸ਼ਤਾ ਅਤੇ ਗੁਰਸਿੱਖ ਦਾ ਆਦਰਸ਼ਕ ਆਚਰਨ ਹੈ। ਅਗਲੀਆਂ ਦਸ ਵਾਰਾਂ ਵਿਚ ਗੁਰਸਿੱਖ ਦੀ ਵਿਸ਼ੇਸ਼ਤਾ ਅਤੇ ਬਾਕੀ ਧਰਮਾਂ ਤੋਂ ਇਸ ਦੀ ਵਿਲੱਖਣਤਾ ਪ੍ਰਗਟ ਕੀਤੀ ਗਈ ਹੈ। ਮਗਰਲੀਆਂ ਨੌਂ ਵਾਰਾਂ ਵਿਚ ਗੁਰਸਿੱਖੀ ਦੇ ਵਿਰੋਧੀਆਂ ਦੇ ਘਟੀਆ ਆਚਾਰ ਦਾ ਚਿੱਤਰ ਮਿਲਦਾ ਹੈ।ਅਖੀਰਲੀ ਵਾਰ ਮੁੰਦਾਵਣੀ ਸਮਾਨ ਹੈ।[113] ਪਰ ਇਹ ਵਰਗੀਕਰਣ ਅਧੂਰਾ ਹੈ ਕਿਉਂਕਿ ਇਸ ਵਿਚ ਉਸ ਸਮੇਂ ਦੇ ਭਾਰਤ ਦੀ ਰਾਜਸੀ ,ਸਮਾਜਕ ਤੇ ਧਾਰਮਿਕ ਸਥਿਤੀ ਦਾ ਵਰਣਨ ਜੋ ਭਾਈ ਸਾਹਿਬ ਦੀਆਂ ਵਾਰਾਂ ਵਿਚ ਦਰਜ ਹੈ, ਦਾ ਕੋਈ ਵਰਣਨ ਨਹੀਂ ਹੈ। ਇਨ੍ਹਾਂ ਸਮਕਾਲੀ ਪ੍ਰਸਥਿਤੀਆਂ ਵਿਚ ਗੁਰੂ ਸਾਹਿਬਾਨ ਦੁਆਰਾ ਦਰਸਾਏ ਗੁਰਮਤਿ ਮਾਰਗ ਜਾਂ ਸਿਧਾਂਤਾਂ ਦੀ ਵਿਆਖਿਆ ਭਾਈ ਗੁਰਦਾਸ ਦੀਆਂ ਵਾਰਾਂ ਦਾ ਮੁੱਖ ਵਿਸ਼ਾ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਦਾ ਵਿਸ਼ੈਗਤ ਅਧਿਐਨ ਕਰਨ ਉਪਰੰਤ ਇਹ ਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਹਰ ਇਕ ਵਾਰ ਦਾ ਵਿਸ਼ਾ ਆਪਣੀ ਅਗਲੇਰੀ ਵਾਰ ਦੇ ਵਿਸ਼ੇ-ਵਸਤੂ ਨਾਲ ਇਸ ਤਰ੍ਹਾਂ ਕੜੀ-ਬੱਧ ਹੈ ਕਿ ਇਨ੍ਹਾਂ ਦੇ ਕੇਂਦਰੀ ਵਿਚਾਰ ਇਕ ਦਾਰਸ਼ਨਿਕ ਨਿਬੰਧ ਪ੍ਰਤੀਤ ਹੁੰਦੇ ਹਨ। ਸ੍ਰਿਸ਼ਟੀ ਦੀ ਰਚਨਾ ਤੋਂ ਆਰੰਭ ਹੋ ਕੇ ਵਿਚਾਰ ਗੁਰਮਤਿ ਦੇ ਸਿਧਾਂਤਾਂ ਤੇ ਆ ਸਥਾਪਤ ਹੁੰਦਾ ਹੈ। ਬਹੁਤੀਆਂ ਵਾਰਾਂ ਵਿਚ ਗੁਰਮੁੱਖ ਤੇ ਮਨਮੁੱਖ ਦੀ ਵਿਚਾਰਾਤਮਕ ਪੱਧਰ ਤੇ ਤੁਲਨਾ ਕੀਤੀ ਹੈ। ਅਤੇ ਸਿੱਟੇ ਵਜੋਂ ਗੁਰਮੁੱਖ ਦੀ ਮਹਾਨਤਾ ਨੂੰ ਵਡਿਆਇਆ ਹੈ। ਇਸੇ ਕਰਕੇ ਹੀ ਗੁਰੂ ਨਾਨਕ ਸਾਹਿਬ ਬਾਰੇ 'ਗੁਰਮੁਖ ਕਲਿ ਵਿਚ ਪਰਗਟ ਹੋਆ'[114] ਵਾਰਾਂ ਵਿਚ ਅੰਕਿਤ ਹੈ। ਗੁਰੂ ਨਾਨਕ ਸਾਹਿਬ ਦੇ ਉਤਰਧਿਕਾਰੀ ਗੁਰੂ ਸਾਹਿਬਾਨ ਗੁਰਮੁੱਖ ਦੀ ਪਦਵੀ ਤੋਂ ਉਠੌ ਕੇ ਹੀ ਗੁਰੂ ਦੀ ਪਦਵੀ ਗ੍ਰਹਿਣ ਕਰ ਸਕੇ। ਬੇਸ਼ਕ ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ ਆਦਿ ਗੁਰੂ ਸਾਹਿਬਾਨ ਨੇ ਗੁਰਗੱਦੀ ਆਪਣੀ ਸੰਤਾਨ ਨੂੰ ਸੌਂਪੀ, ਪਰ ਉਹ ਵੀ ਇਸ ਕਰਕੇ ਕਿ ਉਹ ਗੁਰਮੁੱਖ ਹੁੰਦੇ ਹੋਏ, ਉਨ੍ਹਾਂਦੀ ਪਰਖ-ਕਸਵੱਟੀ ਤੇ ਪੂਰੇ ਉਤਰੇ। ਇਸ ਪ੍ਰਕਾਰ ਗੁਰੂ ਸਾਹਿਬਾਨ ਨੇ ਪ੍ਰਚੱਲਤ ਪਰੰਪਰਾ ਅਨੁਸਾਰ ਗੁਰਗੱਦੀ ਦੇਣ ਸਮੇਂ ਸੰਤਾਨ-ਪੱਖ ਨੂੰ ਮਹੱਤਵ ਨਹੀਂ ਦਿੱਤਾ, ਉਨ੍ਹਾਂ ਦੇ ਗੁਰਮੁੱਖੀ ਆਚਰਨ ਨੂੰ ਮੁੱਖ ਰੱਖਿਆ। ਭਾਈ ਗੁਰਦਾਸ ਨੇ ਵਾਰਾਂ ਵਿਚ ਭਗਤੀ ਮਾਰਗ ਦੇ ਗੁਣਾਂ

ਦੀ ਵਿਆਖਿਆ ਕੀਤੀ ਹੈ ਕਿ ਭਗਤੀ ਰਾਹੀਂ ਗੁਰੂ ਦੀ ਬਖਸ਼ਿਸ਼ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਰਾਹੀਂ ਔਗੁਣਾਂ ਤੋਂ ਛੁਟਕਾਰਾ ਪਾ ਕੇ ਗੁਣਵਾਨ ਬਣਿਆ ਜਾ ਸਕਦਾ ਹੈ। ਇਸ ਨਾਲ ਨਿਮਰਤਾ ਦੀ ਭਾਵਨਾ ਮਨ ਵਿਚ ਪੈਦਾ ਹੁੰਦੀ ਹੈ ਅਤੇ ਮਨ ਹਉਮੈ ਨੂੰ ਤਿਆਗ ਕੇ ਗੁਰੂ ਦੇ ਦਰਸ਼ਨਾਂ ਵੱਲ ਖਿਚਿਆ ਜਾਂਦਾ ਹੈ। ਵਾਰਾਂ ਵਿਚ ਮਨਮੁੱਖਾਂ ਦੇ ਚਰਿੱਤਰ ਉਤੇ ਵੀ ਪ੍ਰਕਾਸ਼ ਪਾਇਆ ਗਿਆ ਹੈ। ਭਾਈ ਸਾਹਿਬ ਅਨੁਸਾਰ ਉਹ ਹਮੇਸ਼ਾ ਮੂਰਖ ਹਨ, ਨਿੰਦਕ ਹਨ, ਦੁਬਾਜਰੇ ਹਨ, ਮਣੇ ਹਨ, ਲੂਣ-ਹਰਾਮੀ ਹਨ, ਗੁਣਹੀਣ ਹਨ, ਅਸਾਧ ਤੇ ਬੁਰੇ ਹਨ।ਮਨਮੁੱਖ ਹਰ ਸਮੇਂ ਹਉਮੈ ਵਿਚ ਗ੍ਰਸੇ ਰਹਿੰਦੇ ਹਨ; ਮੋਹ ਮਾਇਆ ਦੇ ਜਾਲ ਵਿਚ ਫਸੇ ਰਹਿੰਦੇ ਹਨ ਅਤੇ ਮਨੁੱਖਾ-ਜੀਵਨ ਨੂੰ ਭੰਗ ਦੇ ਭਾੜੇ ਗੁਆ ਰਹੇ ਹਨ। ਅਖੀਰ ਵਿਚ ਇਹ ਸਪਸ਼ਟ ਕਰਦੇ ਹਨ ਕਿ ਗੁਰੂ ਦੇ ਉਪਦੇਸ਼ ਜਾਂ ਗੁਰਮਤਿ ਮਾਰਗ ਤੇ ਚੱਲਣ ਵਾਲੇ ਹੀ ਗੁਰਮੁੱਖ ਹਨ ਅਤੇ ਉਸ ਤੋਂ ਬੇਮੁੱਖ ਹੋਣ ਵਾਲੇ ਮਨਮੁੱਖ ਹਨ। ਗੁਰਮਤਿ ਮਾਰਗਹੀ ਸਭ ਤੋਂ ਉਤਮ ਮਾਰਗ ਹੈ।

ਉਪਰੋਕਤ ਵਿਚਾਰ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਭਾਈਗੁਰਦਾਸ ਨੇ ਵਾਰਾਂ ਵਿਚ ਅਨੇਕਾਂ ਵਿਸ਼ਿਆਂ ਨੂੰ ਛੁਹਿਆ ਹੈ ਅਤੇ ਇਨ੍ਹਾਂ ਦੀ ਪੇਸ਼ਕਾਰੀ ਰਾਹੀਂ ਗੁਰਮਤਿ ਦੇ ਸਿਧਾਂਤਾਂ ਦੀ ਹੀ ਵਿਆਖਿਆ ਕੀਤੀ ਹੈ। ਇਸ ਪੇਸ਼ਕਾਰੀ ਰਾਹੀਂ ਭਾਈ ਸਾਹਿਬ ਆਪਣੇ ਮੰਤਵਾਂ ਦੀ ਪੂਰਤੀ ਵਿਚ ਸਫਲ ਹੋਏ ਹਨ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਗੁਰਮਤਿ ਅਤੇ ਪੰਜਾਬੀ ਦੀ ਵਡਮੁੱਲੀ ਕਿਰਤ ਬਨ ਗਈਆਂ ਹਨ।

ਕਬਿੱਤ-ਸਵੱਯੇ :

ਭਾਈ ਗੁਰਦਾਸ ਦੁਆਰਾ ਰਚਿਤ 556 ਕਬਿੱਤ -ਸਵੱਯੇ ਬ੍ਰਜ ਭਾਸ਼ਾ ਵਿਚ ਸਾਨੂੰ ਸੰਨ 1940 ਈ. ਤੱਕ ਮਿਲਦੇ ਸਨ ਭਾਈ ਵੀਰ ਸਿੰਘ ਨੇ ਭਾਈ ਸਾਹਿਬ ਦੀ ਹੋਰ ਰਚਨਾ ਹੋਣ ਦੀ ਸੰਭਾਵਨਾ ਮੁੱਖ ਰੱਖਦਿਆਂ ਇਸ ਪਾਸੇ ਵੱਲ ਉਦੱਮ ਕੀਤਾ ਅਤੇ ਖੋਜ ਕਰਕੇ 119 ਕਬਿੱਤ ਹੋਰ ਲੱਭੇ ਅਤੇ ਇਨ੍ਹਾਂ ਨੂੰ 'ਕਬਿੱਤ-ਭਾਈ ਗੁਰਦਾਸ - ਦੂਸਰਾ ਸਕੰਧ' ਨਾਮ ਹੇਠ ਪਹਿਲੀ ਵਾਰ 1940 ਈ.' ਵਿਚ ਛਪਵਾਇਆ। ਇਸ ਤਰ੍ਹਾਂ ਦੂਸਰਾ ਸਕੰਧ ਦੇ ਤੇ ਪਹਿਲੇ ਮਿਲਦੇ ਕਬਿੱਤ ਸਵੱਯੇ ਮਿਲਾਕੇ ਇਨ੍ਹਾਂ ਦੀ ਗਿਣਤੀ 675 (556+119) ਬਣ ਜਾਂਦੀ ਹੈ। ਭਾਈ ਗੁਰਦਾਸ ਦੁਆਰਾ ਰਚਿਤ ਕਬਿੱਤ ਸਵੱਯੇ ਦੀ ਗਿਣਤੀ 556 ਤੋਂ ਵੱਧ ਹੋਣ ਦੀ ਪ੍ਰੇਰਨਾ ਭਾਈ ਵੀਰ ਸਿੰਘ ਨੂੰ 'ਗੁਰ ਪ੍ਰਤਾਪ ਸੂਰਜ ਗ੍ਰੰਥ' ਤੋਂ ਮਿਲੀ। ਭਾਈ ਵੀਰ ਸਿੰਘ ਨੇ ਦੂਸਰਾ ਸੰਕੰਧ ਦੇ ਕਬਿੱਤ

ਸਵੱਯੇ ਦੀ ਤੁਲਨਾ ਪਹਿਲੇ ਛਪੇ ਕਬਿੱਤ ਸਵੱਯੇ ਨਾਲ ਇਸ ਆਧਾਰ ਤੇ ਕੀਤੀ ਹੈ ਕਿ ਇਨ੍ਹਾਂ ਦੀ ਭਾਸ਼ਾ, ਵਿਸ਼ਾ, ਵਾਕ-ਬਣਤਰ, ਸ਼ੈਲੀ, ਦ੍ਰਿਸ਼ਟਾਂਤ ਆਦਿ ਕਾਫੀ ਮੇਲ ਖਾਂਦੇ ਹਨ ਤੇ ਇਨ੍ਹਾਂ ਨੂੰ ਭਾਈ ਗੁਰਦਾਸ ਦੀ ਰਚਨਾ ਸਿੱਧ ਕਰਦੇ ਹਨ।[115]

ਰਤਨ ਸਿੰਘ ਜੱਗੀ ਭਾਈ ਗੁਰਦਾਸ ਦੁਆਰਾ ਰਚਿਤ ਕਬਿੱਤ ਸਵੱਯੇ ਦਾ ਵਿਸ਼ਲੇਸ਼ਣ ਕਰਦਾ ਹੋਇਆ ਲਿਖਦਾ ਹੈ, "ਕੁਲ 675 ਕਬਿੱਤ ਸਵੱਯੇ ਵਿਚੋਂ 95 ਫੀ ਸਦੀ ਤੋਂ ਵੱਧ ਕਬਿੱਤ ਹਨ। ਬਾਕੀਆਂ ਵਿਚੋਂ ਕੁੱਝ ਦੋਹਿਰੇ, ਕੁੱਝ ਸੋਰਠੇ, ਕੁੱਝ ਛੰਦ ਆਦਿ ਹਨ। ਸਵੱਯੇ ਤਾਂ ਕੇਵਲ ਤਿੰਨ ਹੀ ਹਨ ਅਤੇ ਉਹ ਵੀ ਪਹਿਲੇ ਸਤੰਧ ਵਿਚ। ਇਸ ਲਈ ਇਸ ਸੰਕਲਨ ਨੂੰ 'ਕਬਿੱਤ' ਦਾ ਨਾਮ ਦੇਣਾ ਹੀ ਉਚਿਤ ਹੈ।[116]

ਭਾਈ ਗੁਰਦਾਸ ਦੁਆਰਾ ਰਚਿਤ ਕਬਿੱਤ ਸਵੱਯਾਂ ਦੇ ਰਚਨਾ ਕਾਲ ਬਾਰੇ ਵਿਦਵਾਨਾਂ ਵਿਚ ਮੱਤਭੇਦ ਹੈ। ਸੀਤਾ ਰਾਮ ਬਾਹਰੀ 'ਕਬਿੱਤ ਸਵੱਯੇ ਨੂੰ ਵਾਰਾਂ ਤੋਂ ਪਿਛੋਂ ਦੀ ਰਚਨਾ ਸਿੱਧ ਕਰਨ ਦਾ ਯਤਨ ਕਰਦਾ ਹੈ।[117] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਰਚਨਾ ਵਾਰਾਂ ਤੋਂ ਪਿਛਲੀ ਹੈ। ਕਾਸ਼ੀ-ਆਗਰੇ ਆਦਿ ਸਥਾਨਾਂ ਵਿਚ ਰਹਿਣ ਕਰਕੇ ਭਾਈ ਗੁਰਦਾਸ ਜੀ ਨੇ ਹਿੰਦੀ, ਬ੍ਰਜ ਭਾਸ਼ਾ ਦੀ ਰਚਨਾ ਕਰਨ ਦੀ ਨਿਪੁੰਨਤਾ ਪ੍ਰਾਪਤ ਕਰ ਲਈ ਸੀ।[118] ਪੰਡਿਤ ਨਰੈਣ ਸਿੰਘ ਅਨੁਸਾਰ, ਕਾਸ਼ੀ ਵਿਚ ਹੁੰਦੇ ਵਿਚਾਰ-ਵਟਾਂਦਰੇ ਕਬਿੱਤ -ਸਵੱਯੇ ਦਾ ਪ੍ਰੇਰਨਾ ਸਰੋਤ ਹਨ।[119] ਭਾਈ ਵੀਰ ਸਿੰਘ ਅਨੁਸਾਰ, ਅੱਡ ਅੱਡ ਸਮਿਆਂ ਉਤੇ ਅੱਡ ਅੱਡ ਵਾਕਿਆਤ ਹੋਣ ਪਰ ਤੇ ਅੱਡ ਅੱਡ ਨਿਰੀਖਣ ਦੇ ਸਾਹਮਣੇ ਆਉਣ ਪਰ ਅੱਡ ਅੱਡ ਵਿਸ਼ਿਆਂ ਤੇ ਲਿਖੀਦੇ ਰਹੇ ਹਨ।[120] ਇਹ ਵਿਚਾਰ ਸਚਾਈ ਦੇ ਕਾਫੀ ਨੇੜੇ ਜਾਪਦਾ ਹੈ ਕਿਉਂਕਿ ਭਾਈ ਗੁਰਦਾਸ ਆਪਣੇ ਜੀਵਨ ਕਾਲ ਦੌਰਾਨ ਗੁਰਮਤਿ ਦਾ ਪ੍ਰਚਾਰ ਕਰਨ ਲਈ ਵੱਖ ਵੱਖ ਸਥਾਨਾਂ ਤੇ ਵੱਖ ਵੱਖ ਸਮੇਂ ਦੌਰਾਨ ਗਏ ਤੇ ਉਥੇ ਹੀ ਉਨ੍ਹਾਂ ਨੇ ਉਥੋਂ ਦੀਆਂ ਪ੍ਰਸਥਿਤੀਆਂ ਦੇ ਮੁਤਾਬਕ ਇਨ੍ਹਾਂ ਦੀ ਰਚਨਾ ਕੀਤੀ ਹੋਵੇਗੀ। ਇਕੋ ਸਮੇਂ, ਇਕ ਥਾਂ ਤੇ ਬੈਠ ਕੇ ਇਨੇ ਵੱਡੇ ਕਾਰਜ ਦੀ ਰਚਨਾ ਕਰਨੀ ਸੰਭਵ ਨਹੀਂ ਹੋ ਸਕਦੀ। ਨਾਲੇ ਭਾਈ ਗੁਰਦਾਸ ਦਾ ਸਾਰਾ ਜੀਵਨ ਅਤੀ ਰੁਝੇਵਿਆਂ ਭਰਿਆ ਸੀ ਤੇ ਉਨ੍ਹਾਂ ਵਾਸਤੇ ਇਸ ਕਾਰਜ ਲਈ ਏਨਾ ਸਮਾਂ ਕੱਢਣਾ ਨਾ ਮੁਮਕਨ ਸੀ ਜਦ ਕਿ ਇਨ੍ਹਾਂ ਦੀ ਰਚਨਾ ਵੱਖ ਵੱਖ ਸਮੇਂ, ਸਥਾਨ ਤੇ ਪ੍ਰਸਥਿਤੀਆਂ ਮੁਤਾਬਕ ਹੋ ਸਕਦੀ ਸੀ।

ਸਾਰਾਂਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਦੇ ਕਬਿੱਤ ਸਵੱਯੇ ਦੀ ਰਚਨਾ ਵਾਰਾਂ ਤੋਂ ਪਿਛੋਂ ਦੀ ਰਚਨਾ ਹੈ ਕਿਉਂਕਿ ਕੋਈ ਵੀ ਕਵੀ ਜਾਂ ਸਾਹਿਤਕਾਰ ਸਭ ਤੋਂ ਪਹਿਲਾਂ ਆਪਣੀਆਂ ਬੋਲੀ ਵਿਚ ਰਚਨਾ ਕਰਨ ਲਈ ਕਲਮ ਅਜਮਾਉਂਦਾ ਹੈ ਤੇ ਬਾਅਦ ਵਿਚ ਕਿਸੇ ਹੋਰ ਭਾਸ਼ਾ ਬਾਰੇ ਰਚਨਾ ਕਰਨ ਦੀ ਸੋਚਦਾ ਹੈ। ਇਸ ਤਰ੍ਹਾਂ ਰਚਨਾ ਵੱਖ ਵੱਖ ਸਮੇਂ, ਸਥਾਨ ਤੇ ਪ੍ਰਸਥਿਤੀਆਂ ਵਿਚ ਕੀਤੀ ਗਈ।

ਵਿਸ਼ੇ ਦੇ ਪੱਖ ਤੋਂ ਭਾਈ ਗੁਰਦਾਸ ਰਚਿਤ ਕਬਿੱਤ-ਸਵੱਯੇ ਗੁਰਮਤਿ ਦੇ ਸਿਧਾਂਤਾਂ ਦੇ ਨਜਦੀਕ ਹਨ ਅਤੇ ਇਨ੍ਹਾਂ ਰਾਹੀਂ ਭਾਈ ਸਾਹਿਬ ਨੇ ਗੁਰਮਤਿ ਦੇ ਸਰਬਸਾਂਝੇ ਅਸੂਲਾਂ ਦੀ ਹੀ ਵਿਆਖਿਆ ਕੀਤੀ ਹੈ। ਡਾ. ਤਾਰਨ ਸਿੰਘ ਅਨੁਸਾਰ, "ਭਾਈ ਗੁਰਦਾਸ ਜੀ ਦੇ ਕਬਿੱਤ ਗੁਰੂ ਨਾਨਕ ਤੇ ਗੁਰੂ ਅਮਰਦਾਸ ਜੀ ਦੇ ਦੱਸੇ ਨਿਯਮ ਕਰਮ ਤੇ ਜ਼ੋਰ ਦਿੰਦੇ ਹਨ।[121]

ਸ਼ਲੋਕ :

ਭਾਈ ਗੁਰਦਾਸ ਦੁਆਰਾ ਰਚਿਤ ਛੇ ਸ਼ਲੋਕ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਦਰਜ ਹਨ। ਇਨ੍ਹਾਂ ਦੀ ਭਾਸ਼ਾ ਸੰਸਕ੍ਰਿਤ ਹੈ। ਇਨ੍ਹਾਂ ਸ਼ਲੋਕਾਂ ਦੀ ਰਚਨਾ ਬਾਰੇ ਇਸ ਗ੍ਰੰਥ ਵਿਚ ਹੀ ਦਰਜ ਹੈ ਕਿ ਭਾਈ ਗੁਰਦਾਸ ਪਾਸੋਂ ਕੁਝ ਪੰਡਤਾਂ ਨੇ ਪ੍ਰਮਾਤਮਾ ਦੇ ਪ੍ਰਚਲਤ ਨਾਵਾਂ ਦੀ ਥਾਂ 'ਵਾਹਿਗੁਰੂ' ਸ਼ਬਦ ਅਪਣਾਉਣ ਦਾ ਕਾਰਨ ਪੁਛਿਆ ਤਾਂ ਭਾਈ ਗੁਰਦਾਸ ਨੇ ਪੰਡਤਾਂ ਦੇ ਪ੍ਰਸ਼ਨ ਦੇ ਉੱਤਰ ਵਿਚ 'ਵਾਹਿਗੁਰੂ' ਸ਼ਬਦ ਦੀ ਸੰਪੂਰਨ ਵਿਆਖਿਆ ਸੰਸਕ੍ਰਿਤ ਦੇ ਸਲੋਕਾਂ ਦੀ ਰਚਨਾ ਰਾਹੀਂ ਕੀਤੀ। ਇਸ ਤੋਂ ਕਾਸ਼ੀ ਦੇ ਪੰਡਤ ਭਾਈ ਗੁਰਦਾਸ ਦੀ ਕਾਰ ਗੁਜਾਰੀ ਤੋਂ ਪ੍ਰਸੰਨ ਹੋਏ।

ਜੋ ਗੁਰਦਾਸ ਵਿਮਲ ਮਤਿ ਗਯਾਨੀ।
ਅਬ ਹਮਾਰੇ ਮਨ ਨਿਸਚੇ ਠਾਨੀ ।
ਤੁਮ ਤੇ ਸੰਸ਼ਯ ਗਯੋ ਹਮਾਰਾ
ਬਿਬਿਧ ਭੇਦ ਬਿਧਿ ਕੀਉ ਉਚਾਰਾ।[122]

ਭਾਈ ਗੁਰਦਾਸ ਦੁਆਰਾ ਰਚਿਤ ਇਨ੍ਹਾਂ ਸੰਸਕ੍ਰਿਤ ਸਲੋਕਾਂ ਦਾ ਮੂਲ ਪਾਠ ਅਜੇ ਤੱਕ ਪ੍ਰਾਪਤ ਨਹੀਂ ਹੋ ਸਕਿਆ। 'ਸੰਸਕ੍ਰਿਤ ਤੋਂ ਪੰਜਾਬੀ ਵਿਚ ਉਤਾਰਾ ਕਰਨ ਸਮੇਂ ਇਨ੍ਹਾਂ ਸਲੋਕਾਂ ਦਾ ਪਾਠ ਅਸ਼ੁੱਧ ਕਰ ਦਿੱਤਾ ਗਿਆ ਹੈ। ਇਨ੍ਹਾਂ ਅਸ਼ੁਧੀਆਂ ਦੀ ਸੋਧ ਤਾਂ ਹੀ ਹੋ ਸਕਦੀ ਹੈ ਜੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਦਾ ਅਸਲੀ ਨੁਸਖਾ ਮਿਲ ਜਾਵੇ।[123]

ਉਪਰੋਕਤ ਵਿਚਾਰ ਤੋਂ ਬਾਅਦ ਅਸੀਂ ਇਸ ਨਤੀਜੇ ਉਪਰ ਪਹੁੰਚਦੇ ਹਾਂ ਕਿ ਬੇਸ਼ੱਕ ਭਾਈ ਗੁਰਦਾਸ ਦੁਆਰਾ ਰਚਿਤ ਕਬਿੱਤ - ਸਵੱਯੇ ਤੇ ਸਲੋਕਾਂ ਦਾ ਸਾਹਿਤਕ ਤੇ ਅਧਿਆਤਮਕ ਮਿਆਰ ਕਾਫੀ ਉੱਚਾ ਹੈ ਪਰ ਇਨ੍ਹਾਂ ਨੂੰ ਵਾਰਾਂ ਜਿਨੀ ਪ੍ਰਸਿੱਧੀ ਪ੍ਰਾਪਤ ਨਹੀਂ ਹੋ ਸਕੀ। ਇਸ ਦਾ ਮੁੱਖ ਕਾਰਨ ਪੰਜਾਬ ਦੇ ਲੋਕਾਂ ਦਾ ਬ੍ਰਜ ਭਾਸ਼ਾ ਤੇ ਸੰਸਕ੍ਰਿਤੀ ਭਾਸ਼ਾ ਪ੍ਰਤੀ ਘੱਟ ਜਾਗਰੂਕ ਹੋਣਾ ਹੈ ਪੰਜਾਬੀ ਦੇ ਮੁਕਾਬਲੇ ਵਿਚ ਇਹਨਾਂ ਭਾਸ਼ਾਵਾਂ ਦੇ ਪਾਠਕਾਂ ਦੀ ਘਾਟ ਹੈ। ਪਰ ਫਿਰ ਵੀ ਇਹ ਰਚਨਾਵਾਂ ਵਿਦਵਾਨਾਂ, ਇਤਿਹਾਸਕਾਰਾਂ ਤੇ ਖੋਜੀਆਂ ਲਈ ਮਹੱਤਵ ਪੂਰਨ ਹਨ। ਕਿਉਂਕਿ ਇਨ੍ਹਾਂ ਵਿਚੋਂ ਅਧਿਆਤਮਕ ਵਿਸ਼ਿਆਂ ਦੇ ਨਾਲ ਨਾਲ ਆਮ ਜੀਵਨੀ ਪ੍ਰਤੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 05
2. ਵਾਰ 11/13
3. 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ', ਭਾਈ ਗੁਰਦਾਸ ਅੰਕ (ਪੰਜਾਬੀ ਦੁਨੀਆਂ), 1968, ਪੰ. 1
4. ਮਹਾਨ ਕੋਸ਼, ਪੰ. 908
5. 'ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ', ਪਰਖ, ਚਰਣ 1/107, ਪੰ. 11
6. 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ', ਭਾਈ ਗੁਰਦਾਸ (ਪੰਜਾਬੀ ਦੁਨੀਆਂ), 1968, ਪੰ. 2
7. ਭਾਈ ਗੁਰਦਾਸ ਜੀਵਨ ਤੇ ਰਚਨਾ, ਪੰ. 10-11
8. ਕਬਿੱਤ -ਭਾਈ ਗੁਰਦਾਸ, ਦੂਸਰਾ ਸੰਕੈਧ, ਪੰ. 25-26
9. A History of the Sikhs (Vol.I), p.310
10. ਭਾਈ ਗੁਰਦਾਸ, ਪੰ. 9
11. ਸਿੱਖ ਇਤਿਹਾਸ (ਭਾਗ ਦੂਜਾ) ਪੰ. 15
12. ਸਰਦੂਲ ਸਿੰਘ, ਭਾਈ ਗੁਰਦਾਸ, ਪੰ. 5
13. ਉਹੀ, ਪੰ. 4
14. ਗੁਰਦਾਸ ਦਰਸ਼ਨ, ਪੰ. 7-16
15. A History of the Sikhs (Vol. I), p.310

16. ਪੰਜਾਬ ਦੇ ਹੀਰੇ, ਪੰ. 23

17. Life of Bhai Gurdas, p.15.

18. ਚੰਗੇਰ, ਪੰ. 101

19. 'ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ', ਭਾਈ ਗੁਰਦਾਸ ਅੰਕ (ਪੰਜਾਬੀ ਦੁਨੀਆਂ, 1968) ਪੰ. 2

20. ਭਾਈ ਗੁਰਦਾਸ : ਇਕ ਅਧਿਐਨ, ਪੰ. 9

21. ਭਾਈ ਗੁਰਦਾਸ ਜੀਵਨ ਤੇ ਰਚਨਾ, ਪੰ. 10

22. ਭਾਈ ਗੁਰਦਾਸ ਦੀ ਪਹਿਲੀ ਵਾਰ, ਪੰ. 10

23. ਕਬਿੱਤ ਭਾਈ ਗੁਰਦਾਬ, ਦੂਸਰਾ ਸਕੰਧ, ਪੰ. 26 (ਫੁੱਟ ਨੋਟ)

24. ਉਹੀ, ਪੰ. 26

25. ਕਬਿੱਤ ਭਾਈ ਗੁਰਦਾਸ, ਦੂਸਰਾ ਸਕੰਧ, ਪੰ.26

26. ਸਿੱਖ ਇਤਿਹਾਸ (ਭਾਗ ਦੂਜਾ), ਪੰ. 15

27. ਪੰਜਾਬ ਦੇ ਹੀਰੇ, ਪੰ. 23

28. ਪੰਜਾਬੀ ਸਾਹਿਤ ਦਾ ਇਤਿਹਾਸ, ਪੰ. 149

29. ਭਾਈ ਗੁਰਦਾਸ, ਅੰਕ (ਪੰਜਾਬੀ ਦੁਨੀਆਂ), ਪੰ. 2

30. ਭਾਈ ਗੁਰਦਾਸ, ਪੰ. 5

31. ਭਾਈ ਗੁਰਦਾਸ : ਸਿੱਖੀ ਦੇ ਪਹਿਲੇ ਵਿਆਖਿਆਕਾਰ, ਪੰ. 7

32. ਭਾਈ ਗੁਰਦਾਸ, ਪੰ. 5

33. A History of the Sikhs, (Vol.I), p.310

34. ਕਬਿੱਤ ਭਾਈ ਗੁਰਦਾਸ, ਦੂਸਰਾ ਸਕੰਧ, ਪੰ. 27

35. ਭਾਈ ਗੁਰਦਾਸ, ਪੰ. 10

36. ਉਹੀ, ਪੰ. 7

37. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 491

38. ਮਹਾਨ ਕੋਸ਼, ਪੰ. 410

39. Guru Nanak and His Times, p.102

40. A History of Panjabi Literature, p. 207

41. History of the Sikh People, p. 209

42. A History of the Sikhs (Vol.I), p. 311

43. ਕਬਿਤ ਭਾਈ ਗੁਰਦਾਸ, ਦੂਸਰਾ ਸਕੰਧ, ਪੰ. 31

44. ਭਾਈ ਗੁਰਦਾਸ: ਇਕ ਅਧਿਐਨ, ਪੰ. 11

45. ਭਾਈ ਗੁਰਦਾਸ: ਜੀਵਨ ਤੇ ਰਚਨਾ, ਪੰ. 9

46. A History of the Sikhs (Vol. I), p.311

47. ਕਬਿੱਤ ਸਵੈਯੇ ਭਾਈ ਗੁਰਦਾਸ ਦੇ ਸਟੀਕ, ਟੀਕਾਕਾਰ ਭਾਈ ਬਿਸ਼ਨ ਸਿੰਘ (ਕਬਿੱਤ ਨੰ: 376), ਪੰ. 423

48. ਕਬਿੱਤ ਭਾਈ ਗੁਰਦਾਸ, ਦੂਸਰਾ ਸਕੰਧ, ਪੰ. 28

49. ਸਿੱਖ ਇਤਿਹਾਸ (ਭਾਗ ਦੂਜਾ), ਪੰ. 16

50. ਭਾਈ ਗੁਰਦਾਸ ਭੱਲੇ ਦਾ ਸੰਖੇਪ ਜੀਵਨ, ਭਾਈ ਗੁਰਦਾਸ ਅੰਕ (ਪੰਜਾਬੀ ਦੁਨੀਆਂ) 1968, ਪੰ. 3

51. ਉਹੀ, ਪੰ. 5
52. Life of Bhai Gurdas, p. 22.
53. ਭਾਈ ਗੁਰਦਾਸ, ਪੰ. 10-11
54. ਮਹਿਮਾ ਪ੍ਰਕਾਸ਼ (ਭਾਗ ਦੂਜਾ), ਪੰ. 352
55. ਕਬਿੱਤ ਭਾਈ ਗੁਰਦਾਸ (ਦੂਸਰਾ ਸਕੰਧ), ਪੰ. 35
56. ਉਹੀ, ਪੰ. 38
57. ਦਰਸ਼ਨ ਸਿੰਘ, ਭਾਈ ਗੁਰਦਾਸ : ਸਿੱਖੀ ਦੇ ਪਹਿਲੇ ਵਿਆਖਿਆਕਾਰ, ਪੰ. 16
58. The Sikh Relision (Vol. III), p. 25
59. ਗਿਆਨ ਸਿੰਘ, ਗਿਆਨੀ, ਤਵਾਰੀਖ ਗੁਰੂ ਖਾਲਸਾ (ਹਿੱਸਾ ਪਹਿਲਾ), ਪੰ. 384-85
60. ਮਹਾਨ ਕੋਸ਼, ਪੰ. 402
61. ਭਾਈ ਗੁਰਦਾਸ: ਇਕ ਅਧਿਐਨ, ਪੰ. 4
62. Sikh Ethics, p. 10
63. ਭਾਈ ਗੁਰਦਾਸ: ਜੀਵਨ ਤੇ ਰਚਨਾ, ਪੰ. 109
64. ਮਹਾਨ ਕੋਸ਼, ਪੰ. 311
65. Papers on Guru Nanak, p 68
66. ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ, ਪੰ. 107
67. ਦ੍ਰਿਸ਼ਟੀਕੋਣ, ਪੰ. 120
68. ਸਿੱਖ ਮੱਤ ਦਾ ਪਰਿਵਰਤਨ, ਪੰ. 31
69. The Sikh Religion (Vol.III), p. 55

70. <u>ਮਹਿਮਾ ਪ੍ਰਕਾਸ਼</u>, ਪੰ. 361

71. <u>ਆਦਿ ਗੁਰੂ ਗ੍ਰੰਥ ਦੀ ਵਡਿਆਈ</u>, ਪੰ. 7

72. <u>ਤਵਾਰੀਖ ਗੁਰੂ ਖਾਲਸਾ</u> (ਭਾਗ ਪਹਿਲਾ), ਪੰ. 395

73. <u>ਗੁਰਮਤ ਦਰਸ਼ਨ</u>, ਪੰ. 4

74. Gopal Singh (Dr.), <u>A History of the Sikh People</u>, p.209

75. <u>ਸਿੱਖ ਇਤਿਹਾਸ</u>, ਪੰ. 65

76. ਗਿਆਨ ਸਿੰਘ ਗਿਆਨੀ, <u>ਤਵਾਰੀਖ ਗੁਰੂ ਖਾਲਸਾ</u> (ਭਾਗ ਪਹਿਲਾ), ਪੰ. 406-9

77. <u>A History of the Sikh</u> (Vol. I), p. 59

78. <u>Sikhism, Development of Sikhism under Gurus</u>, p. 11

79. <u>ਗੁਰਬਿਲਾਸ ਪਾਤਿਸ਼ਾਹੀ ਛੇਵੀਂ</u>, ਪੰ. 140

80. ਵਾਰ 26/25

81. <u>ਗੁਰ ਪ੍ਰਤਾਪ ਸੂਰਜ ਗ੍ਰੰਥ</u>, ਰਾਗ4, ਅੰਸ਼ 51

82. <u>ਤਵਾਰੀਖ ਗੁਰੂ ਖਾਲਸਾ</u> (ਹਿੱਸਾ ਪਹਿਲਾ) ਪੰ. 442-43

83. ਜੱਗੀ, ਰਤਨ ਸਿੰਘ, <u>ਭਾਈ ਗੁਰਦਾਸ : ਜੀਵਨ ਤੇ ਰਚਨਾ</u>, ਪੰ. 21

84. ਗਿਆਨ ਸਿੰਘ, ਗਿਆਨੀ, <u>ਤਵਾਰੀਖ ਗੁਰੂ ਖਾਲਸਾ</u> (ਹਿੱਸਾ ਪਹਿਲਾ), ਪੰ. 485

85. ਵਾਰ 35/22

86. ਵਾਰ 35/23

87. <u>ਤਵਾਰੀਖ ਗੁਰੂ ਖਾਲਸਾ</u> (ਹਿੱਸਾ ਪਹਿਲਾ), ਪੰ. 493

88. A History of the Sikhs (Vol. I), p. 493

89. Guru Nanak and His Times, p. 162

90. ਗੁਰਮਤਿ ਦਰਸ਼ਨ, ਪੰ. 4

91. ਕਬਿੱਤ ਭਾਈ ਗੁਰਦਾਸ, ਦੂਸਰਾ ਸਕੰਧ, ਪੰ. 84

92. ਮਹਾਨ ਕੋਸ਼, ਪੰ. 416

93. A History of Panjabi Literature, p. 207

94. A History of the Sikh People, p. 209

95. ਵਾਰ 1/48-1-4

96. ਵੇਖੋ ਕਰਤਾਰ ਸਿੰਘ, ਸਿੱਖ ਇਤਿਹਾਸ, ਪੰ. 251-56

ਗੁਰੂ ਹਰਗੋਬਿੰਦ ਸਿੰਘ ਦੇ ਯੁੱਧਾਂ ਦਾ ਵੇਰਵਾ: ਪਹਿਲਾ ਯੁੱਧ 1685 ਬਿ., ਦੂਜਾ, 1687 ਬਿ., ਤੀਜਾ 1688 ਬਿ., ਚੌਥਾ, 1691 ਬਿ.।

97. ਭਾਈ ਗੁਰਦਾਸ, ਪੰ. 83-85

98. ਭਾਈ ਗੁਰਦਾਸ ਦੀ ਬੋਲੀ ਤੇ ਸ਼ੈਲੀ, ਭਾਈ ਗੁਰਦਾਸ ਅੰਕ (ਪੰਜਾਬੀ ਦੁਨੀਆਂ-1968) ਪੰ. 86

99. ਮਹਾਨ ਕੋਸ਼, ਪੰ. 311 ਅਤੇ ਗੁਰਮਤ ਸੁਧਾਕਰ, ਪੰ. 86

100. ਤਵਾਰੀਖ ਗੁਰੂ ਖਾਲਸਾ (ਹਿੱਸਾ ਪਹਿਲਾ), ਫੁੱਟ ਨੋਟ, ਪੰ. 485

101. The Sikh Religion, (Vol.III), p. 64

102. ਭਾਈ ਗੁਰਦਾਸ ਦੀ ਪਹਿਲੀ ਵਾਰ, ਪੰ. 28

103. ਵਾਰਾਂ ਭਾਈ ਗੁਰਦਾਸ (ਭੂਮਿਕਾ), ਪੰ. ਅ

104. ਗੁਰਮਤ ਸੁਧਾਕਰ, ਪੰ. 178

105. ਗੁਰ ਬਿਲਾਸ ਪਾਤਿਸ਼ਾਹੀ ਛੇਵੀਂ, ਪੰ. 385

106. ਵਾਰਾਂ ਭਾਈ ਗੁਰਦਾਸ ਸਟੀਕ, ਪੰ. 697

107. ਭਾਈ ਗੁਰਦਾਸ : ਜੀਵਨ ਤੇ ਰਚਨਾ, ਪੰ. 36-37

108. ਭਾਈ ਗੁਰਦਾਸ ਜੀ ਦੀਆਂ ਵਾਰਾਂ, ਪੰ. 34-35

109. ਵਾਰਾਂ ਭਾਈ ਗੁਰਦਾਸ (ਭੂਮਿਕਾ), ਪੰ. ਅ, ੲ

110. ਵਾਰਾਂ ਭਾਈ ਗੁਰਦਾਸ ਸਟੀਕ, (ਫੁੱਟ ਨੋਟ), ਪੰ. 662-63

111. ਵਾਰਾਂ ਭਾਈ ਗੁਰਦਾਸ (ਸਟੀਕ) (ਫੁੱਟ ਨੋਟ), ਪੰ. 714

112. ਭਾਈ ਗੁਰਦਾਸ, ਪੰ. 15

113. ਭਾਈ ਗੁਰਦਾਸ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ, ਪੰ. 70

114. ਵਾਰ 1/27-8

115. ਭਾਈ ਵੀਰ ਸਿੰਘ, ਕਬਿੱਤ-ਭਾਈ ਗੁਰਦਾਸ - ਦੂਸਰਾ ਸਕੰਧ, ਪੰ. 9-13

116. ਭਾਈ ਗੁਰਦਾਸ, ਜੀਵਨ ਤੇ ਰਚਨਾ, ਪੰ. 35

117. ਭਾਈ ਗੁਰਦਾਸ ਅੰਕ, ਪੰ. 152 (ਭਾਸ਼ਾ ਵਿਭਾਗ)

118. ਗੁਰਮਤ ਸੁਧਾਕਰ, ਪੰ. 180 (ਫੁੱਟ ਨੋਟ)

119. ਕਬਿੱਤ ਭਾਈ ਗੁਰਦਾਸ, ਦੂਸਰਾ ਸਕੰਧ, ਪੰ. 13

120. ਭਾਈ ਗੁਰਦਾਸ ਜੀ (ਟੀਕਾ), ਪੰ. 3

121. ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਦਾ ਇਤਿਹਾਸ, ਭਾਈ ਗੁਰਦਾਸ, ਪੰ. 343

122. ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ 7, ਅੰਸ 4, ਅੰਕ 51

123. ਭਾਈ ਕ੍ਹੀਰ ਸਿੰਘ 'ਕਬਿੱਤ ਭਾਈ ਗੁਰਦਾਸ: ਦੂਸਰਾ ਸਰਵੇਖ, ਪੰ. 68 (ਫੁੱਟ ਨੋਟ)

ਅਧਿਆਇ ਤੀਜਾ :

*
*
*
*
*
*
*

## ਇਤਿਹਾਸਕ ਸੁਖਸਿਅਤਾਂ ਅਤੇ ਉਨ੍ਹਾਂ ਨਾਲ ਸੰਬੰਧਤ ਘਟਨਾਵਾਂ

(ੳ) ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਤ ਸੰਕੇਤ

(ਅ) ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਭਗਤਾਂ ਦੇ ਜੀਵਨ ਨਾਲ ਸੰਬੰਧਤ ਸੰਕੇਤ

(ੲ) ਪ੍ਰਸਿੱਧ ਸਿੱਖ

(i) ਗੁਰੂ ਨਾਨਕ ਸਾਹਿਬ ਨਾਲ ਸੰਬੰਧਤ ਸਿੱਖ

(ii) ਗੁਰੂ ਅੰਗਦ ਦੇਵ ਨਾਲ ਸੰਬੰਧਤ ਸਿੱਖ

(iii) ਗੁਰੂ ਅਮਰਦਾਸ ਨਾਲ ਸੰਬੰਧਤ ਸਿੱਖ

(iv) ਗੁਰੂ ਰਾਮਦਾਸ ਨਾਲ ਸੰਬੰਧਤ ਸਿੱਖ

(v) ਗੁਰੂ ਅਰਜਨ ਦੇਵ ਨਾਲ ਸੰਬੰਧਤ ਸਿੱਖ

(vi) ਗੁਰੂ ਹਰਗੋਬਿੰਦ ਨਾਲ ਸੰਬੰਧਤ ਸਿੱਖ

(ਸ) ਗੁਰੂ ਸਾਹਿਬਾਨ ਦੀ ਸੰਤਾਨ ਨਾਲ ਸੰਬੰਧਤ ਸੰਕੇਤ

(ਹ) ਕੁਝ ਹੋਰ ਸੁਖਸੀਅਤਾਂ ਨਾਲ ਸੰਬੰਧਤ ਸੰਕੇਤ

(ਕ) ਇਤਿਹਾਸਕ ਸਥਾਨਾਂ ਨਾਲ ਸੰਬੰਧਤ ਸੰਕੇਤ

## (ੳ) ਇਤਿਹਾਸਕ ਸ਼ਖਸੀਅਤਾਂ ਅਤੇ ਉਨ੍ਹਾਂ ਨਾਲ ਸੰਬੰਧਤ ਘਟਨਾਵਾਂ

ਭਾਈ ਗੁਰਦਾਸ ਨੇ ਸਮਕਾਲੀ ਅਤੇ ਪੂਰਵਕਾਲੀਨ ਇਤਿਹਾਸਕ ਸ਼ਖਸੀਅਤਾਂ ਅਤੇ ਉਨ੍ਹਾਂ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਦਾ ਸੰਕੇਤਮਈ ਵਰਨਣ ਵਾਰਾਂ ਵਿਚ ਕੀਤਾ ਹੈ। ਇਨ੍ਹਾਂ ਵਿਚੋਂ ਮੁੱਖ ਰੂਪ ਵਿਚ ਪਹਿਲੇ ਛੇ ਗੁਰੂ ਸਾਹਿਬਾਨ, ਪ੍ਰਸਿੱਧ ਇਤਿਹਾਸਕ ਭਗਤ, ਪ੍ਰਸਿੱਧ ਸਿੱਖਾਂ ਬਾਰੇ ਅਤੇ ਹੋਰ ਗੁਰੂ ਘਰ ਦੀਆਂ ਨਿਕਟਵਰਤੀ ਸ਼ਖਸੀਅਤਾਂ ਬਾਰੇ ਸੰਕੇਤਮਈ ਜਾਣਕਾਰੀ ਮਿਲਦੀ ਹੈ। ਭਾਈ ਗੁਰਦਾਸ ਦਾ ਮੁੱਖ ਮੰਤਵ ਇਨ੍ਹਾਂ ਸ਼ਖਸੀਅਤਾਂ ਸੰਬੰਧੀ ਇਤਿਹਾਸ ਨੂੰ ਕਲਮਬੰਦ ਕਰਨਾ ਨਹੀਂ ਸੀ। ਉਹ ਬੁਨਿਆਦੀ ਤੌਰਤੇ ਇਕ ਕਵੀ ਸਨ ਅਤੇ ਆਪਣੀ ਕਾਵਿ ਪ੍ਰਤਿਭਾ ਰਾਹੀਂ ਗੁਰਮਤਿ ਦੇ ਸਿਧਾਂਤਾਂ ਦਾ ਪ੍ਰਚਾਰ ਤੇ ਪਾਸਾਰ ਕਰਨਾ ਉਨ੍ਹਾਂ ਦਾ ਮੁੱਖ ਟੀਚਾ ਸੀ। ਰਤਨ ਸਿੰਘ ਜੱਗੀ ਅਨੁਸਾਰ, ਉਹ ਸਿੱਖ ਧਰਮ ਦੇ ਦਾਰਸ਼ਨਿਕ ਵਿਸ਼ਲੇਸ਼ਣ ਵਿਚ ਨਹੀਂ ਪਿਆ ਸਗੋਂ ਗੁਰਮਤਿ ਪਰੰਪਰਾ ਦੇ ਪ੍ਰਚਾਰ ਅਤੇ ਪ੍ਰਸਾਰ ਪ੍ਰਤੀ ਰੁਚਿਤ ਹੈ।* ਇਸੇ ਰੁਚੀ ਅਧੀਨ ਉਨ੍ਹਾਂ ਨੇ ਇਨ੍ਹਾਂ ਇਤਿਹਾਸਕ ਸ਼ਖਸੀਅਤਾਂ ਦੇ ਜੀਵਨ ਵਿਚੋਂ ਕਿਸੇ ਇਕ ਘਟਨਾ ਨੂੰ ਲੈ ਕੇ ਉਸ ਨੂੰ ਵਾਰਾਂ ਵਿਚ ਮੂਰਤੀਮਾਨ ਕੀਤਾ ਹੈ ਅਤੇ ਅੰਤ ਵਿਚ ਗੁਰਮਤਿ ਦੇ ਸਿਧਾਂਤਾਂ ਦੀ ਪੁਸ਼ਟੀ ਕੀਤੀ ਹੈ।

### ਗੁਰੂ ਸਾਹਿਬਾਨ :

### ਗੁਰੂ ਨਾਨਕ ਦੇਵ:

ਭਾਈ ਗੁਰਦਾਸ ਦੀਆਂ ਵਾਰਾਂ ਗੁਰੂ ਨਾਨਕ ਸਾਹਿਬ ਦੇ ਜੀਵਨ ਅਤੇ ਯਾਤਰਾਵਾਂ ਸੰਬੰਧੀ ਮਹੱਤਵਪੂਰਨ ਸਮੱਗਰੀ ਪ੍ਰਦਾਨ ਕਰਦੀਆਂ ਹਨ। ਵਾਰਾਂ ਤੋਂ ਮਗਰੋਂ ਗੁਰੂ ਸਾਹਿਬ ਦੇ ਜੀਵਨ ਬਾਰੇ ਭਾਈ ਮਨੀ ਸਿੰਘ ਨੇ 'ਗਿਆਨ ਰਤਨਾਵਲੀ' ਦੀ ਰਚਨਾ ਕੀਤੀ, ਜਿਸ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਦੀ ਹੀ ਵਿਆਖਿਆ ਕੀਤੀ ਗਈ ਹੈ। ਗੁਰੂ ਸਾਹਿਬ ਦੇ ਜੀਵਨ ਸੰਬੰਧੀ ਮੋਟੀ ਜਿਹੀ ਜਾਣਕਾਰੀ ਮੋਹਿਸਨ ਫਾਨੀ ਰਚਿਤ 'ਦਾਬਿਸਤਾਨ' ਤੋਂ ਵੀ ਪ੍ਰਾਪਤ ਹੁੰਦੀ ਹੈ। ਪਰ ਇਸ ਦਾ ਬਹੁਤਾ ਭਾਗ ਕਾਲਪਨਿਕ ਕਥਾਵਾਂ ਨਾਲ ਸੰਬੰਧਤ ਹੈ ਜੋ ਲੇਖਕ ਨੇਉਸ ਸਮੇਂ ਸਿੱਖਾਂ ਤੋਂ ਸੁਣੀਆਂ ਸਨ। ਭਾਈ ਸੰਤੋਖ ਸਿੰਘ ਦਾ 'ਨਾਨਕ ਪ੍ਰਕਾਸ਼' ਪ੍ਰਾਪਤ ਹੈਜਿਸ ਵਿਚ ਲੇਖਕ ਨੇ ਗੁਰੂ ਨਾਨਕ

---

* ਭਾਈ ਗੁਰਦਾਸ ਜੀਵਨ ਤੇ ਰਚਨਾ, ਪੰ. 79

ਸਾਹਿਬ ਦੀ ਰਚਨਾ 'ਜਪੁਜੀ' ਦੀ ਵਿਆਖਿਆ ਕੀਤੀ ਹੈ। ਇਨ੍ਹਾਂ ਦੇ ਨਾਲ ਕੁਝ ਵਿਦਵਾਨਾਂ ਨੇ ਗੁਰੂ ਸਾਹਿਬ ਦੇ ਜੀਵਨ ਸਬੰਧੀ ਜਨਮ ਸਾਖੀਆਂ ਦੀ ਦੀ ਰਚਨਾ ਵੀ ਕੀਤੀ ਹੈ; ਪਰ ਉਨ੍ਹਾਂ ਵਿਚੋਂ ਕਈਆਂ ਵਿਚ ਕਾਫ਼ੀ ਮਿਲਾਵਟ ਤੇ ਬਨਾਵਟ ਹੈ। ਇੰਦੂ ਭੂਸ਼ਨ ਬੈਨਰਜੀ ਅਨੁਸਾਰ, ਮੰਦੇ ਭਾਗਾਂ ਨੂੰ ਇਨ੍ਹਾਂ ਪੁਰਾਤਨ ਉਲੇਖਾਂ ਵਿਚ ਕਲਪਿਤ ਕਹਾਣੀਆਂ ਦੀ ਬਣਤਰ ਪਹਿਲੋਂ ਹੀ ਕਾਫ਼ੀ ਮਾਤਰਾ ਵਿਚ ਆ ਚੁੱਕੀ ਹੈ।[1] ਜਿਸ ਕਰਕੇ ਪਾਠਕਾਂ ਦੇ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਦੇ ਜੀਵਨ ਅਤੇ ਯਾਤਰਾਵਾਂ ਬਾਰੇ ਵਿਦਵਾਨਾਂ ਵਿਚ ਕਾਫ਼ੀ ਮੱਤ ਭੇਦ ਹੈ। ਕੁਝ ਕੁ ਵਿਦੇਸ਼ੀ ਅਤੇ ਭਾਰਤੀ ਵਿਦਵਾਨਾਂ ਨੇ ਕੋਈ ਨਾ ਕੋਈ ਨੁਕਤਾ ਲੈਕੇ ਗੁਰੂ ਸਾਹਿਬ ਦੇ ਰੁਝੇਵਿਆਂ ਨਾਲ ਸਬੰਧਤ ਤੱਥਾਂ ਨੂੰ ਤਰੋੜ ਮਰੋੜ ਕੇ ਇਸ ਤਰੀਕੇ ਨਾਲ ਪੇਸ਼ ਕੀਤਾ ਹੈ ਜਿਸ ਨਾਲ ਪਾਠਕਾਂ ਤੇ ਸਰੋਤਿਆਂ ਨੂੰ ਇਸ ਇਤਿਹਾਸਕ ਸਚਾਈ ਬਾਰੇ ਚਿੰਤਾ ਹੋਣ ਲਗਦੀ ਹੈ। ਇਨ੍ਹਾਂ ਵਿਦਵਾਨਾਂ ਦੁਆਰਾ ਉਠਾਏ ਗਏ ਕਿੰਤੂਆਂ ਬਾਰੇ ਕਈ ਵਿਦਵਾਨਾਂ ਅਤੇ ਖੋਜੀਆਂ ਨੇ ਦੂਰ-ਦੁਰਾਡੇ, ਜਿੱਥੇ ਗੁਰੂ ਨਾਨਕ ਸਾਹਿਬ ਗਏ ਸਨ, ਉਨ੍ਹਾਂ ਸਥਾਨਾਂ ਤੇ ਜਾ ਕੇ ਇਸ ਇਤਿਹਾਸਕ ਸੱਚ ਦੀ ਖੋਜ ਕਰਨ ਦੇ ਸਫ਼ਲ ਯਤਨ ਕੀਤੇ ਹਨ। ਇਨ੍ਹਾਂ ਵਿਚੋਂ ਡਾ. ਗੰਡਾ ਸਿੰਘ, ਡਾ. ਕਿਰਪਾਲ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ ਆਦਿ ਵਿਦਵਾਨਾਂ ਦੇ ਨਾਮ ਵਰਨਣਯੋਗ ਹਨ।

ਭਾਈ ਗੁਰਦਾਸ ਦੀਆਂ ਵਾਰਾਂ ਦੀ ਇਤਿਹਾਸਕਤਾ ਬਾਰੇ ਜੀ.ਐਸ. ਛਾਬੜਾ ਲਿਖਦਾ ਹੈ, "ਵਾਸਤਵ ਵਿਚ ਵਾਰਾਂ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਪੰਜਾਹ ਸਾਲ ਪਿਛੋਂ ਲਿਖੀਆਂ ਗਈਆਂ ਅਤੇ ਇਨ੍ਹਾਂ ਵਿਚ ਕਈ ਥਾਵਾਂ ਉਤੇ ਕੀਤਾ ਇਤਿਹਾਸਕ ਵਰਣਨ ਐਨ ਠੀਕ ਤਾਰੀਖਵਾਰ ਵੀ ਨਹੀਂ ਕੀਤਾ ਗਿਆ; ਫਿਰ ਵੀ ਇਸ ਤਾਰੀਖਵਾਰ ਨੂੰ ਪਾਸੇ ਰੱਖਦਿਆਂ, ਇਸ ਪਹਿਲੀ ਲਿਖਤ ਦੀਆਂ ਘਟਨਾਵਾਂ ਨੂੰ ਗਲਤ ਕਹਿ ਕੇ ਵੀ ਨਹੀਂ ਛੱਡ ਸਕਦੇ, ਕਿਉਂਕਿ ਇਹ ਸਮੱਗਰੀ ਦੀ ਪ੍ਰੋੜ੍ਹਤਾ ਸਮਕਾਲੀ ਘਟਨਾਵਾਂ ਅਤੇ ਗੁਰੂ ਨਾਨਕ ਦੇਵ ਜੀ ਦੇ ਕਹੇ ਸ਼ਬਦ, ਸ਼ਲੋਕ ਕਰਦੇ ਹਨ।"[2] ਡਾ. ਕਿਰਪਾਲ ਸਿੰਘ ਅਨੁਸਾਰ, "ਭਾਈ ਗੁਰਦਾਸ ਦੀ ਪਹਿਲੀ ਵਾਰ ਨੇ ਗੁਰੂ ਨਾਨਕ ਪਰੰਪਰਾ ਦੇ ਲਿਖਤੀ ਰੂਪ ਦਾ ਨੀਂਹ ਪੱਥਰ ਰੱਖਿਆ।"[3] ਮੈਕਾਲਿਫ ਅਨੁਸਾਰ, "ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਨਾਨਕ ਦੇਵ ਦੇ ਜੀਵਨ ਸਬੰਧੀ ਸਭ ਤੋਂ ਪੁਰਾਤਨ ਮੰਨਣਯੋਗ ਪ੍ਰਮਾਣ ਮਿਲਦੇ ਹਨ।"[4] ਉਸ ਦਾ ਅਨੁਮਾਨ ਹੈ ਕਿ ਇਹ ਵਾਰਾਂ ਗੁਰੂ ਨਾਨਕ ਦੇ ਸਮਾਉਣ ਤੋਂ ਸੱਠ ਸਾਲ ਬਾਅਦ ਲਿਖੀਆਂ

ਗਈਆਂ।"[5] ਖੁਸ਼ਵੰਤ ਸਿੰਘ ਅਨੁਸਾਰ, ਜਿਨ੍ਹਾਂ ਵੀ ਤੱਥਾਂ ਦਾ ਵਰਨਣ ਵਾਰਾਂ ਵਿਚ ਮਿਲਦਾ ਹੈ, ਉਨ੍ਹਾਂ ਨੂੰ ਜ਼ਰੂਰ ਪ੍ਰਮਾਣਿਕ ਮੰਨਣਾ ਚਾਹੀਦਾ ਹੈ।[6] ਰਤਨ ਸਿੰਘ ਜੱਗੀ ਲਿਖਦਾ ਹੈ, "ਗੁਰੂ ਨਾਨਕ ਦੇ ਸਬੰਧ ਵਿਚ ਭਾਈ ਗੁਰਦਾਸ ਦੁਆਰਾ ਜੁਟਾਈ ਪਹਿਲੀ ਵਾਰ ਦੀ ਸੂਚਨਾ ਅਧਿਕ ਵਿਸ਼ਵਾਸਯੋਗ ਅਤੇ ਪ੍ਰਸਥਿਤੀ ਦੇ ਅਨੁਕੂਲ ਹੈ।[7] ਮੈਕਲੋਡ, ਭਾਈ ਗੁਰਦਾਸ ਦੀਆਂ ਵਾਰਾਂ ਦੀ ਇਤਿਹਾਸਕਤਾ ਤੇ ਪ੍ਰਮਾਣਿਕਤਾ ਤੇ ਕਿੰਤੂ ਕਰਦਾ ਹੋਇਆ ਲਿਖਦਾ ਹੈ , "ਇਕ ਇਤਿਹਾਸਕਾਰ ਉਨ੍ਹਾਂ ਗੱਲਾਂ ਦੀ ਬਗੈਰ ਪੁਣ ਛਾਣ ਕੀਤੇ ਇਨ੍ਹਾਂ ਨੂੰ ਪ੍ਰਵਾਨ ਨਹੀਂ ਕਰ ਸਕਦਾ, ਜਿਹੜੀਆਂ ਉਸ ਨੇ ਗੁਰੂ ਸਾਹਿਬ ਬਾਰੇ ਕਹੀਆਂ ਹਨ।"[8]

ਪਰ ਡਾ. ਮੈਕਲੋਡ ਦੇ ਵਿਚਾਰ ਭਾਈ ਗੁਰਦਾਸ ਦੀ ਜੀਵਨ ਦ੍ਰਿਸ਼ਟੀ ਨੂੰ ਪੂਰਨ ਰੂਪ ਵਿਚ ਆਪਣੀ ਲਪੇਟ ਵਿਚ ਨਹੀਂ ਲੈਂਦੇ। ਭਾਈ ਗੁਰਦਾਸ ਵਲੋਂ ਪ੍ਰਸਤੁਤ ਕੀਤੇ ਬਿਰਤਾਂਤ ਨੂੰ ਇਤਿਹਾਸਕ ਪ੍ਰਸੰਗ ਵਿਚ ਸਿੱਖ ਵਿਦਵਾਨਾਂ ਨੇ ਸਵੀਕਾਰ ਕੀਤਾ ਹੈ। ਕਿਉਂਕਿ ਗੁਰੂ ਘਰ ਦੇ ਨਿਕਟਵਰਤੀ ਹੋਣ ਕਰਕੇ, ਉਹ ਗੁਰੂ ਘਰ ਦੀਆਂ ਰਵਾਇਤਾਂ ਨੂੰ ਭਲੀ ਪ੍ਰਕਾਰ ਜਾਣਦੇ ਸਨ। ਉਨ੍ਹਾਂ ਨੇ ਤੀਜੇ ਗੁਰੂ ਸਾਹਿਬਾਨ ਤੋਂ ਲੈ ਕੇ ਛੇਵੇਂ ਗੁਰੂ ਸਾਹਿਬਾਨ ਦੀ ਸੰਗਤ ਦਾ ਆਨੰਦ ਮਾਣਿਆ । ਉਸ ਸਮੇਂ ਕਈ ਸਿੱਖ ਮੌਜੂਦ ਸਨ ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕੀਤੇ ਸਨ। ਬਾਬਾ ਬੁੱਢਾ ਜੀ ਇਨ੍ਹਾਂ ਵਿਚੋਂ ਪ੍ਰਮੁੱਖ ਸਨ। ਇਸ ਸਬੰਧੀ ਵਰਨਣ ਭਾਈ ਗੁਰਦਾਸ ਨੇ 11ਵੀਂ ਵਾਰ ਵਿਚ ਕੀਤਾ ਹੈ:

- - - - ਬੂੜਾ ਬੂਢਾ ਇਕ ਮਨਿ ਧਿਆਵੈ।[9]

ਭਾਈ ਗੁਰਦਾਸ, ਬਾਬਾ ਬੁੱਢਾ ਜੀ ਦੇ ਨਿਕਟ ਸੰਪਰਕ ਵਿਚ ਰਹੇ । ਬਾਬਾ ਬੁੱਢਾ ਜੀ ਨੂੰ ਪਹਿਲੇ ਦੋ ਗੁਰੂ ਸਾਹਿਬਾਨ ਦੇ ਦਰਸ਼ਨ ਤੇ ਸੇਵਾ ਕਰਨ ਦਾ ਮੌਕਾ ਮਿਲਿਆ ਸੀ। ਇਸ ਪ੍ਰਕਾਰ ਉਹ ਗੁਰੂ ਸਾਹਿਬ ਦੇ ਜੀਵਨ ਅਤੇ ਕਾਰਨਾਮਿਆਂ ਬਾਰੇ ਭਲੀਂ ਭਾਂਤ ਜਾਣੂ ਸਨ। ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਬਾਰੇ ਵਾਰਾਂ ਵਿਚ ਜਿਨ੍ਹਾਂ ਤੱਥਾਂ ਦਾ ਵਰਨਣ ਕੀਤਾ ਹੈ ਉਹ ਬਾਬਾ ਬੁੱਢਾ ਜੀ ਵਲੋਂ ਪ੍ਰਦਾਨ ਕੀਤੀ ਜਾਣਕਾਰੀ ਤੇ ਪ੍ਰਚਲਤ ਰਵਾਇਤਾਂ ਤੇ ਆਧਾਰਿਤ ਹੈ। ਇਸ ਕਰਕੇ ਵਾਰਾਂ ਵਿਚ ਦਰਜ ਤੱਥਾਂ ਦੀ ਇਤਿਹਾਸਕ ਮਹਾਨਤਾ ਤੇ ਕਿੰਤੂ ਨਹੀਂ ਕੀਤਾ ਜਾ ਸਕਦਾ ਕਿਉਂਕਿ ਕੋਈ ਵੀ ਅਜਿਹਾ ਇਤਿਹਾਸਕਾਰ ਜਾਂ ਕਵੀ ਨਹੀਂ ਮਿਲਦਾ ਜਿਸ ਨੇ ਗੁਰੂ ਘਰ ਨੂੰ ਏਨਾ ਨੇੜਿਉਂ ਦੇਖਿਆ ਹੋਵੇ ਅਤੇ ਗੁਰੂ ਘਰ ਦੇ ਸਿਧਾਂਤਾਂ ਨੂੰ ਸਮਝ ਕੇ ਉਸਦਾ ਦੂਰ ਦੁਰਾਡੇ ਪ੍ਰਾਂਤਾਂ ਵਿਚ ਪ੍ਰਚਾਰ ਕੀਤਾ ਹੋਵੇ।

ਗੁਰੂ ਨਾਨਕ ਸਾਹਿਬ ਦੇ ਆਗਮਨ ਬਾਰੇ ਭਾਈ ਗੁਰਦਾਸ ਦਾ ਕਥਨ ਹੈ ਕਿ ਅਕਾਲ-ਪੁਰਖ ਨੇ ਧਰਮ ਦੀ ਪੁਕਾਰ ਸੁਣੀ ਤੇ ਗੁਰੂ ਨਾਨਕ ਨੂੰ ਜਗਤ ਤੇ ਪਾਪ ਨਿਵਾਰਣ ਲਈ ਭੇਜਿਆ। ਗੁਰੂ ਸਾਹਿਬ ਨੇ ਗੁਰਸਿੱਖਾਂ ਨੂੰ ਭਗਤੀ ਤੇ ਨਿਮਰਤਾ ਦੀ ਸਿਖਿਆ ਦਿੱਤੀ। ਸੰਸਾਰ ਨੂੰ ਅਨੇਕਾਂ ਧਰਮਾਂ ਵਿਚੋਂ ਕੱਢ ਕੇ ਏਕਤਾ ਉਤੇ ਦ੍ਰਿੜ ਕੀਤਾ। ਰਾਣਾ ਤੇ ਰੰਕ ਨੂੰ ਬਰਾਬਰ ਜਾਣਦਿਆਂ ਜੱਗ ਵਿਚ ਨਿਮਰਤਾ ਦਾ ਗੁਣ ਚਲਾਇਆ। ਕਲਿਯੁੱਗ ਨੂੰ ਤਾਰਿਆ ਅਤੇ ਸਤਿਨਾਮ ਦਾ ਮੰਤਰ ਸੁਣਾਇਆ। ਗੁਰੂ ਨਾਨਕ ਕਲਯੁੱਗ ਦਾ ਉਧਾਰ ਕਰਨ ਲਈ ਜੱਗ ਵਿਚ ਆਏ ਸਨ।[10] ਆਪਣੇ ਇਸ ਕਾਰਜ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਕਈ ਦੁੱਖ ਸਹਾਰੇ ਤੇ ਅਕਾਲਪੁਰਖ ਦੀ ਵੱਡੀ ਤਪੱਸਿਆ ਕੀਤੀ:

ਰੇਤੁ ਅੱਕੁ ਆਹਰੁ, ਰੋੜਾਂ ਕੀ ਗੁਰ ਕੀਅ ਵਿਛਾਈ।
ਭਾਰੀ ਕਰੀ ਤਪੱਸਿਆ, ਵਡੇ ਭਾਗਿ ਹਰਿ ਸਿਉ ਬਣਿ ਆਈ।[11]

ਭਾਈ ਗੁਰਦਾਸ ਦੇ ਇਸ ਕਥਨ ਦੀ ਪੁਸ਼ਟੀ ਮੋਹਸਿਨ ਫਾਨੀ ਵੀ ਕਰਦਾ ਹੈ, "ਪਹਿਲੋਂ ਉਹ ਥੋੜਾ ਬਹੁਤ ਆਹਾਰ ਕਰਦਾ ਸੀ, ਇਸ ਮਗਰੋਂ ਉਹ ਥੋੜੇ ਜੇਹੇ ਗੋਕੇ ਦੁੱਧ ਤੇ ਹੀ ਰਹਿਣ ਲੱਗਾ, ਫਿਰ ਥੋੜੀ ਜਿਹੀ ਚਿਕਨਾਈ, ਇਸ ਤੋਂ ਪਿਛੋਂ ਸਵਾਏ ਪਾਣੀ ਤੋਂ ਕੁਝ ਆਹਾਰ ਨਹੀਂ ਕਰਦਾ ਸੀ ਅਤੇ ਆਖਰ ਉਹ ਕੇਵਲ ਪੌਣਹਾਰੀ ਹੋ ਗਿਆ।"[12]

ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਧਿਆਨ ਧਰਕੇ ਸਾਰੀ ਦੁਨੀਆਂ ਸੜਦੀ ਦੇਖੀ ਤੇ ਮਹਿਸੂਸ ਕੀਤਾ ਕਿ ਸੱਚੇ ਗੁਰੂ ਤੋਂ ਬਿਨਾਂ ਘੁੱਪ ਹਨੇਰਾ ਹੈ। ਇਸ ਤੇ ਬਾਬੇ ਨੇ ਉਦਾਸੀ ਦੀ ਰੀਤ ਚਲਾਈ:

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਮੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।[13]

ਉਪਰੋਕਤ ਸਤਰਾਂ ਵਿਚ ਗੁਰੂ ਨਾਨਕ ਸਾਹਿਬ ਦਾ ਉਦਾਸੀਆਂ ਉਤੇ ਜਾਣ ਦਾ ਜੋ ਸੰਕੇਤ ਹੈ, ਇਹ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਹੈ।

ਗੁਰੂ ਨਾਨਕ ਸਾਹਿਬ ਆਪਣੀਆਂ ਯਾਤਰਾਵਾਂ ਦੌਰਾਨ ਭਾਰਤ ਤੇ ਭਾਰਤ ਤੋਂ ਬਾਹਰ ਕਈ ਦੇਸ਼ਾਂ ਵਿਚ ਗਏ ਤੇ ਕੁਰਾਹੇ ਪਈ ਮਨੁੱਖਤਾ ਨੂੰ ਸੱਚੇ ਨਾਮ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਨੇ ਆਪਣੀਆਂ ਯਾਤਰਾਵਾਂ ਦੌਰਾਨ ਹਿੰਦੂ ਤੇ ਮੁਸਲਮ ਦੋਹਾਂ ਧਰਮਾਂ ਦੇ ਧਾਰਮਿਕ ਸਥਾਨਾਂ ਨੂੰ ਮੁੱਖ ਨਿਸ਼ਾਨਾ ਰੱਖਿਆ ਅਤੇ ਆਪਣੀ ਨਰੋਈ ਵਿਚਾਰਧਾਰਾ ਦੇ ਬਲ ਨਾਲ ਲੋਕਾਂ ਨੂੰ ਪ੍ਰਭਾਵਿਤ ਕੀਤਾ। ਗੁਰੂ ਨਾਨਕ ਸਾਹਿਬ ਇਕ ਵਾਹਦ ਧਾਰਮਿਕ ਆਗੂ ਸਨ, ਜਿਨ੍ਹਾਂ ਨੇ ਮਨੁੱਖਤਾ ਦੀ ਬੇਹਤਰੀ ਲਈ ਦੇਸ਼ ਰਟਨ ਕੀਤਾ। ਉਹ ਸਿਰਫ ਭਾਰਤ ਵਿਚ ਸਥਿਤ ਧਾਰਮਿਕ ਸਥਾਨਾਂ ਤੇ ਹੀ ਨਹੀਂ ਗਏ ਸਗੋਂ ਅਰਬ ਦੇਸ਼, ਅਫ਼ਗਾਨਿਸਤਾਨ, ਤਿੱਬਤ ਤੇ ਲੰਕਾਂ ਆਦਿ ਸਥਾਨਾਂ ਤੇ ਵੀ ਗਏ ਤੇ ਸ਼ਬਦ ਦਾ ਪ੍ਰਚਾਰ ਕੀਤਾ। ਕਈ ਸਥਾਨ ਜਿਥੇ ਗੁਰੂ ਨਾਨਕ ਸਾਹਿਬ ਗਏ ਬਾਰੇ ਵਿਦਵਾਨਾਂ ਵਿਚ ਮੱਤਭੇਦ ਹੈ। ਇਨ੍ਹਾਂ ਮੱਤਭੇਦਾਂ ਨੂੰ ਅਸੀਂ ਅੱਗੇ ਚਲ ਕੇ ਵਿਚਾਰਾਂਗੇ।

ਮੈਕਾਲਿਫ ਨੂੰ ਖੇਦ ਹੈ ਕਿ ਭਾਈ ਗੁਰਦਾਸ ਨੇ ਗੁਰੂ ਨਾਨਕ ਦੇਵ ਦਾ ਪੂਰਾ ਜੀਵਨ ਬਿਰਤਾਂਤ ਕਿਉਂ ਨਹੀਂ ਲਿਖਿਆ? ਜਦ ਕਿ ਉਸ ਸਮੇਂ ਇਸ ਸਬੰਧੀ ਵਿਸਥਾਰ ਅਸਾਨੀ ਨਾਲ ਪ੍ਰਾਪਤ ਹੋ ਸਕਦਾ ਸੀ।[14] ਅਨਿਲ ਚੰਦਰ ਬੈਨਰਜੀ ਨੇ ਵੀ ਕਿੰਤੂ ਕੀਤਾ ਹੈ ਕਿ ਭਾਈ ਗੁਰਦਾਸ ਨੇ ਉਨ੍ਹਾਂ ਮਹਾਨ ਘਟਨਾਵਾਂ ਬਾਰੇ ਵੇਰਵਾ ਦੇਣਾ ਜ਼ਰੂਰੀ ਨਹੀਂ ਸਮਝਿਆ ਜਿਨ੍ਹਾਂ ਨਾਲ ਉਹ ਸਿੱਧਾ ਸਬੰਧ ਰੱਖਦਾ ਸੀ।[15]

ਭਾਈ ਗੁਰਦਾਸ ਬੁਨਿਆਦੀ ਤੌਰ ਤੇ ਇਕ ਕਵੀ ਸਨ, ਇਤਿਹਾਸਕਾਰ ਨਹੀਂ। ਉਨ੍ਹਾਂ ਦੀ ਕੋਸ਼ਿਸ਼ ਗੁਰਮਤਿ ਸਿਧਾਂਤਾਂ ਅਤੇ ਵਿਚਾਰ ਨੂੰ ਆਪਣੀ ਕਵਿਤਾ ਰਾਹੀਂ ਸਵਿਸਥਾਰ ਪ੍ਰਸਾਰਨ ਅਤੇ ਪ੍ਰਚਾਰਨ ਵਿਚ ਹੈ । ਇਸੇ ਕਰਕੇ ਹੀ ਵਾਰਾਂ ਵਿਚ ਗੁਰੂ ਸਾਹਿਬ ਦੇ ਜੀਵਨ ਸਬੰਧੀ ਘਟਨਾਵਾਂ ਨੂੰ ਸੰਕੇਤ ਰੂਪ ਵਿਚ ਬਿਆਨ ਕੀਤਾ ਹੈ। ਜੇਕਰ ਉਹ ਗੁਰੂ ਸਾਹਿਬ ਦੇ ਜੀਵਨ ਅਤੇ ਯਾਤਰਾਵਾਂ ਦੀ ਪੂਰੀ ਵਾਰਤਾ/ ਬਿਆਨ ਕਰਦੇ ਤਾਂ ਸ਼ਾਇਦ ਅੱਜ ਦੇ ਸਮੇਂ ਵਿਚ ਉਹ ਸੱਭ ਤੋਂ ਵੱਧ ਪ੍ਰਮਾਣਿਕ ਹੁੰਦੀ।

ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਦਾ ਵਰਨਣ ਇਤਿਹਾਸਕ ਤਰਤੀਬ ਵਿਚ ਕੀਤਾ ਹੈ। ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਨੂੰ ਸਾਖੀਕਾਰਾਂ ਨੇ ਉਦਾਸੀਆਂ ਕਿਹਾ ਹੈ। ਯਾਤਰਾਵਾਂ ਦੇ ਵਰਗੀਕਰਣ ਵਿਚ ਵਿਦਵਾਨਾਂ ਵਿਚ ਮੱਤਭੇਦ ਹੈ। ਭਾਈ ਵੀਰ ਸਿੰਘ ਨੇ 'ਗੁਰੂ ਨਾਨਕ ਚਮਤਕਾਰ' ਵਿਚ ਗੁਰੂ ਸਾਹਿਬ ਦੀ ਸਮੁੱਚੀ ਯਾਤਰਾ ਨੂੰ ਪੰਜ

PANJAB UNIVERSITY LIBRARY 541179

ਹਿੱਸਿਆਂ ਵਿਚ ਵੰਡਿਆ ਹੈ।[16] ਸੁਰਿੰਦਰ ਸਿੰਘ ਕੋਹਲੀ ਨੇ ਗੁਰੂ ਸਾਹਿਬ ਦੀਆਂ ਯਾਤਰਾਵਾਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੈ। ਪਹਿਲਾ- ਪੰਜਾਬ, ਦਿੱਲੀ, ਉੱਤਰ-ਪ੍ਰਦੇਸ਼, ਬਿਹਾਰ, ਬੰਗਾਲ, ਆਸਾਮ, ਉੜੀਸਾ, ਮੱਧ-ਪ੍ਰਦੇਸ਼। ਦੂਜਾ- ਰਾਜਸਥਾਨ, ਆਂਧਰਾ-ਪ੍ਰਦੇਸ਼, ਮੈਸੂਰ, ਮਦਰਾਸ, ਲੰਕਾ, ਕੇਰਲ, ਮਹਾਂਰਾਸ਼ਟਰ, ਗੁਜਰਾਤ। ਤੀਜਾ - ਹਿਮਾਚਲ, ਨੇਪਾਲ, ਸਿੱਕਮ, ਭੂਟਾਨ, ਤਿੱਬਤ ਅਤੇ ਚੀਨ। ਚੌਥਾ - ਸਿੰਧ ਅਤੇ ਬਲੋਚਸਤਾਨ, ਸਾਊਦੀ ਅਰਬ, ਈਰਾਨ, ਪੈਲਸਤੀਨ, ਅਫਰੀਕਾ (ਮਿਸਰ, ਸੂਡਨ ਅਤੇ ਐਬੀਸੀਨਿਆ), ਸੀਰੀਆ, ਤੁਰਕੀ, ਐਜਰਬੈਜਨ (ਰੂਸ), ਈਰਾਨ, ਰੂਸੀ ਤੁਰਕਸਤਾਨ, ਅਫ਼ਗਾਨਿਸਤਾਨ , ਉੱਤਰ-ਪੱਛਮੀ ਫਰੰਟੀਅਰ (ਪੱਛਮੀ ਪਾਕਿਸਤਾਨ)[17]। ਡਾ. ਹਰੀ ਰਾਮ ਗੁਪਤਾ ਅਨੁਸਾਰ, ਗੁਰੂ ਨਾਨਕ ਨੇ ਚਾਰ ਵੱਡੀਆਂ ਉਦਾਸੀਆਂ ਕੀਤੀਆਂ।[18] ਭਾਈ ਗੁਰਦਾਸ ਨੇ ਵਾਰਾਂ ਵਿਚ ਸਾਰੇ ਯਾਤਰਾਂ ਸਥਾਨਾਂ ਦੇ ਵੇਰਵੇ ਨਹੀਂ ਦਿੱਤੇ ਪਰ ਸੰਕੇਤ ਰੂਪ ਵਿਚ ਜੋ ਦਰਜ ਹੈ ਉਸ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਤੀਰਥਾਂ ਦੀ ਯਾਤਰਾ, ਸੁਮੇਰ ਪਰਬਤ ਦੀ ਯਾਤਰਾ, ਮੱਕੇ, ਮਦੀਨੇ ਦੀ ਯਾਤਰਾ, ਬਗਦਾਦ ਦੀ ਯਾਤਰਾ। ਬਾਕੀ ਘਟਨਾਵਾਂ ਨੂੰ ਨਿੱਕੀਆਂ ਨਿੱਕੀਆਂ ਫੇਰੀਆਂ ਕਿਹਾ ਹੈ।

ਗੁਰੂ ਨਾਨਕ ਸਾਹਿਬ ਲੱਗਭਗ ਸਾਰੇ ਹਿੰਦੂ ਤੇ ਮੁਸਲਮ ਤੀਰਥ ਸਥਾਨਾਂ ਤੇ ਗਏ। ਤੀਰਥਾਂ ਤੇ ਵੱਡੇ ਵੱਡੇ ਮੇਲੇ ਫਿਰ ਕੇ ਦੇਖੇ। ਲੋਕਾਂ ਨੂੰ ਧਰਮ ਕਰਮ ਕਰਦੇ ਦੇਖਿਆ, ਪਰ ਗੁਰੂ ਸਾਹਿਬ ਨੂੰ ਇਸ ਵਿਚ ਪ੍ਰੇਮ ਦੀ ਅਣਹੋਂਦ ਨਜ਼ਰ ਆਈ। ਪ੍ਰੇਮ ਭਗਤੀ ਤੋਂ ਬਿਨਾਂ ਇਹ ਸੱਭ ਕੁਝ ਕਿਸੇ ਲੇਖੇ ਨਹੀਂ ਸੀ। ਭਾਈ ਗੁਰਦਾਸ ਸੰਕੇਤ ਕਰਦੇ ਹਨ:

ਬਾਬਾ ਆਇਆ ਤੀਰਥੈ ਤੀਰਥਿ ਪੁਰਬਿ ਸਭੇ ਫਿਰਿ ਦੇਖੈ।
ਪੁਰਬ ਧਰਮਿ ਬਹੁ ਕਰਮਿ ਕਰਿ ਭਾਉ ਭਗਤਿ ਬਿਨੁ ਕਿਤੈ ਨ ਲੇਖੈ।[19]

ਲੇਖਕ ਭਾਈ ਗੁਰਦਾਸ ਨੇ ਜਿਨਾਂ ਜਿਨਾਂ ਥਾਵਾਂ ਤੇ ਗੁਰੂ ਸਾਹਿਬ ਗਏ ਸਨ। ਉਨ੍ਹਾਂ ਦਾ ਪੂਰਾ ਵੇਰਵਾ ਨਹੀਂ ਦਿੱਤਾ ਪਰ ਗੁਰੂ ਸਾਹਿਬ ਦੇ ਇਸ ਕਾਰਜ ਦੀ ਇਤਿਹਾਸਕ ਮਹੱਤਤਾ ਨੂੰ ਪੇਸ਼ ਕਰਦਿਆਂ ਇਹ ਦੱਸਿਆ ਹੈ ਕਿ ਉਹ ਜਿਥੇ ਵੀ ਗਏ, ਉਥੇ ਹੀ ਉਨ੍ਹਾਂ ਦੀ ਪੂਜਾ ਹੋਣ ਲੱਗੀ ਅਤੇ ਉਹ ਸਥਾਨ ਪੂਜਨਯੋਗ ਬਣ ਗਏ:

ਜਿਥੈ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ[20]

ਗੁਰੂ ਨਾਨਕ ਸਾਹਿਬ ਨੇ ਸਾਰੇ ਹਿੰਦੂ ਤੀਰਥਾਂ ਤੇ ਵੱਖ ਵੱਖ ਪੁਰਬਾਂ ਸਮੇਂ ਫਿਰ ਕੇ ਦੇਖਿਆ ਅਤੇ ਮਹਿਸੂਸ ਕੀਤਾ ਕਿ ਧਰਮ ਦੇ ਆਗੂ ਅਤੇ ਚੇਲੇ ਦੋਨੋ ਹੀ ਹੰਕਾਰ ਵਿਚ ਗ੍ਰਸੇ ਹੋਏ ਹਨ ਅਤੇ ਦੁੱਖੀ ਹਨ। ਪਰਮਾਰਥ ਕਿਤੇ ਨਜ਼ਰ ਨਹੀਂ ਆਉਂਦਾ, ਹਰ ਥਾਂ ਤੇ ਧੋਖੇ ਅਤੇ ਹੰਕਾਰ ਦਾ ਬੋਲਬਾਲਾ ਹੈ। ਅਜਿਹੀ ਸਥਿਤੀ ਦਾ ਵਰਨਣ ਕਰਦਾ ਹੋਇਆ ਭਾਈ ਗੁਰਦਾਸ ਲਿਖਦੇ ਹਨ ਕਿ ਅਜਿਹੀ ਮਾੜੀ ਸਥਿਤੀ ਵਿਚ ਸੂਰਜ ਦੀ ਤਰ੍ਹਾਂ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਹੋਇਆ ਅਤੇ ਸਾਰੇ ਪਾਸੇ ਪਸਰਿਆ ਅੰਧਕਾਰ ਉੱਡ ਗਿਆ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ।
ਜਿਉਂ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।
- - - ਗੁਰਮੁਖਿ ਕਲਿ ਵਿਚਿ ਪਰਗਟੁ ਹੋਆ।[21]

ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਸਾਹਿਬ ਦੇਸ਼ ਦਿਸ਼ਾਂਤਰਾਂ ਵਿਚ ਫਿਰਦੇ, ਜਗਤ ਨੂੰ ਤਾਰਦੇ ਹੋਏ, ਸੁਮੇਰ ਪਰਬਤ ਪਹੁੰਚੇ। ਗਿਆਨੀ ਹਜ਼ਾਰਾ ਸਿੰਘ ਅਨੁਸਾਰ, " ਇਥੇ ਸੁਮੇਰ ਤੋਂ ਭਾਵ ਕੈਲਾਸ਼ ਦਾ ਇਲਾਕਾ ਹੈ, ਜਿਥੇ ਮਾਨ ਸਰੋਵਰ ਝੀਲ ਹੈ।"[22] ਜਦੋਂ ਗੁਰੂ ਸਾਹਿਬ ਉਥੇ ਪਹੁੰਚੇ ਤਾਂ ਉਥੋਂ ਦੇ ਵਾਸੀ ਸਿੱਧਾਂ[23] ਨੇ ਉਥੋਂ ਤੱਕ ਗੁਰੂ ਸਾਹਿਬ ਦੀ ਪਹੁੰਚ ਦੇਖ ਕੇ ਉਨ੍ਹਾਂ ਦੀ ਸ਼ਕਤੀ ਪੁੱਛੀ, ਕਿਉਂਕਿ ਉਸ ਠੰਡੇ ਤੇ ਉਚੈ ਪਰਬਤ ਤੇ ਪਹੁੰਚਨਾ ਬਹੁਤ ਕਠਿਨ ਕਾਰਜ ਸੀ। ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਅਸੀਂ ਨਾਮ ਜਪਿਆ ਹੈ ਅਤੇ ਪ੍ਰਭੂ ਨਾਲ ਸੱਚਾ ਪ੍ਰੇਮ ਕੀਤਾ ਹੈ। ਸਮਾਂ ਸਿਧੀਆਂ ਸਿੱਧ ਕਰਨ ਵਿਚ ਬਰਬਾਦ ਨਹੀਂ ਕੀਤਾ। ਉਸ ਅਕਾਲ ਪੁਰਖ ਦੀ ਮਿਹਰ ਅਤੇ ਸ਼ਕਤੀ ਨਾਲ ਇਥੇ ਪੁੱਜੇ ਹਾਂ। ਸਿੱਧਾਂ ਨੇ ਗੁਰੂ ਸਾਹਿਬ ਦਾ ਨਾਮ ਪੁਛਿਆ ਤਾਂ ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਸ਼ਕਤੀ ਨਾਮ ਜਪੋ ਤੇ ਹੁੰਦੀ ਹੈ ਭਾਵ ਹੰਕਾਰ ਛੱਡ ਕੇ ਨਿਮਰਤਾ ਧਾਰਿਆਂ ਹੀ ਉੱਚ ਪਦਵੀ ਪ੍ਰਾਪਤ ਹੋ ਸਕਦੀ ਹੈ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਦਾ ਸੁਮੇਰ ਪਰਬਤ ਤੇ ਪੁੱਜਣ ਦਾ ਸੰਕੇਤ ਦਿੱਤਾ ਹੈ:

ਬਾਬੇ ਡਿੱਠੀ ਪਿਰਥਮੀ ਨਵੈਖੰਡਿ ਜਿਥੈ ਤਕਿ ਆਹੀ।
ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸ਼ਟੀ ਆਈ।
ਚਉਰਾਸੀਹ ਸਿਧਿ ਗੋਰਖਦਿ, ਮਨ ਅੰਦਰਿ ਗਵਤੀ ਵਰਤਾਈ।
ਸਿਧਿ ਪੁਛਣਿ ਸੁਣਿ ਬਾਲਿਆ। ਕਉਣੁ ਸ਼ਕਤੀ ਤੁਹਿ ਏਥੇ ਲਿਆਈ।
ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ।
ਆਖਨਿ ਸਿਧਿ ਸੁਣਿ ਬਾਲਿਆ। ਅਪਨਾ ਨਾਉਂ ਤੁਮ ਦੇਹੁ ਬਤਾਈ।
ਬਾਬਾ ਆਖੇ ਨਾਥ ਜੀ। ਨਾਨਕ ਨਾਮ ਜਪੇ ਗਤਿ ਪਾਈ।
ਨੀਚੁ ਕਹਾਇ ਊਚ ਘਰਿ ਆਈ।[24]

ਸੁਮੇਰ ਪਰਬਤ ਪਹੁੰਚਨ ਤੇ ਗੁਰੂ ਨਾਨਕ ਸਾਹਿਬ ਦੇ ਉਥੋਂ ਦੇ ਸਿੱਧਾਂ ਨਾਲ ਸੁਆਲ ਜੁਆਬ ਵੀ ਹੋਏ। ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ 'ਸਿਧ ਗੋਸਟਿ' ਵਿਚ ਦਰਜ ਕੀਤਾ ਹੈ।[25] ਸਿਧ ਲੋਕ ਜੀਵਨ ਨਾਲੋਂ ਟੁੱਟੇ ਹੋਏ ਸਨ ਅਤੇ ਉਨ੍ਹਾਂ ਸਾਰਿਆਂ ਨੇ ਗੁਰੂ ਸਾਹਿਬ ਦੇ ਕਥਨ ਤੇ ਤੇਜ਼ ਤੋਂ ਇਹ ਜਾਣ ਲਿਆ ਸੀ ਕਿ ਉਹ ਕਲਯੁੱਗ ਨੂੰ ਤਾਰਨ ਵਾਸਤੇ ਅਵਤਾਰ ਹੋਇਆ ਹੈ। ਭਾਈ ਗੁਰਦਾਸ ਨੇ ਸੰਖੇਪ ਰੂਪ ਵਿਚ ਗੁਰੂ ਸਾਹਿਬ ਤੇ ਸਿੱਧਾਂ ਦੀ ਆਪਸੀ ਵਾਰਤਾਲਾਪ ਦਾ ਵਰਨਣ ਵਾਰਾਂ ਵਿਚ ਕੀਤਾ ਹੈ। ਉਨ੍ਹਾਂ ਅਨੁਸਾਰ, ਸਿੱਧਾਂ ਨੇ ਗੁਰੂ ਸਾਹਿਬ ਤੋਂ ਪੁਛਿਆ ਕਿ ਮਾਤਲੋਕ ਵਿਚ ਕੀ ਵਰਤ ਰਿਹਾ ਹੈ? ਗੁਰੂ ਸਾਹਿਬ ਕਹਿਣ ਲੱਗੇ, ਦੁਨੀਆਂ ਦੀ ਹਾਲਤ ਮਾੜੀ ਹੈ, ਕੂੜ ਅਮਾਵਸ ਦੀ ਰਾਤ ਦੀ ਤਰ੍ਹਾਂ ਜਗਤ ਤੇ ਵਰਤ ਰਿਹਾ ਹੈ। ਸਿੱਧ ਜਿਨ੍ਹਾਂ ਨੇ ਇਸ ਔਖੇ ਸਮੇਂ ਮਨੁੱਖਤਾ ਨੂੰ ਸੇਧ ਦੇਣੀ ਹੈ, ਪਰਬਤਾਂ ਵਿਚ ਜਾ ਲੁੱਕੇ ਹਨ। ਇਸ ਘੋਰ ਅਵਸਥਾ ਸਮੇਂ ਜਗਤ ਦੀ ਰੱਖਿਆ ਕਰਨ ਵਾਲਾ ਕੋਈ ਨਹੀਂ। ਉਹ ਜੋਗੀ ਜਿਹੜੇ ਜਗਤ (ਸੰਸਾਰ) ਵਿਚ ਫਿਰ ਰਹੇ ਹਨ, ਗਿਆਨ ਵਿਹੂਣੇ ਹਨ। ਸਰੀਰ ਤੇ ਸੁਆਹ ਮਲਣਾ ਹੀ ਉਨ੍ਹਾਂ ਦਾ ਕਰਮ ਰਹਿ ਗਿਆ ਹੈ। ਸੱਚੇ ਗੁਰੂ ਤੋਂ ਬਿਨਾਂ ਸੰਸਾਰ ਡੁੱਬ ਰਿਹਾ ਹੈ।[26]

ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੀ ਜ਼ਬਾਨੀ ਸਿੱਧਾਂ ਨੂੰ ਭਾਰਤ ਦੀ ਦੁਰਦਸ਼ਾ ਬਾਰੇ ਜਾਣੂ ਕਰਵਾਇਆ ਹੈ । ਗੁਰੂ ਸਾਹਿਬ ਦੱਸਦੇ ਹਨ ਕਿ ਸੰਸਾਰ ਵਿਚ ਹੱਕ ਤੇ ਨਾ ਹੱਕ ਦੀ ਵਿਚਾਰ ਹੋ ਰਹੀ ਹੈ, ਰਾਜੇ ਜ਼ਾਲਮ ਹਨ, ਪਰਜਾ ਗਿਆਨ ਵਿਹੂਣੀ ਤੇ ਝੂਠੀ ਹੋ ਗਈ ਹੈ। ਧਰਮ ਦਾ ਉਪਦੇਸ਼ ਦੇਣ ਵਾਲੇ ਰਾਸ ਮੰਡਲੀਆਂ ਤੇ ਲੀਲ੍ਹਾਵਾਂ ਵਿਚ ਵਿਸ਼ਵਾਸ਼ ਰੱਖਦੇ ਹਨ। ਗੁਰੂ ਤੇ ਚੇਲੇ ਦਾ ਸਬੰਧ ਉਲਟ ਹੋ ਗਿਆ ਹੈ। ਕਾਜ਼ੀ ਵੱਡੀ ਖੋਰੇ ਹੋ ਗਏ ਹਨ ਤੇ ਰਿਸ਼ਵਤ ਲੈ ਕੇ ਗਲਤ ਇਨਸਾਫ ਕਰਦੇ ਹਨ। ਔਰਤ ਤੇ ਮਰਦ ਦਾ ਪਿਆਰ ਮਾਇਆ ਤੇ ਆਧਾਰਿਤ ਹੋ ਗਿਆ ਹੈ। ਪ੍ਰਤਿਬ੍ਰਤ ਧਰਮ ਤੇ ਸਹਿਬ੍ਰਤ ਧਰਮ ਦੋਵੇਂ ਉਡ ਗਏ ਹਨ। ਸਾਰੇ ਪਾਸੇ ਪਾਪ ਦਾ ਵਰਤਾਰਾ ਹੈ।[27] ਗੁਰੂ ਨਾਨਕ ਸਾਹਿਬ ਦੇ ਕਥਨ ਤੇ ਤੇਜ ਨੂੰ ਦੇਖ ਕੇ ਸਿੱਧਾਂ ਦੇ ਮਨ ਵਿਚ ਵਿਚਾਰ ਆਇਆ ਕਿ ਕਿਉਂ ਨਾ ਨਾਨਕ ਵਰਗੇ ਲੋਹ ਪੁਰਸ਼ ਨੂੰ ਆਪਣਾ ਚੇਲਾ ਬਣਾਇਆ ਜਾਵੇ, ਜਿਹੜਾ ਉਨ੍ਹਾਂ ਦੇ ਪੰਥ ਨੂੰ ਹੋਰ ਉਜਵਲਾ ਕਰੇਗਾ। ਇਸ ਵਿਚਾਰ ਅਧੀਨ ਸਿੱਧਾਂ ਨੇ ਗੁਰੂ ਸਾਹਿਬ ਨੂੰ ਮਾਇਆ ਦੇ ਲਾਲਚ ਵਿਚ ਭਰਮਾਉਣ ਦਾ ਯਤਨ ਕੀਤਾ। ਭਾਈ ਗੁਰਦਾਸ ਸੰਕੇਤ ਕਰਦੇ ਹਨ:

ਖਪਰੁ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।
ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।
ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾਂ।
ਫਿਰਿ ਆਇਆ ਗੁਰ, ਨਾਥ ਜੀ ਪਾਣੀ ਠਉੜ ਨਾਹੀ ਉਸਿ ਤਾਲਾ।
ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਆਪਣਾ ਪੰਥੁ ਨਿਰਾਲਾ।[28]

ਅਰਥਾਤ ਗੁਰੂ ਸਾਹਿਬ ਨੇ ਸਿੱਧਾਂ ਨੂੰ ਉਪਦੇਸ਼ ਦਿੱਤਾ ਕਿ ਕਲਯੁੱਗ ਵਿਚ ਜੋਗ ਨਾਲੋਂ ਨਾਮ ਜਪਣਾ ਸੌਖਾ ਹੈ।

ਸੁਮੇਰ ਪਰਬਤ ਉਤੇ ਸਿਧਾਂ ਦੀ ਇਸ ਹਾਰ ਦੇ ਕਾਰਨ ਉਨ੍ਹਾਂ ਦਾ ਇਲਾਕੇ ਦੇ ਲੋਕਾਂ ਵਿਚ ਦਬ ਦਬਾ ਘੱਟ ਗਿਆ। ਉਥੋਂ ਦੇ ਲੋਕ ਗੁਰੂ ਸਾਹਿਬ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਏ ਅਤੇ ਸਿੱਧਾਂ ਦੇ ਜਾਲ ਵਿਚੋਂ ਨਿਕਲ ਕੇ ਖੁਲ੍ਹ ਮਹਿਸੂਸ ਕਰਨ ਲੱਗੇ।

ਕੁਝ ਵਿਦੇਸ਼ੀ ਅਤੇ ਭਾਰਤੀ ਵਿਦਵਾਨਾਂ ਨੇ ਗੁਰੂ ਨਾਨਕ ਸਾਹਿਬ ਦੇ ਸੁਮੇਰ ਪਰਬਤ

ਤੇ ਜਾਣ ਬਾਰੇ ਕਿੰਤੂ ਕੀਤਾ ਹੈ। ਡਾ. ਟਰੰਪ ਨੇ ਗੁਰੂ ਨਾਨਕ ਸਾਹਿਬ ਦੀ ਸੁਮੇਰ ਯਾਤਰਾ ਅਤੇ ਉਥੇ ਹੋਈ ਸਿੱਧਾਂ ਨਾਲ ਗੋਸਟ ਨੂੰ ਕਲਪਨਾ ਦੀ ਦੁਨੀਆਂ ਨਾਲ ਸੰਬੰਧਤ ਕੀਤਾ ਹੈ।[29] ਡਾ. ਮੈਕਲੋਡ ਵੀ ਇਸ ਸਾਰੀ ਘਟਨਾ ਨੂੰ ਅਪ੍ਰਵਾਣ ਕਰਦਾ ਹੈ। ਉਸ ਅਨੁਸਾਰ ਸੁਮੇਰ ਪਰਬਤ ਕਲਪਨਾ ਤੇ ਆਧਾਰਿਤ ਹੈ। ਸਚਾਈ ਜਾਂ ਤੱਥਾਂ ਤੇ ਨਹੀਂ। ਉਹ ਕੈਲਾਸ਼ ਪਰਬਤ ਨੂੰ ਸੁਮੇਰ ਪਰਬਤ ਮੰਨਣ ਤੋਂ ਇਨਕਾਰੀ ਹੈ। ਉਸ ਅਨੁਸਾਰ ਹਿਮਾਲਿਆ ਪਰਬਤਾਂ ਦੇ ਮਹੱਤਵਪੂਰਨ ਭੂਗੋਲਿਕ ਅਧਿਐਨ ਦੀ ਆਸ ਭਾਈ ਗੁਰਦਾਸ ਜਾਂ ਜਨਮ ਸਾਖੀਆਂ ਦੇ ਲੇਖਕਾਂ ਤੋਂ ਕਰਨੀ ਇਕ ਵੱਡੀ ਭੁੱਲ ਹੈ। ਉਸ ਅਨੁਸਾਰ, ਭਾਈ ਗੁਰਦਾਸ ਵਾਰਾਂ ਵਿਚ ਨਾਥਾਂ ਤੇ ਸਿੱਧਾਂ ਬਾਰੇ ਵੀ ਮੱਤ ਭੇਦ ਪੈਦਾ ਕਰਦਾ ਹੈ ਕਿਉਂਕਿ ਗੋਰਖ ਨਾਥ ਇਕ ਨਾਥ ਸੀ ਪਰ ਭਾਈ ਗੁਰਦਾਸ ਨੇ ਉਸ ਨੂੰ ਚੌਰਾਸੀ ਸਿੱਧਾਂ ਵਿਚ ਗਿਣਿਆ ਹੈ। ਉਹ ਗੋਰਖ ਨਾਥ ਨੂੰ ਗੁਰੂ ਨਾਨਕ ਦਾ ਸਮਕਾਲੀ ਵੀ ਨਹੀਂ ਮੰਨਦਾ।[30] ਡਾ. ਜਗਜੀਤ ਸਿੰਘ ਵੀ ਗੁਰੂ ਨਾਨਕ ਸਾਹਿਬ ਦੀ ਪਰਬਤ ਯਾਤਰਾ ਬਾਰੇ ਕਿੰਤੂ ਕਰਦਾ ਹੈ। ਉਸ ਨੇ ਖਾਸ ਕਰਕੇ ਉਨ੍ਹਾਂ ਪਰਬਤਾਂ ਬਾਰੇ ਸ਼ੱਕ ਕੀਤਾ ਹੈ ਜਿਨ੍ਹਾਂ ਬਾਰੇ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਜਨਮ ਸਾਖੀਆਂ ਵਿਚ ਦਰਜ ਹੈ ਕਿ ਗੁਰੂ ਸਾਹਿਬ ਉਥੇ ਗਏ ਅਤੇ ਸ਼ਬਦ ਦੇ ਬਲ ਨਾਲ ਸਿੱਧਾਂ ਤੇ ਜਿੱਤ ਪ੍ਰਾਪਤ ਕੀਤੀ। ਡਾ. ਸਾਹਿਬ ਇਨ੍ਹਾਂ ਪਰਬਤਾਂ ਦੇ ਨਾਮ ਮਨਘੜ੍ਹਤ ਮੰਨਦੇ ਹਨ।[31] ਉਪਰੋਕਤ ਵਿਦਵਾਨਾਂ ਦੇ ਕਹਿਣ ਦਾ ਅਸਲ ਭਾਵ ਇਹ ਹੈ ਕਿ ਇਹ ਯਾਤਰਾ ਅਤੇ ਸਿੱਧ ਗੋਸਟਿ ਮਨੋਕਲਪਿਤ ਹਨ ਅਤੇ ਇਹ ਘਟਨਾਵਾਂ ਅਸਲ ਵਿਚ ਵਾਪਰੀਆਂ ਹੀ ਨਹੀਂ। ਇਹ ਵਿਦਵਾਨ ਬੇਸ਼ੱਕ ਇਤਿਹਾਸਕ ਤੱਥਾਂ ਤੇ ਕਿੰਤੂ ਕਰਦੇ ਹਨ ਪਰ ਗੁਰੂ ਨਾਨਕ ਸਾਹਿਬ ਦੀ ਆਪਣੀ ਰਚਨਾ 'ਸਿਧ ਗੋਸਟਿ', ਜੋ ਸਾਨੂੰ ਪ੍ਰਾਪਤ ਹੈ ਵਿਚ ਉਨ੍ਹਾਂ ਦੇ ਹੋਏ ਸਿੱਧਾਂ ਨਾਲ ਸੰਪਰਕ ਤੇ ਵਾਰਤਾਲਾਪ ਦੇ ਹਵਾਲੇ ਦਿੱਤੇ ਹੋਏ ਹਨ। ਸੋ ਇਹ ਇਸ ਘਟਨਾ ਦੇ ਵਾਪਰਨ ਦਾ ਸੱਭ ਤੋਂ ਵੱਡਾ ਸਬੂਤ ਹੈ। ਜਿਥੋਂ ਤੱਕ ਪਹਾੜਾਂ ਤੇ ਜਾਣ ਅਤੇ ਖਾਸ ਕਰਕੇ ਸੁਮੇਰ ਪਰਬਤ ਦੀ ਹੋਂਦ ਦਾ ਸੁਆਲ ਹੈ। ਡਾ. ਕਿਰਪਾਲ ਸਿੰਘ ਨੇ ਪੁਰਾਤਨ ਹਵਾਲੇ ਦੇ ਕੇ ਇਹ ਸਿੱਧ ਕੀਤਾ ਹੈ ਕਿ ਸੁਮੇਰ ਜਾਂ ਮੇਰੂ ਪਰਬਤ ਅਜੋਕੇ ਕੈਲਾਸ਼ ਪਰਬਤ ਦਾ ਹੀ ਪੁਰਾਣਾ ਨਾਮ ਹੈ। ਉਸ ਅਨੁਸਾਰ ਸਵਾਮੀ ਪਰਮਾ ਨੰਦ ਨੇ ਕਈ ਸਾਲ ਤਿੱਬਤ ਵਿਚ ਰਹਿ ਕੇ "ਐਕਸਪਲੋਰੇਸ਼ਨਜ ਇਨ ਤਿੱਬਤ' ਪੁਸਤਕ ਲਿਖੀ ਹੈ ਜਿਸ ਵਿਚ ਉਨ੍ਹਾਂ ਨੇ ਮੇਰੂ ਪਰਬਤ ਨੂੰ ਕੈਲਾਸ਼ ਪਰਬਤ ਮੰਨਿਆ ਹੈ।[32] ਭਾਈ ਵੀਰ ਸਿੰਘ ਨੇ ਵੀ 'ਪੁਰਾਤਨ ਜਨਮ ਸਾਖੀ' ਦੇ ਫੁੱਟ ਨੋਟ ਵਿਚ ਭੂਗੋਲਿਕ ਵਾਕਫ਼ੀ ਦੇ ਕੇ ਸੁਮੇਰ ਪਰਬਤ ਦੀ ਹੋਂਦ ਬਾਰੇ ਰਹੱਸ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ। ਉਸ ਅਨੁਸਾਰ, ਮਾਰਤੰਡ ਤੋਂ ਅੱਗੇ ਸ਼ਿਵ ਜੀ ਦਾ ਮੰਦਰ ਅਮਰਨਾਥ ਹੈ। ਪਰੰਤੂ ਇਹ ਬਹੁਤ ਦੂਰ ਨਹੀਂ ਹੈ। ਸਵਾਲਾਖ ਪਰਬਤ ਤੋਂ ਜਾਪਦਾ ਹੈ ਕਿ ਇਹ ਇਸ਼ਾਰਾ ਕੈਲਾਸ਼ ਵੱਲ ਹੈ।

ਕਿਉਂਕਿ ਇਸ ਦੇ ਨੇੜੇ ਹੀ ਪਰਬਤ ਹਨ ਜਿਨ੍ਹਾਂ ਤੋਂ ਸੋਨਾ ਲੱਭਦਾ ਹੈ। ਸੁਮੇਰ ਦਾ ਇਸ਼ਾਰਾ ਉਨ੍ਹਾਂ ਪਹਾੜਾਂ ਵੱਲ ਜਾਪਦਾ ਹੈ ਕਿ ਮਾਨਸਰੋਵਰ ਇਥੇ ਕੈਲਾਸ਼ ਪਾਸ ਹੈ, ਇਹ ਬੋਧੀਆਂ ਅਤੇ ਹਿੰਦੂਆਂ ਦਾ ਬੜਾ ਭਾਰੀ ਤੀਰਥ ਹੈ, ਜੋਗੀ ਯਾ ਸਿੱਧ ਇਥੇ ਯਾਤਰਾ ਕਰਨ ਆਏ ਕਿਸੇ ਪਰਬਤ ਪਰ ਸਤਿਗੁਰੂ ਨੂੰ ਮਿਲੇ ਜਾਪਦੇ ਹਨ।[33] ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ, "ਕੈਲਾਸ਼ ਪਰਬਤ ਇਕ ਪਵਿੱਤਰ ਪਰਬਤ ਹੈ ਜਿਹੜਾ ਬਾਈ ਹਜ਼ਾਰ ਫੁੱਟ ਦੀ ਉਚਾਈ ਤੇ ਸਥਿਤ ਹੈ। ਹਿੰਦੂ ਕੈਲਾਸ਼ ਪਰਬਤ ਨੂੰ ਆਮ ਤੌਰ ਤੇ ਪਰਬਤ ਸੁਮੇਰ ਜਾਂ ਮੇਰੂ ਨਾਲ ਯਾਦ ਕਰਦੇ ਹਨ। ਇਸ ਸਥਾਨ ਨੂੰ ਸ਼ਿਵ ਤੇ ਪਾਰਵਤੀ ਦਾ ਨਿਵਾਸ ਸਥਾਨ ਮੰਨਿਆ ਜਾਂਦਾ ਹੈ। ਇਹ ਹਿੰਦੂ ਯਾਤਰੀਆਂ ਲਈ ਪ੍ਰਸਿੱਧ ਤੀਰਥ ਸਥਾਨ ਹੈ।[34]

ਗੁਰੂ ਨਾਨਕ ਸਾਹਿਬ ਦੀ ਸੁਮੇਰ ਪਰਬਤ ਯਾਤਰਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿਉਂਕਿ ਭਾਈ ਗੁਰਦਾਸ ਤੇ ਹੋਰ ਇਤਿਹਾਸਕਾਰਾਂ ਅਨੁਸਾਰ ਗੁਰੂ ਸਾਹਿਬ ਲੱਗਭੱਗ ਸਾਰੇ ਪ੍ਰਮੁੱਖ ਧਾਰਮਿਕ ਸਥਾਨਾਂ ਤੇ ਗਏ ਸਨ। ਉਸ ਸਮੇਂ ਸੁਮੇਰ ਪਰਬਤ ਵੀ ਇਕ ਧਾਰਮਿਕ ਸਥਾਨ ਸੀ ਅਤੇ ਇਸ ਦੇ ਨਾਲ ਉਸ ਸਮੇਂ ਇਹ ਸਿੱਧਾਂ ਦਾ ਪ੍ਰਮੁੱਖ ਨਿਵਾਸ ਸਥਾਨਵੀ ਸੀ। ਇਸ ਕਰਕੇ ਗੁਰੂ ਸਾਹਿਬ ਦਾ ਉਥੇ ਨਾ ਜਾਣ ਦਾ ਕੋਈ ਕਾਰਣ ਹੀ ਨਹੀਂ ਹੋ ਸਕਦਾ।

ਸੁਮੇਰ ਪਰਬਤ ਦੀ ਯਾਤਰਾ ਪਿਛੋਂ ਭਾਈ ਗੁਰਦਾਸ ਦੇ ਬਿਰਤਾਂਤ ਅਨੁਸਾਰ, ਗੁਰੂ ਨਾਨਕ ਸਾਹਿਬ ਮੱਕੇ ਦੀ ਯਾਤਰਾ ਤੇ ਚੱਲ ਪਏ। ਆਪ ਦਾ ਬਾਣਾ ਹਾਜੀਆਂ ਵਾਲਾ ਸੀ। ਬਸਤਰ ਨੀਲੇ, ਬਗਲ ਵਿਚ ਗੁਰ ਸ਼ਬਦਾਂ ਦਾ ਵਲੇਟ ਕੇ ਰੱਖਿਆ ਸੰਗ੍ਰਹਿ (ਜਿਸ ਤਰ੍ਹਾਂ ਕਾਜੀ ਕੁਰਾਨ ਸਰੀਫ਼ ਰੱਖਦੇ ਹਨ), ਇਕ ਹੱਥ ਵਿਚ ਫਕੀਰਾਂ ਵਾਲਾ ਸੋਟਾ, ਦੂਜੇ ਹੱਥ ਵਿਚ ਲੋਟਾ ਅਤੇ ਉਪਰ ਬੈਠ ਕੇ ਭਜਨ ਬੰਦਗੀ ਕਰਨ ਲਈ ਮੁਸੱਲਾ(ਦਰੀ) ਸੀ[35] ਗੁਰੂ ਨਾਨਕ ਸਾਹਿਬ ਇਸ ਬਾਣੇ ਵਿਚ ਹਾਜੀ ਲੱਗਦੇ ਸਨ। ਗੁਰੂ ਸਾਹਿਬ ਉਸ ਮਸੀਤ ਵਿਚ ਜਾ ਕੇ ਰੁਕੇ ਜਿਥੇ ਹਾਜੀ ਹੱਜ ਕਰਦੇ ਸਨ। ਜਦੋਂ ਰਾਤ ਹੋਈ ਤਾਂ ਗੁਰੂ ਸਾਹਿਬ ਮੱਕੇ ਵੱਲ ਲੱਤਾਂ ਪਸਾਰ ਕੇ ਸੌਂ ਗਏ । ਜੀਵਨ[36] ਨਾਮੀ ਮੁੱਲਾਂ ਨੇ ਇਹ ਦੇਖ ਕੇ ਲੱਤ ਮਾਰੀ ਅਤੇ ਕਿਹਾ ਕਿਹੜਾ ਝੂਠਾ ਠੱਗ ਇਸ ਤਰ੍ਹਾਂ ਖੁਦਾ ਵੱਲ ਲੱਤਾਂ ਕਰਕੇ, ਪਾਪੀ ਬਣਕੇ ਪਿਆ ਹੈ? ਜਦੋਂ ਉਸ ਨੇ ਗੁਰੂ ਸਾਹਿਬ ਨੂੰ ਟੰਗੋਂ ਫੜ ਕੇ ਘਸੀਟਿਆ ਤਾਂ ਬਾਬੇ ਨੇ ਅਜਿਹੀ ਸ਼ਕਤੀ ਦਿਖਾਈ ਕਿ ਮੱਕਾ ਵੀ ਨਾਲ ਹੀ ਫਿਰ ਗਿਆ। ਸਾਰੇ ਇਸ ਨੂੰ ਦੇਖ ਕੇ ਹੈਰਾਨ ਹੋਏ ਅਤੇ ਨਮਸਕਾਰ ਕਰਨ ਲੱਗੇ।[37]

ਭਾਈ ਗੁਰਦਾਸ ਨੇ ਮੱਕੇ ਵਿਚ ਕਾਜੀਆਂ ਅਤੇ ਮੁੱਲਾਂ ਨਾਲ ਗੁਰੂ ਨਾਨਕ ਸਾਹਿਬ ਦੀ ਵਾਰਤਾਲਾਪ ਦਾ ਬਿਆਨ ਵੀ ਵਾਰਾਂ ਵਿਚ ਕੀਤਾ ਹੈ:

ਪੁਛਨਿ ਗਲ ਈਮਾਨ ਦੀ, ਕਾਜੀ ਮੁਲਾਂ ਇਕਠੇ ਹੋਈ।
ਵਡਾ ਸਾਂਗੁ ਵਰਤਾਇਆ ਲਖਿ ਨਾ ਸੱਕੈ ਕੁਦਰਤਿ ਕੋਈ।
ਪੁਛਨਿ ਫੋਲਿ ਕਿਤਾਬ ਨੋ ਵਡਾ ਹਿੰਦੂ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆਂ ਸੁਭਿ ਅਮਲਾਂ ਬਾਝੋ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹਿ ਅੰਦਰਿ ਲਹਨਿ ਨ ਢੋਈ।
ਕਚਾ ਰੰਗੁ ਕੁਸੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।
ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਕੁਥਾਇ ਖਲੋਈ।
ਰਾਹਿ ਸੈਤਾਨੀ ਦੁਨੀਆਂ ਗੋਈ।[38]

ਅਰਥਾਤ ਮੁਲਾਂ ਤੇ ਕਾਜੀ ਇਕੱਠੇ ਹੋ ਕੇ ਗੁਰੂ ਸਾਹਿਬ ਨੂੰ ਪੁਛਿਆ ਕਿ ਵੱਡਾ ਹਿੰਦੂ ਹੈ ਜਾਂ ਮੁਸਲਮਾਨ ਗੁਰੂ ਸਾਹਿਬ ਨੇ ਉੱਤਰ ਦਿੱਤਾ ਸੁਭ ਅਮਲਾਂ ਤੋਂ ਬਗੈਰ ਦੋਨੋਂ ਦੁੱਖੀ ਹਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਰਾਮ ਤੇ ਰਹੀਮ ਇਕ ਹਨ ਦਾ ਉਪਦੇਸ਼ ਦਿਤਾ।

ਭਾਈ ਗੁਰਦਾਸ ਨੇ ਮੁਸਲਮਾਨਾਂ ਦੇ ਤੀਰਥ ਮੱਕੇ ਵਿਖੇ ਹੋਈ ਗੁਰੂ ਨਾਨਕ ਸਾਹਿਬ ਦੀ ਜਿੱਤ ਨੂੰ 'ਦਿਗ ਵਿਜੈ' ਕਿਹਾ ਹੈ। ਨਿਸ਼ਾਨੀ ਵਜੋਂ ਉਥੋਂ ਦੀ ਸੰਗਤ ਨੂੰ 'ਕੌਸ਼' ਭਾਵ ਖੜਾਵ ਦਿਤੀ। ਹਿੰਦੂ ਤੇ ਮੁਸਲਮਾਨ ਆਪਣੇ ਫਿਰਕੂਪੁਣੇ ਨੂੰ ਭੁੱਲ ਕੇ ਬਾਬੇ ਦੀ ਪੂਜਾ ਕਰਨ ਲੱਗੇ:

ਧਰੀ ਨੀਸਾਣੀ ਕਉਸਿ ਦੀ ਮਕੇ ਅੰਦਰਿ ਪੂਜ ਕਰਾਈ।
ਜਿਥੇ ਜਾਇ ਜਗਤਿ ਵਿਚਿ ਬਾਬੇ ਬਾਝੁ ਨ ਖਾਲੀ ਜਾਈ।
ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।[39]

ਭਾਈ ਗੁਰਦਾਸ ਨੇ ਵਾਰਾਂ ਵਿਚ ਗੁਰੂ ਸਾਹਿਬ ਦਾ ਮਦੀਨੇ ਜਾਣ ਦਾ ਸੰਕੇਤ ਵੀ ਕੀਤਾ ਹੈ:

- - - - ਮੱਕਾ ਮਦੀਨਾ ਸਭੇ ਨਿਵਾਇਆ।[40]

ਵਾਰਕਾਰ ਨੇ ਇਥੇ ਕੇਵਲ 'ਮਦੀਨੇ' ਦਾ ਨਾਮ ਹੀ ਦਿੱਤਾ ਹੈ ਵਿਸਥਾਰ ਵਿਚ ਨਹੀਂ ਗਿਆ। ਮਦੀਨਾ, ਮੱਕੇ ਤੇ ਬਗਦਾਦ ਦੇ ਰਸਤੇ ਵਿਚ ਆਉਂਦਾ ਹੈ ਅਤੇ ਮੱਕੇ ਤੋਂ ਬਗਦਾਦ ਜਾਣ ਲਈ ਸਿੱਧਾ ਰਸਤਾ ਵੀ ਮਦੀਨੇ ਵਿਚੋਂ ਦੀ ਹੋ ਕੇ ਜਾਂਦਾ ਹੈ। ਇਸ ਕਰਕੇ ਇਹ ਠੀਕ ਜਾਪਦਾ ਹੈ ਕਿ ਗੁਰੂ ਸਾਹਿਬ ਮੱਕੇ ਤੋਂ ਬਗਦਾਦ ਜਾਣ ਸਮੇਂ ਮਦੀਨੇ ਰੁੱਕੇ ਅਤੇ ਉਥੋਂ ਦੀ ਸੰਗਤ ਨੂੰ ਉਪਦੇਸ਼ ਦਿੱਤਾ।

ਗੁਰੂ ਨਾਨਕ ਸਾਹਿਬ ਦੀਆਂ ਹੋਰ ਯਾਤਰਾਵਾਂ ਨਾਲੋ ਇਸ ਯਾਤਰਾ ਬਾਰੇ ਵਧੇਰੇ ਚਰਚਾ ਹੁੰਦੀ ਰਹੀ ਹੈ। ਮੈਕਲੋਡ ਨੇ ਗੁਰੂ ਨਾਨਕ ਸਾਹਿਬ ਦੀਇਸ ਯਾਤਰਾ ਬਾਰੇ ਸਾਖੀਆਂਨੂੰ ਬਿਲਕੁਲ ਅਣਹੋਣੀਆਂ ਦੱਸਿਆ ਹੈ।[41] ਕਨਿੰਘਮ ਨੇ ਗੁਰੂ ਸਾਹਿਬ ਦੀ ਇਸ ਯਾਤਰਾ ਦਾ ਵਰਨਣ ਕੀਤਾ ਹੈ ਕਿ ਪਰ ਇਸ ਗੱਲ ਤੇ ਕਿੰਤੂ ਕੀਤਾ ਹੈ ਕਿ ਗੁਰੂ ਸਾਹਿਬ ਦੀ ਇਨ੍ਹਾਂ ਦੇਸ਼ਾਂ ਵਿਚ ਕੀਤੀ ਯਾਤਰਾ ਵਿਚ ਲੱਗੇ ਸਮੇਂ ਅਤੇ ਗੁਰੂ ਜੀ ਦੇ ਵਾਪਸ ਪੰਜਾਬ ਪਰਤਣ ਬਾਰੇ ਕੋਈ ਪਤਾ ਨਹੀਂ ਲੱਗਦਾ ਕਿ ਉਹ ਕਿਸ ਤਰੀਖ ਜਾਂ ਸੰਨ ਵਿਚ ਵਾਪਸ ਆਏ।[42]

ਡਾ. ਗੰਡਾ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਮੱਕੇ ਤੇ ਮਦੀਨੇ ਜਾਣ ਦਾ ਵਰਨਣ ਕੀਤਾ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਭਾਰਤ ਨੂੰ ਵਾਪਸੀ ਸਮੇਂ ਗੁਰੂ ਨਾਨਕ ਸਾਹਿਬ ਮੱਕੇ ਤੇ ਮਦੀਨੇ ਵਿਚੋਂ ਦੀ ਆਏ।[43] ਮੈਕਾਲਿਫ ਨੇ ਵੀ ਗੁਰੂ ਨਾਨਕ ਸਾਹਿਬ ਦੇ ਮੱਕੇ ਜਾਣ ਦੇ ਵਿਚਾਰ ਨਾਲ ਸਹਿਮਤੀ ਪ੍ਰਗਟਾਈ ਹੈ।[44] ਪ੍ਰੋ. ਸਾਹਿਬ ਸਿੰਘ[45], ਕਾਲਾ ਸਿੰਘ ਬੇਦੀ[46], ਕਿਰਪਾਲ ਸਿੰਘ,[47], ਸੁਰਿੰਦਰ ਸਿੰਘ ਕੋਹਲੀ[48], ਕਿਰਪਾਲ ਸਿੰਘ ਨਾਰੰਗ[49] ਆਦਿ ਵਿਦਵਾਨ ਇਸ ਵਿਚਾਰ ਨਾਲ ਸਹਿਮਤ ਹਨ ਕਿ ਗੁਰੂ ਸਾਹਿਬ ਮੱਕੇ ਤੇ ਮਦੀਨੇ ਦੋਹਾਂ ਥਾਵਾਂ ਤੇ ਗਏ।

ਮੱਕੇ, ਮਦੀਨੇ ਦੀ ਯਾਤਰਾ ਤੋਂ ਬਾਅਦ ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੇ ਬਗਦਾਦ ਜਾਣ ਸੰਬੰਧੀ ਵਾਰਾਂ ਵਿਚ ਸੰਕੇਤ ਕੀਤਾ ਹੈ। ਇਥੇ ਭਾਈ ਸਾਹਿਬ, ਗੁਰੂ ਸਾਹਿਬ ਨੂੰ ਅਕਾਲ ਪੁਰਖ ਦਾ ਰੂਪ ਤੇ ਮਰਦਾਨੇ ਨੂੰ ਰਬਾਬੀ ਕਹਿੰਦੇ ਹਨ:

ਇਕੁ ਬਾਬਾ ਅਕਾਲ ਰੂਪੁ, ਦੂਜਾ ਰਬਾਬੀ ਮਰਦਾਨਾ।[50]

ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਬਗਦਾਦ ਸ਼ਹਿਰ ਦੇ ਬਾਹਰ ਡੇਰਾ ਲਾ ਲਿਆ । ਭਜਨ ਬੰਦਗੀ ਕਰਕੇ ਜਦੋਂ ਸਤਿਨਾਮ ਦੀ ਬਾਂਗ ਦਿਤੀ ਤਾਂ ਸਾਰੇ ਪਾਸੇ ਚੁੱਪ ਦਾ ਵਾਤਾਵਰਣ ਛਾ ਗਿਆ। ਨਗਰੀ ਵਿਚ ਸੁੰਨ ਸਾਨ ਦੇਖ ਕੇ ਉਥੋਂ ਦਾ ਪੀਰ ਦਸਤਗੀਰ ਬਹੁਤ ਹੈਰਾਨ ਹੋਇਆ। ਉਸ ਨੇ ਧਿਆਨ ਲਾ ਕੇ ਦੇਖਿਆ ਤਾਂ ਇਕ ਵੱਡਾ ਮਸਤਾਨਾ ਫਕੀਰ ਨਜ਼ਰੀ ਆਇਆ। ਪੀਰ ਨੇ ਆ ਕੇ ਪੁਛਿਆ ਇਹ ਫਕੀਰ ਕੌਣ ਹੈ? ਮਰਦਾਨੇ ਨੇ ਉੱਤਰ ਦਿੱਤਾ, ਕਲਿਯੁੱਗ ਨੂੰ ਤਾਰਨ ਵਾਸਤੇ ਇਹ ਨਾਨਕ ਆਇਆ ਹੈ, ਜਿਸ ਨੇ ਸਭ ਫ਼ਕੀਰਾਂ ਨੂੰ ਰੱਦ ਕਰਕੇ ਇਕ ਅਕਾਲ ਪੁਰਖ ਨੂੰ ਜਾਣਿਆ ਹੈ। ਇਸ ਨੂੰ ਧਰਤੀ, ਆਕਾਸ਼ ਚੌਹਾਂ ਦਿਸ਼ਾਵਾਂ ਵਲ ਜਾਣਿਆ ਜਾਂਦਾ ਹੈ।[51]

ਗੁਰੂ ਨਾਨਕ ਸਾਹਿਬ ਵਲੋਂ ਬਗਦਾਦ ਵਿਚ ਦਿਖਾਈ ਕਲਾ ਦਾ ਵਰਨਣ ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਕਰਦੇ ਹਨ ਕਿ ਪੀਰ ਦਸਤਗੀਰ ਨੇ ਗੁਰੂ ਸਾਹਿਬ ਤੋ ਕਈ ਸਵਾਲ ਪੁੱਛੇ ਤੇ ਉੱਤਰ ਸੁਣ ਕੇ ਨਿਸ਼ਾ ਹੋਈ ਤੇ ਜਾਣਿਆ ਕਿ ਇਹ ਕੋਈ ਵੱਡਾ ਸ਼ਕਤੀ ਸ਼ਾਲੀ ਫ਼ਕੀਰ ਹੈ। ਇਸ ਨੇ ਵੱਡੀ ਕਰਾਮਾਤ ਦਿਖਾ ਕੇ ਵੱਡੇ ਅਸਚਰਜ ਵਾਲੀ ਗੱਲ ਕੀਤੀ ਹੈ ਕਿ ਲੱਖਾਂ ਹੀ ਆਕਾਸ਼ ਤੇ ਪਾਤਾਲ ਹਨ। ਦਸਤਗੀਰ ਨੇ ਗੁਰੂ ਸਾਹਿਬ ਤੋਂ ਫ਼ਿਰ ਦੁਹਰਾ ਕੇ ਪੁਛਿਆ ਕਿ ਤੁਸੀਂ ਲੱਖਾਂ ਅਕਾਸ਼ ਤੇ ਪਾਤਾਲ ਵਾਲੀ ਜਿਹੜੀ ਸ਼ਕਤੀ ਨੂੰ ਪ੍ਰਾਪਤ ਕੀਤਾ ਹੈ, ਉਹ ਸਾਨੂੰ ਵੀ ਦੱਸੋ। ਤਦ ਗੁਰੂ ਸਾਹਿਬ ਨੇ ਪੀਰ ਦਾ ਪੁੱਤਰ ਨਾਲ ਲਿਆ ਤੇ ਅੱਖਾਂ ਮੀਟ ਕੇ ਆਕਾਸ਼ ਨੂੰ ਚੱਲ ਪਏ। ਅੱਖ ਦੇ ਫੁਰਨੇ ਨਾਲ ਹੀ ਲੱਖਾਂ ਆਕਾਸ਼ ਤੇ ਪਾਤਾਲ ਦਿਖਾ ਲਿਆਂਦੇ ਤੇ ਨਾਲ ਧੁਰ ਪਾਤਾਲ ਤੋਂ ਕੜਾਹ ਪ੍ਰਸ਼ਾਦ ਦਾ ਕੌਲਾ ਭਰ ਲਿਆਂਦਾ। ਅਖੀਰ ਵਿਚ ਭਾਈ ਗੁਰਦਾਸ ਕਹਿੰਦੇ ਹਨ ਕਿ ਜ਼ਾਹਰੀ ਕਲਾ ਛੁਪਾਇਆ ਨਹੀਂ ਛੁਪਦੀ।[52]

ਧੁਰ ਪਾਤਾਲ ਤੋਂ ਕੜਾਹ ਪ੍ਰਸ਼ਾਦ ਲਿਆ ਕੇ ਗੁਰੂ ਸਾਹਿਬ ਨੇ ਪੀਰ ਦਸਤਗੀਰ ਨੂੰ ਇਹ ਦੱਸਿਆ ਕਿ ਜਿਹੜੇ ਬਾਲਕ ਵਾਂਗ ਨਿਰ ਅਭਿਮਾਨ ਹੁੰਦੇ ਹਨ ਉਹੀ ਇਹ ਨਜ਼ਰ ਪਾਉਂਦੇ ਹਨ। ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ "ਭਾਈ ਗੁਰਦਾਸ ਦਾ ਵਰਨਣ ਜੋ ਕਾਫ਼ੀ ਅਪੂਰਨ ਹੈ, ਪਰਾਸਰੀਰਕ ਜ਼ੋਰਾਂ ਤੋਂ ਪੂਰਨ ਭਾਂਤ ਮੁਕਤ ਨਹੀਂ ਹੈ।[53] ਕਨਿੰਘਮ ਦੇ ਕਥਨ ਅਨੁਸਾਰ, ਗੁਰੂ ਨਾਨਕ, ਭਾਈ ਗੁਰਦਾਸ ਅਤੇ ਸਿੱਖ ਜਨਤਾਂ ਦੀਆਂ ਨਜ਼ਰਾਂ ਵਿਚ ਪਹਿਲੀ ਤੱਕਣੀ ਜੋਤ ਅਤੇ ਦੇਵੀ

ਸ਼ਕਤੀ ਦਾ ਰੂਪ ਧਾਰਨ ਕਰ ਲੈਂਦਾ ਹੈ।[54] ਇਸ ਪ੍ਰਕਾਰ ਇਥੇ ਇੰਜ ਪ੍ਰਤੀਤ ਹੁੰਦਾ ਹੈ ਕਿ ਭਾਈ ਗੁਰਦਾਸ ਨੇ ਗੁਰੂ ਨਾਨਕ ਦੇ ਵਿਅਕਤੀਤੱਤ ਨੂੰ ਦੈਵੀ ਰੂਪ ਵਿਚ ਪੇਸ਼ ਕੀਤਾ ਹੈ।

ਗੁਰੂ ਨਾਨਕ ਸਾਹਿਬ ਦੀ ਬਗਦਾਦ ਯਾਤਰਾ ਬਾਰੇ ਵਿਦਵਾਨਾਂ ਵਿਚ ਕਾਫ਼ੀ ਚਰਚਾ ਹੋਈ ਹੈ। ਮੈਕਲੋਡ ਨੇ ਗੁਰੂ ਨਾਨਕ ਸਾਹਿਬ ਦੇ ਬਗਦਾਦ ਜਾਣ ਬਾਰੇ ਦਿਤੇ ਪ੍ਰਮਾਣਾਂ ਨੂੰ ਵਧੇਰੇ ਮੰਨਣਯੋਗ ਨਹੀਂ ਸਮਝਿਆ।[55] ਪਰ ਕੁਝ ਕੁ ਪੁਰਾਤਨ ਲਿਖਤਾਂ ਜਿਵੇਂ ਭਾਈ ਬਾਲੇ ਵਾਲੀ ਜਨਮ ਸਾਖੀ, ਗਿਆਨ ਰਤਨਾਵਲੀ ਆਦਿ ਵਿਚ ਗੁਰੂ ਸਾਹਿਬ ਦੇ ਬਗਦਾਦ ਜਾਣ ਬਾਰੇ ਵਰਨਣ ਮਿਲਦਾ ਹੈ। ਇਸ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਸਾਹਿਬ ਦਾ ਬਗਦਾਦ ਜਾਣਾ ਦਰਜ ਹੈ ਜੋ ਇਕ ਮੰਨਣਯੋਗ ਪ੍ਰਮਾਣ ਹੈ। ਜਿਥੋਂ ਤੱਕ ਨਵੀਨ ਖੋਜ ਦਾ ਸੰਬੰਧ ਹੈ ਪਹਿਲੀ ਜੰਗ ਸਮੇਂ ਇਕ ਸਿੱਖ ਕਮਾਂਡਰ ਨੂੰ ਬਗਦਾਦ ਵਿਚ ਇਕ ਖ਼ੁਤਬੇ ਬਾਰੇ ਪਤਾ ਲੱਗਾ, ਜਿਸ ਬਾਰੇ 1918 ਈ. ਦੇ ਕਰੀਬ Loyal Gazettee ਲਾਹੌਰ ਵਿਚ ਛਪਿਆ ਮਿਲਦਾ ਹੈ।[56] ਇਹ ਖ਼ੁਤਬਾ ਗੁਰੂ ਸਾਹਿਬ ਦੀ ਬਗਦਾਦ ਯਾਤਰਾ ਦਾ ਪ੍ਰਮਾਣਿਕ ਸਬੂਤ ਮੰਨਿਆ ਜਾ ਸਕਦਾ ਹੈ। ਇਹ 927 ਹਿ. (1520 ਈ.) ਦਾ ਲਿਖਿਆ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਬਗਦਾਦ ਵਿਚ ਪੀਰ ਦਸਤਗੀਰ ਅਤੇ ਬਹਿਲੋਲ ਆਦਿਕ ਵਲੀਆ ਦੇ ਜਾਨਸ਼ੀਨ ਸਤਿਗੁਰ ਦੇ ਬਹੁਤ ਸ਼ਰਧਾਲੂ ਹੋ ਗਏ ਅਰ ਉਨ੍ਹਾਂ ਦੀ ਯਾਦਗਾਰ ਵਿਚ 'ਖ਼ੁਤਬਾ', ਜੋ ਤੁਰਕੀ ਜ਼ਬਾਨ ਵਿਚ ਹੈ, ਲਾਇਆ ਗਿਆ, ਜੋ ਰੇਲਵੇ ਸਟੇਸ਼ਨ ਬਗਦਾਦ ਤੋਂ ਡੇਢ ਮੀਲ ਹੈ।[57] ਡਾ. ਕਿਰਪਾਲ ਸਿੰਘ ਨੇ ਇਸ ਖ਼ੁਤਬੇ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਕੀਤਾ ਹੈ:

> ਵੇਖੋ ਮਹਾਨ ਈਸ਼ਵਰ ਨੇ ਮੁਰਾਦ ਪੂਰੀ ਕੀਤੀ। ਬਾਬਾ ਨਾਨਕ ਦਰਵੇਸ਼ ਵਾਸਤੇ ਨਵੀਂ ਇਮਾਰਤ ਬਣੀ। ਇਸ ਦੇ ਬਣਾਉਣ ਵਿਚ ਸੱਤਾਂ ਰੱਬੀ ਦਰਵੇਸ਼ਾਂ ਨੇ ਸਹਾਇਤਾ ਕੀਤੀ। ਇਸ ਦੀ ਮਿਤੀ 927 ਹਿ. ਬਣਦੀ ਹੈ। ਖੁਸ਼ਨਸੀਬ ਚੇਲੇ ਨੇ ਧਰਤੀ ਵਿਚੋਂ ਪਾਣੀ ਦਾ ਨਵ ਪਰਵਾਹ ਚਲਾਇਆ।[58]

ਗੁਰੂ ਨਾਨਕ ਸਾਹਿਬ ਦੀ ਬਗਦਾਦ ਯਾਤਰਾ ਬਾਰੇ ਇਕ ਹੋਰ ਮਹੱਤਵ ਪੂਰਨ ਪ੍ਰਮਾਣ ਮਿਲਦਾ ਹੈ। ਜਿਸ ਨੂੰ ਸਵਾਮੀ ਅਨੰਦਾ ਅਚਾਰੀਆ ਨੇ 912 ਹਿ: ਵਿਚ ਬਗਦਾਦ ਸ਼ਹਿਰ ਦੇ ਬਾਹਰ ਇਕ ਸਰਾਂ ਵਿਚੋਂ ਸ਼ਿਲਾਲੇਖ ਦੇ ਰੂਪ ਵਿਚ ਲੱਭਿਆ ਤੇ ਇਸ ਨੂੰ ਕਵਿਤਾ ਦੇ ਰੂਪ ਵਿਚ ਬਿਆਨ

ਕੀਤਾ ਹੈ। ਸ਼ਿਲਾਲੇਖ ਦੇ ਸ਼ਬਦ ਇਸ ਪ੍ਰਕਾਰ ਹਨ:

> ਇਥੇ ਗੁਰੂ ਨਾਨਕ ਸਾਹਿਬ ਨੇ ਫਕੀਰ ਬਹਿਲੋਲ ਨਾਲ ਬਚਨ ਕੀਤੇ ਅਤੇ ਗੁਰੂ ਜੀ ਇਥੋਂ ਈਰਾਨ ਤੋਂ ਜਾਣ ਦੇ ਸੱਠ ਸਾਲ (ਸੱਠ ਸਰਦੀਆਂ) ਪਿਛੋਂ ਬਹਿਲੋਲ ਦੀ ਆਤਮਾ ਗੁਰੂ ਦੇ ਬਚਨਾ ਤੇ ਉਸ ਤਰ੍ਹਾਂ ਟਿਕੀ ਰਹੀ ਜਿਵੇਂ ਸ਼ਹਿਦ ਦੀ ਮੱਖੀ ਸ਼ਹਿਰ ਦੇ ਉਸ ਫੁੱਲ ਤੇ ਬੈਠੀ ਰਹੇ ਜੋ ਅਮ੍ਰਿਤ ਦੀ ਲੋ ਨਾਲ ਪ੍ਰਕਾਸ਼ਮਾਨ ਹੋਵੇ।[59]

ਡਾ. ਮੈਕਲੋਡ, ਗੁਰੂ ਨਾਨਕ ਸਾਹਿਬ ਦੀ ਬਗਦਾਦ ਯਾਤਰਾ ਬਾਰੇ ਮਿਲਦੇ ਇਨ੍ਹਾਂ, ਦੋਨਾਂ ਮਹੱਤਵਪੂਰਨ ਪ੍ਰਮਾਣਾਂ ਬਾਰੇ ਕਿੰਤੂ ਕਰਦਾ ਹੈ। ਉਸ ਨੇ ਪਹਿਲੇ ਪ੍ਰਮਾਣ ਦੇ ਪੰਜ ਵੱਖ ਵੱਖ ਅਨੁਵਾਦ ਪੇਸ਼ ਕੀਤੇ ਹਨ। ਇਨ੍ਹਾਂ ਪੰਜਾਂ ਵਿਚੋਂ ਮੈਕਲੋਡ ਅਨੁਸਾਰ ਤਿੰਨਾਂ ਵਿਚ ਨਾਮ ਮੁਰਾਦ ਮਿਲਦਾ ਹੈ ਤੇ ਬਾਕੀ ਦੋਹਾਂ ਵਿਚ ਵਰਨਣ ਨਹੀਂ ਮਿਲਦਾ। ਤਾਰੀਖ ਤਿੰਨਾਂ ਵਿਚ 927 ਹਿ: ਇਕ ਵਿਚ 917 ਹਿ: ਤੇ ਪੰਜਵੇਂ ਅਨੁਵਾਦ ਵਿਚ ਕੋਈ ਤਾਰੀਖ ਨਹੀਂ ਮਿਲਦੀ। ਪੰਜੇ ਅਨੁਵਾਦਾਂ ਵਿਚ ਗੁਰੂ ਨਾਨਕ ਸਾਹਿਬ ਬਾਰੇ ਜ਼ਿਕਰ ਮਿਲਦਾ ਹੈ।[60] ਡਾ. ਸਾਹਿਬ ਦੁਆਰਾ ਪੇਸ਼ ਕੀਤੇ ਇਨ੍ਹਾਂ ਅਨੁਵਾਦਾਂ ਵਿਚ ਇਸ ਗੱਲ ਤੇ ਸਹਿਮਤੀ ਹੈ ਕਿ ਗੁਰੂ ਨਾਨਕ ਸਾਹਿਬ ਬਗਦਾਦ ਗਏ ਸਨ। ਤਾਰੀਖ ਬਾਰੇ ਕਿ ਇਹ ਯਾਤਰਾ 927 ਹਿ: ਜਾਂ 917 ਹਿ: ਵਿਚ ਹੋਈ ਬਾਰੇ ਮੱਤਭੇਦ ਨਿਰਮੂਲ ਜਾਂ ਮਾਮੂਲੀ ਹੈ।

ਡਾ. ਮੈਕਲੋਡ ਇਸ ਦੂਜੇ ਪ੍ਰਮਾਣ ਤੇ ਵੀ ਕਿੰਤੂ ਕਰਦਾ ਹੋਇਆ ਲਿਖਦਾ ਹੈ ਕਿ ਇਸ ਕਵਿਤਾ ਦੀ ਅਸਲੀ Text ਨਾ ਕਿਤੇ ਛਪੀ ਹੈ ਅਤੇ ਨਾਂ ਹੀ ਕਿਸੇ ਨੇ ਦੇਖੀ ਹੈ, ਸਿਵਾਏ ਸਵਾਮੀ ਅਨੰਦਾ ਅਚਾਰੀਆ ਦੇ ਸਿਰਫ ਇਸ ਦਾ ਅਨੁਵਾਦ ਹੀ ਪ੍ਰਾਪਤ ਹੈ। ਡਾ. ਸਾਹਿਬ ਅਨੁਸਾਰ ਅਸਲੀ Text ਨੂੰ ਸਮਝਣ ਬਗੈਰ ਇਹ ਮੰਨਣਾ ਮੁਸ਼ਕਲ ਹੈ ਕਿ ਸਵਾਮੀ ਅਨੰਦਾ ਅਚਾਰੀਆ ਦੀ ਕਵਿਤਾ ਇਕ ਮੰਨਣਯੋਗ ਪ੍ਰਮਾਣ ਹੈ।[61] ਇਸ ਤਰ੍ਹਾਂ ਉਹ ਸਵਾਮੀ ਜੀ ਦੀ ਕਵਿਤਾ ਨੂੰ ਪ੍ਰਮਾਣਿਕ ਇਤਿਹਾਸਕ ਪ੍ਰਮਾਣ ਮੰਨਣ ਤੋਂ ਇਨਕਾਰੀ ਹੈ।

ਬੇਸ਼ੱਕ ਇਨ੍ਹਾਂ ਪ੍ਰਮਾਣਿਕ ਇਤਿਹਾਸਕ ਸਬੂਤਾਂ ਬਾਰੇ ਵਿਦਵਾਨਾਂ ਵਿਚ ਮੱਤ ਭੇਦ ਹੈ ਪਰ ਸਾਡੇ ਕੋਲ ਭਾਈ ਗੁਰਦਾਸ ਦੀਆਂ ਵਾਰਾਂ ਉਪਲੱਬਧ ਹਨ ਜੋ ਇਕ ਮੰਨਣਯੋਗ

ਪ੍ਰਮਾਣ ਹਨ ਕਿ ਗੁਰੂ ਸਾਹਿਬ ਬਗਦਾਦ ਦੀ ਯਾਤਰਾ ਤੇ ਗਏ। ਨਾਲੇ ਮੱਕੇ ਤੇ ਮਦੀਨੇ ਜਾਣ ਤੋਂ ਬਾਅਦ ਬਗਦਾਦ ਦੀ ਯਾਤਰਾ ਸੁਭਾਵਕ ਮੰਨਣਯੋਗ ਹੈ ਕਿਉਂਕਿ ਇਹ ਉਸ ਸਮੇਂ ਦੇ ਮਹੱਤਵਪੂਰਨ ਸਥਾਨਾਂ ਵਿਚੋਂ ਇਕ ਸੀ।

ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੇ ਵਿਅਕਤੀਤੱਵ ਨੂੰ, ਯਾਤਰਾਵਾਂ ਨੂੰ ਤੇ ਜੀਵਨ ਦੇ ਉਦੇਸ਼ ਨੂੰ ਹੇਠ ਲਿਖੀ ਪਉੜੀ ਵਿਚ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕੀਤਾ ਹੈ:

ਗੜ੍ਹ ਬਗਦਾਦੁ ਨਿਵਾਇਕੈ ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚਉਰਾਸੀਹ ਮੰਡਲੀ ਖਟਿ ਦਰਸ਼ਨਿ ਪਾਖੰਡਿ ਜਿਣਾਇਆ।
ਪਾਤਾਲਾ ਆਕਾਸ਼ ਲਖ ਜੀਤੀ ਧਰਤੀ ਜਗਤ ਸਬਾਇਆ।
ਜੀਤੀ ਨਉਖੰਡਿ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।
ਦੇਵ ਦਾਨੋ ਰਾਕਸਿ ਦੈਤ ਸਭ ਚਿਤਿ ਗੁਪਤਿ ਸਭਿ ਚਰਨੀ ਲਾਇਆ
ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।
ਭਇਆ ਅਨੰਦ ਜਗਤੁ ਵਿਚਿ ਕਲਿਤਾਰਨ ਗੁਰੁ ਨਾਨਕੁ ਆਇਆ।
ਹਿੰਦੂ ਮੁਸਲਮਾਣਿ ਨਿਵਾਇਆ।[62]

ਇਸ ਤੋਂ ਪ੍ਰਤੱਖ ਹੈ ਕਿ ਭਾਈ ਗੁਰਦਾਸ ਦੀਆਂ ਨਜ਼ਰਾਂ ਵਿਚ ਗੁਰੂ ਨਾਨਕ ਸਾਹਿਬ ਨੇ ਕੁਲ ਨੂੰ ਤਾਰ ਕੇ ਸਾਰੀ ਮਨੁੱਖਤਾ ਨੂੰ ਨਰੋਆ ਉਪਦੇਸ਼ ਦਿਤਾ।

ਬਗਦਾਦ ਤੋਂ ਬਾਅਦ ਜਦੋਂ ਗੁਰੂ ਨਾਨਕ ਸਾਹਿਬ ਵਾਪਸ ਭਾਰਤ ਪਹੁੰਚੇ ਤਾਂ ਭਾਈ ਗੁਰਦਾਸ ਵਾਰਾਂ ਵਿਚ ਉਨ੍ਹਾਂ ਦਾ ਕਰਤਾਰਪੁਰ ਆਉਣਾ ਦੱਸਦਾ ਹੈ। ਗੁਰੂ ਸਾਹਿਬ ਨੇ ਕਰਤਾਰਪੁਰ ਆ ਕੇ ਕਿਸ ਤਰ੍ਹਾਂ ਦਾ ਜੀਵਨ ਬਤੀਤ ਕੀਤਾ ਇਸ ਦਾ ਸੰਖੇਪ ਵਰਣਨ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਰਜ ਹੈ। ਭਾਈ ਗੁਰਦਾਸ ਅਨੁਸਾਰ, ਗੁਰੂ ਸਾਹਿਬ ਨੇ ਉਦਾਸੀਆਂ ਵਾਲਾ ਭੇਖ ਉਤਾਰ ਕੇ ਸੰਸਾਰੀ ਕੱਪੜੇ ਪਾਏ, ਮੰਜੀ ਤੇ ਬਿਰਾਜਮਾਨ ਕੀਤਾ, ਪੁੱਤਰਾਂ ਨੂੰ ਛੱਡ ਕੇ ਭਾਈ ਲਹਿਣੇ ਨੂੰ ਗੁਰਗੱਦੀ ਦਿੱਤੀ। ਕਰਤਾਰ ਪੁਰ ਵਿਖੇ ਧਰਮਸਾਲ ਕਾਇਮ ਕੀਤੀ, ਗੁਰਮੁੱਖਾਂ ਦੇ ਸਿਰੋਂ ਵੇਦਾਂ ਦਾ ਭਾਰ

ਲਾਹ ਕੇ ਗੁਰਬਾਣੀ ਦਾ ਉਪਦੇਸ਼ ਦਿੱਤਾ:

ਫਿਰ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਅ ਅਵਤਾਰਾ।
ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।
ਬਾਣੀ ਮੁਖਹੁ ਉਚਾਰੀਐ ਹੁਇ ਰੁਸ਼ਨਾਈ ਮਿਟੈ ਅੰਧਾਰਾ।
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ, ਧੁਨਕਾਰਾ।
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ।
ਗੁਰਮੁਖਿ ਭਾਰ ਅਥਰਬਣਿ ਧਾਰਾ।[63]

ਉਪਰੋਕਤ ਵਿਚਾਰ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਪਹਿਲੇ ਫਿਰਕੇ ਸਾਰੇ ਸੰਸਾਰ ਨੂੰ ਤਾਰਿਆਂ ਅਤੇ ਫਿਰ ਕਰਤਾਰਪੁਰ ਬੈਠ ਕੇ ਸਤਿ ਸੰਗਤ ਸ਼ੁਰੂ ਕੀਤੀ। ਤਾਂ ਕਿ ਲੋਕਾਂ ਦੇ ਦਿਲਾਂ ਦੇ ਹਨੇਰੇ ਨੂੰ ਬਾਣੀ ਤੇ ਸ਼ਬਦ ਰਾਹੀਂ ਦੂਰ ਕੀਤਾ ਜਾ ਸਕੇ। ਉਪਰੋਕਤ ਪਾਉੜੀ ਵਿਚ ਇਕ ਮਹੱਤਵਪੂਰਨ ਇਤਿਹਾਸਕ ਘਟਨਾ ਦਾ ਸੰਕੇਤ ਆਇਆ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਦੇ ਆਪਣੇ ਪੁੱਤਰ ਉਨ੍ਹਾਂ ਦੀ ਪਰਖ ਕਸਵੱਟੀ ਤੇ ਪੂਰੇ ਨਾ ਉੱਤਰੇ ਤਾਂ ਉਨ੍ਹਾਂ ਨੇ ਗੁਰੂ ਅੰਗਦ ਨੂੰ ਗੁਰਿਆਈ ਦਿਤੀ ਅਤੇ ਸੰਸਾਰ ਵਿਚ ਇਕ ਨਵੀਂ ਪਿਰਤ ਪਾਈ।

ਭਾਈ ਗੁਰਦਾਸ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਦਾ ਸ਼ਿਵਰਾਤ੍ਰੀ ਦੇ ਮੇਲੇ ਤੇ ਅਚਲ ਵਟਾਲੇ ਜਾਣ ਦਾ ਸੰਕੇਤ ਕਰਦੇ ਹਨ। ਇਸ ਮੌਕੇ ਤੇ ਵੱਖ ਵੱਖ ਦਿਸ਼ਾਵਾਂ ਤੋਂ ਸੰਗਤ ਇਸ ਸਥਾਨ ਤੇ ਇਕੱਠੀ ਹੋਈ ਹੋਈ ਸੀ। ਗੁਰੂ ਸਾਹਿਬ ਦੇ ਦਰਸ਼ਨਾਂ ਲਈ ਸਾਰੀ ਸੰਗਤ ਉਲਟ ਪਈ। ਇਹ ਦੇਖ ਕੇ ਉਥੋਂ ਦੇ ਜੋਗੀਆਂ ਦੇ ਮਨ ਵਿਚ ਈਰਖਾ ਪੈਦਾ ਹੋਈ। ਇਸ ਮੇਲੇ ਵਿਚ ਭਗਤੀਆਂ[64] ਨੇ ਜਦੋਂ ਰਾਸ ਪਾਈ ਤਾਂ ਜੋਗੀਆਂ ਨੇ ਉਨ੍ਹਾਂ ਦਾ ਲੋਟਾ ਲੁਕਾ ਲਿਆ, ਇਸ ਨਾਲ ਭਗਤੀਆਂ ਨੂੰ ਰਾਸਾ ਪਾਉਣੀਆਂ ਭੁੱਲ ਗਈਆਂ ਤੇ ਲੋਟੇ ਵਿਚ ਹੀ ਸੁਰਤ ਗੁੰਮ ਹੋ ਗਈ। ਕਿਉਂਕਿ ਲੋਟੇ ਵਿਚ ਸਾਰੀ ਉਗਰਾਹੀ ਦਾ ਇਕੱਠਾ ਕੀਤਾ ਪੈਸਾ ਸੀ। ਗੁਰੂ ਨਾਨਕ ਸਾਹਿਬ ਨੇ ਇਹ ਸਾਰਾ ਕੁਝ ਦੇਖਿਆ। ਭਾਈ ਗੁਰਦਾਸ ਅਨੁਸਾਰ ਆਪ ਅੰਤਰਜਾਮੀ ਸਨ ਜਿਥੇ ਜੋਗੀਆਂ ਨੇ ਲੋਟਾ ਲੁਕਾਇਆ ਸੀ ਆਪ ਨੇ

ਕੱਢ ਦਿੱਤਾ। ਇਸ ਨਾਲ ਜੋਗੀ ਹੋਰ ਗੁੱਸੇ ਹੋਏ।[65] ਤੇ ਈਰਖਾ/ਅਧੀਨ ਸਾਰੇ ਚਰਚਾ ਕਰਨ ਲੱਈ ਗੁਰੂ ਸਾਹਿਬ ਵੱਲ ਦੌੜੇ। ਭੰਗਰਨਾਥ ਪੁੱਛਣ ਲੱਗਾ, "ਤੂੰ ਦੁੱਧ ਵਿਚ ਕਾਜੀ ਕਿਉਂ ਪਾਈ ਹੈ?" ਭਾਵ ਉਦਾਸੀ ਦਾ ਭੇਖ ਲਾਹ ਕੇ ਤੂੰ ਸੰਸਾਰੀ ਬਨ ਗਿਆ ਹੈਂ। ਗੁਰੂ ਨਾਨਕ ਸਾਹਿਬ ਦਾ ਮੱਤ ਸੰਸਾਰੀਆਂ ਵਾਲਾ ਸੀ। ਗੁਰੂ ਸਾਹਿਬ ਨੇ ਉੱਤਰ ਦਿੱਤਾ। ਭੰਗਰ ਨਾਥ ਤੁਸੀਂ ਗ੍ਰਿਸਤ ਤੋਂ ਅਤੀਤ ਹੋ ਕੇ ਫੇਰ ਗ੍ਰਿਸਤੀਆਂ ਤੋਂ ਮੰਗ ਕੇ ਖਾਂਦੇ ਹੋ ਤੇ ਦੂਜੇ ਪਾਸੇ ਉਨ੍ਹਾਂ ਦੀ ਨਿੰਦਾ ਕਰਦੇ ਹੋ। ਅਖੀਰ ਵਿਚ ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਦਿੱਤੇ ਬਿਨਾਂ, ਕਿਸੇ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ।[66]

ਗੁਰੂ ਨਾਨਕ ਸਾਹਿਬ ਨੂੰ ਡਰਾਉਣ ਤੇ ਭਰਮਾਉਣ ਲਈਜੋਗੀਆਂ ਨੇ ਕਈ ਰੂਪ ਧਾਰੇ। ਭਾਈ ਗੁਰਦਾਸ ਅਨੁਸਾਰ ਸਿੱਧਾਂ ਦੀ ਕਰੋਧ ਦੀ ਅੱਗ ਬੁਝਨ ਵਿਚ ਨਹੀਂ ਸੀ ਆਉਂਦੀ:

ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤਿ ਦਿਖਾਈ

ਇਕਿ ਪਰਿ ਕਰਿਕੈ ਉਡਰਨਿ ਪੰਖੀ ਜਿਵੈ ਰਹੈ ਲੀਲਾਈ।

ਇਕ ਨਾਗ ਹੋਇ ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ।

ਤਾਰੇ ਤੋੜੇ ਭੰਗਰਿਨਾਥੁ ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।

ਸਿਧਾ ਅਗਨਿ ਨ ਬੁਝੈ ਬੁਝਾਈ।[67]

ਇਸ ਪ੍ਰਕਾਰ ਕਈ ਤਰ੍ਹਾਂ ਦੇ ਨਾਟਕ ਚੇਟਕ ਕਰਕੇ ਸਿੱਧਾਂ ਨੇ ਗੁਰੂ ਸਾਹਿਬ ਨੂੰ ਆਪਣੇ ਵੱਸ ਵਿਚ ਕਰਨ ਦੇ ਯਤਨ ਕੀਤੇ, ਪਰ ਉਨ੍ਹਾਂ ਅੱਗੇ ਸਿੱਧਾਂ ਦੀ ਕੋਈ ਪੇਸ਼ ਨਾ ਗਈ। ਉਹ ਆਪਣੀਆਂ ਕਰਾਮਾਤਾਂ ਦਿਖਾ ਕੇ ਗੁਰੂ ਸਾਹਿਬ ਤੋਂ ਵੀ ਕਰਾਮਾਤਾਂ ਦੀ ਮੰਗ ਕਰਨ ਲੱਗੇ ਕਿਉਂਕਿ ਸਿੱਧਾਂ ਵਿਚ ਕਰਾਮਾਤ ਨੂੰ ਸੱਭ ਤੋਂ ਵੱਡੀ ਸ਼ਕਤੀ ਮੰਨਦੇ ਹਨ। ਪਰ ਭਾਈ ਗੁਰਦਾਸ ਅਨੁਸਾਰ ਗੁਰੂ ਸਾਹਿਬ ਨੇ ਕਿਹਾ, "ਹੇ ਨਾਥ ਜੀ। ਸਾਡੇ ਵੇਖਣ ਵਿਚ ਜੋਗੀ ਕੋਈ ਵਸਤ ਨਹੀਂ ਹਨ। ਗੁਰੂ ਸੰਗਤ ਤੇ ਬਾਣੀ ਉੱਤਮ ਹਨ ਅਤੇ ਇਸ ਤੋਂ ਬਿਨਾਂ ਸਾਨੂੰ ਦੂਜੀ ਕਿਸੇ ਦੀ ਓਟ ਰਾਈ ਜਿਨੀ ਵੀ ਨਹੀਂ[68] ਗੁਰੂ ਸਾਹਿਬ ਨੇ ਸਿੱਧਾਂ ਨੂੰ ਉਪਦੇਸ਼ ਦਿੱਤਾ ਕਿ ਸੱਚੇ ਨਾਮ ਤੋਂ ਬਿਨਾਂ ਸਾਡੇ ਪਾਸ ਕੋਈ ਕਰਾਮਾਤ ਨਹੀਂ ਹੈ।

ਬਾਝੋ ਸੱਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।[69]

ਉਪਰੋਕਤ ਵਿਚਾਰ ਰਾਹੀਂ ਭਾਈ ਗੁਰਦਾਸ ਨੇ ਇਹ ਸਿੱਧ ਕੀਤਾ ਹੈ ਕਿ ਸਿੱਧ ਗਿਆਨ ਵਿਹੂਣੇ ਹਨ। ਇਹ ਜੀਵ ਨੂੰ ਅਕਾਲਪੁਰਖ ਵਲੋਂ ਮੋੜ ਕੇ ਹਉਮੈ ਵਿਚ ਫਸਾਉਂਦੇ ਹਨ। ਸਤਿਨਾਮ ਹੀ ਸੱਭ ਤੋਂ ਵੱਡੀ ਕਰਾਮਾਤ ਹੈ ਜੋ ਹਉਮੈ ਤੋਂ ਛੁਟਕਾਰਾ ਦੁਆਉਂਦੀ ਹੈ।

ਭਾਈ ਗੁਰਦਾਸ ਅਨੁਸਾਰ ਗੁਰੂ ਸਾਹਿਬ ਦੇ ਸ਼ਬਦ ਨਾਲ ਸਿੱਧਾਂ ਵਿਚ ਸ਼ਾਂਤੀ ਵਰਤ ਗਈ। ਸਿੱਧ ਗੁਰੂ ਸਾਹਿਬ ਦੀ ਵੱਡੀ ਕਮਾਈ ਦੇ ਸੋਹਲੇ ਗਾਉਣ ਲੱਗੇ ਤੇ ਗੁਰੂ ਸਾਹਿਬ ਨੂੰ ਕਲਯੁੱਗ ਵਿਖੇ ਵੱਡਾ ਪੁਰਖ ਪ੍ਰਗਟਿਆ ਮੰਨਿਆ :

ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ।

ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ।[70]

ਉਪਰੰਤ ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੀ ਮੁਲਤਾਨ ਵਿਖੇ ਹੋਈ ਪੀਰਾਂ ਨਾਲ ਗੋਸ਼ਟਿ ਦਾ ਵਰਨਣ ਵਾਰਾਂ ਵਿਚ ਕੀਤਾ ਹੈ। ਜਦੋਂ ਗੁਰੂ ਸਾਹਿਬ ਨੂੰ ਪਤਾ ਲੱਗਾ ਕਿ ਮੁਲਤਾਨ ਵਿਚ ਪੀਰਾਂ ਨੂੰ ਲੋਕ ਵੱਡਾ ਮੰਨਦੇ ਹਨ ਤਾਂ ਆਪ ਨੇ ਅਕਾਲ ਪੁਰਖ ਤੋਂ ਬੇਮੁੱਖ ਲੋਕਾਂ ਨੂੰ ਸੱਚ ਦਾ ਰਾਹ ਦਿਖਾਉਣ ਲਈ ਮੁਲਤਾਨ ਦੀ ਯਾਤਰਾ ਕੀਤੀ। ਭਾਈ ਗੁਰਦਾਸ ਅਨੁਸਾਰ ਗੁਰੂ ਸਾਹਿਬ ਦੇ ਆਉਣ ਦੀ ਖਬਰ ਸੁਣ ਕੇ ਮੁਲਤਾਨ ਦੇ ਪੀਰਾਂ ਵਿਚ ਹਫੜਾ ਦਫੜੀ ਮੱਚ ਗਈ ਤੇ ਉਨ੍ਹਾਂ ਨੇ ਦੁੱਧ ਦੇ ਭਰੇ ਹੋਏ ਕਟੋਰੇ ਨਾਲ ਉਨ੍ਹਾਂ ਦਾ ਸੁਆਗਤ ਕੀਤਾ। ਇਸ ਦਾ ਭਾਵ ਸੀ ਕਿ ਮੁਲਤਾਨ ਤਾਂ ਅੱਗੇ ਹੀ ਪੀਰਾਂ ਨਾਲ ਭਰਿਆ ਪਿਆ ਹੈ ਤੁਸੀਂ ਇਥੇ ਕਿਵੇਂ ਰਵੋਗੇ? ਗੁਰੂ ਸਾਹਿਬ ਨੇ ਨਿਮਰਤਾ ਨਾਲ ਇਕ ਚੰਬੇਲੀ ਦਾ ਫੁੱਲ ਦੁੱਧ ਉਤੇ ਰੱਖ ਦਿਤਾ। ਇਸ ਦਾ ਭਾਵ ਸੀ, ਦੁੱਧ ਵਾਂਗ ਰਹਾਂਗੇ ਤੇ ਕਿਸੇ ਨੂੰ ਦੁੱਖ ਨਹੀਂ ਦੇਵਾਂਗੇ। ਜਿਸ ਤਰ੍ਹਾਂ ਗੰਗਾ ਸਮੁੰਦਰ ਵਿਚ ਸਮਾ ਜਾਂਦੀ ਹੈ ਤੇ ਪਹਿਲੇ ਪਾਣੀ ਨਾਲ ਵਿਰੋਧ ਨਹੀਂ ਕਰਦੀ।[71]

ਭਾਈ ਗੁਰਦਾਸ ਅਨੁਸਾਰ ਮੁਲਤਾਨ ਤੋਂ ਗੁਰੂ ਨਾਨਕ ਸਾਹਿਬ ਵਾਪਸ ਕਰਤਾਰਪੁਰ ਆ ਗਏ ਤੇ ਦੇਖਿਆ ਕਿ ਕਲਾਂ ਦਿਨੋ ਦਿਨ ਦੂਣ ਸਵਾਈ ਹੁੰਦੀ ਜਾ ਰਹੀ ਹੈ। ਗੁਰੂ ਸਾਹਿਬ ਨੇ ਇਸ ਕਲਿਯੁੱਗ ਵਿਚ ਕਰਤਾਰਪੁਰ ਦੇ ਲੋਕਾਂ ਨੂੰ ਨਾਮ ਜਪਾਇਆ।

ਜਾਰਤਿ ਕਰ ਮੁਲਤਾਨ ਦੀ ਫਿਰਿ ਕਰਤਾਰਪੁਰੇ ਨੋ ਆਇਆ।

ਚੜ੍ਹੇ ਸਵਾਰੀ ਦਿਹਿ ਦਿਹੀ ਕਲਿਜੁਗਿ ਨਾਨਕ ਨਾਮੁ ਧਿਆਇਆ।[72]

ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਸਾਰੇ ਜਗਤ ਵਿਚ ਹੁਕਮ ਦਾ ਸਿੱਕਾ ਮਾਰਿਆ (ਜਮਾਇਆ) ਤੇ ਹਉਮੈ ਰੂਪੀ ਮੈਲ ਤੋਂ ਰਹਿਤ ਪੰਥ ਚਲਾਇਆ:

ਮਾਰਿਆ ਸਿੱਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।[73]

ਭਾਈ ਗੁਰਦਾਸ ਨੇ ਵਾਰ 24/2 ਵਿਚ ਗੁਰੂ ਨਾਨਕ ਸਾਹਿਬ ਨੂੰ ਜਗਤ ਗੁਰੂ ਦੀ ਉਪਾਧੀ ਦਿੱਤੀ ਹੈ ਅਤੇ ਗੁਰੂ ਸੰਗਤ ਦੀ ਸਥਾਪਨਾ ਉਨ੍ਹਾਂ ਦੁਆਰਾ ਕੀਤੀ ਦੱਸੀ ਹੈ:

ਨਿਹਚਲ ਨੀਉਂ ਧਰਾਈਓਨੁ ਸਾਧਸੰਗਤਿ ਸਚ ਖੰਡ ਸਮੇਉ।
ਗੁਰਮੁਖਿ ਪੰਥੁ ਚਲਾਇਓਨੁ ਸੁਖ ਸਾਗਰੁ ਬੇਅੰਤੁ ਅਮੇਉ।
ਸਚਿ ਸ਼ਬਦਿ ਆਰਾਧੀਐ ਅਗਮ ਅਗੋਚਰੁ ਅਲਖ ਅਭੇਉ।
ਚਹੁੰ ਵਰਨਾਂ ਉਪਦੇਸ਼ਦਾ ਛਿਅ ਦਰਸ਼ਨ ਸਭਿ ਸੇਵਕ ਸੇਉ।
ਮਿੱਠਾ ਬੋਲਣੁ ਨਿਵ ਚਲਣੁ ਗੁਰਮੁਖਿ ਭਾਉ ਭਗਤਿ ਅਰਥੇਉ
ਆਦਿ ਪੁਰਖ ਆਦੇਸੁ ਹੈ ਅਬਿਨਾਸੀ ਅਤਿ ਅਛਲ ਅਛੇਉ।
ਜਗਤੁ ਗੁਰੂ ਗੁਰੁ ਨਾਨਕ ਦੇਉ।[74]

ਭਾਈ ਗੁਰਦਾਸ ਸਪਸ਼ਟ ਸ਼ਬਦਾਂ ਵਿਚ ਗੁਰੂ ਨਾਨਕ ਸਾਹਿਬ ਨੂੰ ਧਰਮ ਦਾ ਸੰਸਥਾਪਕ ਮੰਨਦੇ ਹਨ। ਉਨ੍ਹਾਂ ਅਨੁਸਾਰ ਗੁਰੂ ਨਾਨਕ ਪੂਰੇ ਗੁਰੂ ਨੇ ਪ੍ਰਗਾਸ ਕਰਕੇ ਧਰਮ ਦੇ ਧੀਰਜ ਲਈ ਸੱਚੀ ਧਰਮਸਾਲਾ ਰਚੀ:

ਗੁਰ ਪੂਰੇ ਪਰਗਾਸੁ ਕਰਿ ਧੀਰਜੁ ਧਰਮ ਸਚੀ ਧਰਮਸਾਲਾ।[75]

ਗੁਰੂ ਨਾਨਕ ਸਾਹਿਬ ਨੇ ਸੰਸਾਰ ਵਿਚ ਨਿਰਮਲ ਤੇ ਨਿਰਾਲੇ ਪੰਥ ਦੀ ਸਥਾਪਨਾ

ਕੀਤੀ। ਉਸ ਦੀ ਮਹਾਨਤਾ ਨੂੰ ਸਮਝਣ ਲਈ ਅਤੇ ਜਗਤ ਦੀ ਕੁਰਾਹੇ ਪਈ ਹੋਈ ਲੋਕਾਈ ਦੇ ਮਨ ਵਿਚ ਆਪਣੇ ਸੱਚੇ ਸ਼ਬਦ ਦੇ ਬਲ ਨਾਲ ਇਕ ਨਵਾਂ ਉਤਸ਼ਾਹ ਭਰਨ ਲਈ ਗੁਰੂ ਸਾਹਿਬ ਨੂੰ ਕਿਨ੍ਹਾਂ ਪ੍ਰਸਥਿਤੀਆਂ ਵਿਚੋਂ ਲੰਘਣਾ ਪਿਆ, ਉਨ੍ਹਾਂ ਦਾ ਪਤਾ ਲਗਾਉਣਾ ਬਹੁਤ ਜ਼ਰੂਰੀ ਹੈ। ਇਤਿਹਾਸਕਾਰਾਂ ਨੇ ਗੁਰੂ ਨਾਨਕ ਦੇ ਸਮੇਂ ਨੂੰ ਸੂਹੀ ਹੋਈ ਤਿਖੀ ਤਲਵਾਰ ਨਾਲ ਉਪਮਾਂ ਦਿਤੀ।[76] ਉਸ ਸਮੇਂ ਦੇ ਪੰਜਾਬ ਦੀ ਹਾਲਤ ਦਾ ਵਰਣਨ ਮੁਸਲਮਾਨ ਇਤਿਹਾਸਕਾਰ ਮੁਹੰਮਦ ਲਤੀਫ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ, "ਚਾਰੇ ਪਾਸੇ ਭ੍ਰਿਸ਼ਟਾਚਾਰ , ਧੋਖਾ, ਫਰੇਬ ਜ਼ੋਰਾਂ ਤੇ ਸੀ। ਸਾਰੇ ਰਾਜ ਵਿਚ ਅਸ਼ਾਂਤੀ ਤੇ ਅਬਤਰੀ ਫੈਲੀ ਹੋਈ ਸੀ। ਇਨ ਕੰਬਾਊ ਕਤਲਾਂ ਅਤੇ ਡਾਕਿਆਂ ਦੀਆਂ ਵਾਰਦਾਤਾਂ ਆਮ ਸਨ। ਅਣਖ, ਸਚਾਈ ਤੇ ਰੁਤਬਾ ਬਜ਼ਾਰਾਂ ਵਿਚ ਵਿਕਦਾ ਸੀ। ਹੁਕਮਰਾਨ ਸ਼੍ਰੇਣੀ ਭੋਗ ਵਿਲਾਸ ਵਿਚ ਗ੍ਰਸੀ ਹੋਈਸੀ।[77] ਇਸ ਤਰ੍ਹਾਂ ਗੁਰੂ ਸਾਹਿਬ ਅਜਿਹੇ ਅਰਾਜਕਤਾ ਵਾਲੇ ਸਮੇਂ ਪੈਦਾ ਹੋਏ। ਭਾਈ ਗੁਰਦਾਸ ਨੇ ਉਸ ਸਮੇਂ ਦੇ ਖਿੰਡੇ ਪੁੰਡੇ ਸਮਾਜ ਦੀ ਰਾਜਨੀਤਕ, ਸਮਾਜਕ ਤੇ ਧਾਰਮਿਕ ਸਥਿਤੀ ਦਾ ਅਧਿਐਨ ਕੀਤਾ ਤੇ ਯਥਾਰਥ ਵਿਧੀ ਨਾਲ ਉਸ ਦਾ ਆਪਣੀਆਂ ਵਾਰਾਂ ਵਿਚ ਚਿਤਰਨ ਕੀਤਾ। ਇਥੇ ਅਸੀਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਰਜ ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਤੇ ਉਸ ਤੋਂ ਪਹਿਲਾਂ ਦੀ ਰਾਜਨੀਤਕ, ਸਮਾਜਕ ਤੇ ਧਾਰਮਿਕ ਸਥਿਤੀ ਬਾਰੇ ਵਿਚਾਰ ਕਰਾਂਗੇ।

## ਰਾਜਨੀਤਕ ਸਥਿਤੀ :

ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਦੇਸ਼ ਦੀ ਰਾਜਨੀਤਕ ਸਥਿਤੀ ਬਹੁਤ ਡਾਵਾਂਡੋਲ ਸੀ। ਉਸ ਸਮੇਂ ਨੂੰ ਰਾਜਨੀਤਕ ਅਰਾਜਕਤਾ ਦਾ ਸਮਾਂ ਕਿਹਾ ਜਾ ਸਕਦਾ ਹੈ। ਉਸ ਸਮੇਂ ਭਾਰਤ ਦੇ ਬਹੁਤ ਸਾਰੇ ਹਿੱਸੇ ਵਿਚ ਮੁਸਲਮਾਨ ਰਾਜ ਸਥਾਪਤ ਹੋ ਚੁੱਕਾ ਸੀ। ਮੁਸਲਮਾਨ ਹਕੂਮਤ ਦੀ ਅਸਲੀਅਤ ਸਮਝਣ ਲਈ ਮੁਹੰਮਦ ਲਤੀਫ ਦੇ ਵਿਚਾਰ ਸਹਾਇਕ ਸਿੱਧ ਹੁੰਦੇ ਹਨ। ਉਸ ਅਨੁਸਾਰ, "ਇਹ ਦੀਨ ਹਜ਼ਰਤ ਮੁਹੰਮਦ ਸਾਹਿਬ ਨੇ ਚਲਾਇਆ ਜੋ ਅਰਬ ਦੇ ਕੁਰੈਸ਼ੀ ਕਬੀਲੇ ਵਿਚੋਂ ਸਨ। ਉਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਇਕ ਇਲਾਹੀ ਸੰਦੇਸ਼ ਜਾਂ ਇਲਹਾਮ ਦਾ ਐਲਾਨ ਕੀਤਾ ਅਤੇ ਕਿਹਾ ਕਿ ਇਸ ਦੀਨ ਨੂੰ ਤਲਵਾਰ ਦੇ ਜ਼ੋਰ ਨਾਲ ਫੈਲਾਉਣ ਦਾ ਹੁਕਮ ਉਨ੍ਹਾਂ ਨੂੰ ਧੁਰ ਦਰਗਾਹੋਂ ਹੋਇਆ ਹੈ। ਉਨ੍ਹਾਂ ਅਨੁਸਾਰ ਤਲਵਾਰ ਸਵਰਗ ਤੇ ਨਰਕ ਦੀ ਕੁੰਜੀ ਹੈ । ਮੁਸਲਮਾਨ ਲਈ ਖ਼ੁਦਾ ਦੇ ਰਾਹ ਪਰ ਲਹੂ ਦਾ ਇਕ ਤੁਬਕਾ ਡੋਲ੍ਹਣਾ ਤੇ ਲੜਾਈ ਦੇ ਮੈਦਾਨ ਵਿਚ ਇਕ ਰਾਤ ਕੱਟਣੀ

ਦੋ ਮਹੀਨਿਆਂ ਦੇ ਰੋਜ਼ਿਆਂ ਤੇ ਨਿਮਾਜ਼ ਨਾਲੋਂ ਵਧੇਰੇ ਗੁਣਕਾਰੀ ਹੈ। ਜਿਹੜਾ ਮੁਸਲਮਾਨ ਲੜਾਈ ਦੇ ਮੈਦਾਨ ਵਿਚ ਮਰਦਾ ਹੈ ਉਹ ਸਿੱਧਾ ਬਹਿਸ਼ਤ ਨੂੰ ਜਾਂਦਾ ਹੈ।[78]

ਸਾਰਾ ਦੇਸ਼ ਕਈ ਸੂਬਿਆਂ ਵਿਚ ਵੰਡਿਆ ਹੋਇਆ ਸੀ, ਜਿਨ੍ਹਾਂ ਦੇ ਹਾਕਮ ਜਾਂ ਸੂਬੇਦਾਰ ਆਪੋ ਆਪਣੀ ਥਾਂ ਖੁਦਮੁਖਤਿਆਰ ਸਨ। ਹਾਕਮ ਸ਼੍ਰੇਣੀ ਭੋਗ ਵਿਲਾਸ ਵਿਚ ਗ੍ਰਸੀ ਹੋਈ ਸੀ। ਰਾਜਿਆਂ ਨੇ ਧਰਮ ਦਾ ਰਾਹ ਛੱਡ ਕੇ ਪਾਪ ਕਮਾਉਣੇ ਸ਼ੁਰੂ ਕਰ ਦਿੱਤੇ ਸਨ। ਹਾਕਮ ਆਪਣੇ ਸੁਆਰਥ ਅਤੇ ਹੰਕਾਰ ਦੇ ਕਾਰਨ ਲੋਕਾਂ ਤੇ ਅਤਿਆਚਾਰ ਕਰ ਰਹੇ ਸਨ। ਸਭ ਪਾਸੇ ਝੂਠ ਦਾ ਬੋਲਬਾਲਾ ਸੀ। ਭਾਈ ਗੁਰਦਾਸ ਨੇ ਉਸ ਸਮੇਂ ਅਨਿਆਈ ਹਾਕਮਾਂ ਪ੍ਰਤੀ ਪਰਜਾ ਦੇ ਮਨਾਂ ਅੰਦਰ ਪੈਦਾ ਹੋਏ ਰੋਸ ਦਾ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਵਰਣਨ ਕੀਤਾ ਹੈ:

ਉਠੀ ਗਿਲਾਨਿ ਜਗਤ੍ਰਿ ਵਿਚਿ ਹਉਮੈ ਅੰਦਰਿ ਜਲੈ ਲੁਕਾਈ।
ਭਏ ਬਿਅਦਲੀ ਪਾਤਸ਼ਾਹ ਕਲਿ ਕਾਤੀ ਉਮਰਾਇ ਕਸਾਈ।[79]

ਉਸ ਸਮੇਂ ਦੇ ਬਾਦਸ਼ਾਹ ਆਪਣੇ ਆਪ ਨੂੰ ਰੱਬ ਦੇ ਭੇਜੇ ਹੋਏ ਦੂਤ ਸਮਝਦੇ ਸਨ ਤੇ ਇਹ ਸੋਚਦੇ ਸਨ ਕਿ ਉਨ੍ਹਾਂ ਤੋਂ ਉਪਰ ਹੋਰ ਕੋਈ ਸ਼ਕਤੀ ਨਹੀਂ ਹੈ। ਭਾਈ ਗੁਰਦਾਸ ਨੇ ਇਸ ਧਾਰਣਾ ਵਿਰੁੱਧ ਆਵਾਜ਼ ਉਠਾਈ ਤੇ ਕਿਹਾ ਕਿ ਸਤਿਗੁਰ ਹੀ ਸੱਚਾ ਪਾਤਸ਼ਾਹ ਹੈ। ਉਸ ਤੋਂ ਬਿਨਾਂ ਬਾਕੀ ਸਭ ਪਾਤਸ਼ਾਹ ਝੂਠੇ ਹਨ:

ਸਤਿਗੁਰੁ ਸਚਾ ਪਾਤਿਸ਼ਾਹੁ, ਕੂੜੇ ਬਾਦਿਸ਼ਾਹ ਦੁਨੀਆਵੈ।[80]

ਹਿੰਦੁਸਤਾਨ ਉਤੇ ਮੁਸਲਮਾਨਾਂ ਦੇ ਹਮਲੇ ਅਠਵੀਂ ਸਦੀ ਵਿਚ ਆਰੰਭ ਹੋਏ। ਪਹਿਲਾਂ ਪਹਿਲ ਤਾਂ ਇਹ ਲੁੱਟ ਮਾਰ ਤੇ ਖੂਨ ਖਰਾਬੇ ਦੇ ਖਿਆਲ ਨਾਲ ਆਉਂਦੇ ਰਹੇ ਪਰ ਫਿਰ ਇਥੋਂ ਦੀ ਅਥਾਹ ਦੌਲਤ ਦੇਖ ਕੇ ਇਨ੍ਹਾਂ ਦੇ ਮਨ ਵਿਚ ਇਥੇ ਰਾਜ ਸਥਾਪਤ ਕਰਨ ਦਾ ਖਿਆਲ ਆਇਆ। ਪੰਜਾਬ ਰਸਤੇ ਵਿਚ ਪੈਂਦਾ ਹੋਣ ਕਰਕੇ ਸਭ ਤੋਂ ਪਹਿਲਾਂ ਇਥੇ ਕਬਜ਼ਾ ਕੀਤਾ ਗਿਆ। ਮਜ਼ਹਬ ਦੀ ਖਾਤਰ ਅਤਿਆਚਾਰ ਕੀਤੇ ਗਏ ਤੇ ਜਬਰਦਸਤੀ ਹਿੰਦੂਆਂ ਨੂੰ ਕਲਮਾਂ ਪੜ੍ਹਾਇਆ ਗਿਆ। ਇਸ ਸਥਿਤੀ ਵਿਚ ਹਿੰਦੂਆਂ ਨੂੰ ਸਭ ਤੋਂ ਵੱਧ ਦੁੱਖ ਝੱਲਣੇ ਪਏ।

ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ, ਮੱਧਕਾਲੀਨ ਰਾਜਨੀਤਕ ਅਵਸਥਾ ਹਿੰਦੂਆਂ ਲਈ ਘਾਤਕ ਸੀ। ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਸੀ। ਹਿੰਦੂਆਂ ਨੂੰ ਜਜ਼ੀਆ ਕਰ ਅਤੇ ਤੀਰਥ ਕਰ ਦੇਣੇ ਪੈਂਦੇ ਸਨ। ਮੁਸਲਮਾਨਾਂ ਨੂੰ ਰਾਜ ਦਰਬਾਰ ਵਿਚ ਪੂਰਾ ਪੂਰਾ ਸਤਿਕਾਰ ਪ੍ਰਾਪਤ ਸੀ। ਅਤਿਅੰਤ ਜ਼ੁਲਮ ਪੀੜਤ ਅਤੇ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੀ ਬੇਬੱਸ ਹਿੰਦੂ ਸ਼੍ਰੇਣੀ ਸਰੀਰਕ, ਨੈਤਿਕ ਤੇ ਮਾਨਸਿਕ ਤੌਰ ਤੇ ਮਰ ਚੁੱਕੀ ਸੀ।"[81]

ਗੁਰੂ ਨਾਨਕ ਸਾਹਿਬ ਦੇ ਜਨਮ ਸਮੇਂ ਬਹਿਲੋਲ ਲੋਦੀ (1451-89 ਈ.) ਉੱਤਰੀ ਭਾਰਤ ਤੇ ਰਾਜ ਕਰ ਰਿਹਾ ਸੀ। ਉਸ ਤੋਂ ਬਾਅਦ ਸਿਕੰਦਰ ਲੋਦੀ ਨੇ 1489 ਈ. ਤੋਂ 1517 ਈ. ਤੱਕ ਰਾਜ ਕੀਤਾ। ਗੁਰੂ ਨਾਨਕ ਨੇ ਮੁਗਲ ਸਾਮਰਾਜ ਦੀ ਨੀਂਹ ਜਿਹੜੀ ਬਾਬਰ ਨੇ ਰੱਖੀ ਸੀ ਆਪਣੀ ਅੱਖੀਂ ਦੇਖੀ ਤੇ ਉਸ ਤੋਂ ਬਾਅਦ ਉਸ ਦੇ ਪੁੱਤਰ ਹਮਾਯੂੰ ਨੇ ਵੀ ਗੁਰੂ ਸਾਹਿਬ ਦੇ ਸਮੇਂ ਰਾਜ ਕੀਤਾ।[82] ਗੁਰੂ ਨਾਨਕ ਸਾਹਿਬ ਜਦੋਂ ਭਰ ਜਵਾਨੀ ਵਿਚ ਸਨ, ਉਸ ਸਮੇਂ ਸਿਕੰਦਰ ਲੋਦੀ ਤਖ਼ਤ ਤੇ ਬੈਠ ਚੁੱਕਾ ਸੀ। ਉਸ ਦੇ ਰਾਜ ਸਮੇਂ ਸਰਕਾਰੀ ਤੌਰ ਤੇ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਜਾਂਦਾ ਸੀ। ਉਸ ਨੇ ਕਈ ਹਿੰਦੂ ਮੰਦਰਾਂ ਨੂੰ ਢਾਹ ਕੇ ਉਥੇ ਮਸੀਤਾਂ ਦੀ ਉਸਾਰੀ ਕੀਤੀ। ਇੰਦੂ ਭੂਸ਼ਨ ਬੈਨਰਜੀ ਅਨੁਸਾਰ, "ਸਿਕੰਦਰ ਲੋਦੀ ਕੱਟੜ ਕਿਸਮ ਦਾ ਮੁਸਲਮਾਨ ਸੀ। ਉਸ ਨੇ ਹਿੰਦੂਆਂ ਦੇ ਬਹੁਤ ਸਾਰੇ ਮੰਦਰ ਢਾਹ ਦਿਤੇ।- - - - ਖਾਸ ਕਰ ਮਥਰਾ ਦੇ ਮੰਦਰ ਬਿਲਕੁਲ ਤਬਾਹ ਕਰ ਦਿਤੇ। ਹਿੰਦੂਆਂ ਦੀਆਂ ਧਾਰਮਿਕ ਮੂਰਤੀਆਂ ਤੋੜ ਕੇ ਕਸਾਈਆਂ ਨੂੰ ਦਿੱਤੀਆਂ ਗਈਆਂ ਤਾਂ ਕਿ ਉਹ ਮਾਸ ਤੋਲਣ ਵਾਸਤੇ ਮੂਰਤੀਆਂ (ਠਾਕਰਾਂ) ਨੂੰ ਵੱਟਿਆਂ ਵਜੋਂ ਵਰਤ ਸਕਣ।"[83] ਇਸ ਸਮੇਂ ਦੌਰਾਨ ਹਿੰਦੂਆਂ ਨੂੰ ਧਰਮ ਛੱਡਣ ਲਈ ਮਜਬੂਰ ਕੀਤਾ ਗਿਆ। ਉਨ੍ਹਾਂ ਤੇ ਹਰ ਤਰ੍ਹਾਂ ਦੇ ਜ਼ੁਲਮ ਤੇ ਅਤਿਆਚਾਰ ਕੀਤੇ ਗਏ, ਰਾਜਸੀ ਤੇ ਆਰਥਿਕ ਔਖਿਆਈਆਂ ਦਿਤੀਆਂ ਜਾਂਦੀਆਂ, ਲਾਲਚ ਵੀ ਦਿੱਤੇ ਜਾਂਦੇ। ਇਸਲਾਮ ਦੇ ਅਸੂਲਾਂ ਮੁਤਾਬਕ ਮੁਸਲਮਾਨੀ ਰਾਜ ਵਿਚ ਹਿੰਦੂਆਂ ਦੀ ਕੋਈ ਥਾਂ ਨਹੀਂ ਸੀ। ਇਸਲਾਮ ਤੋਂ ਇਨਕਾਰੀ ਹੋਣ ਦੀ ਆਗਿਆ ਕਿਸੇ ਨੂੰ ਵੀ ਨਹੀਂ ਦਿਤੀ ਜਾਂਦੀ ਸੀ। ਇਸ ਸਥਿਤੀ ਅਧੀਨ ਬਹੁਤ ਸਾਰੇ ਹਿੰਦੂਆਂ ਨੇ ਖਾਸ ਕਰਕੇ ਨੀਵੀਂ ਸ਼੍ਰੇਣੀ ਦੇ ਹਿੰਦੂਆਂ ਨੇ ਇਸਲਾਮ ਕਬੂਲ ਕਰ ਲਿਆ। ਪਰ ਜਿਹੜੇ ਰਹਿ ਗਏ ਉਨ੍ਹਾਂ ਨੂੰ ਆਪਣੀ ਜਾਨ ਬਖਸ਼ੀ ਲਈ ਭਾਰੀ ਜਜ਼ੀਆ ਅਦਾ ਕਰਨਾ ਪੈਂਦਾ ਸੀ ਤੇ ਉਹ ਇਕ ਗੁਲਾਮ ਕੌਮ ਵਾਂਗ ਦਿਨ ਕੱਟ ਰਹੇ ਸਨ।

ਗੁਰੂ ਨਾਨਕ ਸਾਹਿਬ ਨੇ ਇਸ ਭਿਆਨਕ ਸਥਿਤੀ ਨੂੰ ਚੰਗੀ ਤਰ੍ਹਾਂ ਵਾਚਿਆ ਤੇ ਹਾਕਮਾਂ ਨੂੰ ਇਨ੍ਹਾਂ ਸ਼ਬਦਾਂ ਵਿਚ ਨਿੰਦਿਆ:

ਰਾਜੇ ਸੀਹ ਮੁਕੱਦਮ ਕੁੱਤੇ।[84]

ਗੁਰੂ ਸਾਹਿਬ ਨੇ ਉਸ ਸਮੇਂ ਦੇ ਗੈਰ ਜ਼ਿੰਮੇਵਾਰ ਹਾਕਮਾਂ ਦੇ ਜ਼ੁਲਮ ਵਿਰੁੱਧ ਆਵਾਜ਼ ਉਠਾਈ। ਇਸ ਸਥਿਤੀ ਦਾ ਬਿਆਨ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਕੀਤਾ ਹੈ:

ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ।<br>
ਕੂੜ ਅਮਾਵਸ ਸਚੁ ਚੰਦਰਮਾ ਦੀਸੇ ਨਾਹੀ ਕਹ ਚੜ੍ਹਿਆ।[85]

ਭਾਈ ਗੁਰਦਾਸ ਨੇ ਇਸ ਸਥਿਤੀ ਦਾ ਵਰਣਨ ਵਾਰਾਂ ਵਿਚ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਕੀਤਾ ਹੈ। ਉਨ੍ਹਾਂ ਅਨੁਸਾਰ ਉਸ ਸਮੇਂ ਹੱਕ ਨਾ ਹੱਕ ਕੀ ਵਿਚਾਰ ਨਹੀ ਰਹੀ, ਰਾਜੇ ਜ਼ਾਲਮ ਸਨ, ਪਰਜਾ ਵਿਚ ਅਗਿਆਨਤਾ ਸੀ ਤੇ ਝੂਠੀ ਹੋ ਗਈ ਸੀ। ਨਿਆਂ ਕਰਨਾ ਜਿਨ੍ਹਾਂ ਦੇ ਹੱਥ ਵਿਚ ਸੀ ਉਹ ਰਿਸ਼ਵਤਖੋਰ ਹੋ ਗਏ ਸਨ ਤੇ ਗਲਤ ਇਨਸਾਫ ਕਰ ਰਹੇ ਸਨ। ਸਭ ਪਾਸੇ ਪਾਪ ਦਾ ਵਰਤਾਰਾ ਸੀ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ<br>
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।<br>
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤੁ ਮੁਖਹੁ ਅਲਾਈ।- - -<br>
ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹਕੁ ਗਵਾਈ- - -<br>
ਵਰਤਿਆ ਪਾਪੁ ਸਭਸਿ ਜਗਿ ਮਾਂਹੀ।[86]

ਸਮੁੱਚੇ ਰੂਪ ਵਿਚ ਉਸ ਸਮੇਂ ਦੇ ਸਮਾਜ ਦੀ ਰਾਜਨੀਤਕ ਸਥਿਤੀ ਇਸ ਪ੍ਰਕਾਰ ਦੀ ਸੀ ਕਿ ਉਸ ਸਮੇਂ ਦੇ ਹਾਕਮਾਂ ਦੀ ਕੱਟੜਤਾ ਕਰਕੇ ਸਮਾਜ ਵਿਚ ਅਜਿਹੀ ਸਥਿਤੀ ਪੈਦਾ ਹੋ ਗਈ ਸੀ ਕਿ ਲੋਕੀ ਬੇਹਾਲ ਹੋ ਗਏ ਸਨ ਤੇ ਉਨ੍ਹਾਂ ਦੀ ਇਸ ਹਾਲਤ ਵਿਚ ਕੋਈ ਵਾਹ ਨਹੀਂ ਸੀ ਚਲਦੀ

ਭਾਵ ਉਸ ਸਮੇ ਮਨੁੱਖਤਾ ਨੂੰ ਸੇਧ ਦੇਣ ਵਾਲਾ ਕੋਈ ਨਹੀਂ ਸੀ। ਭਾਈ ਗੁਰਦਾਸ ਅਨੁਸਾਰ ਅਜਿਹੀ ਸਥਿਤੀ ਵਿਚ ਗੁਰੂ ਨਾਨਕ ਸਾਹਿਬ ਦਾ ਸੱਚਾ ਸ਼ਬਦ ਹੀ ਦੁੱਖਾਂ ਵਿਚ ਸੜ ਰਹੀ ਮਨੁੱਖਤਾ ਨੂੰ ਇਸ ਭਿਆਨਕ ਸਥਿਤੀ ਵਿਚੋਂ ਕੱਢ ਸਕਦਾ ਸੀ।

## ਸਮਾਜਿਕ ਸਥਿਤੀ :

ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਭਾਰਤ ਦੀ ਸਮਾਜਕ ਹਾਲਤ ਬਹੁਤ ਨਿਘਰੀ ਹੋਈਸੀ। ਹਿੰਦੂ ਸਮਾਜ ਚਾਰ ਵਰਣਾਂ ਵਿਚ ਵੰਡਿਆ ਹੋਇਆ ਸੀ। ਸਮਾਜ ਵਿਚ ਬ੍ਰਾਹਮਣ, ਖੱਤਰੀ ਆਦਿ ਉਚੀਂ ਸ਼੍ਰੇਣੀਆਂ ਦਾ ਬੋਲਬਾਲਾ ਸੀ ਤੇ ਸੂਦਰਾਂ ਦੀ ਹਾਲਤ ਅਤੀ ਤਰਸਯੋਗ ਸੀ। ਉਨ੍ਹਾਂ ਨੂੰ ਸਮਾਜ ਵਿਚ ਅਤੀ ਨੀਵੇਂ ਦਰਜੇ ਦੇ ਲੋਕ ਸਮਝਿਆ ਜਾਂਦਾ ਸੀ। ਵਿਸ਼ੇਸ਼ ਤੌਰ ਤੇ ਬ੍ਰਾਹਮਣ ਆਪਣੇ ਆਪ ਨੂੰ ਕੁਲੀਨ ਕੌਮ ਸਮਝਦੇ ਸਨ ਅਤੇ ਸੂਦਰਾਂ ਨਾਲ ਘਿਰਣਾ ਕਰਦੇ ਸਨ। ਉਨ੍ਹਾਂ ਅਨੁਸਾਰ ਸੂਦਰਾਂ ਦਾ ਪਰਛਾਵਾਂ ਕੁਲੀਨ ਸ਼੍ਰੇਣੀ ਵਾਲੇ ਦੇ ਧਰਮ ਨੂੰ ਭ੍ਰਿਸ਼ਟ ਕਰ ਦਿੰਦਾ ਹੈ। ਤੁਲਸੀ ਦਾਸ ਆਪਣੀ ਪੁਸਤਕ 'ਰਾਮਚਰਿਤ ਮਾਨਸ' ਵਿਚ ਲਿਖਦਾ ਹੈ, "ਬ੍ਰਾਹਮਣ ਨੇਕੀ ਅਤੇ ਪੁੰਨ ਦੇ ਬ੍ਰਿਛ ਦੀ ਜੜ੍ਹ ਹੈ ਅਤੇ ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ। ਬ੍ਰਾਹਮਣ ਭਾਵੇਂ ਉੱਕਾ ਹੀ ਗੁਣਹੀਣ ਤੇ ਪਾਪੀ ਹੋਵੇ ਤਾਂ ਵੀ ਉਸ ਦਾ ਆਦਰ ਕਰਨਾ ਜ਼ਰੂਰੀ ਹੈ ਤੇ ਸੂਦਰ ਭਾਵੇਂ ਕਿੰਨਾਂ ਵੀ ਪੁੰਨੀ ਤੇ ਵਿਦਵਾਨ ਕਿਉਂ ਨਾ ਹੋਵੇ ਉਸ ਦਾ ਆਦਰ ਕਦੀ ਨਹੀਂ ਕਰਨਾ ਚਾਹੀਦਾ।"[87]

ਹਿੰਦੂਆਂ ਅਤੇ ਮੁਸਲਮਾਨਾਂ ਵਿਚ ਆਪਸੀ ਵਿਰੋਧ ਵੱਧ ਰਿਹਾ ਸੀ। ਇਨ੍ਹਾਂ ਦੋਹਾਂ ਜਾਤੀਆਂ, ਧਰਮਾਂ ਵਿਚ ਕੁਝ ਵੀ ਸਾਂਝਾ ਨਹੀਂ ਸੀ। ਇਨ੍ਹਾਂਦੇ ਰਹਿਣ ਦੇ ਢੰਗ, ਲਿਬਾਸ, ਖਾਣ ਪੀਣ ਤੇ ਸੁਭਾਅ ਵੱਖਰੇ ਵੱਖਰੇ ਸਨ। ਦੋਹਾਂ ਜਾਤਾਂ ਵਿਚਕਾਰ ਈਰਖਾ ਸਿਖਰ ਤੇ ਪੁੱਜ ਚੁੱਕੀ ਸੀ। ਹਿੰਦੂਆਂ ਨੂੰ ਹਰ ਸਮੇਂ ਜ਼ੁਲਮਾਂ ਦਾ ਸ਼ਿਕਾਰ ਹੋਣਾ ਪੈਂਦਾ ਸੀ। ਇਨ੍ਹਾਂ ਧਰਮਾਂ ਦੀਆਂ ਸੰਪਰਦਾਵਾਂ ਇਕ ਦੂਜੇ ਨੂੰ ਦੇਖ ਕੇ ਖੁਸ਼ ਨਹੀਂ ਸਨ। ਡਾ. ਆਸ਼ਾ ਨੰਦ ਵੋਹਰਾ ਅਨੁਸਾਰ, ਇਸਲਾਮ ਹਕੂਮਤ ਹੋਣ ਕਰਕੇ ਮੁਸਲਮਾਨਾਂ ਅੰਦਰ ਉੱਚਤਾ ਦਾ ਅਹਿਸਾਸ ਸੀ ਅਤੇ ਹਿੰਦੂ ਜੋ ਹਿੰਦੁਸਤਾਨ ਦੇ ਅਸਲੀ ਨਿਵਾਸੀ ਸਨ, ਦੂਜੇ ਦਰਜੇ ਦੇ ਸ਼ਹਿਰੀ ਸਮਝੇ ਜਾਂਦੇ ਸਨ। ਹਕੂਮਤ ਵਲੋਂ ਇਨ੍ਹਾਂ ਨਾਲ ਸਲੂਕ ਵੀ ਘਟੀਆ ਦਰਜੇ ਦਾ ਕੀਤਾ ਜਾਂਦਾ ਸੀ।[88]

ਮੁਸਲਮਾਨਾਂ ਵਿਚ ਵੀ ਜਾਤੀ ਵੰਡ ਸਿਖਰ ਤੇ ਸੀ। ਸਮਾਜ ਤਿੰਨ ਵਰਨਾਂ ਵਿਚ ਵੰਡਿਆ

ਹੋਇਆ ਸੀ। ਉਪਰਲੀ ਸ੍ਰੇਣੀ, ਮੱਧ ਸ੍ਰੇਣੀ ਤੇ ਹੇਠਲੀ ਸ੍ਰੇਣੀ। ਉਪਰਲੀ ਸ੍ਰੇਣੀ ਦੇ ਲੋਕ ਖੁਸ਼ਹਾਲ ਜੀਵਨ ਬਤੀਤ ਕਰਦੇ ਸਨ ਤੇ ਇਸ ਲਈ ਹੇਠਲੀ ਸ੍ਰੇਣੀ ਦੀ ਮਿਹਨਤ ਵਿਚੋਂ ਜਬਰਦਸਤੀ ਹਿੱਸਾ ਵੰਡਾਉਂਦੇ ਸਨ। ਉਨ੍ਹਾਂ ਨੂੰ ਇਸ ਸੰਬੰਧ ਵਿਚ ਮੱਧ ਸ੍ਰੇਣੀ ਵਲੋਂ ਸਹਿਯੋਗ ਮਿਲਦਾ ਸੀ ਇਸ ਦੇ ਬਦਲੇ ਮੱਧ ਸ੍ਰੇਣੀ ਨੂੰ ਬਣਦਾ ਹਿੱਸਾ ਦਿੱਤਾ ਜਾਂਦਾ ਸੀ ਤੇ ਉਹ ਵੀ ਸੌਖਾ ਜੀਵਨ ਬਤੀਤ ਕਰਦੇ ਸਨ। ਮੁਸਲਮਾਨਾਂ ਵਿਚ ਪ੍ਰਮੁੱਖ ਦੋ ਜਾਤਾਂ ਪ੍ਰਚਲਤ ਸਨ, ਇਕ ਸੁੰਨੀ ਤੇ ਦੂਜੀ ਸ਼ੀਆ।

ਭਾਈ ਗੁਰਦਾਸ ਨੇ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਦੀ ਸਮਾਜਕ ਸਥਿਤੀ ਦਾ ਵਰਨਣ ਕੀਤਾ ਹੈ। ਉਨ੍ਹਾਂ ਅਨੁਸਾਰ ਇਹ ਵਿਰੋਧ ਜਾਂ ਘਿਰਣਾ ਕੇਵਲ ਦੋ ਮੁੱਖ ਧਰਮਾਂ ਵਿਚ ਹੀ ਨਹੀਂ ਸੀ। ਇਹ ਇਨ੍ਹਾਂ ਕੌਮਾਂ ਦੇ ਵੱਖ ਵੱਖ ਫਿਰਕਿਆਂ ਅੰਦਰ ਵੀ ਸੀ।

> ਚਾਰਿ ਵਰਨਿ[89] ਚਾਰਿ ਮਜਹਬਾਂ[90] ਜਗਿ ਵਿਚਿ ਹਿੰਦੂ ਮੁਸਲਮਾਨੇ
>
> ਖੁਦੀ ਬਖੀਲਿ ਤਕਬਰੀ ਖਿਚੋਤਾਣਿ ਕਰੇਨਿ ਧਿਙਾਣੇ।[91]

ਅਨੇਕਾਂ ਤਰ੍ਹਾਂ ਦੇ ਮਤਾਂ ਤੇ ਕਰਮਕਾਂਡਾਂ ਵਿਚ ਸ਼ਾਸਤਰਾਂ, ਪੁਰਾਣਾਂ ਦੇ ਤੁਰੇ ਲੋਕ ਤੁਰਨ ਲੱਗ ਪਏ:

> ਚਾਰ ਵਰਨ ਛਿਅ ਦਰਸਨਾ ਸਾਸਤ੍ਰ ਬੇਦ ਪੁਰਾਣ ਸੁਣਾਇਆ।
>
> ਦੇਵੀ ਦੇਵ ਸਰੇਵੜੇ ਦੇਵ ਸਥਲ ਤੀਰਥ ਭਰਮਾਇਆ।[92]

ਭਾਈ ਗੁਰਦਾਸ ਨੇ ਵਾਰਾਂ ਵਿਚ ਵੱਖ ਵੱਖ ਧਰਮਾਂ (ਮਤਾਂ) ਤੇ ਉਨ੍ਹਾਂ ਦੇ ਆਪਸੀ ਭੇਦ ਦਾ ਵਰਨਣ ਵੀ ਕੀਤਾ ਹੈ:

> ਕਿਤੜੇ ਸੁੰਨੀ ਆਖੀਅਨਿ, ਕਿਤੜੇ ਈਸਾਈ ਮੂਸਾਈ।
>
> ਕੇਤੜਿਆਂ ਹੀ ਰਾਫਜ਼ੀ, ਕਿਤੜੇ ਮੁਲਹਿਦ ਗਣਤ ਨ ਆਈ।

ਲਖ ਫਿਰੰਗੀ ਇਰਮਨੀ, ਰੂਸੀ ਜੰਗੀ ਦੁਸ਼ਮਨ ਦਾਈ।
ਕਿਤੜੇ ਸਈਯਦ ਆਖਅਨਿ, ਕਿਤੜੇ ਤੁਰਕਮਾਨ ਦੁਨਿਆਈ।
ਕਿਤੜੇ ਮੁਗਲ ਪਠਾਣ ਹਨਿ ਹਬਸ਼ੀ ਤੈ ਕਿਲਮਾਨ ਅਵਾਈ।
ਕੇਤੜਿਆਂ ਈਮਾਨ ਵਿਚਿ ਕਿਤੜੇ ਬੇਈਮਾਨ ਬਲਾਈ।
ਨੇਕੀ ਬਦੀ ਨ ਲੁਕੈ ਲੁਕਾਈ।[93]

ਭਾਰਤੀ ਸਮਾਜ ਵਿਚ ਔਰਤ ਨੂੰ ਬਹੁਤ ਨੀਵਾਂ ਸਥਾਨ ਪ੍ਰਾਪਤ ਸੀ। ਇਸ ਰਾਜ ਕਾਲ ਦੌਰਾਨ ਭਾਰਤੀ ਔਰਤਾਂ ਉਤੇ ਅਤਿਆਚਾਰ ਤੇ ਜ਼ੁਲਮ ਆਪਣੀ ਚਰਮ ਸੀਮਾਂ ਤੇ ਪਹੁੰਚ ਚੁੱਕਾ ਸੀ। ਡਾ. ਨੁਰਿੰਦਰ ਸਿੰਘ ਕੋਹਲੀ ਅਨੁਸਾਰ, "ਜਿਹੜੀ ਆਜ਼ਾਦੀ ਔਰਤ ਨੂੰ ਵੈਦਿਕ ਕਾਲ ਵਿਚ ਸੀ ਅਤੇ ਸਮਾਜ ਵਿਚ ਜੋ ਉਸ ਦਾ ਉੱਚਾ ਸਥਾਨ ਸੀ, ਹੁਣ ਉਸ ਨੂੰ ਭੁਲਾ ਦਿੱਤਾ ਗਿਆ ਸੀ।[94] ਤੇਜਾ ਸਿੰਘ ਅਨੁਸਾਰ, " ਇਹ ਸੋਚਣ ਵਾਲੀ ਗੱਲ ਸੀ ਕਿ ਉਨ੍ਹਾਂ ਦਾ ਸਨਮਾਨ ਉਨ੍ਹਾਂ ਦੇ ਘਰ ਪਰਿਵਾਰ ਵਿਚ ਹੀ ਸਮਾਪਤ ਹੋ ਗਿਆ ਸੀ- - - - ਉਹ ਧਾਰਮਿਕ ਅਧਿਕਾਰਾਂ ਤੋਂ ਹੀਣ ਸਨ, ਉਨ੍ਹਾਂ ਦਾਕੋਈ ਵੀ ਅਧਿਕਾਰ ਨਹੀਂ ਰਹਿ ਗਿਆ ਸੀ । ਵੇਦ ਸ਼ਾਸਤਰਾਂ ਦਾ ਅਧਿਐਨ ਉਨ੍ਹਾਂ ਲਈ ਵਿਵਰਜਿਤ ਸੀ।[95] ਵਿਧਵਾ ਦੇ ਸਤੀ ਹੋਣ ਦੀ ਰਸਮ ਆਮ ਪ੍ਰਚਲਤ ਸੀ।

ਇਸਲਾਮ ਵਿਚ ਵੀ ਇਸਤਰੀ ਦੀ ਹਾਲਤ ਤਰਸਯੋਗ ਸੀ। ਔਰਤਾਂ ਨੂੰ ਘਰ ਦੀ ਚਾਰ ਦੀਵਾਰੀ ਵਿਚ ਬੰਦ ਕਰ ਦਿੱਤਾ ਜਾਂਦਾ ਸੀ। ਇਸਤਰੀਆਂ ਬੁਰਕਾ ਪਹਿਨਦੀਆਂ ਸਨ। ਲੜਕੀ ਦੇ ਜਨਮ ਨੂੰ ਮਾੜੀ ਕਿਸਮਤ ਮੰਨਿਆ ਜਾਂਦਾ ਸੀ।

ਸਮਾਜ ਵਿਚ ਇਸਤਰੀ ਤੇ ਪੁਰਸ਼ ਦੇ ਪਰਸਪਰ ਸੰਬੰਧ ਵਿਚ ਕਾਫ਼ੀ ਗਿਰਾਵਟ ਆ ਚੁੱਕੀ ਸੀ। ਭਾਈ ਗੁਰਦਾਸ ਅਨੁਸਾਰ ਇਹ ਸਬੰਧ ਕੇਵਲ ਧੰਨ-ਸੁਆਰਥ ਤੱਕ ਸੀਮਤ ਹੋ ਗਿਆ ਸੀ:

ਇਸਤ੍ਰੀ ਪੁਰਖੈ ਦਾਮਿ ਹਿਤੁ ਜਾਣੈ ਆਇ ਕਿਥਾਊਂ ਜਾਈ।[96]

ਸਮਾਜ ਵਿਚ ਗੁਰੂ ਤੇ ਚੇਲੇ ਦਾ ਰਿਸ਼ਤਾ ਵੀ ਪਵਿੱਤਰਤਾ ਗੁਆ ਬੈਠਾ ਸੀ। ਗੁਰੂ ਦੀ

ਇਜ਼ੱਤ ਘੱਟ ਗਈ ਸੀ ਤੇ ਸੇਵਕ ਉਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਮਿਲਦੇ ਸਨ। ਗੁਰੂਆਂ ਦੀ ਹਾਲਤ ਚਿੰਤਾਜਨਕ ਸੀ। ਉਹ ਆਪਣੇ ਸੁਆਰਥਾਂ ਨੂੰ ਮੁੱਖ ਰੱਖਦੇ ਸਨ। ਇਸ ਕਰਕੇ ਸਵੈਮਾਨ ਗੁਆ ਬੈਠੇ ਸਨ। ਭਾਈ ਗੁਰਦਾਸ ਵਾਰਾਂ ਵਿਚ ਸੰਕੇਤ ਕਰਦੇ ਹਨ:

ਚੇਲੇ ਸਾਜ ਵਜਾਇਦੇ , ਨਚਨਿ ਗੁਰੂ ਬਹੁਤੁ ਬਿਧਿ ਭਾਈ

ਚੇਲੇ ਬੈਠਨਿ ਘਰਾਂ ਵਿਚਿ ਗੁਰੂ ਉਠਿ ਘਰੀ ਤਿਨਾੜੇ ਜਾਈ।[97]

ਸਮੁੱਚੇ ਰੂਪ ਵਿਚ ਭਾਰਤੀ ਸਮਾਜ ਵਿਚ ਗਿਰਾਵਟ ਆ ਚੁੱਕੀ ਸੀ ਅਤੇ ਮਨੁੱਖਤਾ ਜੀਵਨ ਸੇਧ ਤੋਂ ਬਿਲਕੁਲ ਖੁੰਝ ਚੁੱਕੀ ਸੀ। ਭਾਈ ਗੁਰਦਾਸ ਅਨੁਸਾਰ:

ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।[98]

ਭਾਈ ਗੁਰਦਾਸ ਅਨੁਸਾਰ ਇਸ ਨਿਘਰੀ ਹੋਈ ਹਾਲਤ ਦਾ ਮੁੱਖ ਕਾਰਨ ਇਹ ਸੀ ਕਿ ਇਸ ਭਟਕੀ ਹੋਈ ਮਨੁੱਖਤਾ ਨੂੰ ਸੇਧ ਦੇਣ ਵਾਲਾ ਕੋਈ ਨਹੀਂ ਸੀ ਰਿਹਾ, ਜਿਨ੍ਹਾਂ ਨੂੰ ਸਮਝ ਸੀ ਉਹ ਪਰਬਤਾਂ ਵਿਚ ਜਾ ਛੁੱਪੇ ਸਨ:

ਥੀਐ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।[99]

ਇਸ ਪ੍ਰਕਾਰ ਸੱਚੇ ਗੁਰੂ ਤੋਂ ਬਿਨਾਂ ਸੰਸਾਰ ਡੁੱਬ ਰਿਹਾ ਸੀ:

ਬਾਝੁ ਗੁਰੂ ਡੁੱਬਾ ਜਗੁ ਸਾਰਾ।[100]

ਉਪਰੋਕਤ ਵਿਚਾਰ ਤੋਂ ਬਾਅਦ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਉਸ ਸਮੇਂ ਦੇ ਸਮਾਜ ਦੀ ਸਮਾਜਕ ਸਥਿਤੀ ਬਹੁਤ ਨਿਘਰੀ ਹੋਈ ਸੀ। ਸਮਾਜ ਵਿਚ ਗਿਰਾਵਟ ਇਸ ਹੱਦ ਤੱਕ ਘਰ ਕਰ ਚੁੱਕੀ ਸੀ ਕਿ ਸਮਾਜਕ ਨਾ-ਬਰਾਬਰੀ ਅਤੇ ਅਨਿਆਂ ਸਿਖਰਾਂ ਤੇ ਸੀ। ਆਰਥਕ ਪੱਖ ਤੋਂ ਵੀ ਸਮਾਜ ਦੇ ਲੋਕਾਂ ਵਿਚ ਗਿਰਾਵਟ ਆ ਚੁੱਕੀ

ਸੀ। ਇਸਤਰੀ ਤੇ ਮਰਦ ਦਾ ਪਿਆਰ ਕੇਵਲ ਪੈਸੇ ਤੇ ਨਿਰਭਰ ਕਰਦਾ ਸੀ ਤੇ ਪੈਸੇ ਦੇ ਬਲ ਨਾਲ ਹਰ ਤਰ੍ਹਾਂ ਦੇ ਕੁਕਰਮ ਕੀਤੇ ਜਾਂਦੇ ਸਨ। ਇਸ ਸਥਿਤੀ ਵਿਚ ਸਮਾਜ ਨੂੰ ਸੇਧ ਦੇਣ ਵਾਲਾ ਕੋਈ ਨਹੀਂ ਸੀ। ਗੁਰੂ ਨਾਨਕ ਸਾਹਿਬ ਨੇ ਸਮਾਜ ਦੀ ਇਸ ਸਥਿਤੀ ਦੇ ਹਰ ਪਹਿਲੂ ਦਾ ਜਾਇਜ਼ਾ ਲਿਆ ਅਤੇ ਸੱਭ ਤੋਂ ਪਹਿਲਾਂ ਸਾਰੇ ਧਰਮਾਂ ਨੂੰ ਇਕ ਕਰਨ ਦੀ ਲੋੜ ਮਹਿਸੂਸ ਕੀਤੀ। ਗੁਰੂ ਸਾਹਿਬ ਨੇ ਸਮਾਜ ਵਿਚ ਆ ਚੁੱਕੀਆਂ ਕੁਰੀਤੀਆਂ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਅਤੇ ਭਾਈ ਗੁਰਦਾਸ ਅਨੁਸਾਰ ਆਪਣੇ ਨਾਮ ਦਾ ਸਿੱਕਾ ਜਗਤ ਵਿਚ ਚਲਾਇਆ:

- - - - ਸਤਿਨਾਮੁ ਦਾ ਚੱਕ੍ਰ ਫਿਰਾਇਆ।[101]

## ਧਾਰਮਿਕ ਸਥਿਤੀ :

ਭਾਰਤ ਵਿਚ ਇਕ ਧਰਮ ਪ੍ਰਧਾਨ ਦੇਸ਼ ਹੈ। ਇਥੇ ਸਮੇਂ ਸਮੇਂ ਸਿਰ ਕਈ ਧਰਮ ਵਿਕਸਤ ਹੁੰਦੇ ਰਹੇ ਹਨ ਪਰ ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਧਰਮ ਦੀ ਸਥਿਤੀ ਅਜਿਹੀ ਨਹੀਂ ਸੀ। ਉਸ ਸਮੇਂ ਦੇ ਧਰਮ ਨੂੰ ਅਧਰਮ ਕਹਿਣਾ ਹੀ ਉਚਿੱਤ ਹੈ। ਡਾ. ਹਰੀ ਰਾਮ ਗੁਪਤਾ ਅਨੁਸਾਰ, ਹਿੰਦੂਆਂ ਤੇ ਮੁਸਲਮਾਨਾਂ ਵਿਚ ਕਈ ਪੱਖਾਂ ਤੋਂ ਵੱਖਰਤਾ ਸੀ। ਮੁਸਲਮਾਨ ਇਕ ਰੱਬ ਵਿਚ ਵਿਸ਼ਵਾਸ ਰੱਖਦੇ ਸਨ ਤੇ ਹਿੰਦੂ ਕਈ ਦੇਵੀ, ਦੇਵਤਿਆਂ ਵਿਚ ਵਿਸ਼ਵਾਸ ਰੱਖਦੇ ਸਨ। ਮੁਸਲਮਾਨਾਂ ਵਿਚ ਸਿਧਾਂਤਕ ਤੌਰ ਤੇ ਬਰਾਬਰੀ ਸੀ, ਪਰ ਹਿੰਦੂ ਕਈ ਧਰਮਾਂ ਤੇ ਜਾਤੀਆਂ ਵਿਚ ਵੰਡੇ ਹੋਏ ਸਨ। ਹਿੰਦੂ ਭਗਤੀ ਕਰਨ ਸਮੇਂ ਪੂਰਬ ਵੱਲ ਦੇਖਦੇ ਸਨ ਤੇ ਮੁਸਲਮਾਨ ਪੱਛਮ ਵੱਲ। ਹਿੰਦੂਆਂ ਵਿਚ ਪੂਜਾ ਕਰਨ ਸਮੇਂ ਸੰਗੀਤ ਜ਼ਰੂਰੀ ਸਮਝਿਆ ਜਾਂਦਾ ਸੀ ਪਰ ਇਸਲਾਮ ਵਿਚ ਇਸ ਦੀ ਸਖਤ ਮਨਾਹੀ ਸੀ। ਗਊ ਨੂੰ ਹਿੰਦੂਆਂ ਵਿਚ ਪੂਜਿਆ ਜਾਂਦਾ ਸੀ ਪਰ ਮੁਸਲਮਾਨਾਂ ਵਿਚ ਇਸ ਨੂੰ ਮਾਰਿਆ ਜਾਂਦਾ ਸੀ। ਹਿੰਦੂ ਗੱਲ ਵਿਚ ਜਨੇਊ ਪਾਉਂਦੇ ਸਨ, ਮੁਸਲਮਾਨ ਸੁੰਨਤ ਵਿਚ ਵਿਸ਼ਵਾਸ਼ ਰੱਖਦੇ ਸਨ। ਮੁਸਲਮਾਨ ਹਿੰਦੂਆਂ ਨੂੰ ਕਾਫ਼ਿਰ ਕਹਿੰਦੇ ਸਨ ਤੇ ਹਿੰਦੂ ਮੁਸਲਮਾਨਾਂ ਨੂੰ ਮਲੇਛਾ (Mallechas ) ਕਹਿੰਦੇ ਸਨ।[102]

ਧਾਰਮਿਕ ਆਗੂਆਂ ਦੀ ਕਥਨੀ ਤੇ ਕਰਨੀ ਵਿਚ ਬਹੁਤ ਅੰਤਰ ਸੀ। ਧਾਰਮਿਕ ਆਗੂ

ਆਪ ਅਗਿਆਨਤਾ ਦੇ ਹਨੇਰੇ ਵਿਚ ਭਟਕ ਰਹੇ ਸਨ, ਲੋਕਾਈ ਨੂੰ ਕੁਰਾਹੇ ਪਾ ਰਹੇ ਸਨ ਅਤੇ ਸਮੁੱਚੀ ਮਨੁੱਖਤਾ ਨੂੰ ਆਪਸ ਵਿਚ ਜੋੜਨ ਦੀ ਥਾਂ ਵਿਛੋੜਨ ਦਾ ਕਾਰਨ ਬਣ ਰਹੇ ਸਨ।[103] ਹਿੰਦੂਆਂ ਦੀ ਧਾਰਮਿਕ ਸੂਝ ਬਾਰੇ ਸਰ ਗੋਕਲ ਚੰਦ ਨਾਰੰਗ ਲਿਖਦਾ ਹੈ, "ਪੰਜਾਬ ਵਿਚ ਹਿੰਦੂਆਂ ਦੀ ਹਾਲਤ ਉਸ ਸਮੇਂ ਅਤੀ ਘ੍ਰਿਣਾਯੋਗ ਸੀ। ਆਮ ਲੋਕਾਂ ਵਿਚ ਇਸੇ ਗੱਲ ਦਾ ਨਾਉਂ ਧਰਮ ਸੀ ਕਿ ਇਕ ਖਾਸ ਤਰ੍ਹਾਂ ਦੇ ਚਉਕੇ-ਚੁਲ੍ਹੇ ਬਣਾ ਕੇ ਰਸੋਈ ਪਕਾਣੀ ਤੇ ਖਾਣੀ ; ਜਾਂ ਤੀਰਥਾਂ ਉਤੇ ਇਸ਼ਨਾਨ ਕਰ ਲੈਣਾ; ਜਾਂ ਮੱਥੇ ਉਤੇ ਟਿੱਕਾ ਲਾ ਲੈਣਾ: ਜਾਂ ਹੋਰ ਤਰ੍ਹਾਂ ਦੀਆਂ ਫੋਕੀਆਂ ਮਾਰਹੀਣ ਰਸਮਾਂ-ਰੀਤਾਂ ਕਰ ਲੈਣੀਆਂ । ਉਸ ਯੁੱਗ ਵਿਚ ਧਰਮ ਆਮ ਲੋਕਾਂ ਦੇ ਖਿਆਲ ਵਿਚ ਇਹ ਸੀ ਕਿ ਜੇ ਕਿਤੇ ਬੁੱਤ ਹਨ ਤਾਂ ਬੁੱਤ ਪੂਜ ਲਏ, ਜੇ ਗੰਗਾ ਜੀ ਜਾਂ ਹੋਰ ਤੀਰਥਾਂ ਉਤੇ ਇਸ਼ਨਾਨ ਕਰਨ ਦੀ ਬ੍ਰਾਹਮਣਾਂ ਦੁਆਰਾ ਆਗਿਆ ਹੋਈ ਤਾਂ ਉਹ ਕਰ ਲਏ, ਬ੍ਰਾਹਮਣਾਂ ਦੀ ਆਗਿਆ ਪਾਲਣ ਤੇ ਪੰਡਤਾਂ ਨੂੰ ਦਾਨ ਆਦਿ ਦੇਣ ਦਾ ਕੰਮ ਕਰ ਲਿਆ। ਕੇਵਲ ਪੰਡਤ ਪਾਧੇ ਹੀ ਵੇਦ ਸ਼ਾਸਤਰ ਪੜ੍ਹ ਸਕਦੇ ਸਨ, ਸ਼ਾਸਤਰੀਯ ਵਿਚਾਰਾਂ ਦਾ ਅਨੰਦ ਉਹ ਹੀ ਲੈ ਸਕਦੇ ਸਨ ਤੇ ਉਹੀ ਸੱਚ ਨੂੰ ਪ੍ਰਾਪਤ ਕਰ ਸਕਦੇ ਸਨ।"[104] ਲੋਕਾਂ ਦੀ ਅਗਿਆਨਤਾ ਅਤੇ ਪੁਜਾਰੀਆਂ ਦੀ ਖ਼ੁਦਗਰਜ਼ੀ ਨੇ ਧਰਮ ਨੂੰ ਬਹੁਤ ਖੋਰਾ ਲਾਇਆ। ਸੁਰਿੰਦਰ ਸਿੰਘ ਕੋਹਲੀ ਦੇ ਕਥਨ ਅਨੁਸਾਰ , "ਧਾਰਮਿਕ ਪੱਖ ਤੋਂ ਮੁਸਲਮਾਨ ਹੱਦ ਦਰਜੇ ਦੇ ਤੰਗ ਦਿਲ ਤੇ ਅਸਹਿਣਸ਼ੀਲ ਸਨ। ਸੰਤ ਕਵੀਆਂ ਦੀ ਰਚਨਾ ਵਿਚ ਇਹ ਗੱਲ ਭਲੀ ਭਾਂਤ ਸਪਸ਼ਟ ਹੋਈ ਹੈ। ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਇਸ ਦਸ਼ਾ ਦਾ ਭਰਪੂਰ ਚਿੱਤਰ ਉਲੀਕਿਆ ਮਿਲਦਾ ਹੈ।"[105] ਇਸ ਪ੍ਰਕਾਰ ਇਸਲਾਮ ਧਰਮ ਵਿਚ ਵੀ ਅਤਿ ਦਰਜੇ ਦੀ ਗਿਰਾਵਟ ਆ ਚੁੱਕੀ ਸੀ। ਜੇ .ਐਨ. ਸਰਕਾਰ ਲਿਖਦਾ ਹੈ, "ਇਸਲਾਮ ਧਰਮ ਦਰਸ਼ਨ ਇਕ ਸੱਚੇ ਸਰਧਾਲੂ ਨੂੰ ਆਦੇਸ਼ ਦਿੰਦਾ ਹੈ ਕਿ ਉਸ ਦਾ ਉਤਮ ਕਰਤੱਵ ਕਾਫਰ ਮੁਲਕਾਂ ਵਿਰੁੱਧ ਯੁੱਧ ਕਰਕੇ ਖੁਦਾ ਦੇ ਰਾਹ ਤੇ/ਚੱਲਣਾ ਹੈ। ਜਦ ਤਕ ਉਹ ਇਸਲਾਮ ਮੰਡਲ ਦਾ ਹਿੱਸਾ ਨਹੀਂ ਬਣ ਜਾਏ ਅਤੇ ਉਨ੍ਹਾਂ ਦੀ ਵਸੋਂ ਮੋਮਨਾਂ ਵਿਚ ਨਹੀਂ ਬਦਲ ਜਾਂਦੀ।"[106] ਇਸ ਤਰ੍ਹਾਂ ਮੁਸਲਮਾਨ ਹਮਲਾਵਰਾਂ ਦੇ ਮਨ ਵਿਚ ਭਾਰਤ ਵਿਚ ਸਿਰਫ ਇਸਲਾਮ ਧਰਮ ਦੀ ਸਥਾਪਨਾ ਕਰਨ ਦੀ ਲਾਲਸਾ ਸੀ। ਇਸ ਲਾਲਸਾ ਅਧੀਨ ਉਨ੍ਹਾਂ ਨੇ ਹਿੰਦੂਆਂ ਦੇ ਮੰਦਰ ਢਾਹੇ ਤੇ ਹਿੰਦੂਆਂ ਤੇ ਬਹੁਤ ਅਤਿਆਚਾਰ ਕੀਤੇ। ਇਨ੍ਹਾਂ ਘਟਨਾਵਾਂ ਦਾ ਬਿਆਨ ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਕਰਦੇ ਹਨ:

ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।
ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।[107]

ਮੁਸਲਮਾਨ ਹਾਕਮਾਂ ਨੇ ਹਿੰਦੂਆਂ ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਹੋਈਆਂ ਸਨ। ਉਨ੍ਹਾਂ ਨੂੰ ਤੀਰਥ ਅਸਥਾਨਾਂ ਤੇ ਜਾਣ ਤੋਂ ਰੋਕਿਆ ਜਾਂਦਾ ਸੀ। ਸਖਤੀ ਨਾਲ ਜਜ਼ੀਆ ਵਸੂਲ ਕੀਤਾ ਜਾਂਦਾ ਸੀ। ਇਨ੍ਹਾਂ ਸਖਤੀਆਂ ਕਰਕੇ ਅਤੇ ਮੁਸਲਮਾਨਾਂ ਵਲੋਂ ਦਿਤੇ ਲਾਲਚਾਂ ਕਰਕੇ ਕਈ ਹਿੰਦੂ ਖਾਸ ਕਰਕੇ ਨੀਵੀਂ ਸ਼੍ਰੇਣੀ ਦੇ ਹਿੰਦੂਆਂ ਨੇ ਇਸਲਾਮ ਕਬੂਲ ਕਰ ਲਿਆ। ਡਾ. ਜੈ ਰਾਮ ਮਿਸ਼ਰ ਲਿਖਦਾ ਹੈ, "ਧਰਮ ਦਾ ਵਾਸਤਵਿਕ ਸਰੂਪ ਲੋਕ ਭੁੱਲ ਗਏ ਸਨ, ਬਾਹਰੀ ਆਡੰਬਰਾਂ ਦਾ ਬੋਲਬਾਲਾ ਸੀ। ਬਹੁਤ ਸਾਰੇ ਲੋਕ ਭੈ ਨਾਲ ਮੁਸਲਮਾਨਾਂ ਨੂੰ ਪ੍ਰਸੰਨ ਕਰਨ ਲਈ ਕੁਰਾਨ ਇਤਿਆਦਿ ਪੜ੍ਹਦੇ ਸਨ।"[103] ਮੈਕਾਲਿਫ ਅਨੁਸਾਰ, ਕੁਝ ਹਿੰਦੂ ਮੁਸਲਮਾਨ ਬਣ ਗਏ ਤੇ ਕਈ ਜੋ ਬਣਾਏ ਜਾਣ ਤੋਂ ਬਚ ਗਏ, ਉਹ ਸਭ ਇੱਜ਼ਤ ਤੇ ਅਣਖ ਗੁਆ ਬੈਠੇ ਸਨ।"[109] ਹਿੰਦੂ ਧਾਰਮਿਕ ਅਸੂਲਾਂ ਨੂੰ ਭੁਲਾਈ ਬੈਠੇ ਸਨ। ਬੁੱਤਾਂ ਅਤੇ ਚਿੰਨ੍ਹਾਂ ਨੂੰ ਰੱਬ ਸਮਝ ਕੇ ਉਨ੍ਹਾਂ ਦੀ ਪੂਜਾ ਕਰਨਾ ਆਪਣਾ ਜੀਵਨ ਨਿਸ਼ਾਨਾ ਸਮਝਦੇ ਸਨ। ਡਾ.' ਰਾਧਾ ਕ੍ਰਿਸ਼ਨ ਅਨੁਸਾਰ, "ਹਿੰਦੂ ਆਪਣੇ ਅਸਲ ਨਿਸ਼ਾਨੇ ਨੂੰ ਭੁੱਲ ਕੇ ਕਰਮਕਾਂਡਾਂ ਦੇ ਭਰਮ ਭੁਲੇਖਿਆਂ ਅਤੇ ਭੇਖਾਂ ਵਿਚ ਹੀ ਧਰਮ ਸਮਝੀ ਬੈਠੇ ਸਨ।[110]

ਭਾਈ ਗੁਰਦਾਸ ਵਾਰਾਂ ਵਿਚ ਉਪਰੋਕਤ ਸਥਿਤੀ ਦਾ ਵਿਸ਼ਲੇਸ਼ਣ ਇਸ ਤਰ੍ਹਾਂ ਕਰਦੇ ਹਨ ਕਿ ਹਿੰਦੂਆਂ ਦਾ ਰਾਮ ਤੇ ਮੁਸਲਮਾਨਾਂ ਦਾ ਰਹੀਮ ਜੋ ਇਕੋ ਨਾਮ ਹਨ ਵੱਖਰੇ ਵੱਖਰੇ ਸੱਦੇ ਜਾਣ ਲੱਗੇ ਤੇ ਭੁੱਲ ਨਾਲ ਦੋ ਰਸਤੇ ਬਣ ਗਏ। ਦੋਵਾਂ ਧਰਮਾਂ ਦੇ ਲੋਕ ਬੇਦਾਂ ਤੇ ਕਤੇਬਾਂ ਨੂੰ ਭੁੱਲਾ ਕੇ ਸ਼ੈਤਾਨ ਹੋ ਕੇ ਦੁਨੀਆਂ ਦੇ ਲਾਲਚ ਵਿਚ ਫਸ ਗਏ ਸਨ। ਸੱਚ ਇਕ ਪਾਸੇ ਰਹਿ ਗਿਆ ਤੇ ਬ੍ਰਾਹਮਣ ਤੇ ਮੌਲਵੀ ਇਕ ਦੂਜੇ ਨਾਲ ਖਹਿ ਖਹਿ ਕੇ ਮਰਨ ਲੱਗੇ।[111] ਮਨੁੱਖ ਧਰਮ ਤੋਂ ਬੇਮੁੱਖ ਹੋ ਗਏ ਸਨ। ਧਾਰਮਿਕ ਗਿਆਨ ਹੁੰਦਿਆਂ ਗਿਆਨ ਵਾਲੀ ਕਿਤੇ ਗੱਲ ਨਜ਼ਰ ਨਹੀਂ ਸੀ ਆਉਂਦੀ ਤੇ ਧਰਮ ਵਿਚ ਆਪ ਹੁਦਰੀਆਂ ਗੱਲਾਂ ਹੋ ਰਹੀਆਂ ਸਨ:

ਕੋਈ ਨਾ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।
ਕਿਸੈ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧ ਬਹੁ ਵਾਦਿ ਵਧਾਵੈ।
ਆਪੋ ਧਾਪੀ ਹੋਇ ਇਕੇ ਨਿਆਰੇ ਨਿਆਰੇ ਧਰਮ ਚਲਾਵੈ
ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਆਕਾਸੁ ਮਨਾਵੈ।[112]

ਸਮੁੱਚੇ ਰੂਪ ਵਿਚ ਅਗਿਆਨ ਵੱਸ ਲੋਕ ਭੇਖੀ ਅਤੇ ਪਾਖੰਡੀ ਆਗੂਆਂ ਮਗਰ ਲੱਗੇ ਹੋਏ ਸਨ। ਸਭ ਪਾਸੇ ਪਾਪ ਤੇ ਝੂਠ ਦਾ ਵਰਤਾਰਾ ਸੀ। ਧਰਮ ਬੜੀ ਨਿਘਰੀ ਹੋਈ ਹਾਲਤ ਵਿਚ ਸੀ। ਸਾਰੀ ਧਰਤੀ ਪਾਪਾਂ ਵਿਚ ਗ੍ਰਸੀ ਹੋਈ ਸੀ। ਭਾਈ ਗੁਰਦਾਸ ਇਸ ਦਾ ਕਾਰਨ ਇਸ ਤਰ੍ਹਾਂ ਸਪਸ਼ਟ ਕਰਦੇ ਹਨ:

ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।[113]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਬੇਸ਼ੱਕ ਗੁਰੂ ਨਾਨਕ ਸਾਹਿਬ ਦੇ ਜੀਵਨ ਤੇ ਯਾਤਰਾਵਾਂ ਸਬੰਧੀ ਜਾਣਕਾਰੀ ਸੰਖੇਪ ਰੂਪ ਵਿਚ ਪ੍ਰਾਪਤ ਹੁੰਦੀ ਹੈ ਪਰ ਇਨ੍ਹਾਂ ਦਾ ਅਧਿਐਨ ਕਰਨ ਤੋਂ ਬਾਅਦ ਇਹ ਭਾਵ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਇਕ ਮਹਾਨ ਯਾਤਰੀ ਸਨ। ਉਨ੍ਹਾਂ ਨੇ ਮਨੁੱਖਤਾ ਨੂੰ ਸੱਚੇ ਨਾਮ ਦਾ ਉਪਦੇਸ਼ ਦੇਣ ਲਈ ਭਾਰਤ ਅਤੇ ਦੂਜੇ ਦੇਸ਼ਾਂ ਦੇ ਲਗਭਗ ਸਭ ਪ੍ਰਸਿਧ ਤੀਰਥ ਸਥਾਨਾਂ ਦੀ ਯਾਤਰਾ ਕੀਤੀ ਅਤੇ ਸ਼ਬਦ ਦੇ ਬਲ ਨਾਲ ਉਥੋਂ ਦੀ ਭਟਕ ਰਹੀ ਲੋਕਾਈ ਨੂੰ ਪ੍ਰਭੂ ਮਾਰਗ ਤੇ ਚਲਣ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਸਾਹਿਬ ਆਪਣੀਆਂ ਯਾਤਰਾਵਾਂ ਦੌਰਾਨ ਜਿਥੇ ਜਿਥੇ ਵੀ ਗਏ ਉਨ੍ਹਾਂ ਨੂੰ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਜੇਕਰ ਉਹ ਸੁਮੇਰ ਪਰਬਤ ਗਏ ਤਾਂ ਸਿੱਧਾਂ ਨਾਲ ,ਮੱਕੇ ਗਏ ਤਾਂ ਹਾਜੀਆਂ ਨਾਲ, ਬਗਦਾਦ ਗਏ ਤਾਂ ਉਥੋਂ ਦੇ ਪੀਰ ਨਾਲ, ਅਚਲ ਵਟਾਲੇ ਗਏ ਤਾਂ ਸਿੱਧਾਂ ਜੋਗੀਆਂ ਨਾਲ, ਮੁਲਤਾਨ ਗਏ ਤਾਂ ਮੁਲਤਾਨ ਦੇ ਪੀਰਾਂ ਨਾਲ ਵਿਚਾਰ ਵਟਾਂਦਰਾ ਹੋਇਆ। ਪਰ ਗੁਰੂ ਸਾਹਿਬ ਆਪਣੇ ਉਦੇਸ਼ ਤੋਂ ਥਿੜਕੇ ਨਹੀਂ ਅਤੇ ਉਨ੍ਹਾਂ ਸਾਰਿਆਂ ਨੂੰ ਸ਼ਬਦ ਦੀ ਸ਼ਕਤੀ ਨਾਲ ਆਪਣੇ ਪ੍ਰਭਾਵ ਅਧੀਨ ਲਿਆਂਦਾ। ਇਸੇ ਕਰਕੇ ਹੀ ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਨੂੰ 'ਦਿਗ ਵਿਜਯੀ' ਕਿਹਾ ਹੈ।

ਭਾਈ ਗੁਰਦਾਸ ਨੇ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਦੇ ਜੀਵਨ ਤੇ ਯਾਤਰਾਵਾਂ ਨਾਲ ਸਬੰਧਤ ਜਿਨ੍ਹਾਂ ਜਿਨ੍ਹਾਂ ਸਥਾਨਾਂ ਦਾ ਵੇਰਵਾ ਦਿੱਤਾ ਹੈ (ਇਨ੍ਹਾਂ ਬਾਰੇ ਅਸੀਂ ਅੱਗੇ ਚੱਲ ਕੇ ਵਿਸਥਾਰ ਸਹਿਤ ਚਰਚਾ ਕਰਾਂਗੇ।) ਉਨ੍ਹਾਂ ਦੀ ਅਜੋਕੇ ਸਮੇਂ ਵਿਚ ਵੀ ਮਾਨਤਾ ਹੈ। ਬੇਸ਼ੱਕ ਉਨ੍ਹਾਂ ਦੇ ਨਾਮ ਬਦਲ ਗਏ ਹਨ ਜਿਵੇਂ ਸੁਮੇਰ ਪਰਬਤ ਦਾ ਨਾਮ ਬਦਲ ਕੇ ਕੈਲਾਸ਼ ਪਰਬਤ ਹੋ ਗਿਆ ਹੈ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ

ਗੁਰੂ ਨਾਨਕ ਸਾਹਿਬ ਕਿਸੇ ਇਕ ਧਰਮ ਜਾਂ ਫ਼ਿਰਕੇ ਦੇ ਗੁਰੂ ਨਹੀਂ ਸਨ ਬਲਕਿ ਉਹ ਸਾਰੀ ਮਾਨਵਜਾਤੀ ਦੇ ਗੁਰੂ ਸਨ। ਉਨ੍ਹਾਂ ਨੇ ਸਮੁੱਚੀ ਮਾਨਵਜਾਤੀ ਦੇ ਸੁਧਾਰ ਲਈ 'ਨਿਰਮਲ ਪੰਥ' ਦੀ ਸਥਾਪਨਾ ਕੀਤੀ।

ਗੁਰੂ ਨਾਨਕ ਸਾਹਿਬ ਨੂੰ ਆਪਣੇ ਇਸ ਮਹਾਨ ਕਾਰਜ ਦੀ ਪੂਰਤੀ ਲਈ ਕਿਨ੍ਹਾਂ ਕਿਨ੍ਹਾਂ ਪ੍ਰਸਥਿਤੀਆਂ ਵਿਚੋਂ ਲੰਘਣਾ ਪਿਆ, ਭਾਈ ਗੁਰਦਾਸ ਨੇ ਉਨ੍ਹਾਂ ਦਾ ਵੇਰਵਾ ਵੀ ਵਾਰਾਂ ਵਿਚ ਦਿੱਤਾ ਹੈ। ਉਸ ਸਮੇ ਦੇਸ਼ ਦੀ ਰਾਜਨੀਤਕ, ਸਮਾਜਿਕ ਤੇ ਧਾਰਮਿਕ ਸਥਿਤੀ ਏਨੀ ਡਾਵਾਂਡੋਲ ਸੀ ਕਿ ਹਰ ਪਾਸੇ ਝੂਠ ਤੇ ਫਰੇਬ ਦਾ ਬੋਲਬਾਲਾ ਸੀ। ਅਗਿਆਨਤਾ, ਅਨਪੜ੍ਹਤਾ, ਆਤਮਕ ਹੀਣਤਾ ਅਤੇ ਵਹਿਮਾਂਭਰਮਾਂ ਦੀ ਪ੍ਰਧਾਨਤਾ ਸਿੱਖਰਾਂ ਤੇ ਪੁੱਜ ਚੁੱਕੀ ਸੀ। ਸਮੁੱਚੀ ਸਭਿਅਤਾ ਗਿਰਾਵਟ ਵੱਲ ਜਾ ਰਹੀ ਸੀ ਤੇ ਕ੍ਰਿਆਤਮਕਤਾ ਨਸ਼ਟ ਹੋ ਰਹੀ ਸੀ। ਲੋਕ ਜਹਿਨੀ ਤੌਰ ਤੇ ਅਤੇ ਸਭਿਆਚਾਰਕ ਤੌਰ ਤੇ ਗੁਲਾਮ ਹੋ ਚੁੱਕੇ ਸਨ। ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਹਾਲਾਤਾਂ ਵਿਚ ਭਟਕ ਰਹੀ ਮਨੁੱਖਤਾ ਨੂੰ ਸ਼ਬਦ ਦੇ ਬਲ ਨਾਲ ਸਿੱਧੇ ਰਸਤੇ ਤੇ ਤੋਰਿਆ।

ਸਾਰੰਸ਼ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਬੇਸ਼ੱਕ ਭਾਈ ਗੁਰਦਾਸ ਦਾ ਇਹ ਬਿਆਨ ਸੰਕੇਤਕ ਹੈ ਪਰ ਇਤਿਹਾਸਕ ਪੱਖੋਂ ਵਿਸ਼ੇਸ਼ ਮਹੱਤਤਾ ਰੱਖਦਾ ਹੈ । ਆਉਣ ਵਾਲੇ ਇਤਿਹਾਸਕਾਰਾਂ ਲਈ ਇਹ ਪੱਥ-ਪ੍ਰਦਰਸ਼ਕ ਦਾ ਕੰਮ ਕਰਦਾ ਰਿਹਾ ਹੈ ਤੇ ਕਰਦਾ ਰਹੇਗਾ।

## ਗੁਰੂ ਅੰਗਦ ਦੇਵ :

ਸੰਸਾਰ ਵਿਚ ਗੱਦੀ ਤੇ ਬੈਠਨ ਦੀ ਪਰੰਪਰਾ ਘਰ ਵਿਚੋਂ ਹੀ ਨਿਭਾਈ ਜਾਂਦੀ ਸੀ, ਪਰ ਗੁਰੂ ਨਾਨਕ ਸਾਹਿਬ ਨੇ ਗੁਰਗੱਦੀ ਤੇ ਬੈਠਣ ਦੀ ਪਰੰਪਰਾ ਸੰਸਾਰੀ ਪੁੱਤਰਾਂ ਨਾਲੋਂ ਅਧਿਆਤਮਕ ਪੁੱਤਰਾਂ ਉਤੇ ਆਧਾਰਿਤ ਕੀਤੀ। ਇਸ ਦੀ ਚੋਣ ਵਾਸਤੇ ਗੁਰੂ ਸਾਹਿਬ ਨੇ ਜਿਹੜੀ ਪਰਖ ਕਸਵੱਟੀ ਵਰਤੀ ਉਹ ਨਿਰੋਲ ਅਧਿਆਤਮਕ, ਸੱਚੇ ਆਚਾਰ ਵਾਲੀ, ਜਾਤ ਪਾਤ ਤੋਂ ਉਪਰ ਆਦਿ ਗੁਣਾਂ ਤੇ ਆਧਾਰਿਤ ਸੀ। ਭਾਈ ਗੁਰਦਾਸ ਨੇ ਇਸ ਪਰੰਪਰਾ ਦਾ ਸੰਕੇਤ ਆਪਣੀਆਂ ਵਾਰਾਂ ਵਿਚ ਕੀਤਾ ਹੈ:

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।[114]

ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਜਿਉਂਦਿਆਂ ਹੀ ਭਾਈ ਲਹਿਣਾ ਨੂੰ ਗੁਰੂ ਅੰਗਦ ਦੇ ਰੂਪ ਵਿਚ ਵਟਾ ਦਿੱਤਾ। ਆਰਚਰ ਇਸ ਗੁਰਗੱਦੀ ਦੇ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਬਾਰੇ ਲਿਖਦਾ ਹੈ ਕਿ ਹਿੰਦੁਸਤਾਨ ਦੇ ਸੁਧਾਰਕਾਂ ਵਿਚੋਂ ਇਹ ਸਭ ਤੋਂ ਉਘੇ ਸਨ, ਜਿਨ੍ਹਾਂ ਆਪਣੇ ਆਦਰਸ਼ਾਂ ਦੇ ਪ੍ਰਚਾਰ ਲਈ ਠੋਸ ਕਦਮ ਚੁਕਿਆ।[115] ਟਰੰਪ ਇਸ ਇਤਿਹਾਸਕ ਸਚਾਈ ਨੂੰ ਮੰਨਦਾ ਹੋਇਆ ਲਿਖਦਾ ਹੈ, 'ਗੁਰੂ ਨਾਨਕ ਦਾ ਮੱਤ ਬਹੁਤ ਜਲਦੀ ਖਤਮ ਹੋ ਜਾਣਾ ਸੀ ਜੇਕਰ ਉਹ ਆਪਣੇ ਜਿਉਂਦਿਆਂ ਆਪਣਾ ਉਤਰਾਧਿਕਾਰੀ ਦੀ ਨਿਯੁਕਤ ਨਾ ਕਰਦਾ। ਕਿਉਂਕਿ ਗੁਰੂ ਨਾਨਕ ਤੋਂ ਪਹਿਲਾਂ ਕਈ ਗੁਰੂਆਂ ਦੇ ਮੱਤ ਖਤਮ ਹੋ ਚੁੱਕੇ ਸਨ।[116] ਪਰ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੇ ਸਬੰਧ ਵਿਚ ਇਹ ਵਿਚਾਰ ਠੀਕ ਨਹੀਂ ਜਾਪਦਾ। ਕਿਉਂਕਿ ਗੁਰੂ ਸਾਹਿਬ ਦਾ ਧਰਮ ਸੱਚ ਤੇ ਨਿਮਰਤਾ ਦੀਆਂ ਦੀਵਾਰਾਂ ਤੇ ਖੜਾ ਹੈ ਜਦ ਕਿ ਉਸ ਸਮੇਂ ਦੇ ਦੂਜੇ ਪ੍ਰਚਲਤ ਧਰਮ ਜਾਤ - ਪਾਤ, ਵਹਿਮਾਂ ਭਰਮਾਂ ਤੇ ਹਉਮੈ ਪ੍ਰਤੀ ਨਿਸਚਾ ਰੱਖਦੇ ਸਨ। ਸੋ ਗੁਰਮਤਿ ਦੇ ਸਿਧਾਂਤਾਂ ਅਤੇ ਉਸ ਸਮੇਂ ਦੇ ਬਾਕੀ ਧਰਮਾਂ ਦੇ ਸਿਧਾਂਤਾਂ ਵਿਚ ਢੇਰ ਅੰਤਰ ਹੈ।

ਭਾਈ ਗੁਰਦਾਸ ਵਾਰਾਂ ਵਿਚ ਭਾਈ ਲਹਿਣੇ ਨੂੰ ਗੁਰਗੱਦੀ ਮਿਲਣ ਬਾਰੇ ਲਿਖਦੇ ਹਨ ਕਿ ਹੀਰੇ ਨੇ ਹੀਰੇ ਨੂੰ ਬੇਧਿਆ ਹੈ ਤੇ ਇਹ ਦੋਵੇਂ ਇਕ ਰੂਪ ਹੋ ਗਏ ਹਨ ਜਿਵੇਂ ਪਾਣੀ ਵਿਚ ਪਾਣੀ ਰਲਾਇਆਂ ਇਕ ਰੂਪ ਹੋ ਜਾਂਦਾ ਹੈ:

ਗੁਰ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।
ਜੋਤੀ ਜੋਤਿ ਜਗਾਇਅਨੁ ਦੀਵੇ ਤੇ ਜਿਉ ਦੀਵਾ ਬਲਿਆ।
ਕੋਇ ਬੁਝਿ ਨ ਹੰਘਈ ਪਾਣੀ ਅੰਦਰਿ ਪਾਣੀ ਰਲਿਆ।[117]

ਗੁਰੂ ਅੰਗਦ ਦੇਵ ਦਾ ਸਮੁੱਚਾ ਜੀਵਨ ਭਗਤੀ, ਸੇਵਾ, ਪ੍ਰੇਮ ਤੇ ਸਿਫਤ ਸਲਾਹ ਦੀ ਪ੍ਰਾਪਤੀ ਨਾਲ ਭਰਿਆ ਪਿਆ ਹੈ। ਇਤਿਹਾਸ ਗਵਾਹ ਹੈ ਕਿ ਉਨ੍ਹਾਂ ਦਾ ਪਹਿਲਾਂ ਨਾਮ ਭਾਈ ਲਹਿਣਾ ਸੀ। ਉਨ੍ਹਾਂ ਦੇ ਮਾਤਾ ਪਿਤਾ ਬਾਰੇ ਆਮ ਪ੍ਰਚਲਤ ਹੈ ਕਿ ਉਹ ਸਾਰੀ ਉਮਰ ਦੇਵੀ ਪੂਜਾ ਦੇ ਉਪਾਸ਼ਕ ਰਹੇ। ਇਸ ਗੱਲ ਦਾ ਪ੍ਰਭਾਵ ਭਾਈ ਲਹਿਣਾ ਤੇ ਵੀ ਪੈਣਾ ਸੁਭਾਵਕ ਸੀ। ਆਪਣੇ ਪਿਤਾ ਦੀ ਮੌਤ ਤੋਂ ਬਾਅਦ ਆਪ ਨੇ ਆਪਣੇ ਪਰਿਵਾਰ ਦੀ ਅਧਿਆਤਮਕ ਪਰੰਪਰਾ ਨੂੰ ਜਾਰੀ

ਰੱਖਿਆ। ਆਪ ਹਰ ਸਾਲ ਦੇਵੀ ਦਰਸ਼ਨਾਂ ਲਈ ਜਥਾ ਲੈ ਕੇ ਜਾਂਦੇ ਸਨ। ਇਕ ਵਾਰ ਜਦੋਂ ਭਾਈ ਲਹਿਣਾ ਜੀ ਦੇਵੀ ਦਰਸ਼ਨਾਂ ਲਈ ਜਥਾ ਲੈ ਕੇ ਜਾਣ ਦੀ ਤਿਆਰੀ ਵਿਚ ਸਨ ਤਾਂ ਉਨ੍ਹਾਂ ਦੇ ਕੰਨੀ ਭਾਈ ਜੋਧਾ ਜੀ ਦੀ ਆਵਾਜ਼ ਰਾਹੀਂ ਬਾਣੀ ਪਾਠ ਦੇ ਕੁਝ ਸ਼ਬਦ ਪਏ। ਇਹ ਸ਼ਬਦ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚੋਂ ਸਨ। ਗੁਰੂ ਨਾਨਕ ਸਾਹਿਬ ਦੀ ਬਾਣੀ ਸੁਣ ਕੇ ਭਾਈ ਲਹਿਣਾ ਦੀ ਸੁਰਤਿ ਜਾਗ ਪਈ ਤੇ ਉਨ੍ਹਾਂ ਦੇ ਮਨ ਵਿਚ ਗੁਰੂ ਨਾਨਕ ਸਾਹਿਬ ਦੇ ਦਰਸ਼ਨਾਂ ਦੀ ਇੱਛਾ ਪੈਦਾ ਹੋਈ। ਇਸ ਸਮੇਂ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਖੇ ਬਿਰਾਜਮਾਨ ਸਨ ਤੇ ਕੀਰਤਨ ਤੇ ਬਚਨਾਂ ਰਾਹੀਂ ਸੱਚ ਦਾ ਉਪਦੇਸ਼ ਦੇ ਰਹੇ ਸਨ। ਭਾਈ ਲਹਿਣਾ ਦੇਵੀ ਦਰਸ਼ਨਾਂ ਲਈ ਜਾ ਰਹੇ ਜੱਥੇ ਨੂੰ ਤੋਰ ਕੇ ਆਪ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਕਰਤਾਰਪੁਰ ਆ ਗਏ। ਆਪ ਅਜੇ ਕਰਤਾਰ-ਪੁਰ ਪਹੁੰਚੇ ਹੀ ਸਨ ਕਿ ਰਸਤੇ ਵਿਚ ਗੁਰੂ ਨਾਨਕ ਸਾਹਿਬ ਖੇਤਾਂ ਵਿਚ ਆਉਂਦੇ ਨਜ਼ਰੀਂ ਆਏ। ਆਪ ਨੇ ਗੁਰੂ ਸਾਹਿਬ ਅੱਗੇ ਗੁਰੂ ਨਾਨਕ ਸਾਹਿਬ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਗੁਰੂ ਸਾਹਿਬ, ਆਪ ਨੂੰ ਨਿਮਰਤਾ ਅਤੇ ਸਤਿਕਾਰ ਨਾਲ ਲੈ ਤੁਰੇ ਤੇ 'ਧਰਮਸਾਲ' ਪਹੁੰਚੇ। 'ਧਰਮਸਾਲਾ' ਵਿਚ ਹੀ ਭਾਈ ਲਹਿਣੇ ਦੀਪਹਿਲੀ ਮੁਲਾਕਾਤ ਗੁਰੂ ਸਾਹਿਬ ਨਾਲ ਹੋਈ। ਗੁਰੂ ਨਾਨਕ ਸਾਹਿਬ ਦੇ ਬਚਨ ਸੁਣਨ ਨਾਲ ਭਾਈ ਲਹਿਣੇ ਨੂੰ ਇਹ ਅਹਿਸਾਸ ਹੋਇਆ ਕਿ ਵੇਦ ਤਾਂ ਕੇਵਲ ਕਥਾ ਬਿੰਦੂ ਦਾ ਹੀ ਪ੍ਰਗਟਾਵਾ ਕਰਦੇ ਹਨ ਪਰ ਅਕਾਲਪੁਰਖ ਨੂੰ ਪ੍ਰਾਪਤ ਕਰਨ ਦੀ ਸਮਰੱਥਾ ਕੇਵਲ ਗੁਰੂ ਜਾਂ ਗੁਰੂ ਦੀ ਪਵਿੱਤਰ ਬਾਣੀ ਵਿਚ ਹੈ। ਇਸ ਤਰ੍ਹਾਂ ਪਹਿਲੋਂ ਜਿਥੇ ਸਾਰੇ ਪਰਿਵਾਰ ਦਾ ਅਧਿਆਤਮਕ ਕੇਂਦਰ ਬਿੰਦੂ ਦੇਵੀ ਯਾਤਰਾ ਸੀ ਹੁਣ ਕੇਂਦਰ ਬਿੰਦੂ ਗੁਰੂ ਨਾਨਕ ਸਾਹਿਬ ਬਣ ਗਏ। ਭਾਈ ਗੁਰਦਾਸ ਅਨੁਸਾਰ ਅੰਗਦ ਦੇਵ ਪੂਰਨ ਗੁਰਸਿੱਖਾਂ ਵਿਚ ਗੁਰੂ ਤੇ ਗੋਬਿੰਦ ਦਾ ਰੂਪ ਕਰਕੇ ਹੀ ਸੱਦਿਆ ਗਿਆ:

ਗਾਹਿਰ ਗੰਭੀਰ ਗਾਹੇਰੁ ਗੁਣ ਗੁਰਮੁਖਿ ਗੁਰੁ ਗੋਬਿੰਦੁ ਸਦਾਇਆ।[118]

ਭਾਈ ਲਹਿਣਾ ਨੇ ਸੱਤ ਸਾਲ (1532 ਈ. ਤੋਂ 1539 ਈ. ਤੱਕ) ਗੁਰੂ ਨਾਨਕ ਸਾਹਿਬ ਦੀ ਸੇਵਾ ਕੀਤੀ ਤੇ ਸਵੇਰੇ ਗੁਰਬਾਣੀ ਦਾ ਅਨੰਦ ਮਾਣਿਆ। ਜਿਉਂ ਜਿਉਂ ਧੁਰ ਕੀ ਬਾਣੀ ਸ਼ਬਦ ਰੂਪ ਵਿਚ ਗੁਰੂ ਨਾਨਕ ਸਾਹਿਬ ਦੇ ਮੁੱਖ ਤੋਂ ਪ੍ਰਕਾਸ਼ਮਾਨ ਹੁੰਦੀ ਰਹੀ ਤਿਉਂ ਤਿਉਂ ਭਾਈ ਲਹਿਣੇ ਦੀ ਸੁਰਤਿ, ਮਨ ਤੇ ਬੁੱਧੀ ਪਵਿੱਤਰ ਹੁੰਦੀ ਰਹੀ। ਆਪ ਅੰਮ੍ਰਿਤ ਵੇਲੇ ਉਠੱਦੇ, ਨਾਮ ਸਿਮਰਨ ਕਰਦੇ, ਗਿਆਨ ਚਰਚਾ ਵਿਚ ਹਿੱਸਾ ਪਾਉਂਦੇ। ਗੁਰੂ ਹੁਕਮਾਂ ਦੀ ਪਾਲਣਾ ਕਰਨਾ ਆਪ ਦਾ ਮੁੱਖ

ਧਰਮ ਬਣ ਚੁੱਕਾ ਸੀ। ਇਸ ਪ੍ਰਕਾਰ ਆਪ ਗੁਰੂ ਨਾਨਕ ਸਾਹਿਬ ਦੇ ਸੱਭ ਤੋਂ ਵੱਧ ਨਿਕਟਵਰਤੀ ਬਣ ਗਏ। ਪ੍ਰਿੰ. ਸਤਿਬੀਰ ਸਿੰਘ ਅਨੁਸਾਰ, "ਗੁਰੂ ਨਾਨਕ ਨੇ ਬਾਬਾ ਲਹਿਣਾ ਜੀ ਨੂੰ ਗਰੀਬਾਂ ਦੀ ਮਦਦ ਤੇ ਉਨ੍ਹਾਂ ਨਾਲ ਪਿਆਰ ਕਰਨ ਲਈ ਤਿਆਰ ਕੀਤਾ।"[119]

ਭਾਈ ਲਹਿਣਾ ਜੀ ਨੂੰ ਜਿਸ ਕਿਸਮ ਦਾ ਵੀ ਹੁਕਮ ਦਿੱਤਾ ਜਾਂਦਾ ਆਪ ਖਿੜੇ ਮੱਥੇ ਪ੍ਰਵਾਨ ਕਰਦੇ। ਆਪ ਦਾ ਇਹ ਸਪੱਸ਼ਟ ਤੇ ਦ੍ਰਿੜ ਵਿਸ਼ਵਾਸ ਬਣ ਗਿਆ ਕਿ ਗੁਰੂ ਦੇ ਹੁਕਮ ਤੋਂ ਬਾਹਰ ਕੁਝ ਵੀ ਨਹੀਂ ਹੈ। ਹੁਕਮ ਵਿਚ ਰਹਿਣ ਵਾਲੇ ਨੂੰ ਹੀ ਆਤਮਕ ਵਡਿਆਈ ਮਿਲਦੀ ਹੈ। ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਸਾਹਿਬ ਦੇ ਸਪੁੱਤਰ ,ਗੁਰੂ ਹੁਕਮ ਨਾ ਮੰਨਣ ਕਰਕੇ ਹੀ ਗੁਰਗੱਦੀ ਦੇ ਅਧਿਕਾਰੀ ਨਾ ਬਣ ਸਕੇ।

ਪੁਤਰੀ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ।[120]

ਕਰਤਾਰਪੁਰ ਵਿਚ ਰਹਿ ਕੇ ਗੁਰੂ ਸਾਹਿਬ ਦੀ ਸੰਗਤ ਮਾਣਦਿਆਂ ਭਾਈ ਲਹਿਣਾ ਦਾ ਸੁਭਾਅ ਸ਼ੁੱਧ ਤੇ ਨਿਰਮਲ ਹੋ ਚੁੱਕਾ ਸੀ। ਉਨ੍ਹਾਂ ਦੇ ਰੋਮ ਰੋਮ ਵਿਚ ਧਰਮ ਗਿਆਨ ਦਾ ਪ੍ਰਕਾਸ਼ ਮੂਰਤੀਮਾਨ ਹੋਣ ਲੱਗ ਪਿਆ ਸੀ। ਭਾਈ ਲਹਿਣੇ ਦੇ ਨਿਮਰਤਾ ਭਰੇ ਵਤੀਰੇ ਨੇ ਆਪ ਨੂੰ ਪਹਿਲਾਂ ਪ੍ਰਵਾਨ ਸਿੱਖ ਹੋਣ ਦਾ ਮਾਣ ਪ੍ਰਦਾਨ ਕੀਤਾ। ਭਾਈ ਗੁਰਦਾਸ ਨੇ ਵਾਰਾਂ ਵਿਚ ਗੁਰੂ ਅੰਗਦ ਦੇ ਪ੍ਰਵਾਣ ਸਿੱਖ ਹੋਣ ਦਾ ਸੰਕੇਤ ਦਿੱਤਾ ਹੈ:

ਸਤਿਗੁਰ ਨਾਨਕ ਦੇਉ ਆਪ ਉਪਾਇਆ।
ਗੁਰ ਅੰਗਦ 'ਗੁਰਸਿੱਖ' ਬਾਬਾਣੇ ਆਇਆ।[121]

ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦੀ ਗਿਣਤੀ ਬੇਅੰਤ ਸੀ। ਕਰਤਾਰ ਪੁਰ ਦੀ ਧਰਮਸਾਲ ਨਾਲ ਅਨੇਕਾਂ ਸਿੱਖ ਜੁੜੇ ਹੋਏ ਸਨ ਪਰ ਜਿਹੜੀ ਸ਼ਰਧਾ ਤੇ ਪ੍ਰੇਮ ਦਾ ਪ੍ਰਗਟਾਵਾ ਭਾਈ ਲਹਿਣਾ ਕਰ ਰਹੇ ਸਨ ਇਸ ਤੋਂ ਇਹ ਨਿਸ਼ਚੇ ਹੀ ਕਿ ਗੁਰੂ ਸਾਹਿਬ ਅਜਿਹੇ ਸਿੱਖ ਨੂੰ ਆਪਣੇ ਅੰਗ ਨਾਲ ਲਾ ਕੇ, ਗੁਰਸਿੱਖ ਹੋਣ ਦਾ ਐਲਾਨ ਕਰਦੇ। ਗੁਰੂ ਨਾਨਕ ਸਾਹਿਬ ਦੁਆਰਾ ਭਾਈ ਲਹਿਣਾ ਨੂੰ ਆਪਣੇ ਅੰਗ ਨਾਲ ਲਾ ਕੇ ਪਿਆਰ ਕਰਨਾ ਤੇ ਕੌਮ ਵਿਚ ਗੁਰੂ- ਚੇਲੇ ਦਾ ਭੇਦ ਖਤਮ ਕਰਨ ਦੀ ਇਤਿਹਾਸਕ ਘਟਨਾ ਦੀ ਗਵਾਹੀ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਰਜ ਹੈ:

ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।[122]

ਭਾਈ ਗੁਰਦਾਸ ਅਨੁਸਾਰ ਅਜਿਹੀ ਪ੍ਰੇਮ ਇਕਰੂਪਤਾ ਦੀ ਸਾਂਝ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣੇ ਨਾਲ ਪਾਈ ਕਿ ਸਾਰੇ ਗੁਰਸਿੱਖ (ਗੁਰੂ) ਅੰਗਦ ਨੂੰ "ਬਾਬਾਣੈ ਘਰਿ ਚਾਨਣੁ ਲਹਣਾ"[123] "ਬਾਬਾਣੇ ਗੁਰ ਅੰਗਦੁ ਆਇਆ"[124] ਕਹਿਣ ਲੱਗ ਪਏ। ਗੁਰੂ ਅੰਗਦੁ, ਗੁਰੂ ਨਾਨਕ ਦੇ ਅੰਗ ਤੋਂ ਗੰਗਾ ਦੇ ਤਰੰਗ ਵਾਂਗ ਉਠਿਆ:

ਗੁਰੁ ਅੰਗਦੁ ਗੁਰੁ ਅੰਗੁ ਤੇ ਗੰਗਹੁ ਜਾਣੁ ਤਰੰਗ ਉਠਾਇਆ।[125]

ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੇ ਭਾਈ ਲਹਿਣਾ ਨੂੰ ਮਿਲਣਾ ਨੂੰ 'ਜੋਤੀ ਜੋਤਿ ਮਿਲਾਇਕੈ' ਜਾਂ 'ਜੋਤਿ ਸਮਾਣੀ ਜੋਤਿ ਵਿਚ' ਦੇ ਬਿੰਬ ਰਾਹੀਂ ਮੂਰਤੀਮਾਨ ਕੀਤਾ ਹੈ:

(1) ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕਿ ਰੂਪੁ ਵਟਾਇਆ।[126]

(2) ਜੋਤਿ ਸਮਾਣੀ ਜੋਤਿ ਵਿਚਿ ਗੁਰਮਤਿ ਸੁਖੁ ਦੁਰਮਤਿ ਦੁਖ ਦੁਹਣਾ।[127]

ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਨੂੰ ਆਪਣੇ ਅੰਗ ਨਾਲ ਲਾ ਕੇ 'ਅੰਗਦ' ਬਣਾਇਆ ਤੇ ਐਸਾ ਰੂਪ ਪ੍ਰਦਾਨ ਕੀਤਾ ਕਿ ਭਾਈ ਲਹਿਣਾ ਸਦਾ ਲਈ ਗੁਰੂ ਅੰਗਦ ਦੇਵ ਬਣ ਗਏ। ਗੁਰੂ ਸਾਹਿਬ ਨੇ ਜਿਉਂਦਿਆਂ ਹੀ ਭਾਈ ਲਹਿਣਾ ਦੇ ਸਿਰ ਤੇ ਗੁਰਿਆਈ ਦਾ ਛਤਰ ਫਿਰਾਇਆ:

ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।[128]

ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਘਰ ਦੀ ਸਾਰੀ ਜ਼ਿੰਮੇਵਾਰੀ ਗੁਰੂ ਅੰਗਦ ਦੇਵ ਜੀ ਦੇ ਮੋਢਿਆਂ ਤੇ ਆ ਪਈ। ਬਾਬਾ ਬੁੱਢਾ ਜੀ ਤੇ ਹੋਰ ਗੁਰਸਿੱਖ, ਆਪ ਦੀ ਬਹੁਤ ਮਦਦ ਕਰਦੇ ਸਨ। ਉਨ੍ਹਾਂ ਨੇ ਆਪ ਨੂੰ 'ਗੁਰੂ ਨਾਨਕ ਦੇਵ ਦੇ ਰੂਪ ਵਜੋਂ ਹੀ ਸਵੀਕਾਰ ਕੀਤਾ। ਗੁਰੂ ਸਾਹਿਬ ਦੇ ਪੁੱਤਰਾਂ ਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਵਿਰੋਧ ਕਾਰਨ ਟਕਰਾਉ

ਤੋਂ ਬਚਣ ਲਈ ਆਪ ਨੇ ਕਰਤਾਰਪੁਰ ਛੱਡ ਕੇ ਗੁਰਮਤਿ ਦਾ ਕੇਂਦਰ ਖਡੂਰ ਸਾਹਿਬ ਨੂੰ ਬਣਾ ਲਿਆ । ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਸਬੰਧੀ ਸੰਕੇਤ ਦਰਜ ਹੈ:

ਦਿਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ।[129]

ਗੁਰੂ ਅੰਗਦ ਦੇਵ ਨੇ ਗੁਰੂ ਨਾਨਕ ਦੇਵ ਦੇ ਪੱਦ ਚਿੰਨ੍ਹਾਂ ਤੇ ਚਲਦਿਆਂ ਖਡੂਰ ਸਾਹਿਬ ਵਿਖੇ 'ਧਰਮਸਾਲ' ਸਥਾਪਤ ਕਰ ਲਈ ਤੇ ਗੁਰਮਤਿ ਦੇ ਸੱਚੇ ਮਾਰਗ ਦਾ ਪ੍ਰਚਾਰ ਕਰਨ ਲੱਗੇ। ਖਡੂਰ ਸਾਹਿਬ ਜਾ ਕੇ ਸਿੱਖੀ ਦਾ ਪ੍ਰਚਾਰ ਹੋਰ ਵਧਿਆ। ਜਿਸ ਸਿਆਣਪ ਤੇ ਸੂਝ ਨਾਲ ਤੇ ਮਿਹਨਤ ਨਾਲ ਗੁਰੂ ਅੰਗਦ ਦੇਵ ਨੇ ਇਸ ਮਹਾਨ ਕਾਰਜ ਨੂੰ ਜਾਰੀ ਰੱਖਿਆ ਉਸ ਨੇ ਆਪ ਨੂੰ ਇਤਿਹਾਸ ਵਿਚ ਇਕ ਉੱਤਮ ਸਥਾਨ ਦਿੱਤਾ ਹੈ।

ਗੁਰੂ ਅੰਗਦ ਦੇਵ ਨੇ ਗੁਰੂ ਨਾਨਕ ਸਾਹਿਬ ਦੇ ਪੂਰਨਿਆਂ ਤੇ ਚਲਦਿਆਂ ਗੁਰਗੱਦੀ ਬੜੀ ਛਾਣ - ਬੀਣ ਤੋਂ ਬਾਅਦ ਯੋਗ ਹੱਥਾਂ ਵਿਚ ਦਿੱਤੀ। (ਗੁਰੂ) ਅਮਰਦਾਸ ਦੀ ਗੁਰੂ ਘਰ ਲਈ ਸੇਵਾ ਤੇ ਲਗਨ ਨੂੰ ਮੁੱਖ ਰੱਖਦਿਆਂ ਗੁਰੂ ਅੰਗਦ ਨੇ ਉਨ੍ਹਾਂ ਨੂੰ ਆਪਣਾ ਉਤਰਧਿਕਾਰੀ ਚੁਣਿਆ। ਭਾਈ ਗੁਰਦਾਸ, ਗੁਰੂ ਅੰਗਦ ਦੇਵ ਦੀ ਤੁਲਨਾ ਦੁਨਿਆਵੀ ਪਾਤਸ਼ਾਹਾਂ ਨਾਲ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਘਰ ਦੀ ਇਹ ਖੇਡ ਅਜੀਬ ਹੈ ਕਿ ਪੁੱਤਰਾਂ ਨੂੰ ਗੁਰਗੱਦੀ ਨਹੀਂ ਦਿੱਤੀ ਬਲਕਿ ਜੋ ਯੋਗ ਦੇਖਿਆ ਉਸ ਦੇ ਹਵਾਲੇ ਕੀਤੀ। ਇਹ ਨਹੀਂ ਦੇਖਿਆ ਕਿ ਵੱਡੇ ਪੁੱਤਰ ਦਾ ਹੱਕ ਹੈ ਜਾਂ ਛੋਟੇ ਪੁੱਤਰ ਦਾ, ਉਮਰ ਵੱਡੀ ਹੈ ਜਾਂ ਛੋਟੀ। ਜੋ ਪਰਖ ਕਸਵੱਟੀ ਤੇ ਪੂਰਾ ਉਤਰਿਆ ਗੁਰਗੱਦੀ ਉਸ ਦੇ ਹਵਾਲੇ ਕੀਤੀ:

ਦੁਨੀਆਵਾ ਪਾਤਿਸ਼ਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ।
ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ।
ਕੁਤਬਾ ਜਾਇ ਪੜਾਇਦਾ ਕਾਜੀ ਮੁਲਾਂ ਕਰੈ ਉਗਾਹੀ।
ਟਕਸਾਲੈ ਸਿਕਾ ਪਵੈ ਹੁਕਮੈ ਵਿਚਿ ਸੁਪੇਦੀ ਸਿਆਹੀ।
ਮਾਲੁ ਮੁਲਕੁ ਅਪਣਾਇਦਾ ਤਖਤ ਬਖਤ ਚੜ੍ਹਿ ਬੇਪਰਵਾਹੀ।

ਬਾਬਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ।

ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ।

ਗੁਰਮੁਖਿ ਸੁਖੁ ਫਲੁ ਦਾਦਿ ਇਲਾਹੀ।[130]

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਭਾਈ ਲਹਿਣਾ ਦਾ ਜੀਵਨ ਨਿਮਰਤਾ ਭਰਪੂਰ ਸੀ। ਸੇਵਾ ਭਾਵਨਾ ਉਨ੍ਹਾਂ ਦੇ ਮਨ ਵਿਚ ਬਚਪਨ ਤੋਂ ਹੀ ਰੂਪਮਾਨ ਸੀ। ਗੁਰੂ ਨਾਨਕ ਸਾਹਿਬ ਨੇ ਆਪਦੇ ਇਨ੍ਹਾਂ ਗੁਣਾਂ ਨੂੰ ਮੁੱਖ ਰੱਖਦਿਆਂ ਆਪ ਨੂੰ ਆਪਣਾ ਉਤਰਾਧਿਕਾਰੀ ਚੁਣਿਆ। ਗੁਰੂ ਸਾਹਿਬ ਨੇ ਇਹ ਮਹਿਸੂਸ ਕਰ ਲਿਆ ਸੀ ਕਿ ਉਨ੍ਹਾਂ ਦੇ ਸਪੁੱਤਰ ਇਸ ਮਹਾਨ ਕਾਰਜ ਨੂੰ ਆਪਣੇ ਮੋਢਿਆਂ ਉਤੇ ਚੁੱਕਣ ਦੇ ਅਸਮਰੱਥ ਹਨ ਇਸ ਲਈ ਉਨ੍ਹਾਂ ਨੇ ਸੰਸਾਰੀ ਪੁੱਤਰਾਂ ਨੂੰ ਛੱਡ ਕੇ ਅਧਿਆਤਮਕ ਪੁੱਤਰ ਨੂੰ ਗੁਰਗੱਦੀ ਦਾ ਵਾਰਿਸ ਚੁਣਿਆ ਅਤੇ ਸੰਸਾਰ ਵਿਚ ਇਕ ਨਵੀਂ ਪਿਰਤ ਪਾਈ । ਭਾਈ ਗੁਰਦਾਸ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਉਸ ਨੂੰ ਆਪਣੈ ਅੰਗ ਨਾਲ ਲਾਇਆ ਜਿਸ ਕਰਕੇ ਉਹ ਗੁਰੂ ਅੰਗਦ ਕਹਾਇਆ। ਗੁਰੂ ਨਾਨਕ ਸਾਹਿਬ ਦੀ ਜੋਤ ਗੁਰੂ ਅੰਗਦ ਦੇ ਮਨ ਵਿਚ ਪ੍ਰਵੇਸ਼ ਕਰ ਗਈ ਅਤੇ ਪਹਿਲੇ ਵਾਂਗ ਹੀ ਗੁਰੂ ਘਰ ਦੀ ਮਾਨਤਾ ਵਧਦੀ ਰਹੀ।

ਗੁਰੂ ਅਮਰਦਾਸ :

ਗੁਰੂ ਅਮਰਦਾਸ ਦਾ ਜੀਵਨ ਧਾਰਮਕ ਕਿਸਮ ਦਾ ਸੀ। ਤੀਰਥ ਯਾਤਰਾ, ਪੁੰਨ-ਦਾਨ, ਉਚੇ ਆਦਰਸ਼ ਨਾਲ ਆਪ ਜੀਵਨ ਵਿਚ ਨਿਰੰਤਰ ਜੁੜੇ ਰਹੇ। ਆਪਣੇ ਪਿਤਾ ਜੀ ਦੀ ਇੱਛਾ ਅਨੁਸਾਰ ਲਗਾਤਾਰ 22 ਵਾਰ ਤੀਰਥ ਯਾਤਰਾ ਕੀਤੀ। ਆਪ ਪੁੰਨ ਦਾਨ ਕਰਨ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਬਹੁਤਾ ਸਮਾਂ ਸਾਧੂ-ਸੰਤਾਂ ਦੀ ਸੰਗਤ ਵਿਚ ਬਿਤਾਉਂਦੇ ਸਨ। ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ, ਗੁਰਗੱਦੀ ਉਤੇ ਨਿਯੁਕਤ ਹੋਣ ਤੋਂ ਪਹਿਲਾਂ ਦੇ ਅਮਰਦਾਸ ਦਾ ਸਮੁੱਚਾ ਜੀਵਨ ਉਨ੍ਹਾਂ ਦੇ ਧਾਰਮਕ ਯਤਨਾਂ ਦੀ ਸਚਾਈ ਅਤੇ ਇਕਸੁਰਤਾ ਨੂੰ ਪ੍ਰਗਟ ਕਰਦਾ ਹੈ।[131] ਪਰ ਇੰਨਾ ਕੁਝ ਕਰਨ ਦੇ ਬਾਵਜੂਦ ਵੀ (ਗੁਰੂ) ਅਮਰਦਾਸ ਜੀ ਨੂੰ ਗਿਆਨ ਦਾ ਪ੍ਰਕਾਸ਼ ਪ੍ਰਾਪਤ ਨਾ ਹੋਇਆ ਅਤੇ ਹਰ ਸਮੇਂ ਮਨ ਭਰਮਾਂ-ਭਰਮਾਂ ਵਿਚ ਹੀ ਡੁੱਬਿਆ ਰਹਿੰਦਾ ਸੀ। ਅਨੰਦ ਤੇ ਸਹਿਜ ਦੀ ਪ੍ਰਾਪਤੀ ਆਪ ਤੋਂ ਕੋਹਾਂ ਦੂਰ ਸੀ।

(ਗੁਰੂ) ਅਮਰਦਾਸ ਜੀ ਨੇ ਇਕ ਦਿਨ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ, ਬੀਬੀ ਅਮਰੋ ਜੀ ਦੇ ਮੂੰਹੋਂ ਬਾਣੀ-ਪਾਠ ਸੁਣਿਆ ਅਤੇ ਆਪ ਜੀ ਦੇ ਮਨ ਵਿਚ ਗੁਰੂ ਦੇ ਦਰਸ਼ਨਾਂ ਦੀ ਇੱਛਾ ਪੈਦਾ ਹੋਈ। ਆਪ ਦੇ ਮਨ ਵਿਚ ਸ਼ਰਧਾ ਭਾਵਨਾ ਤਾਂ ਪਹਿਲਾਂ ਹੀ ਕੁੱਟ ਕੁੱਟ ਕੇ ਭਰੀ ਹੋਈ ਸੀ। ਇਕ ਦਿਨ ਬੀਬੀ ਅਮਰੋ ਜੀ ਆਪ ਨੂੰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਲੈ ਗਏ ।ਗੁਰੂ ਸਾਹਿਬ ਦੇ ਦਰਸ਼ਨਾਂ ਤੇ ਬਚਨਾ ਦਾ ਇਹ ਨਤੀਜਾ ਨਿਕਲਿਆ ਆਪ ਹਮੇਸ਼ਾ ਲਈ ਗੁਰੂ ਘਰ ਦੇ ਹੀ ਹੋ ਗਏ ਤੇ ਖਡੂਰ ਸਾਹਿਬ ਹੀ ਰਹਿਣ ਲੱਗੇ। ਡਾ. ਤਾਰਨ ਸਿੰਘ ਅਨੁਸਾਰ, "ਇਹ ਪਹਿਲੀ ਮਿਲਣੀ ਦਾ ਪ੍ਰਭਾਵ ਸੀ ਕਿ ਸ੍ਰੀ ਗੁਰੂ ਅਮਰਦਾਸ ਨੇ ਸਾਰੀ ਸੰਗਤ ਨਾਲ ਪੰਗਤ ਵਿਚ ਵੈਸ਼ਨਵ ਕਰਮਕਾਂਡੀ ਦਾ ਸੁਭਾਅ ਤਿਆਗ ਕੇ ਪ੍ਰਸਾਦਿ ਭੋਜਨ ਪਾਨ ਕੀਤਾ।"[132]

ਗੁਰੂ ਘਰ ਨਾਲ ਲਿਵ ਲੱਗਣ ਤੋਂ ਬਾਅਦ ਮਨ 'ਜੋਤਿ - ਸਰੂਪ' ਹੋ ਜਾਂਦਾ ਹੈ। ਜੋਤਿ ਸਰੂਪ ਦਾ ਅਨੁਭਵ ਅਕਾਲ ਪੁਰਖ ਦਾ ਅਨੁਭਵ ਹੈ। ਸੋ ਜਿਸ ਜੀਵ ਦਾ ਮਨ ਜੋਤਿ ਸਰੂਪ ਹੋ ਗਿਆ ਸਮਝੋ ਉਸ ਨੇ ਅਕਾਲ ਪੁਰਖ ਨੂੰ ਪਾ ਲਿਆ। ਗੁਰੂ ਅੰਗਦ ਦੇਵ ਜੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ (ਗੁਰੂ) ਅਮਰਦਾਸ ਜੀ ਦਾ ਜੀਵਨ ਇਸ ਅਨੁਭਵ ਤੋਂ ਕੋਰਾ ਸੀ। ਇਸ ਦਾ ਮੁੱਖ ਕਾਰਨ ਇਹ ਸੀ ਕਿ (ਗੁਰੂ) ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਸੰਗਤ ਵਿਚ ਆਉਣ ਤੋਂ ਪਹਿਲਾਂ ਦੇ ਸੱਠ ਸਾਲ ਤੀਰਥ-ਯਾਤਰਾਵਾਂ, ਦਾਨ-ਪੁੰਨ ਤੇ ਮੁਕਤੀ ਦੀ ਖੋਜ ਵਿਚ ਹੀ ਬਿਤਾ ਦਿੱਤੇ ਸਨ। ਪਰ ਇਹ ਕਿਸੇ ਕੰਮ ਨਾ ਆਏ। ਡਾ.'ਦਲੀਪ ਸਿੰਘ ਦੀਪ ਦੇ ਕਥਨ ਅਨੁਸਾਰ, ਆਪ ਜਦੋਂ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਤਾਂ ਉਨ੍ਹਾਂ ਦੇ ਵਿਅਕਤੀਤੱਤ ਉਤੇ ਗੁਰੂ ਸੰਗਤ ਦਾ ਗੂੜ੍ਹਾ ਰੰਗ ਚੜ੍ਹ ਗਿਆ।"[133] ਇਸ ਪ੍ਰਕਾਰ ਇਨ੍ਹਾਂ ਦਾ ਮਨ ਅਕਾਲ ਪੁਰਖ ਨਾਲ ਜੁੜਿਆ ਅਤੇ ਆਪ ਆਪਣੇ ਮੂਲ ਨੂੰ ਪਛਾਣਨ ਵਿਚ ਸਫਲ ਹੋਏ। ਆਪ ਦੀ ਬਾਣੀ ਵਿਚ ਦਰਜ ਹੈ:

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ।[134]

ਗੁਰੂ ਅੰਗਦ ਦੇਵ ਜੀ ਦੀ ਸੰਗਤ ਵਿਚ ਆਉਣ ਤੋਂ ਪਿਛੋਂ (ਗੁਰੂ) ਅਮਰਦਾਸ ਜੀ ਨੇ ਇਹ ਮਹਿਸੂਸ ਕੀਤਾ ਕਿ 'ਸੇਵਾ' ਤੋਂ ਬਿਨਾਂ ਜੀਵਨ ਅਧੂਰਾ ਹੈ ਅਤੇ ਅਕਾਲ ਪੁਰਖ ਦੀ ਪ੍ਰਾਪਤੀ ਲਈ ਸੱਚੀ ਸੇਵਾ ਮੁੱਖ ਸਾਧਨ ਹੈ । ਸੇਵਾ ਏਨਾ ਉੱਤਮ ਮਾਰਗ ਹੈ ਕਿ ਸੇਵਾ ਕਰਦਿਆਂ ਮਨ

ਨਿਸ਼ਕਾਮ ਹੋ ਜਾਂਦਾ ਹੈ ਤੇ ਮਨ ਵਿਚ ਹਉਮੈ ਤੇ ਹੰਕਾਰ ਦੀ ਭਾਵਨਾ ਉਤਪੰਨ ਹੀ ਨਹੀਂ ਹੁੰਦੀ। ਆਪ ਲਗਾਤਾਰ 12 ਸਾਲ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਵਾਸਤੇ ਬਿਆਸ ਨਦੀ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਇਆ ਕਰਦੇ ਸਨ। ਇਸ ਤਰ੍ਹਾਂ ਆਪ ਦੇ ਮਨ ਨੂੰ ਸਹਿਜ, ਅਨੰਦ ਦੀ ਪ੍ਰਾਪਤੀ ਹੋਈ ਅਤੇ ਮਨ ਵਿਚ ਗੁਰੂ ਸਾਹਿਬ ਲਈ ਪ੍ਰੇਮ ਤੇ ਸਤਿਕਾਰ ਸਥਿਰ ਹੋ ਗਿਆ। ਇਸ ਸੇਵਾ ਤੇ ਗੁਰੂ ਘਰ ਨਾਲ ਲਗਨ ਦਾ ਇਹ ਸਿੱਟਾ ਨਿਕਲਿਆ ਕਿ ਆਪ ਦੀ ਸ਼ਖਸੀਅਤ ਅਧਿਆਤਮਕ ਰਹੱਸ ਨੂੰ ਪਛਾਨਣ ਦੇ ਸਮਰੱਥ ਹੋ ਸਕੀ। ਸੇਵਾ ਦੇ ਨਾਲ ਨਾਲ (ਗੁਰੂ) ਅਮਰਦਾਸ ਨੇ ਸੇਵਾ, ਸਿਮਰਨ ਤੇ ਸੰਗਤੀ ਮਾਹੌਲ ਵਿਚ ਰਹਿ ਕੇ 'ਸਹਿਜ' ਦੀ ਪ੍ਰਾਪਤੀ ਕਰ ਲਈ ਸੀ। ਇਸੇ ਪ੍ਰਾਪਤੀ ਦੇ ਕਾਰਣ ਹੀ ਆਪ ਗੁਰੂ ਸਾਹਿਬ ਦੇ ਏਨੇ ਨਿਕਟਵਰਤੀ ਬਣ ਸਕੇ। ਆਪ ਦੇ ਸੇਵਾ ਭਾਵ ਤੇ ਲਗਨ ਨੂੰ ਮੁੱਖ ਰੱਖਦਿਆਂ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਤੋਂ ਪ੍ਰਾਪਤ ਕੀਤੀ 'ਜੋਤਿ' ਆਪ ਦੇ ਮਨ ਵਿਚ ਟਿਕਾ ਦਿਤੀ ਤੇ ਆਪਣੇ ਜਿਉਂਦਿਆਂ ਹੀ ਆਪਣਾ ਉਤਰਾਧਿਕਾਰੀ ਨਿਯੁਕਤ ਕਰ ਦਿੱਤਾ। ਭਾਈ ਗੁਰਦਾਸ ਇਸ ਇਤਿਹਾਸਕ ਘਟਨਾ ਦਾ ਬਿਆਨ ਵਾਰਾਂ ਵਿਚ ਕਰਦੇ ਹਨ:

ਲਹਣੈ ਪਾਈ ਨਾਨਕੋਂ ਦੇਣੀ ਅਮਰਦਾਸਿ ਘਰਿ ਆਈ।
ਗੁਰੂ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ।[135]

ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣੇ ਨੂੰ ਗੁਰੂ ਅੰਗਦ ਦੇਵ ਬਣਾਇਆ ਇਸੇ ਤਰ੍ਹਾਂ ਹੀ ਗੁਰੂ ਅੰਗਦ ਦੇਵ ਨੇ ਬਾਬਾ ਅਮਰਦਾਸ ਜੀ ਨੂੰ ਗੁਰੂ ਅਮਰਦਾਸ ਬਣਾ ਦਿੱਤਾ। ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਸੰਕੇਤ ਕਰਦੇ ਹਨ ਕਿ ਗੁਰੂ ਅਮਰਦਾਸ ਤਾਂ ਤਿੰਨਾਂ ਦਾ ਰੂਪ ਹੋ ਗਿਆ, ਹੁਣ ਕੋਈ ਪਛਾਣ ਨਹੀਂ ਸੀ ਸਕਦਾ:

ਸਬਦੁ ਸੁਰਤਿ ਪਰਚਾਇਕੈ ਚੇਲੇ ਤੇ ਗੁਰੁ ਗੁਰੁ ਤੇ ਚੇਲਾ।
ਵਾਣਾ ਤਾਣਾ ਆਖੀਐ ਸੂਤੁ ਇਕੁ ਹੁਇ ਕਪੜੁ ਮੇਲਾ।
ਦੁਧਹੁ ਦਹੀ ਵਖਾਣੀਐ ਦਹੀਅਹੁ ਮਖਣੁ ਕਾਜੁ ਦੁਹੇਲਾ।
ਮਿਸਰੀ ਖੰਡੁ ਵਖਾਣੀਐ ਜਾਣੁ ਕਮਾਦਹੁ ਰੋਲਾਂ ਪੇਲਾ।

ਖੀਰਿ ਖੰਡੁ ਘਿਉ ਮੇਲਿ ਕਰਿ ਅਤਿ ਵਿਸਮਾਦੁ ਸਾਦ ਰਸ ਕੇਲਾ।

ਪਾਨ ਸੁਪਾਰੀ ਕਥੁ ਮਿਲਿ ਚੂਨੇ ਸੁਰੰਗ ਸੁਹੇਲਾ।

ਪੋਤਾ ਵਰਸ਼ਾਣਿਕ ਨਵੇਲਾ ।[136]

ਗੁਰੂ ਨਾਨਕ ਸਾਹਿਬ ਨੇ ਸਰੀਰ ਤਿਆਗਣ ਤੋਂ ਪਹਿਲਾਂ ਭਾਈ ਲਹਿਣਾ ਨੂੰ ਆਪਣਾ ਉਤਰਾਧਿਕਾਰੀ ਥਾਪਿਆ ਸੀ। ਠੀਕ ਇਹੀ ਵਿਧੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਉਤਰਾਧਿਕਾਰੀ ਦੀ ਚੋਣ ਸਮੇਂ ਵਰਤੀ। ਡਾ. ਨਰੀਰ ਲਿਖਦਾ ਹੈ, "ਸਿਰਫ ਅਕਲ ਤੇ ਸਿਆਣਪ ਹੀ ਗੁਣ ਨਹੀਂ ਸਨ? ਜਿਸ ਕਰਕੇ ਗੁਰਗੱਦੀ ਦਿਤੀ ਜਾ ਰਹੀ ਸੀ। ਬਲਕਿ ਇਹ ਦੇਖਿਆ ਜਾਂਦਾ ਸੀ ਕਿ ਜਿਸਨੂੰ ਇਹ ਗੱਦੀ ਦਿਤੀ ਜਾ ਰਹੀ ਹੈ। ਉਹ ਕਿਤਨੀ ਲਗਨ ਤੇ ਜੁਅਰਤ ਨਾਲ ਕੰਮ ਕਰਦਾ ਹੈ। ਗੁਰੂ ਅਮਰਦਾਸ ਜੀ ਜਿਨ੍ਹਾਂ ਉਤੇ ਗੁਰਗੱਦੀ ਦਾ ਭਾਰ ਪਿਆ ਇਕ ਲਗਨ ਵਾਲੇ ਸੇਵਕ ਸਨ।"[137] ਬੇਸ਼ੱਕ ਗੁਰੂ ਅੰਗਦ ਦੇਵ ਜੀ ਦੇ ਪੁੱਤਰਾਂ ਨੇ ਗੁਰਗੱਦੀ ਦੀ ਪ੍ਰਾਪਤੀ ਲਈ ਕਈ ਝਗੜੇ ਖੜੇ ਕੀਤੇ ਪਰ ਗੁਰੂ ਸਾਹਿਬ ਨੇ ਇਨ੍ਹਾਂ ਦੀ ਰਤੀ ਵੀ ਪ੍ਰਵਾਹ ਨਹੀਂ ਕੀਤੀ। ਇਸ ਝਗੜੇ ਵਿਚ ਇਕ ਵਾਰ ਗੁਰੂ ਸਾਹਿਬ ਦੇ ਪੁੱਤਰ ਦਾਤੂ ਨੇ ਗੁਰੂ ਅਮਰਦਾਸ ਜੀ ਦੀ ਪਿੱਠ ਤੇ ਲੱਤ ਮਾਰੀ ਸੀ ਪਰ ਨਿਮਰਤਾ ਦੇ ਪੁੰਜ ਗੁਰੂ ਸਾਹਿਬ ਨੇ ਸਹਿਜ ਦਾ ਪ੍ਰਗਟਾਵਾ ਕੀਤਾ ਤੇ ਦਾਤੂ ਦੀ ਲੱਤ ਨੂੰ ਫੜ ਕੇ ਘੁੱਟਣਾ ਸ਼ੁਰੂ ਕਰ ਦਿਤਾ ਤੇ ਕਿਹਾ ਕਿ ਮੇਰੀਆਂ ਹੱਡੀਆਂ ਨਾਲ ਤੈਨੂੰ ਕਾਫੀ ਸੱਟ ਲੱਗੀ ਹੋਵੇਗੀ? ਇਸ ਘਟਨਾ ਨੂੰ ਇਤਿਹਾਸਕਾਰ ਭਾਵੇਂ ਜਿਸ ਰੂਪ ਵਿਚ ਮਰਜ਼ੀ ਪੇਸ਼ ਕਰਨ ਪਰ ਇਸ ਘਟਨਾ ਤੋਂ ਗੁਰੂ ਸਾਹਿਬ ਦੇ ਸਹਿਜ ਭਰੇ ਤੇ ਪਰਉਪਕਾਰੀ ਸੁਭਾਅ ਦਾ ਪਤਾ ਲਗਦਾ ਹੈ।

ਭਾਈ ਗੁਰਦਾਸ ਨੇ ਵਾਰਾਂ 26/33 ਵਿਚ ਇਸ ਗੱਲ ਦਾ ਸੰਖੇਪ ਜ਼ਿਕਰ ਕੀਤਾ ਹੈ ਕਿ ਕਿਵੇਂ ਗੁਰੂ ਨਾਨਕ ਸਾਹਿਬ ਦੇ ਪੁੱਤਰਾਂ ਤੋਂ ਲੈ ਕੇ ਗੁਰੂ ਅਮਰਦਾਸ ਜੀ ਦੇ ਪੁੱਤਰਾਂ ਤੱਕ ਨੇ ਗੁਰਗੱਦੀ ਦੀ ਪ੍ਰਾਪਤੀ ਲਈ ਕੋਸ਼ਿਸ਼ਾਂ ਕੀਤੀਆਂ। ਦਾਸੂ ਬਾਰੇ ਉਹ ਲਿਖਦੇ ਹਨ ਕਿ ਉਸ ਦੇ ਸੰਗੀ, ਸਲਾਹਕਾਰਾਂ ਨੇ ਉਸ ਨੂੰ ਗੱਦੀ ਤੇ ਬਿਠਾ ਦਿੱਤਾ ਤੇ ਦੂਜੇ ਪਾਸੇ ਉਸਦਾ ਭਰਾ ਦਾਤੂ ਵੀ ਜੋਗ ਕਿਰਿਆ ਸਿੱਖ ਕੇ ਗੱਦੀ ਤੇ ਬੈਠ ਗਿਆ।

ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ।[138]

ਅਰਥਾਤ ਗੁਰੂਅੰਗਦ ਦੇਵ ਜੀ ਦੇ ਦੋਵੇਂ ਪੁੱਤਰ ਗੁਰਗੱਦੀ ਦੇ ਲਾਇਕ ਨਾ ਹੁੰਦੇ ਹੋਏ ਆਪਣੇ ਵੱਲ ਸੰਗਤਾਂ ਨਿਵਾਉਣ ਲੱਗੇ। ਪਰ ਭਾਈ ਗੁਰਦਾਸ ਲਿਖਦੇ ਹਨ ਕਿ ਗੁਰੂ ਅੰਗਦ ਤੋਂ ਗੁਰੂ ਅਮਰਦਾਸ ਹੋਏ ਤੇ ਸਤਿਗੁਰ ਕਹਾਏ:

ਅਮਰਦਾਸ ਗੁਰ ਅੰਗਦਹੁ ਸਤਿਗੁਰੁ ਤੇ ਸਤਿਗੁਰੂ ਸਦਾਇਆ।[139]

ਗੁਰੂ ਅਮਰਦਾਸ ਜੀ ਨੇ ਗੁਰਗੱਦੀ ਤੇ ਬੈਠਣ ਤੋਂ ਬਾਅਦ ਕੁਝ ਕੁ ਵਿਸ਼ੇਸ਼ ਮਹੱਤਵਪੂਰਨ ਕੰਮ ਕੀਤੇ ਜਿਨ੍ਹਾਂ ਵਿਚੋਂ ਗੋਇੰਦਵਾਲ ਸ਼ਹਿਰ ਦਾ ਵਸਾਉਣਾ, ਸੱਚੀ ਤੇ ਕੱਚੀ ਬਾਣੀ ਦਾ ਨਿਖੇੜਾ ਕਰਨਾ, ਮੰਜੀਆਂ ਦੀ ਸਥਾਪਨਾ ਕਰਨਾ ਆਦਿ ਪ੍ਰਮੁੱਖ ਹਨ।

ਗੁਰੂ ਅਮਰਦਾਸ ਜੀ ਨੇ ਅਧਿਆਤਮਕ ਤੇ ਵਪਾਰਕ ਦ੍ਰਿਸ਼ਟੀਕੋਣ ਤੋਂ ਗੋਇੰਦਵਾਲ ਸ਼ਹਿਰ ਦੀ ਸਥਾਪਨਾ ਕੀਤੀ। ਇਸ ਦੇ ਨਾਲ ਨਾਲ ਉਨ੍ਹਾਂ ਨੇ ਆਪਣੇ ਨਿਵਾਸ ਤੇ ਕੌਮ ਦੀ ਅਗਵਾਈ ਲਈ ਗੋਇੰਦਵਾਲ ਨੂੰ ਕੇਂਦਰ ਬਣਾਇਆ। ਡਾ. ਤਾਰਨ ਸਿੰਘ ਅਨੁਸਾਰ, "ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਈਰਖਾ ਤੋਂ ਬਚਾਉਣ ਲਈ ਗੋਇੰਦਵਾਲ ਰਹਿਣ ਦੀ ਪਹਿਲਾਂ ਹੀ ਆਗਿਆ ਦੇ ਦਿਤੀ ਸੀ।[140] ਬਾਦਸ਼ਾਹ ਅਕਬਰ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਗੋਇੰਦਵਾਲ ਆਇਆ। ਇਸ ਘਟਨਾ ਦਾ ਬਿਆਨ ਗੋਕਲ ਚੰਦ ਨਾਰੰਗ ਕਰਦਾ ਹੋਇਆ ਲਿਖਦਾ ਹੈ ਕਿ ਗੁਰੂ ਅਮਰਦਾਸ ਨੇ ਹਜਾਰਾਂ ਪਹਾੜੀ ਆਪਣੇ ਅਨੁਯਾਈ ਬਣਾ ਲਏ ਸਨ। ਜਿਨ੍ਹਾਂ ਨੇ ਗੁਰੂ ਦੇ ਲੰਗਰ ਵਿਚ ਹਜ਼ਾਰਾਂ ਰੁਪੈ ਦਾਨ ਦਿੱਤੇ। ਲੋਕਾਂ ਦੀਆਂ ਨਜ਼ਰਾਂ ਵਿਚ ਪੰਥ ਨੂੰ ਸੱਭਤੋਂ ਵੱਡੀ ਜਿੱਤ ਉਦੋਂ ਪ੍ਰਾਪਤ ਹੋਈ ਜਦੋਂ ਗੁਰੂ ਅਮਰਦਾਸ ਦੀ ਪ੍ਰਸਿੱਧੀ ਬਾਦਸ਼ਾਹ ਅਕਬਰ ਨੂੰ ਉਨ੍ਹਾਂ ਦੇ ਦਰਬਾਰ ਵਿਚ ਖਿੱਚ ਲਿਆਈ।[141] ਇਸ ਪ੍ਰਕਾਰ ਥੋੜੇ ਹੀ ਸਮੇਂ ਵਿਚ ਗੋਇੰਦਵਾਲ ਧਾਰਮਿਕ ਤੇ ਰਾਜਨੀਤਕ ਗਤੀਵਿਧੀਆਂ ਦਾ ਗੜ੍ਹ ਬਣ ਗਿਆ। "ਗੁਰੂ ਅਮਰਦਾਸ ਨੇ ਗੋਇੰਦਵਾਲ ਵਿਚ ਸਾਲ ਵਿਚ ਦੋ ਵੇਰੇ ਇਕੱਠ ਕਰਨ ਦਾ ਪ੍ਰੋਗਰਾਮ ਬਣਾਇਆ। ਇਹ ਮਹਾਨ ਇਕੱਠ ਵੈਸਾਖੀ ਤੇ ਦੀਵਾਲੀ ਤੇ ਹੁੰਦੇ।"[142]

ਗੁਰੂ ਅਮਰਦਾਸ ਜੀ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਮੁਕਤ ਕਰਾਉਣ ਲਈ 'ਬਉਲੀ' ਦੀ ਸਥਾਪਨਾ ਕੀਤੀ। 'ਬਉਲੀ' ਵਿਚ ਚੌਰਾਸੀ ਪਉੜੀਆਂ ਬਣਾਈਆਂ ਗਈਆਂ ਅਤੇ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਆਦੇਸ਼ ਦਿੱਤਾ ਸੀ ਕਿ 'ਜਿਹੜਾ ਮਨੁੱਖ ਅੰਤਰਧਿਆਨ ਅਤੇ ਸ਼ਰਧਾ-ਵਾਨ ਹੋ ਕੇ ਹਰੇਕ ਪਉੜੀ ਤੇ ਜਪੁਜੀ ਸਾਹਿਬ ਦਾ ਪਾਠ ਕਰੇਗਾ, ਉਹ ਚੌਰਾਸੀ ਦੇ ਚੱਕਰ ਤੋਂ ਮੁਕਤ ਹੋ ਜਾਵੇਗਾ । ਇਸ ਪ੍ਰਕਾਰ ਗੁਰੂ ਸਾਹਿਬ ਦੀ ਯੋਗ ਅਗਵਾਈ ਦਾ ਸਿੱਟਾ ਇਹ ਨਿਕਲਿਆ ਕਿ ਸਿੱਖ ਧਰਮ ਸੁਤੰਤਰ ਤੇ ਵੱਖਰਾ ਦਿੱਸਣ ਲੱਗ ਪਿਆ ਤੇ ਗੋਇੰਦਵਾਲ ਸਿੱਖ ਧਰਮ ਤੇ ਸ਼ਕਤੀ ਦਾ ਮੂਲ ਧੁਰਾ ਬਣ ਗਿਆ। ਭਾਈ ਗੁਰਦਾਸ ਇਸ ਘਟਨਾ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ:

ਫੇਰਿ ਵਸਾਇਆ ਗੋਇੰਦਵਾਲ ਅਚਰਜੁ ਖੇਲੁ ਨ ਲਖਿਆ ਜਾਈ।[143]

ਗੋਇੰਦਵਾਲ ਛੇਤੀ ਹੀ ਸਿੱਖਾਂ ਦਾ ਧਾਰਮਿਕ ਕੇਂਦਰ ਬਣ ਗਿਆ ਸੀ। ਉਸ ਸਮੇਂ ਦਾ ਸ਼ਾਸਕ ਬਾਦਸ਼ਾਹ ਅਕਬਰ ਦਾ ਇਥੇ ਆਪ ਚੱਲ ਕੇ ਆਉਣਾ ਇਤਿਹਾਸ ਵਿਚ ਦਰਜ ਹੈ। "ਲਾਹੌਰ ਨੂੰ ਜਾਂਦਿਆਂ ਅਕਬਰ ਨੇ ਗੋਇੰਦਵਾਲ ਵਿਖੇ ਗੁਰੂ ਜੀ ਦੇ ਦਰਸ਼ਨ ਕੀਤੇ। ਉਨ੍ਹਾਂ ਦੀ ਪਵਿੱਤਰਤਾ ਤੇ ਸੁੱਚਤਾ ਤੋਂ ਅਤਿਅੰਤ ਪ੍ਰਭਾਵਿਤ ਹੋਇਆ ਅਤੇ ਗੁਰੂ ਸਾਹਿਬ ਨੂੰ ਭੇਟਾ ਸਵੀਕਾਰ ਕਰਨ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਨਿਮਰਤਾਪੂਰਵਕ ਭੇਟਾ ਲੈਣ ਤੋਂ ਇਨਕਾਰ ਕਰ ਦਿੱਤਾ। ਅਖੀਰ ਬਾਦਸ਼ਾਹ ਅਕਬਰ ਨੇ ਗੁਰੂ ਸਾਹਿਬ ਦੀ ਸਪੁੱਤਰੀ ਬੀਬੀ ਭਾਨੀ ਦੇ ਨਾਂ ਕੁਝ ਪਿੰਡਾਂ ਦੀ ਜਾਗੀਰ ਲਾ ਦਿੱਤੀ, ਜਿਸ ਉਤੇ ਪਿਛੋਂ ਜਾ ਕੇ ਅੰਮ੍ਰਿਤਸਰ ਉਸਰਿਆ।"[144]

ਗੁਰੂ ਅਮਰਦਾਸ ਜੀ ਨੇ ਪਹਿਲੇ ਦੋ ਗੁਰੂ ਸਾਹਿਬਾਨ ਦੀ ਬਾਣੀ, ਆਪਣੀ ਸਾਰੀ ਬਾਣੀ ਰਚਨਾ ਤੇ ਬਹੁਤ ਸਾਰੇ ਭਗਤਾਂ ਦੀ ਰਚਨਾ ਨੂੰ ਸੰਭਾਲ ਲਿਆ ਸੀ। ਇਸ ਤਰ੍ਹਾਂ ਜਿਹੜੀ ਬਾਣੀ ਜਾਂ ਗ੍ਰੰਥ ਨੇ ਅੱਗੇ ਚਲ ਕੇ ਸਿੱਖ ਪੰਥ ਦੀ ਅਗਵਾਈ ਕਰਨੀ ਸੀ ਉਸ ਦੀ ਸ਼ੁੱਧਤਾ ਤੇ ਸੰਭਾਲ ਲਈ ਆਪ ਪੂਰੀ ਤਰ੍ਹਾਂ ਚੇਤੰਨ ਸਨ। ਇਹ ਬਾਣੀ ਭਾਰਤੀ ਜੀਵਨ ਨੂੰ ਬਦਲਣ ਤੇ ਸ਼ੁੱਧਤਾ ਦੇ ਮੰਡਲ ਵਿਚ ਪਹੁੰਚਾਉਣ ਲਈ ਇਕ ਮਾਰਗ ਸਿੱਧ ਹੋਈ। ਸਿੱਖ ਧਰਮ ਵਿਚ ਇਸ ਸੱਚੀ ਬਾਣੀ ਨੂੰ ਸਿੱਖ ਕੌਮ ਦੀ ਸਿਰਜਨਾ

ਲਈ ਮੁੱਖ ਸਾਧਨ ਮੰਨਿਆ ਜਾਂਦਾ ਹੈ। ਗੁਰੂ ਘਰ ਦੇ ਵਿਰੋਧੀਆਂ ਨੇ ਗੁਰੂ ਘਰ ਦੀ ਵਧਦੀ ਚੜ੍ਹਤ ਨੂੰ ਦੇਖ ਕੇ ਇਸ ਵਿਚ 'ਕੱਚੀ ਬਾਣੀ' ਰਲਾ ਕੇ ਗੁਰੂ ਸਾਹਿਬਾਨ ਤੇ ਸਿੱਖ ਧਰਮ ਨੂੰ ਨੀਵਾਂ ਦਿਖਾਉਣ ਦਾ ਯਤਨ ਕੀਤਾ। ਇਸ ਤੋਂ ਬਚਣ ਲਈ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ:

ਆਵਹੁ ਸਿਖ ਸਤਿਗੁਰ ਕੇ ਪਿਆਰਿਹੋ ਗਾਵਹੁ ਸੱਚੀ ਬਾਣੀ।[145]

'ਕੱਚੀ ਬਾਣੀ' ਬਾਰੇ ਇਸ ਤਰ੍ਹਾਂ ਕਿਹਾ ਹੈ:

ਬਾਣੀ ਤੇ ਕੱਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।[146]

ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਦੀ ਸਥਾਪਨਾ ਕੀਤੀ। ਇਸ ਕਾਰਜ ਦੀ ਇਤਿਹਾਸਕ ਮਹੱਤਤਾ ਹੈ। ਡਾ. ਤਾਰਨ ਸਿੰਘ ਅਨੁਸਾਰ, ਜਿਸ ਤਰ੍ਹਾਂ ਦੀ ਜਥੇਬੰਦਕ ਨਾਫੁਰਮਾਨੀ ਗੁਰੂ ਅਮਰਦਾਸ ਜੀ ਨੇ ਕੀਤੀ, ਇਹ ਪਹਿਲਾਂ ਨਹੀਂ ਸੀ ਹੋਈ। ਆਪਣੇ ਸਿੱਖਾਂ ਨੂੰ ਹਿੰਦੂਆਂ ਤੋਂ ਨਿਖੇੜ ਦਿੱਤਾ ਅਤੇ ਇਸ ਤਰ੍ਹਾਂ ਵਚਨ ਕੀਤਾ ਕਿ ਸਿੱਖਾਂ ਉਤੇ ਤੀਰਥ ਦੀ ਯਾਤਰਾ ਉਤੇ ਕਰ ਨਹੀਂ ਲੱਗਣਾ ਚਾਹੀਦਾ। ਜੇ ਲੱਗਿਆ ਤਾਂ ਸਿੱਖਾਂ ਕਰ ਨਹੀਂ ਦੇਣਗੇ। ਇਹ ਵਚਨ ਨੂੰ ਦੇਖ ਕੇ ਹਾਕਮਾਂ ਨੂੰ ਮਜਬੂਰਨ ਤੀਰਥ ਕਰ ਛੱਡਣਾ ਪਿਆ। ਉਸ ਜਮਾਨੇ ਵਿਚ ਇਹ ਬਹੁਤ ਵਡੀ ਬਗਾਵਤ ਸੀ। ਇਹ ਸਿੱਖਾਂ ਦੀ ਭਵਿੱਖ ਦੀ ਨੁਹਾਰ ਬਾਰੇ ਵੀ ਸੰਕੇਤ ਦਿੰਦੀ ਹੈ।[147] ਪੰਜਾਬ ਤੇ ਪੰਜਾਬ ਤੋਂ ਬਾਹਰ ਮੰਜੀਆਂ ਦੀ ਸਥਾਪਨਾ ਦਾ ਮੁੱਖ ਮੰਤਵ ਇਹ ਸੀ ਕਿ ਸਿੱਖੀ ਦਾ ਪ੍ਰਚਾਰ ਜਥੇਬੰਦਕ ਰੂਪ ਵਿਚ ਕੀਤਾ ਜਾਵੇ। ਹਰ ਇਕ ਮੰਜੀ ਦਾ ਇਕ ਯੋਗ ਗੁਰਸਿੱਖ ਅਧਿਕਾਰੀ ਨਿਯੁਕਤ ਕੀਤਾ ਗਿਆ। ਉਸ ਦਾ ਪਹਿਲਾ ਕੰਮ ਇਹ ਸੀ ਕਿ ਉਹ ਆਪਣੇ ਇਲਾਕੇ ਦੇ ਸ਼ਰਧਾਲੂਆਂ ਨੂੰ ਸਿੱਖੀ ਨਾਲ ਜੋੜੀ ਰੱਖੇ। ਦੂਜਾ ਕੰਮ ਇਹ ਸੀ ਕਿ ਧੰਨ ਇਕੱਠਾ ਕਰਕੇ ਗੋਇੰਦਵਾਲ ਸ਼ਹਿਰ ਦੀ ਸਥਾਪਨਾ ਲਈ ਭੇਜੇ। ਗੁਰੂ ਅਮਰਦਾਸ ਜੀ ਦੇ ਸਮੇਂ ਉਨ੍ਹਾਂ ਦੇ ਇਸ ਉੱਦਮ ਨਾਲ ਸਿੱਖ ਲਹਿਰ ਬਲਵਾਨ ਹੋਈ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਮੰਜੀ ਦਾ ਅਰਥ ਕੇਂਦਰ ਲਿਆ ਹੈ।[148] ਭਾਈ ਗੁਰਦਾਸ ਨੇ ਮੰਜੀ ਦਾ ਅਰਥ ਸਥਾਪਨਾ ਨਾਲ ਜੋੜਿਆ ਹੈ ਤੇ ਸਪਸ਼ਟ ਕੀਤਾ ਹੈ ਕਿ 'ਮੰਜੀ' ਧਰਮ ਪ੍ਰਚਾਰ ਦਾ ਕੇਂਦਰ ਹੈ। ਜਦੋਂ ਗੁਰੂ ਨਾਨਕ ਸਾਹਿਬ ਉਦਾਸੀਆਂ ਕਰਕੇ ਕਰਤਾਰਪੁਰ ਵਾਪਸ ਆਏ ਸਨ। ਭਾਈ ਗੁਰਦਾਸ ਨੇ ਇਸ ਨੂੰ ਮੰਜੀ ਦੀ ਉਪਮਾ ਦਿੱਤੀ ਹੈ।

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ

ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।[149]

ਭਾਵ ਗੁਰੂ ਸਾਹਿਬ ਨੇ ਕਰਤਾਰਪੁਰ ਨੂੰ ਸਿੱਖੀ ਦਾ ਪ੍ਰਚਾਰ ਕੇਂਦਰ ਮਿਥ ਲਿਆ। ਭਾਈ ਗੁਰਦਾਸ ਅਨੁਸਾਰ ਮੰਜੀ ਸਥਾਪਤ ਕਰਕੇ ਗੁਰੂ ਸਾਹਿਬ ਨੇ ਸਿੱਖਾਂ ਲਈ ਸਵੇਰ ਤੋਂ ਰਾਤ ਤੱਕ ਇਕ ਮਰਿਯਾਦਾ ਬੰਨ੍ਹ ਦਿੱਤੀ:

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ ।[150]

ਸਮੁੱਚੇ ਰੂਪ ਵਿਚ ਗੁਰੂ ਅਮਰਦਾਸ ਜੀ ਨੇ ਸਿੱਖ ਪੰਥ ਤੇ ਸਿੱਖ ਲਹਿਰ ਨੂੰ ਜੋ ਬਲ ਤੇ ਸ਼ਕਤੀ ਪ੍ਰਦਾਨ ਕੀਤੀ ਉਹ ਅਧਿਆਤਮਕ ਤੇ ਇਤਿਹਾਸਕ ਦੋਹਾਂ ਪੱਖਾਂ ਤੋਂ ਅਤੀ ਮਹੱਤਵਪੂਰਨ ਹੈ।

<u>ਗੁਰ ਰਾਮ ਦਾਸ ਜੀ :</u>

ਗੁਰੂ ਰਾਮਦਾਸ ਜੀ ਗੁਰੂ ਨਾਨਕ ਪਰੰਪਰਾ ਦੇ ਚੌਥੇ ਉਤਰਾਧਿਕਾਰੀ ਸਨ। ਸਿੱਖ ਜਗਤ ਵਿਚ ਇਨ੍ਹਾਂ ਨੂੰ ਸੱਚਾ-ਪਾਤਸ਼ਾਹ, ਸੋਢੀ ਸੁਲਤਾਨ ਆਦਿ ਕਹਿ ਕੇ ਸਿਮਰਤੀ ਦਾ ਅੰਗ ਬਣਾਇਆ ਜਾਂਦਾ ਹੈ। ਆਪ ਦਾ ਬਚਪਨ ਦੁੱਖਾਂ ਭਰਿਆ ਸੀ। ਬਚਪਨ ਵਿਚ ਹੀ ਮਾਂ-ਬਾਪ ਦਾ ਹੱਥ ਸਿਰ ਉਤੋਂ ਉਠ ਗਿਆ ਤੇ ਪਰਿਵਾਰ ਦੀ ਜ਼ਿੰਮੇਵਾਰੀ ਆਪ ਦੇ ਸਿਰ ਆ ਪਈ। "ਪਰ ਉਨ੍ਹਾਂ ਦਿਲ ਨਹੀਂ ਹਾਰਿਆ, ਹੌਸਲਾ ਨਹੀਂ ਛੱਡਿਆ ਤੇ ਛੋਟੀ ਮੋਟੀ ਕਿਰਤ ਕਰਨ ਵਿਚ ਜੁੱਟ ਪਏ। ਘਰ ਦੀ ਗਰੀਬੀ ਨੇ ਆਪ ਦੀ ਪ੍ਰਤਿਭਾ ਨੂੰ ਪਾਣ ਚੜ੍ਹਾਈ।"[151] ਆਪ ਦੀ ਇਸ ਹਾਲਤ ਨੂੰ ਦੇਖ ਕੇ ਆਪ ਦੇ ਨਾਨਕੇ ਪਰਿਵਾਰ ਨੇ ਆਪ ਨੂੰ ਤੇ ਬਾਕੀ ਪਰਿਵਾਰ (ਭੈਣ ਤੇ ਭਰਾ) ਨੂੰ ਪਿੰਡ ਬਾਸਰਕੇ ਲੈ ਆਂਦਾ। ਬਾਸਰਕੇ ਗੁਰੂ ਅਮਰਦਾਸ ਜੀ ਦੀ ਜਨਮ ਭੂਮੀ ਸੀ। ਇਥੇ ਹੀ ਆਪ ਦੀ ਪਹਿਲੀ ਮੁਲਾਕਾਤ ਗੁਰੂ ਅਮਰਦਾਸ ਜੀ ਨਾਲ ਹੋਈ। ਇਹ ਇਕ ਐਸੀ ਆਤਮਕ ਮਿਲਣੀ ਸੀ ਕਿ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਹਮੇਸ਼ਾ ਲਈ ਗੁਰੂ ਅਮਰਦਾਸ ਜੀ ਦੇ ਹੋ ਗਏ।

ਜਦੋਂ ਗੋਇੰਦਵਾਲ ਆਬਾਦ ਹੋਇਆ ਤਾਂ ਗੁਰੂ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਦੇ

ਹੁਕਮ ਅਨੁਸਾਰ ਗੋਇੰਦਵਾਲ ਸਾਹਿਬ ਆ ਗਏ ਤੇ ਇਸ ਸ਼ਹਿਰ ਨੂੰ ਸਿੱਖੀ ਦੇ ਕੇਂਦਰ ਵਜੋਂ ਸਥਾਪਤ ਕੀਤਾ। ਪ੍ਰੋ. ਸਾਹਿਬ ਸਿੰਘ ਅਨੁਸਾਰ, (ਗੁਰੂ) ਅਮਰਦਾਸ ਜੀ ਖਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਪਾਸ ਚਲੇ ਗਏ ਤਾਂ ਉਥੋਂ ਉਹ ਜਦੋਂ ਬਾਸਰਕੇ ਕਦੇ ਕਦਾਈਂ ਆਉਂਦੇ ਤਾਂ ਬਾਲਕ ਜੇਠਾ ਜੀ ਨੂੰ ਜ਼ਰੂਰ ਮਿਲਦੇ। ਇਉਂ ਜੇਠਾ ਜੀ ਨੂੰ ਸਦਾ ਲਈ ਵਿਛੜੇ ਆਪਣੇ ਪਿਤਾ ਹਰਦਾਸ ਜੀ ਦੀ ਛੂਹ ਦਾ ਨਿੱਘ ਗੁਰੂ ਅਮਰਦਾਸ ਜੀ ਤੋਂ ਮਿਲਣ ਲੱਗ ਪਿਆ।[152] ਭਾਈ ਜੇਠਾ ਜੀ ਵੀ ਗੁਰੂ ਪਿਆਰ ਤੇ ਸੇਵਾ ਭਾਵਨਾ ਸਦਕਾ ਗੋਇੰਦਵਾਲ ਆ ਗਏ। ਇਥੇ ਆ ਕੇ ਆਪ ਨੇ ਘੁੰਗਣੀਆਂ ਵੇਚਣ ਦਾ ਕੰਮ ਸ਼ੁਰੂ ਕੀਤਾ ਤੇ ਨਾਲ ਨਿਰੰਤਰ ਗੁਰੂ ਘਰ ਨਾਲ ਜੁੜੇ ਰਹੇ ਤੇ ਸੇਵਾ ਕਰਦੇ ਰਹੇ। ਗੁਰੂ ਅਮਰਦਾਸ ਜੀ, ਜੇਠਾ ਜੀ ਦੀ ਸਰਲਤਾ ਤੇ ਸ਼ਰਧਾ ਤੋਂ ਏਨਾ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਭਾਈ ਜੇਠਾ ਜੀ ਨੂੰ ਆਪਣੀ ਸਪੁੱਤਰੀ ਬੀਬੀ ਭਾਨੀ ਵਾਸਤੇ ਵਰ ਦੇ ਰੂਪ ਵਿਚ ਸਵੀਕਾਰ ਕਰ ਲਿਆ। ਇਸ ਤਰ੍ਹਾਂ ਆਪ ਗੁਰੂ ਘਰ ਦੇ ਹੋਰ ਨਜ਼ਦੀਕ ਹੋ ਗਏ। ਆਪ ਨੂੰ ਲਗਾਤਾਰ ਬਾਈ ਸਾਲ ਗੁਰੂ ਦਰਬਾਰ ਦੀ ਸੇਵਾ ਸੰਭਾਲ ਤੇ ਗੋਇੰਦਵਾਲ ਦੀ ਸਿਰਜਨਾ ਲਈ ਪੂਰੀ ਲਗਨ ਤੇ ਮਿਹਨਤ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਜਦੋਂ ਗੁਰੂ ਅਮਰਦਾਸ ਜੀ ਦੇ ਉਤਰਾਧਿਕਾਰੀ ਦੀ ਚੋਣ ਦਾ ਸਮਾਂ ਆਇਆ ਤਾਂ ਗੁਰੂ ਸਾਹਿਬ ਨੇ ਪੁੱਤਰਾਂ ਨੂੰ ਛੱਡ ਕੇ ਭਾਈ ਜੇਠਾ ਜੀ, ਜੋ ਕਿ ਆਪ ਦੇ ਜੁਆਈ ਸਨ, ਨੂੰ ਗੁਰ-ਗੱਦੀ ਤੇ ਬਿਠਾਇਆ ਤੇ ਭਾਈ ਜੇਠਾ ਜੀ ਗੁਰੂ ਰਾਮਦਾਸ ਜੀ ਨਾਮ ਨਾਲ ਪ੍ਰਸਿਧ ਹੋਏ। ਭਾਈ ਗੁਰਦਾਸ ਇਸ ਘਟਨਾ ਦਾ ਵਰਣਨ ਵਾਰਾਂ ਵਿਚ ਕਰਦੇ ਹਨ:

ਦਿਚੈ ਪੂਰਬਿ ਦਵੇਣਾ ਜਿਸਦੀ ਵਸਤੁ ਤਿਸੈ ਘਰਿ ਆਵੈ
ਬੈਠਾ ਸੋਢੀ ਪਾਤਿਸ਼ਾਹੁ ਰਾਮਦਾਸੁ ਸਤਿਗੁਰ ਕਹਾਵੈ।[153]

ਗੁਰੂ ਰਾਮਦਾਸ ਜੀ ਨੂੰ ਉਤਰਾਧਿਕਾਰੀ ਥਾਪਣ ਬਾਰੇ ਇਕ ਗਲਤ ਧਾਰਨਾ ਪ੍ਰਚਲਤ ਹੈ ਕਿ ਬੀਬੀ ਭਾਨੀ ਦੀ ਸੇਵਾ ਸੰਭਾਲ ਤੋਂ ਖੁਸ਼ ਹੋ ਕੇ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਆਪਣਾ ਉਤਰਾਧਿਕਾਰੀ ਚੁਣਿਆ ਅਤੇ ਨਾਲ ਇਹ ਵਰ ਵੀ ਦਿੱਤਾ ਕਿ ਇਹ ਗੱਦੀ ਅੱਗੋਂ ਸੋਢੀਆਂ ਦੇ ਘਰ ਹੀ ਰਹੇਗੀ। ਗਿਆਨੀ ਗਿਆਨ ਸਿੰਘ ਇਸ ਧਾਰਨਾ ਨੂੰ ਹੋਰ ਪੱਕਿਆਂ ਕਰਦਾ ਹੈ, "ਬੀਬੀ ਭਾਨੀ ਨੂੰ ਦਿਤੇ ਬਚਨ ਅਨੁਸਾਰ ਜ਼ਰੂਰੀ ਗੁਰਗੱਦੀ ਰਾਮਦਾਸ ਜੀ ਨੂੰ ਦੇਣੀ ਪਈ।"[154] ਪਰ ਇਹ ਵਿਚਾਰ ਮੰਨਣਯੋਗ ਨਹੀਂ ਹਨ ਕਿਉਂਕਿ ਇਨ੍ਹਾਂ ਦੁਆਰਾ ਪੇਸ਼ ਕੀਤਾ

ਗੁਰਗੱਦੀ ਦਾ ਅਧਾਰ ਗੁਰਮਤਿ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ। ਉਥੇ ਯੋਗਤਾ ਪਰਖੀ ਜਾਂਦੀ ਸੀ ਤੇ ਹਰ ਗੁਰੂ ਸਾਹਿਬਾਨ ਨੇ ਆਪਣੇ ਉਤਰਾਧਿਕਾਰੀ ਦੀ ਚੋਣ ਸਮੇਂ ਯੋਗਤਾ ਨੂੰ ਹੀ ਮੁੱਖ ਪਰਖ ਕਸਵੱਟੀ ਬਣਾਇਆ ਤੇ ਹੋਰ ਕਿਸੇ ਗੱਲ ਨਾਲ ਸਮਝੌਤਾ ਨਹੀਂ ਕੀਤਾ। ਬੇਸ਼ੱਕ ਉਹਨਾਂ ਦੇ ਆਪਣੀ ਸੰਤਾਨ ਨੇ ਇਸ ਕਰਕੇ ਕਈ ਵਿਰੋਧ ਖੜੇ ਕੀਤੇ । ਇਸ ਤਰ੍ਹਾਂ ਗੁਰੂ ਇਤਿਹਾਸ ਵਿਚ ਕਿਤੇ ਵੀ ਇਸ ਤਰ੍ਹਾਂ ਦੇ ਲਿਹਾਜ ਦਾ ਵਰਨਣ ਨਹੀਂ ਮਿਲਦਾ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਗੁਰ ਘਰ ਦੇ ਵਿਰੋਧੀਆਂ ਜਾਂ ਗੁਰਗੱਦੀ ਹਾਸਲ ਕਰਨ ਦੀ ਇੱਛਾ ਰੱਖਣ ਵਾਲੇ ਸੋਢੀਆਂ ਨੇ ਇਹ ਗੱਲ ਉਡਾਈ ਹੋਵੇ। ਭਾਈ ਗੁਰਦਾਸ ਵੀ ਵਾਰਾਂ ਵਿਚ ਇਸ ਇਤਿਹਾਸਕ ਸਚਾਈ ਬਾਰੇ ਕਿਸੇ ਵਿਸਥਾਰ ਵਿਚ ਨਹੀਂ ਗਏ। ਉਹਨਾਂ ਨੇ ਸਿਰਫ਼ ਬੀਬੀ ਭਾਨੀ ਦੇ ਵਚਨਾ ਵੱਲ ਸੰਕੇਤ ਕੀਤਾ ਹੈ ਕਿ ਗੁਰਗੱਦੀ ਸੋਢੀ ਪਰਿਵਾਰ ਵਿਚ ਹੀ ਰਹੇਗੀ:

ਜਾਇ ਨ ਦੇਸਾਂ ਸੋਢੀਓਂ ਹੋਰਸਿ ਅਜਰੁ ਨ ਜਰਿਆ ਜਾਵੈ।[155]

ਗੁਰੂ ਰਾਮਦਾਸ ਜੀ ਨੇ ਸੱਤ ਸਾਲ (1574 ਈ. ਤੋਂ 1581 ਈ. ਤੱਕ) ਗੁਰਗੱਦੀ ਉਤੇ ਬੈਠ ਕੇ ਜਿਥੇ ਸਿੱਖ ਲਹਿਰ ਨੂੰ ਪ੍ਰਫੁੱਲਤ ਕੀਤਾ ਉਥੇ ਨਾਲ ਨਾਲ ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਕੀਤੀ, ਮਸੰਦਾਂ ਪਰੰਪਰਾ ਤੋਰੀ ਤੇ ਨਾਲ ਨਾਲ ਮਨੁੱਖਤਾ ਦੇ ਸੁਧਾਰ ਲਈ ਬਾਣੀ ਦਾ ਮਹਾਨ ਭੰਡਾਰ ਪ੍ਰਦਾਨ ਕੀਤਾ।

ਗੁਰੂ ਰਾਮਦਾਸ ਜੀ ਦੀ ਸਭ ਤੋਂ ਵੱਡੀ ਦੇਣ ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਕਰਨਾ ਸੀ। ਮੈਕਾਲਿਫ਼ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਇਹ ਐਕੜ ਭਾਪ ਲਈ ਸੀ ਅਤੇ ਇਸ ਅਨੁਸਾਰ ਬਾਦਸ਼ਾਹ ਵਲੋਂ ਦਿੱਤੀ ਭੂਮੀ ਤੇ ਟਿਕਾਣਾ ਬਨਾਉਣ ਲਈ ਅਤੇ ਇਸ ਦੇ ਪੂਰਬ ਵਿਚ "ਸਿਖ ਤੀਰਥ ਲਈ ਇਕ ਸਰ ਖੁਦਵਾਉਣ ਲਈ" ਉਨ੍ਹਾਂ ਰਾਮਦਾਸ ਜੀ ਨੂੰ ਕਿਹਾ ਸੀ।"[156] ਇਤਿਹਾਸਕਾਰ ਡਾ. ਲਤੀਫ਼ ਦੇ ਕਥਨ ਅਨੁਸਾਰ, ਕੇਂਦਰੀ ਸਥਾਨ ਉਤੇ ਅੰਮ੍ਰਿਤਸਰ ਬਣਾ ਕੇ ਗੁਰੂ ਜੀ ਨੇ ਸਿੱਖ ਕੌਮ ਦੀ ਨੀਂਹ ਰੱਖੀ, ਕਿਉਂਕਿ ਇਹ ਉਨ੍ਹਾਂ ਦਾ ਧੁਰਾ ਬਣ ਗਿਆ ਸੀ ਜਿਸ ਦੇ ਆਲੇ ਦੁਆਲੇ ਅਸਾਨੀ ਨਾਲ ਸਿੱਖ ਇਕੱਠੇ ਹੋ ਸਕਦੇ ਸਨ। ਸਿੱਖ ਸ਼ਾਂਤ ਸੁਭਾਅ ਨਾਲ ਆਪਣੇ ਪਹਿਲੇ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ ਉਤੇ ਚੱਲ ਰਹੇ ਸਨ। ਉਨ੍ਹਾਂ ਨੇ ਇਕੱਠੇ ਬੈਠਣ ਦਾ ਵੱਲ ਸਿਖਿਆ ਅਤੇ ਆਪਣੇ

ਵਿਚ ਜਾਗਤੀ ਭਾਵ ਪੈਦਾ ਕਰਕੇ ਕੌਮੀ ਜਜ਼ਬੇ ਦੀ ਤਾਰ ਨੂੰ ਮਜ਼ਬੂਤ ਕੀਤਾ । ਇਸ ਤਰ੍ਹਾਂ ਇਕ ਭਾੜੇ ਵਿਚ ਛੱਕਣ ਦੇ ਰਾਹ ਉਤੇ ਤੁਰਨ ਲਈ ਉਹ ਤਿਆਰ ਹੋਏ।"[157] ਸਰਕਾਰ ਲਿਖਦਾ ਹੈ ਕਿ ਅੰਮ੍ਰਿਤਸਰ ਦੀ ਨੀਂਹ ਧਰਨ ਨਾਲ ਸਿੱਖਾਂ ਵਿਚ ਹਿੰਦੂ ਤੀਰਥਾਂ ਉਤੇ ਜਾਣ ਦਾ ਖ਼ਿਆਲ ਉੱਡ ਗਿਆ।"[158] ਇਸ ਪ੍ਰਕਾਰ ਸਿੱਖਾਂ ਨੂੰ ਇਕ ਕੇਂਦਰ ਮਿਲ ਗਿਆ ਜਿਥੇ ਉਨ੍ਹਾਂ ਨੇ ਵੱਡੀ ਗਿਣਤੀ ਵਿਚ ਫੇਰਾ ਪਾਉਣਾ ਸ਼ੁਰੂ ਕਰ ਦਿੱਤਾ। ਇਸ ਨਾਲ ਸਿੱਖ ਧਰਮ ਦੇ ਪ੍ਰਚਾਰ ਵਿਚ ਹੋਰ ਤੇਜੀ ਆਈ ਅਤੇ ਆਉਣ ਵਾਲੇ ਸਮੇਂ ਵਿਚ ਇਸ ਮਹਾਨ ਤੀਰਥ ਨੇ ਸਿੱਖਾਂ ਦੀ ਕਾਮਯਾਬੀ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਅਤੇ ਸਿੱਖ ਕੌਮ ਨੂੰ ਬੇਸ਼ਕ ਉਹ ਦੂਰ ਦੁਰਾਡੇ ਥਾਵਾਂ ਤੇ ਬੈਠੇ ਸਨ, ਖਿਆਲੀ ਤੌਰ ਤੇ ਜੋੜੀ ਰੱਖਿਆ।

ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਦੀ ਸਥਾਪਨਾ ਕੀਤੀ। ਇਸ ਸੰਬੰਧੀ ਅਸੀਂ ਪਹਿਲਾਂ ਵਰਨਣ ਕਰ ਚੁੱਕੇ ਹਾਂ। ਪਰ ਦੂਰ ਸੰਚਾਰ ਦੇ ਸਾਧਨਾਂ ਦੀ ਘਾਟ ਹੋਣ ਕਰਕੇ ਗੁਰੂ ਰਾਮਦਾਸ ਜੀ ਨੂੰ ਸਮੇਂ ਸਿਰ ਸਿੱਖੀ ਪ੍ਰਚਾਰ ਦੇ ਹਾਲਾਤਾਂ ਦਾ ਪਤਾ ਨਹੀਂ ਸੀ ਲਗਦਾ ਅਤੇ ਨਾ ਹੀ ਸਮੇਂ ਸਿਰ ਚੜ੍ਹਾਵੇ ਦੀ ਰਕਮ ਪਹੁੰਚਦੀ ਸੀ, ਜਿਸ ਕਰਕੇ ਪੰਥਕ ਕੰਮਾਂ ਵਿਚ ਰੁਕਾਵਟ ਆਉਂਦੀ ਸੀ। ਗੁਰੂ ਰਾਮਦਾਸ ਜੀ ਨੇ ਇਸ ਪ੍ਰਚਲਤ ਸੰਸਥਾ ਨੂੰ ਨਹੀਂ ਛੇੜਿਆ ਅਤੇ ਆਪਣੀ ਦੂਰ ਦ੍ਰਿਸ਼ਟੀ ਨਾਲ ਨਵੀਂ ਸੰਸਥਾ ਦੀ ਸਥਾਪਨਾ ਕੀਤੀ ਜੋ ਸਿੱਖਾਂ ਨੂੰ ਸਮੇਂ ਸਮੇਂ ਦੇ ਹਾਲਾਤ ਤੋਂ ਜਾਣੂ ਕਰਾ ਸਕੇ ਤੇ ਸ਼ੁਰੂ ਕੀਤੇ ਵੱਖ ਵੱਖ ਕੰਮਾਂ ਲਈ ਸਮੇਂ ਸਿਰ ਮਾਇਕ ਸਹਾਇਤਾ ਜੁਟਾ ਸਕੇ। ਕਿਉਂਕਿ ਸਮੇਂ ਸਿਰ ਰਕਮ ਨਾ ਪੁੱਜਣ ਕਰਕੇ ਕੰਮਾਂ ਵਿਚ ਰੁਕਾਵਟ ਆਉਂਦੀ ਸੀ। ਇਹਨਾਂ ਸਾਰਿਆਂ ਪ੍ਰਸਥਿਤੀਆਂ ਦਾ ਜਾਇਜ਼ਾ ਲੈ ਕੇ ਗੁਰੂ ਰਾਮਦਾਸ ਜੀ ਨੇ 'ਮਸੰਦ' ਨਿਯੁਕਤ ਕੀਤੇ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਇਨ੍ਹਾਂ ਮਸੰਦਾਂ ਨੇ ਪੰਥਕ ਕਾਰਜਾਂ ਦੀ ਉਸਾਰੀ ਲਈ ਭਰਪੂਰ ਯੋਗਦਾਨ ਪਾਇਆ।

ਮਸੰਦਾਂ ਦੇ ਜ਼ਿੰਮੇ ਦੋ ਕੰਮ ਹੁੰਦੇ ਸਨ। ਸਿੱਖੀ ਦਾ ਪ੍ਰਚਾਰ ਕਰਨਾ ਤੇ ਮੰਜੀਆਂ ਦੇ ਪ੍ਰਚਾਰਕਾਂ ਨੇ ਜਿਹੜੀ ਮਾਇਆ ਇਕੱਤਰ ਕੀਤੀ ਹੁੰਦੀ ਉਹ ਗੁਰੂ ਖ਼ਜ਼ਾਨੇ ਤੱਕ ਪਹੁੰਚਾਉਣੀ। ਇਹ ਮਸੰਦ ਸਾਲ ਵਿਚ ਇਕ ਜਾਂ ਦੋ ਵਾਰੀ ਗੁਰੂ ਦਰਬਾਰ ਵਿਚ ਆਇਆ ਕਰਦੇ ਸਨ।

ਭਾਈ ਗੁਰਦਾਸ ਨੇ ਵਾਰਾਂ ਵਿਚ ਗੁਰੂ ਰਾਮਦਾਸ ਜੀ ਦੇ ਜੀਵਨ ਸਬੰਧੀ ਤੱਥਾਂ ਦੀ ਸੰਖੇਪ ਜਾਣਕਾਰੀ ਦਿੱਤੀ ਹੈ। ਉਸ ਅਨੁਸਾਰ ਭਾਈ ਜੇਠਾ (ਗੁਰੂ ਰਾਮਦਾਸ) ਗੁਰੂ ਅਮਰਦਾਸ ਜੀ

ਵਿਚ ਸਮਾਂ ਕੇ ਹੀ ਗੁਰੂ ਰਾਮਦਾਸ ਬਣ ਸਕਿਆ, ਆਪਣੇ ਆਪ ਨੂੰ ਮਿਟਾਕੇ ਹੀ ਗੁਰੂ ਤਖਤ ਦਾ ਸੋਢੀ ਪਾਤਸ਼ਾਹ ਅਖਵਾ ਸਕਿਆ, ਪੂਰਨ ਤਾਲ ਖਟਾ ਕੇ ਖੇਵਟ-ਗੁਰੂ ਬਣ ਸਕਿਆ। ਨਾਮ, ਸਿਮਰਨ ਪਿਆਰ, ਸੇਵਾ ਤੇ ਨਿਮਰਤਾ ਦਾ ਅਮ੍ਰਿਤ ਜੀਵਨ ਸਿੱਖਾਂ ਕੇ ਹੀ ਬੋਹਿਥਾ ਗੁਰੂ ਸਦਵਾ ਸਕਿਆ। ਅੰਮ੍ਰਿਤਸਰ ਵਿਚ ਦੈਵੀ ਜੋਤ ਬਾਲ[159] ਕੇ ਹੀ ਦੀਨ ਦੁਨੀ ਦਾ ਥੰਮ ਪ੍ਰਵਾਨ ਚੜ੍ਹ ਸਕਿਆ।[160] ਭਾਈ ਗੁਰਦਾਸ ਅਨੁਸਾਰ, ਯੋਗ ਵਰ ਹੋਣ ਕਰਕੇ ਗੁਰੂ ਰਾਮਦਾਸ ਜੀ ਗੁਰੂ ਘਰ ਵਿਚ ਸਵੀਕਾਰ ਕੀਤੇ ਗਏ। ਸੇਵਾ, ਨਿਮਰਤਾ ਤੇ ਭਾਣਾ ਮੰਨਣ ਆਦਿ ਗੁਣ ਹੋਣ ਕਰਕੇ ਹੀ ਗੁਰਗੱਦੀ ਦੇ ਯੋਗ ਸਿੱਧ ਹੋਏ। ਗੁਰੂ ਰਾਮਦਾਸ, ਗੁਰੂ ਨਾਨਕ ਜੋਤ ਦੇ ਪੁਜਾਰੀ ਸਨ:

> ਪੀਉ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ।
>
> ਗੁਰਮਤਿ ਜਾਗਿ ਜਗਾਇਦਾ ਕਲਿਜੁਗ ਅੰਦਰਿ ਕੌੜਾ ਸੋਤਾ।
>
> - - - - - - - - - - - -
>
> ਮੈਲਾ ਕਦੇ ਨ ਹੋਵਈ ਗੁਰ ਸਰਵਰਿ ਨਿਰਮਲ ਜਲ ਧੋਤਾ।
>
> ਬਾਬਾਣੈ ਕੁਲਿ ਕਵਲੁ ਅਛੋਤਾ।[161]

ਭਾਈ ਗੁਰਦਾਸ ਅਨੁਸਾਰ, ਗੁਰੂ ਰਾਮਦਾਸ ਜੀ, ਗੁਰੂ ਨਾਨਕ , ਗੁਰੂ ਅੰਗਦ, ਗੁਰੂ ਅਮਰਦਾਸ ਜੀ ਦੀ ਜੋਤਿ ਸਨ:

> ਗੁਰੂ ਅਮਰਹੁ ਗੁਰੂ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ।
>
> ਸਬਦ ਸੁਰਤਿ ਗੁਰਸਿਖੁ ਹੋਇ ਅਨਹਦ ਬਾਣੀ ਨਿਝਰਧਾਰਾ।
>
> ਤਖਤੁ ਬਖਤੁ ਪਰਗਟੁ ਪਾਹਾਰਾ।[162]

ਉਪਰੋਕਤ ਵਿਚਾਰ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਗੁਰੂ ਰਾਮਦਾਸ ਜੀ, ਗੁਰੂ ਨਾਨਕ ਸਾਹਿਬ ਦੀ ਹੀ ਜੋਤ ਸਨ। ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਗੁਰੂ ਘਰ ਦੀ ਅਣਥਕ ਸੇਵਾ, ਸੰਭਾਲ ਕੀਤੀ ਤੇ ਸਿੱਖੀ ਦੇ ਪ੍ਰਚਾਰ ਵਿਚ ਭਰਪੂਰ ਯੋਗਦਾਨ ਪਾਇਆ। ਬੇਸ਼ਕ ਗੁਰੂ ਰਾਮਦਾਸ

ਜੀ ਦੇ ਗੁਰਿਆਈ ਕਾਲ ਵਿਚ ਬਹੁਤੀਆਂ ਘਟਨਾਵਾਂ ਨਹੀਂ ਵਾਪਰੀਆਂ (ਦੂਜੇ ਗੁਰੂਆਂ ਦੇ ਮੁਕਾਬਲੇ) ਪਰ ਉਸ ਤੋਂ ਬਾਅਦ ਸਿੱਖ ਮੱਤ ਜਿਨੀ ਤੇਜ਼ੀ ਨਾਲ ਫੈਲਿਆ, ਇਸ ਦੀ ਮੁਢਲੀ ਪ੍ਰੇਰਨਾ ਗੁਰੂ ਰਾਮਦਾਸ ਜੀ ਨੇ ਹੀ ਦਿੱਤੀ ਸੀ।

## ਗੁਰੂ ਅਰਜਨ ਦੇਵ ਜੀ :

ਗੁਰੂ ਨਾਨਕ ਪਰੰਪਰਾ ਦੇ ਵਿਕਾਸ ਵਿਚ ਉਹ ਇਕੋ ਜੋਤ ਹੀ ਮੂਰਤੀਮਾਨ ਹੁੰਦੀ ਰਹੀ ਹੈ ਜਿਹੜੀ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਦੇ ਮਨ ਵਿਚ, ਗੁਰੂ ਅੰਗਦ ਨੇ ਗੁਰੂ ਅਮਰਦਾਸ, ਗੁਰੂ ਅਮਰਦਾਸ ਨੇ ਗੁਰੂ ਰਾਮਦਾਸ ਅਤੇ ਹੁਣ ਇਹੀ ਜੋਤ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਮਨ ਵਿਚ ਟਿਕਾ ਦਿਤੀ। ਗੁਰੂ ਰਾਮਦਾਸ ਜੀ ਨੇ ਜਦੋਂ ਆਪਣੇ ਉਤਰਾਧਿਕਾਰੀ ਦੀ ਚੋਣ ਦੀ ਜ਼ਰੂਰਤ ਮਹਿਸੂਸ ਕੀਤੀ ਤਾਂ ਉਨ੍ਹਾਂ ਨੇ ਇਕ ਇਕੱਠ ਬੁਲਾ ਕੇ (ਗੁਰੂ) ਅਰਜਨ ਦੇਵ ਨੂੰ ਗੁਰਗੱਦੀ ਦਾ ਵਾਰਸ ਨਿਯੁਕਤ ਕੀਤਾ। ਭਾਈ ਰਣਧੀਰ ਸਿੰਘ ਅਨੁਸਾਰ, "ਬਾਬਾ ਬੁੱਢਾ ਜੀ ਤੋਂ ਮੁਰਯਾਦਾ ਅਨੁਸਾਰ ਤਿਲਕ ਦਿਵਾ ਕੇ ਖੁਦ ਪੰਜ ਪੈਸੇ ਭੇਟਾ ਧਰਕੇ ਨਮਸਕਾਰ ਕੀਤੀ।"[163] ਸਿੱਖ ਇਤਿਹਾਸ ਦਾ ਅਧਿਐਨ ਕੀਤਿਆਂ ਇਹ ਵਿਚਾਰ ਸਪਸ਼ਟ ਹੁੰਦਾ ਹੈ ਕਿ ਉਤਰਾਧਿਕਾਰੀ ਦੀ ਚੋਣ ਹਮੇਸ਼ਾ ਧੁਰੋਂ ਵਰਤੋਈ ਆਤਮਾ ਦੀ ਹੀ ਹੁੰਦੀ ਰਹੀ ਹੈ ਅਤੇ ਬਾਅਦ ਵਿਚ ਇਹ ਸਿੱਧ ਵੀ ਹੁੰਦਾ ਰਿਹਾ ਹੈ ਕਿ ਚੋਣ ਠੀਕ ਹੋਈ। ਇਤਿਹਾਸ ਗਵਾਹ ਹੈ ਕਿ ਇਸ ਸਰੀਰਕ ਤਬਦੀਲੀ ਸਮੇਂ ਕੋਈ ਵੀ ਬਾਹਰੀ ਤਾਕਤ ਪ੍ਰਭਾਵ ਨਹੀਂ ਪਾ ਸਕੀ ਤੇ ਗੁਰਗੱਦੀ ਦੀ ਪ੍ਰਾਪਤੀ ਦੀ ਲਾਲਸਾ ਕਰਨ ਵਾਲਿਆਂ ਨੂੰ ਹਮੇਸ਼ਾ ਮੂੰਹ ਦੀ ਖਾਣੀ ਪਈ। ਇਹੋ ਹੀ ਹਾਲ ਗੁਰੂ ਅਰਜਨ ਦੇਵ ਜੀ ਦੇ ਭਰਾ ਪ੍ਰਿਥੀ ਚੰਦ ਦਾ ਹੋਇਆ। ਪ੍ਰਿਥੀ ਚੰਦ ਬੜਾ ਲੋਭੀ, ਲਾਲਚੀ, ਕਪਟੀ ਤੇ ਈਰਖਾਲੂ ਸੁਭਾ ਦਾ ਮਾਲਕ ਸੀ। ਉਸ ਨੇ ਕਈ ਵਾਰ ਗੁਰੂ ਰਾਮਦਾਸ ਜੀ ਤੋਂ ਮੰਗ ਕੀਤੀ ਸੀ ਕਿ (ਗੁਰੂ) ਅਰਜਨ ਤੋਂ ਉਮਰ ਵਿਚ ਮੈਂ ਵੱਡਾ ਹਾਂ ਇਸ ਕਰਕੇ ਗੁਰਗੱਦੀ ਤੇ ਮੇਰਾ ਹੱਕ ਹੈ। ਪਰ ਉਸ ਦੀਆਂ ਗੈਰ-ਅਧਿਆਤਮਕ ਕਾਰਵਾਈਆਂ ਨੂੰ ਸਾਹਮਣੇ ਰੱਖਦਿਆਂ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਉਹ ਗੁਰਗੱਦੀ ਦੇ ਸਮਰੱਥ ਨਹੀਂ ਹੈ ਨਾ ਹੀ ਮਹਾਂਦੇਵ ਆਪਣੀ ਉਪਰਾਮਤਾ ਕਾਰਨ ਗੁਰਗੱਦੀ ਦੇ ਕਾਰਜ ਭਾਰ ਨੂੰ ਸੰਭਾਲ ਸਕਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੇ ਛੋਟੇ ਪੁੱਤਰ (ਗੁਰੂ) ਅਰਜਨ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ।

ਗੁਰੂ ਰਾਮਦਾਸ ਜੀ ਨੇ ਪ੍ਰਿਥੀ ਚੰਦ ਦੇ ਵਿਰੋਧ ਦੀ ਪ੍ਰਵਾਹ ਨਾ ਕਰਦਿਆਂ (ਗੁਰੂ) ਅਰਜਨ ਦੇਵ ਨੂੰ ਆਪਣਾ ਉਤਰਧਿਕਾਰੀ ਥਾਪਿਆ। ਭਾਈ ਸੰਤੋਖ ਸਿੰਘ ਅਨੁਸਾਰ, "ਬਾਬਾ ਬੁੱਢਾ ਜੀ ਦੁਆਰਾ ਗੁਰੂ ਰਾਮਦਾਸ ਜੀ ਨੇ ਗੁਰਿਆਈ ਦਾ ਤਿਲਕ ਗੁਰੂ ਅਰਜਨ ਦੇਵ ਜੀ ਨੂੰ ਲਾਇਆ ਤੇ ਪੰਜ ਪੈਸੇ, ਇਕ ਨਾਰੀਅਲ ਭੇਟਾ ਧਰਕੇ, ਪ੍ਰਕਰਮਾਂ ਕਰਕੇ ਨਮਸਕਾਰ ਕੀਤੀ।"[164] ਭਾਈ ਗੁਰਦਾਸ ਇਸ ਇਤਿਹਾਸਕ ਘਟਨਾ ਦਾ ਵਰਨਣ ਵਾਰਾਂ ਵਿਚ ਇਸ ਪ੍ਰਕਾਰ ਕਰਦੇ ਹਨ ਕਿ ਗੁਰੂ ਅਰਜਨ ਦੇ ਘਰ ਗੁਰਿਆਈ ਆਈ ਅਤੇ ਪਹਿਲੀ ਵਾਰ ਸੰਸਾਰੀ ਪੁੱਤਰ ਗੁਰੂ ਕਹਾਇਆ:

ਫਿਰਿ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ।[165]

ਇਸ ਦੇ ਵਿਰੋਧ ਵਿਚ ਪ੍ਰਿਥੀ ਚੰਦ ਨੇ ਸਮੇਂ ਦੀ ਸਰਕਾਰ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਇਆ ਅਤੇ ਆਪਣਾ ਇਕ ਵੱਖਰਾ ਪੰਥ ਸਥਾਪਿਤ ਕੀਤਾ ਜਿਸ ਨੂੰ ਭਾਈ ਗੁਰਦਾਸ ਨੇ 'ਮੀਣਾ' ਪੰਥ ਕਿਹਾ ਹੈ:

ਤਿਉ ਨਰਕ ਪੰਥ ਹੈ ਮੀਣਿਆਂ ਮਿਲਿ ਨਰਕਿ ਨਿਬਾਹੈ।[166]

ਗੁਰੂ ਰਾਮਦਾਸ ਜੀ ਨੇ ਪ੍ਰਿਥੀ ਚੰਦ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ । ਇਸ ਦਾ ਸੰਕੇਤ ਆਪ ਜੀ ਦੀ ਬਾਣੀ ਵਿਚ ਮਿਲਦਾ ਹੈ:

ਕਾਹੇ ਪੂਤ ਝਗਰਤ ਹਉ ਸੰਗਿ ਬਾਪ।
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ।੧। ਰਹਾਉ
ਜਿਸ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨ ਕਿਸਹਿ ਨ ਆਪ।
ਖਿਨ ਮਹਿ ਛੋਡਿ ਜਾਇ ਬਿਖਿਆ ਰਸ ਤਉ ਲਾਗੈ ਪਛੁਤਾਪ।
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ।
ਉਪਦੇਸ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ।[167]

ਪਰ ਪ੍ਰਿਥੀ ਚੰਦ ਜਿੰਨਾਂ ਚਿਰ ਵੀ ਜਿੰਦਾ ਰਿਹਾ, ਗੁਰੂ ਘਰ ਲਈ ਔਕੜਾਂ, ਮੁਸ਼ਕਿਲਾਂ ਤੇ ਕਠਿਨਾਈਆਂ ਖੜੀਆਂ ਕਰਦਾ ਰਿਹਾ।

ਗੁਰੂ ਅਰਜਨ ਦੇਵ ਜੀ ਇਕ ਮਹਾਨ ਵਿਅਕਤੀਤੱਤ ਦੇ ਮਾਲਕ ਸਨ। ਅਜਿਹੀ ਸ਼ਕਤੀਸ਼ਾਲੀ ਤੇ ਬਹੁਪੱਖੀ ਸ਼ਖਸੀਅਤ ਸੰਸਾਰ ਤੇ ਕਦੇ ਕਦੇ ਪ੍ਰਗਟ ਹੁੰਦੀ ਹੈ। ਗੁਰੂ ਸਾਹਿਬ ਜਿਥੇ ਅਕਾਲ ਪੁਰਖ ਦੇ ਸੱਚੇ ਭਗਤ ਸਨ, ਉਥੇ ਆਪ ਮਹਾਨ ਗੁਰੂ, ਕਵੀ, ਸੰਗੀਤਕਾਰ, ਸੰਪਾਦਕ ਤੇ ਸਿਲਪਕਾਰ ਵੀ ਸਨ। ਡਾ. ਤਾਰਨ ਸਿੰਘ ਦੇ ਕਥਨ ਅਨੁਸਾਰ, ਆਪ ਜੀ ਦੇ ਵਿਰੁੱਧ ਜੋ ਅੰਦੋਲਨ ਚੱਲੇ ਉਨ੍ਹਾਂ ਨੇ ਆਪ ਦੀ ਪ੍ਰਤਿਭਾ ਨੂੰ ਗਿਰਾਣ ਦੀ ਥਾਂ ਉਸਾਰਿਆ। ਆਪ ਨੇ ਹਾਲਾਤ ਦਾ ਮੁਕਾਬਲਾ ਕਰਨ ਲਈ ਆਪਣੀ ਸਮਝ ਨੂੰ ਵਰਤਿਆ। ਆਪ ਦੇ ਡੂੰਘੇ ਵਿਸ਼ਵਾਸ ਤੇ ਭਗਤੀ ਨੇ ਆਪ ਨੂੰ ਸ਼ਾਂਤ ਤੇ ਅਡੋਲ ਚਿੱਤ ਰੱਖਿਆ। ਜਿਨੀ ਆਪ ਦੇ ਜੀਵਨ ਵਿਚ ਦੁੱਖ, ਕਲੇਸ਼ ਦੀ ਮਾਤਰਾ ਵਿਰੋਧੀਆਂ ਕਾਰਨ ਵਧੀ ਉਨੀ ਹੀ ਆਪ ਦੀ ਬਾਣੀ ਸ਼ਾਂਤੀ ਪ੍ਰਦਾਨ ਕਰਨ ਵਾਲੀ ਹੈ । ਆਪ ਦੀ ਬਾਣੀ ਆਸ਼ਾਵਾਦ ਨਾਲ ਭਰੀ ਪਈ ਹੈ ਅਤੇ ਉਸ ਵਿਚ ਨਿਰਾਸਤਾ ਦਾ ਕਿਤੇ ਨਾਮ ਤੀਕ ਨਹੀਂ। ਉਸ ਵਿਚੋਂ ਜੀਵਨ ਵਿਚ ਵਿਜੇਈ ਦੀ ਸੰਤੁਸ਼ਟਤਾ ਡੁੱਲ ਡੁੱਲ ਪੈਂਦੀ ਹੈ। ਇਹ ਰੰਗ ਆਪ ਦੇ ਅੰਦਰ ਦੀ ਮਹਾਨਤਾ ਦਾ ਸਾਖੀ ਹੈ।[168] ਗੋਕਲ ਚੰਦ ਨਾਰੰਗ ਆਪ ਜੀ ਦੀ ਸ਼ਖਸੀਅਤ ਬਾਰੇ ਲਿਖਦਾ ਹੈ, "ਹੁਣ ਇਕ ਅਜਿਹੇ ਵਿਅਕਤੀ ਨੇ ਮੰਚ ਤੇ ਪ੍ਰਵੇਸ਼ ਕੀਤਾ ਜੋ ਜਮਾਂਦਰੂ ਕਵੀ ਸੀ, ਅਮਲੀ ਫਿਲਾਸਫਰ ਸੀ, ਸ਼ਕਤੀ-ਸ਼ਾਲੀ ਪ੍ਰਬੰਧਕ ਸੀ ਤੇ ਮਹਾਨ ਨੀਤੀਵਾਨ ਸੀ।"[169]

ਗੁਰੂ ਅਰਜਨ ਦੇਵ ਜੀ ਪਹਿਲੇ ਸੰਸਾਰੀ ਪੁੱਤਰ ਸਨ, ਜੋ ਗੁਰਗੱਦੀ ਦੇ ਮਾਲਕ ਬਣੇ, ਜਿਸ ਕਾਰਨ ਭਾਈ ਗੁਰਦਾਸ ਅਨੁਸਾਰ ਘਰ ਦੀ ਵਸਤ ਘਰ ਵਿਚ ਹੀ ਟਿਕ ਗਈ:

ਘਰ ਹੀ ਕੀ ਵਥੁ ਘਰੇ ਰਹਾਵੈ।[170]

ਪਹਿਲੇ ਗੁਰੂ ਸਾਹਿਬਾਨ ਨੇ ਆਪਣੇ ਸੰਸਾਰੀ ਪੁੱਤਰਾਂ ਨੂੰ ਗੁਰਗੱਦੀ ਦੇ ਸਮਰੱਥ ਨਹੀਂ ਸਮਝਿਆ ਸੀ। ਗੁਰੂ ਅਰਜਨ ਦੇਵ ਜੀ ਵਿਚ ਇਸ ਯੋਗਤਾ ਦੀ ਹੋਂਦ ਦਾ ਕਾਰਣ ਆਪ ਦੇ ਪੂਰਬਲੇ ਕਰਮ ਸਨ ਤੇ ਆਪ ਦੀ ਸੰਸਾਰਕ ਤੇ ਪਰਮਾਰਥਕ ਵਿਦਿਆ ਸੀ। ਪ੍ਰੋ. ਸਾਹਿਬ ਸਿੰਘ ਅਨੁਸਾਰ, "ਗੁਰੂ ਅਰਜਨ ਦੇਵ ਜੀ ਸਭ ਤੋਂ ਪਹਿਲੇ ਗੁਰੂ ਸਨ ਜਿਨ੍ਹਾਂ ਨੂੰ ਜੰਮਦਿਆਂ ਹੀ ਗੁਰਮਤਿ ਦੀ ਗੁੜ੍ਹਤੀ ਮਿਲੀ। ਸਾਰੇ ਗਿਆਰਾਂ ਸਾਲ ਗੁਰੂ ਅਰਜਨ ਜੀ ਨੂੰ ਗੁਰਮਤਿ ਦੀ ਖੁਰਾਕ ਆਪਣੇ ਨਾਨਾ ਗੁਰੂ ਅਮਰਦਾਸ ਜੀ ਤੋਂ ਮਿਲਦੀ ਰਹੀ। ਇਸ ਬਰਕਤ ਨਾਲ ਉੱਚੀ ਮਨੁੱਖਤਾ ਵਾਲੇ ਸਾਰੇ ਗੁਣਾਂ ਦੇ ਅੰਗੂਰ ਇਨ੍ਹਾਂ ਦੇ ਅੰਦਰ ਫੁੱਟਣ ਲਗ ਪਏ।"[171]

ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਖਸੀਅਤ ਬਾਰੇ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਸਾਹਿਬ ਦਾ ਨਿਸ਼ਾਣ ਤੇ ਦੀਵਾਨ ਸੱਚਾ ਹੈ, ਮਾਣ ਤੇ ਵਡਿਆਈ ਸੱਚੀ ਹੈ, ਗੁਰੂ ਦਾ ਰਾਜ ਸ੍ਰੇਸ਼ਟ ਹੈ:

ਸਚੁ ਨੀਸਾਣੁ ਦੀਬਾਣੁ ਸਚੁ ਸਚੁ ਤਾਣੁ ਸਚੁ ਮਾਣੁ ਮਹਤਾ।
ਅਬਚਲੁ ਰਾਜੁ ਹੋਆ ਸਣਖਤਾ।[172]

ਆਪਣੇ ਸੱਚੇ ਸ਼ਬਦ ਦੇ ਬਲ ਨਾਲ ਗੁਰੂ ਅਰਜਨ ਦੇਵ ਨੇ ਚਾਰੇ ਦਿਸ਼ਾਵਾਂ ਆਪਣੇ ਅਧੀਨ ਕਰ ਲਈਆਂ, ਸਿੱਖ ਸੰਗਤਾਂ ਆਪਣੇ ਦਰਸ਼ਨਾਂ ਲਈ ਵਹੀਰਾਂ ਘੱਤ ਕੇ ਆਉਂਦੀਆਂ। ਗੁਰੂ ਕੇ ਲੰਗਰ ਤੇ ਸ਼ਬਦ ਦੀ ਕੋਈ ਕਮੀ ਨਹੀਂ ਸੀ:

ਚਾਰੇ ਚਕ ਨਿਵਾਇਓਨੁ ਸਿਖ ਸੰਗਤਿ ਆਵੈ ਅਗਣਤਾ।
ਲੰਗਰੁ ਚਲੈ ਗੁਰ ਸਬਦਿ ਪੂਰੇ ਪੂਰੀ ਬਣੀ ਬਣਤਾ।[173]

ਗੁਰੂ ਅਰਜਨ ਦੇਵ ਜੀ ਬ੍ਰਹਮ ਦੀ ਪਦਵੀ ਪ੍ਰਾਪਤ ਕਰਨ ਵਾਲੇ ਤੇ ਮਾਇਆ ਵਿਚ ਉਦਾਸ ਰਹਿਣ ਵਾਲੇ ਗੁਰੂ ਸਨ। ਇਨ੍ਹਾਂ ਦੇ ਉਪਦੇਸ਼ ਨਾਲ ਅਨੇਕਾਂ 'ਜਨਕ ਭਗਤ' ਵਰਗੇ ਪੈਦਾ ਹੋਏ:

- - - - ਪੂਰਨ ਬ੍ਰਹਮ ਪ੍ਰਮਾਤਮਾ।
ਮਾਇਆ ਵਿਚਿ ਉਦਾਸੁ ਕਰਿ ਗੁਰੁ ਸਿਖ ਜਨਕ ਅਸੰਖ ਭਗਤਾਂ।[174]

ਗੁਰੂ ਅਰਜਨ ਦੇਵ ਜੀ ਨੇ ਸਿੱਖ ਮੱਤ ਦੀ ਪ੍ਰਫੁਲਤਾ ਲਈ ਕਈ ਮਹੱਤਵਪੂਰਨ ਕੰਮ ਕੀਤੇ। ਉਨ੍ਹਾਂ ਲਈ ਪਹਿਲਾ ਮੁੱਖ ਕੰਮ ਆਪਣੇ ਪੂਰਬਧਿਕਾਰੀਆਂ ਵੱਲੋਂ ਅਧੂਰੇ ਛੱਡੇ ਕੰਮਾਂ ਨੂੰ ਪੂਰਾ ਕਰਨਾ ਸੀ। ਰਾਮਦਾਸਪੁਰ ਨਗਰ (ਅੰਮ੍ਰਿਤਸਰ) ਦੀ ਉਸਾਰੀ ਪੂਰੀ ਹੋਣ ਤੋਂ ਪਹਿਲਾਂ ਹੀ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾ ਗਏ। ਗੁਰੂ ਅਰਜਨ ਦੇਵ ਜੀ ਨੇ ਇਸ ਕੰਮ ਨੂੰ ਅੱਗੇ ਤੋਰਿਆ ਅਤੇ ਰਾਮਦਾਸਪੁਰ ਦੇ ਮੱਧ ਵਿਚ ਹਰਿਮੰਦਰ ਸਾਹਿਬ ਦੀ ਸਿਰਜਨਾ ਕੀਤੀ। ਇਸ ਨਾਲ ਇਹ ਸਿੱਖਾਂ ਦਾ

ਮਹਾਨ ਤੀਰਥ ਬਣ ਗਿਆ ਅਤੇ ਥੋੜ੍ਹੇ ਸਮੇਂ ਵਿਚ ਹੀ ਸਿੱਖ ਸਰਗਰਮੀਆਂ ਦਾ ਇਕ ਵੱਡਾ ਕੇਂਦਰ ਵੀ ਬਣ ਗਿਆ। ਇਨ੍ਹਾਂ ਸ਼ੁਰੂ ਕੀਤੇ ਕਾਰਜਾਂ ਲਈ ਲਗਾਤਾਰ ਧੰਨ ਦੀ ਜ਼ਰੂਰਤ ਸੀ। ਗੁਰੂ ਅਰਜਨ ਦੇਵ ਨੇ ਗੁਰੂ ਰਾਮਦਾਸ ਜੀ ਦੁਆਰਾ ਸ਼ੁਰੂ ਕੀਤੀ ਧੰਨ ਉਗਰਾਹੁਣ ਦੀ ਪਰੰਪਰਾ ਨੂੰ ਅੱਗੇ ਤੋਰਿਆ। ਚੰਦਾ ਪੂਰਨ ਭਾਂਤ ਤੇ ਇੱਛਾ ਉਤੇ ਨਿਰਭਰ ਕਰਦਾ ਸੀ ਪਰ ਹੁਣ ਗੁਰੂ ਅਰਜਨ ਦੇਵ ਜੀ ਨੇ ਆਪਣੀਆਂ ਸਰਗਰਮੀਆਂ ਵਿਸਤ੍ਰਿਤ ਕਰ ਲਈਆਂ ਸਨ, ਜਿਸ ਕਰਕੇ ਆਰਥਿਕ ਸੰਕਟ ਪੈਦਾ ਹੋ ਗਿਆ ਸੀ ਉਸ ਨੂੰ ਦੂਰ ਕਰਨ ਵਾਸਤੇ ਗੁਰੂ ਅਰਜਨ ਦੇਵ ਨੇ ਦਸਵੰਧ ਦੀ ਪਿਰਤ ਪਾਈ ਅਤੇ ਇਸ ਨੂੰ ਕਾਰਜਸ਼ੀਲ ਕਰਨ ਲਈ ਭਾਈ ਗੁਰਦਾਸ ਨੂੰ ਜਿੰਮੇਵਾਰੀ ਸੌਂਪੀ।[175] ਮੁਹਿਸਨ ਫ਼ਾਨੀ ਲਿਖਦਾ ਹੈ, "ਪੰਜਵੀਂ ਪਾਤਿਸ਼ਾਹੀ ਤੋਂ ਪਹਿਲਾਂ ਸਿੱਖਾਂ ਤੋਂ ਕੋਈ ਕਰ ਨਹੀਂ ਉਗਰਾਹਿਆ ਜਾਂਦਾ ਸੀ ਸਗੋਂ ਸਿੱਖ ਆਪਣੀ ਮਰਜ਼ੀ ਅਨੁਸਾਰ ਆਪਣੇ ਗੁਰੂ ਨੂੰ ਭੇਟਾ ਪੇਸ਼ ਕਰਦੇ ਸਨ। ਅਰਜਨ ਮੱਲ ਨੇ ਆਪਣੇ ਸਮੇਂ ਕਰ ਦੀ ਉਗਰਾਹੀ ਲਈ ਹਰੇਕ ਕਸਬੇ ਦੇ ਸਿੱਖਾਂ ਕੋਲ ਆਪਣਾ ਇਕ ਕਰਮਚਾਰੀ ਭੇਜਿਆ. ਜਿਸ ਦੁਆਰਾ ਮਸੰਦ ਜਾਂ ਡਿਪਟੀ ਦੀ ਹਕੂਮਤ ਨਾਲ ਸਿੱਖਾਂ ਦੀ ਜਾਣ ਪਛਾਣ ਹੋਈ।[176] ਹੁਣ ਗੁਰੂ ਸਾਹਿਬ ਆਪਣਾ ਬਜਟ ਵਧੇਰੇ ਨਿਸ਼ਚਿੰਤਤਾ ਨਾਲ ਬਣਾ ਸਕਦੇ ਸਨ, ਕਿਉਂਕਿ ਹੁਣ ਭੇਟਾ ਮੁਗਲਾਂ ਦੇ ਲਗਾਨ ਨਾਲੋਂ ਵੀ ਵਧੇਰੇ ਨਿਯਮਬੱਧ ਅਤੇ ਸਰਲਤਾ ਨਾਲ ਇਕੱਠੀਆਂ ਹੁੰਦੀਆਂ ਸਨ।[177] ਇਸ ਨਾਲ ਗੁਰੂ ਸਾਹਿਬ ਦੁਆਰਾ ਸ਼ੁਰੂ ਕੀਤੇ ਕਾਰਜ ਸਫਲਤਾਪੂਰਵਕ ਸਿਰੇ ਚੜ੍ਹਨ ਲੱਗੇ। ਭਾਈ ਗੁਰਦਾਸ ਨੇ ਵਾਰਾਂ ਵਿਚ ਗੁਰੂ ਅਰਜਨ ਦੇਵ ਜੀ ਨੂੰ ਇਕ ਸੱਚਾ ਸਿਰਜਣਹਾਰ ਕਿਹਾ ਹੈ:

ਗੁਰੂ ਅਰਜਨੁ ਸੁਚੁ ਸਿਰਜਣਹਾਰਾ।[178]

ਗੁਰੂ ਅਰਜਨ ਦੇਵ ਜੀ ਦੀ ਸਿੱਖ ਕੌਮ ਨੂੰ ਸਭ ਤੋਂ ਵੱਡੀ ਦੇਣ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਨਾ ਹੈ ।ਉਸ ਸਮੇਂ ਸਿੱਖ ਧਰਮ ਲਹਿਰ ਇਸ ਉਚਾਈ ਤੇ ਪਹੁੰਚ ਚੁੱਕੀ ਸੀ ਕਿ ਧਰਮ ਗ੍ਰੰਥ ਦੀ ਲੋੜ ਸੀ। ਦੂਜੀ ਗੱਲ ਗੁਰਬਾਣੀ ਵਿਚ ਹੋ ਰਹੀ ਮਿਲਾਵਟ ਨੂੰ ਰੋਕਣ ਲਈ ਇਸ ਦੀ ਸੰਪਾਦਨਾ ਦੀ ਸਖਤ ਜ਼ਰੂਰਤ ਸੀ। ਮੈਕਾਲਿਫ ਲਿਖਦਾ ਹੈ, "ਗੁਰੂ ਅਰਜਨ ਨੇ ਹੁਣ ਆਪਣੇ ਅਨੁਯਾਈਆਂ ਲਈ ਉਨ੍ਹਾਂ ਦੇ ਨਿੱਤ ਦੇ ਧਾਰਮਕ ਕਰਤੱਵਾਂ ਅਤੇ ਪਸਚਾਤਾਪ ਦੀਆਂ ਰਸਮਾਂ ਦੀ ਪਾਲਣਾ ਦੀ ਅਗਵਾਈ ਲਈ ਨਿਯਮ ਬਨਾਉਣ ਦੀ ਲੋੜ ਅਨੁਭਵ ਕੀਤੀ। ਅਜਿਹਾ ਕਰਨ ਨਾਲ ਉਨ੍ਹਾਂ ਦਾ ਧਰਮ ਇਕਸਾਰਤਾ ਧਾਰਨ ਕਰ ਲਵੇਗਾ ਅਤੇ ਵੱਖ ਵੱਖ ਅਸੂਲਾਂ ਅਤੇ ਰਸਮਾਂ ਨੂੰ ਦਾਖਲ ਹੋਣ

ਤੋਂ ਰੋਕੇਗਾ। ਐਪਰ ਇਸ ਦੀ ਪੂਰਤੀ ਤਾਂ ਹੀ ਹੋ ਸਕਦੀ ਸੀ ਜੇ ਗੁਰੂ ਸਾਹਿਬਾਨ ਦੀ ਵਾਸਤਵਿਕ ਬਾਣੀ ਸਥਾਈ ਤੌਰ ਤੇ ਇਕ ਮਹਾਨ ਸੈਂਚੀ ਵਿਚ ਸੰਪਾਦਿਤ ਹੋ ਜਾਂਦੀ।[179] ਗੁਰੂ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਸਮੇਂ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਸਮੁੱਚੇ ਭਾਰਤ ਦੇ ਸੰਤਾਂ, ਭਗਤਾਂ ਦੀ ਬਾਣੀ ਨੂੰ ਪੂਰਨ ਪ੍ਰਤਿਸ਼ਿਤਾ ਦਿੱਤੀ ਹੈ ਅਤੇਉਨ੍ਹਾਂ ਦੀ ਬਾਣੀ ਤੇ ਅਮਰ ਹੋਣ ਦੀ ਮੋਹਰ ਲਾਈ ਹੈ। ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਇਕੱਤਰ ਕੀਤੀ ਰਚਨਾ ਦੀਆਂ ਸੈਂਚੀਆਂ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਪਾਸ ਮੌਜੂਦ ਸਨ। ਬਾਬਾ ਮੋਹਨ ਜੀ ਪਾਸੋਂ ਗੁਰੂ ਸਾਹਿਬ ਦੇ ਭੇਜੇ ਹੋਏ ਸਿੱਖਾਂ (ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ) ਨੂੰ ਸੈਂਚੀਆਂ ਨਾ ਮਿਲਣ ਉਤੇ ਗੁਰੂ ਸਾਹਿਬ ਆਪ ਨੰਗੇ ਪੈਰੀਂ ਅੰਮ੍ਰਿਤਸਰ ਤੋਂ ਗੋਇੰਦਵਾਲ ਆਏ ਅਤੇ ਜਿਸ ਚੁਬਾਰੇ ਵਿਚ ਬਾਬਾ ਮੋਹਨ ਜੀ ਬੈਠਦੇ ਸਨ, ਉਸ ਹੇਠਾਂ ਬੈਠ ਕੇ ਕੀਰਤਨ ਕਰਨਾ ਸ਼ੁਰੂ ਕੀਤਾ ਅਤੇ ਇਸ ਸ਼ਬਦ ਦਾ ਉਚਾਰਨ ਕੀਤਾ:

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।
ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ।
ਧਰਮਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨ ਗਾਵਹੇ।
ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹਿ।
ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ।
ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ।[180]

ਬਾਬਾ ਮੋਹਨ ਜੀ ਨੇ ਇਹ ਸ਼ਬਦ ਸੁਣ ਕੇ ਗੁੱਸੇ ਵਿਚ ਆ ਕੇ ਚੁਬਾਰੇ ਦੀ ਤਾਕੀ ਖੋਲ੍ਹੀ ਤੇ ਗੁਰੂ ਸਾਹਿਬ ਨੂੰ ਬੋਲ ਕਬੋਲ ਕਹੇ। ਸੁਰਿੰਦਰ ਸਿੰਘ ਕੋਹਲੀ ਅਨੁਸਾਰ, "ਗੁਰੂ ਜੀ ਇਸ ਸ਼ਬਦ ਦੇ ਅਗਲੇ ਪਦਿਆਂ ਦਾ ਕੀਰਤਨ ਕਰਦੇ ਰਹੇ ਅਤੇ ਅੰਤ ਵਿਚ ਕੀਰਤਨ ਤੋਂ ਪਸੀਜ ਕੇ ਬਾਬਾ ਮੋਹਨ ਨੇ ਦੋਵੇਂ ਪੋਥੀਆਂ ਗੁਰੂ ਸਾਹਿਬ ਜੀ ਨੂੰ ਉਤਾਰਾ ਕਰਨ ਲਈ ਦੇ ਦਿੱਤੀਆਂ।[181] ਪ੍ਰੋ. ਪੂਰਨ ਸਿੰਘ ਇਸ ਸੰਬੰਧ ਵਿਚ ਲਿਖਦਾ ਹੈ, "ਲੋਕਾਂ ਦਾ ਸੱਚਾ ਸ਼ਹਿਨਸ਼ਾਹ, ਮੋਹਨ ਜੀ ਦੇ ਘਰ ਦੇ ਸਾਹਮਣੇ ਗਲੀ ਵਿਚ ਮਿਟੀ ਘੱਟੇ ਉਤੇ ਬੈਠ ਗਿਆ ਤੇ ਤੰਬੂਰੇ ਨਾਲ ਸ਼ਬਦ ਪੜ੍ਹਨ ਲੱਗਾ।[182] ਡਾ. ਤਾਰਨ ਸਿੰਘ ਦੇ ਕਥਨਾਂ ਅਨੁਸਾਰ, "ਗੁਰੂ ਅਰਜਨ ਆਪ ਗੋਇੰਦਵਾਲ ਗਏ ਤੇ ਉਨ੍ਹਾਂ ਨੂੰ ਮੋਹਨ ਜੀ ਪਾਸੋਂ ਇਹ ਖਰੜੇ ਪ੍ਰਾਪਤ ਕਰਨ ਲਈ ਕਾਫ਼ੀ ਠਰੰਮੇ, ਨਿਮਰਤਾ ਤੇ ਪ੍ਰੇਰਨਾ ਤੋਂ ਕੰਮ ਲੈਣਾ ਪਿਆ।[182]

ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ ਸਰੋਵਰ ਦੇ ਕੰਢੇ ਬੈਠ ਕੇ ਭਾਈ ਗੁਰਦਾਸ ਜੀ ਦੇ ਸਪੁਰਦ ਇਸ ਮਹਾਨ ਗ੍ਰੰਥ ਦੀ ਦੀ ਲਿਖਾਈ ਦਾ ਕੰਮ ਲਾਇਆ। ਕੱਚੀ ਤੇ ਸੱਚੀ ਬਾਣੀ ਦਾ ਨਿਖੇੜਾ ਕੀਤਾ। ਬਾਣੀ ਨੂੰ ਰਾਗਾਂ ਅਨੁਸਾਰ ਢਾਲ ਕੇ, ਦਰਜ ਕੀਤਾ ਤੇ ਇਸ ਗ੍ਰੰਥ ਦਾ ਨਾਮ (ਗੁਰੂ) ਗ੍ਰੰਥ ਸਾਹਿਬ ਰੱਖਿਆ।

ਸ਼ਹਾਦਤ :

ਗੁਰੂ ਅਰਜਨ ਦੇਵ ਜੀ ਸ਼ਹਾਦਤ ਸਿੱਖ ਧਰਮ ਵਿਚ ਇਕ ਮਹੱਤਵਪੂਰਨ ਘਟਨਾ ਹੈ। ਇਸ ਨੇ ਸਿੱਖ ਕੌਮ ਦੀ ਵਿਚਾਰਧਾਰਾ ਨੂੰ ਹੀ ਬਦਲ ਕੇ ਰੱਖ ਦਿੱਤਾ। ਇਹ ਘਟਨਾ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸਗੋਂ ਗੁਰੂ ਘਰ ਤੇ ਮੁਗਲ ਰਾਜ ਦੇ ਅਰੰਭ ਸਮੇਂ ਤੋਂ ਚਲੀ ਆ ਰਹੀ ਟੱਕਰ ਦਾ ਇਕ ਸਿੱਖਰ ਸੀ। ਇਸ ਸ਼ਹੀਦੀ ਦੇ ਅਨੇਕਾਂ ਕਾਰਨ ਸਨ। ਧਾਰਮਿਕ ਵੀ ਤੇ ਰਾਜਨੀਤਕ ਵੀ। ਕਈ ਇਤਿਹਾਸਕਾਰਾਂ ਨੇ ਇਸ ਸ਼ਹੀਦੀ ਦਾ ਕਾਰਨ ਜਹਾਂਗੀਰ ਦੇ ਪੁੱਤਰ ਖੁਸਰੋ ਨੂੰ ਮੰਨਿਆ ਹੈ। ਗਿਆਨੀ ਗਿਆਨ ਸਿੰਘ ਅਨੁਸਾਰ, ਬਗਾਵਤ ਕਰਕੇ ਭੱਜੇ ਜਾਂਦੇ ਖੁਸਰੋ ਦੀ ਗੁਰੂ ਸਾਹਿਬ ਨੇ ਮਾਇਕ ਸਹਾਇਤਾ ਕੀਤੀ ਸੀ।[184] ਕਨਿੰਘਮ ਮਾਇਕ ਸਹਾਇਤਾ ਦਾ ਹਵਾਲਾ ਨਹੀਂ ਦਿੰਦਾ, ਸਗੋਂ ਖੁਸਰੋ ਦੀ ਰੱਖਿਆ ਲਈ ਕੀਤੀ ਅਰਦਾਸ ਇਸ ਦਾ ਮੁੱਖ ਕਾਰਨ ਮੰਨਦਾ ਹੈ।[185] ਪ੍ਰਿੰ. ਸਤਿਬੀਰ ਸਿੰਘ ਲਿਖਦਾ ਹੈ, ਜਹਾਂਗੀਰ ਨੇ ਗੁਰੂ ਸਾਹਿਬ ਦੀ ਮਹਾਨ ਸ਼ਖਸੀਅਤ ਅੱਗੇ ਆਪਣਾ ਤਖਤ ਡੋਲਦਾ ਦੇਖਿਆ। ਇਸੇ ਲਈ ਉਸ ਨੇ ਆਪਣੀ ਤੁਜਕ ਆਤਮ ਕਥਾ ਲਿਖਿਆ ਹੈ, "ਉਸ (ਗੁਰੂ ਅਰਜਨ) ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਸਾਰੇ ਹਿੰਦੂ ਤੇ ਕਈ ਮੁਸਲਮਾਨ ਉਸ ਵੱਲ ਖਿਚੇ ਚਲੇ ਜਾ ਰਹੇ ਹਨ। ਮੈਨੂੰ ਇਹ ਇਕ ਅੱਖ ਨਹੀਂ ਭਾਉਂਦਾ। ਮੈਂ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨ ਦੀ ਚਿਰਾਂ ਤੋਂ ਸੋਚ ਰਿਹਾ ਸਾਂ।"[186]

ਕਈ ਇਤਿਹਾਸਕਾਰਾਂ ਨੇ ਚੰਦੂ ਦੀ ਲੜਕੀ ਦੇ ਰਿਸ਼ਤੇ ਦਾ ਪ੍ਰਸੰਗ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਜੋੜਿਆ ਹੈ, ਕਈ ਵਿਦਵਾਨ ਜਹਾਂਗੀਰ ਦਾ ਤੁਅੱਸਬ ਹੀ ਗੁਰੂ ਸਾਹਿਬ ਦੀ ਸ਼ਹੀਦੀ ਦਾ ਮੁੱਖ ਕਾਰਨ ਮੰਨਦੇ ਹਨ। ਜਾਦੂ ਨਾਥ ਸਰਕਾਰ ਦੇ ਕਥਨ ਅਨੁਸਾਰ, ਗੁਰੂ ਅਰਜਨ ਨੇ ਇਕ ਰਾਜਸੀ ਅਪਰਾਧੀ ਦੀ ਰਸਮੀ ਸਜਾ ਭੁਗਤੀ ਸੀ।[187] ਡਾ. ਮਹਿੰਦਰ ਕੌਰ ਗਿੱਲ, ਗੁਰੂ ਸਾਹਿਬ ਦੀ ਸ਼ਹੀਦੀ ਵਿਚ ਧਾਰਮਿਕ ਕਾਰਨਾਂ ਨਾਲੋਂ ਰਾਜਸੀ ਕਾਰਨ ਜ਼ਿਆਦਾ ਠੋਸ ਮੰਨਦੀ ਹੈ।[188]

ਉਪਰੋਕਤ ਵਿਚਾਰ ਤੋਂ ਇਹ ਤੱਥ ਸਪਸ਼ਟ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਉਸਾਰੂ ਕੰਮਾਂ ਨੇ ਲੋਕਾਂ ਦੇ ਮਨ ਵਿਚ ਈਰਖਾ ਪੈਦਾ ਕਰ ਦਿੱਤੀ, ਵਿਸ਼ੇਸ਼ ਕਰਕੇ ਉਨ੍ਹਾਂ ਲੋਕਾਂ ਦੇ ਮਨ ਵਿਚ ਜਿਹੜੇ ਜਾਤ ਅਭਿਮਾਨੀ ਸਨ ਤੇ ਪ੍ਰਿਥੀ ਚੰਦ ਤੇ ਚੰਦੂ ਦੇ ਹਮਾਇਤੀ ਸਨ। ਮੌਕਾ ਮੇਲ ਨਾਲ ਇਹ ਸਾਰੇ ਗੁਰੂ ਸਾਹਿਬ ਦੇ ਵਿਰੁੱਧ ਇਕੱਠੇ ਹੋ ਗਏ । ਸਾਡੀ ਰਾਇ ਇਹ ਹੈ ਕਿ ਇਹ ਸਾਰੇ ਸਹਾਇਕ ਕਾਰਨ ਹੋ ਸਕਦੇ ਹਨ, ਗੁਰੂ ਸਾਹਿਬ ਦੀ ਸ਼ਹੀਦੀ ਦਾ ਅਸਲ ਕਾਰਨ, ਉਨ੍ਹਾਂ ਵਲੋਂ ਕੀਤੇ ਉਸਾਰੂ ਤੇ ਸੁਧਾਰਕ ਕਾਰਜ ਸਨ। ਜਿਨ੍ਹਾਂ ਨਾਲ ਸਿੱਖ ਲਹਿਰ ਨੂੰ ਬਲਵਾਨ ਰੂਪ ਮਿਲਿਆ।

ਭਾਈ ਰਣਧੀਰ ਸਿੰਘ , ਤੁਜ਼ਕਿ ਜਹਾਂਗੀਰੀ ਦਾ ਹਵਾਲਾ ਦਿੰਦਾ ਹੋਇਆ ਲਿਖਦਾ ਹੈ, "ਕੰਨਾਂ ਦੇ ਕੱਚੇ ਜਹਾਂਗੀਰ ਨੇ ਆਪਣੇ ਗਲਤ ਪ੍ਰਭਾਵ ਦੇ ਅਹਿਲਕਾਰਾਂ ਦੀਆਂ ਰਿਪੋਰਟਾਂ ਦੇ ਆਧਾਰ ਤੇ 20 ਮਈ, 1606 ਈ. ਨੂੰ ਗੁਰੂ ਸਾਹਿਬ ਦੇ ਨਾਮ ਦਸਤਕ (ਵਰੰਟ ਗ੍ਰਿਫ਼ਤਾਰੀ) ਜਾਰੀ ਕੀਤਾ।"[189] ਇਸ ਤੋਂ ਗੁਰੂ ਸਾਹਿਬ ਨੇ ਜਹਾਂਗੀਰ ਦੇ ਮੰਦੇ ਖਿਆਲਾਂ ਨੂੰ ਸਮਝ ਲਿਆ ਸੀ। ਉਹ ਜਾਣਦੇ ਸਨ ਕਿ ਸਿੱਖੀ ਉਤੇ ਕੋਈ ਵੱਡਾ ਹਮਲਾ ਹੋਣ ਵਾਲਾ ਹੈ। ਭਾਈ ਵੀਰ ਸਿੰਘ ਦੇ ਕਥਨ ਅਨੁਸਾਰ, ਆਪ ਦੇ ਸਿੱਖਾਂ ਨੇ ਤਲਵਾਰ ਪਹਿਨਣ ਲਈ ਕਿਹਾ ਤਾਂ ਆਪ ਨੇ ਬਚਨ ਕੀਤਾ "ਅਸਾਂ ਜੋ ਸ਼ਸ਼ਤਰ ਪਕੜਨੇ ਹੈਨਿ ਸੋ (ਗੁਰੂ) ਹਰਗੋਬਿੰਦ ਦਾ ਰੂਪ ਧਾਰ ਕਰ ਪਕੜਨੇ ਹਨ, ਸਮਾਂ ਕਲਯੁੱਗ ਦਾ ਵਰਤਣਾ ਹੈ, ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਕਰ ਪੀਰ ਦੀ ਪੀਰੀ ਲੈ ਲੈਣੀ ਹੈ। ਤੁਸੀਂ ਛੇਵੇਂ ਪਾਤਿਸ਼ਾਹ ਦੇ ਹਜ਼ੂਰ ਰਹਿਣਾ।"[190] ਗੁਰੂ ਸਾਹਿਬ ਨੇ ਉਸ ਸਮੇਂ ਪਰਵਾਰ, ਭਾਈ ਗੁਰਦਾਸ , ਬਾਬਾ ਬੁੱਢਾ ਜੀ ਤੇ ਹੋਰ ਮੁੱਖੀ ਸਿੱਖਾਂ ਨੂੰ ਬੁਲਾ ਕੇ ਕਿਹਾ ਕਿ ਲਾਹੌਰ ਜਾ ਰਹੇ ਹਾਂ, ਉੱਥੋਂ ਵਾਪਸ ਨਹੀਂ ਆ ਸਕਦੇ ਤੇ ਸ਼ਹੀਦੀ ਪਾਵਾਂਗੇ। ਕੇਸਰ ਸਿੰਘ ਛਿੱਬਰ ਇਹ ਭਾਵ ਇਸ ਤਰ੍ਹਾਂ ਬਿਆਨ ਕਰਦਾ ਹੈ।

ਭਾਈ ਗੁਰਦਾਸ ਨੂੰ ਬੈਠ ਸਮਝਾਇਆ
ਸਾਡਾ ਲੱਗੇਗਾ ਸੀਸ ਇਹ ਨਿਸਚਾ ਆਇਆ।
ਸਰੀਰ ਹੈ ਛੁਟਣਾ ਸੰਸਾ ਨਹੀਂ ਕੋਈ।
ਰਜਾਇ ਖਾਵੰਦ ਦੀ ਹੈ ਇਸ ਤਰ੍ਹਾਂ ਹੋਈ।[191]

ਲਾਹੌਰ ਵਿਚ ਸ਼ਹੀਦੀ ਦਾ ਹੁਕਮ ਦੇਣ ਤੋਂ ਪਹਿਲਾਂ ਗੁਰੂ ਸਾਹਿਬ ਨੂੰ ਜੁਰਮਾਨਾ ਕੀਤਾ ਗਿਆ, ਜੋ ਆਪ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਫਿਰ ਧਰਮ ਬਦਲਣ ਤੇ ਈਨ ਮੰਨਣ ਲਈ ਜ਼ੋਰ ਪਾਇਆ ਗਿਆ, ਜਦ ਇਸ ਪ੍ਰਸਤਾਵ ਨੂੰ ਗੁਰੂ ਸਾਹਿਬ ਨੇ ਰੱਦ ਕਰ ਦਿੱਤਾ ਤਾਂ ਤਸੀਹੇ ਦੇ ਕੇ ਮਾਰਨ ਦਾ ਹੁਕਮ ਦਿੱਤਾ ਗਿਆ।

ਗੁਰੂ ਅਰਜਨ ਦੇਵ ਜੀ ਨੂੰ ਕਿਸ ਤਰੀਕੇ ਨਾਲ ਸ਼ਹੀਦੀ ਕੀਤਾ ਗਿਆ, ਬਾਰੇ ਵਿਦਵਾਨਾਂ ਵਿਚ ਮੱਤਭੇਦ ਹੈ। ਕੇਸਰ ਸਿੰਘ ਛਿੱਬਰ ਅਨੁਸਾਰ, ਗੁਰੂ ਸਾਹਿਬ ਨੂੰ ਰੇਤਾਂ ਵਿਚ ਬੰਨ੍ਹ ਕੇ, ਸੁੱਟ ਦਿੱਤਾ ਗਿਆ। ਜੇਠ ਹਾੜ ਦੀ ਸਖਤ ਗਰਮੀ ਸੀ, ਉਪਰੋਂ ਕਿਸੇ ਮੁਗਲ ਕੇ ਮੁਸਲਮਾਨੀ-ਸ਼ਰ੍ਹਾ ਅਨੁਸਾਰ ਗੁਰੂ ਜੀ ਦੀ ਪੁੜਪੁੜੀ ਦੇ ਕੋਲ ਪੱਥਰ ਮਾਰਿਆ। ਇਸ ਚੋਟ ਨਾਲ ਜਿਆਦਾ ਖੂਨ ਵਗਣ ਕਾਰਨ ਸੰਮਤ ਸੋਲਾਂ ਸੌ ਤ੍ਰੇਹਟ ਜੇਠ ਸੁਦੀ ਚੌਥ ਨੂੰ ਗੁਰੂ ਜੀ ਸ਼ਾਂਤ ਹੋ ਗਏ।[192] ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਮੋਹਿਸਨ ਫ਼ਾਨੀ ਇਸ ਸੰਬੰਧੀ ਸੰਕੇਤ ਦਿੰਦਾ ਹੈ, "ਭਾਰੀ ਰਕਮ ਉਸ ਤੋਂ ਮੰਗੀ ਗਈ, ਗੁਰੂ ਜੀ ਤਾਰਨ ਤੋਂ ਅਸਮਰਥ ਰਹੇ। ਇਸ ਉਪਰ ਉਨ੍ਹਾਂ ਨੂੰ ਬੰਨ੍ਹ ਕੇ ਲਾਹੌਰ ਦੀ (ਰਾਵੀ) ਬਰੇਤੀ ਵਿਚ ਸੁਟਿਆ ਗਿਆ। ਸੂਰਜ ਦੀ ਤਪਸ਼, ਕੜਾਕੇ ਦੀ ਗਰਮੀ ਤੇ ਮੁਹੱਸਲਾਂ ਦੇ ਅਤਿਆਚਾਰਾਂ ਕਰਕੇ ਉਨ੍ਹਾਂ ਜਿੰਦ ਵਾਰ ਦਿੱਤੀ।"[193] ਕਨਿੰਘਮ ਅਨੁਸਾਰ, ਗੁਰੂ ਸਾਹਿਬ ਰਾਵੀ ਵਿਚ ਇਸ਼ਨਾਨ ਕਰਨ ਗਏ ਅਤੇ ਐਸੀ ਚੁੱਭੀ ਲਗਾਈ ਕਿ ਫਿਰ ਬਾਹਰ ਨਾ ਆਏ।[194] ਇਸ ਤੋਂ ਇਹ ਅਰਥ ਨਿਕਲਦਾ ਹੈ ਕਿ ਗੁਰੂ ਸਾਹਿਬ ਨੇ ਆਤਮਹੱਤਿਆ ਕੀਤੀ ਜੋ ਠੀਕ ਨਹੀਂ ਹੈ। ਇਸ ਵਿਚਾਰ ਤੇ ਬਹੁਤੇ ਵਿਦਵਾਨ ਇਕ ਮੱਤ ਹਨ ਕਿ ਅਤਿ ਦੀ ਗਰਮੀ ਵਿਚ ਗੁਰੂ ਸਾਹਿਬ ਨੂੰ ਉਬਲਦੀ ਪਾਣੀ ਦੀ ਦੇਗ ਵਿਚ ਬਿਠਾਇਆ ਗਿਆ, ਸਰੀਰ ਉਤੇ ਤੱਤੀ ਰੇਤ ਪਾਈ ਗਈ, ਤੱਤੀ ਤਵੀ ਤੇ ਬਿਠਾਇਆ ਗਿਆ, ਗੁਰੂ ਸਾਹਿਬ ਬਿਲਕੁਲ ਨਹੀਂ ਡੋਲੇ। ਫਿਰ ਰਾਵੀ ਦਰਿਆ ਤੇ ਇਸ਼ਨਾਨ ਕਰਨ ਲਈ ਭੇਜਿਆ ਗਿਆ ਤਾਂ ਕਿ ਠੰਡੇ ਪਾਣੀ ਨਾਲ ਛਾਲਿਆਂ ਵਿਚ ਚੀਸਾਂ ਨਿਕਲਣ। ਇਥੇ ਗੁਰੂ ਸਾਹਿਬ ਨੇ ਪ੍ਰਾਣ ਦਿੱਤੇ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸੰਬੰਧੀ ਵਿਚਾਰ ਕਰਨ ਤੋਂ ਇਹ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਨਾ ਤਾਂ ਰਾਵੀ ਵਿਚ ਚੁੱਭੀ ਲਗਾਈ ਤੇ ਨਾ ਹੀ ਸਵੈ-ਇੱਛਾ ਨਾਲ ਸਰੀਰ ਤਿਆਗਿਆ। ਇਹ ਉਸ ਸਮੇਂ ਦੀ ਜ਼ਾਲਮ ਸਰਕਾਰ ਦੇ ਵਹਿਸ਼ੀਆਨਾ ਵਰਤਾਉ ਤੇ ਅਤਿਆਚਾਰਾਂ ਕਰਕੇ ਸ਼ਹੀਦ ਹੋਏ।

ਭਾਈ ਗੁਰਦਾਸ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਵਾਰਾਂ ਵਿਚ ਸੰਕੇਤ ਕੀਤਾ ਹੈ। ਭਾਈ ਸਾਹਿਬ ਨੇ ਸ਼ਹਾਦਤ ਸਬੰਧੀ ਕੋਈ ਵੇਰਵਾ ਨਹੀਂ ਦਿੱਤਾ ਅਤੇ ਸਪਸ਼ਟ ਕੀਤਾ ਹੈ ਕਿ ਗੁਰੂ ਸਾਹਿਬ ਆਪਣੇ ਅੰਤਮ ਸਮੇਂ ਡੋਲੇ ਨਹੀਂ, ਦੁੱਖ ਕਲੇਸ਼ ਝੱਲੇ ਪਰ ਵਾਹਿਗੁਰੂ ਨਾਲ ਅਭੇਦ ਜੁੜੇ ਰਹੇ। ਗੁਰੂ ਸਾਹਿਬ ਦੀ ਸ਼ਹੀਦ ਹੋਣ ਦੀ ਪਹਿਲੀ ਰਾਤ ਬਹੁਤ ਕਸ਼ਟ ਭਰਪੂਰ ਸੀ। ਭਾਈ ਗੁਰਦਾਸ ਅਨੁਸਾਰ , ਗੁਰੂ ਸਾਹਿਬ ਨੇ ਉਸ ਰਾਤ ਵੀ ਕਸ਼ਟ ਨਹੀਂ ਮੰਨਿਆ ਤੇ ਸਹਿਜ ਅਨੰਦ ਵਿਚ ਹੀ ਰਹੇ। ਆਪਣੇ ਅੰਤਮ ਸਮੇਂ ਤੱਕ ਗੁਰੂ ਸਾਹਿਬ ਸ਼ਬਦਾਂ ਦਾ ਵਖਿਆਨ ਕਰਦੇ ਰਹੇ। ਇਸ ਪਾਉੜੀ ਦੇ ਅੰਤ ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਪ੍ਰੇਮ ਰਸ, ਸੁਖ ਰੂਪੀ ਫਲ, ਸਹਿਜ ਸਮਾਧ ਸਾਧ ਸੰਗਤ ਹੀ ਜਾਣੀ ਸੀ। ਸੋ ਗੁਰੂ ਅਰਜਨ ਦੇਵ ਜੀ ਤੋਂ ਕੁਰਬਾਨ ਜਾਂਦਾ ਹੈ:

ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।
ਦਰਸ਼ਨੁ ਦੇਖਿ ਪਤੰਗ ਜਿਉਂ ਜੋਤੀ ਅੰਦਰਿ ਜੋਤਿ ਸਮਾਣੀ।
ਸ਼ਬਦ ਸੁਰਤਿ ਲਿਵ ਮਿਰਗ ਜਿਉਂ ਭੀੜ ਪਈ ਚਿਤਿ ਅਵਰੁ ਨ ਆਣੀ।
ਚਰਣ ਕਵਲ ਮਿਲਿ ਭਵਰ ਜਿਉਂ ਸੁਖ ਸੰਪਟ ਵਿਚ ਰੈਣਿ ਵਿਹਾਣੀ।
ਗੁਰੁ ਉਪਦੇਸੁ ਨ ਵਿਸਰੈ ਬਾਬੀਹੇ ਜਿਉਂ ਆਖ ਵਖਾਣੀ।
ਗੁਰਮੁਖਿ ਸੁਖ ਫਲੁ ਪਿਰਮਰਸ ਸਹਜ ਸਮਾਧਿ ਸਾਧ ਸੰਗਿ ਜਾਣੀ।
ਗੁਰ ਅਰਜਨ ਵਿਟਹੁੰ ਕੁਰਬਾਣੀ।[196]

ਭਾਈ ਗੁਰਦਾਸ ਗੁਰੂ ਅਰਜਨ ਦੇਵ ਜੀਦੇ ਸਮਕਾਲੀ ਸਨ। ਜਿਨੀ ਸਮਝ ਉਨ੍ਹਾਂ ਨੂੰ ਗੁਰੂ ਸਾਹਿਬ ਤੇ ਹੋਏ ਤਸੀਹਿਆਂ ਤੇ ਸ਼ਹੀਦੀ ਦੀ ਸੀ, ਸ਼ਾਇਦ ਕਿਸੇ ਹੋਰ ਇਤਿਹਾਸਕਾਰ ਜਾਂ ਕਵੀ ਦੀ ਲਿਖਤ ਵਿਚੋਂ ਪ੍ਰਾਪਤ ਨਹੀਂ ਹੋ ਸਕਦੀ। ਭਾਈ ਸਾਹਿਬ ਨੇ ਆਪਣੀ ਨਿੱਜੀ ਜਾਣਕਾਰੀ ਅਨੁਸਾਰ ਲਿਖਿਆ ਹੈ ਕਿ ਜਦੋਂ ਗੁਰੂ ਸਾਹਿਬ ਤੇ ਭੀੜ ਬਣੀ ਤੇ ਕਸ਼ਟ ਮਿਲੇ ਤਾਂ ਵੀ ਆਪ ਉਸ ਅਕਾਲਪੁਰਖ ਵਿਚ ਹੀ ਲੀਨ ਰਹੇ ਤੇ ਖਿੜੇ ਮੱਥੇ ਸ਼ਹਾਦਤ ਪ੍ਰਵਾਨ ਕੀਤੀ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਧਰਮ ਲਹਿਰ ਵਿਚ ਨਵਾਂ ਮੋੜ ਸੀ। ਟਰੰਪ

ਅਨੁਸਾਰ, "ਗੁਰੂ ਅਰਜਨ ਦੇਵ ਜੀ ਦੀ ਮ੍ਰਿਤੂ ਭਾਈਚਾਰੇ ਦੀ ਉਨੱਤੀ ਵਿਚ ਇਕ ਮਹੱਤਵਪੂਰਨ ਮੋੜ ਹੈ। ਕਿਉਂਕਿ ਇਸ ਸਮੇਂ ਤੋਂ ਸੰਘਰਸ਼ ਆਰੰਭ ਹੋ ਗਿਆ ਜਿਸ ਨੇ ਸੁਧਾਰਵਾਦੀ ਧਾਰਮਿਕ ਲਹਿਰ ਦਾ ਸਮੁੱਚਾ ਸੁਭਾ ਹੀ ਬਦਲ ਦਿੱਤਾ।"[197] ਮੁਹੰਮਦ ਲਤੀਫ ਲਿਖਦਾ ਹੈ, "ਗੁਰੂ ਅਰਜਨ ਦੀ ਮੌਤ ਸਿੱਖ ਕੌਮ ਵਿਚ ਇਕ ਮਹਾਨ ਮੋੜ ਸੀ। ਕਿਉਂਕਿ ਇਸ ਨਾਲ ਸਿੱਖਾਂ ਦਾ ਧਾਰਮਿਕ ਜੋਸ਼ ਭੜਕਿਆ ਅਤੇ ਇਹੋ ਵਕਤ ਸੀ ਜਦੋਂ ਮੁਸਲਮਾਨ ਹਕੂਮਤ ਵਿਰੁਧ ਫਿਰਨਾ ਦੇ ਬੀਜ ਬੀਜੇ ਗਏ ਜਿਨ੍ਹਾਂ ਦੀਆਂ ਜੜਾਂ ਗੁਰੂ ਨਾਨਕ ਦੇ ਸਿੱਖਾਂ ਦੇ ਮਨ ਵਿਚ ਡੂੰਘੀਆਂ ਜੰਮ ਗਈਆਂ।"[198] ਇਸ ਮਹਾਨ ਘਟਨਾ ਦੇ ਨਾਲ ਸਿੱਖਾਂ ਨੂੰ ਇਹ ਅਹਿਸਾਸ ਹੋ ਗਿਆ ਕਿ ਧਰਮ ਦੀ ਰਾਖੀ ਲਈ ਤੇ ਜ਼ੁਲਮ ਦੇ ਟਾਕਰੇ ਲਈ ਹਥਿਆਰਬੰਦ ਹੋਣਾ ਜ਼ਰੂਰੀ ਹੈ। ਸੋ ਗੁਰੂ ਅਰਜਨ ਦੇਵ ਜੀ ਦੇ ਉਤਰਾਧਿਕਾਰੀ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤੇ ਸਿੱਖ ਰਾਜਨੀਤੀ ਦੇ ਪ੍ਰਤੀਕ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ ਤਾਂ ਕਿ ਸਮੇਂ ਦੇ ਜ਼ੁਲਮ ਤੇ ਅਤਿਆਚਾਰ ਨੂੰ ਧਰਮ ਤੇ ਰਾਜਨੀਤੀ ਨਾਲ ਰੋਕਿਆ ਜਾ ਸਕੇ।

ਉਪਰੋਕਤ ਵਿਚਾਰ ਤੋਂ ਬਾਅਦ ਸਾਰੰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਇਕ ਮਹਾਨ ਲੋਕ-ਨਾਇਕ ਸਨ। ਉਨ੍ਹਾਂ ਨੇ ਆਪਣੇ ਜੀਵਨ-ਕਾਲ ਦੌਰਾਨ ਮਨੁੱਖਤਾ ਦੇ ਕਲਿਆਣ ਲਈ ਨਗਰ ਵਸਾਏ, ਸਰੋਵਰ ਖੁਦਵਾਏ, ਅਤੇ ਸਿੱਖਾਂ ਨੂੰ ਇਕ ਥਾਂ ਜੁੜਨ ਲਈ ਤੇ ਅਧਿਆਤਮਕ ਚਿੰਤਨ ਲਈ ਹਰਿਮੰਦਰ ਸਾਹਿਬ ਦੀ ਸਿਰਜਨਾ ਕੀਤੀ। ਗੁਰੂ ਸਾਹਿਬ ਨੇ ਸਮੁੱਚੇ ਸਿੱਖ ਜਗਤ ਦੀ ਵਿਚਾਰਧਾਰਾ ਵਿਚ ਸਮਾਨਤਾ ਲਿਆਉਣ ਲਈ ਅਤੇ ਗੁਰਬਾਣੀ ਵਿਚ ਬਾਹਰੀ ਰਲਾ ਰੋਕਣ ਲਈ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਇਕੱਤਰ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ। ਜ਼ੁਲਮ ਦੇ ਟਾਕਰੇ ਲਈ ਸ਼ਹਾਦਤ ਦੇ ਕੇ ਸਿੱਖ ਧਰਮ ਵਿਚ ਆਪਾ ਵਾਰਨ ਦੀ ਲੀਹ ਤੋਰੀ, ਜਿਸ ਤੋਂ ਆਉਣ ਵਾਲੇ ਗੁਰੂ ਸਾਹਿਬਾਨ ਨੂੰ ਬਲ ਮਿਲਿਆ। ਇਹ ਸਾਰੀਆਂ ਗੱਲਾਂ ਗੁਰੂ ਸਾਹਿਬ ਦੀ ਉੱਚੀ ਤੇ ਸੁੱਚੀ ਸ਼ਖਸੀਅਤ ਤੇ ਵਿਦਵਤਾ ਦੀ ਸਾਖੀ ਭਰਦੀਆਂ ਹਨ।

## ਗੁਰੂ ਹਰਗੋਬਿੰਦ ਜੀ :

ਗੁਰੂ ਹਰਗੋਬਿੰਦ ਸਾਹਿਬ, ਗੁਰੂ ਨਾਨਕ ਪਰੰਪਰਾ ਦੇ ਛੇਵੇਂ ਉਤਰਾਧਿਕਾਰੀ ਸਨ। ਆਪ ਦੀ ਵਿਦਿਆ ਅਤੇ ਸਿਖਿਆ ਦਾ ਪ੍ਰਬੰਧ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੇ ਜ਼ਿੰਮੇ ਸੀ,

ਇਨ੍ਹਾਂ ਦੋਹਾਂ ਬਜ਼ੁਰਗਾਂ ਨੂੰ ਨਿਕਟ-ਭਵਿੱਖ ਵਿਚ ਵਾਪਰਨ ਵਾਲੀਆਂ ਘਟਨਾਵਾਂ ਦਾ ਜਾਇਜ਼ਾ ਸੀ। ਇਸ ਲਈ ਇਨ੍ਹਾਂ ਨੇ ਗੁਰੂ ਹਰਗੋਬਿੰਦ ਸਾਹਿਬ ਧਰਮ ਨੂੰ ਸਿਖਿਆ ਦੇ ਨਾਲ ਨਾਲ ਸ਼ਸਤਰ ਸਿਖਿਆ ਦੇਣ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਅਕਬਰ ਦੀ ਮੌਤ ਤੋਂ ਉਸ ਦਾ ਪੁੱਤਰ ਜਹਾਂਗੀਰ ਤਖਤ ਤੇ ਬੈਠਾ। ਉਸ ਨੇ ਗੁਰੂ ਘਰ ਦੇ ਵਿਰੋਧੀਆਂ ਦੇ ਪ੍ਰਭਾਵ ਹੇਠ ਆ ਕੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾਣ ਤੋਂ ਪਹਿਲਾਂ (ਗੁਰੂ) ਹਰਗੋਬਿੰਦ ਸਾਹਿਬ ਨੂੰ ਆਪਣਾ ਉਤਰਾਧਿਕਾਰੀ ਥਾਪਿਆ। ਜਦੋਂ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਵਿਖੇ ਸ਼ਹਾਦਤ ਪ੍ਰਵਾਨ ਕਰ ਲਈ ਤਾਂ ਗੁਰੂ ਘਰ ਦੀ ਸਾਰੀ ਜ਼ਿੰਮੇਵਾਰੀ ਗੁਰੂ ਹਰਗੋਬਿੰਦ ਸਾਹਿਬ ਦੇ ਮੋਢਿਆਂ ਤੇ ਆਪਈ। ਇਸ ਸਮੇਂ ਆਪ ਦੀ ਉਮਰ ਸਿਰਫ਼ ਗਿਆਰਾਂ ਸਾਲਾਂ ਦੀ ਸੀ।

ਗੁਰੂ ਹਰਗੋਬਿੰਦ ਸਾਹਿਬ ਦੇ ਗੁਰਗੱਦੀ ਤੇ ਬੈਠਣ ਸਮੇਂ ਆਪਦੇ ਪਿਤਾ ਅਰਥਾਤ ਪੂਰਬ-ਧਿਕਾਰੀ ਗੁਰੂ ਅਰਜਨ ਦੇਵ ਜੀ ਦਾ ਆਦੇਸ਼ ਭਾਵ ਜ਼ੋਰ, ਜ਼ੁਲਮ ਤੇ ਅਤਿਆਚਾਰ ਵਿਰੁੱਧ ਨਿਰੰਤਰ ਸੰਘਰਸ਼ ਕਰਨਾ ਵੀ ਆਪਦੇ ਅੰਗ ਸੰਗ ਸੀ। ਦੂਜਾ ਉਨ੍ਹਾਂ ਦੇ ਮਨ ਵਿਚ ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਦੁੱਖ ਤੇ ਰੋਸ ਵੀ ਵਿਦਮਾਨ ਸੀ। ਸਮੇਂ ਦੀ ਨੇਜ਼ਾਕਤ ਨੂੰ ਸਮਝਦਿਆਂ, ਗੁਰੂ ਹਰਗੋਬਿੰਦ ਸਾਹਿਬ ਨੇ ਇਹ ਮਹਿਸੂਸ ਕੀਤਾ ਕਿ ਇਨ੍ਹਾਂ ਪ੍ਰਸਥਿਤੀਆਂ ਦਾ ਟਾਕਰਾ ਕਰਨ ਲਈ ਇਕ ਸ਼ਕਤੀਸ਼ਾਲੀ ਫੌਜ ਤਿਆਰ ਕੀਤੀ ਜਾਵੇ। ਅਨਿਲ ਚੰਦਰ ਬੈਨਰਜੀ ਲਿਖਦਾ ਹੈ, "ਗੁਰੂ ਅਰਜਨ ਦੇਵ ਜੀ ਨੇ ਦੂਰੋਂ ਹੀ ਦੇਖ ਲਿਆ ਸੀ ਤੇ ਗੁਰੂ ਹਰਗੋਬਿੰਦ ਜੀ ਨੇ ਮਹਿਸੂਸ ਕਰ ਲਿਆ ਸੀ ਕਿ ਬਗੈਰ ਸ਼ਸਤਰਾਂ ਦੇ ਸਿੱਖ ਕੌਮ ਦਾ ਬਚਣਾ ਮੁਸ਼ਕਲ ਹੈ।[199]

ਗੁਰੂ ਹਰਗੋਬਿੰਦ ਸਾਹਿਬ ਦੇ ਫ਼ੈਸਲੇ ਅਨੁਸਾਰ, ਗੁਰਗੱਦੀ ਦੀ ਰਸਮ ਸਮੇਂ ਬਾਬਾ ਬੁੱਢਾ ਜੀ ਨੇ ਆਪ ਨੂੰ ਦੋ ਤਲਵਾਰਾਂ ਪਹਿਨਾਈਆਂ। ਇਕ ਮੀਰੀ ਦੀ, ਜੋ ਰਾਜਨੀਤੀ ਦਾ ਚਿੰਨ੍ਹ ਸੀ ਤੇ ਦੂਜੀ ਪੀਰੀ ਦੀ ਜੋ ਧਰਮ ਦਾ ਚਿੰਨ੍ਹ ਸੀ। ਮੈਕਾਲਿਫ, ਗੁਰੂ ਸਾਹਿਬ ਦੇ ਇਸ ਫ਼ੈਸਲੇ ਸੰਬੰਧੀ ਲਿਖਦਾ ਹੈ ਕਿ ਇਸ ਨਾਲ ਗੁਰੂ ਘਰ ਵਿਚ ਧਰਮ ਅਤੇ ਸੰਸਾਰਕ ਪਦਾਰਥ ਇਕੱਠੇ ਕਰ ਦਿੱਤੇ ਜਾਣਗੇ।"[200] ਸੀ.ਐਚ. ਪੇਨ ਦੇ ਕਥਨ ਅਨੁਸਾਰ, ਗੁਰੂ ਅਰਜਨ ਦੇਵ ਜੀ ਜਾਂਦੀ ਵਾਰੀ ਕ੍ਰਿਪਾਨਾਂ ਪਹਿਨਣ ਤੇ ਹਥਿਆਰ ਰੱਖਣ ਲਈ ਕਹਿ ਗਏ ਸਨ।"[201] ਇਤਿਹਾਸ ਗਵਾਹ ਹੈ ਕਿ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਗੁਰਗੱਦੀ ਤੇ ਬੈਠਨ ਸਮੇਂ ਦੋ ਤਲਵਾਰਾਂ ਪਹਿਨੀਆਂ। ਜਦੋਂ ਵੀ ਗੁਰੂ ਸਾਹਿਬ ਸਿੱਖ ਸੰਗਤਾਂ ਨੂੰ ਮਿਲਦੇ ਤਾਂ ਇਹ ਹੀ ਆਖਦੇ ਕਿ ਮੇਰੀ ਭੇਟਾ ਜਵਾਨੀ,

ਘੋੜੇ ਤੇ ਸ਼ਸਤਰ ਹਨ। ਲੋਕ ਹੁਣ ਗੁਰੂ ਘਰ ਦੀ ਭੇਟਾ ਲਈ ਸ਼ਸਤਰ, ਘੋੜੇ ਤੇ ਹੋਰ ਹੱਥ ਦੇ ਬਨੇ ਹੋਏ ਹਥਿਆਰ ਲਿਆਉਣ ਲੱਗ ਪਏ। ਗੁਰੂ ਦਰਬਾਰ ਵਿਚ ਰੋਜ ਸ਼ਾਮ ਨੂੰ ਦੀਵਾਨ ਲੱਗਦੇ ਤੇ ਢਾਡੀ ਵਾਰਾਂ ਰਾਹੀਂ ਸਿੱਖਾਂ ਵਿਚ ਇਕ ਨਵਾਂ ਜੋਸ਼ ਤੇ ਉਤਸ਼ਾਹ ਭਰਦੇ। ਰੋਜਾਨਾ ਪ੍ਰੋਗਰਾਮ ਵਿਚ ਤਬਦੀਲੀਆਂ ਕੀਤੀਆਂ ਜਾਂਦੀਆਂ, ਕੁਸ਼ਤਰੀਆਂ, ਨੇਜੇ, ਬਾਜੀ, ਨਕਲੀ ਜੰਗ ਕਰਕੇ ਕੌਮ ਦੇ ਢਾਂਚੇ ਨੂੰ ਇਕ ਖਾਸ ਢਾਂਚੇ ਵਿਚ ਢਾਲਿਆ ਜਾ ਰਿਹਾ ਸੀ। ਭਾਈ ਗੁਰਦਾਸ ਅਨੁਸਾਰ ਧਰਮ ਦੀ ਰਾਖੀ ਲਈ ਵਾੜ ਲਗਾਈ ਜਾ ਰਹੀ ਸੀ:

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉਂ ਬਾਗੈ।[202]

ਭਾਰਤ ਦੇ ਇਤਿਹਾਸ ਵਿਚ ਇਹ ਇਕ ਨਵੀਂ ਰੀਤ ਸੀ ਜਦੋਂ ਕੋਈ/ਭਾਈਚਾਰਾ ਜਿਸ ਉਤੇ ਰਾਜ ਵਲੋਂ ਜ਼ੁਲਮ ਹੋ ਰਿਹਾ ਹੋਵੇ ਤੇ ਉਹ ਆਪਣੀ ਰੱਖਿਆ ਆਪ ਕਰ ਸਕਦਾ ਹੋਵੇ।[203]

ਗੁਰੂ ਹਰਗੋਬਿੰਦ ਸਾਹਿਬ ਦੇ ਇਸ ਪ੍ਰਕਾਰ ਦੇ ਕੀਤੇ ਜਾ ਰਹੇ ਕੰਮ ਕਰਕੇ ਲੋਕਾਂ ਦੇ ਮਨ ਵਿਚ ਇਤਰਾਜ ਪੈਦਾ ਹੋਣ ਲੱਗੇ ਕਿ ਗੁਰੂ ਸਾਹਿਬ ਨੇ ਗੁਰੂ ਨਾਨਕ ਵਾਲਾ ਮਾਰਗ ਤਿਆਗ ਦਿੱਤਾ ਹੈ। ਉਹ ਆਪਣੇ ਭਾਵਾਂ ਦਾ ਪ੍ਰਗਟਾਵਾ ਸਿੱਧਾਂ ਗੁਰੂ ਸਾਹਿਬ ਸਾਹਮਣੇ ਤਾਂ ਨਹੀਂ ਕਰ ਸਕਦੇ ਸਨ ਪਰ ਲੁੱਕ ਛਿੱਪ ਕੇ ਆਪਣੇ ਦਿਲ ਦੀ ਭੜਾਸ ਕੱਢ ਲੈਂਦੇ ਸਨ। ਭਾਈ ਗੁਰਦਾਸ ਨੇ ਉਨ੍ਹਾਂ ਸਿੱਖਾਂ ਵਲੋਂ ਉਠਾਏ ਗਏ ਇਤਰਾਜਾਂ ਦਾ ਵਰਨਣ ਵਾਰਾਂ ਵਿਚ ਕੀਤਾ ਹੈ। ਉਨ੍ਹਾਂ ਅਨੁਸਾਰ ਗੁਰੂ ਦਾ ਨੇਮ ਹੁੰਦਾ ਸੀ ਕਿ ਧਰਮਸਾਲ ਵਿਚ ਇਕਠੇ ਬੈਠਦੇ ਸਨ, ਗੁਰੂ ਹਰਗੋਬਿੰਦ ਇਕ ਥਾਂ ਤੇ ਨਹੀਂ ਟਿੱਕਦੇ। ਪਹਿਲੇ ਗੁਰੂਆਂ ਦੇ ਘਰ ਬਾਦਸ਼ਾਹ ਆਪ ਚੱਲ ਕੇ ਆਉਂਦੇ ਸਨ ਪਰ ਇਸ ਨੂੰ ਬਾਦਸ਼ਾਹ ਬੰਦੀ ਬਣਾਉਣ ਲਈ ਫਿਰਦਾ ਹੈ। ਅੱਗੇ ਸਿੱਖੀ ਗੁਰੂ ਦੇ ਦਰਸ਼ਨ ਕਰਦੀ ਸੀ, ਪਰ ਹੁਣ ਇਨ੍ਹਾਂ ਨੂੰ ਮਹਿਲਾਂ ਵਿਚ ਨਹੀਂ ਪਾਉਂਦੀ ਕਿਉਂਕਿ ਇਹ ਨੱਠਾ ਫਿਰਦਾ ਹੈ, ਕਿਸੇ ਦਾ ਡਰਾਇਆ ਨਹੀਂ ਡਰਦਾ। ਪਹਿਲੇ ਗੁਰੂ ਟਿੱਕ ਕੇ ਬੈਠ ਕੇ ਜਗਤ ਨੂੰ ਤਸੱਲੀ ਦਾ ਦਾਨ ਦਿੰਦੇ ਸਨ। ਇਸ ਨੇ ਕੁੱਤੇ ਰੱਖੇ ਹੋਏ ਹਨ, ਸ਼ਿਕਾਰ ਖੇਡਦਾ ਹੈ। ਪਹਿਲੇ ਗੁਰੂ ਬਾਣੀ ਰਚਦੇ ਸਨ, ਗਾਉਂਦੇ ਸਨ, ਸੁਣਦੇ ਸਨ ਪਰ ਇਹ ਨਾ ਬਾਣੀ ਰਚਦਾ ਹੈ, ਨਾ ਸੁਣਦਾ ਹੈ ਤੇ ਨਾ ਹੀ ਗਾਉਂਦਾ ਹੈ। ਪਹਿਲੇ ਗੁਰੂ ਸੇਵਕਾਂ ਨੂੰ ਪਾਸ ਰੱਖਦੇ ਸਨ ਪਰ ਇਹ ਦੋਖੀਆਂ, ਦੁਸ਼ਟਾਂ ਨੂੰ ਆਗੂ ਕਰਕੇ ਮਾਣ ਦਿੰਦਾ ਹੈ। ਪਰ ਭਾਈ ਗੁਰਦਾਸ ਲਿਖਦੇ ਹਨ ਕਿ ਇਸ ਤਬਦੀਲੀ ਨਾਲ ਸੱਚ ਲੁਕਾਇਆ ਨਹੀਂ ਲੁਕਦਾ, ਸਿੱਖ ਭਵਰੇ ਵਾਂਗ ਹਨ, ਠੀਕ ਗੱਲ ਸਿਆਣਦੇ ਹਨ ਤੇ ਭਵਰੇ ਵਾਂਗ ਚਰਨ ਕੰਵਲਾਂ ਤੇ ਲੋਭਿਤ ਹਨ ਕਿਉਂਕਿ ਸਿੱਖ

ਜਾਣਦੇ ਹਨ ਕਿ ਗੁਰੂ ਹਰਗੋਬਿੰਦ ਅਜਰ ਨੂੰ ਜਰ ਰਿਹਾ ਹੈ ਤੇ ਆਪ ਨਹੀਂ ਜਣਾਉਂਦਾ। ਪੱਕੇ ਸਿੱਖ ਅਜਰ ਨੂੰ ਜਰਦੇ ਹਨ ਤੇ ਨੁਕਤਾ ਚੀਨੀ ਵਿਚ ਨਹੀਂ ਪੈਂਦੇ।[204]

ਭਾਈ ਗੁਰਦਾਸ ਨੇ ਅਗਲੀ ਪਾਉੜੀ ਵਿਚ ਉਨ੍ਹਾਂ ਸਿੱਖਾਂ ਦੁਆਰਾ ਕੀਤੇ ਇਤਰਾਜ਼ਾਂ ਦਾ ਜੁਆਬ ਦਿੱਤਾ ਹੈ, ਜਿਨ੍ਹਾਂ ਨੂੰ ਗੁਰੂ ਸਾਹਿਬ ਦੇ ਕਾਰਨਾਮਿਆਂ ਦੀ ਸੋਝੀ ਨਹੀਂ ਸੀ। ਉਸ ਅਨੁਸਾਰ ਖੇਤੀ ਦੀ ਰੱਖਿਆ ਲਈ ਕਿੱਗਰੀ ਦੀ ਵਾੜ ਜ਼ਰੂਰੀ ਹੁੰਦੀ ਹੈ, ਬਾਗ ਨੂੰ ਸੁਰਖਿਅਤ ਰੱਖਣ ਲਈ ਆਸ ਪਾਸ ਕਿੱਕਰ ਹੁੰਦੇ ਹਨ। ਚੰਦਨ ਦੁਆਲੇ ਸੱਪ ਲਿਪਟੇ ਹੁੰਦੇ ਹਨ ਤੇ ਖਜਾਨੇ ਦੇ ਬੂਹੇ ਤੇ ਜੰਦਰੇ ਤੇ ਕੁੱਤੇ ਹੁੰਦੇ ਹਨ। ਇਸੇ ਤਰ੍ਹਾਂ ਦੀ ਧਰਮ ਦੀ ਰਾਖੀ ਲਈ ਸਿਆਸਤ ਰੂਪੀ ਵਾੜ ਹੋਣੀ ਚਾਹੀਦੀ ਹੈ। ਜੇਕਰ ਇਹ ਸਿਆਸਤ ਰੂਪੀ ਵਾੜ ਨਾ ਹੋਵੇ ਤਾਂ ਕੰਵਲ ਰੂਪੀ ਧਰਮ ਤੇ ਬਾਗ ਰੂਪੀ ਸਿੱਖੀ ਬਚ ਨਹੀਂ ਸਕਦੇ।[205]

ਭਾਈ ਗੁਰਦਾਸ ਅਨੁਸਾਰ ਸ਼ਾਸ਼ਨ ਦੇ ਵਿਰੁੱਧ ਬੋਲਣਾ ਧਰਮ ਹੈ। ਗੁਰੂ ਸਾਹਿਬ ਇਸ ਤਰ੍ਹਾਂ ਕਰਕੇ ਆਪਣਾ ਫਰਜ ਨਿਭਾ ਰਹੇ ਹਨ। ਉਦਾਹਰਣਾਂ ਦਿੰਦਾ ਹੋਇਆ ਲਿਖਦਾ ਹੈ ਕਿ ਜਿਵੇਂ ਖੂਹ ਵਿਚੋਂ ਪਾਣੀ ਕੱਢਣ ਲਈ ਡੋਲੂ ਨੂੰ ਰੱਸੀ ਨਾਲ ਬੰਨਣਾ ਪੈਂਦਾ ਹੈ, ਕਾਲੇ ਸੱਪ ਤੋਂ ਮਣੀ ਲਈ ਉਸ ਨੂੰ ਮਾਰਨਾ ਪੈਂਦਾ ਹੈ ਕਿਉਂਕਿ ਉਹ ਖੁਸ਼ੀ ਨਾਲ ਦੇਣ ਜਾਣਦਾ ਨਹੀਂ। ਹਿਰਨ ਦੀ ਧੁੰਨੀ ਵਿਚੋਂ ਕਸਤੂਰੀ ਪ੍ਰਾਪਤ ਕਰਨ ਲਈ ਹਿਰਨ ਨੂੰ ਮਾਰਨਾ ਪੈਂਦਾ ਹੈ। ਤਿਲਾਂ ਵਿਚੋਂ ਤੇਲ ਬਗੈਰ ਪੀੜੇ ਨਹੀਂ ਨਿਕਲ ਸਕਦਾ, ਨਾਰੀਅਲ ਨੂੰ ਤੋੜੇ ਬਗੈਰ ਗਿਰੀ ਖਾਧੀ ਨਹੀਂ ਜਾ ਸਕਦੀ ਇਸੇ ਤਰ੍ਹਾਂ ਜਿਹੜਾ ਸਿੱਖ ਗੁਰੂ ਤੋਂ ਬੇਮੁੱਖ ਹੈ ਉਹ ਲੋਹੇ ਦੇ ਸਮਾਨ ਹੈ ਜਿਸ ਨੂੰ ਹਥੌੜਿਆਂ ਦੀ ਸੱਟ ਨਾਲ ਸਿੱਧਾ ਕੀਤਾ ਜਾਂਦਾ ਹੈ।[206] ਭਾਵ ਧਰਮ ਨੂੰ ਬੇਮੁੱਖਾਂ ਤੇ ਜ਼ਾਲਮਾਂ ਤੋਂ ਬਚਾਉਣ ਲਈ ਲੋਹਾ ਲੈਣਾ ਹੀ ਪੈਂਦਾ ਹੈ। ਇਹ ਤਲਵਾਰ ਜੋ ਗੁਰੂ ਸਾਹਿਬ ਨੇ ਚੁੱਕੀ ਇਹ ਧਰਮ ਦੀ ਰਾਖੀ ਲਈ ਸੀ। ਭਾਈ ਗੁਰਦਾਸ ਨੇ ਵਾਰਾਂ ਵਿਚ ਗੁਰੂ ਹਰਗੋਬਿੰਦ ਸਾਹਿਬ ਦੇ ਆਦਰਸ਼ਾਂ ਨੂੰ ਬਿਆਨ ਕੀਤਾ ਹੈ। ਉਹ ਲੋਕ ਜੋ ਮਨਮੁੱਖ ਹੋ ਗਏ ਸਨ ਤੇ ਗੁਰੂ ਸਾਹਿਬ ਵਿਰੁੱਧ ਪ੍ਰਚਾਰ ਕਰਦੇ ਸਨ ਉਹਨਾਂ ਦਾ ਪਰਦਾ ਫ਼ਾਸ਼ ਕੀਤਾ ਹੈ:

ਸਤਿਗੁਰ ਸਾਹਿਬੁ ਛੱਡਿਕੈ ਮਨਮੁਖ ਹੋਇ ਬੰਦੇ ਦਾ ਬੰਦਾ।[207]

ਉਸ ਸਮੇਂ ਇਹ ਆਮ ਪ੍ਰਚਲਿਤ ਸੀ ਕਿ ਰਾਜੇ ਦਾ ਸੇਵਕ ਬਣ ਕੇ ਮਰਨ ਨਾਲ ਬਹਿਸ਼ਤ ਪ੍ਰਾਪਤ ਹੁੰਦੀ ਹੈ । ਗੁਰੂ ਸਾਹਿਬ ਨੇ ਇਸ ਦਾ ਖੰਡਨ ਕੀਤਾ ਤੇ ਕਿਹਾ ਕਿ ਅਕਾਲਪੁਰਖ ਨੂੰ ਛੱਡ ਕੇ ਜਿਹੜੇ ਹੋਰ ਮਨੁੱਖਾਂ ਦੀ ਨੌਕਰੀ ਕਰਦੇ ਹਨ, ਉਹਨਾਂ ਦਾ ਜੀਵਨ ਸਫਲ ਨਹੀਂ ਹੁੰਦਾ, ਉਨ੍ਹਾਂ ਦੀ ਆਤਮਾ ਜੂਨਾਂ ਵਿਚ ਭਟਕਦੀ ਹੈ। ਇਸ ਸੰਦਰਭ ਵਿਚ ਭਾਈ ਗੁਰਦਾਸ ਲੋਕਾਂ ਨੂੰ ਸੰਬੋਧਨ ਕਰਦਾ ਹੋਇਆ ਲਿਖਦਾ ਹੈ ਕਿ ਤੁਹਾਡੇ ਨਾਲੋਂ ਤਾਂ ਪਸ਼ੂ ਚੰਗੇ ਹਨ। ਤੁਸੀਂ ਪਸ਼ੂਆਂ ਨਾਲੋਂ ਵੱਧ ਸਮਝਦਾਰ ਹੋ ਕੇ ਪਸ਼ੂਆਂ ਨਾਲੋਂ ਗਿਰੇ ਹੋਏ ਹੋ। ਪਸ਼ੂ ਤੇ ਪੰਛੀਆਂ ਨੂੰ ਕਦੇ ਵੀ ਇਕ ਦੂਜੇ ਤੋਂ ਮੰਗਦੇ ਨਹੀਂ ਦੇਖਿਆ। ਇਸ ਚੌਰਾਸੀ ਲੱਖ ਜੂਨ ਵਿਚ ਮਨੁੱਖ ਤਾਂ ਹੀ ਉੱਤਮ ਹੈ ਜੇਕਰ ਉਹ ਭਲੇ ਕੰਮ ਕਰੇ। ਤੁਸੀਂ ਇਕ ਨੂੰ ਰਾਜਾ ਮੰਨ ਕੇ ਆਪ ਪਰਜਾ ਬਣ ਬੈਠੇ ਹੋ, ਚੰਗੀ ਭਲੀ ਜੂਨ ਨੂੰ ਦੁਖੀ ਬਣਾ ਲਿਆ ਹੈ।[208]

ਥੋੜੇ ਜਿਹੇ ਸਮੇਂ ਵਿਚ ਹੀ ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਵਿਚ ਏਨੇ ਸਿੱਖ ਇਕੱਠੇ ਹੋ ਗਏ ਕਿ ਸਿੱਖ ਫੌਜ ਮੁਗਲ ਫੌਜ ਦਾ ਮੁਕਾਬਲਾ ਕਰਨ ਦੇ ਸਮਰੱਥ ਹੋ ਗਈ। ਮੈਕਲਿਫ ਲਿਖਦਾ ਹੈ, ਫੌਜ ਵਿਚ ਸ਼ਾਮਿਲ ਸਿੱਖ; ਸਬਦ ਬਾਣੀ ਸੁਣ ਕੇ ਆਤਮਾਵਾਂ ਨੂੰ ਸ਼ਾਂਤ ਕਰਦੇ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਉਹ ਦਹੀਰ ਦੋ ਵਕਤ ਪ੍ਰਸ਼ਾਦਾ ਛੱਕ ਕੇ ਤੇ ਛੇ ਮਹੀਨੇ ਬਾਅਦ ਇਕ ਕਮੀਜ਼ ਲੈ ਕੇ ਸਤੁੰਸ਼ਟ ਸੀ।[209] ਗੁਰੂ ਸਾਹਿਬ ਨੇ ਲੋਹਗੜ੍ਹ ਵਿਖੇ ਕਿਲ੍ਹੇ ਦੀ ਸਥਾਪਨਾ ਕੀਤੀ। ਇਹ ਸਿੱਖਾਂ ਦਾ ਪਹਿਲਾ ਕਿਲ੍ਹਾ ਸੀ ਤੇ ਕਿਲ੍ਹੇ ਦੇ ਬਣਨ ਨਾਲ ਸਿੱਖਾਂ ਦੇ ਹੌਂਸਲੇ ਬੁਲੰਦ ਹੋਏ ਪਰ ਦੂਜੇ ਪਾਸੇ ਹਕੂਮਤ ਦਾ ਸ਼ੱਕ ਹੋਰ ਪੱਕਾ ਹੋ ਗਿਆ।

ਗੁਰੂ ਹਰਗੋਬਿੰਦ ਸਾਹਿਬ ਨੇ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ। ਇਸ ਦੀ ਸਥਾਪਨਾ ਹਰਿਮੰਦਰ ਸਾਹਿਬ ਵਿਖੇ ਕਰਨ ਦਾ ਮਕਸਦ ਇਹ ਸੀ ਕਿ ਗੁਰਦੁਆਰੇ ਬੈਠਾ ਹੋਇਆ ਸਿੱਖ ਰਾਜਨੀਤੀ ਨੂੰ ਨਾ ਭੁਲੇ। ਗੁਰੂ ਸਾਹਿਬ ਲੋਕਾਂ ਦੇ ਝਗੜੇ ਇਥੇ ਬੈਠ ਕੇ ਹੀ ਨਿਪਟਾਉਂਦੇ ਸਨ। ਇਸ ਤਰ੍ਹਾਂ ਲੋਕਾਂ ਨੇ ਇਨਸਾਫ ਲਈ ਦਿੱਲੀ ਤਖਤ ਦਾ ਬੂਹਾ ਖੜਕਾਉਣਾ ਬੰਦ ਕਰ ਦਿੱਤਾ। ਥੋੜੇ ਜਿਹੇ ਸਮੇਂ ਵਿਚ ਹੀ ਅਕਾਲ ਤਖਤ ਸਾਹਿਬ ਦੀ ਮਾਨਤਾ ਬਹੁਤ ਵੱਧ ਗਈ ਤੇ ਬਾਦਸ਼ਾਹ ਜਹਾਂਗੀਰ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਦੀਆਂ ਵਿਉਂਤਾਂ ਬਣਾਉਣ ਲੱਗਾ।

ਗੁਰੂ ਹਰਗੋਬਿੰਦ ਸਾਹਿਬ ਦੀਆਂ ਇਨ੍ਹਾਂ ਗਤੀਵਿਧੀਆਂ ਨੂੰ ਮੁੱਖ ਰੱਖਦਿਆਂ ਹਾਕਮ ਜਹਾਂਗੀਰ ਨੇ ਆਪ ਨੂੰ ਕੈਦ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ। ਇਥੇ ਆਪ ਤਿੰਨ ਸਾਲ

ਕੈਦ ਰਹੇ। ਮੋਹਸਿਨ ਫ਼ਾਨੀ ਦੇ ਕਥਨ ਅਨੁਸਾਰ, "ਹਰਗੋਬਿੰਦ ਦੇ ਸਾਹਮਣੇ ਬਹੁਤ ਮੁਸ਼ਕਲਾਂ ਸਨ। ਉਨ੍ਹਾਂ ਵਿਚੋਂ ਇਕ ਇਹ ਸੀ ਕਿ ਉਸਨੇ ਇਕ ਜੋਧੇ ਦਾ ਢੰਗ ਅਖਤਿਆਰ ਕਰ ਲਿਆ ਸੀ। ਆਪਣੇ ਪਿਤਾ ਦੇ ਉਲਟ ਉਹ ਤਲਵਾਰ ਧਾਰਨ ਕਰਦਾ ਸੀ, ਨੌਕਰ ਚਾਕਰ ਰੱਖਦਾ ਸੀ ਅਤੇ ਸ਼ਿਕਾਰ ਕਰਨਾ ਆਰੰਭ ਕਰ ਦਿੱਤਾ ਸੀ। ਸ਼ਹਿਨਸ਼ਾਹ ਨੇ ਉਸ ਤੋਂ ਅਰਜਨ ਮੱਲ ਤੇ ਲਾਏ ਜੁਰਮਾਨੇ ਦੀ ਵਸੂਲੀ ਕਰਨ ਦੇ ਬਹਾਨੇ ਉਸ ਨੂੰ ਗਵਾਲੀਅਰ ਭੇਜਿਆ ਸੀ।[210] ਸਿੱਖ ਸੰਗਤਾਂ ਵਲੋਂ ਗੁਰੂ ਸਾਹਿਬ ਦੀ ਕੈਦ ਦੇ ਵਿਰੁੱਧ ਰੋਸ ਪ੍ਰਗਟਾਵੇ ਕੀਤੇ ਗਏ। ਦੂਜੇ ਪਾਸੇ ਮੀਆਂ ਮੀਰ ਤੇ ਬੇਗਮ ਨੂਰ ਜਹਾਂ ਗੁਰੂ ਸਾਹਿਬ ਦੀ ਪ੍ਰਤਿਭਾ ਪ੍ਰਤੀ ਜਹਾਂਗੀਰ ਨੂੰ ਪ੍ਰਭਾਵਿਤ ਕਰਦੇ ਰਹੇ। ਜਹਾਂਗੀਰ ਨੇ ਪ੍ਰਭਾਵਿਤ ਹੋ ਕੇ ਆਪ ਨੂੰ ਤੇ ਆਪ ਦੇ ਕਹਿਣ ਤੇ 52 ਹੋਰ ਬੰਦੀ ਰਾਜਿਆਂ ਨੂੰ ਰਿਹਾ ਕਰ ਦਿੱਤਾ । ਇਸ ਤੋਂ ਬਾਅਦ ਲਗਭਗ ਤੇਰਾਂ ਸਾਲ ਗੁਰੂ ਸਾਹਿਬ ਤੇ ਜਹਾਂਗੀਰ ਦੇ ਸਬੰਧ ਸੁਖਾਵੇਂ ਰਹੇ। ਇਸ ਸਮੇਂ ਦੌਰਾਨ ਆਪ ਨੇ ਸਿੱਖ ਸ਼ਕਤੀ ਨੂੰ ਕੇਂਦਰਤ ਕਰਨ ਲਈ ਅੰਮ੍ਰਿਤਸਰ, ਕਰਤਾਰਪੁਰ, ਹਰਗੋਬਿੰਦ ਪੁਰ, ਕੀਰਤਪੁਰ ਆਦਿ ਸਥਾਨਾਂ ਦੀ ਸਿਰਜਣਾ ਵੱਲ ਧਿਆਨ ਦਿੱਤਾ। ਇਸ ਦੇ ਨਾਲ ਕਸ਼ਮੀਰ ਤੇ ਹੋਰ ਸ਼ਹਿਰਾਂ ਵਿਚ ਜਾ ਕੇ ਸਿੱਖਾਂ ਨੂੰ ਧਰਮ ਪ੍ਰਚਾਰ ਵੱਲ ਰੁਚਿਤ ਕੀਤਾ।

ਜਹਾਂਗੀਰ ਦੇ ਅਕਾਲ ਚਲਾਣੇ ਕਰਨ ਤੋਂ ਬਾਅਦ ਉਸ ਦੇ ਪੁੱਤਰ ਸ਼ਾਹ ਜਹਾਨ ਨੇ ਗੱਦੀ ਸੰਭਾਲੀ। ਗੁਰੂ ਵਿਰੋਧੀ ਸ਼ਕਤੀਆਂ ਤੇ ਮੁੱਲਾਂ ਮੁਲਾਣਿਆਂ ਨੇ ਸ਼ਾਹ ਜਹਾਨ ਨੂੰ ਭੜਕਾਇਆ ਤੇ ਇਕ ਵਾਰ ਫਿਰ ਟਕਰਾਉ ਦੀ ਸਥਿਤੀ ਬਣ ਗਈ। ਮੁਗਲ ਤੇ ਸਿੱਖ ਫ਼ੌਜ ਵਿਚਕਾਰ ਚਾਰ ਯੁੱਧ ਹੋਏ। ਪ੍ਰੋ. ਪੂਰਨ ਸਿੰਘ ਲਿਖਦਾ ਹੈ, "ਜੰਗਾਂ ਦੌਰਾਨ ਗੁਰੂ ਹਰਗੋਬਿੰਦ ਦਾ ਮਨ ਸ਼ਾਂਤ , ਨਿਰਭੈ ਤੇ ਅਡੋਲ ਰਿਹਾ। ਉਨ੍ਹਾਂ ਕੋਲ ਸੈਨਿਕ ਸ਼ਕਤੀ ਏਨੀ ਕੇਂਦਰਿਤ ਹੋ ਚੁੱਕੀ ਸੀ ਕਿ ਉਹ ਸ਼ਾਹੀ ਦਲਾਂ ਨੂੰ ਭਜਾਉਣ ਵਿਚ ਸਫ਼ਲ ਸਾਬਤ ਹੋਏ।[211] ਆਪ ਨੇ 1644 ਵਿਚ ਗੁਰੂ ਹਰਿਰਾਏ ਜੀ ਨੂੰ ਸਤਵੇਂ ਗੁਰੂ ਦੇ ਰੂਪ ਵਿਚ ਉਜਾਗਰ ਕੀਤਾ ਤੇ ਆਪ ਸਦੀਵੀ ਵਿਛੋੜਾ ਦੇ ਗਏ।

ਗੁਰੂ ਹਰਗੋਬਿੰਦ ਸਾਹਿਬ ਦੁਆਰਾ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਣ ਦਾ ਵਾਧਾ ਇਹ ਹੋਇਆ ਕਿ ਸਿੱਖ ਭਗਤੀ ਪੂਜਾ ਦੇ ਨਾਲ ਨਾਲ ਸ਼ਕਤੀ ਪੁਜਾਰੀ ਵੀ ਬਣ ਗਏ। ਜੇਕਰ ਗੁਰੂ ਸਾਹਿਬ ਦੇ ਦਰਬਾਰ ਵਿਚ ਭਗਤੀ ਪੂਜਕਾਂ ਦਾ ਸਤਿਕਾਰ ਹੁੰਦਾ ਸੀ ਤੇ ਨਾਲ ਸ਼ਸਤ੍ਰਧਾਰੀਆਂ ਦਾ ਵੀ ਪੂਰਾ ਸਤਿਕਾਰ ਹੋਣ ਲੱਗਾ। ਦੂਜੇ ਪਾਸੇ ਗੁਰੂ ਘਰ ਦੇ ਵਿਰੋਧੀਆਂ ਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਗੁਰੂ ਹਰਗੋਬਿੰਦ ਵਿਚ ਗੁਰੂ ਜੋਤਿ ਨਹੀਂ ਰਹੀ, ਇਹਨਾਂ ਨੇ ਤਲਵਾਰ ਚੁੱਕ ਲਈ ਹੈ, ਜਿਸ ਨਾਲ ਭਗਤੀ ਪਿਛੇ ਪੈ ਗਈ ਹੈ। ਇਹੀ ਕਾਰਨ ਹੈ ਕਿ ਭਾਈ ਗੁਰਦਾਸ ਨੇ ਗੁਰੂ ਸਾਹਿਬ

ਦੀਆਂ ਪ੍ਰਾਪਤੀਆਂ ਦਾ ਜਿਕਰ ਨਹੀਂ ਕੀਤਾ। ਹਾਂ ਇਹ ਦ੍ਰਿੜ ਕਰਾਉਣ ਦਾ ਯਤਨ ਜ਼ਰੂਰ ਕੀਤਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਗੁਰੂ ਨਾਨਕ-ਪੀਰ ਦੇ ਛੇਵੇਂ ਪੀਰ ਸਨ। ਪਹਿਲੀ ਵਾਰ ਦੀ 48 ਪਉੜੀ ਵਿਚ ਉਹਨਾਂ ਸਪਸ਼ਟ ਕੀਤਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਗੁਰੂ ਅਰਜਨ ਦੇ ਸਰੂਪ ਸਨ ਤੇ ਗੁਰੂ ਅਰਜਨ ਨੇ ਹੀ ਕਾਇਆ ਪਲਟ ਕੇ ਗੁਰੂ ਹਰਗੋਬਿੰਦ ਦੀ ਸੂਰਤ ਸਵਾਰੀ ਹੈ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ
ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ।[212]

ਭਾਈ ਗੁਰਦਾਸ ਨੇ ਇਸੇ ਪਉੜੀ ਵਿਚ ਸੋਢੀਆਂ ਦੀ ਨੀਂਹ ਅਟੱਲ ਹੋਣ ਦਾ ਸੰਕੇਤ ਦਿੱਤਾ ਹੈ ਅਗਲੀ ਪੰਕਤੀ ਵਿਚ ਦੱਸਿਆ ਹੈ ਕਿ ਛੇਵਾਂ ਗੁਰੂ ਯੋਧਾ ਦਲ ਭੰਜਨ ਹੈ, ਪਰ ਨਾਲ ਪਰਉਪਕਾਰੀ ਕਹਿ ਕੇ ਜਤਾ ਦਿੱਤਾ ਕਿ ਸਸ਼ਤ੍ਰ ਪਰਉਪਕਾਰ ਵਾਸਤੇ ਧਾਰਨ ਕੀਤੇ ਹਨ ਨਾ ਕੇ ਰਾਜ ਦੇ ਲਾਲਚ ਕਰਕੇ:

ਚਲੀ ਪੀੜੀ ਸੋਢੀਆਂ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।[213]

ਭਾਈ ਗੁਰਦਾਸ ਲਿਖਦੇ ਹਨ ਕਿ ਜਿਸ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਦੇਵ ਨੂੰ ਪ੍ਰਮਾਤਮਾ ਦੇ ਗਿਆਨ ਦੇ ਵਿਚ ਸਮਾ ਦਿੱਤਾ; ਗੁਰੂ ਅਮਰਦਾਸ ਨੇ ਗੁਰੂ ਰਾਮਦਾਸ ਨੂੰ ਅਮ੍ਰਿਤ ਰਸ ਦਿਵਾ ਦਿੱਤਾ; ਗੁਰੂ ਰਾਮਦਾਸ ਨੇ ਗੁਰੂਅਰਜਨ ਦੇਵ ਦੀ ਸੇਵਾ, ਸਿਮਰਨ ਦਾ ਫਲ ਗੁਰਿਆਈ ਦੇ ਰੂਪ ਵਿਚ ਦਿੱਤਾ; ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਅਥਾਹ ਬਖਸ਼ਿਸ਼ ਸਦਕਾ ਆਪਣਾ ਸਭ ਕੁਝ ਸਮਰਪਣ ਕਰ ਦਿੱਤਾ।[214] ਐਰੋ ਭਾਈ ਗੁਰਦਾਸ ਲਿਖਦੇ ਹਨ ਕਿ ਗੁਰੂ ਜੋਤਿ ਦੀ ਪ੍ਰਾਪਤੀ ਖਸਮ ਦੀ ਵਡਿਆਈ ਦਾ ਸੰਕੇਤ ਹੈ ਗੁਰੂ ਹਰਗੋਬਿੰਦ ਸਾਹਿਬ ਖਸਮ ਦੀ ਵਡਿਆਈ ਪ੍ਰਾਪਤ ਕਰਕੇ 'ਗੋਬਿੰਦਗੁਰ' ਦਾ ਰੂਪ ਧਾਰਨ ਕਰ ਗਏ ਹਨ।[215] ਝੁਕਾਇਆਂ ਵੀ ਉਹਨਾਂ ਦੀ ਆਭ ਨਹੀਂ ਛੁਕ ਸਕਦੀ ।[216] ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਜਿਵੇਂ ਅਮ੍ਰਿਤ ਬ੍ਰਿਖ ਤੋਂ ਅੰਮ੍ਰਿਤ ਫਲ ਉਪਜਦਾ ਹੈ, ਦੀਵੇ ਤੋਂ ਦੀਵਾ ਬਲਦਾ ਹੈ, ਹੀਰੇ ਨਾਲ ਹੀਰਾ

ਭੇਧਿਆ ਜਾਂਦਾ ਹੈ, ਪਾਣੀ ਅੰਦਰ ਪਾਣੀ ਰਲ ਜਾਂਦਾ ਹੈ, ਸੌਂਚ ਤੇ ਸੱਚੇ ਵਿਚੋਂ ਸੌਂਚ ਫਲ ਜਾਂਦਾ ਹੈ, ਇਸੇ ਤਰ੍ਹਾਂ ਗੁਰੂ ਹਰਗੋਬਿੰਦ ਸਾਹਿਬ ਵੀ ਗੁਰੂ ਨਾਨਕ ਪਾਤਿਸ਼ਾਹ ਦੇ ਲਾਏ ਅਮ੍ਰਿਤ ਫੌਲ ਜਾਂ ਉਹਨਾਂ ਦੇ ਜਗਾਏ ਹੋਏ ਗਿਆਨ ਦੀਵੇ ਤੋਂ ਹੀ ਜੱਗਿਆ ਜਾਂ ਬਲਿਆ ਹੋਇਆ ਦੀਵਾ ਹੈ।[217] ਗੁਰੂ ਹਰਗੋਬਿੰਦ ਸਾਹਿਬ ਗੁਰੂ ਗੋਬਿੰਦ ਜਾਂ ਗੋਬਿੰਦ ਗੁਰੂ ਵਾਂਗ ਹਮੇਸ਼ਾ ਖੇੜੇ ਵਿਚ ਰਹਿੰਦੇ:

ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਗੋਬਿੰਦੁ ਸਦਾ ਵਿਗਸੰਦਾ।[218]

ਗੁਰੂ ਹਰਗੋਬਿੰਦ; ਗੁਰੂ ਅਰਜਨ ਨੂੰ ਚੰਗਾ ਲੱਗਾ[219] ਤੇ ਗੁਰੂ ਅਰਜਨ ਤੋਂ ਗੁਰ ਹਰਗੋਬਿੰਦ ਹੋਏ ਜਿਨ੍ਹਾਂ ਨੇ ਗੁਰੂ ਤੇ ਗੋਬਿੰਦ ਨਾਮ ਸਦਵਾਇਆ ਹੈ।[220] ਗੁਰੂ ਅਰਜਨ ਤੋਂ ਹੀ ਹਰਗੋਬਿੰਦ ਹੋਏ; ਆਦਿ ਪੁਰਖ ਨੂੰ ਹੀ ਇਨ੍ਹਾਂ ਨੇ ਆਦੇਸ਼ ਕਰਾਇਆ[221] ਭਾਵ ਇਕ ਅਕਾਲਪੁਰਖ ਦਾ ਧਿਆਨ ਦ੍ਰਿੜ ਕਰਕੇ ਹੋਰ ਪੰਥ ਦੂਰ ਹੀ ਰੱਖੇ। ਪੰਜ ਪੀਰ ਭਾਵ ਪੰਜੇ ਗੁਰੂ ਹਥ ਫੜਨਵਾਲੇ ਹੋਏ, ਗੁਰੂ ਹਰਗੋਬਿੰਦ ਹਰਿ ਸਰੂਪ ਨੇ ਅਵਤਾਰ ਧਾਰਿਆ।[222]

ਉਪਰੋਕਤ ਵਿਚਾਰ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਇਕ ਐਸੀ ਮਹਾਨ ਸ਼ਖਸੀਅਤ ਸਨ ਜਿਨ੍ਹਾਂ ਉਸ ਸਮੇਂ ਸਿੱਖ ਕੌਮ ਨੂੰ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਜਦੋਂ ਸਿੱਖ ਵਿਰੋਧੀ ਸ਼ਕਤੀਆਂ ਨੂੰ ਇਹ ਵਿਸ਼ਵਾਸ ਹੋਗਿਆ ਸੀ ਕਿ ਹੁਣ ਸਿੱਖ ਕੌਮ ਦੀ ਹਸਤੀ ਮਿੱਟ ਜਾਵੇਗੀ। ਗੁਰੂ ਸਾਹਿਬ ਦੇ ਇਸ ਸਾਹਸ ਨਾਲ ਕੌਮ ਹੋਰ ਸ਼ਕਤੀਸ਼ਾਲੀ ਹੋ ਗਈ। ਆਪ ਪਰਉਪਕਾਰੀ ਯੋਧੇ ਸਨ,ਸ਼ਕਤੀ ਦੇ ਮਾਲਕ ਸਨ। ਆਪ ਨੂੰ ਨਿਮਰਤਾ ਤੇ ਧੀਰਜ ਵਿਰਸੇ ਤੋਂ ਪ੍ਰਾਪਤ ਹੋਇਆ ਸੀ। ਆਪ ਨੇ ਆਪਣੀ ਸੂਝ ਰਾਹੀਂ ਸਿੱਖੀ ਦੀਆਂ ਜੜ੍ਹਾਂ ਇੰਨੀਆਂ ਮਜ਼ਬੂਤ ਕਰ ਦਿੱਤੀਆਂ ਕਿ ਆਉਣ ਵਾਲੇ ਸਮੇਂ ਵਿਚ ਇਹ ਵਿਰੋਧੀਆਂ ਦਾ ਸਾਹਮਣਾ ਕਰਨ ਦੇ ਸਮਰਥ ਹੋ ਸਕੀ ਤੇ ਸਿੱਖ ਮੱਤ ਪ੍ਰਫੁੱਲਤ ਹੋਣ ਲੱਗਾ।

(ਅ) ਇਤਿਹਾਸਕ ਭਗਤ :

ਪ੍ਰਸਿੱਧ ਭਗਤ :

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮੱਧਕਾਲੀਨ ਭਗਤੀ-ਲਹਿਰ ਦੇ ਪ੍ਰਸਿੱਧ ਇਤਿਹਾਸਕ ਭਗਤਾਂ ਨਾਲ ਸੰਬੰਧਤ ਪ੍ਰਸੰਗਾਂ ਦਾ ਸੰਕੇਤ ਰੂਪ ਵਿਚ ਵਰਨਣ ਮਿਲਦਾ ਹੈ । ਇਸ ਪ੍ਰਸੰਗ ਵਿਚ ਦਸਵੀਂ ਵਾਰ ਵਿਸ਼ੇਸ਼ ਤੌਰ ਤੇ ਮਹੱਤਵਪੂਰਨ ਹੈ, ਜਿਸ ਵਿਚ ਇਨ੍ਹਾਂ ਪ੍ਰਸਿੱਧ ਇਤਿਹਾਸਕ ਭਗਤਾਂ ਦੇ ਪ੍ਰਸੰਗ ਇਸ ਪ੍ਰਕਾਰ ਦਰਜ ਹਨ: ਭਗਤ ਜੈ ਦੇਵ ਜੀ (10/10), ਨਾਮ ਦੇਵ ਜੀ (10/11, 25/14), ਤ੍ਰਿਲੋਚਨ ਜੀ (10/12), ਧੰਨਾ ਜੀ (10/13), ਬੇਣੀ ਜੀ (10/14), ਕਬੀਰ ਜੀ, ਰਾਮਾ ਨੰਦ ਜੀ (10/15), ਸੈਣ ਜੀ (10/16), ਰਵਿਦਾਸ ਜੀ (10/17), ਇਹ ਸਾਰੇ ਭਗਤ (ਧੰਨੇ ਤੋਂ ਜੈ ਦੇਵ ਨੂੰ ਛੱਡ ਕੇ) ਲਗਭਗ ਨੀਵੀਆਂ ਜਾਤਾਂ ਨਾਲ ਸਬੰਧ ਰੱਖਦੇ ਸਨ । ਇਨ੍ਹਾਂ ਨੇ ਇਕ ਮਨ ਨਾਲ ਅਕਾਲਪੁਰਖ ਦੀ ਭਗਤੀ ਕੀਤੀ, ਨਾਮ-ਸਿਮਰਨ ਕੀਤਾ, ਚੰਗੇ ਗੁਣਾਂ ਦੇ ਧਾਰਨੀ ਹੋਏ ਅਤੇ ਅਕਾਲ ਪੁਰਖ ਦੇ ਪਿਆਰ ਨਾਲ ਲੋਕ-ਮਨਾਂ ਵਿਚ ਇਨ੍ਹਾਂ ਦਾ ਉੱਤਮ ਸਥਾਨ ਬਣਿਆ। ਇਨ੍ਹਾਂ ਨੇ ਆਪਣੀ ਵਿਚਾਰਧਾਰਾ ਰਾਹੀਂ ਸਮਾਜ ਵਿਚ ਕਰਾਂਤੀ ਲਿਆਂਦੀ । ਇਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਪੁਰਾਣੇ ਰੀਤੀ-ਰਿਵਾਜ, ਜਾਤ-ਪਾਤ ਤੇ ਵਹਿਮ-ਭਰਮਾਂ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਅਤੇ ਭਟਕ ਰਹੀ ਮਨੁੱਖਤਾ ਨੂੰ ਪ੍ਰਭੂ ਨਾਲ ਇਕ ਸੁਰ ਹੋਣ ਤੇ ਬਲ ਦਿੱਤਾ ਹੈ। ਇਨ੍ਹਾਂ ਦੀ ਰਚਨਾ ਦੀ ਇਸ ਵਡਿਆਈ ਕਾਰਣ ਹੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਸਮੇਂ ਇਨ੍ਹਾਂ ਦੀਆਂ ਰਚਨਾਵਾਂ ਨੂੰ ਇਸ ਮਹਾਨ ਗ੍ਰੰਥ ਵਿਚ ਯੋਗ ਸਥਾਨ ਦਿੱਤਾ ਹੈ। ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਭਗਤਾਂ ਦੀ ਕਰਣੀ ਅਤੇ ਕਰਤੱਵ ਨੂੰ ਆਪਣੀਬਾਣੀ ਵਿਚ ਇਸ ਪ੍ਰਕਾਰ ਸਲਾਹਿਆ ਹੈ:

ਧੰਨੈ ਸੇਵਿਆ ਬਾਲ ਬੁਧਿ।।
ਤ੍ਰਿਲੋਚਨ ਗੁਰ ਮਿਲਿ ਭਈ ਸਿਧਿ।।
ਬੇਣੀ ਕਉ ਗੁਰ ਕੀਓ ਪ੍ਰਗਾਸ।।
ਰੇ ਮਨ ਤੂ ਭੀ ਹੋਹਿ ਦਾਸ।।੫।।
ਜੈ ਦੇਵ ਤਿਆਗਿਓ ਅਹੰਮੇਵ,।।

ਨਾਈ ਉਧਰਿਓ ਸੈਨੁ ਸੇਵ।।
ਮਨ ਡੀਗਿ ਨ ਡੋਲੈ ਕਹੂੰ ਜਾਇ।।
ਮਨ ਤੂ ਭੀ ਤਰਸਹਿ ਸਰਣਿ ਪਾਇ।।[223]

ਸ੍ਰੀਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਾਵੇਂ ਉਹ ਗੁਰੂ ਸਾਹਿਬਾਨ ਦੀ, ਭਗਤਾਂ ਦੀ, ਭੱਟਾਂ ਦੀ ਜਾਂ ਰਬਾਬੀਆਂ ਦੀ ਰਚਨਾ ਹੈ ਨੂੰ ਬਾਣੀ ਕਿਹਾ ਜਾਂਦਾ ਹੈ। ਸੋ ਇਸ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਭਗਤਾਂ ਦੀ ਰਚਨਾ ਨੂੰ ਵੀ 'ਬਾਣੀ' ਕਿਹਾ ਜਾਂਦਾ ਹੈ ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਰਜ ਇਨ੍ਹਾਂ ਭਗਤਾਂ ਦੇ ਜੀਵਨ ਨਾਲ ਸਬੰਧਤ ਅਨੇਕਾਂ ਦੰਤ-ਕਥਾਵਾਂ ਪ੍ਰਸਿਧ ਹਨ। ਜਿਨ੍ਹਾਂ ਵਿਚ ਕਰਮਾਤੀ ਚਮਤਕਾਰ, ਪ੍ਰਭੂ ਦੇ ਪ੍ਰਤੱਖ ਰੂਪ ਵਿਚ ਦਰਸ਼ਨ ਤੇ ਪ੍ਰਭੂ ਵਲੋਂ ਔਖੇ ਸਮੇਂ ਅਚਾਨਕ ਸਹਾਇਤਾ ਲਈ ਪ੍ਰਗਟ ਹੋਣਾ ਮੁੱਖ ਹਨ। ਭਾਈ ਸਾਹਿਬ ਨੇ ਵਾਰਾਂ ਵਿਚ ਇਨ੍ਹਾਂ ਭਗਤਾਂ ਦੇ ਜੀਵਨ ਨਾਲ ਸਬੰਧਤ ਕਿਸੇ ਇਕ ਘਟਨਾ ਨੂੰ ਲੈ ਕੇ ਉਸਨੂੰ ਇਕ ਪਉੜੀ ਵਿਚ ਬਿਆਨ ਕੀਤਾ ਹੈ ਤੇ ਪਉੜੀ ਦੀ ਅਖੀਰਲੀ ਸਤਰ ਵਿਚ ਉਸ ਘਟਨਾ ਤੋਂ ਮਿਲਦੇ ਉਪਦੇਸ਼ ਦਾ ਵਰਣਨ ਕੀਤਾ ਹੈ। ਭਾਈਗੁਰਦਾਸ ਨੇ ਉਨ੍ਹਾਂ ਘਟਨਾਵਾਂ ਦੀ ਹੀ ਚੋਣ ਕੀਤੀ ਹੈ ਜਿਨ੍ਹਾਂ ਰਾਹੀਂ ਗੁਰਮਤਿ ਦੇ ਕਿਸੇ ਸਿਧਾਂਤ ਦੀ ਪੁਸ਼ਟੀ ਹੁੰਦੀ ਹੈ।

## ਭਗਤ ਜੈ ਦੇਵ [224]

ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਮੁਸਲਮਾਨ ਸ਼ਾਸਕਾਂ ਨੇ ਹਿੰਦੂਆਂ ਉਤੇ ਬਹੁਤ ਜ਼ੁਲਮ ਤੇ ਅਤਿਆਚਾਰ ਕੀਤੇ। ਦੂਜੇ ਪਾਸੇ ਹਿੰਦੂ ਜਨਤਾ ਵੱਖ ਵੱਖ ਜਾਤਾਂ ਤੇ ਫਿਰਕਿਆਂ ਵਿਚ ਵੰਡੀ ਹੋਈ ਸੀ। ਉਹ ਵੱਖ ਵੱਖ ਦੇਵ-ਦੇਵੀਆਂ, ਅਵਤਾਰਾਂ ਤੇ ਮਨੁੱਖਾਂ ਦੀ ਪੂਜਾ ਦੇ ਆਡੰਬਰ ਦੀ ਬੁਰੀ ਤਰ੍ਹਾਂ ਸ਼ਿਕਾਰ ਸੀ ਤੇ ਪ੍ਰਭੂ ਦੇ ਨਾਮ ਤੋਂ ਕੋਹਾਂ ਦੂਰ ਸੀ। ਬ੍ਰਾਹਮਣ ਜੋਕਾਂ ਵਾਂਗ ਮਨੁੱਖਤਾ ਦਾ ਖੂਨ ਚੂਸ ਰਹੇ ਸਨ । ਇਸ ਤਰ੍ਹਾਂ ਹਿੰਦੂ ਧਰਮ ਹਰ ਪਾਸਿਉਂ ਵਹਿੰਦਿਆਂ ਕਲਾਂ ਵੱਲ ਜਾ ਰਿਹਾ ਸੀ। ਹਿੰਦੂ ਧਰਮ ਦੀ ਇਸ ਦੁਰਦਸ਼ਾ ਸਮੇਂ ਭਗਤ ਜੈ ਦੇਵ ਜੀ ਨੇ ਸਮੁੱਚੀ ਮਨੁੱਖਤਾ ਤੇ ਖਾਸ ਕਰਕੇ ਹਿੰਦੂ ਜਨਤਾ ਦਾ ਕਲਿਆਣ ਕੀਤਾ। ਆਪ ਨੇ ਸੱਭ ਕਰਮਕਾਂਡ ਤਿਆਗ ਕੇ ਇਕ 'ਗੋਬਿੰਦ' ਦਾ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੱਤਾ।

ਭਗਤ ਜੈ ਦੇਵ ਜੀ ਦੇ ਜਨਮ ਤਿੱਥੀ ਸਬੰਧੀ ਵਿਦਵਾਨਾਂ ਵਿਚ ਮੱਤਭੇਦ ਹੈ । ਡਾ. ਤਾਰਨ ਸਿੰਘ ਅਨੁਸਾਰ, ਭਗਤ ਜੈ ਦੇਵ ਦਾ ਉਦੈ 1201 ਈ. ਵਿਚ ਪਿੰਡ ਕੰਦੂਲੀ, ਜ਼ਿਲ੍ਹਾ ਬੀਰ ਭੂਮਿਵਿਖੇ ਪਿਤਾ ਭੋਜ ਦੇਵ ਤੇ ਮਾਤਾ ਬਾਮ ਦੇਵੀ ਦੀ ਕੁੱਖੋਂ ਹੋਇਆ। ਇਥੇ ਆਪ ਦੀ ਯਾਦ ਵਿਚ ਇਕ ਯਾਦਗਾਰੀ ਮੰਦਰ ਹੈ ਜਿਥੇ ਹਰ ਸਾਲ ਮਾਘ ਦੀ ਸੰਗ੍ਰਾਂਦ ਨੂੰ ਮੇਲਾ ਲਗਦਾ ਹੈ।[225] ਕਈ ਲੇਖਕ ਇਨ੍ਹਾਂ ਨੂੰ ਸੁਆਮੀ ਰਾਮਾਨੰਦ ਜੀ ਤੋਂ ਕੁਝ ਸਮਾਂ ਪਹਿਲਾਂ ਹੋਇਆ ਮੰਨਦੇ ਹਨ। ਮੈਕਾਲਿਫ ਅਨੁਸਾਰ, ਭਗਤ ਜੈ ਦੇਵ ਜੀ ਬੰਗਾਲ ਦੇ ਰਾਜਾ ਲਛਮਣ ਸੈਣ ਦੇ ਪੰਜ ਮਸ਼ਹੂਰ ਦਰਬਾਰੀ ਕਵੀਆਂ ਵਿਚੋਂ ਇਕ ਸਨ। ਉਸ ਦੇ ਦਰਬਾਰ ਵਿਚ ਇਨ੍ਹਾਂ ਨੂੰ 'ਕਵੀ ਰਤਨ' ਕਹਿ ਕੇ ਸਨਮਾਨਿਆ ਜਾਂਦਾ ਸੀ।[226]

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਭਗਤ ਜੈ ਦੇਵ ਦਾ ਜਨਮ 1201 ਈ. ਵਿਚ ਹੋਇਆ ਸੰਭਵ ਨਹੀਂ ਹੋ ਸਕਦਾ। ਕਿਉਂਕਿ ਜੇਕਰ ਆਪ ਰਾਜਾ ਲਛਮਣ ਸੈਣ ਦੇ ਦਰਬਾਰੀ ਪੰਜ ਰਤਨਾਂ ਵਿਚੋਂ ਇਕ ਸਨ ਤਾਂ ਸਥਾਪਤ ਮੱਤ ਅਨੁਸਾਰ ਉਸ ਦਾ ਸਮਾਂ ਸੰ. 1254 (ਸੰਨ 1167 ਈ.) ਦੇ ਲਗਭਗ ਸੀ।[227] ਇਸ ਤਰ੍ਹਾਂ ਆਪ ਦਾ ਜਨਮ 1100 ਤੋਂ 1150 ਈ. ਦੇ ਦਰਮਿਆਨ ਹੋਇਆ ਮੰਨਿਆ ਜਾ ਸਕਦਾ ਹੈ।

ਭਗਤ ਜੈ ਦੇਵ ਜੀ ਅਜੇ ਛੋਟੀ ਉਮਰ ਵਿਚ ਹੀ ਸਨ ਕਿ ਆਪ ਰਮਤੇ ਬਣ ਫਿਰਨ ਲੱਗੇ। ਆਪ ਨੇ ਵਿਦਿਆ ਵਿਦਵਾਨਾਂ ਪਾਸੋਂ ਗ੍ਰਹਿਣ ਕੀਤੀ। ਬਾਲ-ਅਵਸਥਾ ਵਿਚ ਹੀ ਆਪ ਦੇ ਮਾਤਾ ਪਿਤਾ ਦਾ ਹੱਥ ਆਪ ਦੇ ਸਿਰ ਤੋਂ ਉਠੌਂ ਗਿਆ। ਇਸ ਦੁਖਦਾਈ ਘਟਨਾ ਨੇ ਆਪ ਦੇ ਕੋਮਲ ਹਿਰਦੇ ਤੇ ਡੂੰਘਾ ਅਸਰ ਕੀਤਾ ਤੇ ਆਪ ਨੇ ਕਈ ਵੈਰਾਗਮਈ ਗੀਤਾਂ ਦੀ ਰਚਨਾ ਕੀਤੀ। ਇਸ ਪ੍ਰਕਾਰ ਆਪ ਭਗਤੀ ਮਾਰਗ ਵੱਲ ਪ੍ਰੇਰਿਤ ਹੋਏ ਤੇ ਅਦੁੱਤੀ ਬਾਣੀ ਦੀ ਰਚਨਾ ਕੀਤੀ। ਡਾ. ਸੁਰੈਣ ਸਿੰਘ ਵਿਲਖੂ ਅਨੁਸਾਰ , ਇਹ ਇਕ ਐਸਾ ਮਾਰਗ ਸੀ ਜਿਸਦੇ ਅਨੁਯਾਈਆਂ ਨੇ ਅਨੇਕਾਂ ਕਠਿਨਾਈਆਂ ਝੱਲ ਕੇ ਵੀ ਇਸ ਮਾਰਗ ਤੋਂ ਪੈਰ ਪਿਛੇ ਨਹੀਂ ਹਟਾਇਆ।

ਭਗਤ ਜੈ ਦੇਵ ਸੰਸਕ੍ਰਿਤ ਦੇ ਚੰਗੇ ਵਿਦਵਾਨ ਸਨ। ਆਪ ਦੇ ਮਨ ਵਿਚ ਵਿਦਿਆ ਪ੍ਰਾਪਤੀ ਦੀ ਤੀਬਰ ਇੱਛਾ ਸੀ। ਇਸ ਨੂੰ ਵੇਖਦਿਆਂ ਆਪ ਦੇ ਰਿਸ਼ਤੇਦਾਰਾਂ ਨੇ ਆਪ ਨੂੰ ਮਾਲੀ ਸਹਾਇਤਾ ਦਿਤੀ ਤੇ ਆਪ ਆਪਣੀ ਵਿਦਿਆ ਜਾਰੀ ਰੱਖ ਸਕੇ। ਮੈਕਾਲਿਫ ਦੇ ਕਥਨ ਅਨੁਸਾਰ ਜੈ ਦੇਵ ਦੀ ਪਹਿਲੀ ਜ਼ਿੰਦਗੀ ਬਾਰੇ ਬਹੁਤ ਥੋੜਾ ਪਤਾ ਲਗਦਾ ਹੈ। ਇਹ ਯਕੀਨੀ

ਹੈ ਕਿ ਸੰਸਕ੍ਰਿਤ ਸਾਹਿਤ ਦੇ ਸੂਝਵਾਨ ਵਿਦਿਆਰਥੀ ਸਨ। ਉਨ੍ਹਾਂਨੇ ਕਾਵਿਕ ਗੁਣਾਂ ਨੂੰ ਉਭਾਰਿਆ। ਭਗਤ ਮਾਲ ਦੇ ਕਰਤਾ ਨੇ ਆਪ ਨੂੰ ਕਾਵਯ ਦਾ ਅਵਤਾਰ ਤੇ ਰਾਗਾਂ ਦਾ ਖਜਾਨਾ ਲਿਖਿਆ ਹੈ।[229]

ਹਿੰਦੀ ਸਾਹਿਤ ਦੇ ਵਿਦਵਾਨਾਂ ਨੇ 'ਗੀਤ ਗੋਬਿੰਦ' ਦੇ ਲੇਖਕ ਜੈਦੇਵ ਅਤੇ ਜਿਸ ਜੈ ਦੇਵ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਨ੍ਹਾਂ ਨੂੰ ਵੱਖ ਵੱਖ ਮੰਨਿਆ ਹੈ। ਇਸ ਸਬੰਧ ਵਿਚ ਪ੍ਰਸਿਧ ਵਿਦਵਾਨ ਤ੍ਰਿਗੁਣਾਇਤ ਦਾ ਮੱਤ ਹੈ ਕਿ "ਭਾਰਤੀਯ ਸਾਹਿਤਯ ਹਮੇਂ ਕਈ ਜਯਦੇਵ ਮਿਲਤੇ ਹੈ, ਮਾਨਯ ਲੋਕ ਨਾਮਕ ਨਯਾਯ ਗ੍ਰੰਥ ਕੇ ਰਚਯਤਾ ਪਖਸਧਰ ਜਯਦੇਵ, ਚੰਦਰਾਲੋਕਕਾਰ ਪੀਉਸ਼ ਜਯਦੇਵ, ਪ੍ਰਸਨਤਾਰਯ ਨਾਮਕ ਨਾਟਕ ਕੇ ਪ੍ਰਨੇਤਾ ਜਯਦੇਵ, ਗੀਤ ਗੋਬਿੰਦ ਕੇ ਗਾਯਕ ਜਯਦੇਵ ਤਥਾ ਸੰਤ ਜਯਦੇਵ ਜਿਸਕੇ ਪਦ ਗੁਰੂ ਗ੍ਰੰਥ ਸਾਹਿਬ ਮੇ ਸੰਗ੍ਰਹਿਤ ਹੈ ਤਥਾ ਜਿਨਕਾ ਸਰਧਾਪੂਰਵਕ ਸਮਰਨ ਕਬੀਰ ਔਰ ਗੁਰੂ ਅਰਜਨ ਦੇਵ ਜੀ ਭੀ ਕੀਆ ਹੈ। ਵਿਦਵਾਨੋ ਕੇ ਮਤ ਅਨੁਸਾਰ ਪ੍ਰਥਮ ਤੀਨ ਜਯਦੇਵ ਏਕ ਹੀ ਵਿਅਕਤੀ ਹੈ। ਅੰਤਮ ਦੋ ਕੇ ਸਬੰਧ ਮੇਂ ਮੱਤਭੇਦ ਹੋ ਸਕਤਾ ਹੈ। ਕੁਝ ਲੋਕ ਇਨ ਦੋਨੋਂ ਕੋ ਭੀ ਏਕ ਮਾਨਤੇ ਹੈ, ਕੁਝ ਲੋਕ ਅਲੱਗ ਅਲੱਗ। ਮੈਂ ਦੋਨੋਂ ਕੋ ਅਲਗ ਅਲਗ ਵਿਅਕਤੀ ਮਾਨਨੇ ਕੇ ਪਖਸ਼ ਮੇ ਹੂੰ।"[230] ਪਰ ਉਪਰੋਕਤ ਵਿਦਵਾਨ ਨੇ ਆਪਣੇ ਕਥਨ ਨੂੰ ਸਿੱਧ ਕਰਨ ਵਾਸਤੇ ਕੋਈ ਇਤਿਹਾਸਕ ਪ੍ਰਮਾਣ ਨਹੀਂ ਦਿੱਤਾ। ਸਾਡੇ ਮੱਤ ਅਨੁਸਾਰ ਭਗਤ ਜੈ ਦੇਵ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਸਾਨੂੰ ਉਨਾਂ ਦੀਆਂ ਹੋਰ ਰਚਨਾਵਾਂ ਜਿਵੇਂ 'ਚੰਦਰ ਲੋਕ', ਰਸਨਾ ਰਾਘਵ' ਤੇ 'ਗੀਤ ਗੋਬਿੰਦ' ਪ੍ਰਾਪਤ ਹਨ। 'ਗੀਤ ਗੋਬਿੰਦ' ਆਪ ਜੀ ਦੀ ਪ੍ਰਸਿੱਧ ਰਚਨਾ ਹੈ, ਜਿਸ ਨੂੰ ਹਿੰਦੂ, ਮੁਸਲਮਾਨ ਗਾ ਕੇ ਇਸ ਦਾ ਆਨੰਦ ਮਾਣਦੇ ਹਨ।

ਭਗਤ ਜੈ ਦੇਵ ਜੀ ਨੂੰ ਪ੍ਰਭੂ ਪ੍ਰਾਪਤੀ ਧੁਰ ਅੰਦਰੋਂ ਹੀ ਹੋਈ। ਆਪ ਨੇ ਰਾਜ ਦਰਬਾਰ ਤਿਆਗ ਕੇ ਫਕੀਰੀ ਬਾਣੇ ਵਿਚ ਦੇਸ਼ ਵਿਦੇਸ਼ ਦੀ ਯਾਤਰਾ ਕੀਤੀ। ਆਪ ਤਿਆਗੀ ਏਨੇ ਸਨ ਕਿ ਸਫਰ ਵਿਚ ਇਕ ਗੜਵਾਂ ਅਤੇ ਗੋਦੜੀ ਹੀ ਰੱਖਦੇ ਸਨ। ਇਨੀ ਇਹਤਿਆਦ ਵਰਤਦੇ ਸਨ ਕਿ ਦੋ ਰਾਤਾਂ ਵੀ ਕਿਸੇ ਇਕ ਦਰਖਤ ਥੱਲੇ ਨਾ ਗੁਜਾਰਦੇ ਕਿ ਕਿਤੇ ਉਸ ਥਾਂ ਨਾਲ ਮੋਹ ਨਾ ਪੈ ਜਾਵੇ।

ਭਗਤ ਜੈ ਦੇਵ ਜੀ ਯਾਤਰਾ ਦੌਰਾਨ ਹਿੰਦੂਆਂ ਦੇ ਪ੍ਰਸਿੱਧ ਧਾਰਮਿਕ ਕੇਂਦਰ ਜਗਨ

ਨਾਥ ਪਹੁੰਚੇ। ਉਥੇ ਇਕ ਬ੍ਰਾਹਮਣ ਨੇ ਭਗਤ ਜੀ ਨੂੰ ਗੁਣਵਾਨ ਵਿਅਕਤੀ ਦੇਖ ਕੇ ਆਪਣੀ ਲੜਕੀ 'ਪਦਮਾਵਤੀ' ਦੀ ਸ਼ਾਦੀ ਆਪ ਨਾਲ ਕਰਨੀ ਚਾਹੀ, ਪਰ ਆਪ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਇਸ ਨਾਲ ਮੇਰੀ ਭਗਤੀ ਭਾਵਨਾ ਵਿਚ ਵਿਘਨ ਪਵੇਗਾ। ਗਿਆਨੀ ਪ੍ਰਤਾਪ ਸਿੰਘ ਅਨੁਸਾਰ, ਭਗਤ ਜੀ ਦੇ ਨਾਂਹ ਨੁੱਕਰ ਕਰਨ ਦੇ ਬਾਵਜੂਦ ਵੀ ਲੜਕੀ ਦੇ ਪਿਤਾ ਉਸ ਨੂੰ ਜੈ ਦੇਵ ਕੋਲ ਛੱਡ ਗਏ। ਪਦਮਾਵਤੀ ਦੇ ਸ਼ਰਧਾ, ਪ੍ਰੇਮ ਤੇ ਅਰਧੰਗੀ ਸੁਭਾਅ ਨੇ ਆਪ ਨੂੰ ਉਸ ਨਾਲ ਸ਼ਾਦੀ ਕਰਨ ਲਈ ਰਾਜੀ ਕਰ ਲਿਆ।[231] ਦੋਵੇਂ ਅਨੰਦ ਪੂਰਵਕ ਵਿਆਹੁਤਾ ਜੀਵਨ ਬਤੀਤ ਕਰਨ ਲੱਗੇ। ਵਿਆਹ ਤੋਂ ਬਾਅਦ ਇਕ ਵਾਰ ਆਪ ਗੀਤ ਰਚਨਾ ਕਰ ਰਹੇ ਸਨ ਕਿ ਇਕ ਛੰਦ ਸੰਪੂਰਨ ਹੋਣ ਵਿਚ ਹੀ ਨਹੀਂ ਸੀ ਆਉਂਦਾ। ਇਕ ਪੰਕਤੀ ਰਚਨੀ ਬਾਕੀ ਰਹਿ ਗਈ। ਇਸ ਭਗਤੀ ਰੰਗ ਵਿਚ ਉਠੰਕੇ ਆਪ ਨਦੀ ਕਿਨਾਰੇ ਇਸ਼ਨਾਨ ਕਰਨ ਲਈ ਚਲੇ ਗਏ। ਜਦੋਂ ਵਾਪਸ ਆਏ ਤਾਂ ਦੇਖ ਕੇ ਹੈਰਾਨ ਹੋਏ ਕਿ ਉਹ ਰਹਿੰਦੀ ਪੰਕਤੀ ਪਹਿਲਾਂ ਹੀ ਲਿਖੀ ਪਈ ਸੀ ਤੇ ਛੰਦ ਸੰਪੂਰਨ ਕੀਤਾ ਹੋਇਆ ਸੀ। ਆਪ ਨੇ ਧਰਮਪਤਨੀ ਪਦਮਾਵਤੀ ਕੋਲੋਂ ਪੁਛਿਆ ਕਿ ਇਹ ਪੰਕਤੀ ਕੌਣ ਲਿਖ ਗਿਆ ਹੈ? ਉਸ ਨੇ ਜੁਆਬ ਦਿੱਤਾ, ਸੁਆਮੀ ਜੀ, ਹੁਣੇ ਤੁਸੀਂ ਆਪ ਹੀ ਲਿਖ ਰਹੇ ਸੀ, ਹੋਰ ਤਾਂ ਇਥੇ ਕੋਈ ਨਹੀਂ ਆਇਆ। ਕਹਿੰਦੇ ਹਨ ਭਗਵਾਨ ਆਪ ਜੈ ਦੇਵ ਦੇ ਰੂਪ ਵਿਚ ਆਏ ਤੇ ਇਸ ਛੰਦ ਨੂੰ ਪੂਰਾ ਕਰ ਗਏ। ਇਸ ਘਟਨਾ ਨੇ ਜੈ ਦੇਵ ਦੇ ਭਗਤੀ ਭਾਵ ਨੂੰ ਹੋਰ ਪੱਕਾ ਕਰ ਦਿੱਤਾ ਤੇ ਉਹ ਮਸਤ ਹੋ ਕੇ ਜੰਗਲ ਵਿਚ ਚਲੇ ਗਏ। ਅੱਗੇ ਦੇਖਦੇ ਹਨ ਕਿ ਇਕ ਅਜੀਬ ਅਨੋਖਾ ਬ੍ਰਿਛ ਹੈ ਜਿਸ ਦੇ ਪੱਤੇ ਪੱਤੇ ਉਤੇ ਸਾਰਾ 'ਗੀਤ ਗੋਵਿੰਦ' ਲਿਖਿਆ ਹੋਇਆ ਹੈ। ਇਸ ਝਾਕੀ ਨੇ ਜੈ ਦੇਵ ਦੇ ਮਨ ਦੇ ਕਪਾਟ ਖੋਹਲ ਦਿੱਤੇ ਤੇ ਉਹ ਉਮਰ ਭਰ ਇਸੇ ਰੰਗ ਵਿਚ ਹੀ ਰੰਗੇ ਰਹੇ।[232]

ਉਪਰੋਕਤ ਘਟਨਾ ਦਾ ਬਿਆਨ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਇਸ ਪ੍ਰਕਾਰ ਕੀਤਾ ਹੈ:

> ਪ੍ਰੇਮ ਭਗਤਿ ਜੈਦੇਉ ਕਰਿ ਗੀਤ ਗੋਵਿੰਦ ਸਹਜ ਧੁਨਿ ਗਾਵੈ।
>
> ਲੀਲਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।
>
> ਅੱਖਰ ਇਕ ਨ ਆਵੜੈ ਪੁਸਤਕ ਬੰਨ੍ਹਿ ਸੰਧਿਆ ਕਹਿ ਆਵੈ।
>
> ਗੁਣ ਨਿਧਾਨੁ ਘਰਿ ਆਇ ਕੈ ਭਗਤ ਰੂਪਿ ਲਿਖਿ ਲੇਖੁ ਬਣਾਵੈ।

ਅੱਖਰ ਪੜ੍ਹਿ ਪਰਤੀਤਿ ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ

ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜੁ ਸਹਾਵੈ।

ਗੀਤ ਗੋਵਿੰਦ ਸੰਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ।

ਭਗਤਿ ਹੇਤਿ ਪਰਗਾਸੁ ਕਰਿ ਹੋਇ ਦਇਆਲੁ ਮਿਲੈ ਗਲਿ ਲਾਵੈ।

ਸੰਤ ਅਨੰਤ ਨ ਭੇਦੁ ਗਣਾਵੈ।[233]

ਇਸ ਪਉੜੀ ਵਿਚ ਭਾਈ ਗੁਰਦਾਸ ਨੇ ਹੰਕਾਰ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਹੈ। ਪ੍ਰਮਾਤਮਾ ਦੇ ਦਰ ਤੱਕ ਪਹੁੰਚਣ ਲਈ ਹੰਕਾਰ ਇਕ ਅਜਿਹੀ ਅੜਿੱਚਣ ਹੈ ਜਿਹੜੀ ਬਾਰ ਬਾਰ ਮਨੁੱਖ ਦੇ ਰਸਤੇ ਵਿਚ ਰੁਕਾਵਟ ਬਣਦੀ ਹੈ। ਜੈ ਦੇਵ ਦੀ ਕਥਾ ਦਾ ਵਰਨਣ ਕਰਦੇ ਹੋਏ ਭਾਈ ਗੁਰਦਾਸ ਇਹ ਸਪਸ਼ਟ ਕਰਦੇ ਹਨ ਕਿ ਉਹ ਭਗਤ ਜਿਹੜਾ ਪਰਮਾਤਮਾ ਦਾ ਨਾਮ ਜਪਦਾ ਹੈ, ਉਸਨੂੰ ਆਪਣੀ ਭਗਤੀ ਬਾਰੇ ਕਦੇ ਵੀ ਹੰਕਾਰ ਨਹੀਂ ਕਰਨਾ ਚਾਹੀਦਾ। ਪਰਮਾਤਮਾ ਵਿਚ ਭਰੋਸਾ ਰੱਖਣਾ ਚਾਹੀਦਾ ਹੈ। ਉਸ ਦੀ ਅਗਵਾਈ ਹੇਠ ਚਲਦੇ ਹੋਏ ਉਸ ਦਾ ਨਾਮ ਜੱਪਣਾ ਚਾਹੀਦਾ ਹੈ। ਅੱਗੇ ਭਾਈ ਗੁਰਦਾਸ ਦੱਸਦੇ ਹਨ ਕਿ ਜੇਕਰ ਭਗਤ ਨੂੰ ਹੰਕਾਰ ਹੋ ਜਾਏ ਤਾਂ ਪ੍ਰਮਾਤਮਾ ਉਸ ਤੋਂ ਦੂਰ ਹੋ ਕੇ ਖੁਦ ਉਸ ਦੇ ਹੰਕਾਰ ਦਾ ਦਾਰੂ ਬਣਦਾ ਹੈ। ਜਿਵੇਂ ਭਗਤ ਜੈ ਦੇਵ ਹਰ ਜੱਸ ਲਿਖਦਾ ਹੈ ਤੇ ਹੰਕਾਰ ਵਿਚ ਆ ਜਾਂਦਾ ਹੈ । ਪਰਮਾਤਮਾ ਆਪਣੇ ਭਗਤ ਦਾ ਹੰਕਾਰ ਤੋੜਨ ਲਈ ਜੰਗਲ ਵਿਚ ਇਕ ਦਰਖਤ ਦੇ ਪੱਤੇ ਪੱਤੇ ਤੇ ਹਰ ਜਸ ਲਿੱਖ ਦਿੰਦਾ ਹੈ ਇਸ ਤਰ੍ਹਾਂ ਪ੍ਰਮਾਤਮਾ ਦੀ ਸਰਬ ਵਿਆਪਕਤਾ ਤੇ ਮਹਿਮਾ ਦੇਖ ਕੇ ਭਗਤ ਹਉਮੈ ਤਿਆਗ ਦਿੰਦਾ ਹੈ। ਅੱਗੇ ਭਾਈ ਗੁਰਦਾਸ ਲਿਖਦੇ ਹਨ ਕਿ ਭਗਤ ਜਦੋਂ ਭਗਤੀ ਕਰਕੇ ਉਚੀ ਅਵਸਥਾ ਤੇ ਪਹੁੰਚ ਜਾਂਦਾ ਹੈ ਤਾਂ ਆਪੇ ਹੀ ਸੁੱਧ ਬੁੱਧ ਤਿਆਗ ਦਿੰਦਾ ਹੈ ਤੇ ਉਸ ਅਕਾਲ ਪੁਰਖ ਨਾਲ ਇਕ ਸੁਰ ਹੋ ਜਾਂਦਾ ਹੈ।

ਭਗਤ ਜੈ ਦੇਵਦੀ ਵਿਦਵਤਾ ਦਾ ਪ੍ਰਤੱਖ ਪ੍ਰਮਾਣ ਇਹ ਹੈ ਕਿ ਆਪ ਦੇ ਦੋ ਸਲੋਕ ਗੁਜਰੀ[234] ਤੇ ਮਾਰੂ ਰਾਗ[235] ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।[236]

ਭਗਤ ਨਾਮ ਦੇਵ :

ਮਹਾਰਾਸ਼ਟਰ ਵਿਚ ਭਗਤੀ ਲਹਿਰ ਨੇ ਤੇਰਵੀਂ ਸਦੀ ਵਿਚ ਜ਼ੋਰ ਫੜਿਆ। ਇਸ ਭਗਤੀ

ਮਾਰਗ ਦਾ ਆਰੰਭ ਜਨੇਸ੍ਵਰ ਜੀ ਨੇ ਕੀਤਾ ਸੀ, ਪਰ ਸਭ ਤੋਂ ਪ੍ਰਸਿਧ ਭਗਤ ਨਾਮਦੇਵ ਜੀ ਹੋਏ ਹਨ।[237] ਭਗਤ ਨਾਮ ਦੇਵ ਜੀ ਦਾ ਜਨਮ 1270 ਈ. ਨੂੰ ਪਿੰਡ ਨਰਸੀ ਬਾਮਨੀ, ਜਿਲ੍ਹਾ ਸਤਾਰਾਂ (ਮਹਾਰਾਸ਼ਟਰ) ਵਿਚ ਪਿਤਾ ਦਾਮਾ ਸੇਠ ਦੇ ਘਰ ਮਾਤਾ ਗੋਨਾ ਬਾਈ ਦੀ ਕੁੱਖੋਂ ਹੋਇਆ।[238] ਡਾ. ਦਲੀਪ ਸਿੰਘ ਦੀਪ ਅਨੁਸਾਰ, ਭਗਤ ਮਾਲ ਵਿਚ ਉਲੇਖ ਮਿਲਦਾ ਹੈ ਕਿ ਨਾਮਦੇਵ ਦਾ ਜਨਮ ਕੁਆਰੀ ਦੇਵੀ ਵਾਸੀ ਦੇ ਪੇਟੋਂ ਪਰਮਾਤਮਾ ਦੇ ਸੰਜੋਗ ਨਾਲ ਹੋਇਆ ਆਪ ਦਾ ਨਾਨਾ ਛੀਪਾ ਸੀ।[239] ਪਰ ਇਹ ਧਾਰਨਾ ਬਾਅਦ ਵਿਚ ਪੈਦਾ ਹੋਈ ਲਗਦੀ ਹੈ। ਕਿਉਂਕਿ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਰਜ ਹੈ ਕਿ ਕੰਮ ਕਿਤੈਂ ਪਿਉ ਚਲਿਆ"[240] ਭਾਵ ਭਗਤ ਨਾਮਦੇਵ ਪਿਉ ਦਾ ਪੁੱਤਰ ਸੀ। ਭਗਤ ਨਾਮਦੇਵ ਦੇ ਪਿਤਾ ਆਪਣੇ ਰੋਜਾਨਾ ਜੀਵਨ ਦਾ ਬਹੁਤ ਸਮਾਂ ਪ੍ਰਭੂ ਦੀ ਭਗਤੀ ਵਿਚ ਹੀ ਬਿਤਾਉਂਦੇ ਸਨ। ਜਦ ਤੱਕ ਉਹ ਭਗਵਾਨ ਵਿਠੁੱਲ (ਵਿਸ਼ਨੂੰ) ਨੂੰ ਭੋਜਨ ਦਾ ਭੋਗ ਨਾ ਲਵਾ ਲੈਂਦੇ ਤਦ ਤੱਕ ਮੂੰਹ ਜੂਠਾ ਨਾ ਕਰਦੇ। ਇਸ ਪ੍ਰਕਾਰ ਭਗਤ ਨਾਮ ਦੇਵ ਨੂੰ ਨਾਮ ਦੀ ਗੁੜ੍ਹਤੀ ਆਪਣੇ ਪਿਤਾ ਤੋਂ ਹੀ ਪ੍ਰਾਪਤ ਹੋਈ ਸੀ। ਆਪ ਨੇ ਵਿਸੱਭਾ ਖੇਚਰ ਨੂੰ ਆਪਣਾ ਗੁਰੂ ਧਾਰਨ ਕਰ ਲਿਆ।

ਭਗਤ ਨਾਮਦੇਵ ਜੀ ਦੇ ਮਾਤਾ ਪਿਤਾ ਕਪੜੇ ਸੀਉਣ, ਧੋਣ ਤੇ ਰੰਗਣ ਦਾ ਕੰਮ ਕਰਦੇ ਸਨ ਤੇ ਨੀਵੀਂ ਜਾਤ ਦੇ ਛੀਂਬੇ ਕਹੇ ਜਾਂਦੇ ਸਨ। ਇਸ ਤੱਥ ਦਾ ਪ੍ਰਮਾਣ ਆਪ ਦੀ ਆਪਣੀ ਬਾਣੀ ਵਿਚੋਂ ਮਿਲਦਾ ਹੈ:

ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ।
ਸੰਤਹ ਕੇ ਪਰਸਾਦਿ ਨਾਮਾ ਹਰਿ ਭੇਟੁਲਾ।[241]

ਭਗਤ ਨਾਮ ਦੇਵ ਜੀ ਦੇ ਮਾਪਿਆਂ ਦੀ ਬੜੀ ਰੀਝ ਸੀ ਕਿ ਉਹ ਜਿਨੀ ਜਲਦੀ ਹੋ ਸਕੇ, ਪਿਤਾ ਪੁਰਖੀ ਕਿੱਤਾ ਸਿੱਖ ਜਾਵੇ ਅਤੇ ਮਾਂ ਪਿਉ ਦੀ ਸੇਵਾ ਕਰਨ ਤੇ ਘਰ ਗ੍ਰਿਹਸਤੀ ਸੰਭਾਲਣ ਦੇ ਯੋਗ ਹੋ ਸਕੇ ਪਰ ਆਪ ਦੀ ਬਚਪਨ ਤੋਂ ਹੀ ਪ੍ਰਭੂ ਭਗਤੀ ਤੇ ਸੰਤ ਜਨਾਂ ਦੀ ਸੇਵਾ ਵੱਲ ਰੁਚੀ ਸੀ ਆਪ ਆਪਣੇ ਪਿੱਤਰੀ ਕੰਮਾਂ ਵਿਚ ਘੱਟ ਦਿਲਚਸਪੀ ਲੈਂਦੇ ਸਨ। ਨਾਮ ਦੇਵ ਜੀ ਦੇ ਖਾਨਦਾਨ ਵਿਚ ਵਿਠੁੱਲ ਭਗਤੀ ਸ਼ੁਰੂ ਤੋਂ ਹੀ ਚਲੀ ਆ ਰਹੀ ਸੀ। ਵਿਠੁੱਲ ਦਾ ਅਰਥ ਭਗਵਾਨ ਵਿਸ਼ਨੂੰ

ਹੈ। ਪਰਿਵਾਰ ਵਿਚ ਆਪਣੇ ਮਾਤਾ ਪਿਤਾ ਨੂੰ ਵਿਸ਼ਨੂੰ ਭਗਵਾਨ ਦੀ ਭਗਤੀ ਕਰਦਿਆਂ ਦੇਖ ਕੇ ਨਾਮਦੇਵ ਦੇ ਕੋਮਲ ਮਨ ਉਤੇ ਉਹੋ ਹੀ ਛਾਪ ਛਪ ਗਈ। ਸੋ ਇਸ ਤਰ੍ਹਾਂ ਬਚਪਨ ਤੋਂ ਹੀ ਆਪ ਵਿਸ਼ਨੂੰ ਦੇ ਉਪਾਸ਼ਕ ਹੋ ਗਏ ਅਤੇ ਜਿਉਂ ਜਿਉਂ ਉਮਰ ਵਧਦੀ ਗਈ, ਤਿਉਂ ਤਿਉਂ ਭਗਤੀ ਭਾਵਨਾ ਵੀ ਮਨ ਵਿਚ ਤੀਬਰ ਹੁੰਦੀ ਗਈ।

ਭਗਤ ਨਾਮਦੇਵ ਨੂੰ ਪੰਜ ਸਾਲ ਦੀ ਉਮਰ ਵਿਚ ਸਕੂਲ ਪੜ੍ਹਨੇ ਪਾਇਆ ਗਿਆ, ਪਰ ਆਪ ਨੇ ਪੜ੍ਹਾਈ ਵੱਲ ਕੋਈ ਵਿਸ਼ੇਸ਼ ਰੁਚੀ ਨਾ ਦਿਖਾਈ। ਗਿਆਨੀ ਪ੍ਰਤਾਪ ਸਿੰਘ ਅਨੁਸਾਰ ਜੇ ਕਦੀ ਸਕੂਲ ਦਾ ਉਸਤਾਦ ਬਾਹਰ ਜਾਂਦਾ ਤਾਂ ਨਾਮਦੇਵ ਜੀ ਇਸ ਸਮੇਂ ਨੂੰ ਦਰਲੱਭ ਸਮਝਦੇ, ਦੂਜੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਰੱਬ ਦੀ ਭਗਤੀ ਵੱਲ ਲੱਗ ਜਾਂਦੇ। ਆਪ ਸੁਰ ਤਾਲ ਨਾਲ ਈਸ਼੍ਵਰ ਦੇ ਗੀਤ ਗਾਉਂਦੇ ਤੇ ਸਾਥੀਆਂ ਨੂੰ ਗਾਉਣ ਲਈ ਪ੍ਰੇਰਦੇ।[242]

ਜਦੋਂ ਭਗਤ ਨਾਮਦੇਵ ਜੀ ਥੋੜੀ ਵੱਡੀ ਉਮਰ ਦੇ ਹੋਏ ਤਾਂ ਆਪ ਦੇ ਮਾਤਾ ਪਿਤਾ ਨੇ ਆਪ ਦਾ ਵਿਆਹ ਗੋਬਿੰਦ ਸੇਠ ਦੀ ਲੜਕੀ ਰਾਜਾ ਬਾਈ ਨਾਲ ਕਰ ਦਿੱਤਾ।[243] ਕਾਨ੍ਹ ਸਿੰਘ ਨਾਭਾ ਅਨੁਸਾਰ ਇਹਨਾਂ ਦੇ ਘਰ ਚਾਰ ਪੁੱਤਰ, ਇਕ ਲੜਕੀ ਪੈਦਾ ਹੋਈ। ਪੁੱਤਰਾਂ ਦੇ ਜੁਆਨ ਹੋਣ ਤੇ ਉਨ੍ਹਾਂ ਦੇ ਵਿਆਹ ਵੀ ਕੀਤੇ ਤੇ ਆਪ ਦੇ ਘਰ ਨੂੰਹਾਂ ਵੀ ਆਈਆਂ ਪਰ ਸਾਰੇ ਪਰਿਵਾਰ ਵਿਚ ਰਹਿੰਦੇ ਹੋਏ ਵੀ ਕੰਵਲ ਵਾਂਗ ਰਹੇ।[244] ਇਕ ਵਾਰ ਆਪ ਦੇ ਪਿਤਾ ਨੇ ਆਪ ਨੂੰ ਕੁਝ ਪੈਸੇ ਵਪਾਰ ਕਰਨ ਲਈ ਦਿੱਤੇ ਪਰ ਆਪ ਨੇ ਉਹ ਪੈਸੇ ਫਕੀਰਾਂ ਵਿਚ ਵੰਡ ਦਿੱਤੇ।

ਭਗਤ ਨਾਮ ਦੇਵ ਦੇ ਜੀਵਨ ਸਬੰਧੀ ਬਹੁਤ ਸਾਰੀਆਂ ਘਟਨਾਵਾਂ ਪ੍ਰਚਲਤ ਹਨ। ਭਾਈ ਗੁਰਦਾਸ ਨੇ ਜਿਨ੍ਹਾਂ ਘਟਨਾਵਾਂ ਦਾ ਜਿਕਰ ਆਪਣੀਆਂ ਵਾਰਾਂ ਵਿਚ ਕੀਤਾ ਹੈ, ਉਨ੍ਹਾਂ ਦਾ ਪਿਛੋਕੜ ਇਸ ਪ੍ਰਕਾਰ ਹੈ:

ਭਗਤ ਨਾਮਦੇਵ ਦੇ ਪਿਤਾ ਨੂੰ ਇਕ ਦਿਨ ਕਿਸੇ ਕੰਮ ਬਾਹਰ ਜਾਣਾ ਪੈ ਗਿਆ। ਉਸ ਨੇ ਜਾਣ ਲੱਗਿਆਂ ਆਪ ਨੂੰ ਆਪਣੀ ਰੋਜ਼ਾਨਾ ਜਿੰਮੇਵਾਰੀ ਸੌਂਪਦਿਆਂ ਕਿਹਾ ਕਿ ਉਹ ਉਹਨਾਂ ਦੇ ਪਿਛੋਂ ਰੋਜ਼ਾਨਾ ਮੰਦਰ ਵਿਚ ਠਾਕੁਰ ਨੂੰ ਭੋਗ ਲਵਾਉਣ ਤੋਂ ਬਗੈਰ ਕੁਝ ਨਾ ਛਕੇ। ਉਹ

ਤਾਂ ਸਰਸਰੀ ਹਦਾਇਤ ਕਰਕੇ ਚਲੇ ਗਏ ਪਰ ਨਾਮਦੇਵ ਜੀ ਨੇ ਅਗਲੇ ਦਿਨ ਬੜੀ ਸ਼ਰਧਾ ਤੇ ਪ੍ਰੇਮ ਨਾਲ ਗਊ ਦਾ ਦੁੱਧ ਚੋਇਆ, ਮੰਦਰ ਵਿਚ ਦੁੱਧ ਭਗਵਾਨ ਦੀ ਮੂਰਤੀ ਦੇ ਸਾਹਮਣੇ ਰੱਖ ਦਿੱਤਾ ਤੇ ਆਪ ਪ੍ਰਭੂ ਦੀ ਬੰਦਗੀ ਵਿਚ ਰੁਝ ਗਏ। ਥੋੜੇ ਸਮੇਂ ਬਾਅਦ ਜਦ ਦੇਖਿਆ ਤਾਂ ਦੁੱਧ ਉਸੇ ਤਰ੍ਹਾਂ ਹੀ ਪਿਆ ਸੀ। ਆਪ ਨੇ ਸੋਚਿਆ ਕਿ ਸ਼ਾਇਦ ਕੋਈ ਕਸਰ ਰਹਿ ਗਈ ਹੋਵੇ, ਭਗਵਾਨ ਦੀ ਮੂਰਤੀ ਅੱਗੇ ਬੇਨਤੀਆਂ ਕਰਨ ਲੱਗੇ। ਭਗਤ ਨਾਮਦੇਵ ਨੇ ਸ਼ਰਧਾ ਤੇ ਪ੍ਰੇਮ ਨਾਲ ਬੱਚਿਆਂ ਵਾਂਗ ਮੂਰਤੀ ਨੂੰ ਕਿਹਾ ਕਿ ਜੇ ਤੁਸੀਂ ਭੋਗ ਨਹੀਂ ਲਾਉਗੇ ਤਾਂ ਮੈਂ ਵੀ ਕਿਸੇ ਚੀਜ਼ ਨੂੰ ਮੂੰਹ ਨਹੀਂ ਲਾਵਾਂਗਾ ਭਗਤ ਮਾਲ ਦਾ ਜਿਕਰ ਕਰਦਾ ਹੋਇਆ ਮੈਕਾਲਿਫ ਲਿਖਦਾ ਹੈ ਕਿ ਨਾਮਦੇਵ ਦੀ ਪ੍ਰੇਮ-ਭਗਤੀ ਨੂੰ ਦੇਖ ਕੇ ਮੂਰਤੀ ਨੇ ਉਹ ਦੁੱਧ ਪੀ ਲਿਆ।[245] ਭਾਈ ਗੁਰਦਾਸ ਇਸ ਘਟਨਾ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ:

ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ।<br>
ਠਾਕੁਰ ਦੀ ਸੇਵਾ ਕਰੀ ਦੁਧੁ ਪੀਆਵਣੁ ਕਹਿ ਸਮਝਾਇਆ।<br>
ਨਾਮਦੇਉ ਇਸਨਾਨੁ ਕਰਿ ਕਪਲ ਗਾਇ ਦੁਹਿ ਕੈ ਲੈ ਆਇਆ।<br>
ਠਾਕੁਰ ਨੋ ਨ੍ਹਾਵਾਲਿ ਕੈ ਚਰਣੋਦਕੁ ਲੈ ਤਿਲਕ ਚੜ੍ਹਾਇਆ।<br>
ਹਥਿ ਜੋੜਿ ਬਿਨਤੀ ਕਰੈ ਦੁਧੁ ਪੀਅਹੁ ਜੀ ਗੋਬਿੰਦ ਰਾਇਆ।<br>
ਨਿਹਚਉ ਕਰਿ ਆਰਾਧਿਆ ਹੋਇ ਦਇਆਲੁ ਦਰਸੁ ਦਿਖਲਾਇਆ।<br>
ਭਰੀ ਕਟੋਰੀ ਨਾਮਦੇਵਿ ਲੈ ਠਾਕੁਰ ਨੋ ਦੁਧੁ ਪੀਆਇਆ।[246]

ਇਸ ਸਾਖੀ ਨਾਲ ਸਬੰਧਤ ਭਗਤ ਨਾਮਦੇਵ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ:

ਦੂਧੁ ਪੀਉ ਗੋਬਿੰਦੇ ਰਾਇ।।<br>
ਦੂਧੁ ਪੀਉ ਮੇਰੋ ਮਨੁ ਪਤੀਆਇ।।<br>
ਨਾਹੀ ਤ ਘਰ ਕੋ ਬਾਪੁ ਰਿਸਾਇ।।੧।।ਰਹਾਉ।।

ਸੁਇਨ ਕਟੋਰੀ ਅੰਮ੍ਰਿਤ ਭਰੀ।।

ਲੈ ਨਾਮੈ ਹਰਿ ਆਗੈ ਧਰੀ।।੧।।

ਏਕੁ ਭਗਤੁ ਮੇਰੇ ਹਿਰਦੇ ਬਸੈ।।

ਨਾਮੇ ਦੇਖਿ ਨਰਾਇਨੁ ਹਸੈ।।੩।।

ਦੂੱਧੁ ਪੀਆਇ ਭਗਤੁ ਘਰਿ ਗਇਆ।।

ਨਾਮੇ ਹਰਿ ਕਾ ਦਰਸਨੁ ਭਇਆ।। ।।[247]

ਭਗਤ ਨਾਮਦੇਵ ਫਿਰਦੇ ਫਿਰਦੇ ਹਸਤਨਾਪੁਰ (ਦਿੱਲੀ) ਪਹੁੰਚੇ। ਉਸ ਸਮੇਂ ਦੇ ਮੁਗਲ ਬਾਦਸ਼ਾਹ ਨੇ ਭਗਤ ਨਾਮਦੇਵ ਬਾਰੇ ਦਿੱਲੀ ਦੇ ਲੋਕਾਂ ਤੋਂ ਕਈ ਅਸਚਰਜ ਗੱਲਾਂ ਸੁਣੀਆਂ, ਉਸ ਦੀ ਲੋਕਪ੍ਰਿਯਤਾ ਨੂੰ ਦੇਖ ਕੇ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ ਤੇ ਕਿਹਾ ਜੇ ਸੱਚਾ ਭਗਤ ਹੈ ਤਾਂ ਕੋਈ ਕਰਾਮਾਤ ਕਰ ਕੇ ਦਿਖਾ ਨਹੀਂ ਤਾਂ ਇਸਲਾਮ ਕਬੂਲ ਕਰ ਲਉ। ਡਾ. ਤਾਰਨ ਸਿੰਘ ਲਿਖਦਾ ਹੈ ਇਕ ਵਾਰ ਮੁਸਲਮਾਨ ਬਾਦਸ਼ਾਹ ਦੇ ਹੁਕਮ ਨਾਲ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਇਸਲਾਮ ਵਿਚ ਆ ਜਾਣ ਲਈ ਕਿਹਾ ਗਿਆ। ਪਰ ਆਪ ਨੇ ਕਈ ਸਖਤੀਆਂ ਝੱਲਣ ਦੇ ਬਾਵਜੂਦ ਐਸਾ ਕਰਨਾ ਪ੍ਰਵਾਨ ਨਾ ਕੀਤਾ। ਫਿਰ ਇਹ ਕਿਹਾ ਗਿਆ ਜੇ ਤੁਸੀਂ ਪ੍ਰਭੂ ਭਗਤ ਹੋ ਤੇ ਰਿੱਧੀ ਸਿੱਧੀ ਦੇ ਮਾਲਕ ਹੋ ਤਾਂ ਇਸ ਮੁਰਦਾ ਗਊ ਨੂੰ ਜਿੰਦਾ ਕਰੋ, ਨਹੀਂ ਤਾਂ ਤੁਹਾਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਏਗਾ। ਨਾਮਦੇਵ ਨੇ ਕਿਹਾ ਕਿ ਮੁਰਦੇ ਨੂੰ ਜਿਊਂਦਾ ਕਰਨਾ ਮੇਰਾ ਕੰਮ ਨਹੀਂ, ਇਹ ਭਗਵਾਨ ਦਾ ਕੰਮ ਹੈ। ਭਗਤ, ਪ੍ਰਭੂ ਦੀ ਖੇਡ ਵਿਚ ਦਖਲ ਅੰਦਾਜ਼ੀ ਕਰਨ ਦਾ ਹੱਕ ਨਹੀਂ ਰੱਖਦਾ। ਅਜਿਹੇ ਜੁਆਬਾਂ ਦੇ ਬਾਵਜੂਦ ਬਾਦਸ਼ਾਹ ਨੇ ਸਖਤੀ ਜਾਰੀ ਰੱਖੀ। ਕਹਿੰਦੇ ਹਨ ਅਖ਼ੀਰ ਭਗਵਾਨ ਨੇ ਆਪਣੇ ਭਗਤ ਦੀ ਲਾਜ ਰੱਖਣ ਲਈ ਗਊ ਜਿੰਦਾ ਕਰ ਦਿੱਤੀ।[248] ਭਾਈ ਗੁਰਦਾਸ ਨੇ ਇਸ ਘਟਨਾ ਦਾ ਸੰਕੇਤ ਮਈ ਵਰਨਣ ਵਾਰਾਂ ਵਿਚ ਕੀਤਾ ਹੈ:

ਗਾਇ ਮੁਈ ਜੀਵਾਲਿਓਨੁ- - - - - ।[249]

ਨਾਮਦੇਵ ਜੀ ਦੀ ਆਪਣੀ ਬਾਣੀ ਵਿਚ ਇਸ ਘਟਨਾ ਦਾ ਉਲੇਖ ਹੈ:

ਬਿਸਮਲ ਗਊ ਦੇਹੁ ਜੀਵਾਇ। ਨਾਤਰੁ ਗਰਦਨਿ ਮਾਰਉ ਠਾਇ।[250]

ਇਕ ਵਾਰ ਭਗਤ ਨਾਮਦੇਵ ਜੀ ਭਗਤੀ ਵਿਚ ਲੀਨ ਸਨ। ਕਿਸੇ ਨੇ ਆ ਕੇ ਦੱਸਿਆ ਕਿ ਆਪ ਦਾ ਛੱਪਰ ਸੜ ਗਿਆ ਹੈ। ਨਾਮਦੇਵ ਜੀ ਜਦੋਂ ਪਹੁੰਚੇ ਤਾਂ ਸਾਰਾ ਛੱਪਰ ਸੜ ਚੁੱਕਾ ਸੀ। ਲੋਕਾਂ ਨੇ ਜਿਹੜਾ ਸਮਾਨ ਅੱਗ ਦੀ ਲਪੇਟ ਤੋਂ ਬਚਾ ਲਿਆ ਸੀ, ਨਾਮਦੇਵ ਜੀ ਨੇ ਉਹ ਵੀ ਅੱਗ ਵਿਚ ਸੁਟਣਾ ਸ਼ੁਰੂ ਕਰ ਦਿੱਤਾ। ਤੇ ਕਿਹਾ ਪ੍ਰਭੂ ਜੀ। ਇਹ ਵੀ ਲੈਲਉ । ਅੱਗ ਵਿਚ ਵੀ ਉਹ ਪ੍ਰਮਾਤਮਾ ਦਾ ਵਾਸਾ ਸਮਝਦੇ ਸਨ। ਰਾਤੋ ਰਾਤ ਪ੍ਰਮਾਤਮਾ ਨੇ ਉਹਨਾਂ ਦੀ ਨਵੀਂ ਛੰਨ ਬਣਾ ਦਿੱਤੀ। ਇਹ ਦੇਖ ਕੇ ਲੋਕ ਬੜੇ ਹੈਰਾਨ ਹੋਏ ਤੇ ਏਨੇ ਚੰਗੇ ਕਾਰੀਗਰ ਦੀ ਉਹ ਪੁੱਛ ਪੜਤਾਲ ਕਰਨ ਲੱਗੇ ਕਿਸ ਨੇ ਏਨੇ ਥੋੜੇ ਸਮੇਂ ਵਿਚ ਛੰਨ ਤਿਆਰ ਕੀਤੀ ਸੀ। ਇਸ ਘਟਨਾ ਦਾ ਵਰਨਣ ਭਾਈ ਗੁਰਦਾਸ ਨੇ ਵਾਰਾਂ ਵਿਚ ਕੀਤਾ ਹੈ:

---- ਨਾਮਦੇਵ ਦਾ ਛਪਰੁ ਛਾਇਆ।[251]

ਨਾਮਦੇਵ ਨੇ ਵੀ ਇਸ ਘਟਨਾ ਦਾ ਉਲੇਖ ਆਪਣੀ ਬਾਣੀ ਵਿਚ ਕੀਤਾ ਹੈ:

ਪਾੜ ਪੜੋਸਣਿ ਪੂਛਿਲ ਨਾਮਾ ਕਾ ਪਹਿ ਛਨਿ ਚਵਾਈ ਹੋ।
ਤੋਪਹਿ ਦੁਗਣੀ ਮਜੂਰੀ ਦੇਹਉ ਮੋਕਉ ਬੇਢੀ ਦੇਹ ਬਤਾਈ ਹੋ।
ਰੀ ਬਾਈ ਬੇਢੀ ਦੇਨੁ ਨ ਜਾਈ। ਦੇਖੁ ਬੇਢੀ ਰਹਿਓ ਸਮਾਈ।
ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕਊ ਛਨਿ ਛਵਾਵੈ ਹੋ।
ਐਸੇ ਬੇਢੀ ਬਰਠਿ ਨ ਰਸਕਉ ਸਭ ਅੰਤਰਿ ਸਭ ਚਾਈ ਹੋ।[252]

ਇਕ ਵਾਰ ਇਕ ਜਾਤ ਅਭਿਮਾਨੀ ਬ੍ਰਾਹਮਣ ਨੇ ਭਗਤ ਨਾਮਦੇਵ ਨੂੰ ਮੰਦਰ ਵਿਚੋਂ ਕੱਢ ਦਿੱਤਾ ਕਿਉਂਕਿ ਉਸ ਅਨੁਸਾਰ ਸੂਦਰ ਹੋਣ ਦੇ ਨਾਤੇ ਨਾਮਦੇਵ ਨੂੰ ਮੰਦਰ ਵਿਚ ਦਾਖਲ ਹੋਣ ਤੇ ਭਗਤੀ ਕਰਨ ਦਾ ਅਧਿਕਾਰ ਨਹੀਂ ਹੈ। ਨਾਮਦੇਵ ਚੁੱਪ ਚਾਪ ਮੰਦਰ ਦੇ ਦੂਜੇ ਪਾਸੇ ਬੈਠ ਕੇ ਭਗਤੀ ਕਰਨ ਲੱਗ ਪਏ । ਇਸ ਸਿਦਕ ਤੇ ਸ਼ਰਧਾ ਦਾ ਨਤੀਜਾ ਇਹ ਨਿਕਲਿਆ ਕਿ ਭਗਵਾਨ ਨੇ ਮੰਦਰ ਦਾ ਦੁਆਰ ਨਾਮਦੇਵ ਵੱਲ ਘੁੰਮਾ ਦਿੱਤਾ। ਇਸ ਤੇ ਬ੍ਰਾਹਮਣਾਂ ਨੂੰ ਬਹੁਤ ਹੈਰਾਨੀ ਹੋਈ ਤੇ ਉਹ ਸਾਰੇ ਭਗਤ ਨਾਮਦੇਵ ਦੇ ਚਰਨੀਂ ਪੈ ਗਏ ।[253] ਭਗਤ ਨਾਮਦੇਵ ਇਸ ਘਟਨਾ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ:

ਹਸਤ ਖੇਲਤ ਤੇਰੇ ਦੇਹੁਰੇ ਆਇਆ।

ਭਗਤਿ ਕਰਤ ਨਾਮਾ ਪਕਰਿ ਉਠਾਇਆ।

ਹੀਨੜੀ ਜਾਤ ਮੇਰੀ ਜਾਦਮ ਗਾਇਆ।

ਛੀਪੇ ਕੇ ਜਨਮਿ ਕਾਹੇ ਕੋ ਆਇਆ ।

ਲੈ ਕਮਲੀ ਚਲਿਓ ਪਲਟਾਇ।

ਦੇਹੁਰੇ ਪਾਛੈ ਬੈਠਾ ਜਾਇ।।

ਜਿਉ ਜਿਉ ਨਾਮਾ ਹਰਿ ਗੁਣ ਉਚਰੈ

ਭਗਤ ਜਨਾਂ ਕਉ ਦੇਹੁਰਾ ਫਿਰੈ।[254]

ਭਾਈ ਗੁਰਦਾਸ ਨੇ ਵਾਰਾਂ ਵਿਚ ਇਸ ਘਟਨਾ ਦਾ ਸੰਕੇਤ ਇਸ ਤਰ੍ਹਾਂ ਦਿੱਤਾ ਹੈ:

ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰ ਪਾਇਆ।

ਭਗਤ ਜਨਾਂ ਦਾ ਕਰੇ ਕਰਾਇਆ।[255]

ਭਗਤ ਨਾਮਦੇਵ ਜੀ ਨੂੰ ਮਹਾਰਾਸ਼ਟਰ ਵਿਚ ਭਗਤੀ ਲਹਿਰ ਦਾ ਮੋਢੀ ਮੰਨਿਆ ਜਾਂਦਾ ਹੈ। ਮੈਕਾਲਿਫ ਅਨੁਸਾਰ ਆਪ ਸ਼ੁਰੂ ਵਿਚ ਬੁੱਤ ਪੂਜਕ ਸਨ, ਪਰ ਅੰਤ ਨੂੰ ਇਨ੍ਹਾਂ ਨੇ ਆਪਣੇ ਪ੍ਰੀਤਮ ਨੂੰ ਹਰ ਰੰਗ ਤੇ ਹਰ ਥਾਂ ਤੇ ਦੇਖਿਆ।[256] ਭਗਤ ਨਾਮਦੇਵ ਦੁਆਰਾ ਕਰਮਕਾਂਡਾਂ ਤੇ ਜਾਤਪਾਤ ਦੀ ਕਰੜੀ ਵਿਰੋਧਤਾ ਨੂੰ ਦੇਖਦੇ ਹੋਏ ਕਈ ਵਿਦਵਾਨਾਂ ਨੇ ਆਪ ਨੂੰ ਕਬੀਰ ਦਾ ਰੂਹਾਨੀ ਅਤੇ ਸਾਹਿਤਕ ਪੂਰਵ-ਵਰਤੀ ਮੰਨਿਆ ਹੈ। ਗੁਰੂ ਗ੍ਰੰਥ ਵਿਚ ਆਪ ਦੇ ਵੱਖ ਵੱਖ 18 ਰਾਗਾਂ ਵਿਚ 61 ਸ਼ਬਦ ਦਰਜ ਹਨ। ਜਿਨ੍ਹਾਂ ਦਾ ਵਿਸ਼ਾ ਭਗਤ ਜੀ ਦੇ ਅਧਿਆਤਮਕ ਅਨੁਭਵ ਹਨ।[257]

## ਭਗਤ ਤ੍ਰਿਲੋਚਨ ਜੀ :

ਭਗਤ ਤ੍ਰਿਲੋਚਨ ਜੀ ਮਹਾਰਾਸ਼ਟਰ ਦੇ ਪ੍ਰਸਿੱਧ ਭਗਤਾਂ ਵਿਚੋਂ ਇਕ ਸਨ। ਭਗਤੀ ਲਹਿਰ ਦੇ ਇਤਿਹਾਸ ਵਿਚ ਆਪ ਦਾ ਉੱਚਾ ਸਥਾਨ ਹੈ। ਜਦੋਂ ਅਸੀਂ ਆਪ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਪਾਠ ਕਰਦੇ ਹਾਂ ਤਾਂ ਭਗਤ ਜੀ ਦੀ ਵਿਦਵਤਾ, ਗਿਆਨ ਤੇ ਡੂੰਘੀ

ਅਨੁਭਵ ਦਾ ਪ੍ਰਕਾਸ਼ ਮੂਰਤੀਮਾਨ ਹੁੰਦਾ ਹੈ। ਆਪ ਦੀ ਬਾਣੀ ਦੇ ਚਾਰ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਆਪ ਦੀ ਬਾਣੀ ਦਾ ਮੁੱਖ ਨਿਸ਼ਾਨਾ ਪ੍ਰੇਮਾ ਭਗਤੀ ਹੈ।

ਭਗਤ ਤ੍ਰਿਲੋਚਨ ਜੀ ਦੇ ਜੀਵਨ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਇਕ ਸਥਾਪਤ ਮੱਤ ਅਨੁਸਾਰ ਆਪ ਦਾ ਜਨਮ ਸੰਨ 1267 ਈ. ਨੂੰ ਪਿੰਡ ਬਾਰਸੀ, ਜਿਲ੍ਹਾ ਸ਼ੋਲਾਪੁਰ (ਮਹਾਰਾਸ਼ਟਰ) ਵਿਖੇ ਹੋਇਆ । ਡਾ. ਤਾਰਨ ਸਿੰਘ ਅਨੁਸਾਰ, ਭਗਤ ਤ੍ਰਿਲੋਚਨ (1267 ਈ.) ਵੈਸ਼ ਕੁਲ ਵਿਚੋਂ ਸਨ। ਕਈ ਵਿਦਵਾਨਾਂ ਨੇ ਆਪ ਦਾ ਜਨਮ ਸਥਾਨ ਮਹਾਰਾਸ਼ਟਰ ਵਿਚ ਸੋਲਾਪੁਰ ਲਾਗੇ ਪਿੰਡ ਬਾਰਸੀ ਦੱਸਿਆ ਹੈ ਤੇ ਕਈਆਂ ਦਾ ਖਿਆਲ ਹੈ ਕਿ ਆਪ ਉੱਤਰ ਪ੍ਰਦੇਸ਼ ਦੇ ਜੰਮਪਲ ਸਨ, ਪਰ ਰਹਾਇਸ਼ ਵਧੇਰੇ ਮਹਾਰਾਸ਼ਟਰ ਵਿਚ ਰੱਖੀ।[258] ਭਾਈ ਜੋਧ ਸਿੰਘ ਜੀ ਆਪ ਦਾ ਜਨਮ 1267 ਈ. ਵਿਚ ਹੋਇਆ ਮੰਨਦੇ ਹਨ।[259] ਗਿਆਨੀ ਨਰੈਣ ਸਿੰਘ ਦੇ ਕਥਨ ਅਨੁਸਾਰ, ਇਹ ਭਗਤ ਜੀ ਵੀ ਦੱਖਣ ਦੇਸ਼ ਵੱਲ ਹੋਏ ਹਨ। ਭਗਤ ਨਾਮਦੇਵ ਜੀ ਦੇ ਗੁਰਭਾਈ, ਵੈਸ਼ ਜਾਤੀ ਵਿਚੋਂ ਤੇ ਗਿਆਨ ਦੇਵ (ਗਯਾਨੇਸ਼੍ਵਰ) ਜੀ ਦੇ ਚੇਲੇ ਸਨ।[260]

ਭਗਤ ਤ੍ਰਿਲੋਚਨ ਜੀ, ਭਗਤ ਨਾਮਦੇਵ ਜੀ ਦੇ ਸਮਕਾਲੀ ਸਨ, ਆਪ ਦੋਨੋਂ ਇਕੱਠੇ ਭਗਤੀ ਕਰਦੇ ਤੇ ਅਕਾਲਪੁਰਖ ਨੂੰ ਪਾਉਣ ਬਾਰੇ ਵਿਚਾਰ ਵਿਮਰਸ਼ ਕਰਦੇ। ਇਸ ਗੱਲ ਦੀ ਗਵਾਹੀ ਭਗਤ ਨਾਮ ਦੇਵ ਜੀ ਦੀ ਬਾਣੀ ਤੋਂ ਮਿਲਦੀ ਹੈ:

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉੜੀਅਲੇ।।<br>
ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ।।[261]

ਇਕ ਦਿਨ ਤ੍ਰਿਲੋਚਨ ਜੀ ਨਾਮਦੇਵ ਜੀ ਦੇ ਦਰਸ਼ਨ ਕਰਨ ਚਲੇ ਗਏ। ਦੋਵੇਂ ਭਗਤ ਮਿਲੇ, ਬਚਨ ਬਿਲਾਸ ਹੋਏ ਤਾਂ ਭਗਤ ਨਾਮਦੇਵ ਜੀ ਨੇ ਭਗਵਾਨ ਦਾ ਜਸ, ਉਨ੍ਹਾਂ ਦੀ ਕੀਰਤੀ ਤੇ ਦਰਸ਼ਨ ਦੇਣ ਬਾਬਤ ਕੁਝ ਵਾਰਤਾ ਸੁਣਾਈਆਂ। ਵਾਰਤਾਵਾਂ ਨੂੰ ਸੁਣ ਕੇ ਭਗਤ ਤ੍ਰਿਲੋਚਨ ਜੀ ਦੇ ਮਨ ਵਿਚ ਆਇਆ ਕਿ ਉਹ ਵੀ ਪ੍ਰਭੂ ਦੇ ਦਰਸ਼ਨ ਕਰਨ। ਉਨ੍ਹਾਂ ਨੇ ਭਗਤ ਨਾਮਦੇਵ ਜੀ ਅੱਗੇ ਬੇਨਤੀ ਕੀਤੀ ਕਿ ਮੇਰੀ ਪ੍ਰਭੂ ਦੇ ਦਰਸ਼ਨ ਕਰਨ ਦੀ ਇੱਛਾ ਹੈ।[262]

ਭਾਈ ਗੁਰਦਾਸ ਨੇ ਉਪਰੋਕਤ ਘਟਨਾ ਦਾ ਬਿਆਨ ਵਾਰਾਂ ਵਿਚ ਇਸ ਪ੍ਰਕਾਰ ਕੀਤਾ ਹੈ ਕਿ ਤ੍ਰਿਲੋਚਨ, ਨਾਮਦੇਵ ਦਾ ਸਵੇਰੇ ਦਰਸ਼ਨ ਕਰਨ ਆਉਂਦਾ ਹੁੰਦਾ ਸੀ। ਦੋਵੇਂ ਮਿਲ ਕੇ ਭਗਤੀ ਕਰਦੇ, ਨਾਮਦੇਵ ਹਰੀ ਦੀ ਕਥਾ ਤ੍ਰਿਲੋਚਨ ਨੂੰ ਸੁਣਾਉਂਦਾ। ਇਕ ਵਾਰ ਤ੍ਰਿਲੋਚਨ ਨੇ ਨਾਮਦੇਵ ਨੂੰ ਕਿਹਾ , ਹੇ ਨਾਮਦੇਵ। ਮੇਰੀ ਭੀ ਪ੍ਰਭੂ ਅੱਗੇ ਮਿੰਨਤ ਕਰੋ, ਜੇਉਸ ਨੂੰ ਭਾਵੇ ਤਾਂ ਮੈਂ ਵੀ ਦਰਸ਼ਨ ਪਾਵਾਂ। ਜਦੋਂ ਨਾਮਦੇਵ ਜੀ ਨੇ ਠਾਕੁਰ ਨੂੰ ਬੇਨਤੀ ਕੀਤੀ ਕਿ ਤ੍ਰਿਲੋਚਨ ਕਿਸ ਤਰ੍ਹਾਂ ਆਪ ਜੀ ਦੇ ਦਰਸ਼ਨ ਪਾ ਸਕਦਾ ਹੈ ? ਤਾਂ ਪ੍ਰਭੂ ਹੱਸ ਕੇ ਬੋਲੇ ਤੇ ਸਮਝਾਇਆ ਹੇ ਨਾਮਦੇਵ। ਮੇਰਾ ਦੀਦਾਰ ਭੇਟਾ ਨਾਲ ਹੱਥ ਨਹੀਂ ਆਉਂਦਾ, ਮੈਂ ਤ੍ਰਿਲੋਚਨ ਨੂੰ ਪ੍ਰਸੰਨ ਹੋ ਕੇ ਦਰਸ਼ਨ ਦੇਵਾਂਗਾ। ਮੈਂ ਭਗਤਾਂ ਦੇ ਅਧੀਨ ਹਾਂ, ਭਗਤੀ ਦੇ ਦਾਹਵਿਆਂ ਨੂੰ ਪਹੁੰਚ ਨਹੀਂ ਸਕਦਾ ਭਾਵ ਰੱਦ ਨਹੀਂ ਕਰ ਸਕਦਾ। ਜਿਨ੍ਹਾਂ ਦੇ ਸੰਤ ਵਿਚੋਲੇ ਹੁੰਦੇ ਹਨ, ਮੈਨੂੰ ਮਿਲਾ ਦੇਂਦੇ ਹਨ।[263]

ਉਪਰੋਕਤ ਪ੍ਰਸੰਗ ਵਿਚ ਭਾਈ ਗੁਰਦਾਸ ਨੇ ਭਗਤ ਨਾਮਦੇਵ ਤੇ ਭਗਤ ਤ੍ਰਿਲੋਚਨ ਦੇ ਮਿਲਾਪ ਦੀ ਗੱਲ ਕੀਤੀ ਹੈ ਤੇਇਹ ਵਿਸ਼ਾ ਉਘਾੜਿਆ ਹੈ ਕਿ ਗੁਰੂ ਦੀ ਪ੍ਰਾਪਤੀ ਹਮੇਸ਼ਾ ਭਗਤੀ ਕਰਨ ਨਾਲ ਹੁੰਦੀ ਹੈ। ਉਸ ਦੀ ਭਗਤੀ ਦੇ ਨਾਲ ਸਤਿਸੰਗ ਕਰਨਾ ਵੀ ਜ਼ਰੂਰੀ ਹੈ। ਵੱਡੇ ਗੁਰਭਾਈ ਨੂੰ ਛੋਟੇ ਗੁਰਭਾਈ ਦੀ ਸਹਾਇਤਾ ਕਰਨੀ ਚਾਹੀਦੀ ਹੈ। ਸੱਭ ਤੋਂਵੱਡਾ ਉਪਦੇਸ਼ ਇਥੇ ਇਹ ਦਿੱਤਾ ਹੈ ਕਿ ਪ੍ਰਮਾਤਮਾ ਚੜ੍ਹਾਵਿਆਂ ਜਾਂ ਦਿਖਾਵੇ ਦੀ ਪੂਜਾ ਨਾਲ ਨਹੀਂ ਮਿਲਦਾ ਸਗੋਂ ਉਸ ਦੇਸੱਚੇ ਨਾਮ ਦੀ ਭਗਤੀ ਕਰਕੇਉਸ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਭਗਤ ਤ੍ਰਿਲੋਚਨ ਜੀ ਦੇ ਅਕਾਲ ਚਲਾਣੇ ਬਾਰੇ ਇਤਿਹਾਸਕਾਰ ਚੁੱਪ ਹਨ। ਡਾ. ਤਾਰਨ ਸਿੰਘ ਨੇ ਆਪ ਦਾ ਦੇਹਾਂਤ 1335 ਈ. ਵਿਚ ਹੋਇਆ ਦੱਸਿਆ ਹੈ।[264]

## ਭਗਤ ਧੰਨਾ ਜੀ :

ਗੁਰੂ ਅਰਜਨ ਦੇਵ ਜੀ ਦੇ ਇਕ ਸ਼ਬਦ ਵਿਚ ਭਗਤ ਧੰਨੇ ਦੇ ਜੀਵਨ-ਵਿਕਾਸ ਦੀ ਵਿਆਖਿਆ ਦਰਜ ਹੈ ਕਿ ਛੋਟੀਆਂ ਜਾਤਾਂ ਵਿਚੋਂ ਉਠੱਣ ਵਾਲੇ ਭਗਤਾਂ ਦੇ ਉਤਸ਼ਾਹ-ਪੂਰਨ ਜੀਵਨ ਦੀ ਕਹਾਣੀ ਸੁਣ ਕੇ ਧੰਨੇ ਨੂੰ ਸ਼ੌਕ ਜਾਗਿਆ ਤੇ ਉਸ ਨੇ ਆਪਣੇ ਸਿਦਕ ਸਦਕਾ ਭਗਵਾਨ ਦੇ ਦਰਸ਼ਨਕੀਤੇ।[265] ਇਸ ਨਾਲ ਪ੍ਰਭੂ ਦੀ ਭਗਤੀ ਲਈ ਰਾਹ ਸਿੱਧਾ ਹੋ ਗਿਆ ਅਤੇ ਲੋਕਾਂ ਵਿਚ ਇਹ ਭੁਲੇਖਾ ਕਿ ਅਕਾਲ ਪੁਰਖ ਦੀ ਪ੍ਰਾਪਤੀ ਸਿਰਫ ਗਿਆਨਵਾਨ ਤੇ ਕਰਮਕਾਂਡੀ ਜੀਵਾਂ ਨੂੰ

ਹੀ ਹੋ ਸਕਦੀ ਹੈ, ਦੂਰ ਹੋ ਗਿਆ। ਇਸ ਨਾਲ ਇਹ ਸਿੱਧ ਹੋ ਗਿਆ ਕਿ ਅਨਪੜ੍ਹ ਤੇ ਸਿੱਧਾ-ਸਾਧਾ ਮਨੁੱਖ ਵੀ ਸ਼ਰਧਾ ਤੇ ਪ੍ਰੇਮ ਨਾਲ ਪ੍ਰਭੂ ਦੀ ਪ੍ਰਾਪਤੀ ਕਰ ਸਕਦਾ ਹੈ।

ਭਗਤ ਧੰਨਾ ਜੀ ਦੇ ਜਨਮ ਬਾਰੇ ਕੋਈ ਪ੍ਰਮਾਣਿਕ ਸਮੱਗਰੀ ਪ੍ਰਾਪਤ ਨਹੀਂ ਹੁੰਦੀ। ਗਿਆਨੀ ਪ੍ਰਤਾਪ ਸਿੰਘ ਅਨੁਸਾਰ, ਭਗਤ ਧੰਨਾ ਜੀ ਦਾ ਜਨਮ ਪਿੰਡ ਧੁਆਨ, ਜੋ ਦੇਉਲੀ (ਰਾਜ-ਸਥਾਨ) ਤੋਂ ਵੀਹ ਮੀਲ ਹੈ ਵਿਖੇ ਸੰਮਤ 1473 ਬਿਕਰਮੀ ਨੂੰ ਜੱਟਾਂ ਦੇ ਘਰ ਹੋਇਆ।[266] ਭਾਈ ਕਾਨ੍ਹ ਸਿੰਘ ਨਾਭਾ ਵੀ ਉਪਰੋਕਤ ਦਰਜ ਜਨਮ ਸੰਮਤ ਨਾਲ ਸਹਿਮਤੀ ਪ੍ਰਗਟਾਉਂਦੇ ਹਨ।[267] ਮੈਕਾਲਿਫ਼ ਨੇ ਜਨਮ ਮਿਤੀ 1415 ਈ. ਮੰਨੀ ਹੈ।[268] ਇਸ ਪ੍ਰਕਾਰ ਇਹਨਾਂ ਵਿਦਵਾਨਾਂ ਦੇ ਵਿਚਾਰਾਂ ਵਿਚ ਇਕ ਸਾਲ ਦਾ ਅੰਤਰ ਹੈ ਜੋ ਮਾਮੂਲੀ ਹੈ ਕਿਉਂਕਿ ਏਨਾ ਫਰਕ ਤਾਂ ਇਕ ਅਨਪੜ੍ਹ ਪ੍ਰੀਵਾਰ ਵਲੋਂ ਦੱਸਣ ਵਿਚ ਵੀ ਪੈ ਸਕਦਾ ਹੈ।

ਭਗਤ ਧੰਨਾ ਜੀ ਸਾਧੂ ਸੁਭਾਅ ਦੇ ਮਾਲਕ ਸਨ। ਆਪ ਦੇ ਪੁਰਖੇ ਜ਼ਮੀਨ ਵਾਹ ਕੇ ਤੇ ਪਸ਼ੂ ਪਾਲ ਕੇ ਗੁਜ਼ਾਰਾ ਕਰਦੇ ਸਨ। "ਜਦੋਂ ਧੰਨਾ ਰਤਾ ਕੁ ਹੁਸ਼ਿਆਰ ਹੋਇਆ ਉਨ੍ਹਾਂ ਨੇ ਇਸ ਨੂੰ ਡੰਗਰ ਚਾਰਨ ਲਾ ਦਿੱਤਾ। ਉਹ ਹਰ ਰੋਜ਼ ਡੰਗਰ ਚਾਰਨ ਜਾਇਆ ਕਰਦਾ ਸੀ।[269] ਜਵਾਨ ਹੋ ਕੇ ਧੰਨਾ ਜੀ ਆਪਣੇ ਪੁਰਖਿਆਂ ਨਾਲ ਖੇਤੀ ਬਾੜੀ ਵਿਚ ਹੱਥ ਵਟਾਉਂਦੇ ਸਨ। ਗਿਆਨੀ ਗੁਰਦਿੱਤ ਸਿੰਘ ਅਨੁਸਾਰ, ਧੰਨਾ ਜੀ ਬਾਰੇ ਉਨ੍ਹਾਂ ਦੇ ਨਗਰ ਦੇ ਲੋਕਾਂ ਵਲੋਂ ਕਈ ਚਮਤਕਾਰੀ ਕਥਾਵਾਂ ਸੁਣਾਈਆਂ ਜਾਂਦੀਆਂ ਹਨ। ਧੰਨਾ ਜੀ ਨੂੰ ਪਿਤਾ ਨੇ ਬੀਜ ਦਿੱਤਾ, ਉਸ ਦਾਣੇ ਸੰਤਾਂ ਸਾਧਾਂ ਨੂੰ ਖੁਆ ਦਿਤੇ, ਪਿਤਾ ਗੁੱਸੇ ਹੋਇਆ। ਫਸਲ ਦੀ ਰੁੱਤ ਆਈ ਗੇਹੂ (ਕਣਕ) ਹਰੀ ਭਰੀ ਹੋ ਗਈ।[270]

ਭਗਤ ਧੰਨਾ ਜੀ ਰੋਜ਼ਾਨਾ ਡੰਗਰ ਚਾਰਨ ਪਿੰਡ ਦੇ ਬਾਹਰ ਜਾਂਦੇ ਸਨ। ਇਕ ਦਿਨ ਉਨ੍ਹਾਂ ਦਾ ਧਿਆਨ ਇਕ ਮੰਦਰ ਵੱਲ ਗਿਆ। ਉਥੇ ਬਹੁਤ ਸਾਰੀਆਂ ਮੂਰਤੀਆਂ ਰੱਖੀਆਂ ਹੋਈਆਂ ਸਨ। ਪਿੰਡ ਦੇ ਲੋਕ ਹਰ ਰੋਜ ਉਥੇ ਜਾ ਕੇ ਮੂਰਤੀਆਂ ਦੀ ਪੂਜਾ ਕਰਦੇ ਸਨ। ਇਨ੍ਹਾਂ ਦੇ ਕਾਰਵਿਹਾਰ ਨੂੰ ਦੇਖ ਕੇ ਭਗਤ ਧੰਨੇ ਦੇ ਮੰਨ ਵਿਚ ਵੀ ਪ੍ਰਭੂ ਦੇ ਦਰਸ਼ਨਾਂ ਦੀ ਇੱਛਾ ਪੈਦਾ ਹੋਈ। ਮੈਕਾਲਿਫ਼ ਇਸ ਪ੍ਰਸੰਗ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ ਕਿ ਇਕ ਦਿਨ ਧੰਨੇ ਦੇ ਘਰ ਦਾ ਪ੍ਰੋਹਿਤ ਪੂਜਾ ਕਰਨ ਲਈ ਇਨ੍ਹਾਂ ਦੇ ਘਰ ਆਇਆ। ਪੂਜਾ ਦੀ ਸਾਰੀ ਰਸਮ ਧੰਨੇ ਨੇ ਵੇਖੀ ਅਤੇ ਆਖਰ ਪੰਡਤ ਪਾਸੋਂ ਉਸ ਨੇ ਇਕ ਠਾਕੁਰ ਮੰਗਿਆ। ਪਹਿਲਾਂ ਤਾਂ ਪੰਡਤ ਟਾਲਦਾ ਰਿਹਾ ਪਰ

ਧੰਨੇ ਦਾ ਹੱਠ ਵੇਖ ਕੇ ਛੋਟਾ ਜਿਹਾ ਕਾਲੇ ਰੰਗ ਦਾ ਪੱਥਰ ਉਸ ਨੂੰ ਪੂਜਨ ਲਈ ਦੇ ਦਿੱਤਾ। ਧੰਨੇ ਨੇ ਬੜੀ ਸ਼ਰਧਾ ਨਾਲ ਉਸ ਠਾਕੁਰ ਦੀ ਪੂਜਾ ਸ਼ੁਰੂ ਕੀਤੀ। ਉਸ ਦੀ ਦ੍ਰਿੜਤਾ ਦੇਖ ਕੇ ਕਦੀ ਕਦੀ ਪੰਡਤ ਆ ਕੇ ਪੂਜਾ ਭਗਤੀ ਦਾ ਰਾਹ ਦੱਸਦਾ ਰਿਹਾ ਤੇ ਆਖਰ ਇਕ ਦਿਨ ਠਾਕੁਰ ਪੂਜਾ ਵਿਚੋਂ ਧੰਨੇ ਨੂੰ ਰੱਬ ਲੱਭ ਪਿਆ। ਧੰਨੇ ਦੇ ਰਾਹੀਂ ਫਿਰ ਉਸ ਪੰਡਤ ਦਾ ਵੀ ਲੋਕ ਪ੍ਰਲੋਕ ਸੰਵਰ ਗਿਆ।[271] ਗਿਆਨੀ ਨਰੈਣ ਸਿੰਘ ਦੇ ਕਥਨ ਅਨੁਸਾਰ, ਬ੍ਰਾਹਮਣ ਨੇ ਇਧਰ ਉਧਰ ਦੀਆਂ ਮਾਰ ਕੇ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਧੰਨਾ ਨਾ ਮੰਨਿਆ; ਉਹ ਜ਼ਿੱਦ ਉਤੇ ਅੜਿਆ ਰਿਹਾ। ਪੰਡਤ ਮਾੜੂਆ ਜਿਹਾ ਸੀ, ਧੰਨਾ ਚੜ੍ਹਦੀ ਜਵਾਨੀ ਦਾ ਗਭਰੂ। ਬ੍ਰਾਹਮਣ ਨੂੰ ਫਿਕਰ ਪੈ ਗਿਆ ਕਿ ਕਿਤੇ ਮੌਰਾਂ ਵਿਚ ਨਾ ਸੇਕ ਦੇਵੇ। ਇਸ ਵਾਸਤੇ ਉਸ ਨੇ ਡਰਦੇ ਮਾਰੇ ਆਖਿਆ 'ਹੱਛਾ ਧੰਨਿਆ, ਜਿਦ ਕਰਦਾ ਹੈ ਤਾਂ ਤੈਨੂੰ ਠਾਕੁਰ ਦੇ ਹੀ ਦਿੰਦੇ ਹਾਂ; ਇਹ ਆਖਦੇ ਬ੍ਰਾਹਮਣ ਨੇ ਧੰਨੇ ਨੂੰ ਟਾਲਣ ਵਾਸਤੇ ਇਕ ਪੱਥਰ ਸਾਲਗਰਾਮ ਜੋ ਮੰਦਰ ਵਿੱਚ ਵਾਧੂ ਪਿਆ ਸੀ ਚੁੱਕ ਕੇ ਧੰਨੇ ਦੇ ਹਵਾਲੇ ਕਰ ਦਿੱਤਾ ਤੇ ਨਾਲ ਹੀ ਉਸ ਨੂੰ ਪੂਜਾ ਪਾਠ ਕਰਨ ਦੀ ਵਿਧੀ ਦੱਸੀ।[272]

ਪ੍ਰੋ. ਸਾਹਿਬ ਸਿੰਘ ਨੇ ਇਸ ਘਟਨਾ ਦਾ ਹਵਾਲਾ ਤਾਂ ਜ਼ਰੂਰ ਦਿੱਤਾ ਹੈ ਪਰ ਪੱਥਰ ਪੂਜਾ ਦੀ ਸਾਖੀ ਤੇ ਟਿੱਪਣੀ ਕੀਤੀ ਹੈ ਤੇ ਕਿਹਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੂਰਤੀ ਪੂਜਾ ਕਰਨ ਵਾਲੇ ਨੂੰ ਗੁਨਾਹਗਾਰ, ਲੂਣ-ਹਰਾਮੀ ਦੱਸਿਆ ਹੈ:

ਗੁਨਹਗਾਰ ਲੂਣ ਹਰਾਮੀ।
ਪਾਵਣ ਨਾਵ ਨ ਪਾਰ ਗਿਰਾਮੀ।[273]

(ਪੰ. 739)

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਪ੍ਰਚਲਤ ਠਾਕੁਰ ਪੂਜਾ ਦੀ ਸਾਖੀ ਦਾ ਸੰਕੇਤ ਦਰਜ ਹੈ। ਭਾਈ ਗੁਰਦਾਸ ਲਿਖਦੇ ਹਨ ਕਿ ਪਿੰਡ ਦੇ ਬਾਹਰ ਠਾਕੁਰਦੁਆਰੇ ਵਿਚ ਬ੍ਰਾਹਮਣ ਦੇਵਤੇ (ਪੱਥਰਾਂ ਦੀਆਂ ਮੂਰਤੀਆਂ) ਪੂਜਦਾ ਹੁੰਦਾ ਸੀ। ਧੰਨਾ ਹਰ ਰੋਜ ਉਥੇ ਗਊਆਂ ਚਾਰਨ ਆਉਂਦਾ ਅਤੇ ਉਸ ਦਾ ਇਹ ਕਰਤੱਵ ਦੇਖ ਕੇ ਪੁੱਛਣ ਲੱਗਾ ਕਿ ਇਹ ਕੀ ਕਰਦੇ ਹੋ?

ਬ੍ਰਾਹਮਣ ਨੇ ਉੱਤਰ ਦਿੱਤਾ ਠਾਕੁਰ ਦੀ ਪੂਜਾ ਕਰਦਾ ਹਾਂ ਇਸ ਤਰ੍ਹਾਂ ਕਰਨ ਨਾਲ ਮਨੋਕਾਮਨਾ ਪੂਰੀ ਹੁੰਦੀ ਹੈ। ਇਹ ਸੁਣ ਕੇ ਧੰਨਾ ਬ੍ਰਾਹਮਣ ਦੀਆਂ ਮਿੰਨਤਾਂ ਕਰਨ ਲੱਗਾ ਕਿ ਇਕ ਠਾਕੁਰ ਮੈਨੂੰ ਵੀ ਦਿਉ ਤਾਂ ਬ੍ਰਾਹਮਣ ਨੇ ਇਕ ਪੱਥਰ ਕੱਪੜੇ ਵਿਚ ਲਪੇਟ ਕੇ ਦੇ ਦਿੱਤਾ ਤੇ ਮਸੋਂ ਖਹਿੜਾ ਛੁਡਵਾਇਆ। ਧੰਨੇ ਨੇ ਠਾਕੁਰ ਨੂੰ ਇਸ਼ਨਾਨ ਕਰਵਾਇਆ। ਰੋਟੀ ਤੇ ਲੱਸੀ ਭੋਗ ਵਾਸਤੇ ਠਾਕੁਰ ਅੱਗੇ ਰੱਖੇ। ਜਦੋਂ ਠਾਕੁਰ ਨੇ ਭੋਗ ਨਾ ਲਾਇਆ ਤਾਂ ਹੱਥ ਜੋੜ ਕੇ ਮਿੰਨਤਾਂ ਕਰਨ ਲੱਗਾ ਤੇ ਡੰਡੌਤਾਂ ਕਰਕੇ ਮਨਾਉਣ ਲੱਗਾ। ਜਦੋਂ ਫਿਰ ਵੀ ਠਾਕੁਰ ਨੇ ਰੋਟੀ ਨਾ ਖਾਧੀ ਤਾਂ ਧੰਨੇ ਨੇ ਕਿਹਾ ਮੈਂ ਵੀ ਮੂੰਹ ਜੂਠਾ ਨਹੀਂ ਕਰਾਂਗਾ ਕਿਉਂਕਿ ਜੇ ਤੂੰ ਰੁੱਸਾ ਹੋਇਆ ਹੋਵੇ ਤਾਂ ਮੈਨੂੰ ਵੀ ਕੁਝ ਚੰਗਾ ਨਹੀਂ ਲੱਗਦਾ। ਇਸ ਤੇ ਗੁਸਾਈ ਪ੍ਰਤੱਖ ਹੋਕੇ ਰੋਟੀ ਖਾ ਕੇ ਲੱਸੀ ਪੀਣ ਲੱਗੇ। ਧੰਨੇ ਦੇ ਭੋਲੇ ਸੁਭਾਅ ਅਤੇ ਸ਼ਰਧਾ ਨੇ ਪ੍ਰਭੂ ਦਾ ਦਰਸ਼ਨ ਕੀਤਾ।[274]

ਉਪਰੋਕਤ ਪਉੜੀ ਵਿਚ ਭਗਤ ਧੰਨਾ ਤੇ ਬ੍ਰਾਹਮਣ ਦੀ ਸਾਖੀ ਨੂੰ ਆਧਾਰ ਬਣਾ ਕੇ ਇਹ ਉਪਦੇਸ਼ ਦਿੱਤਾ ਹੈ ਕਿ ਪੱਕੇ ਵਿਸ਼ਵਾਸ ਨਾਲ ਤੇ ਭੋਲੇ ਭਾ ਪ੍ਰਮਾਤਮਾ ਤੇ ਵਿਸ਼ਵਾਸ਼ ਰੱਖਣਾ ਚਾਹੀਦਾ ਹੈ। ਜਿਸ ਨਾਲ ਭਗਤ ਧੰਨਾ ਵਾਂਗੂ ਪ੍ਰਭੂ ਦੀ ਏਕਤਾ ਨੂੰ ਪਾਇਆ ਜਾ ਸਕਦਾ ਹੈ। ਅਸਲ ਵਿਚ ਭਾਈ ਗੁਰਦਾਸ ਨੇ ਇਸ ਪੂਰਬ- ਪ੍ਰਚਲਤ ਕਥਾ ਨੂੰ ਆਧਾਰ ਬਣਾ ਕੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਭੋਲੇ ਭਾਲੇ ਸੁਭਾਅ ਤੇ ਸ਼ਰਧਾ ਨਾਲ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ। ਭਾਈ ਗੁਰਦਾਸ ਗੁਰਮਤਿ ਦੇ ਸਿਧਾਂਤਾਂ ਦੇ ਵਿਆਖਿਆਕਾਰ ਹਨ ਉਹ ਮੂਰਤੀ ਪੂਜਾ ਜਾਂ ਪੱਥਰ ਪੂਜਾ ਦਾ ਮੰਡਨ ਨਹੀਂ ਕਰਦੇ। ਆਪਣਾ ਵਿਚਾਰ ਪੇਸ਼ ਕਰਨ ਲਈ ਇਸ ਪ੍ਰਸੰਗ ਨੂੰ ਅਧਾਰ ਜ਼ਰੂਰ ਬਣਾਉਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਧੰਨਾ ਜੀ ਦੇ ਚਾਰ ਸ਼ਬਦ ਦਰਜ ਹਨ। ਤਿੰਨ ਰਾਗ ਆਸਾ ਵਿਚ[275] ਤੇ ਇਕ ਰਾਗ ਧਨਾਸਰੀ ਵਿਚ।[270]

<u>ਭਗਤ ਬੈਣੀ ਜੀ :</u>

ਸੰਸਾਰ ਵਿਚ ਉਹੋ ਹੀ ਸੱਚੇ ਭਗਤ ਅਮਰ ਹੋਏ ਜਿਨ੍ਹਾਂ ਦੇ ਜੀਵਨ ਦਾ ਮੁੱਖ ਮਕਸਦ ਸਿਰਫ ਅਕਾਲਪੁਰਖ ਦਾ ਸਿਮਰਨ ਕਰਨਾ ਸੀ। ਦੂਜੇ ਪਾਸੇ ਜਿਹੜੇ ਜੀਵ ਮੋਹ ਮਾਇਆ ਦੇ ਸੰਸਾਰੀ ਜਾਲ ਵਿਚ ਫਸੇ ਰਹੇ ਉਨ੍ਹਾਂ ਨੂੰ ਦੋਹਾਂ ਜਹਾਨਾਂ (ਲੋਕ ਤੇ ਪਰਲੋਕ) ਵਿਚ ਦੁੱਖ ਝੱਲਣੇ ਪਏ।

ਅਜਿਹੇ ਹੀ ਸੱਚੇ ਭਗਤਾਂ ਵਿਚੋਂ ਭਗਤ ਬੇਣੀ ਜੀ ਸਨ ਜਿਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਅਤੇ ਆਪਣੀਅਦੁੱਤੀ ਬਾਣੀ ਰਾਹੀਂ ਸਮੁੱਚੀ ਮਨੁੱਖਤਾ ਦਾ ਕਲਿਆਣ ਕੀਤਾ।

ਭਗਤ ਬੇਣੀ ਜੀ ਕਿਸ ਸਮੇਂ, ਸਥਾਨ ਤੇ ਕਿਸ ਦੇ ਘਰ ਪੈਦਾ ਹੋਏ ਇਸ ਸੰਬੰਧੀ ਕਿਸੇ ਵੀ ਭਗਤੀ ਮੱਤ ਬਾਰੇ ਜਾਣਕਾਰੀ ਦੇਣ ਵਾਲੇ ਸ੍ਰੋਤ ਤੋਂ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਇਸ ਸੰਦਰਭ ਵਿਚ ਨਾ ਹੀ ਕੋਈ ਭਗਤ ਜੀ ਦੀ ਬਾਣੀ ਦੀ ਅੰਦਰਲੀ ਗਵਾਹੀ ਸਹਾਇਤਾ ਕਰਦੀ ਹੈ। ਵਿਦਵਾਨਾਂ ਨੇ ਦੂਜੇ ਭਗਤਾਂ ਦੀ ਬਾਣੀ ਵਿਚ ਆਏ ਭਗਤ ਬੇਣੀ ਜੀ ਸਬੰਧੀ ਸੰਕੇਤਾਂ ਦੇ ਆਧਾਰ ਤੇ ਕੁਝ ਅੰਦਾਜੇ ਹੀ ਲਗਾਏ ਹਨ। ਮੈਕਾਲਿਫ, ਭਗਤ ਬੇਣੀ ਜੀ ਦੁਆਰਾ ਵਰਤੀ ਸ਼ਬਦਾਵਲੀ ਦੇ ਆਧਾਰ ਤੇ ਆਪ ਨੂੰ ਪੁਰਾਣੇ ਸਮੇਂ ਵਿਚ ਹੋਇਆ ਮੰਨਦਾ ਹੈ।[277] ਗਿਆਨੀ ਨਰੈਣ ਸਿੰਘ, ਭਗਤ ਬੇਣੀ ਜੀ ਦਾ ਜਨਮ 1670 ਬਿ. ਵਿਚ ਅਧਨੀ ਪਿੰਡ ਵਿਚ ਹੋਇਆ ਮੰਨਦਾ ਹੈ।[278] ਪਰ ਇਸ ਜਨਮ ਤਿੱਥੀ ਨਾਲ ਸਹਿਮਤ ਨਹੀਂਹੋਇਆ ਜਾ ਸਕਦਾ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟਾਂ ਦੇ ਸਵੱਯਿਆਂ ਵਿਚ ਭਗਤ ਬੇਣੀ ਜੀ ਦਾ ਨਾਮ ਦਰਜ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ 1604 ਈ. ਵਿਚ ਹੋ ਚੁੱਕੀ ਸੀ:

ਭਗਤ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ।

ਜੋਗ ਧਿਆਨਿ ਗਿਆਨਿ ਬਿਨਾਂ ਪ੍ਰਭ ਅਵਰੁ ਨ ਜਾਣੈ।[279]

ਇਸ ਤਰ੍ਹਾਂ 1661 ਬਿ. ਦੇ ਆਸ ਪਾਸ ਰਚੇ ਗਏ ਗੁਰੂ ਗ੍ਰੰਥ ਸਾਹਿਬ ਵਿਚ 1670 ਬਿ. ਵਿਚ ਜਨਮੇ ਭਗਤ ਬੇਣੀ ਜੀ ਦੀ ਬਾਣੀ ਕਿਵੇਂ ਦਰਜ ਹੋ ਸਕਦੀ ਹੈ? ਗਿਆਨੀ ਗੁਰਦਿੱਤ ਸਿੰਘ ਨੇ ਇਸ ਭੁਲੇਖੇ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ । ਉਸਅਨੁਸਾਰ, 1570 ਈ. ਢੁਕਵਾਂ ਪ੍ਰਤੀਤ ਹੁੰਦਾ ਹੈ ਜੋ ਗੁਰੂ ਨਾਨਕ ਦੇਵ ਜੀ ਦੇ ਚਲਾਣੇ ਤੋਂ ਕੁਝ ਸਾਲ ਪਹਿਲਾਂ ਦਾ ਹੈ। ਬੇਣੀ ਜੀ ਉਸਸਮੇਂ ਜੁਆਨੀ ਵਿਚ ਹੋ ਸਕਦੇ ਹਨ।[280] ਅਸੀਂ ਵੀ ਇਸ ਵਿਚਾਰ ਨਾਲਸਹਿਮਤ ਹਾਂ ਕਿਉਂਕਿ ਭਗਤ ਬੇਣੀ ਜੀ ਦਾ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੋ ਸਕਦਾ। ਜੇਕਰ ਐਸਾ ਹੁੰਦਾ ਤਾਂ ਜਿਵੇਂ ਗੁਰੂ ਸਾਹਿਬਾਨ ਨੇ ਬਾਕੀ ਭਗਤਾਂ ਦੇ ਨਾਮ ਆਪਣੀਬਾਣੀ ਵਿਚ ਦਰਜ ਕੀਤੇ ਹਨ ਨਾਲ ਹੀ ਭਗਤ ਬੇਣੀ ਦਾ ਨਾਮ ਵੀ ਜ਼ਰੂਰ ਦਰਜ

ਹੋਣਾ ਸੀ। ਦੂਜਾ ਭਗਤ ਬੇਣੀ ਜੀ ਦੀ ਰਚਨਾ ਦਾ ਅਧਿਐਨ ਕੀਤਿਆਂ ਇਹ ਤੱਥ ਦ੍ਰਿਸ਼ਟੀ-ਗੋਚਰ ਹੁੰਦਾ ਹੈ ਕਿ ਆਪ ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਕਾਫ਼ੀ ਪ੍ਰਭਾਵਿਤ ਹੋਏ ਹਨ। ਇਸ ਕਰਕੇ ਜਨਮ ਸਾਲ 1570 ਈ. ਠੀਕ ਪ੍ਰਤੀਤ ਹੁੰਦਾ ਹੈ।

ਡਾ. ਤਾਰਨ ਸਿੰਘ ਅਨੁਸਾਰ, ਘਰੋਗੀ ਨਿਰਵਾਹ ਲਈ ਲੋੜੀਂਦੇ ਸਾਧਨ ਪ੍ਰਾਪਤ ਨਾ ਹੋਣ ਦੇ ਬਾਵਜੂਦ ਆਪ ਇਕ ਪ੍ਰਮੇਸੁਰ ਤੇ ਟੇਕ ਰੱਖਦੇ ਤੇ ਸਬਰ ਸੰਤੋਖ ਨਾਲ ਦਿਨ ਲੰਘਾਉਂਦੇ ਸਨ।[281] ਇਕ ਵਾਰ ਗਰੀਬੀ ਨੇ ਐਸਾ ਮਾਰੂ ਹਮਲਾ ਕੀਤਾ ਕਿ ਆਪ ਬਹੁਤ ਉਦਾਸ ਹੋ ਗਏ। ਰਾਤ ਦਿਨੇ ਏਹੋ ਵਿਚਾਰਦੇ ਰਹਿੰਦੇ ਸਨ ਕਿ ਮਾਨਵ ਜੀਵਨ ਦਾ ਅੰਤ ਕਰ ਲੈਣ, ਅਗਲੇ ਜਨਮ ਨੂੰ ਕੀ ਪਤਾ ਕੈਸਾ ਹੋਵੇ? ਹੋ ਸਕਦਾ ਹੈ ਜੇ ਇਸ ਜਨਮ ਵਿਚ ਦੁਖੀ ਹਾਂ ਤਾਂ ਅਗਲੇ ਜਨਮ ਵਿਚ ਸੁੱਖੀ ਹੋ ਜਾਈਏ। ਐਸੀ ਹੀ ਦਲੀਲ ਕਰਿਆ ਕਰਦੇ ਸਨ। ਕਿਉਂਕਿ ਬੱਚਿਆਂ ਦਾ ਭੁੱਖਿਆਂ ਵਿਲਕਣਾ ਨਾ ਦੇਖਿਆ ਜਾਂਦਾ। ਹਰ ਰੋਜ ਇਸਤਰੀ ਲੜਦੀ। ਉਹ ਐਸੀ ਮਾਯਾ ਘਾਟੇ ਦੇ ਦੁੱਖਾਂ ਤੋਂ ਤੰਗ ਆ ਗਿਆ ਤੇ ਹਰ ਰੋਜ ਮਨ ਹੀ ਮਨ ਕਲੇਸ਼ ਕਰਨ ਲੱਗਾ।[282] ਅਕਾਲ ਪੁਰਖ ਇਹ ਸਾਰੇ ਹਾਲਾਤ ਦੇਖ ਰਿਹਾ ਸੀ। ਉਸ ਦੀ ਐਸੀ ਕਿਰਪਾ ਹੋਈ ਕਿ ਇਕ ਦਿਨ ਇਕ ਮਹਾਂਪੁਰਖ ਭਗਤ ਬੇਣੀ ਜੀ ਨੂੰ ਮਿਲੇ । ਉਹਨਾਂ ਨੇ ਬੇਣੀ ਜੀ ਨੂੰ ਪਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਰਿਆ, ਜਿਸ ਨਾਲ ਸਾਰੇ ਦੁੱਖਾਂ ਦਾ ਨਾਸ਼ ਹੁੰਦਾ ਹੈ ਅਤੇ ਅਕਾਲ-ਪੁਰਖ ਖੁਦ ਭਗਤਾਂ ਦੀ ਲਾਜ ਰੱਖਣ ਲਈ ਉਹਨਾਂ ਦੇ ਅੰਗ ਸੰਗ ਸਹਾਈ ਹੁੰਦਾ ਹੈ । ਭਗਤ ਬੇਣੀ ਜੀਦੇ ਮਨ ਨੂੰ ਉਸ ਮਹਾਂ ਪੁਰਖ ਦੇ ਵਿਚਾਰਾਂ ਨੇ ਟੁੰਬਿਆ ਤੇ ਆਪ ਹਰ ਰੋਜ ਜੰਗਲ ਵਿਚ ਚਲੇ ਜਾਂਦੇ ਤੇ ਇਕਾਂਤ ਵਿਚ ਬੈਠ ਕੇ ਪ੍ਰਭੂ ਦਾ ਨਾਮ ਸਿਮਰਨ ਕਰਦੇ।

ਉਪਰੋਕਤ ਵਿਚਾਰ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਰਜ ਹਨ ਕਿ ਗੁਰਮੁੱਖ ਬੇਣੀ ਭਗਤ ਏਕਾਂਤ ਜਗ੍ਹਾ ਤੇ ਬੈਠ ਕੇ ਸਮਾਧੀ ਲਾਉਂਦਾ ਸੀ। ਨਿਸਕਾਮ ਕਰਮ ਕਰਕੇ ਹੋਰ ਕਿਸੇ ਨੂੰ ਅਲਖ ਕਰਮ ਲਖਾਉਂਦਾ ਨਹੀਂ ਸੀ। ਜਦੋਂ ਘਰ ਆਵੇ ਤਾਂ ਲੋਕ ਪੁੱਛਣ, ਤਾਂ ਆਖੇ ਮੈਂ ਮਜਬ ਦੁਆਰੇ ਗਿਆ ਸੀ। ਘਰ ਵਾਲੀ ਘਰ ਦੀਆਂ ਜ਼ਰੂਰੀ ਵਸਤਾਂ ਮੰਗੇ ਤਾਂ ਹਮੇਸ਼ਾ ਟਾਲ ਮਟੋਲ ਕਰਕੇ ਦਿਨ ਕਟੀ ਕਰ ਛੱਡੇ। ਇਕ ਦਿਨ ਵੱਡਾ ਸਾਕਾ ਵਰਤਿਆ , ਭਗਤ ਬੇਣੀ ਇਕ ਮਨ ਹੋ

ਅਕਾਲ ਪੁਰਖ ਨੂੰ ਧਿਆ ਰਿਹਾ ਸੀ। ਅਕਾਲ ਪੁਰਖ ਆਪ ਭਗਤ ਦੀ ਪੈਜ ਰੱਖਣ ਲਈ ਰਾਜਾ ਬਣ ਕੇ ਭਗਤ ਬੇਣੀ ਦੇ ਘਰ ਆਏ। ਪ੍ਰਸੰਨ ਹੋ ਕੇ ਦਿਲਾਸਾ ਦਿਤਾ ਤੇ ਅਣ-ਗਿਣਤ ਖਰਚਾ ਦੇ ਦਿੱਤਾ। ਉਥੇ ਭਗਤ ਪਾਸ ਜਾ ਕੇ ਵੱਡੀ ਦਇਆ ਕੀਤੀ ਤੇ ਪਿਆਰ ਕੀਤਾ। ਅਕਾਲ ਪੁਰਖ ਆਪਣੇ ਭਗਤ ਜਨਾਂ ਦੀ ਜੈ ਜੈ ਕਾਰ ਕਰਾਉਂਦਾ ਹੈ।[283]

ਉਪਰੋਕਤ ਕਥਨਾਂ ਰਾਹੀਂ ਭਾਈ ਗੁਰਦਾਸ ਨੇ ਇਹ ਸਪੱਸ਼ਟ ਕੀਤਾ ਹੈ ਕਿ ਪਰਮਾਤਮਾ ਹਮੇਸ਼ਾ ਭਗਤਾਂ ਦੀ ਜਿੱਤ ਕਰਾਉਂਦਾ ਹੈ। ਜਿਵੇਂ ਬੇਣੀ ਇਕਸੁਰ ਹੋ ਕੇ ਪ੍ਰਭੂ ਨੂੰ ਧਿਆਉਂਦਾ ਹੈ ਤੇ ਪਰਮਾਤਮਾ ਔਖਿਆਈ ਜਾਂ ਮੁਸੀਬਤ ਸਮੇਂ ਖੁਦ ਆ ਕੇ ਮੁਸ਼ਕਲਾਂ ਹੱਲ ਕਰਦਾ ਹੈ। ਭਾਈ ਗੁਰਦਾਸ ਅਨੁਸਾਰ ਉਸ ਅਕਾਲ ਪੁਰਖ ਦਾ ਸਿਮਰਨ ਸੱਚੇ ਹਿਰਦੇ ਨਾਲ ਕਰਨਾ ਚਾਹੀਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਬੇਣੀ ਜੀ ਦੇ ਤਿੰਨ ਸ਼ਬਦ ਦਰਜ ਹਨ। ਇਕ ਸਿਰੀ ਰਾਗ ਵਿਚ[284], ਦੂਜਾ ਰਾਮ-/ਕਲੀ ਰਾਗ ਵਿਚ[285] ਤੇ ਤੀਜਾ ਪ੍ਰਭਾਤੀ ਰਾਗ ਵਿਚ[286]।

## ਭਗਤ ਕਬੀਰ ਜੀ :

ਭਗਤ ਕਬੀਰ ਜੀ ਮੱਧਕਾਲ ਦੀ ਭਗਤੀ ਲਹਿਰ ਦੇ ਇਕ ਪ੍ਰਸਿੱਧ ਪ੍ਰਤਿਭਾਸ਼ਾਲੀ, ਸਮਾਜ ਸੁਧਾਰਕ ਸਨ। ਆਪ ਨੇ ਵਿਦਵਤਾ ਰਾਹੀਂ ਭਗਤੀ ਲਹਿਰ ਨੂੰ ਸਿਖਰਾਂ ਤੇ ਪਹੁੰਚਾ ਦਿੱਤਾ। ਭਗਤ ਕਬੀਰ ਜੀ ਦੇ ਸਮੇਂ ਹਿੰਦੂ ਸਮਾਜ ਮੁਸਲਮਾਨ ਸ਼ਾਸਕਾਂ ਹੱਥੋਂ ਬਹੁਤ ਦੁੱਖੀ ਸੀ। ਦੂਜੇ ਪਾਸੇ ਹਿੰਦੂ ਬ੍ਰਾਹਮਣਾਂ ਨੇ ਭੋਲੀ ਭਾਲੀ ਜਨਤਾਂ ਨੂੰ ਕਰਮਕਾਂਡਾਂ ਅਤੇ ਜਾਤਪਾਤ ਦੀਆਂ ਵੰਡੀਆਂ ਵਿਚ ਵੰਡਿਆ ਹੋਇਆ ਸੀ ਅਤੇ ਅਗਵਾਈ ਕਰਨਦੀ ਬਜਾਏ ਉਨ੍ਹਾਂ ਨੂੰ ਵਹਿਮਾਂ ਭਰਮਾਂ ਤੇ ਭੁਲੇਖਿਆਂ ਵਿਚ ਪਾ ਰਹੇ ਸਨ। ਅਜਿਹੀ ਸਥਿਤੀ ਸਮੇਂ ਭਗਤ ਕਬੀਰ ਜੀ ਨੇ ਨਿਡੱਰਤਾ ਨਾਲ ਇਸ ਗੁਲਾਮੀ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਸਮੁੱਚੀ ਮਨੁੱਖਤਾ ਨੂੰ ਅਕਾਲ ਪੁਰਖ ਨਾਲ ਜੋੜਨ ਦੇ ਉਪਰਾਲੇ ਕੀਤੇ।

ਭਗਤ ਕਬੀਰ ਜੀ ਦੇ ਜਨਮ ਅਤੇ ਮਾਤਾ-ਪਿਤਾ ਬਾਰੇ ਵਿਦਵਾਨਾਂ ਵਿਚ ਮੱਤ -ਭੇਦ ਹੈ। ਕਿਉਂਕਿ ਉਸ ਸਮੇਂ ਸੰਤਾਂ ਜਾਂ ਭਗਤਾਂ ਦੇ ਜੀਵਨ ਸੰਬੰਧੀ ਰੋਜ਼ਨਾਮਚੇ ਲਿਖਣ ਦੀ ਪਰੰਪਰਾ

ਨਹੀਂ ਸੀ। ਇਸ ਤਰ੍ਹਾਂ ਜੋ ਵੀ ਜਨਮ ਸਬੰਧੀ ਸਰਧਾਲੂਆਂ ਦੇ ਮਨ ਵਿਚ ਤਿੱਥੀ ਆਈ, ਉਹ ਮੰਨ ਲਈ ਗਈ। ਇਸ ਪ੍ਰਕਾਰ ਵਿਦਵਾਨਾਂ ਨੇ ਅੰਦਾਜੇ ਹੀ ਲਗਾਏ ਹਨ। ਪ੍ਰਚਲਤ ਮੱਤ ਅਨੁਸਾਰ ਭਗਤ ਕਬੀਰ ਜੀ ਦਾ ਜਨਮ ਸੁਆਮੀ ਰਾਮਾ ਨੰਦ ਜੀ ਦੇ ਵਰ ਨਾਲ ਇਕ ਵਿਧਵਾ ਬ੍ਰਾਹਮਣੀ ਦੀ ਕੁੱਖੋਂ ਹੋਇਆ ਸੀ। ਉਹ ਸਮਾਜ ਤੋਂ ਡਰਦੀ ਹੋਈ ਆਪ ਦੇ ਜਨਮ ਤੋਂ ਤੁਰੰਤ ਬਾਅਦ ਆਪ ਨੂੰ ਬਨਾਰਸ ਦੇ ਨੇੜੇ ਇਕ ਤਲਾਅ ਦੇ ਕੰਢੇ ਤੇ ਰੱਖ ਗਈ। ਉਥੋਂ ਨੀਰੂ ਜੁਲਾਹੇ ਤੇ ਉਸ ਦੀ ਪਤਨੀ ਨੇ ਆਪ ਨੂੰ ਚੁੱਕ ਲਿਆਂਦਾ ਤੇ ਪਾਲਣ ਪੋਸ਼ਣ ਕੀਤਾ। ਉਨ੍ਹਾਂ ਦੇ ਕੋਈ ਸੰਤਾਨ ਨਹੀਂ ਸੀ। ਕਈ ਵਿਦਵਾਨ ਇਸ ਵਿਚਾਰਨਾਲ ਸਹਿਮਤੀ ਪ੍ਰਗਟਾਉਂਦੇ ਹਨ ਕਿ ਕਬੀਰ ਜੀ ਨੂੰ ਸਿੱਧਾ ਪਰਮਾਤਮਾ ਨੇ ਇਕ ਬੱਚੇ ਦੇ ਰੂਪ ਵਿਚ ਪੈਦਾਕੀਤਾ ਸੀ। ਆਪ ਦੇ ਮਾਤਾ ਪਿਤਾ ਕੋਈ ਨਹੀਂ ਸਨ। ਗਿਆਨੀ ਪ੍ਰਤਾਪ ਸਿੰਘ ਅਨੁਸਾਰ, ਭਗਤ ਕਬੀਰ ਦਾ ਜਨਮ 1495 ਈ. ਨੂੰ ਕਾਸ਼ੀ ਵਿਚ ਅਲੀ ਉਰਫ਼ ਨੀਰੂ ਜੁਲਾਹੇ ਦੇ ਘਰ ਹੋਇਆ। ਕਈ ਇਤਿਹਾਸਕਾਰਾਂ ਨੇ ਆਪ ਦਾ ਜਨਮ ਸਥਾਨ ਪਿੰਡ ਜਮਾਲਪੁਰ ਲਿਖਿਆ ਹੈ। ਪਰ ਸਹੀ ਕਾਸ਼ੀ ਹੀ ਹੈ।[287] ਸਥਾਪਤ ਮੱਤ ਅਨੁਸਾਰ ਭਗਤ ਕਬੀਰ ਜੀ ਨੇ 120 ਸਾਲ ਦੀ ਉਮਰ ਵਿਚ ਚਲਾਣਾ ਕੀਤਾ। ਗਿਆਨੀ ਗੁਰਦਿੱਤ ਸਿੰਘ ਆਪਣੀ ਖੋਜ ਦੇ ਆਧਾਰ ਤੇ ਇਹ ਸਿੱਧ ਕਰਦਾ ਹੈ ਕਿ ਕਬੀਰ ਜੀ ਦਾ ਦੇਹਾਂਤ 1575 ਬਿ. ਅਰਥਾਤ 1518 ਈਂ. ਵਿਚ ਹੋਇਆ।[288] ਇਸ ਪ੍ਰਕਾਰ ਜਨਮ ਸੰਨ 1398 ਵਿਚ ਹੋਇਆ ਮੰਨਿਆ ਜਾਣਾ ਚਾਹੀਦਾ ਹੈ।

ਭਗਤ ਕਬੀਰ ਨੇ ਹਿੰਦੂ ਧਰਮ ਦੇ ਵਿਦਿਆ ਕੇਂਦਰ ਕਾਸ਼ੀ ਵਿਚ ਰਹਿ ਕੇ ਹਿੰਦੂ ਧਰਮ ਸਬੰਧੀ ਚੰਗੀ ਜਾਣਕਾਰੀ ਪ੍ਰਾਪਤ ਕਰ ਲਈ ਸੀ। ਮਾਤਾ ਪਿਤਾ ਨੇ ਕਬੀਰ ਜੀ ਨੂੰ ਇਸਲਾਮੀ ਢਾਂਚੇ ਵਿਚ ਢਾਲਣ ਦਾ ਯਤਨ ਕੀਤਾ ਪਰ ਕੋਈਪੇਸ਼ ਨਾ ਗਈ। ਕਬੀਰ ਜੀ ਦੇ ਇਸਲਾਮ ਤੋਂ ਇਨਕਾਰੀ ਹੋਣ ਤੇ ਮਾਤਾ ਪਿਤਾ ਤੇ ਮੌਲਾਣਿਆਂ ਨੂੰ ਤਾਂ ਦੁੱਖ ਹੋਣਾ ਹੀ ਸੀ ਪਰ ਦੂਜੇ ਪਾਸੇ ਕਾਸ਼ੀ ਦੇ ਹਿੰਦੂ ਬ੍ਰਾਹਮਣ ਵੀ ਵਿਰੋਧੀ ਸਨ ਕਿ ਇਕ ਮੁਸਲਮਾਨ ਜੁਲਾਹਾ ਹੋ ਕੇ ਰਾਮ ਨਾਮ ਦਾ ਸਿਮਰਨ ਕਰੇ। ਉਹ ਇਸ ਨੂੰ ਆਪਣੇ ਧਰਮ ਲਈ ਅਪਵਿੱਤਰਤਾ ਦਾ ਚਿੰਨ੍ਹ ਸਮਝਦੇ ਸਨ। ਭਗਤ ਰਵਿਦਾਸ ਲਿਖਦੇ ਹਨ, ਜਿਸ ਕਬੀਰ ਦੀ ਕੁਲ ਵਿਚ ਈਦ ਬਕਰੀਦ ਆਦਿ ਤਿਉਹਾਰ ਸਮੇਂ ਗਊਆਂ ਹਲਾਲ ਕੀਤੀਆਂ ਜਾਂਦੀਆਂ ਸਨ ਅਤੇ ਜਿਨ੍ਹਾਂ ਦੇ ਘਰਾਂ ਵਿਚ ਹੁਣ ਸੇਖਾਂ ਸ਼ਹੀਦਾਂ ਤੇ ਪੀਰਾਂ ਦੀ ਮਾਨਤਾ ਹੁੰਦੀ ਹੈ। ਕਬੀਰ ਦੇ ਪਿਤਾ ਤੇ ਵੱਡਿਆਂ ਨੇ ਸ਼ਰੀਅਤ ਦੀਆਂ ਪਾਬੰਦੀਆਂ ਨਿਭਾਈਆਂ, ਪਰ ਉਹਨਾਂ ਦੇ ਪੁੱਤਰ ਕਬੀਰ ਆਪਣੀ ਭਗਤੀ ਕਾਰਨ ਸਾਰੇ

ਸੰਸਾਰ ਵਿਚ ਪ੍ਰਸਿੱਧ ਹੋਏ।[289]

ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਭਗਤ ਕਬੀਰ ਦੀ ਜਾਤ ਵੱਲ ਸੰਕੇਤ ਕੀਤਾ ਹੈ। ਆਪ ਲਿਖਦੇ ਹਨ, ਨਾਮਦੇਵ ਛੀਬਾ ਸੀ ਤੇ ਕਬੀਰ ਜੁਲਾਹਾ, ਉਹਨਾਂ ਨੇ ਪੂਰੇ ਗੁਰੂ ਤੋਂ ਉਚੀ ਆਤਮਿਕ ਅਵਸਥਾ ਹਾਸਲ ਕੀਤੀ। ਉਹ ਪ੍ਰਮਾਤਮਾ ਦੇ ਨਾਲ ਸਾਂਝ ਪਾਉਣ ਵਾਲੇ ਬਣ ਗਏ, ਉਹਨਾਂ ਪ੍ਰਭੂ ਦੀ ਸਿਫ਼ਤ ਸਲਾਹ ਨਾਲ ਡੂੰਘੀ ਸਾਂਝ ਪਾ ਲਈ ਤੇ ਹਉਮੈ ਦਾ ਵੀ ਨਾਸ਼ ਕਰ ਲਿਆ। ਹੁਣ ਦੇਵਤੇ ਤੇ ਮਨੁੱਖ ਉਹਨਾਂ ਦੀ ਬਾਣੀ ਗਾਉਂਦੇ ਹਨ, ਕੋਈ ਬੰਦਾ ਉਹਨਾਂ ਨੂੰ ਮਿਲੀ ਇੱਜਤ ਨੂੰ ਮਿਟਾ ਨਹੀਂ ਸਕਦਾ।[290]

ਭਗਤ ਕਬੀਰ ਜੀ ਦੇ ਮਾਤਾ ਪਿਤਾ ਕਪੜਾ ਬੁਨਣ ਦਾ ਕੰਮ ਕਰਦੇ ਸਨ। ਬਚਪਨ ਤੋਂ ਹੀ ਆਪ ਆਪਣੇ ਮਾਤਾ ਪਿਤਾ ਨਾਲ ਕੰਮ ਵਿਚ ਹੱਥ ਵਟਾਉਂਦੇ ਸਨ ਤੇ ਜਦੋਂ ਫੁਰਸਤ ਮਿਲਦੀ ਤਾਂ ਡੂੰਘੀਆਂ ਵਿਚਾਰਾਂ ਵਿਚ ਗੁੰਮ ਹੋ ਜਾਂਦੇ। ਇਸ ਰੂੱਪ ਦੀ ਅਵਸਥਾ ਨੂੰ ਦੇਖ ਕੇ ਆਪਦੇ ਮਾਤਾ ਪਿਤਾ ਫਿਕਰ ਵਿਚ ਪੈ ਗਏ ਤੇ ਕਈ ਜਾਦੂ ਟੂਣੇ ਕਰਾਏ। ਗਿਆਨੀ ਨਰੈਣ ਸਿੰਘ ਅਨੁਸਾਰ ਗੁਆਂਢਣਾ ਦੀਆਂ ਗੱਲਾਂ ਸੁਣ ਕੇ ਨੀਮਾਂ ਆ ਕੇ ਨੀਰੂ ਨੂੰ ਡਰਾਉਂਦੀ ਤੇ ਉਹ ਘਬਰਾਇਆ ਹੋਇਆ ਜਾ ਕੇ ਸੰਤਾਂ ਫਕੀਰਾਂ ਦੇ ਤਰਲੇ ਕਰਦਾ, ਜੋਤਸ਼ੀਆਂ ਕੋਲੋਂ ਪੁਛਦਾ। ਉਹ ਉਸਨੂੰ ਤਸੱਲੀ ਦੇ ਘਰ ਤੋਰ ਦਿੰਦੇ, ਤੇਰਾ ਪੁੱਤਰ! ਬਹੁਤ ਵੱਡਾ ਬਣੇਗਾ, ਫਿਕਰ ਨਾ ਕਰ।"[291]

ਭਗਤ ਕਬੀਰ ਨੂੰ ਬਕਾਇਦਾ ਵਿਦਿਆ ਪ੍ਰਾਪਤ ਕਰਨ ਦਾ ਮੌਕਾ ਨਹੀਂ ਮਿਲਿਆ। ਪਰ ਕਾਸ਼ੀ ਵਿਚ ਨਿਵਾਸ ਹੋਣ ਕਰਕੇ ਸਾਧੂ, ਸੰਤਾਂ ਨਾਲ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਜਿਸ ਨਾਲ ਆਪ ਰੂਹਾਨੀਅਤ ਦੇ ਗੁੱਝੇ ਭੇਦਾਂ ਨੂੰ ਸਮਝਣ ਦੇ ਸਮਰੱਥ ਹੋ ਗਏ। ਐਮ. ਐਲ ਸੋਂਧੀ ਅਨੁਸਾਰ, ਬਨਾਰਸ (ਕਾਸ਼ੀ) ਵਿਚ ਰਹਿਣ ਕਾਰਣ ਕਬੀਰ ਸ਼ਾਹਿਬ ਨੂੰ ਸ਼ਰੀਅਤ ਅਤੇ ਕਰਮ-ਕਾਂਡ ਦੇ ਖੋਖਲੇਪਨ ਦਾ ਪਤਾ ਲੱਗ ਚੁੱਕਾ ਸੀ। ਉਨ੍ਹਾਂ ਦੀ ਖੋਜ ਭਰੀ ਦ੍ਰਿਸ਼ਟੀ ਬਾਹਰ ਮੁੱਖੀ ਭਗਤੀ ਅਤੇ ਪੂਜਾ ਪਾਠ ਦੀ ਬਜਾਏ ਕਿਸੇ ਉਚੇਰੇ ਸਤਿ ਦੀ ਭਾਲ ਵਿਚ ਸੀ।[292]

ਭਗਤ ਕਬੀਰ ਜੀ ਇਕ ਆਦਰਸ਼ਕ ਗ੍ਰਹਿਸਤੀ ਸਨ। ਕਈ ਵਿਦਵਾਨਾਂ ਨੇ ਇਸ ਸਬੰਧ ਵਿਚ ਮੱਤ ਭੇਦ ਪੈਦਾ ਕੀਤੇ ਹਨ। ਉਹ ਆਪਣੇ ਵਿਚਾਰ ਦੀ ਪੁਸ਼ਟੀ ਲਈ ਇਹ ਦਲੀਲ ਦਿੰਦੇ ਹਨ ਕਿ ਭਗਤ ਕਬੀਰ ਜੀ ਨੇ ਇਸਤਰੀ ਦੇ ਸੰਗ ਨੂੰ ਬੁਰਾ ਕਿਹਾ ਹੈ ਪਰ ਉਹਨਾਂ ਦੇ ਇਹ ਵਿਚਾਰ ਮੰਨਣਯੋਗ ਨਹੀਂ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਵਿਚ

ਇਹ ਗੱਲ ਸਿੱਧ ਹੁੰਦੀ ਹੈ ਕਿ ਆਪ ਗ੍ਰਿਹਸਤੀ ਸਨ। ਕਮਾਲਾ ਆਪ ਦਾ ਪੁੱਤਰ ਸੀ:

ਬੂਡਾ ਬੰਸ ਕਬੀਰ ਦਾ ਉਪ ਜਿਉ ਪੂਤ ਕਮਾਲ।[293]

ਇਸ ਪ੍ਰਕਾਰ ਗਿਆਨੀ ਪ੍ਰਤਾਪ ਸਿੰਘ ਦਾ ਮੱਤ ਠੀਕ ਪ੍ਰਤੀਤ ਹੁੰਦਾ ਹੈ ਕਿ ਆਪ ਦੇ ਘਰੋਂ ਮਾਈ ਲੋਈ ਬੜੀ ਆਗਿਆਕਾਰੀ ਔਰਤ ਸੀ। ਇਨ੍ਹਾਂ ਦੇ ਸੰਤਾਨ ਵੀ ਸੀ। ਪੁੱਤਰ ਦਾ ਨਾਮ ਕਮਾਲਾ ਤੇ ਧੀ ਦਾ ਨਾਮ ਕਮਾਲੀ ਸੀ।[294]

ਭਗਤ ਕਬੀਰ ਜੀ ਦੇ ਜੀਵਨ ਦਾ ਬਹੁਤਾ ਹਿੱਸਾ ਕਾਸ਼ੀ ਵਿਖੇ ਬੀਤਿਆ। ਆਪ ਦੀ ਰਚਨਾ ਤੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਕਿ ਆਪ ਜੀਵਨ ਦੇ ਆਖਰੀ ਦਿਨਾਂ ਵਿਚ 'ਮਗਹਰ' ਚਲੇ ਗਏ ਸਨ; ਜਿਸ ਬਾਰੇ ਇਹ ਪਰੰਪਰਾ ਪ੍ਰਚਲਤ ਸੀ ਕਿ ਉਥੇ ਮਰਨ ਵਾਲਾ ਪ੍ਰਾਣੀ ਗਤੀ ਨੂੰ ਪ੍ਰਾਪਤ ਨਹੀਂ ਹੁੰਦਾ। ਆਪ ਇਸ ਪ੍ਰਚਲਤ ਵਿਚਾਰ ਦਾ ਖੰਡਨ ਕਰਨ ਲਈ ਅਤੇ ਲੋਕਾਂ ਦੇ ਮਨਾਂ ਵਿਚੋਂ ਇਹ ਭਰਮ ਦੂਰ ਕਰਨ ਲਈ ਆਪਣੇ ਜੀਵਨ ਦੇ ਅਖੀਰਲੇ ਸਾਲਾਂ ਵਿ ਉਥੇ ਜਾ ਵੱਸੇ ਸਨ:

ਬਹੁਤ ਬਰਸ ਤਪੁ ਕੀਆ ਕਾਸ਼ੀ।
ਮਰਨ ਭਇਆ ਮਗਹਰ ਕੀ ਬਾਸੀ।[295]

ਮੈਕਾਲਿਫ ਅਨੁਸਾਰ, ਕਬੀਰ ਜੀ ਦਾ ਦੇਹਾਂਤ 1518 ਈ. ਵਿਚ ਹੋਇਆ।[296] ਡਾ. ਤਾਰਨ ਸਿੰਘ ਦੇਹਾਂਤ ਦਾ ਸੰਨ 1495 ਈ. ਮੰਨਦਾ ਹੈ।[297] ਪਰ ਡਾ. ਸਾਹਿਬ ਸਿੰਘ ਇਹਨਾਂ ਦੋਹਾਂ ਵਿਦਵਾਨਾਂ ਦੇ ਵਿਚਾਰਾਂ ਉਤੇ ਕਿੰਤੂ ਕਰਦਾ ਹੋਇਆ ਲਿਖਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ 1507 ਈ. ਤੋਂ 1518 ਈ. (ਅੱਠ ਸਾਲ) ਰਹੀ। ਇਸੇ ਹੀ ਉਦਾਸੀ ਦੌਰਾਨ ਉਨ੍ਹਾਂ ਨੇ ਸਾਰੇ ਭਗਤਾਂ ਦੀ ਬਾਣੀ ਵੀ ਲਿਆਂਦੀ ਸੀ।[298] ਗਿਆਨੀ ਗੁਰਦਿੱਤ ਸਿੰਘ, ਗੁਰੂ ਨਾਨਕ ਸਾਹਿਬ ਤੇ ਭਗਤ ਕਬੀਰ ਜੀ ਦਾ ਆਪਸੀ ਮੇਲ ਸਿੱਧ ਕਰਦਾ ਹੋਇਆ ਭਗਤ ਕਬੀਰ ਜੀ ਦਾ ਚਲਾਣਾ 1575 ਬਿ. ਅਰਥਾਤ 1518 ਈ. ਮੰਨਦਾ ਹੈ।[299]

ਭਗਤ ਕਬੀਰ ਜੀ ਦੇ ਜੀਵਨ ਨਾਲ ਸਬੰਧਤ ਬਹੁਤ ਸਾਰੀਆਂ ਘਟਨਾਵਾਂ ਪ੍ਰਸਿੱਧ ਹਨ। ਸੁਆਮੀ ਰਾਮਾਨੰਦ ਜੀ ਕਾਸ਼ੀ ਵਿਚ ਨਿਵਾਸ ਕਰਦੇ ਸਨ। ਕਬੀਰ ਜੀ ਨੇ ਉਨ੍ਹਾਂ ਦੀ ਸੋਭਾ ਸੁਣੀ ਤੇ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਗੁਰੂ ਧਾਰਨ ਦਾ ਪੱਕਾ ਨਿਸ਼ਚਾ ਕਰ ਲਿਆ। ਮੁਹਿਸਨਫਾਨੀ ਲਿਖਦਾ ਹੈ, ਕਬੀਰ ਆਤਮਕ ਸ਼ਾਂਤੀ ਲਈ ਦਰ ਦਰ ਫਿਰਿਆ, ਮੁਸਲਮਾਨਾਂ ਤੇ ਹਿੰਦੂਆਂ ਦੇ ਡੇਰਿਆਂ ਤੇ ਵੀ ਗਿਆ, ਪਰ ਸ਼ਾਂਤੀ ਨਾ ਮਿਲੀ। ਆਖਰ ਕਿਸੇ ਉਸ ਨੂੰ ਰਾਮਾਨੰਦ ਦੀ ਦੱਸ ਪਾਈ।[300] ਭਗਤ ਕਬੀਰ ਆਪ ਵੀ ਇਸ ਸਬੰਧੀ ਸੰਕੇਤ ਆਪਣੀ ਬਾਣੀ ਵਿਚ ਕਰਦੇ ਹਨ:

ਕਾਸ਼ੀ ਮੈ ਹਮ ਪ੍ਰਗਟ ਭਏ ਰਾਮਾ ਨੰਦ ਚੇਤਾਇ।[301]

ਭਗਤ ਕਬੀਰ ਜੀ ਦੀ ਭਗਤ ਰਾਮਾਨੰਦ ਜੀ ਤੋਂ ਸਿਖਿਆ ਪ੍ਰਾਪਤ ਕਰਨ ਦਾ ਪ੍ਰਸੰਗ ਇਸ ਪ੍ਰਕਾਰ ਪ੍ਰਚਲਤ ਹੈ। "ਭਗਤ ਕਬੀਰ ਜੀ ਨੂੰ ਇਹ ਖਿਆਲ ਸੀ ਕਿ ਛੋਟੀ ਜਾਤੀ ਹੋਣ ਕਰਕੇ ਸੁਆਮੀ ਰਾਮਾਨੰਦ ਜੀ ਮੈਨੂੰ ਗੁਰੂ ਮੰਤ ਲੈਣ ਦਾ ਅਧਿਕਾਰੀ ਨਾ ਸਮਝਣ। ਇਸ ਕਰਕੇ ਰੋਜ਼ਾਨਾ ਤੜਕੇ ਜਿਸ ਰਸਤੇ ਤੋਂ ਸੁਆਮੀ ਰਾਮਾਨੰਦ ਜੀ ਗੰਗਾ ਤੱਟ ਤੇ ਇਸ਼ਨਾਨ ਕਰਨ ਜਾਂਦੇ ਸਨ, ਭਗਤ ਜੀ ਉਸ ਰਾਹ ਵਿਚ ਲੰਮੇ ਪੈ ਗਏ। ਜਦ ਸੁਆਮੀ ਜੀ ਦੇ ਪੈਰਾਂ ਨੂੰ ਕਬੀਰ ਜੀ ਦਾ ਜਿਸਮ ਛੋਹਿਆ ਤਾਂ ਉਨ੍ਹਾਂ 'ਰਾਮ ਨਾਮ' ਕਹਿ ਕੇ ਉਠਾਇਆ ਤੇ ਆਪਣਾ ਸੇਵਕ ਬਣਾਇਆ।[302]

ਭਾਈ ਗੁਰਦਾਸ ਨੇ ਵਾਰਾਂ ਵਿਚ ਇਸ ਘਟਨਾ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ:

ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ।
ਅੰਮ੍ਰਿਤੁ ਵੇਲੇ ਉਠਿਕੈ ਜਾਂਦਾ ਗੰਗਾ ਨ੍ਹਾਵਣ ਤਾਈਂ।
ਅੱਗੋਂ ਹੀ ਦੇ ਜਾਇਕੈ ਲੰਮਾ ਪਿਆ ਕਬੀਰ ਤਿਥਾਈਂ।
ਪੈਰੀਂ ਟੁੰਬਿ ਉਠਾਲਿਆ 'ਬੋਲਹੁ ਰਾਮ' ਸਿੱਖ ਸਮਝਾਈ।
ਜਿਉਂ ਲੋਹਾ ਪਾਰਸੁ ਛੁਹੇ ਚੰਦਨਵਾਸੁ ਨਿੰਮੁ ਮਹਕਾਈ।
ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।
ਅਚਰਜ ਨੋ ਅਚਰਜੁ ਮਿਲੈ ਵਿਸਮਾਦੇ ਵਿਸਮਾਦੁ ਮਿਲਾਈ।

ਝੂਰਣਾ ਝਰਦਾ ਨਿੱਝਰਹੁ ਗੁਰਮੁਖਿ ਬਾਣੀ ਅਘੜ ਘੜਾਈ।

ਰਾਮ ਕਬੀਰੈ ਭੇਦੁ ਨ ਭਾਈ।[303]

ਭਾਈ ਗੁਰਦਾਸ ਵੱਖ ਵੱਖ ਉਦਾਹਰਣਾ ਦੇ ਕੇ ਇਹ ਸਿੱਧ ਕਰਦੇ ਹਨ ਕਿ ਭਗਤ ਕਬੀਰ ਜੀ ਨੂੰ ਰਾਮਾਨੰਦ ਦੇ ਪੈਰ ਦੀ ਛੂਹ ਤੇ ਰਾਮ ਦੇ ਉਪਦੇਸ਼ ਨਾਲ ਇਹ ਸਮਝ ਆ ਗਈ ਕਿ ਮੈਨੂੰ ਉਪਦੇਸ਼ ਪ੍ਰਾਪਤ ਹੋ ਗਿਆ ਹੈ। ਵਿਲਸਨ ਲਿਖਦਾ ਹੈ ਕਿ ਕਬੀਰ ਜੀ, ਰਾਮਨੰਦ ਜੀ ਦੇ ਬਾਰਾਂ ਚੇਲਿਆਂ ਵਿਚੋਂ ਸਭ ਤੋਂ ਵੱਧ ਪ੍ਰਸਿੱਧ ਹੋਏ ਸਨ, ਜਿਨ੍ਹਾਂ ਦੀ ਸਿਖਿਆ ਨੇ ਆਮ ਲੋਕਾਂ ਦੇ ਦਿਲਾਂ ਤੇ ਅਸਰ ਕੀਤਾ।[304]

ਬਾਦਸ਼ਾਹ ਸਿੰਕਦਰ ਲੋਦੀ ਇਕ ਵਾਰ ਬਨਾਰਸ ਦੇ ਦੌਰੇ ਤੇ ਆਇਆ। ਮੁਸਲਮਾਨਾਂ ਤੇ ਬ੍ਰਾਹਮਣਾ ਨੇ ਕਬੀਰ ਜੀ ਦੇ ਵਿਰੁੱਧ ਉਸ ਦੇ ਕੰਨ ਭਰੇ। ਉਸ ਨੇ ਦੋਹਾਂ ਧਰਮਾਂ ਦੇ ਪ੍ਰੇਮੀਆਂ ਨੂੰ ਖੁਸ਼ ਕਰਨ ਲਈ ਭਗਤ ਜੀ ਤੇ ਬਹੁਤ ਜ਼ੁਲਮ ਕੀਤੇ। ਉਨ੍ਹਾਂ ਨੂੰ ਲੋਹੇ ਦੀਆਂ ਜੰਜੀਰਾਂ ਨਾਲ ਬੰਨ੍ਹ ਕੇ ਦਰਿਆ ਵਿਚ ਸੁਟਿਆ ਗਿਆ, ਜਦ ਬਚ ਨਿਕੇ ਤਾਂ ਹਾਥੀ ਅੱਗੇ ਬੰਨ੍ਹ ਕੇ ਸੁਟਿਆ ਗਿਆ। ਪਰ ਬਾਦਸ਼ਾਹ ਦੇ ਸਾਰੇ ਹਥਿਆਰ ਅਸਫਲ ਰਹੇ।[305] ਇਨ੍ਹਾਂ ਜ਼ੁਲਮਾਂ ਦਾ ਵਰਨਣ ਭਗਤ ਕਬੀਰ ਜੀ ਦੀ ਆਪਣੀ ਬਾਣੀ ਵਿਚ ਮਿਲਦਾ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।[306] ਭਾਈ ਗੁਰਦਾਸ ਨੇ ਵਾਰਾਂ ਵਿਚ ਭਗਤ ਕਬੀਰ ਜੀ ਦੇ ਬੰਦੀ ਖਾਨੇ ਵਿਚੋਂ ਨਿਕਲ ਜਾਣ ਦੀ ਘਟਨਾ ਦਾ ਬਿਆਨ ਕੀਤਾ ਹੈ:

ਭਗਤ ਕਬੀਰ ਵਖਾਣੀਐ ਬੰਦੀ ਖਾਨੇ ਤੇ ਉਠ ਜਾਈ।[307]

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਦੀ ਬਾਣੀ, ਬਾਕੀ ਭਗਤਾਂ ਨਾਲੋਂ ਸਭ ਤੋਂ ਵੱਧ ਦਰਜ ਹੈ। ਆਪ ਦੇ 17 ਰਾਗਾਂ ਵਿਚ 541 ਸ਼ਬਦ, ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।[308]

ਭਗਤ ਰਾਮਾ ਨੰਦ ਜੀ :

ਭਗਤ ਰਾਮਾਨੰਦ ਜੀ ਦਾ ਭਗਤੀ ਮੱਤ ਵਿਚ ਮਹੱਤਵਪੂਰਨ ਸਥਾਨ ਹੈ। ਆਪ ਸੰਤ ਰਾਮਾਨੁਜ ਦੇ ਤੇਰਵੀਂ ਪੀੜ੍ਹੀ ਵਿਚ ਉਤਰਾਧਿਕਾਰੀ ਅਤੇ ਪ੍ਰਮੁੱਖ ਪ੍ਰਚਾਰਕ ਸਨ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਭਗਤਾਂ ਦੀ ਬਾਣੀ ਦਰਜ ਹੈ ਉਨ੍ਹਾਂ ਵਿਚੋਂ ਲਗਭਗ ਅੱਧੇ ਆਪ ਦੇ ਚੇਲੇ ਜਾਂ ਸਮਕਾਲੀ ਸਨ। ਭਗਤਮਾਲਾ ਵਿਚ ਆਪ ਜੀਦੇ ਬਾਰਾਂ ਚੇਲਿਆਂ ਦਾ ਜ਼ਿਕਰ ਮਿਲਦਾ ਹੈ, ਜਿਨ੍ਹਾਂ ਵਿਚੋਂ ਭਗਤ ਕਬੀਰ , ਪੀਪਾ ਜੀ, ਸੈਣ ਜੀ, ਧੰਨਾ ਜੀ ਤੇ ਰਵਿਦਾਸ ਜੀ ਆਦਿ ਪ੍ਰਸਿੱਧ ਹਨ।

ਮੁਸਲਮਾਨ ਸ਼ਾਸਕਾਂ ਨੇ ਇਸਲਾਮ ਦੇ ਪ੍ਰਚਾਰ ਦੀ ਆੜ ਥੱਲੇ ਹਿੰਦੂ ਜਨਤਾ ਤੇ ਬਹੁਤ ਜੁਲਮ ਅਤੇ ਅਤਿਆਚਾਰ ਕੀਤੇ । ਦੂਜੇ ਪਾਸੇ ਹਿੰਦੂ ਸਮਾਜ ਆਪਣੇ ਹੀ ਧਾਰਮਿਕ ਆਗੂਆਂ ਦੁਆਰਾ ਘੜੇ ਕਰਮਕਾਂਡਾਂ ਤੇ ਨਸਲੀ ਵਿਤਕਰੇ ਕਾਰਣ ਢਹਿੰਦੀਆਂ ਕਲਾ ਵੱਲ ਜਾ ਰਿਹਾ ਸੀ। ਸਮਾਜ ਦੀ ਅਜਿਹੀ ਨਿਗਰੀ ਹੋਈ ਸਥਿਤੀ ਸਮੇਂ ਭਗਤ ਰਾਮਾਨੰਦ ਜੀ ਨੇ ਦੁੱਖੀ ਸਮਾਜ ਨੂੰ ਅਗਵਾਈ ਦਿੱਤੀ। ਡਾ. ਧਰਮ ਪਾਲ ਸਿੰਗਲ ਅਨੁਸਾਰ, ਰਾਮਾਨੰਦ ਜੀ ਨੇ ਆਮ ਲੋਕਾਂ ਦੀ ਦੁਖਦੀ ਰਗ ਤੇ ਹੱਥ ਰੱਖਿਆ ਅਤੇ ਉਸ ਲਈ 'ਰਾਮਨਾਮ' ਦੀਔਖਧੀ ਤਿਆਰ ਕਰਕੇ ਉਨ੍ਹਾਂਨੂੰ ਏਕਤਾ ਸਮਾਨਤਾ, ਨ੍ਰਿਤਿਅਤਾਂ, ਅਤੇ ਪਿਆਰ-ਮਿਲਵਰਤਨ ਦਾ ਸ਼ੁੱਭ ਸੰਦੇਸ਼ ਦਿੱਤਾ।[309]

ਭਗਤ ਰਾਮਾ ਨੰਦਾ ਜੀ ਦੇ ਜਨਮ, ਸੰਮਤ ਤੇ ਸਥਾਨ ਬਾਰੇ ਇਤਿਹਾਸਕਾਰਾਂ ਵਿਚ ਮੱਤਭੇਦ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਆਪ ਦਾ ਜਨਮ ਕਾਨਯਕੁਬਜ ਬ੍ਰਾਹਮਣ ਭੂਰਿ ਕਰਮਾਂ ਦੇ ਘਰ ਸੁਸ਼ੀਲਾ ਦੇ ਉਦਰ ਤੋਂ ਸੰਮਤ 1423 (1366 ਈ.) ਵਿਚ ਪ੍ਰਯਾਗ ਹੋਇਆ ; ਮਾਤਾ ਪਿਤਾ ਨੇ ਇਸ ਦਾ ਨਾਮ ਰਾਮਦੱਤ ਰੱਖਿਆ।[310] ਮੈਕਾਲਿਫ ਨੇ ਆਪ ਦਾ ਜਨਮ ਗੌੜ ਬ੍ਰਾਹਮਣ ਦੇ ਘਰ 'ਮੇਲਕੋਟ' ਵਿਖੇ ਹੋਇਆ ਲਿਖਿਆ ਹੈ।[311] ਗਿਆਨੀ ਪ੍ਰਤਾਪ ਸਿੰਘ ਭਗਤ ਰਾਮਾਨੰਦ ਜੀ ਦਾ ਜਨਮ ਸੰਮਤ 1356 ਬਿ. ਵਿਚ ਹੋਇਆ ਸਿੱਧ ਕਰਦੇ ਹਨ।[312] ਡਾ. ਧਰਮਪਾਲ ਸਿੰਗਲ, ਵੀ ਇਸ ਕਥਨ ਦੀ ਪੁਸ਼ਟੀ ਕਰਦੇ ਹਨ।[313] ਇਤਿਹਾਸ-ਕਾਰਾਂ ਦੀ ਇਹ ਨਿਸਚਿਤ ਰਾਏ ਹੈ ਕਿ ਭਗਤ ਕਬੀਰ ਜੀ ਦਾ ਜਨਮ 1451-55 ਬਿ. ਦੇ ਵਿਚਕਾਰ ਹੋਇਆ। ਇਸ ਸਥਿਤੀ ਵਿਚ ਭਗਤ ਰਾਮਾਨੰਦ ਜੀ ਦੀ ਉਮਰ ਉਸਸਮੇਂ ਸੌ ਸਾਲ ਦੇ ਕਰੀਬ ਬਣਦੀ ਹੈ। ਨਾਲੇ ਜੇਕਰ ਭਗਤ ਕਬੀਰ ਜੀ ਨੇ 20-25 ਸਾਲ ਦੀ ਉਮਰ ਵਿਚ

ਆਪ ਜੀ ਪਾਸੋਂ ਉਪਦੇਸ਼ ਲਿਆ ਹੋਵੇ ਤਾਂ ਇਸ ਹਿਸਾਬ ਨਾਲ ਉਮਰ 125 ਸਾਲ ਬਣ ਜਾਵੇਗੀ। ਜੇਕਰ ਉਪਦੇਸ਼ ਦੇਣ ਤੋਂ ਉਪਰੰਤ ਵੀ ਉਨ੍ਹਾਂ ਦਾ ਜੀਵਨ ਮੰਨਿਆ ਜਾਵੇ ਤਾਂ ਉਮਰ ਹੋਰ ਵੀ ਵੱਧ ਜਾਂਦੀ ਹੈ ਪਰ ਭਗਤ ਰਾਮਾਨੰਦ ਜੀ ਦੀ ਏਨੀ ਲੰਮੀ ਉਮਰ ਦਾ ਹਵਾਲਾ ਕਿਸੇ ਵੀ ਪੁਰਾਤਨ ਗ੍ਰੰਥ ਵਿਚ ਪ੍ਰਾਪਤ ਨਹੀਂ ਹੁੰਦਾ। ਇਸ ਪ੍ਰਕਾਰ ਗਿਆਨੀ ਪ੍ਰਤਾਪ ਸਿੰਘ ਜੀ ਦਾ ਵਿਚਾਰ ਕਿ ਜਨਮ 1356 ਬਿ. ਵਿਚ ਹੋਇਆ ਠੀਕ ਪ੍ਰਤੀਤ ਹੁੰਦਾ ਹੈ।

ਭਗਤ ਰਾਮਾਨੰਦ ਜੀ ਦੇ ਬਚਪਨ ਦਾ ਨਾਮ ਰਾਮਦੱਤ ਸੀ। ਇਕ ਦਿਨ ਰਾਮਦੱਤ ਜੀ ਫੁੱਲ ਤੋੜਨ ਲਈ ਬਾਗ ਵਿਚ ਗਏ। ਉਥੇ ਇਨ੍ਹਾਂ ਦੀ ਮੁਲਾਕਾਤ ਇਕ ਪਹੁੰਚੇ ਹੋਏ ਸਾਧੂ ਰਾਘਵਾਨੰਦ ਜੀ ਨਾਲ ਹੋਈ। ਜਿਹੜੇ ਯੋਗ ਪ੍ਰਣਾਲੀ ਵਿਚ ਪ੍ਰਬੀਨ ਸਾਧੂ ਸਨ ਅਤੇ ਭਗਤ ਰਾਮਾਨੁਜ ਦੇ ਤੇਰਵੇਂ ਗੱਦੀ ਨਸ਼ੀਨ ਸਨ। ਰਾਘਵ ਨੰਦ ਜੀ ਨੇ ਆਪਣੀ ਯੋਗ ਸਾਧਨਾ ਨਾਲ ਜਦੋਂ ਰਾਮਦੱਤ ਜੀ ਦੇ ਭਵਿਖ ਨੂੰ ਦੇਖਿਆ ਤਾਂ ਉਸ ਦੀ ਮੌਤ ਨੇੜੇ ਆਈ। ਉਹ ਸੁਭਾਅ ਮੁਤਾਬਕ ਰਾਮਦੱਤ ਦਾ ਭਵਿੱਖ ਉਸ ਨੂੰ ਦੱਸਣੋ ਰਹਿ ਨਾ ਸਕਿਆ ਇਸ ਭਵਿੱਖ ਬਾਣੀ ਨੂੰ ਸੁਣ ਕੇ ਰਾਮਦੱਤ ਆਪਣੇ ਗੁਰੂ ਕੋਲ ਆਇਆ ਤੇ ਸਾਰੀ ਵਾਰਤਾ ਸੁਣਾਈ। ਰਾਘਵ ਨੰਦ ਜੀ ਦਾ ਨਾਮ ਸੁਣ ਕੇ ਉਹ ਵੀ ਘਬਰਾ ਗਏ ਤੇ ਰਾਘਵ ਨੰਦ ਜੀ ਪਾਸ ਆ ਕੇ ਇਸ ਦੇ ਬਚਾਉ ਲਈ ਉਪਾਵ ਪੁੱਛੇ। ਗਿਆਨੀ ਪ੍ਰਤਾਪ ਸਿੰਘ ਅਨੁਸਾਰ, ਰਾਘਵ ਨੰਦ ਜੀ ਨੇ ਕਿਹਾ ਕਿ ਨਾਮ ਸਿਮਰਨ ਨਾਲ ਉਮਰ ਲੰਮੀ ਹੋ ਸਕਦੀ ਹੈ। ਇਸ ਤਰ੍ਹਾਂ ਰਾਮਦੱਤ ਨੇ ਰਾਘਵ ਨੰਦ ਜੀ ਨੂੰ ਗੁਰੂ ਉਪਦੇਸ਼ ਲਈ ਬੇਨਤੀ ਕੀਤੀ ਤੇ ਉਨ੍ਹਾਂ ਨੇ ਗੁਰਮੰਤਰ ਦੇ ਕੇ ਰਾਮਦੱਤ ਤੋਂ 'ਰਾਮਾਨੰਦ' ਬਣਾ ਦਿੱਤਾ।[314]

ਭਗਤ ਰਾਮਾਨੰਦ ਜੀ ਦਿਨ ਰਾਤ ਪ੍ਰਭੂ ਦੀ ਭਗਤੀ ਵਿਚ ਲੀਨ ਰਹਿੰਦੇ। ਇਸ ਨਿੱਤ ਨੇਮ ਅਨੁਸਾਰ ਉਨ੍ਹਾਂ ਦੇ ਜੀਵਨ ਦੀ ਗਤੀ ਹੀ ਬਦਲ ਗਈ। ਜਦੋਂ ਰਾਘਵਨੰਦ ਜੀ ਨੇ ਮਹਿਸੂਸ ਕੀਤਾ ਕਿ ਹੁਣ ਇਹ ਪੂਰਨ ਮਨੁੱਖ ਦੀ ਪਦਵੀ ਪ੍ਰਾਪਤ ਕਰ ਗਿਆ ਹੈ ਤਾਂ ਉਹਨਾਂ ਨੇ ਕਿਹਾ ਜਾਉ, ਸੰਸਾਰ ਦੇ ਜੀਵਾਂ ਨੂੰ ਸ਼ਾਂਤੀ ਦਾ ਮਾਰਗ ਦਿਖਾਉ। ਇਸ ਨਾਲ ਤੇਰਾ ਨਾਮ ਸੰਸਾਰ ਵਿਚ ਰੋਸ਼ਨ ਹੋਵੇਗਾ। ਰਾਮਾਨੰਦ ਜੀ ਗੁਰੂ ਦੀ ਆਗਿਆ ਦਾ ਪਾਲਨ ਕਰਦੇ ਹੋਏ ਯਾਤਰਾ ਤੇ ਨਿਕਲ ਪਏ ਤੇ ਬਦਰੀ ਨਰਾਇਣ ਪਹੁੰਚੇ, ਫਿਰ ਹਿੰਦੂਆਂ ਦੇ ਪ੍ਰਸਿੱਧ ਤੀਰਥ ਸਥਾਨ ਕਾਸ਼ੀ ਪੁੱਜੇ। ਇਥੇ ਆਪ ਦਾ ਮੇਲ ਵੱਖ ਵੱਖ ਮਤਾਂ ਦੇ ਸਾਧੂਆਂ ਨਾਲ ਹੋਇਆ ਤੇ ਆਪਦੇ ਵਿਚਾਰਾਂ

ਵਿਚ ਮਹਾਨ ਤਬਦੀਲੀ ਆਈ। ਡਾ.ਧਰਮਪਾਲ ਸਿੰਗਲ ਅਨੁਸਾਰ, "ਰਾਮਾ ਨੰਦ ਜੀ ਨੇ ਰਾਮਨਾਮ ਦੀ ਪਵਿੱਤਰ ਗੰਗਾ ਝੁਗੀਆਂ ਝੋਪੜੀਆਂ ਤੱਕ ਪੁਚਾਈ, ਵੇਲੇ ਦੇ ਜਾਬਰ ਹਾਕਮਾਂ ਨੂੰ ਲਲਕਾਰਿਆ ਅਤੇ ਮਾਨਵਵਾਦੀ ਅਧਿਆਤਮਵਾਦੀ ਸੋਚ ਨੂੰ ਬਲਵਾਨ ਕੀਤਾ।[315] ਆਪ ਜੀ ਦੇ ਇਹਨਾਂ ਵਿਚਾਰਾਂ ਨੂੰ ਸੁਣ ਕੇ ਰਾਘਵ ਨੰਦ ਜੀ ਦੇ ਵੈਸ਼ਨਵ ਚੇਲਿਆਂ ਨੇ ਰਾਮਾਨੰਦ ਜੀ ਨੂੰ ਵੈਸ਼ਨਵ ਮੱਤ ਵਿਚੋਂ ਕੱਢਣ ਤੇ ਜ਼ੋਰ ਦਿੱਤਾ। ਅਖੀਰ ਰਾਘਵ ਨੰਦ ਜੀ ਆਪਣੇ ਚੇਲੇ ਰਾਮਾਨੰਦ ਦੇ ਵਿਚਾਰਾਂ ਨਾਲ ਸਹਿਮਤ ਹੋ ਗਏ ਤੇ ਹੁਕਮ ਦਿੱਤਾ ਕਿ ਇਹਨਾਂ ਵਿਚਾਰਾਂ ਦੇ ਪ੍ਰਚਾਰ ਲਈ ਵੱਖਰੀ ਸੰਪ੍ਰਦਾਇ ਚਲਾਉ। ਇਸ ਬਾਰੇ ਵਿਦਵਾਨਾਂ ਵਿਚ ਇਕ ਮੱਤ ਹੈ ਕਿ ਭਗਤ ਰਾਮਾਨੰਦ ਜੀ ਹੁਣ ਆਪਣੀ ਪਹਿਲੀ ਸੰਪ੍ਰਦਾਇ ਦੇ ਪੈਰੋਕਾਰ ਨਹੀਂ ਰਹੇ। ਵੈਸ਼ਨਵ ਮੱਤ ਵਿਚ 'ਰਾਧਾ ਕ੍ਰਿਸ਼ਨ' ਦੀ ਥਾਂ 'ਸੀਤਾ ਰਾਮ' ਦਾ ਜਾਪ ਕਰਨ ਦੀ ਸੰਪ੍ਰਦਾਇ, ਰਾਮਾਨੰਦ ਜੀ ਨੇ ਚਲਾਈ। ਸੋ ਉਸ ਸਮੇਂ ਕ੍ਰਿਸ਼ਨ ਭਗਤੀ ਦੇ ਬਰਾਬਰ ਰਾਮ ਭਗਤੀ ਖੜ੍ਹੀ ਕਰਨੀ ਕੋਈ ਛੋਟਾ ਜਿਹਾ ਪਰਿਵਰਤਨ ਨਹੀਂ ਸੀ।

ਗਿਆਨੀ ਪ੍ਰਤਾਪ ਸਿੰਘ ਅਨੁਸਾਰ, ਭਗਤ ਰਾਮਾਨੰਦ ਜੀ ਨੇ ਸਾਰੇ ਮਨੁੱਖਾਂ ਨੂੰ ਜਾਤ - ਵਰਣ ਦੀ ਹੱਦ ਤੋੜ ਕੇ ਆਪਣੇ ਵਿਚ ਸ਼ਾਮਲ ਕਰ ਲੈਣ ਦਾ ਉਪਦੇਸ਼ ਦਿੱਤਾ। ਸਾਰਿਆਂ ਨੂੰ ਇਕੋ ਪੰਗਤ ਵਿਚ ਬੈਠ ਕੇ ਭੋਜਨ ਕਰਨ ਦੀ ਆਗਿਆ ਦਿਤੀ ਤੇ ਸਿਧਾਂਤ ਨੂੰ ਪ੍ਰਚਾਰਿਆ ਕਿ ਕਹਿਣ ਮਾਤਰ ਨੀਚ ਜਾਤ ਦਾ ਆਦਮੀ ਜੇਕਰ ਭਗਤੀ ਕਰਦਾ ਹੈ ਤਾਂ ਉਸ ਕਰਮਕਾਂਡੀ ਬ੍ਰਾਹਮਣ ਨਾਲੋਂ ਚੰਗਾ ਹੈ ਜਿਸ ਦੇ ਦਿਲ ਵਿਚ ਈਸ਼ਵਰ ਦਾ ਪਿਆਰ ਨਹੀਂ।[316]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਗਤ ਰਾਮਾਨੰਦ ਜੀ ਬਾਰੇ ਬਹੁਤ ਸੰਖੇਪ ਵਿਚ ਸੰਕੇਤ ਮਿਲਦਾ ਹੈ ਕਿ ਰਾਮਾਨੰਦ ਗੁਸਾਈ ਵਿਰਕਤ ਹੋ ਕੇ ਕਾਸ਼ੀ ਵਿਚ ਰਹਿੰਦਾ ਸੀ ਅਤੇ ਰੋਜ਼ਾਨਾ ਅੰਮ੍ਰਿਤ ਵੇਲੇ ਉਠ ਕੇ ਗੰਗਾ ਤੇ ਇਸ਼ਨਾਨ ਕਰਨ ਜਾਂਦਾ ਸੀ:

ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈ।
ਅੰਮ੍ਰਿਤ ਵੇਲੇ ਉਠਿਕੇ ਜਾਂਦਾ ਗੰਗਾ ਨ੍ਹਾਵਣ ਤਾਈ।[317]

ਇਸ ਤੋਂ ਅੱਗੇ ਸੰਕੇਤ ਭਗਤ ਕਬੀਰ ਜੀ ਨਾਲ ਸਬੰਧਤ ਹਨ ਕਿ ਕਿਸ ਜੁਗਤੀ ਨਾਲ ਭਗਤ ਕਬੀਰ ਨੇ ਨੀਵੀਂ ਜਾਤ ਦਾ ਹੋਣ ਕਰਕੇ ਰਾਮਾਨੰਦ ਜੀ ਕੋਲੋਂ ਗੁਰੂ ਉਪਦੇਸ਼ ਪ੍ਰਾਪਤ ਕੀਤਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਾਮਾਨੰਦ ਜੀ ਦਾ ਇਕ ਸ਼ਬਦ ਦਰਜ ਹੈ।[318]

ਭਗਤ ਸੈਣ ਜੀ :

ਭਗਤ ਸੈਣ ਜੀ ਆਪਣੇ ਸਮੇਂ ਦੇ ਉਨ੍ਹਾਂ ਪ੍ਰਸਿਧ ਭਗਤਾਂ ਵਿਚੋਂ ਇਕ ਸਨ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਆਪ ਬਾਧਣ ਗੜ੍ਹ (ਰੀਵਾਂ) ਦੇ ਰਾਜਾ ' 'ਰਾਜਾ ਰਾਮ'।[319] ਦੇ ਨਾਈ ਸਨ ਅਤੇ ਰੋਜ਼ਾਨਾ ਰਾਜੇ ਦੀ ਸੇਵਾ ਕਰਨ ਜਾਇਆ ਕਰਦੇ ਸਨ। ਆਪ ਰਾਮਾਨੰਦ ਜੀ ਦੇ ਭਗਤ ਸਨ ਅਤੇ ਉਨ੍ਹਾਂ ਦੀ ਸੰਗਤ ਕਰਕੇ ਹੀ ਆਪ ਦੀ ਲਿਵ ਰੱਬ ਨਾਲ ਲੱਗੀ। ਗਿਆਨੀ ਪ੍ਰਤਾਪ ਸਿੰਘ ਅਨੁਸਾਰ, ਆਪ ਭਗਤ ਫੁਲਵਾੜੀ ਦੇ ਸੁੰਦਰ ਤੇ ਮਹਿਕਦੇ ਫੁੱਲ ਹੋਏ ਹਨ, ਜਿਸ ਦੀ ਭਿੰਨੀ ਖੁਸ਼ਬੋ ਨੇ ਸਾਰੇ ਦੇਸ਼ ਨੂੰ ਮਹਿਕਾ ਦਿੱਤਾ ਸੀ।[320]

ਭਗਤ ਸੈਣ ਜੀ ਦੇ ਮਾਤਾ ਪਿਤਾ ਤੇ ਬਚਪਨ ਦੇ ਹਾਲਾਤ ਸਬੰਧੀ ਵੇਰਵਾ ਨਹੀਂ ਮਿਲਦਾ। ਡਾ. ਤਾਰਨ ਸਿੰਘ ਅਨੁਸਾਰ ਸੈਣ ਜੀ ਦਾ ਜਨਮ 1390 ਈ. ਨੂੰ ਬਾਧਣ ਗੜ੍ਹ, ਵਿਖੇ ਹੋਇਆ।[321] ਆਪ ਜਾਤ ਦੇ ਨਾਈ ਸਨ। ਇਨ੍ਹਾਂ ਦਾ ਕੰਮ ਰਾਜੇ ਨੂੰ ਇਸ਼ਨਾਨ ਕਰਾਉਣਾ, ਨਹੁੰ ਲਾਹੁਣੇ, ਬਸਤਰ ਸੰਭਾਲਣੇ, ਮੁੱਠੀ ਚਾਪੀ ਕਰਨੀ ਤੇ ਦਰਬਾਰ ਦੀ ਹਾਜ਼ਰੀ ਆਦਿ ਸੀ।[322]

ਭਗਤ ਸੈਣ ਜੀ ਦੁਨਿਆਵੀਂ ਜ਼ਿੰਮੇਵਾਰੀਆਂ ਨਿਭਾਉਣ ਲਈ ਭਾਵੇਂ ਰਾਜ ਦਰਬਾਰ ਵਿਚ ਨਾਈ ਦੀ ਸੇਵਾ ਨਿਭਾਉਂਦੇ ਸਨ ਪਰ ਆਪ ਦੀ ਬਿਰਤੀ ਹਮੇਸ਼ਾ ਅਕਾਲ ਪੁਰਖ ਵੱਲ ਲੱਗੀ ਰਹਿੰਦੀ ਸੀ। ਆਪ ਜਦੋਂ ਵੀ ਆਪਣੇ ਰੋਜ਼ਾਨਾ ਕਾਰ-ਵਿਹਾਰ ਤੋਂ ਵਿਹਲੇ ਹੁੰਦੇ, ਪ੍ਰਭੂ ਭਗਤੀ ਵਿਚ ਜੁੱਟ ਜਾਂਦੇ। ਭਗਤ ਰਾਮਾਨੰਦ ਜੀ ਦੀ ਬਾਣੀ ਨੂੰ ਸ਼ਰਧਾ ਤੇ ਸਤਿਕਾਰ ਨਾਲ ਪੜ੍ਹਦੇ ਅਤੇ ਉਸ ਵਿਚੋਂ ਗਿਆਨ ਦੀ ਪ੍ਰਾਪਤੀ ਕਰਦੇ, ਉਸੇ ਅਨੁਸਾਰ ਆਪਣਾ ਜੀਵਨ ਢਾਲਣ ਦਾ ਯਤਨ ਕਰਦੇ। ਇਸ ਤਰ੍ਹਾਂ ਥੋੜੇ ਸਮੇਂ ਵਿਚ ਹੀ ਆਪ ਨੇ ਚੰਗੀ ਆਤਮਕ ਉਨੱਤੀ ਕਰ ਲਈ। ਮੈਕਾਲਿਫ ਅਨੁਸਾਰ, ਭਜਨ ਕੀਰਤਨ ਤੋਂ ਬਿਨ੍ਹਾਂ ਚੰਗੇ ਮਹਾਤਮਾ ਦੀ ਸੰਗਤ ਤੇ ਸੇਵਾ ਕਰਨੀ ਸੈਣ ਜੀ ਦੇ ਜੀਵਨ ਦਾ ਇਕ ਖਾਸ ਅੰਗ ਬਣ ਗਿਆ ਸੀ।[323] ਇਸ ਪ੍ਰਕਾਰ ਸੈਣ ਜੀ ਦੀ

ਪ੍ਰਭੂ ਭਗਤੀ ਵਿਚ ਏਨੀ ਲਿਵ ਲੱਗੀ ਕਿ ਉਹ ਸਦਾ ਸਾਧੂਆਂ ਦੀ ਸੰਗਤ ਤੇ ਸੇਵਾ ਵਿਚ ਲੱਗੇ ਰਹਿੰਦੇ। ਇਕ ਵਾਰ ਆਪ ਜੀ ਦੇ ਘਰ ਕਾਫੀ ਸਾਧੂ ਆਏ ਤੇ ਸਾਰੀ ਰਾਤ ਪ੍ਰਭੂ ਕੀਰਤਨ ਹੁੰਦਾ ਰਿਹਾ, ਜਿਸ ਕਰਕੇ ਆਪ ਰਾਜੇ ਦੀ ਸੇਵਾ ਵਿਚ ਹਾਜਰ ਨਾ ਹੋ ਸਕੇ। ਜਦੋਂ ਦੂਜੇ ਦਿਨ ਰਾਜੇ ਪਾਸ ਗਏ ਤਾਂ ਜਾ ਕੇ ਸਭ ਤੋਂ ਪਹਿਲਾਂ ਮੁਆਫੀ ਮੰਗੀ ਕਿ ਮੈਂ ਕੱਲ੍ਹ ਹਾਜਰ ਨਹੀਂ ਹੋ ਸਕਿਆ। ਪਰੰਤੂ ਰਾਜੇ ਨੇ ਕਿਹਾ ਕਿ ਤੁਸੀਂ ਤਾਂ ਰਾਤ ਮੇਰੀ ਸੇਵਾ ਕਰਦੇ ਰਹੇ ਹੋ, ਮੈਂ ਕਿਵੇਂ ਮੰਨਾ ਕਿ ਤੁਸੀਂ ਨਹੀਂ ਆਏ। ਇਹ ਗੱਲ ਸੁਣ ਕੇ ਸੈਣ ਨੂੰ ਹੈਰਾਨੀ ਹੋਈ ਅਤੇ ਰਾਜੇ ਨੇ ਇਹ ਅਨੁਭਵ ਕੀਤਾ ਕਿ ਸੈਣ ਦੀ ਭਗਤੀ ਇਨੀ ਉੱਚੀ ਹੈ ਕਿ ਉਸ ਦੀ ਪੈਜ ਰੱਖਣ ਲਈ ਭਗਵਾਨ ਨੇ ਆਪ ਪ੍ਰਬੰਧ ਕੀਤਾ। ਅਜਿਹੀ ਗੱਲ ਵੇਖ ਕੇ ਰਾਜੇ ਦਾ ਪ੍ਰੀਵਾਰ ਵੀ ਸੈਣ ਜੀ ਦਾ ਸ਼ਰਧਾਲੂ ਹੋ ਗਿਆ।[324]

ਭਾਈ ਗੁਰਦਾਸ ਨੇ ਵਾਰਾਂ ਵਿਚ ਉਪਰੋਕਤ ਘਟਨਾ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ:

ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।
ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।
ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।
ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।
ਸੈਣ ਰੂਪਿ ਹਰਿ ਜਾਇਕੈ ਆਇਆ ਰਾਣੈ ਨੋ ਰੀਝਾਈ।
ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸ਼ਰਮਾਈ।
ਰਾਣੈ ਦੂਰਹੁੰ ਸਦਿਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।
ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।
ਪਰਗਟੁ ਕਰੈ ਭਗਤਿ ਵਡਿਆਈ।[325]

ਉਪਰੋਕਤ ਪਉੜੀ ਵਿਚ ਭਾਈ ਗੁਰਦਾਸ ਇਹ ਸਪਸ਼ਟ ਕਰਦੇ ਹਨਕਿ ਪ੍ਰਭੂ ਹਮੇਸ਼ਾ ਭਗਤਾਂ ਦੀ ਲਾਜ ਰੱਖਦਾ ਹੈ ਤੇ ਹਰ ਜਗ੍ਹਾ ਭਗਤਾਂ ਦੀ ਵਡਿਆਈ ਕਰਦਾ ਹੈ। ਸੈਣ ਨਾਈ ਦੀ ਕਥਾ ਨੂੰ ਪਿਛੋਕੜ ਵਿਚ ਰੱਖ ਕੇ ਇਹ ਵਿਸ਼ਾ ਉਘਾੜਿਆ ਗਿਆ ਹੈ। ਕਿ ਪ੍ਰੇਮਾ ਭਗਤੀ ਕਰਨ ਵਾਲੇ ਕਦੇ ਵੀ ਸਤਿਸੰਗ ਤੋਂ ਨਹੀਂ ਵਿਛੜਦੇ। ਆਪਣੇ ਰੋਜ਼ਾਨਾ ਫਰਜ਼ ਤੋਂ ਪਛੜ ਕੇ ਉਹ ਸ਼ਰਮਾਉਂਦੇ ਨਹੀਂ। ਸਤਿਸੰਗ ਵਿਚ ਮਸਤ ਹੋਣ ਕਾਰਨ ਜੇਕਰ ਉਨ੍ਹਾਂ ਦੇ ਕਾਰਜ ਨੂੰ ਪ੍ਰਮਾਤਮਾ ਦੀ ਕਿਰਪਾ ਨਾਲ ਜੇਕਰ ਕੋਈ ਪੂਰਾ ਕਰ ਦੇਵੇ ਤਾਂ ਉਹ ਅਵੇਸਲੇ ਨਹੀਂ ਹੁੰਦੇ। ਇਸ ਪ੍ਰਕਾਰ ਭਾਈ ਗੁਰਦਾਸ ਨੇ ਇਸ ਪ੍ਰਸੰਗ ਵਿਚ ਸਤਿਸੰਗ ਦੀ ਮਹਿਮਾ ਦਾ ਵਰਨਣ ਕਰਦਿਆਂ ਦੱਸਿਆ ਹੈ ਕਿ ਗੁਰਮੁੱਖ ਫਰਜ ਨੂੰ ਸੱਚੀ ਤੇ ਸੁੱਚੀ ਲਗਨ ਨਾਲ ਪੂਰਾ ਕਰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਸੈਣ ਜੀ ਦਾ ਇਕੋ ਇਕ ਸ਼ਬਦ ਧਨਾਸਰੀ ਰਾਗ ਵਿਚ ਅੰਕਿਤ ਹੈ।

## ਭਗਤ ਰਵਿਦਾਸ ਜੀ :

ਭਗਤ ਰਵਿਦਾਸ ਜੀ ਮੱਧਕਾਲੀਨ ਭਗਤੀ ਧਾਰਾ ਦੇ ਪ੍ਰਮੁੱਖ ਸੰਤ ਕਵੀ ਸਨ। ਆਪ ਭਗਤ ਰਾਮਾਨੰਦ ਜੀ ਦੇ ਚੇਲੇ, ਭਗਤ ਕਬੀਰ ਜੀ ਦੇ ਸਮਕਾਲੀ ਤੇ ਗੁਰਭਾਈ ਸਨ। ਗੁਰੂ ਰਵਿਦਾਸ ਦਾ ਜਨਮ ਚੰਦਰਵੰਸੀ (ਚੰਦੂਰ) ਚਰਮਕਾਰ (ਚਮਿਆਰ) ਜਾਤੀ ਵਿਚ ਬਨਾਰਸ ਦੇ ਨਜ਼ਦੀਕ ਭਾਡੂਰ ਜਾਂ ਮੰਡੂਰ ਪਿੰਡ ਵਿਚ ਹੋਇਆ ਇਸ ਦਾ ਪੁਰਾਣਾ ਨਾਮ 'ਮੰਡੂਆਂ ਡੀਹ' ਹੈ। [326] ਇਸ ਤੱਥ ਦਾ ਪ੍ਰਮਾਣ ਭਗਤ ਰਵਿਦਾਸ ਜੀ ਦੀ ਆਪਣੀ ਰਚਨਾ ਤੋਂ ਵੀ ਮਿਲਦਾ ਹੈ:

> ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ।
> ਨਿਤਹਿੰ ਬਾਨਾਰਸੀ ਆਸ ਪਾਸਾ।। [327]

ਭਗਤ ਰਵਿਦਾਸ ਜੀ ਦੀ ਜਨਮ ਮਿਤੀਬਾਰੇ ਵਿਦਵਾਨਾਂ ਵਿਚ ਮੱਤ ਭੇਦ ਹੈ। ਆਪ ਦੇ ਜਨਮ ਸਬੰਧੀ ਕਥਾ ਦਾ ਵਰਨਣ 'ਭਗਤਮਾਲਾ' ਦੇ ਟੀਕਿਆਂ ਵਿਚ ਕੁਝ ਚਮਤਕਾਰੀ ਤਰੀਕੇ ਨਾਲ ਇਸ ਤਰ੍ਹਾਂ ਬਿਆਨ ਕੀਤਾ ਮਿਲਦਾ ਹੈ ਕਿ ਅੱਜ ਦੇ ਵਿਗਿਆਨਕ ਯੁੱਗ ਵਿਚ ਇ

ਨੂੰ ਅਸਾਨੀ ਨਾਲ ਮੰਨਿਆ ਨਹੀਂ ਜਾ ਸਕਦਾ। ਆਪ ਦੇ ਜਨਮ ਸਬੰਧੀ ਆਪ ਦੇ ਪੜਪੋਤੇ ਸੰਤ ਕਰਮਦਾਸ ਜੀ ਦੇ ਵਿਚਾਰ ਵਿਚਾਰਨ ਯੋਗ ਹਨ:

ਚੌਦਾਂ ਸੈ ਤੈਂਤੀਸ ਕੀ, ਮਾਘ ਸੁਦੀ ਪੰਦ੍ਰਾਸ।
ਦੁਖੀਓ ਕੇ ਕੁਲਯਾਣ ਹਿੱਤ, ਪ੍ਰਗਟੇ ਸ੍ਰੀ ਰਵਿਦਾਸ।[328]

ਡਾ. ਧਰਮਪਾਲ ਮੈਣੀ[329] ਉਪਰੋਕਤ ਮੱਤ ਨਾਲ ਸਹਿਮਤ ਨਹੀਂ ਹੁੰਦਾ। ਉਸ ਅਨੁਸਾਰ ਇਹ ਮੰਨਿਆ ਗਿਆ ਹੈ ਕਿ ਭਗਤ ਰਵਿਦਾਸ ਦੀ ਮ੍ਰਿਤੂ ਸੰਮਤ 1584 ਵਿਚ ਹੋਈ। ਇਸ ਅਨੁਸਾਰ ਭਗਤ ਜੀ ਦੀ ਉਮਰ 151 ਸਾਲ ਬਣਦੀ ਹੈ। ਡਾ. ਸਾਹਿਬ ਅਨੁਸਾਰ ਏਨੀ ਉਮਰ ਸੰਭਵ ਨਹੀਂ ਹੋ ਸਕਦੀ। ਪਰ ਇਹ ਵਿਚਾਰ ਮੰਨਣਯੋਗ ਨਹੀਂ ਹੈ ਕਿਉਂਕਿ ਸਥਾਪਤ ਮੱਤ ਅਨੁਸਾਰ ਭਗਤ ਰਾਮਾਨੰਦ ਜੀ ਦਾ ਜਨਮ 1299 ਈ. ਵਿਚ ਤੇ ਮੌਤ 1410 ਵਿਚ ਹੋਈ। ਭਗਤ ਰਵਿਦਾਸ ਜੀ ਭਗਤ ਰਾਮਾਨੰਦ ਜੀ ਦੇ ਪ੍ਰਮੁੱਖ ਚੇਲੇ ਸਨ। ਇਸ ਪ੍ਰਕਾਰ ਸੰਤ ਕਰਮਦਾਸ ਜੀ ਦਾ ਵਿਚਾਰ ਠੀਕ ਪ੍ਰਤੀਤ ਹੁੰਦਾ ਹੈ ਕਿ ਭਗਤ ਰਵਿਦਾਸ ਜੀ ਦਾ ਜਨਮ ਸੰ: 1433 ਅਰਥਾਤ 1376 ਈ. ਨੂੰ ਹੋਇਆ।

ਭਗਤ ਰਵਿਦਾਸ ਜੀ ਜਾਤ ਦੇ ਚਮਾਰ ਸਨ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਤੇ ਨਾ ਹੀ ਕੋਈ ਸ਼ੱਕ ਦੀ ਗੁੰਜਾਇਸ਼ ਹੈ ਕਿਉਂਕਿ ਇਸ ਬਾਰੇ ਵਰਨਣ ਉਨ੍ਹਾਂ ਦੀ ਆਪਣੀ ਰਚਨਾ ਤੋਂ ਮਿਲ ਜਾਂਦਾ ਹੈ:

ਇਕ ਨਜਰ ਸੇ ਸਭ ਕੂ ਦੇਖਈ, ਸਰਿਸ਼ਟਿ ਕਾ ਸਿਰਜਨਹਾਰਾ
ਸਭ ਘਟ ਵਿਆਪਨ ਅਲਖ ਨਿਰੰਜਨ, ਕਹਿ ਰਵਿਦਾਸ ਚਮਾਰਾ।[330]

ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ ਇਸ ਦਾ ਵਰਨਣ ਕੀਤਾ ਹੈ:

ਰਵਿਦਾਸ ਚਮਾਰ ਉਸਤਤਿ ਕਰੇ, ਹਰਿ ਕੀਰਤਿ ਨਿਮਖ ਇਕ ਗਾਈ।[331]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਭਗਤ ਰਵਿਦਾਸ ਜੀ ਦੀ ਜਾਤ ਸਬੰਧੀ ਸੰਕੇਤ ਆਇਆ ਹੈ:

ਭਗਤੁ ਭਗਤੁ ਜਗਿ ਵਜਿਆ ਚਹੁ ਚੱਕਾਂ ਦੇ ਵਿਚਿ ਚਮਿਰੇਟਾ।

ਪਾਣ੍ਹੀ ਗੰਢੇ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।

ਜਿਉਂ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ।

ਚਹੁੰ ਵਰਨਾ ਉਪਦੇਸ਼ ਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।[332]

ਭਗਤ ਰਵਿਦਾਸ ਜੀ ਇਕ ਸਫਲ ਗ੍ਰਹਿਸਤੀ ਸਨ। ਪ੍ਰਿਥਵੀ ਚੰਦ ਆਜ਼ਾਦ ਅਨੁਸਾਰ ਪੁੱਤਰ ਨੂੰ ਸੰਸਾਰਿਕ ਕੰਮਾਂ ਵਲੋਂ ਬਿਲਕੁਲ ਉਪਰਾਮ ਤੇ ਵੈਰਾਗੀ ਦੇਖ ਕੇ ਮਾਤਾ ਪਿਤਾ ਬਹੁਤ ਚਿੰਤਾਤੁਰ ਹੋਏ। ਇਸ ਅਵਸਥਾ ਵਿਚ ਉਨ੍ਹਾਂ ਨੇ ਰਵਿਦਾਸ ਜੀ ਨੂੰ ਸੰਸਾਰਿਕ ਬੰਧਨਾਂ ਵਿਚ ਛੇਤੀ ਤੋਂ ਛੇਤੀ ਬੰਨ੍ਹ ਦੇਣਾ ਹੀ ਠੀਕ ਸਮਝਿਆ ਅਤੇ ਉਨ੍ਹਾਂ ਦਾ ਵਿਆਹ ਕਰ ਦਿੱਤਾ।[334] ਭਗਤ ਰਵਿਦਾਸ ਜੀ ਘਰੇਲੂ ਕੰਮਾਂ ਵਿਚ ਪੂਰੀ ਦਿਲਚਸਪੀ ਲੈਂਦੇ ਹੋਏ ਵੀ ਭਗਤੀ ਦੀ ਸਿਖਰ ਤੇ ਪਹੁੰਚੇ। ਗ੍ਰਹਿਸਤੀ ਜੀਵਨ ਬਤੀਤ ਕਰਦਿਆਂ ਹੋਇਆਂ ਵੀ ਭਗਤ ਰਵਿਦਾਸ ਨੇ ਪ੍ਰਭੂ ਭਗਤੀ ਦੇ ਬਲ ਨਾਲ ਸਮਾਜ ਵਿਚ ਚਮਤਕਾਰੀ ਤਬਦੀਲੀ ਲਿਆਂਦੀ। ਆਪਨੇ ਉਸਸਮੇਂ ਦੇ ਸਮਾਜ ਦੀਆਂ ਬੁਰਾਈਆਂ ,ਪ੍ਰਚਲਿਤ ਸੰਦੇਹ ਰੂੰਬਾਂ, ਵਹਿਮਾਂ ਭਰਮਾਂ, ਕਰਮਕਾਂਡਾਂ ਦਾ ਜੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਅਤੇ ਆਪਣੀ ਬਾਣੀ ਰਾਹੀਂ ਅਕਾਲ ਪੁਰਖ ਦੀ ਭਗਤੀ ਕਰਨ ਤੇ ਜ਼ੋਰ ਦਿੱਤਾ।

ਭਗਤ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਤ ਕਈ ਚਮਤਕਾਰੀ ਕਥਾਵਾਂ ਪ੍ਰਸਿੱਧ ਹਨ। ਇਕ ਵਾਰ ਕਿਸੇ ਪੁਰਬ ਦੇ ਮੌਕੇ, ਗੰਗਾ ਤੇ ਇਸ਼ਨਾਨ ਕਰਨ ਲਈ ਲੋਕਾਂ ਦਾ ਬਹੁਤ ਭਾਰੀ ਮੇਲਾ ਲੱਗਾ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਭਗਤ ਰਵਿਦਾਸ ਜੀ ਦੀ ਭਗਤੀ ਦੀ ਚਾਰੇ ਪਾਸੇ ਚਰਚਾ ਸੀ, ਜਿਸ ਕਰਕੇ ਲੋਕ ਆਪ ਦੇ ਦਰਸ਼ਨਾ ਲਈ ਦੂਰ - ਦੁਰਾਡੇ ਸਥਾਨਾਂ ਤੋਂ ਆਉਂਦੇ ਸਨ ਤੇ ਉਪਦੇਸ਼ ਪ੍ਰਾਪਤ ਕਰਦੇ ਸਨ। ਜਦੋ ਪੁਰਬ-ਨ੍ਹਾਉਣ ਲਈ ਲੋਕ ਗੰਗਾ ਤੇ ਜਾ ਰਹੇ ਸਨ ਤਾਂ ਰਵਿਦਾਸ ਜੀ ਵੀ ਉਨ੍ਹਾਂ ਦੇ ਨਾਲ ਤੁਰ ਪਏ। ਪੁਰਬ ਵਾਲੇ ਦਿਨ ਲੋਕਾਂ ਨੇ ਗਰੀਬਾਂ ਨੂੰ ਦਾਨ ਦਿੱਤਾ, ਗੰਗਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਇਸ਼ਨਾਨ ਕੀਤਾ। ਇਸ ਘਟਨਾ ਦਾ ਵਰਨਣ ਭਾਈ ਗੁਰਦਾਸ ਨੇ ਵਾਰਾਂ ਵਿਚ ਇਸ ਤਰ੍ਹਾਂ ਕੀਤਾ ਹੈ:

ਨਾਵਣ ਆਇਆ ਸੰਗੁ ਮਿਲਿ ਬਾਨਾਰਸ ਕਰਿ ਬੇਟਾ।

ਕੱਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।

ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ।
ਲਇਆ ਕਸੀਰਾ ਹਥੁ ਕਢਿ ਸੂਤੁ ਇਕ ਜਿਉ ਤਾਣਾ ਪੇਟਾ।
ਭਗਤ ਜਨਾਂ ਹਰਿ ਮਾਂ ਪਿਉ ਬੇਟਾ।[325]

ਅਰਥਾਤ ਭਗਤ ਰਵਿਦਾਸ ਨੇ ਵੀ ਗੰਗਾ ਨੂੰ ਕਸੀਰਾ ਭੇਟ ਕੀਤਾ। ਗੰਗਾ ਤੇ ਇਸ਼ਨਾਨ ਕਰਨ ਆਏ ਹਜ਼ਾਰਾਂ ਸਰਧਾਲੂਆਂ ਨੇ ਦੇਖਿਆ ਕਿ ਜਿਹੜੇ ਸ਼ਰਧਾ ਦੇ ਫੁੱਲ ਉਨ੍ਹਾਂ ਦੇ ਗੰਗਾ ਨੂੰ ਭੇਟ ਕੀਤੇ ਸਨ, ਉਹ ਗੰਗਾ ਦੇ ਪਾਣੀ ਵਿਚ ਰੁੜ੍ਹੇ, ਜਾ ਰਹੇ ਹਨ। ਪਰ ਭਗਤ ਰਵਿਦਾਸ ਜੀ ਦੁਆਰਾ ਭੇਟ ਕੀਤਾ 'ਕਸੀਰਾ' ਗੰਗਾ ਨਦੀ ਦੇ ਪਾਣੀ ਦੀ ਧਾਰਾ ਵਿਚੋਂ ਪ੍ਰਗਟ ਹੋ ਕੇ ਕਿਸੇ 'ਗੈਬੀ' ਹੱਥ/ਲੈ ਲਿਆ ਹੈ।

ਭਗਤ ਰਵਿਦਾਸ ਜੀ ਦੇ ਜੀਵਨ ਤੋਂ ਇਹ ਉਪਦੇਸ਼ ਮਿਲਦਾ ਹੈ ਕਿ ਜੀਵ ਭਾਵੇਂ ਕਿਸੇ ਵੀ ਜਾਤ ਨਾਲ ਸਬੰਧ ਰੱਖਦਾ ਹੋਵੇ, ਸਾਧਾਰਣ ਕਿਰਤ ਕਰਨ ਵਾਲਾ ਹੋਵੇ, ਉਹ ਭਗਤੀ ਭਾਵ ਨਾਲ ਪ੍ਰਭੂ ਦੀ ਪ੍ਰਾਪਤੀ ਕਰ ਸਕਦਾ ਹੈ ਤੇ ਆਤਮਕ ਉਨੱਤੀ ਪ੍ਰਾਪਤ ਕਰ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 40 ਪਦੇ ਅੰਕਿਤ ਹਨ

## (ੲ) ਪ੍ਰਸਿੱਧ ਸਿੱਖ :

(ਗੁਰੂ ਨਾਨਕ ਸਾਹਿਬ ਤੋਂ ਗੁਰੂ ਹਰਗੋਬਿੰਦ ਸਾਹਿਬ ਤੱਕ ਦੇ ਸਮੇਂ ਦੇ) ਭਾਈ ਗੁਰਦਾਸ ਦੀ ਵਾਰ 11 ਦੀਆਂ ਅਖੀਰਲੀਆਂ ਉਨੀ ਪਉੜੀਆਂ ਵਿਚ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਹਰਗੋਬਿੰਦ ਸਾਹਿਬ ਤੱਕ ਦੇ ਸਮੇਂ ਦੇ ਪ੍ਰਸਿੱਧ ਸਿੱਖਾਂ ਦੇ ਨਾਮ, ਜਾਤ, ਕਿੱਤਾ ਆਦਿ ਸਬੰਧੀ ਸੰਕੇਤ ਦਰਜ ਹਨ। ਇਸ ਪ੍ਰਸੰਗ ਵਿਚ ਭਾਈ ਸਾਹਿਬ ਨੇ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਕਿਸੇ ਘਟਨਾ ਜਾਂ ਕਥਾ ਦਾ ਬਿਆਨ ਨਹੀਂ ਕੀਤਾ, ਸਿਰਫ਼ ਨਾਮ, ਜਾਤ ਜਾਂ ਕਿਤੇ ਕਿਤੇ ਕਿੱਤੇ ਦਾ ਹਵਾਲਾ ਦਿੱਤਾ ਹੈ। ਇਸ ਮਹੱਤਵਪੂਰਨ ਸਮੱਗਰੀ ਤੋਂ ਸਾਨੂੰ ਉਸ ਸਮੇਂ ਦੀ ਇਤਿਹਾਸਕ

ਜਾਣਕਾਰੀ ਦੇ ਨਾਲ ਨਾਲ ਇਸ ਗੱਲ ਦੀ ਵੀ ਸੋਝੀ ਹੁੰਦੀ ਹੈ ਕਿ ਗੁਰੂ ਸਾਹਿਬਾਨ ਦੇ ਸਿੱਖ ਕਿਸੇ ਇਕ ਜਾਤ ਜਾਂ ਫਿਰਕੇ ਨਾਲ ਸਬੰਧ ਨਹੀਂ ਰੱਖਦੇ ਸਨ, ਸਗੋਂ ਵੱਖ ਵੱਖ ਜਾਤਾਂ ਵਿਚੋਂ ਸਨ। ਉਹ ਗੁਰੂ ਸਾਹਿਬਨ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣੇ। ਸਿੱਖ ਧਰਮ ਵਿਚ ਜਾਤ ਪਾਤ ਦੀ ਸਵੀਕਿਰਤੀ ਨਹੀਂ। ਭਾਈ ਗੁਰਦਾਸ ਨੇ ਵੀ ਇਨ੍ਹਾਂ ਦੀ ਪੇਸ਼ਕਾਰੀ ਸਮੇਂ ਜਾਤ ਪਾਤ ਦੀ ਪ੍ਰਸੰਸਾ ਨਹੀਂ ਕੀਤਾ, ਸਿਰਫ ਉਨ੍ਹਾਂ ਦੀ ਪਛਾਣ ਕਰਾਉਣ ਲਈ ਵਰਤੋਂ ਕੀਤੀ ਹੈ। ਦੂਜੀ ਗੱਲ ਗੁਰੂ ਸਾਹਿਬਾਨ ਨੇ ਇਨ੍ਹਾਂ ਨੂੰ ਆਪਣਾ ਸਿੱਖ ਜਾਂ ਸ਼ਰਧਾਲੂ ਉਨ੍ਹਾਂ ਦੀ ਜਾਤ ਦੇਖ ਕੇ ਨਹੀਂ ਬਣਾਇਆ, ਸਗੋਂ ਉਸਸਮੇਂ ਉਨ੍ਹਾਂ ਦੇ ਮਾਨਵੀ ਗੁਣਾਂ ਨੂੰ ਮੁੱਖ ਰੱਖਿਆ ਗਿਆ ਹੈ। ਇਸ ਕਰਕੇ ਗੁਰਮਤਿ ਸਾਹਿਤ ਵਿਚ ਸਿੱਖਾਂ ਦੇ ਨਾਵਾਂ ਦੀ ਇਸ ਸੂਚੀ ਦਾ ਵਿਸ਼ੇਸ਼ ਸਥਾਨ ਹੈ। ਇਤਿਹਾਸਕ ਪੱਖ ਤੋਂ ਭਾਈ ਗੁਰਦਾਸ ਦੀ ਇਹ ਦੇਣ ਮਹੱਤਵਪੂਰਨ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਤੋਂ ਪਿਛੋਂ ਭਾਈ ਮਨੀ ਸਿੰਘ ਨੇ ਭਾਈ ਸਾਹਿਬ ਦੀ ਗਿਆਰਵੀਂ ਵਾਰ ਵਿਚ ਦਰਜ ਇਨ੍ਹਾਂ ਸਿੱਖਾਂ ਦੇ ਜੀਵਨ ਨਾਲ ਸਬੰਧਿਤ ਕਥਾਵਾਂ, ਘਟਨਾਵਾਂ ਤੇ ਉਹਨਾਂ ਦੇ ਗੁਰੂ ਘਰ ਨਾਲ ਸੰਬੰਧਾਂ ਦੀ ਖੋਜ ਕਰਕੇ ਪੁਸਤਕ 'ਸਿੱਖਾਂ ਦੀ ਭਗਤਮਾਲਾ' ਵਿਚ ਦਰਜ ਕੀਤਾ ਹੈ। ਇਸ ਤੋਂ ਬਾਅਦ ਪ੍ਰਿੰ. ਸਤਿਬੀਰ ਸਿੰਘ ਨੇ ਪੁਸਤਕ 'ਆਦਿ ਸਿੱਖ ਤੇ ਆਦਿ ਸਾਖੀਆਂ' ਵਿਚ ਇਨ੍ਹਾਂ ਵਿਚੋਂ ਕੁਝ ਚੋਣਵੇਂ ਸਿੱਖਾਂ ਨਾਲ ਸਬੰਧਤ ਤੱਥਾਂ ਨੂੰ ਬਿਆਨ ਕੀਤਾ ਹੈ। ਮੂਲ ਰੂਪ ਵਿਚ ਇਹ ਪੁਸਤਕ 'ਸਿੱਖਾਂ ਦੀ ਭਗਤਮਾਲਾ' ਉਤੇ ਅਧਾਰਿਤ ਹੈ। ਅਸੀਂ ਵੀ ਇਨ੍ਹਾਂ ਪੁਸਤਕਾਂ ਅਤੇ ਸਿੱਖ ਇਤਿਹਾਸ ਦੇ ਹੋਰ ਮਹੱਤਵਪੂਰਨ ਸੋਮਿਆਂ ਤੋਂ ਸਮੱਗਰੀ ਪ੍ਰਾਪਤ ਕਰਕੇ ਇਨ੍ਹਾਂ ਦੀ ਸ਼ਖਸ਼ੀਅਤ ਨੂੰ ਉਘਾੜਨ ਦਾ ਯਤਨ ਕੀਤਾ ਹੈ।

## ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਸਿੱਖ :

### ਭਾਈ ਤਾਰੂ :

ਭਾਈ ਤਾਰੂ ਪੋਪਟ ਜਾਤ ਦਾ ਸੀ ਤੇ ਲਾਹੌਰ ਦਾ ਰਹਿਣ ਵਾਲਾ ਸੀ। ਕਰਤਾਰਪੁਰ ਵਿਖੇ ਬਚਪਨ[336] ਵਿਚ ਹੀ ਉਹ ਗੁਰੂ ਨਾਨਕ ਸਾਹਿਬ ਦੀ ਸੰਗਤ ਵਿਚ ਆਇਆ ਤੇ ਬੇਨਤੀ

ਕੀਤੀ "ਮੇਰੀ ਮਾਂ ਅੱਗ ਬਾਲਣ ਲੱਗੀ ਤਾਂ ਛੋਟੀਆਂ ਲਕੜੀਆਂ ਨੂੰ ਮੋਟੀਆਂ ਨਾਲੋਂ ਪਹਿਲਾਂ ਅੱਗ ਲੱਗੀ, ਮੈਨੂੰ ਡਰ ਉਪਜਿਆ ਕਿ ਮੈਂ ਸਾਰੇ ਟੱਬਰ ਵਿਚ ਛੋਟਾ ਹਾਂ ਕਿਤੇ ਮੈਨੂੰ ਹੀ ਪਹਿਲਾਂ ਨਾ ਖਾ ਜਾਵੇ। ਬਾਬਾ ਜੀ ਨੇ ਉਸਨੂੰ ਆਤਮਕ ਗਿਆਨ ਦੇ ਕੇ ਨਿਰਭੈ ਕੀਤਾ।[337]

ਆਤਮਕ ਗਿਆਨ ਵੀ ਪ੍ਰਾਪਤੀ ਤੋਂ ਬਾਅਦ ਭਾਈ ਤਾਰੂ ਹਮੇਸ਼ਾ ਅਕਾਲ ਪੁਰਖ ਦੀ ਭਗਤੀ ਕਰਨ ਲੱਗਾ ਤੇ ਉਸ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਲੋਕ ਸੇਵਾ ਤੇ ਧਰਮ ਦੀ ਕ੍ਰਿਤ ਵਿਚ ਲਾਇਆ ਪ੍ਰਿ. ਸਤਿਬੀਰ ਸਿੰਘ ਉਸ ਦੇ ਜੀਵਨ ਨਾਲਸਬੰਧਤ ਇਕ ਘਟਨਾ ਦਾ ਹਵਾਲਾ ਦਿੰਦਾ ਹੈ। "ਲਾਹੌਰ ਵਿਖੇ ਬਾਬਰ ਦੇ ਹੱਲੇ ਜਦ ਥਾਨ ਮੁਕਾਮ ਜਲੇ ਬ੍ਰਿਜ ਮੰਦਰ' ਤਾਂ ਭਾਈ ਜੀ ਅੱਗ ਬਲਦੀ ਦੇਖ, ਬਾਲਟੀ ਪਕੜ , ਪਾਣੀ ਭਰ ਅੱਗ ਬੁਝਾਉਣ ਉਠ ਦੌੜੇ। ਕੋਲੋਂ ਦੂਜੇ ਨੇ ਕਿਹਾ, 'ਤਾਰੂ, ਤੇਰੀ ਪਾਈ ਇਕ ਪਾਣੀ ਦੀ ਬਾਲਟੀ ਨਾਲ ਇਹ ਲਗਾਈ ਅੱਗ ਨਹੀਂ ਬੁਝਣੀ, 'ਤਾਂ ਭਾਈ ਜੀ ਨੇ ਕਿਹਾ, "ਇਸ ਨਾਲ ਮੇਰਾ ਸਰੋਕਾਰ ਨਹੀਂ ਹੈ, ਬਾਬਾ ਆਖ ਗਿਆ ਹੈ, ਅੱਗ ਲੱਗੀ ਦੇਖ ਬੁਝਾਉਣੀ।' ਉਹਨਾਂ ਦੀ ਕਰਨੀ ਦੇਖ ਕੇ ਕਿਨੇ ਹੀ ਹੋਰ ਹੱਥ ਵਿਚ ਬਾਲਟੀਆਂ ਲੈ ਅੱਗ ਬੁਝਾਉਣ ਲਈ ਤੁਰ ਪਏ।[338]

ਭਾਈ ਗੁਰਦਾਸ ਨੇ ਵਾਰਾਂ ਵਿਚ ਭਾਈ ਤਾਰੂ ਬਾਰੇ ਸੰਕੇਤ ਦਿੱਤਾ ਹੈ:

ਤਾਰੂ ਪੋਪਟੁ ਤਾਰਿਆ, ਗੁਰਮੁਖਿ ਬਾਲ ਸੁਭਾਇ ਉਦਾਸੀ।[339]

ਭਾਵ ਗੁਰੂ ਨਾਨਕ ਸਾਹਿਬ ਨੇ ਪੋਪਟ ਜਾਤ ਦਾ ਭਾਈ ਤਾਰੂ ਤਾਰਿਆ , ਇਹ ਗੁਰਸਿੱਖਾਂ ਨਾਲ/ਬਾਲ ਅਵਸਥਾ ਤੋਂ ਹੀ ਉਦਾਸੀਨ ਰਹਿੰਦਾ ਸੀ। ਕਈ ਵਿਦਵਾਨਾਂ ਦਾ ਮੱਤ ਹੈ ਕਿ ਉਪਰੋਕਤ ਤੁੱਕ ਦਾ ਪਹਿਲਾ ਅੱਧਾ ਹਿੱਸਾ ਭਾਈ ਤਾਰੂ ਬਾਰੇ ਹੈ ਤੇ ਦੂਜਾ ਅੱਧਾ ਹਿੱਸਾ ਭਾਈ ਬਾਲੇ ਬਾਰੇ ਹੈ । ਪਰ ਸਿੱਖ ਇਤਿਹਾਸ ਵਿਚ ਇਸ ਦੇ ਪ੍ਰਤੱਖ ਪ੍ਰਮਾਣ ਮਿਲਦੇ ਹਨ ਕਿ ਭਾਈ ਤਾਰੂ ਬਾਲ ਅਵਸਥਾ ਤੋਂ ਹੀ ਗੁਰੂ ਸਾਹਿਬ ਦੀ ਸੰਗਤ ਵਿਚ ਆ ਗਿਆ ਸੀ।

ਭਾਈ ਮੂਲਾ ਜੀ :

ਭਾਈ ਮੂਲਾ ਗੁਰੂ ਨਾਨਕ ਸਾਹਿਬ ਦਾ ਸਿੱਖ ਸੀ ਤੇ ਕੀੜ ਗੋਤ੍ਰ (ਜਾਤ) ਨਾਲ ਸਬੰ ਰੱਖਦਾ ਸੀ।[340] ਗੁਰੂ ਸਾਹਿਬ ਦੀ ਬਾਣੀ ਦਾ ਸਿਮਰਨ ਕਰਦਾ, ਗੁਰੂ ਦੇ ਸਿੱਖਾਂ ਨੂੰ ਗੁਰੂ ਦਾ

ਹੀ ਰੂਪ ਸਮਝਦਾ , ਤੇ ਦਿਨ ਰਾਤ ਉਨ੍ਹਾਂ ਦੀ ਸੇਵਾ ਕਰਦਾ ਸੀ। ਭਾਈ ਮਨੀ ਸਿੰਘ ਅਨੁਸਾਰ ਇਕ ਦਿਨ ਮੂਲੇ ਦੇ ਘਰ ਇਕ ਠੱਗ ਆਇਆ, ਮੂਲੇ ਨੇ ਉਸ ਦੀ ਬਹੁਤ ਟਹਿਲ ਸੇਵਾ ਕੀਤੀ। ਰਾਤ ਨੂੰ ਮੂਲੇ ਦੀ ਪਤਨੀ ਨੇ ਆਪਣੇ ਜੇਵਰ ਲਾਹ ਕੇ ਡੱਬੇ ਵਿਚ ਪਾ ਕੇ ਆਲੇ ਵਿਚ ਰੱਖ ਦਿੱਤੇ। ਉਹ ਠੱਗ ਰਾਤ ਨੂੰ ਉਠਿਆ ਤੇ ਜੇਵਰਾਂ ਦਾ ਡੱਬਾ ਲੈ ਕੇ ਤੁਰ ਪਿਆ। ਬਾਹਰ ਹਵੇਲੀ ਦੇ ਦਰਵਾਜੇ ਨੂੰ ਤਾਲਾ ਲੱਗਾ ਹੋਇਆ ਸੀ ਤੇ ਚਾਬੀ ਮੂਲੇ ਪਾਸ ਸੀ। ਉਹ ਮੂਲੇ ਕੋਲ ਆਇਆ ਤੇ ਕਿਹਾ ਮੈਂ ਬਾਹਰ ਰਮਣੇ ਜਾਣਾ ਹੈ, ਚਾਬੀ ਦਿਉ। ਮੂਲੇ ਨੇ ਬੜੀ ਨਿਮਰਤਾ ਨਾਲ ਕਿਹਾ ਤੁਸੀਂ ਰਮਣਾ ਇਥੇ ਹੀ ਫਿਰੋ, ਮੈਂ ਬਾਹਰ ਸੁਟ ਆਵਾਂਗਾ ਤੇ ਤੁਹਾਨੂੰ ਇਸ਼ਨਾਨ ਵੀ ਕਰਾਵਾਂਗਾ। ਪਰ ਉਸ ਆਖਿਆ ਮੈਨੂੰ ਕੁੰਜੀ ਜ਼ਰੂਰ ਚਾਹੀਦੀ ਹੈ ਤਾਂ ਮੂਲੇ ਨੇ ਆਪ ਤਾਲਾ ਖੋਲ੍ਹਿਆ ਤੇ ਠੱਗ ਗਹਿਣਿਆਂ ਵਾਲਾ ਡੱਬਾ ਲੈ ਕੇ ਤੁਰ ਪਿਆ। ਜਾਂਦੇ ਜਾਂਦੇ ਉਸ ਦੀ ਬਗਲ ਵਿਚੋਂ ਡੱਬਾ ਡਿੱਗ ਪਿਆ ਤਾਂ ਮੂਲੇ ਨੇ ਆਪ ਡੱਬਾ ਚੁੱਕ ਕੇ ਉਸ ਨੂੰ ਫੜਾ ਦਿਤਾ। ਸਵੇਰ ਹੋਈ ਜਦੋਂ ਮੂਲੇ ਦੀ ਸਿਖਣੀ ਉਠੀ ਤਾਂ ਉਸ ਨੇ ਗਹਿਣਿਆਂ ਦਾ ਡੱਬਾ ਨਾ ਦੇਖਿਆ ਤਾਂ ਮੂਲੇ ਨੂੰ ਪੁਛਣ ਲੱਗੀ ਕਿ ਡੱਬਾ ਕਿਥੇ ਹੈ? ਮੂਲੇ ਆਖਿਆ ਰਾਤੀ ਚੋਰ ਸਾਡੇ ਘਰ ਆਇਆ ਸੀ ਉਹ ਜੇਵਰ ਲੈ ਗਿਆ ਹੈ ਤੇ ਇਹ ਸਿੱਖ ਸਰਮਿੰਦਾ ਹੋ ਕੇ ਉਠ ਗਿਆ ਹੈ ਜੋ ਕਿਤੇ ਬਦਨਾਮੀ ਨਾ ਹੋਵੇ। ਉਸ ਨੇ ਆਪਣੀ ਪਤਨੀ ਨੂੰ ਹੋਰ ਜੇਵਰ ਬਣਵਾ ਦਿੱਤੇ। ਸਾਹਿਬ ਮੂਲੇ ਤੇ ਬਹੁਤ ਪ੍ਰਸੰਨ ਹੋਏ ਕਿ ਤੂੰ ਮੇਰਾ ਪੜਦਾ ਢੱਕਿਆ ਹੈ, ਤੇਰਾ ਪੜਦਾ ਗੁਰੂ ਢੱਕੇਗਾ।[341]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਾਈ ਮੂਲੇ ਸਬੰਧੀ ਸੰਕੇਤ ਆਇਆ ਹੈ:

ਮੂਲਾ ਕੀੜੁ ਵਖਾਣੀਐ ਚਲਿਤੁ ਅਚਰਜ ਲੁਭਤਿ ਗੁਰਦਾਸੀ।[342]

ਭਾਵ ਕੀੜ ਜਾਤੀ ਦਾ ਮੂਲਾ ਕਹੀਦਾ ਹੈ, ਜਿਸ ਤਰ੍ਹਾਂ ਦੇ ਅਸਚਰਜ ਕੰਮ ਸਨ, ਗੁਰੂ ਦੇ ਦਾਸਾਂ ਦਾ ਦਾਸ ਹੋ ਕੇ ਰਹਿੰਦਾ ਸੀ ਭਾਵ ਪ੍ਰੇਮ ਕਰਦਾ ਸੀ।

ਭਾਈ ਪ੍ਰਿਥਾ ਤੇ ਭਾਈ ਖੇੜਾ :

ਭਾਈ ਪ੍ਰਿਥਾ ਤੇ ਖੇੜਾ ਸੋਇਰੀ ਜਾਤ ਦੇ ਖੱਤਰੀ ਸਨ, ਜੋ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋ ਕੇ ਪਰਉਪਕਾਰੀ ਅਤੇ ਆਤਮਗਿਆਨੀ ਹੋਏ।[343] ਇਹ ਕਰਤਾਰਪੁਰ ਵਿਖੇ

ਗੁਰੂ ਸਾਹਿਬ ਨੂੰ ਮਿਲੇ ਤੇ ਸੰਗਤ ਵਿਚ ਗੁਰਬਾਣੀ ਦੀ ਵਿਚਾਰ ਸੁਣ ਕੇ ਅਰਦਾਸ ਕੀਤੀ ਕਿ ਸਾਨੂੰ ਨਾਮ ਦਾ ਦਾਨ ਦਿਉ ਤੇ ਆਪਣੇ ਚਰਨਾਂ ਵਿਚ ਸਥਾਨ ਬਖਸ਼ੋ।

ਭਾਈ ਗੁਰਦਾਸ ਅਨੁਸਾਰ/ਸੇਇਰੀ ਜਾਤ ਦੇ ਭਾਈ ਪ੍ਰਿਥਾ ਤੇ ਖੇੜਾ ਨਾਮੀ ਖੱਤਰੀ ਸਿੱਖ ਗੁਰੂ ਨਾਨਕ ਸਾਹਿਬ ਦੇ ਚਰਨਾਂ ਦੀ ਸ਼ਰਨ ਲੈ ਕੇ ਸ਼ਾਂਤਿ ਸੁਖ ਦੇ ਨਿਵਾਸੀ ਹੋਵੇ।

ਪਿਰਥਾ ਖੇੜਾ ਸੋਇਰੀ ਚਰਨ ਸਰਣ ਸੁਖ ਸਾਜਿ ਨਿਵਾਸੀ। (11/13-3)

ਭਾਈ ਪ੍ਰਿਥੀ ਮੱਲ ਤੇ ਭਾਈ ਰਾਮਾ ਡਿੱਡੀ:

ਭਾਈ ਪ੍ਰਿਥੀ ਮੱਲ ਸਹਿਗਲ ਗੋਤ ਦਾ ਖਤ੍ਰੀ ਸੀ ਜੋ ਗੁਰੂ ਨਾਨਕ ਦੇਵ ਦਾ ਸਿੱਖ ਹੋ ਕੇ ਗੁਰਮੁੱਖ ਪਦਵੀ ਦਾ ਅਧਿਕਾਰੀ ਹੋਇਆ।[344] ਭਾਈ ਰਾਮਾ ਡਿੱਡੀ ਜਾਤ ਨਾਲ ਸਬੰਧ ਰੱਖਦਾ ਸੀ ਤੇ ਸਤਿਗੁਰੂ ਨਾਨਕ ਦੇਵ ਜੀ ਦਾ ਆਤਮਗਿਆਨੀ ਸਿੱਖ ਸੀ। ਇਕ ਵਾਰ ਇਹਨਾਂ ਦੋਹਾਂ ਸਿੱਖਾਂ ਨੇ ਗੁਰੂ ਸਾਹਿਬ ਪਾਸ ਆ ਕੇ ਬੇਨਤੀ ਕੀਤੀ ਕਿ ਸਾਨੂੰ ਕੋਈ ਐਸਾ ਰਾਹ ਦੱਸੋ ਜਿਸ ਨਾਲ ਅਸੀਂ ਪ੍ਰਭੂ ਨਾਲ ਇਕ ਮਿਕ ਹੋ ਜਾਈਏ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ, ਪ੍ਰਭੂ ਨੂੰ ਪ੍ਰਾਪਤ ਕਰਨ ਦਾ ਸੌਖਾ ਰਾਹ ਭਗਤੀ ਹੈ। ਇਹਨਾਂ ਦੋਹਾਂ ਨੇ ਗੁਰੂ ਸਾਹਿਬ ਦੇ ਦੱਸੇ ਮਾਰਗ ਤੇ ਚੱਲ ਕੇ ਜਗ ਦੀ ਵਾਹ ਵਾਹ ਖੱਟੀ।

ਭਾਈ ਗੁਰਦਾਸ ਵਾਰਾਂ ਵਿਚ ਸੰਕੇਤ ਕਰਦੇ ਹਨ;

ਪਿਰਥੀ ਮੱਲੁ ਸਹਿਗਲ ਭਲਾ ਰਾਮਾ ਡਿਡੀ ਭਗਤਿ ਅਭਿਲਾਸੀ। (11/13-5)

ਭਾਵ ਸਹਿਗਲ ਜਾਤ ਵਾਲਾ ਪ੍ਰਿਥੀ ਮੱਲ ਚੰਗਾ ਭਗਤ ਸੀ ਤੇ ਡਿੱਡੀ ਜਾਤ ਵਾਲਾ ਰਾਮਾ ਭਗਤ ਉਦਾਸ ਭਾਵ ਸੀ।

ਭਾਈ ਮਰਦਾਨਾ :

ਭਾਈ ਮਰਦਾਨਾ, ਰਾਗ ਵਿਦਿਆ ਵਿਚ ਪ੍ਰਬੀਨ, ਦੁੱਖਾਂ ਨੂੰ ਖਿੜੇ ਮੱਥੇ ਝੱਲਣ ਵਾਲਾ, ਹਰ ਇਕ ਔਕੜ ਦਾ ਮੁਕਾਬਲਾ ਕਰਨ ਵਾਲਾ, ਗੁਰੂ ਨਾਨਕ ਸਾਹਿਬ ਦਾ ਪ੍ਰਸਿੱਧ

ਸਿੱਖ ਅਤੇ ਸਾਥੀ ਸੀ। ਇਨ੍ਹਾਂ ਨੇ ਗੁਰੂ ਸਾਹਿਬ ਨਾਲ ਲਗਭਗ ਸਾਰੇ ਭਾਰਤ ਅਤੇ ਹੋਰ ਦੂਜੇ ਦੇਸ਼ਾਂ ਦਾ ਰਟਨ ਕੀਤਾ। ਦੇਸ਼ ਰਟਨ ਸਮੇਂ ਆਪ ਨੂੰ ਕਿਨ੍ਹੇ ਦੁੱਖ ਸਹਾਰਨੇ ਪਏ ਅਤੇ ਕਿੰਨ੍ਹਾਂ ਪ੍ਰਸਥਿਤੀਆਂ ਵਿਚੋਂ ਗੁਜ਼ਰਨਾ ਪਿਆ ਇਸ ਦਾ ਵਿਸਥਾਰ ਪੂਰਵਕ ਵਰਨਣ ਜਨਮ-ਸਾਖੀਕਾਰਾਂ ਅਤੇ ਸਿੱਖ ਇਤਿਹਾਸਕਾਰ ਨੇ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਇਥੇ ਅਸੀਂ ਭਾਈ ਮਰਦਾਨੇ ਦੀ ਸ਼ਖਸੀਅਤ ਦੇ ਉਸੇ ਪੱਖ ਬਾਰੇ ਵਿਚਾਰ ਕਰਾਂਗੇ ਜਿਸ ਦਾ ਸੰਕੇਤ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਿਲਦਾ ਹੈ:

ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਦਾ ਹਾਲ ਬਿਆਨ ਕਰਨ ਸਮੇਂ ਭਾਈ ਮਰਦਾਨੇ ਦਾ ਗੁਰੂ ਸਾਹਿਬ ਦੇ ਨਾਲ ਹੋਣਾ ਦੱਸਿਆ ਹੈ:

ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
(1/35-2)

ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਪ੍ਰਸਿੱਧ ਸਿੱਖਾਂ ਦੀ ਸੂਚੀ ਦੇਣ ਸਮੇਂ ਭਾਈ ਮਰਦਾਨੇ ਦੀ ਜਾਤ ਵੱਲ ਸੰਕੇਤ ਕਰਦਿਆਂ ਉਸ ਨੂੰ ਇਕ ਸੁਚੱਜੇ ਰਬਾਬੀ ਵਜੋਂ ਪੇਸ਼ ਕੀਤਾ ਹੈ:

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।
(11/13-4)

ਅਰਥਾਤ ਮਜਲਸ ਵਿਚ ਕੋਈ ਵੀ ਭਾਈ ਮਰਦਾਨੇ ਵਰਗੀ ਰਬਾਬ ਨਹੀਂ ਵਜਾ ਸਕਦਾ ਸੀ।

ਭਾਈ ਮਰਦਾਨਾ ਦਾ ਪਹਿਲਾ ਨਾਮ 'ਦਾਨਾ' ਸੀ। ਮਰਦਾਨਾ ਨਾਮ ਆਪ ਨੂੰ ਗੁਰੂ ਨਾਨਕ ਸਾਹਿਬ ਵਲੋਂ ਮਿਲਿਆ ਖਿਤਾਬ ਸੀ। "ਭਾਈ ਮਰਦਾਨਾ ਦਾ ਜਨਮ ਤਲਵੰਡੀ (ਪੱਛਮੀ ਪਾਕਿਸਤਾਨ) ਵਿਖੇ 1460 ਈ. ਤੇ ਦੇਹਾਂਤ 1530 ਈ. ਵਿਚ ਅਫ਼ਗਾਨਿਸਤਾਨ ਦੇ ਦਰਿਆ ਕੁਰਮ ਦੇ ਕੰਢੇ ਵਸੇ ਹੋਏ ਕੁਰਮ ਸ਼ਹਿਰ ਵਿਚ ਹੋਇਆ।"[347] ਮਹਾਨ ਕੋਸ਼ ਵਿਚ ਦਰਜ ਹੈ ਕਿ ਦਰਿਆ ਕੁਰਮ ਦੇ ਕਿਨਾਰੇ ਕੁਰਮ ਸ਼ਹਿਰ ਵਿਖੇ ਗੁਰੂ ਨਾਨਕ ਸਾਹਿਬ ਨੇ ਆਪਣੇ ਹੱਥੀ ਮਰਦਾਨੇ ਦਾ ਸੰਸਕਾਰ ਕੀਤਾ।"[348] ਭਾਈ ਮਰਦਾਨਾ ਦੇ ਦੋ ਪੁੱਤਰ ਸਨ, ਰਜਾਦਾ ਅਤੇ ਸਜਾਦਾ। ਕਰਤਾਰਪੁਰ ਵਿਖੇ ਅਜੇ ਵੀ ਇਨ੍ਹਾਂ ਦੀ ਕੁਲ ਦੇ ਲੋਕ ਵੱਸਦੇ ਹਨ।

ਭਾਈ ਮਰਦਾਨੇ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ [349] ਵਿਚ ਦੋ ਸਲੋਕ ਇਕ ਪਉੜੀ ਸਮੇਤ ਦਰਜ ਹਨ। ਇਨ੍ਹਾਂ ਦੀ ਬੋਲੀ ਗੁਰੂ ਨਾਨਕ ਸਾਹਿਬ ਵਰਗੀ ਹੈ।

## ਦੌਲਤ ਖਾਂ ਲੋਧੀ :

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਦੌਲਤ ਖਾਨ ਲੋਧੀ ਇਬਰਾਹੀਮ ਲੋਦੀ ਦਿੱਲੀ ਪਤੀ ਦਾ ਥਾਪਿਆ ਹੋਇਆ ਪੰਜਾਬ ਦਾ ਗਵਰਨਰ ਸੀ ਜੋ ਵਿਸ਼ੇਸ਼ ਕਰਕੇ ਸੁਲਤਾਨਪੁਰ ਰਿਹਾ ਕਰਦਾ ਸੀ। ਦੌਲਤ ਖਾਂ ਲੋਧੀ ਜਾਤ ਨਾਲ ਸਬੰਧ ਰੱਖਦਾ ਸੀ। ਇਸੇ ਦਾ ਮੋਦੀਖਾਨਾ ਗੁਰੂ ਨਾਨਕ ਸਾਹਿਬ ਨੇ ਇਸ ਢੰਗ ਨਾਲ ਚਲਾਇਆ ਸੀ ਕਿ ਲੋਕਾਂ ਨੇ ਗੁਰੂ ਸਾਹਿਬ ਤੇ ਇਸ ਦੇ ਗੁਣ ਗਾਉਣੇ ਸ਼ੁਰੂ ਕਰ ਦਿੱਤੇ ਸਨ। ਈਰਖਾ ਹਿੱਤ ਕਈਆਂ ਨੇ ਸ਼ਿਕਾਇਤਾਂ ਕੀਤੀਆਂ ਕਿ ਨਾਨਕ ਮੋਦੀ ਖਾਨਾ ਲੁਟਾਈ ਜਾ ਰਿਹਾ ਹੈ। ਹਿਸਾਬ ਕੀਤਾ ਗਿਆ ਤਾਂ ਸਾਰਾ ਹਿਸਾਬ ਬਰਾਬਰ ਸੀ। ਪ੍ਰਿੰ. ਸਤਿਬੀਰ ਸਿੰਘ ਅਨੁਸਾਰ ਇਸੇ ਦੌਲਤ ਖਾਨ ਕੋਲੋਂ ਬਾਬਰ ਨੇ ਪੁਛਿਆ ਕਿ ਮੈਂ ਬਾਬੇ ਦੇ ਦਰਸ਼ਨਾਂ ਨੂੰ ਚੱਲਾਂ ਹਾਂ, ਕੀ ਭੇਟਾ ਕਰਾਂ ਕਿ ਉਹ ਪ੍ਰਸੰਨ ਹੋ ਜਾਏ ਤਾਂ ਦੌਲਤ ਖਾਨ ਨੇ ਬਾਬਰ ਨੂੰ ਕਿਹਾ ਕਿ ਤੇਰੇ ਕੋਲ ਹੈ ਹੀ ਕੀ, ਗੁਰੂ ਨਾਨਕ ਦੇਵ ਜੀ ਨੂੰ ਦੇਣ ਯੋਗ:

> ਮੀਰੀ ਪੀਰੀ ਇਨ ਦੋਨੋਂ ਪਾਇ
>
> ਦੇਖੋਗੇ ਤੁਮ ਨੇੜੇ ਜਾਇ (ਪ੍ਰਾਚੀਨ ਪੰਥ ਪ੍ਰਕਾਸ਼)[350]

ਭਾਈ ਗੁਰਦਾਸ ਵਾਰਾਂ ਵਿਚ ਸੰਕੇਤ ਕਰਦੇ ਹਨ ਕਿ ਲੋਦੀ ਜਾਤ ਵਾਲਾ ਦੌਲਤ ਖਾਂ ਭਲਾ ਮੁਰੀਦ ਸੀ, ਇਹ ਨਾਸ਼ ਰਹਿਤ, ਜਿਊਂਦਾ ਪੀਰ ਹੋਇਆ ਹੈ। ਪਹਿਲਾਂ ਇਹ ਖਵਾਜੇ ਦਾ ਮੁਰੀਦ ਸੀ, ਪਰ ਫਿਰ ਗੁਰੂ ਸਾਹਿਬ ਦਾ ਸਿੱਖ ਹੋ ਕੇ ਅਬਿਨਾਸ਼ੀ ਹੋਇਆ।

> ਦਉਲਤ ਖਾਂ ਲੋਦੀ ਭਲਾ ਹੋਆ ਜਿੰਦ ਪੀਰੁ ਅਬਿਨਾਸੀ। (1/13-6)

## ਭਾਈ ਮਾਲੋ ਤੇ ਭਾਈ ਮਾਂਗਾ :

ਭਾਈ ਮਾਲੋ ਤੇ ਭਾਈ ਮਾਂਗਾ ਪ੍ਰਸਿੱਧ ਕੀਰਤਨੀਏ ਸਨ। ਇਹਨਾਂ ਨੇ ਗੁਰੂ ਸਾਹਿਬ

ਦੇ ਦਰਸ਼ਨ ਕੀਤੇ ਤੇਉਧਾਰ ਕਰਨ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਕਿਹਾ, "ਜਿਸ ਸ਼ਬਦ ਦਾ ਕੀਰਤਨ ਕਰਨਾ ਹੈ। ਪਹਿਲਾਂ ਉਸ ਦੀ ਕਥਾ ਤੁਹਾਡੇ ਵਿਚੋਂ ਇਕ ਕਰੇ ਤੇ ਦੂਜਾ ਇੰਦਰੀਆਂ ਤੇ ਮਨ ਨੂੰ ਸੰਕੋਚ ਕੇ ਸੁਣੇ। ਜਦ ਸ਼ਬਦ ਦਾ ਭਾਵ ਚੰਗੀ ਤਰ੍ਹਾਂ ਜਿਹਨ ਨਸ਼ੀਨ ਹੋ ਜਾਏ ਤਾਂ ਦੋਨਾ ਫਿਰ ਕੀਰਤਨ ਕਰਨਾ।"[351]

ਭਾਈ ਗੁਰਦਾਸ ਨੇ ਵਾਰਾਂ ਵਿਚ ਸੰਕੇਤ ਦਿੱਤਾ ਹੈ ਕਿ ਮਾਲੋ ਤੇ ਮਾਂਗਾ ਨਾਮੀ ਦੋ ਸਿੱਖ ਹੋਏ ਹਨ ਜੋ ਗੁਰਬਾਣੀ ਰਸ ਵਿਚ ਮਗਨ ਹੋ ਕੇ ਗਾਉਂਦੇ ਹਨ।

ਮਾਲੋ ਮਾਂਗਾ ਸਿਖ ਦੁਇ ਗੁਰਬਾਣੀ ਰਸਿ ਰਸਿਕ ਬਿਲਾਸੀ ।

(11/13-7)

<u>ਭਾਈ ਕਾਲੂ</u> :

ਗੁਰੂ ਨਾਨਕ ਦੇਵ ਜੀ ਦਾ ਇਕ ਸਿੱਖ, ਜੋ ਕਰਤਾਰਪੁਰ ਸੇਵਾ ਵਿਚ ਹਾਜ਼ਿਰ ਰਿਹਾ[352] ਭਾਈ ਕਾਲੂ ਜਾਤ ਦਾ ਖੱਤਰੀ ਸੀ, ਇਕ ਦਿਨ ਕਰਤਾਰਪੁਰ ਵਿਖੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਇਆ ਤੇ ਬੇਨਤੀ ਕੀਤੀ ਕਿ ਗਰੀਬ ਨਿਵਾਜ। ਸਨਮੁੱਖ ਤੇ ਮਨਮੁੱਖ ਕਿਸ ਨੂੰ ਕਹਿੰਦੇ ਹਨ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਸਨਮੁੱਖ ਉਹ ਹੁੰਦਾ ਹੈ ਜੋ ਪੁੰਨਾਂ ਦਾ ਸਾਹਮਣਾ ਕਰੇ ਤਾਂ ਪਾਪਾਂ ਨੂੰ ਪਿੱਠ ਕਰੇ। ਵੇਮੁੱਖ ਉਸ ਨੂੰ ਕਹਿੰਦੇ ਹਨ ਜੋ ਗੁਰੂ ਤੋਂ ਮਨਮੁੱਖ ਹੋਵੇ, ਪਾਪ ਕਰੇ ਤੇ ਪੁੰਨ ਕਰਨਾ ਉਸ ਨੂੰ ਚਿੱਤ ਚੇਤੇ ਵੀ ਨਾ ਹੋਵੇ। ਭਾਈ ਮਨੀ ਸਿੰਘ ਲਿਖਦੇ ਹਨ, ਜਦੋਂ ਇਹ ਬਚਨ ਭਾਈ ਕਾਲੂ ਨੇ ਸੁਣੇ ਤਾਂ ਇਸ ਪ੍ਰਕਾਰ ਵਰਤਣ ਲੱਗਾ, ਉਸ ਦਾਭੀ ਉਧਾਰ ਹੋਇਆ, ਹੋਰਨਾ ਸਿੱਖਾਂ ਦਾ ਭੀ ਉਸਦੇ ਮਿਲਣ ਕਰਕੇ ਉਧਾਰ ਹੋਇਆ।"[353]

ਭਾਈ ਗੁਰਦਾਸ ਨੇ ਵਾਰਾਂ ਵਿਚ ਇਸੇ ਪ੍ਰਸੰਗ ਵਿਚ ਲਿਖਿਆ ਹੈ ਕਿ ਭਾਈ ਕਾਲੂ ਨੇ ਇਸ ਉਪਦੇਸ਼ ਦੇ ਅਨੁਸਾਰ ਆਪਣਾ ਜੀਵਨ ਢਾਲਿਆ ਤੇ ਸਨਮੁੱਖ ਕਰਕੇ ਪ੍ਰਸਿੱਧ ਹੋਇਆ। ਗੁਰਬਾਣੀ ਕਰਕੇ ਇਸ ਨੂੰ ਰੱਬ ਦੀ ਦਰਗਾਹ ਵਿਚ ਸ਼ਾਬਾਸ਼ੀ ਮਿਲੀ:

ਸਨਮੁਖਿ ਕਾਲੂ ਆਸ ਧਾਰ ਗੁਰਬਾਣੀ ਦਰਗਹ ਸਾਬਾਸੀ।

(11/13-8)

ਭਾਈ ਭਗਤਾਂ ਉਹਰੀ ਤੇ ਭਾਈ ਜਾਪੂ ਵੰਸੀ :

ਭਾਈ ਭਗਤਾ ਉਹਰੀ ਤੇ ਭਾਈ ਜਾਪੂ ਵੰਸੀ ਖੱਤਰੀ ਸਨ। ਇਕ ਦਿਨ ਗੁਰੂ ਨਾਨਕ ਸਾਹਿਬ ਦੇ ਦਰਸ਼ਨਾਂ ਨੂੰ ਆਏ ਤੇ ਅਰਦਾਸ ਕੀਤੀ, ਮਹਾਰਾਜ! ਨਾ ਅਸੀਂ ਗਿਆਨੀ ਹਾਂ ਤੇ ਨਾ ਹੀ ਅਸੀਂ ਵਿਦਿਆ ਪ੍ਰਾਪਤ ਕੀਤੀ ਹੈ। ਸਾਡਾ ਉਧਾਰ ਕਿਸ ਤਰ੍ਹਾਂ ਹੋਵੇਗਾ? ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ, ਚਾਰ ਬਿਰਤੀਆਂ (ਈਰਖਾ, ਆਕੜ, ਨਿੰਦਾ, ਹੈਂਠ) ਦਾ ਤਿਆਗ ਕਰਕੇ ਸਿੱਖਾਂ ਦੀ ਟਹਿਲ ਸੇਵਾ ਕਰੋ, ਕਲਿਆਣ ਹੋਵੇਗਾ।"[354] ਭਾਈ ਗੁਰਦਾਸ ਵਾਰਾਂ ਵਿਚ ਸੰਕੇਤ ਕਰਦੇ ਹਨ ਕਿ ਉਹਨਾਂ ਨੇ ਮਨਮੁੱਖਾਂ ਦੇ ਕਰਮਾਂ ਦਾ ਤਿਆਗ ਕੀਤਾ ਤੇ ਸੇਵਾ ਤੇ ਭਗਤੀ ਵੱਲ ਆਪਣਾ ਜੀਵਨ ਲਾਇਆ।

ਭਗਤੁ ਜੋ ਭਗਤਾ ਓਹਰੀ ਜਾਪੂ ਵੰਸੀ ਸੇਵ ਕਮਾਵੈ।

(11/14-1)

ਭਾਈ ਸੀਹਾ ਤੇ ਭਾਈ ਗੱਜਣ :

ਭਾਈ ਸੀਹਾਂ ਤੇ ਭਾਈ ਗੱਜਣ ਦੋਨੋਂ ਤਾਏ ਚਾਚੇ/ਦੇ ਪੁੱਤਰ ਸਨ ਤੇ ਉਪੱਲ ਜਾਤੀ ਨਾਲ ਸਬੰਧ ਰੱਖਦੇ ਸਨ । ਪ੍ਰਿ. ਸਤਿਬੀਰ ਸਿੰਘ ਅਨੁਸਾਰ, "ਇਹ ਦੋਵੇਂ ਗੁਰੂ ਸਾਹਿਬ ਨਾਲ ਦੂਜੀ ਉਦਾਸੀ ਸਮੇਂ ਨਾਲ ਗਏ ਸਨ।"[355] ਇਹ ਦੋਨੋਂ ਗੁਰੂ ਨਾਨਕ ਸਾਹਿਬ ਦੇ ਦਰਸ਼ਨਾਂ ਨੂੰ ਆਏ ਤੇ ਬੇਨਤੀ ਕੀਤੀ ਕਿ ਕੋਈ ਐਸਾ ਉਪਦੇਸ਼ ਦਿਉ ਜਿਸਨਾਲ ਜਨਮ ਮਰਨ ਕੱਟਿਆ ਜਾਵੇ ਤੇ ਚਾਰੇ ਪਦਾਰਥ ਪ੍ਰਾਪਤ ਹੋਣ। ਗੁਰੂ ਨਾਨਕ ਸਾਹਿਬ ਨੇ ਉਪਦੇਸ਼ ਦਿੱਤਾ ਕਿ ਵਾਹਿਗੁਰੂ ਦਾ ਨਾਮ ਜਪਣ ਨਾਲ ਜਨਮ ਮਰਨ ਤੋਂ ਛੁਟਕਾਰਾ ਮਿਲਦਾ ਹੈ ਤੇ ਚਾਰੇ ਪਦਾਰਥਾਂ ਦੀ ਵੀ ਪ੍ਰਾਪਤੀ ਹੁੰਦੀ ਹੈ। ਗੁਰੂ ਸਾਹਿਬ ਤੋਂ ਨਾਮ ਦਾ ਉਪਦੇਸ਼ ਲੈ ਕੇ ਇਹ ਦਿਨ ਰਾਤ ਅਕਾਲ ਪੁਰਖ ਦੀ ਭਜਨ ਬੰਦਗੀ ਕਰਦੇ ਅਤੇ ਆਏ ਗਏ ਸਿੱਖਾਂ ਦੀ ਰੰਗੀ ਟਹਿਲ ਸੇਵਾ ਕਰਦੇ। ਭਾਈ ਸੀਹਾਂ ਨਾਲਸਬੰਧਤ ਇਕ ਹੋਰ ਸਾਖੀ ਪ੍ਰਸਿੱਧ ਹੈ ਕਿ ਇਸ ਨੇ ਆਪਣੀ ਲੜਕੀ ਦੀ ਜੰਞ ਵਾਸਤੇ ਰੱਖੀ ਸਾਰੀ ਰਸਦ ਗੁਰੂ ਦੇ ਸਿੱਖਾਂ ਨੂੰ ਖੁਆ ਦਿੱਤੀ। ਜੰਞ ਵੀ ਸੰਜਮੀ ਸੀ ਤੇ ਉਹਨਾਂ ਨੂੰ ਜੋ ਕੁਝ ਸਮੇਂ ਸਿਰ ਤਿਆਰ ਮਿਲਿਆ ਉਨ੍ਹਾਂ ਨੇ ਖਾਧਾ ਤੇ ਪ੍ਰਸੰਨ ਹੋਏ।

ਭਾਈ ਗੁਰਦਾਸ ਵਾਰਾਂ ਵਿਚ ਸੰਕੇਤ ਕਰਦੇ ਹਨ:

ਸੀਹਾਂ ਉਪਲੁ ਜਾਣੀਐ ਗਜਣੁ ਉਪਲ ਸਤਿਗੁਰ ਭਾਵੈ।

(11/14-2)

ਭਾਵ ਸੀਹਾਂ ਤੇ ਗੱਜਣ ਉਪੱਲ ਨਾਮੀ ਸਿੱਖ ਗੁਰੂ ਸਾਹਿਬ ਨੂੰ ਬਹੁਤ ਪਿਆਰੇ ਸਨ।

ਭਾਈ ਭਗੀਰਥ :

ਭਾਈ ਭਗੀਰਥੁ ਮਲਸੀਆਂ ਦਾ ਰਹਿਣ ਵਾਲਾ ਸੀ ਤੇ ਕਾਲੀ ਦੇਵੀ ਦਾ ਉਪਾਸ਼ਕ ਸੀ। ਕਾਨ੍ਹ ਸਿੰਘ ਨਾਭਾ ਅਨੁਸਾਰ, ਉਹ ਮਲਸੀਹਾਂ ਪਿੰਡ ਦਾ ਨੰਬਰਦਾਰ, ਜੋ ਦੁਰਗਾ ਦੀ ਉਪਾਸ਼ਨਾ ਤਿਆਗ ਕੇ ਗੁਰੂ ਨਾਨਕ ਦੇਵ ਦਾ ਆਤਮ ਗਿਆਨੀ ਸਿੱਖ ਹੋਇਆ।"[356] ਇਕ ਵਾਰ ਗੁਰੂ ਨਾਨਕ ਸਾਹਿਬ ਇਸ ਦੇ ਪਿੰਡ ਗਏ, ਇਸ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਤੇ ਸ਼ਰਧਾ ਵੱਸ ਰਾਤ ਗੁਰੂ ਜੀ ਪਾਸ ਹੀ ਰਹਿ ਗਿਆ। ਜੱਦ ਪਿਛਲੀ ਰਾਤ ਉਠਿਆ ਤਾਂ ਦੇਖਿਆ ਕਿ ਇਕ ਸੁੰਦਰ ਔਰਤ ਝਾੜੂ ਦੇ ਰਹੀ ਹੈ। ਭਾਈ ਭਗੀਰਥ ਨੇ ਪੁਛਿਆ ਤੂੰ ਕੌਣ ਹੈ ਤੇ ਏਨੀ ਰਾਤ ਗਏ ਕਿਉਂ ਝਾੜੂ ਦੇ ਰਹੀ ਹੈਂ। ਉਸ ਨੇ ਕਿਹਾ ਮੈਂ ਹੀ 'ਕਾਲੀ' ਹਾਂ, ਸੇਵਾ ਕਰਦੀ ਹਾਂ ਤਾਂ ਮੈਨੂੰ ਸ਼ਕਤੀ ਮਿਲਦੀ ਹੈ। ਭਗੀਰਥ ਨੇ ਇਹ ਸੁਣ ਕੇ ਅਜਿਹਾ ਜੀਵਨ ਬਣਾਇਆ ਕਿ ਹਰ ਰੋਜ ਸੁਲਤਾਨਪੁਰ ਆਉਂਦਾ ਤੇ ਗੁਰੂ ਨਾਨਕ ਸਾਹਿਬ ਨਾਲ ਇਸ਼ਨਾਨ ਕਰਨ ਜਾਂਦਾ ਤੇ ਸੰਗਤ ਕਰਦਾ।

ਭਾਈ ਗੁਰਦਾਸ ਵਾਰਾਂ ਵਿਚ ਲਿਖਦੇ ਹਨ ਕਿ ਮਲਸੀਹਾਂ ਨਗਰੀ ਦਾ ਚੌਧਰੀ ਭਗੀਰਥ ਕਾਲੀ ਦੇਵੀ ਦਾ ਉਪਾਸ਼ਕ ਸੀ ਤੇ ਫਿਰ ਸਤਿਗੁਰੂ ਦੇਘਰ ਦੇਵੀ ਝਾੜੂ ਦਿੰਦੀ ਦੇਖ ਕੇ ਭਗਤ ਬਣਿਆ:

ਮੈਲਸੀਹਾਂ ਵਿਚਿ ਆਖੀਐ ਭਾਗੀਰਥੁ ਕਾਲੀ ਗੁਣ ਗਾਵੈ।

(11/14-3)

ਭਾਈ ਜਿੱਤਾ ਰੰਧਾਵਾ :

ਭਾਈ ਜਿੱਤਾ ਜੀ ਜਾਤ ਰੰਧਾਵਾ (ਜੱਟ) ਸੀ। ਇਸ ਦਾ ਕਿੱਤਾ ਵਾਹੀ ਕਰਨਾ ਸੀ।

ਇਸ ਨੇ ਆਪਣੀ ਬਾਲ ਅਵਸਥਾ ਵਿਚ ਹੀ ਬਹੁਤ ਸਾਰੇ ਸਾਧੂ ਸੰਤਾਂ ਦੇ ਡੇਰਿਆਂ ਤੇ ਫਿਰ ਕੇ ਦੇਖਿਆ ਪਰ ਸ਼ਾਂਤੀ ਪ੍ਰਾਪਤ ਨਾ ਹੋਈ। ਅਖੀਰ ਕਰਤਾਰਪੁਰ ਵਿਖੇ ਗੁਰੂ ਨਾਨਕ ਸਾਹਿਬ ਕੋਲ ਆਇਆ ਤੇ ਅਰਦਾਸ ਕੀਤੀ, ਮੇਰੀ ਸੰਸਾ ਨਵਿਰਤ ਕਰੋ ਤਾਂ ਕਿ ਮੇਰਾ ਮਨ ਸ਼ਾਂਤ ਹੋਵੇ। ਗੁਰੂ ਨਾਨਕ ਸਾਹਿਬ ਨੇ ਮਨ ਨੂੰ ਸ਼ਾਂਤ ਕਰਨ ਦੇ ਦੋ ਤਰੀਕੇ ਦੱਸੇ: ਇਕ ਵੇਦ ਤੇ ਦੂਜਾ ਸੰਗਤ। ਇਕ ਕਸ਼ਟਯੋਗ ਹੈ ਤੇ ਦੂਜਾ ਭਗਤੀ ਯੋਗ। ਗੁਰੂ ਸਾਹਿਬ ਨੇ ਸਿੱਖਾਂ ਨੂੰ ਭਗਤ ਯੋਗ ਅਪਨਾਉਣ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਸਾਹਿਬ ਜੀ ਦਾ ਉਪਦੇਸ਼ ਪ੍ਰਾਪਤ ਕਰਕੇ ਭਾਈ ਜਿੱਤਾ ਦੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ।

ਭਾਈ ਗੁਰਦਾਸ ਨੇ ਵਾਰਾਂ ਵਿਚ ਭਾਈ ਜਿੱਤਾ ਰੰਧਾਵਾ ਨੂੰ ਭਲਾ ਸਿੱਖ ਕਿਹਾ ਹੈ:

ਜਿੱਤਾ ਰੰਧਾਵਾ ਭਲਾ ਹੈ- - - - - ।

(11/14-4)

<u>ਬਾਬਾ ਬੁੱਢਾ ਜੀ :</u>

ਬਾਬਾ ਬੁੱਢਾ, ਗੁਰੂ ਨਾਨਕ ਸਾਹਿਬ ਦੇ ਪ੍ਰਸਿੱਧ ਸਿੱਖ ਸਨ। ਆਪ ਨੇ ਪਹਿਲੇ ਛੇ ਗੁਰੂ ਸਾਹਿਬਾਨ ਦੀ ਸੰਗਤ ਦਾ ਅਨੰਦ ਮਾਣਿਆ ਤੇ ਗੁਰੂ ਨਾਨਕ ਸਾਹਿਬ ਤੋਂ ਬਾਅਦ/ਛੇਵੇਂ ਗੁਰੂ ਸਾਹਿਬਾਨ ਤੱਕ ਗੁਰਗੱਦੀ ਸਮੇਂ ਮੱਥੇ ਤਿਲਕ ਲਗਾਉਣ ਦੀ ਰਸਮ ਦੀ ਸੇਵਾ ਨਿਭਾਈ। ਆਪ ਦੇ ਉਚੇ ਆਚਰਨ ਕਰਕੇ ਸਿੱਖਾਂ ਵਿਚ ਬਹੁਤ ਸਤਿਕਾਰ ਸੀ।

ਭਾਈ ਮਨੀ ਸਿੰਘ ਰਚਿਤ, 'ਸਿੱਖਾਂ ਦੀ ਭਗਤਮਾਲਾ' ਵਿਚ ਬਾਬਾ ਬੁੱਢਾ ਜੀ ਦੇ ਗੁਰੂ ਨਾਨਕ ਸਾਹਿਬ ਦੀ ਸੰਗਤ ਵਿਚ ਆਉਣ ਬਾਰੇ ਇਸ ਤਰ੍ਹਾਂ ਦਰਜ ਹੈ । " ਇਕ ਦਿਨ ਬਨ ਵਿਖੇ ਭਾਈ ਬੂੜਾ ਗਊਆਂ ਚਰਾਂਵਦਾ ਸੀ। ਸਾਹਿਬ ਦਾ ਦੀਦਾਰ ਆਇ ਕੀਤੋਸੁ ਤੇ ਦੁੱਧ ਅੱਗੇ ਆਣ ਰਖਿਓਸ ਤੇ ਅਰਦਾਸ ਆਣ ਕੀਤੀ: ਗਰੀਬ ਨਿਵਾਜ ਤੇਰਾ ਦਰਸ਼ਨ ਕੀਤਾ ਹੈ, ਮੇਰਾ ਜਨਮ ਮਰਨੁ ਕਟੀਐ ਜੀ। ਤਾਂ ਬਚਨ ਹੋਇਆ ਤੂੰ ਤਾਂ ਅਜੇ ਬਾਲਕ ਹੈ, ਤੈਨੂੰ ਏਹੁ ਬੁਧਿ ਕਿਥੋਂ ਪ੍ਰਾਪਤ ਹੋਈ ਹੈ? ਤਾਂ ਉਸ ਆਖਿਆ ਜੀ ਸਾਡੇ ਪਿੰਡ ਵਿਚ ਮੁਗਲ ਆਣ ਉਤਰੇ ਸਨ, ਨਾਲ ਉਨ੍ਹਾਂ ਕੱਚੀਆਂ ਖੇਤੀਆਂ ਵੱਢ ਲਈਆਂ, ਨਾਲੇ ਪੱਕੀਆਂ, ਨਾਲੇ ਕਚੂਰੀਆਂ। ਤਾਂ ਮੇਰੇ ਮਨ ਵਿਚ ਆਈ ਜੋ ਏਨਾ ਕਾਲਿਆਂ ਦਾ ਹਥੁ ਕਿਸੇ ਨਹੀਂ ਫੜਿਆ, ਤਾਂ ਜਮ੍ਹਾਂ ਦਾ ਹੱਥ ਕਿਸ ਫੜਨਾ

ਹੈ। ਤਾਂ ਬਚਨ ਹੋਇਆ: ਤੂੰ ਤਾਂ ਬਾਲਕੁ ਨਹੀਂ, ਤੇਰੀ ਤਾਂ ਬੁਢਿਆਂ ਕੀ ਜੈਸੀ ਮਤਿ ਹੈ, ਤੂੰ ਤਾਂ ਬੁੱਢਾ ਹੈਂ। ਤੂੰ ਇਕ ਮਨ ਹੋਇਕੈ ਵਾਹਿਗੁਰੂ ਕਾ ਨਾਮ ਧਿਆਵੈਗਾ ਤਾਂ ਕਲਿਆਣ ਹੋਵੈਗਾ। ਨਾਮ ਇਕਾਗਰ ਮਨ ਜਪਿਆ ਕਲਿਆਣ ਕਰਦਾ ਹੈ। ਇਸ ਮੈਂ ਤੇਰੀ ਆਰਜਾ ਭੀ ਵਧੇਗੀ, ਅਰ ਤੇਰਾ ਕਲਿਆਣੁ ਭੀ ਹੋਵੇਗਾ। ਮੈਂ ਚੌਥਾ ਜਾਮਾ ਧਾਰ ਕੇ ਤੈਨੂੰ ਗਿਆਨ ਉਪਦੇਸ਼ ਕਰਾਂਗਾ ਤੇ ਤੇਰੇ ਵੰਸ਼ ਵਿਖੇ ਭੀ ਮੇਰੀ ਭਗਤਿ ਪ੍ਰਾਪਤ ਹੋਵੇਗੀ। ਤਾਂ ਭਾਈ ਬੁੱਢਾ ਪੰਜਵੀਂ ਪਾਤਿਸ਼ਾਹੀ ਤੀਕੁਰ ਆਪਣਾ ਸਰੀਰ ਭੀ ਰਖਿਆ ਤੇ ਟਹਿਲ ਭੀ ਕਰਦਾ ਰਹਿਆ।।[357]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਸਬੰਧ ਵਿਚ ਸੰਕੇਤ ਆਇਆ ਹੈ:

---- ਬੂੜਾ ਬੁਢਾ ਇਕ ਮਨਿ ਧਿਆਵੈ।

(11/14-4)

ਭਾਵ ਬੂੜਾ ਬੁੱਢਾ ਇਕ ਮਨ ਹੋ ਕੇ ਵਾਹਿਗੁਰੂ ਨੂੰ ਧਿਆਉਂਦਾ ਸੀ।

ਭਾਈ ਫ਼ਿਰਨਾ ਖਹਿਰਾ ਤੇ ਭਾਈ ਜੋਧ :

ਭਾਈ ਫ਼ਿਰਨਾ ਖਹਿਰਾ ਤੇ ਭਾਈ ਜੋਧਾ ਗੁਰੂ ਨਾਨਕ ਸਾਹਿਬ ਦੀ ਸੰਗਤ ਵਿਚ ਆਏ ਅਤੇ ਬੇਨਤੀ ਕੀਤੀ ਕਿ ਉਪਦੇਸ਼ ਦਿਉ ਜਿਸ ਨਾਲ ਕਲਿਆਣ ਹੋਵੇ ਤੇ ਸਿੱਖੀ ਪ੍ਰਾਪਤ ਹੋਵੇ । ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਮਨ ਨੀਵਾਂ ਕਰਕੇ ਹੀ ਸਿੱਖੀ ਪ੍ਰਾਪਤ ਹੋ ਸਕਦੀ ਹੈ। ਸੇਵਾ ਕਰਨ ਤੇ ਸੰਗਤ ਵਿਚ ਜਾ ਕੇ ਸ਼ਬਦ ਦਾ ਸਿਮਰਨ ਕਰਨ ਨਾਲ ਕਲਿਆਣ ਹੁੰਦਾ ਹੈ। ਉਹਨਾਂ ਨੇ ਗੁਰੂ ਸਾਹਿਬ ਦੇ ਉਪਦੇਸ਼ ਨੂੰ ਗ੍ਰਹਿਣ ਕਰਕੇ ਉੱਚ ਪਦਵੀ ਪ੍ਰਾਪਤ ਕੀਤੀ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਆਇਆ ਹੈ:

ਫਿਰਣਾ ਖਹਿਰਾ ਜੋਧੁ ਸਿਖੁ--- ਗੁਰ ਸੇਵ ਸਮਾਵੈ।

(11/14-5)

ਭਾਵ ਭਾਈ ਫ਼ਿਰਨਾ ਖਹਿਰਾ ਤੇ ਭਾਈ ਜੋਧ ਨਾਮੀ ਸਿੱਖ ਸੇਵਾ ਕਰਕੇ ਗੁਰੂ ਵਿਚ ਹੀ ਸਮਾ ਗਏ ਅਰਥਾਤ ਗੁਰੂ ਦੇ ਹੋ ਗਏ।

## ਗੁਰੂ ਅੰਗਦ ਦੇਵ ਜੀ ਦੇ ਸਿੱਖ :

### ਭਾਈ ਜੀਵਾ ਜੀ :

ਭਾਈ ਜੀਵਾ ਗੁਰੂ ਅੰਗਦ ਦੇਵ ਜੀ ਦਾ ਪ੍ਰਸਿੱਧ ਸਿੱਖ ਸੀ ਤੇ ਗੁਰੂ ਸਾਹਿਬ ਦੀ ਟਹਿਲ ਸੇਵਾ ਕਰਦਾ/ਹੁੰਦਾ ਸੀ। ਉਹ ਰੋਜ਼ਾਨਾ ਗੁਰੂ ਸਾਹਿਬ ਦੇ ਲੰਗਰ ਵਾਸਤੇ ਖਿਚੜੀ ਤੇ ਦਹੀਂ ਲੈ ਕੇ ਆਇਆ ਕਰੇ। ਇਕ ਦਿਨ ਬਹੁਤ ਹਨੇਰੀ ਸੀ। ਭਾਈ ਮਨੀ ਸਿੰਘ ਅਨੁਸਾਰ, "ਉਸ ਨੇ ਗੁਰੂ ਸਾਹਿਬ ਅੱਗੇ ਅਰਜ ਕੀਤੀ, ਗਰੀਬ ਨਿਵਾਜ! ਜੇ ਅੰਧੇਰ ਅੱਜ ਬੰਦ ਹੋਵੇ ਤਾਂ ਮੈਂ ਪ੍ਰਸਾਦੁ ਸਵੇਰੇ ਸਾਹਿਬ ਦੀ ਰਸਨਾ ਵਾਸਤੇ ਲੈ ਆਵਾਂ। ਤਾਂ ਬਚਨ ਹੋਇਆ ਇਸ ਅੰਧੇਰੀ ਕਰਕੇ ਕਿਤਨੇ ਜਹਾਜ਼ ਚਲਤੇ ਹੈਨਿ, ਕਿਤਇਆਂ ਸ਼ਹਰਾਂ ਨੂੰ ਤਾਬੇ ਦੀ ਪ੍ਰਿਥਵੀ ਮੈਂ ਅਹਾਰੁ ਪਹੁੰਚਦਾ ਹੈ। ਪ੍ਰਸਾਦਿ ਚਾਰ ਘੜੀਆ ਪਿਛੇ ਹੋਵੇਗਾ, ਪਰ ਵਾਹਿਗੁਰੂ ਕੀ ਰਜਾਇ ਉਪਰਿ ਰਾਜੀ ਰਹਿਣਾ, ਏਹ ਸਿਖੀ ਦਾ ਧਰਮੁ ਹੈ। ਤੂੰ ਪਰਮੇਸੁਰ ਦੀ ਆਗਯਾ ਤੇ ਰਾਜੀ ਰਹੁ, ਸਭ ਸੇਵਾ ਦਾ ਫਲ ਤੈਨੂੰ ਇਥੇ ਹੀ ਪ੍ਰਾਪਤ ਹੋਵੇਗਾ। ਤਾਂ ਉਸ ਦਾ ਉਧਾਰ ਵਾਹਿਗੁਰੂ ਦੀ ਇੱਛਾ ਮੰਨਣਿ ਕਰ ਹੋਇਆ।"[358]

ਭਾਈ ਗੁਰਦਾਸ ਵਾਰਾਂ ਵਿਚ ਸੰਕੇਤ ਕਰਦੇ ਹਨ:

--- ਜੀਵਾਈ ਗੁਰ ਸੇਵ ਸਮਾਵੈ।

(11/15-5)

ਭਾਵ ਜੀਵਾ ਨਾਮੇ ਸਿੱਖ ਗੁਰੂ ਦੀ ਸੇਵਾ ਕਰਦੇ ਸਨ।

### ਭਾਈ ਗੁਜਰ ਲੁਹਾਰ :

ਭਾਈ ਗੁਜਰ ਨਾਮੀ ਸਿੱਖ ਲੋਹਾਰ ਜਾਤ ਨਾਲ ਸਬੰਧ ਰਖਦਾ ਸੀ। ਇਕ ਵਾਰ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾ ਲਈ ਖਡੂਰ ਸਾਹਿਬ ਆਇਆ ਤੇ ਅਰਦਾਸ ਕੀਤੀ ਕਿ ਮੈਂ ਸਾਰਾ ਸਾਰਾ ਦਿਨ ਕੰਮ ਕਾਰ ਵਿਚ ਰੁਝਿਆ ਰਹਿੰਦਾ ਹਾਂ। ਮੇਰਾ ਕਿਵੇਂ ਉਧਾਰ ਹੋਵੇਗਾ? ਗੁਰੂ ਸਾਹਿਬ ਨੇ ਉੱਤਰ ਦਿੱਤਾ। "ਅਮ੍ਰਿਤ ਵੇਲੇ ਉਠੱਕੇ ਜਪੁਜੀ ਸਾਹਿਬ ਪੜ੍ਹਨਾ ਤੇ ਜੇ ਕੋਈ ਗਰੀਬ ਦਾ ਕੰਮ ਹੋਵੇ ਤਾਂ ਗੁਰੂ ਕੇ ਨਮਿਤ ਹੋ ਕੇ ਕਰ ਦੇਣਾ।"[359] ਇਸ ਉਪਦੇਸ਼ ਅਨੁਸਾਰ ਜੀਵਨ ਢਾਲਣ ਨਾਲ ਉਸ ਦਾ ਉਧਾਰ ਹੋਇਆ।

ਭਾਈ ਗੁਰਦਾਸ ਲਿਖਦੇ ਹਨ ਕਿ ਗੁਜਰ ਨਾਮੀ ਗੁਰੂ ਦਾ ਸਿੱਖ ਜਾਤ ਦਾ ਲੁਹਾਰ ਸੀ ਤੇ ਗੁਰਸਿੱਖੀ ਦਾ ਉਪਦੇਸ਼ ਕਰਦਾ ਸੀ:

ਗੁਜਰੁ ਜਾਤਿ ਲੁਹਾਰੁ ਹੈ ਗੁਰ ਸਿਖੀ ਗੁਰ ਸਿਖ ਸੁਣਾਵੈ।

(11/15-6)

ਭਾਈ ਧਿੰਙ ਜੀ :

ਭਾਈ ਧਿੰਙ ਜੀ ਨਾਈ ਦਾ ਕੰਮ (ਕਿੱਤਾ) ਕਰਦੇ ਸਨ। ਇਕ ਵਾਰ ਖਡੂਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਤੇ ਉਥੇ ਹੀ ਰਹਿ ਗਿਆ। ਹਰ ਰੋਜ਼ ਸਾਧ ਸੰਗਤ ਦੀ ਤਨੋ, ਮਨੋ ਸੇਵਾ ਕਰਦਾ ਸੀ। ਇਕ ਦਿਨ ਅਰਦਾਸ ਕੀਤੀ ਗੁਰੂ ਸਾਹਿਬ ਮੈਨੂੰ ਵੀ ਉਪਦੇਸ਼ ਦਿਉ ਤਾਂ ਗੁਰੂ ਸਾਹਿਬ ਨੇ ਬਚਨ ਕੀਤਾ, "ਮੁਰੀਦ ਮੁਰਦਾ ਚਹੀਦਾ ਤੇ ਗੁਰੂ ਗੋਰ ਹੈ। ਜਬ ਮ੍ਰਿਤਕ ਦਾ ਅੰਗੁ ਕੋਈ ਨਹੀਂ ਹਿਲਦਾ, ਤਾਂ ਗੋਰ ਦੀ ਲਾਇਕ ਹੁੰਦਾ ਹੈ। ਜਬ ਸਿੱਖ ਦੇ ਮਨ ਵਿਚੋਂ ਹੰਕਾਰ ਦੂਰ ਹੁੰਦਾ ਹੈ ਤਾਂ ਸਿੱਖ ਗੁਰਾ ਦੇਂ ਗਿਆਨ ਵਿਚ ਜਾਇ ਸਮਾਦੇ ਹੈਨਿ।"[360] ਸੋ ਭਾਈ ਧਿੰਙ ਜੀ ਨੇ ਨਿਮਰਤਾ ਭਾਵ ਨਾਲ ਸਾਧ ਸੰਗਤਿ ਦੀ ਸੇਵਾ ਕੀਤੀ ਤੇ ਮੁਕਤੀ ਪ੍ਰਾਪਤ ਕੀਤੀ।

ਭਾਈ ਗੁਰਦਾਸ ਵਾਰਾਂ ਵਿਚ ਲਿਖਦੇ ਹਨ ਕਿ ਧਿੰਙ ਨਾਮੀ ਨਾਈ ਗੁਰੂ ਸਾਹਿਬ ਦੀ ਸੇਵਾ ਕਰਕੇ ਆਪਣੇ ਸਾਰੇ ਕੁਟੰਬ ਨੂੰ ਵੀ ਤਾਰ ਗਿਆ:

ਨਾਈ ਧਿੰਙ ਵਖਾਣੀਐ ਸਤਿਗੁਰ ਸੇਵਿ ਕੁਟੰਬੁ ਤਰਾਵੈ।

(11/14-7)

ਭਾਈ ਪਾਰੋ ਜੁਲਕਾ :

ਭਾਈ ਪਾਰੋ ਜੁਲਕਾ ਪਿੰਡ ਡੱਲਾ (ਸੁਲਤਾਨਪੁਰ) ਦਾ ਰਹਿਣ ਵਾਲਾ ਸੀ। ਆਪ ਜੀ ਨੂੰ ਨਾਮ ਦੀ ਸੋਝੀ ਗੁਰੂ ਅੰਗਦ ਦੇਵ ਜੀ ਪਾਸੋਂ ਹੋਈ। ਆਪ ਗੁਰਬਾਣੀ ਦੇ ਹਰ ਸ਼ਬਦ ਨੂੰ ਇਸ ਤਰ੍ਹਾਂ ਉਚਾਰਦੇ ਸਨ ਕਿ ਪੰਛੀ ਭੀ ਸ਼ਾਂਤ ਹੋ ਜਾਂਦੇ ਸਨ। ਆਪ ਮਰਿਯਾਦਾ ਅਨੁਸਾਰ ਸੁਲਤਾਨਪੁਰ ਤੋਂ ਗੋਇੰਦਵਾਲ ਸਾਹਿਬ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਸਨ। ਇਨ੍ਹਾਂ ਦੀ ਇਸ ਭਗਤੀ

ਤੇ ਸ਼ਰਧਾ ਨੂੰ ਦੇਖ ਕੇ ਜਲੰਧਰ ਦਾ ਨਵਾਬ ਅਬਦੁੱਲ , ਗੁਰੂ ਸਾਹਿਬ ਦਾ ਸ਼ਰਧਾਲੂ ਬਣਿਆ।

ਭਾਈ ਗੁਰਦਾਸ ਨੇ ਵਾਰਾਂ ਵਿਚ ਭਾਈ ਪਾਰੋ ਜੁਲਕਾ ਨੂੰ 'ਪਰਮ ਹੰਸ' ਕਿਹਾ ਹੈ:

ਪਾਰੋ ਜੁਲਕਾ ਪਰਮ ਹੰਸ ਪੂਰੇ ਸਤਿਗੁਰ ਕਿਰਪਾ ਧਾਰੀ।

(11/15-1)

ਭਾਵ ਪੂਰੋ ਜੁਲਕਾ ਪਰਮ ਹੰਸ ਸੀ ਤੇ ਆਪ ਤੇ ਪੂਰੇ ਸਤਿਕਾਰ ਗੁਰੂ ਅੰਗਦ ਦੇਵ ਜੀ ਨੇ ਕਿਰਪਾ ਕੀਤੀ।

ਭਾਈ ਮੱਲੂ ਸ਼ਾਹੀ :

ਗੁਰੂ ਅੰਗਦ ਦੇਵ ਜੀ ਦਾ ਪ੍ਰਸਿੱਧ ਸਿੱਖ ਸੀ। ਮੁਗਲ ਫ਼ੌਜ ਵਿਚ ਸਿਪਾਹੀ ਵਜੋਂ ਨੌਕਰੀ ਕਰਦਾ ਸੀ। ਗੁਰੂ ਸਾਹਿਬ ਪਾਸ ਆਇਆ ਤੇ ਬੇਨਤੀ ਕੀਤੀ ਕਿ ਮੈਂ ਮੁਗਲ ਸੈਨਾ ਪਾਸ ਨੌਕਰੀ ਕਰਦਾ ਹਾਂ, ਉਪਦੇਸ਼ ਦਿਉ ਤਾਂ ਕਿ ਸਾਡਾ ਮੁੱਖ ਉਜਵਲਾ ਹੋਵੇ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਜੋਧੇ ਦਾ ਧਰਮ ਹੈ "ਆਪੋ ਉਮਾਧ ਕਿਸੇ ਨਾਲ ਨਾ ਕੀਜੈ। ਜੇ ਜੁਧ ਜਰੂਰ ਆਇ ਬਣੈ ਤਾਂ ਬਹੁਤਿਆਂ ਥੋੜਿਆਂ ਦਾ ਸੰਕਾ ਨਾ ਕੀਜੈ (ਵੈਰੀ ਨੂੰ ਪਿੱਠ ਕਦੇ ਨਹੀਂ ਦਿਖਾਉਣੀ। ਸਨਮੁੱਖ ਲੜਦੇ ਹੀ ਸੁਹੀਟੀ ਪਾਉਣੀ ਜੋਧੇ ਦਾ ਕੰਮ ਹੈ) ਜੋ ਕੁਝ ਖੱਟ ਲਿਆਵੀਐ, ਸੋ ਸਿੱਖਾਂ ਸਾਧਾਂ ਨਾਲ ਵੰਡ ਖਾਈਐ।"[361] ਇਸ ਤਰ੍ਹਾਂ ਜੀਵਨਨਿਰਬਾਹ ਕਰਕੇ ਮੱਲੂ ਦਾ ਕਲਿਆਣ ਹੋਇਆ।

ਭਾਈ ਗੁਰਦਾਸ ਨੇ ਵਾਰਾਂ ਵਿਚ ਮੱਲੂ ਸ਼ਾਹ ਨੂੰ ਸੂਰਮਾ ਕਿਹਾ ਹੈ:

ਮਲੂਸ਼ਾਹੀ ਸੂਰਮਾ ਵੱਡਾ - - - - - - ।

(11/15-2)

ਭਾਈ ਕਿਦਾਰੀ :

ਭਾਈ ਕਿਦਾਰੀ ਗੁਰੂ ਅੰਗਦ ਦੇਵ ਜੀ ਦਾ ਸਿੱਖ ਸੀ। ਇਕ ਵਾਰ ਗੁਰੂ ਸਾਹਿਬ ਦੀ ਸੰਗਤ ਵਿਚ ਆਇਆ ਤੇ ਅਰਦਾਸ ਕੀਤੀ ਕਿ ਸਾਰਾ ਸੰਸਾਰ ਕਾਮ ਕ੍ਰੋਧ ਵਿਚ ਸੜ ਰਿਹਾ ਹੈ

ਕਿਸੇ ਤਰ੍ਹਾਂ ਮੈਨੂੰ ਰੱਖ ਲਵੇ ਤਾਂ ਗੁਰੂ ਸਾਹਬ ਨੇ ਬਚਨ ਕੀਤਾ, "ਜਿਵੇਂ ਬਨ ਨੂੰ ਅਗਨਿ ਲਗਦੀ ਹੈ ਤੇ ਮ੍ਰਿਗ ਬਨ ਸਿਉ ਕੂਦ ਕੇ ਨਦੀ ਵਿਚ ਜਾਇ ਪਰਵੇਸ਼ ਕਰਤੇ ਹੈਨਿ, ਸੋ ਸੁਖੀ ਹੁੰਦੇ ਹੈਨਿ, ਤੈਸੇ ਜਗਤ ਵਿਚ ਕਾਮ ਕ੍ਰੋਧ ਵਰਤਿਆ ਹੈ। ਜੋ ਸਾਧ ਸੰਗਤਿ ਨਦੀ ਵਿਚ ਆਂਵਦੇ ਹੈਨਿ ਸੋ ਸੀਤਲ ਹੋ ਜਾਂਦੇ ਹੈਨਿ। ਜੋ ਸ਼ਬਦ ਬਾਣੀ ਕੇ ਪੜ੍ਹਨ ਵਿਚ ਟੁਬਕੀ ਲੈਂਦੇ ਹੈਨ ਤਿਨ੍ਹਾਂ ਦਾ ਮਨ ਭੀ ਸ਼ੀਤਲੁ ਹੋਇ ਆਵਦਾ ਹੈ। ਤੂੰ ਸਦਾ ਸਾਧ ਸੰਗਤ ਕਰੁ ਕੇ ਸਿੱਖਾਂ ਦੀ ਸੇਵਾ ਟਹਿਲ ਕਰਿਆ ਕਰੁ। ਏਥੇ ਥੀਂ ਤੈਨੂੰ ਗਿਆਨ ਹੋਵੇਗਾ।[360] ਭਾਈ ਕਿਦਾਰੀ ਨੇ ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ ਜੀਵਨ ਢਾਲਿਆ ਤੇ ਉਸ ਦਾ ਉਧਾਰ ਹੋਇਆ।

ਭਾਈ ਗੁਰਦਾਸ ਅਨੁਸਾਰ ਭਾਈ ਕਿਦਾਰੀ ਇਕ ਵੱਡਾ ਭਗਤ ਹੈ:

--- ਵਡਾ ਭਗਤੁ ਭਾਈ ਕਦਾਰੀ।

(11/15-2)

ਭਾਈ ਦੀਪਾ, ਨਰੈਣ ਦਾਸ, ਬੂਲਾ :

ਭਾਈ ਦੀਪਾ ਜਾਤ ਦਾ ਦੇਊ, ਨਰਾਇਣ ਦਾਸ ਤੇ ਭਾਈ ਬੂਲਾ ਤਿੰਨੋ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਤੇ ਅਰਦਾਸ ਕੀਤੀ ਕਿ ਸਾਨੂੰ ਜਨਮ ਮਰਨ ਦੇ ਚੱਕਰ ਤੋਂ ਬਚਾਉ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਇਕ ਮਨ ਹੋ ਕੇ ਅਕਾਲ ਪੁਰਖ ਦੀ ਭਗਤੀ ਕਰੋ, ਗੁਰੂ ਦੇ ਸਿੱਖਾਂ ਦੀ ਦਿਲ ਲਾ ਕੇ ਟਹਿਲ ਸੇਵਾ ਕਰੋ। ਗੁਰੂ ਸਾਹਿਬ ਦੇ ਬਚਨਾ ਅਨੁਸਾਰ ਜੀਵਨ ਨਿਰਬਾਹ ਕਰਨ ਨਾਲ ਤਿੰਨਾਂ ਦਾ ਉਧਾਰ ਹੋਇਆ।

ਭਾਈ ਗੁਰਦਾਸ ਨੇ ਵਾਰਾਂ ਵਿਚ ਸੰਕੇਤ ਕੀਤਾ ਹੈ ਕਿ ਮੈਂ ਦੇਊ ਜਾਤ ਦਾ ਦੀਪਾ, ਨਰੈਣ ਦਲ ਤੇ ਬੂਲਾ ਨਾਮੀ ਸਿੱਖਾਂ ਤੋਂ ਬਲਿਹਾਰ ਜਾਂਦਾ ਹਾਂ।

ਦੀਪਾ ਦੇਊ ਨਰਾਇਣ ਦਾਸੁ ਬੂਲੇ ਦੇ ਜਈਐ ਬਲਿਹਾਰੀ।

(11/15-3)

ਭਾਈ ਲਾਲੂ, ਦੁਰਗਾ ਤੇ ਜੀਵੰਦਾ :

ਭਾਈ ਲਾਲੂ, ਦੁਰਗਾ ਤੇ ਜੀਵੰਦਾ ਤਿੰਨੇ ਗੁਰੂ ਅੰਗਦ ਦੇਵ ਜੀ ਦੀ ਸੰਗਤ ਵਿਚ ਆਏ ਤੇ ਬੇਨਤੀ ਕੀਤੀ ਕਿ ਸਾਡਾ ਉਧਾਰ ਕਿਉਂ ਕਰ ਹੋਵੇ ਜੀ?[363] ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਪਰਉਪਕਾਰ ਦੇ ਬਰਾਬਰ ਕੋਈ ਚੀਜ਼ ਨਹੀਂ। ਇਹਨਾਂ ਤਿੰਨਾ ਨੇ ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ ਸਭ ਸਿੱਖਾਂ ਨਾਲ ਪਰਉਪਕਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਉਧਾਰ ਹੋਇਆ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਹਨਾਂ ਤਿੰਨਾਂ ਨੂੰ ਪਰਉਪਕਾਰੀ ਭਗਤ ਕਿਹਾ ਹੈ:-

ਲਾਲ ਸੁ ਲਾਲੂ ਬੁਧਿਮਾਨ, ਦੁਰਗਾ, ਜੀਵੰਦੁ ਪਰਉਪਕਾਰੀ।

(11/15-੫)

ਗੁਰੂ ਅਮਰਦਾਸ ਜੀ ਦੇ ਸਿੱਖ :

ਡੱਲੇ ਦੀ ਸੰਗਤ :

ਭਾਈ ਮਨੀ ਸਿੰਘ ਅਨੁਸਾਰ, "ਇਕੋ ਦੀ ਸੰਗਤ ਗੁਰੂ ਅਮਰਦਾਸ ਜੀ ਪਾਸ ਗੋਇੰਦਵਾਲ ਵਿਖੇ ਆਈ ਤੇ ਆਪ ਨੇ ਸਭਨਾ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਜਿਤਨੇ ਤੁਸੀਂ ਡਲੇ ਵਾਲੀਏ ਹੋ, ਸਭਨਾਂ ਨੂੰ ਏਹੁ ਸਾਝਾ ਉਪਦੇਸ਼ ਹੈ, ਜੋ ਗੁਰਾਂ ਦੇ ਪੁਰਬ ਦੇ ਦਿਨ ਸੰਗਰਾਂਦ ਅਮਾਵਸ ਵੈਸਾਖੀ, ਦੀਪਮਾਲਾ - - - ਸਭਨਾ ਦਿਨਾਂ ਵਿਚ ਸਭਨਾਂ ਸਿੱਖਾਂ ਆਪਸ ਵਿਚ ਅਰਦਾਸ ਕਰਕੇ ਆਪ ਦੀ ਸ਼ਰਧਾ ਨਾਲਿ ਮਾਇਆ ਰੁਜੁ ਕਰਨੀ, ਪ੍ਰਸਾਦੁ ਕਰਨਾ, ਕੜਾਹ ਕਰਨਾ, ਗੁਰੂ ਨੇ ਨਿਮਿਤ ਵਰਤਾਵਣਾ ਗਰੀਬਾਂ ਸਿਖਾਂ ਨੂੰ। ਬਸਤ੍ਰ ਦੀ ਲੋੜ ਵਾਲੇ ਨੂੰ ਬਸਤ੍ਰ ਦੇਵਣਾ ਤੇ ਪ੍ਰਸਾਦਿ ਦੀ ਲੋੜ ਵਾਲੇ ਨੂੰ ਪ੍ਰਸਾਦੁ ਛਕਾਵਣਾ। ਅਰਦਾਸ ਕਰਨੈ ਜੇਹੀ ਕਿਸੇ ਦੀ ਸ਼ਰਧਾ ਹੋਵੈ ਸਿੱਖਾਂ ਨੂੰ ਇਕੱਠਾ ਕਰਿ ਉਸ ਦਾ ਕਾਰਜੁ ਕਰ ਦੇਵਣਾ। ਤੁਹਾਡੇ ਪੁਤ੍ਰਾਂ ਪੋਤਰਿਆਂ ਤੀਕ ਇਹੁ ਰਹੁਰਾਸ ਚਲੇਗੀ। ਸਦਾ ਸਿਖੀ ਤੁਸਾਡੇ ਘਰ ਹੋਵੇਗੀ, ਤੁਸਾਂ ਸੰਸਾ ਕੋਈ ਨਹਿ ਕਰਨਾ।"[364]

ਭਾਈ ਗੁਰਦਾਸ ਨੇ ਵਾਰਾਂ ਵਿਚ ਤੀਜੇ ਪਾਤਿਸ਼ਾਹ ਦੀ ਡੱਲੇ ਨਿਵਾਸੀ ਸੰਗਤ ਦਾ ਵਰਨਣ ਕੀਤਾ ਹੈ। ਭਾਈ ਗੁਰਦਾਸ ਅਨੁਸਾਰ, ਡੱਲੇ ਨਿਵਾਸੀ ਪ੍ਰਿਥੀ ਮੱਲ, ਤੁਲਸਾ ਬੱਲਾ,

ਮੱਲਣ ਗੁਰੂ ਸੇਵਾ ਦੇ ਪ੍ਰੇਮੀ ਸਨ। ਰਾਮੂ, ਦੀਪਾ, ਉਗ੍ਰਸੈਨ, ਨਾਗਉਰੀ ਗੁਰ ਸ਼ਬਦਾਂ ਦੀ ਵਿਚਾਰ ਕਰਨ ਵਾਲੇ ਸਨ। ਮੋਹਣ, ਰਾਮੂ ਮਹਿਤਾ, ਅਮਰੂ ਤੇ ਗੋਪੀ ਨੇ ਹਉਮੈ ਮਾਰੀ ਤੇ ਗੁਰੂ ਦੀ ਸ਼ਰਨ ਵਿਚ ਆਏ। ਭੱਲਾ ਜਾਤੀ ਦਾ ਸਾਹਰੂ ਤੇ ਗੰਗੂ ਭਲੇ ਸਨ। ਭਗਤ ਭਾਗੂ ਨੂੰ ਭਗਤੀ ਪਿਆਰੀ ਸੀ। ਛੁਰਾ ਅੱਲ ਵਾਲਾ ਖਾਨੂੰ ਤੇ ਤਾਰੂ ਵੀ ਤਰ ਗਿਆ ਅਤੇ ਵੈਗਾ ਪਾਸੀ ਸਿੱਖ ਦੀ ਕਰਨੀ ਬੜੀ ਚੰਗੀ ਸੀ। ਸੂਦ ਜਾਤੀ ਦੇ ਉਗਰੂ, ਨੰਦੂ ਅਤੇ ਝਟਾਂ ਜਾਤੀ ਦੇ ਪੂਰੇ ਨੇ ਵੀ ਆਪਣੀ ਅਵਸਥਾ ਜਾਂ ਦੇਹ ਪਾਰ ਉਤਾਰ ਲਈ ਸੀ। ਛੀਬੇ ਜਾਤ ਦੇ ਮਲੀਆਂ, ਸਹਾਰੂ ਦੋਵੇ ਸਿੱਖ ਗੁਰੂ ਦੀ ਦਰਗਾਹ ਦੇ ਚੰਗੇ ਦਰਬਾਰੀ ਸਿੱਖ ਸਨ। ਬੂਲਾ ਪਾਂਧਾ ਗੁਰਬਾਣੀ ਦਾ ਗਵੈਂਈਆ ਤੇ ਲਿਖਾਰੀ ਜਾਣੀਦਾ ਸੀ। ਇਹ ਡੱਲ ਵਾਸੀਆਂ ਦੀ ਭਾਰੀ ਸੰਗਤ ਸੀ।[365]

ਭਾਈ ਗੁਰਦਾਸ ਨੇ ਪਉੜੀ ਦੇ ਅੰਤ ਵਿਚ ਡੱਲੇ ਵਾਸੀ ਸੰਗਤ ਦਾ ਸਤਿਕਾਰ ਕਰਦੇ ਹੋਏ ਉਨ੍ਹਾਂ ਨੂੰ ਭਾਰੀ ਸੰਗਤ ਕਿਹਾ ਹੈ:

## ਗੁਰੂ ਰਾਮਦਾਸ ਜੀ ਦੇ ਸਿੱਖ :

### ਭਾਈ ਤੀਰਥਾ :

'ਸਿੱਖਾਂ ਦੀ ਭਗਤਮਾਲਾ' ਵਿਚ ਸੰਕੇਤ ਮਿਲਦਾ ਹੈ ਕਿ ਸਭਰਵਾਲ ਨਗਰ ਦਾ ਭਾਈ ਤੀਰਥ ਗੁਰੂ ਰਾਮਦਾਸ ਜੀ ਦੀ ਸੰਗਤ ਵਿਚ ਆਇਆ ਤੇ ਬੇਨਤੀ ਕੀਤੀ ਕਿ ਸਾਡਾ ਕਿਵੇਂ ਉਧਾਰ ਹੋਵੇ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਸੱਚ ਦੇ ਬਰਾਬਰ ਹੋਰ ਕੋਈ ਧਰਮ ਨਹੀਂ ਹੈ। ਹਮੇਸ਼ਾ ਸੱਚ ਬੋਲਣਾ ਤੇ ਮਨ ਨੂੰ ਸੱਚਾ ਰੱਖਣਾ ਹੀ ਮਨੁੱਖ ਦਾ ਸੱਚਾ ਧਰਮ ਹੈ। ਝੂਠ ਵਰਗਾ ਪਾਪ ਕੋਈ ਨਹੀ ਹੈ ਸੋ ਝੂਠ ਕਦੇ ਵੀ ਨਹੀਂ ਕਮਾਵਣਾ। ਭਾਈ ਤੀਰਥਾ ਨੇ ਗੁਰੂ ਸਾਹਿਬ ਤੋਂ ਉਪਦੇਸ਼ ਪ੍ਰਾਪਤ ਕਰਨ ਤੋਂ ਬਾਅਦ ਆਪਣੇ ਜੀਵਨ ਨੂੰ ਇਸ ਅਨੁਸਾਰ ਢਾਲਿਆ ਤੇ ਉਸ ਦਾ ਕਲਿਆਣ ਹੋਇਆ।

ਭਾਈ ਗੁਰਦਾਸ ਨੇ ਵਾਰਾਂ ਵਿਚ ਸੰਕੇਤ ਦਿੱਤਾ ਹੈ:

ਸਨਮੁਖ ਭਾਈ ਤੀਰਥਾ ਸਭਰਵਾਲੁ ਸਭੇ ਸਿਰਦਾਰਾ।

(11/17-1)

ਭਾਵ ਭਾਈ ਤੀਰਥ ਸਮੇਤ ਸਭਰਵਾਲ ਦੇ ਸਾਰੇ ਸਰਦਾਰ ਗੁਰੂ ਦੇ ਸਨਮੁੱਖੀ ਸਿੱਖ ਸਨ।

## ਭਾਈ ਪੂਰੋ, ਮਾਣਕ ਚੰਦ ਤੇ ਬਿਸ਼ਨ ਦਾਸ :

ਭਾਈ ਪੂਰੋ, ਮਾਣਕ ਚੰਦ ਤੇ ਬਿਸ਼ਨ ਦਾਸ ਗੁਰੂ ਰਾਮਦਾਸ ਜੀ ਦੇ ਪ੍ਰਸਿੱਧ ਸਿੱਖ ਸਨ। ਇਕ ਵਾਰ ਇਹ ਤਿੰਨੋ ਗੁਰੂ ਸਾਹਿਬ ਦੀ ਸੰਗਤ ਵਿਚ ਆਏ ਤੇ ਅਰਦਾਸ ਕੀਤੀ ਕਿ ਉਪ-ਦੇਸ਼ ਦਿਉ ਤਾਂ ਸਾਡਾ ਉਧਾਰ ਕੁਟੰਬ ਸਮੇਤ ਹੋਵੇ। ਭਾਈ ਮਨੀ ਸਿੰਘ ਅਨੁਸਾਰ, ਗੁਰੂ ਸਾਹਿਬ ਨੇ ਬਚਨ ਕੀਤਾ ਕਿ 'ਤੁਸਾਂ ਆਪ ਭੀ ਗੁਰੂ ਦੇ ਸਿੱਖਾਂ ਦੀ ਟਹਿਲ ਸੇਵਾ ਕਰਣੀ; ਪੁੱਤਰਾਂ ਧੀਆਂ ਪਾਸੋਂ ਭੀ ਟਹਿਲ ਸੇਵਾ ਕਰਵਾਣੀ।"[366] ਜੀਵਨ ਨੂੰ ਇਸ ਤਰੀਕੇ ਨਾਲ ਚਲਾਉਣ ਨਾਲ ਇਹਨਾਂ ਤਿੰਨਾਂ ਦਾ ਤੇ ਨਾਲੇ ਇਨ੍ਹਾਂ ਦੇ ਕੁਟੰਬ ਦਾ ਕਲਿਆਣ ਹੋਇਆ।

ਭਾਈ ਗੁਰਦਾਸ ਸੰਕੇਤ ਕਰਦੇ ਹਨ :

ਪੂਰੋ ਮਾਣਕ ਚੰਦ ਹੈ, ਬਿਸਨ ਦਾਸ ਪਰਵਾਰ ਸਧਾਰਾ।

(11/17-2)

## ਭਾਈ ਤਾਰੂ ਤੇ ਭਾਈ ਭਾਰੂ :

ਇਹ ਦੋਨੋ ਗੁਰੂ ਰਾਮਦਾਸ ਜੀ ਦੀ ਸੰਗਤ ਵਿਚ ਆਏ। ਕਥਾ ਕੀਰਤਨ ਸੁਣ ਕੇ ਮਨ ਵਿਚ ਡਰ ਪੈਦਾ ਹੋਇਆ ਤੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਅਸੀਂ ਗ੍ਰਿਸਤੀ ਜੀਵਨ ਵਿਚ ਫਸੇ ਹੋਏ ਹਾਂ ਤੇ ਸ਼ਬਦ ਬਾਣੀ ਪੜ੍ਹ ਨਹੀਂ ਸਕਦੇ। ਸਾਡਾ ਉਧਾਰ ਕਰੋ। ਗੁਰੂ ਸਾਹਿਬ ਨੇ ਕਿਹਾ, 'ਜੇਤੇ ਜੀਅ ਵਾਹਿਗੁਰੂ ਨੇ ਉਤਪਤਿ ਕੀਤੇ ਹੈਨ, ਸਭਨਾ ਦਾ ਰਿਜਕ ਪਹਿਲੇ ਉਤਪੰਨ ਕੀਤਾ। ਤੁਸੀਂ ਗੁਰੂ ਦੇ ਦੁਆਰੇ ਸਿਦਕ ਕਰਕੇ ਬੈਠੋ, ਤਾਂ ਤੁਹਾਡੇ ਸਨਬੰਧੀਆਂ ਦਾ ਰਿਜ਼ਕ ਵਾਹਿਗੁਰੂ ਉਥੇ ਹੀ ਪਹੁੰਚਾਵੇਗਾ ਤੇ ਤੁਹਾਡਾ ਰਿਜਕ ਏਥੇ ਹੀ ਪਹੁੰਚਏਗਾ।।[367] ਉਹਨਾਂ ਨੇ ਗੁਰੂ ਸਾਹਿਬ ਦੇ ਬਚਨ ਸੁਣੇ ਤੇ ਆਪਣੇ ਪੁੱਤਰਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਤੁਸੀਂ ਆਪਣਾ ਘਰ ਸੰਭਾਲੋ ਤੇ ਕਿਰਤ ਕਮਾਈ ਕਰੋ। ਕਿਰਤ ਕਮਾਈ ਵਿਚੋਂ ਦਸਵੰਧ ਕੱਢ ਕੇ ਗੁਰੂ ਦੇ ਦੁਆਰੇ ਭੇਜੋ। ਅਸੀਂ ਹੁਣ ਇਥੇ ਗੁਰੂ ਸ਼ਬਦ ਸੁਣਾਂਗੇ ਤੇ ਸਿੱਖਾਂ ਦੀ ਸੇਵਾ ਕਰਾਂਗੇ। ਇਹਨਾਂ ਸਿੱਖਾਂ ਤੇ ਉਹਨਾਂ ਦੇ ਪਰਿਵਾਰ ਨੇ ਇਸ ਤਰ੍ਹਾਂ ਹੀ ਕੀਤਾ ਤੇ ਉਹਨਾਂ ਦਾ ਤੇ ਉਹਨਾਂ ਦੇ ਪਰਿਵਾਰ ਦਾ ਉਧਾਰ ਹੋਇਆ।

ਭਾਈ ਗੁਰਦਾਸ ਵਾਰਾਂ ਵਿਚ ਸੰਕੇਤ ਕਰਦੇ ਹਨ:

ਪੁਰਖੁ ਪਦਾਰਥੁ ਜਾਣੀਐ ਤਾਰੂ ਭਾਰੂ ਦਾਸੁ ਦੁਆਰਾ

(11/17-3)

## ਭਾਈ ਮਹਾਂ ਨੰਦ ਤੇ ਬਿਧੀ ਚੰਦ:

ਗੁਰੂ ਰਾਮਦਾਸ ਜੀ ਦੀ ਸ਼ਰਨ ਵਿਚ ਆ ਕੇ ਇਹਨਾਂ ਦੋਹਾਂ ਨੇ ਅਰਦਾਸ ਕੀਤੀ ਕਿ ਸਾਡਾ ਜਨਮ, ਮਰਨ ਕੱਟੋ। ਗੁਰੂ ਸਾਹਿਬ ਨੇ ਬਚਨ ਕੀਤਾ "ਤੁਸੀਂ ਆਪਣੇ ਸਰੂਪ ਨੂੰ ਪਛਾਣੋਗੇ ਤਾਂ ਤੁਹਾਡਾ ਜਨਮ ਮਰਨ ਮਿਟੇਗਾ" ਉਹਨਾਂ ਫਿਰ ਬੇਨਤੀ ਕੀਤੀ ਕਿ ਅਸੀਂ ਕਿਸ ਤਰ੍ਹਾਂ ਸਰੂਪ ਨੂੰ ਪਛਾਣੀਏ? ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਤੁਸੀਂ ਸਦਾ ਕਥਾ, ,ਕੀਰਤਨ ਨੇਮ ਨਾਲ ਸੁਣਨੀ ਤੁਹਾਨੂੰ ਸਰੂਪ ਦੀ ਸੋਝੀ ਹੋਵੇਗੀ। ਉਹ ਇਸ ਤਰ੍ਹਾਂ ਰੋਜ਼ ਕਥਾ, ਕੀਰਤਨ ਸੁਣਦੇ ਤੇ ਇਸ ਪ੍ਰਕਾਰ ਉਹਨਾਂ ਦਾ ਉਧਾਰ ਹੋਇਆ।[368]

ਭਾਈ ਗੁਰਦਾਸ ਵਾਰਾਂ ਵਿਚ ਮਹਾਂ ਨੰਦ ਨੂੰ ਮਹਾਂ ਪੁਰਖ ਭਾਵ ਪੂਰਨ ਗੁਰਸਿੱਖ ਤੇ ਬਿਧੀ ਚੰਦ ਨੂੰ ਬੁਧੀਮਾਨ ਤੇ ਉਜੱਲ ਵਿਚਾਰਵਾਨ ਕਿਹਾ ਹੈ:

ਮਹਾਂ ਪੁਰਖੁ ਹੈ ਮਹਾਂਨੰਦੁ ਬਿਧੀ ਚੰਦ ਬੁਧਿ ਬਿਮਲ ਵੀਚਾਰਾ।

(11/17-4)

## ਭਾਈ ਬਰਮਦਾਸ, ਡੂਗਰ ਦਾਸ ਆਦਿ:

ਬ੍ਰਹਮ ਦਾਸ ਖੱਟੜਾ ਜਾਤ ਦਾ, ਡੂਗਰ ਦਾਸ, ਦਰਿਆਰਾ, ਦੀਪਾ, ਜੇਠਾ, ਤੀਰਥਾਂ, ਮੈਮਾਹੂ, ਬੂਲਾ ਸਾਰੇ ਸਿੱਖ ਗੁਰੂ ਰਾਮਦਾਸ ਜੀ ਦੀ ਸ਼ਰਨ ਵਿਚ ਆਏ ਤੇ ਬੇਨਤੀ ਕੀਤੀ ਕਿ ਸਾਡਾ ਉਧਾਰ ਕਰੋ ਤਾਂ ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਹੰਕਾਰ ਦਾ ਤਿਆਗ ਕਰਕੇ ਆਪਣੇ ਆਪਣੇ ਘਰ ਵਿਚ ਸਿੱਖਾਂ ਦੀ ਸੇਵਾ ਕਰਨੀ। ਜਿਥੇ ਸਾਧ ਸੰਗਤ ਵਿਚ ਕਥਾ ਕੀਰਤਨ ਹੋ ਰਿਹਾ ਹੋਵੇ, ਉਥੇ ਦੋਨੋਂ ਵੇਲੇ ਚਲ ਕੇ ਜਾਣਾ। ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ, ਰਾਤ ਸਮੇਂ ਰਹਿਰਾਸ ਸਾਹਿਬ ਦਾ ਪਾਠ ਕਰਨਾ। ਉਪਰੰਤ ਕੀਰਤਨ ਸੋਹਿਲਾ ਕਰਕੇ ਸੌਣਾ। ਸੱਚ ਬੋਲਣਾ ਤੇ ਸੱਚ ਕਮਾਉਣਾ। ਇਸ ਤਰ੍ਹਾਂ ਮੈਂ ਹਮੇਸ਼ਾ ਤੁਹਾਡੇ ਸੰਗ ਰਹਾਂਗਾ। ਇਸ ਤਰ੍ਹਾਂ ਨਿੱਤ ਨੇਮ ਕਰਨ ਨਾਲ ਇਹਨਾਂ ਸਿੱਖਾਂ ਦਾ ਉਧਾਰ ਹੋਇਆ।

ਭਾਈ ਗੁਰਦਾਸ ਵਾਰਾਂ ਵਿਚ ਲਿਖਦੇ ਹਨ:

ਬ੍ਰਹਮ ਦਾਸ ਹੈ ਖੋਟੜਾ ਗੁੱਜਰ ਦਾਸ ਭਲੇ ਤਖਿਆਰਾ।

ਢੀਪਾ ਜੇਠਾ ਤੀਰਥਾਂ ਸੈਮਾਂਗੂ ਬੂਲਾ ਸਚਿਆਰਾ।

(11/17- )

ਭਾਈ ਗੁਰਦਾਸ ਨੇ ਇਹਨਾਂ ਸਿੱਖਾਂ ਨੂੰ ਭਲੇ ਤੇ ਸੱਚੇ ਸਿੱਖ ਕਿਹਾ ਹੈ।

ਹੋਰ ਸਿੱਖ :

ਭਾਈ ਮਈਆ, ਜਾਪਾ ਤੇ ਨਈਆ ਖੁਲਰ ਜਾਤ ਦੇ ਸਨ, ਭਾਈ ਤੁਲਸਾ, ਵੁਹਰਾ ਜਾਤ ਦਾ ਸੀ। ਇਹ ਚਾਰੇ ਗੁਰੂ ਰਾਮਦਾਸ ਜੀ ਦੀ ਸੰਗਤ ਵਿਚ ਆਏ ਤੇ ਅਰਦਾਸ ਕੀਤੀ ਕਿ ਸਾਨੂੰ ਐਸਾ ਉਪਦੇਸ਼ ਦਿਉ ਜਿਸ ਨਾਲ ਸਾਨੂੰ ਗ੍ਰਿਸਤ ਵਿਚ ਉਦਾਸੀ ਹੋਵੇ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਤੁਸੀਂ ਜਿਸ ਤਰ੍ਹਾਂ ਆਪਣੇ ਘਰ ਦਿਆਂ ਕੰਮਾਂ ਨਾਲ ਪਿਆਰ ਕਰਦੇ ਹੋ ਉਸੀ ਤਰ੍ਹਾਂ ਹੀ ਗੁਰੂ ਦੀ ਬਾਣੀ ਨਾਲ ਪ੍ਰੇਮ ਕਰੋ ਤੇ ਪੜ੍ਹਨ ਸੁਨਣ ਸਮੇਂ ਸ਼ਬਦਾਂ ਦੇ ਅਰਥਾਂ ਵੱਲ ਧਿਆਨ ਕਰੋ। ਏਹੋ ਤੁਹਾਡਾ ਉਧਾਰ ਕਰੇਗਾ, ਉਹਨਾਂ ਸਿੱਖਾਂ ਨੇ ਇਸ ਤਰਤੀਬ ਨਾਲ ਆਪਣੇ ਜੀਵਨ ਨੂੰ ਢਾਲਿਆ ਤੇ ਉਹਨਾਂ ਦਾ ਕਲਿਆਣ ਹੋਇਆ। ਭਾਈ ਗੁਰਦਾਸ ਵਾਰਾਂ ਵਿਚ ਸੰਕੇਤ ਦਿੰਦੇ ਹਨ:

ਮਾਇਆ ਜਾਪਾ ਜਾਣੀਅਨ ਨਈਆ ਖੁਲਰ ਗੁਰੂ ਪਿਆਰਾ।

ਤੁਲਸਾ ਵਹੁਰਾ ਜਾਣੀਐ ਗੁਰ ਉਪਦੇਸ਼ ਅਵੇਸ਼ ਅਚਾਰਾ।

ਭਾਵ ਖੁਲਰ ਜਾਤ ਦੇ ਮਈਆਂ, ਜਾਪਾ, ਨਈਆਂ ਇਹ ਗੁਰੂ ਦੇ ਪਿਆਰੇ ਜਾਣੇ ਜਾਂਦੇ ਹਨ। ਵਹੁਰਾ ਜਾਤ ਦਾ ਤੁਲਸਾ ਜੋ ਗੁਰੂ ਦੇ ਉਪਦੇਸ਼ ਨੂੰ ਹਿਰਦੇ ਵਿਚ ਰੱਖ ਕੇ ਚੰਗੇ ਕਰਮ ਕਰਦਾ ਸੀ।

ਗੁਰੂ ਅਰਜਨਦੇਵ ਜੀ ਦੇ ਸਿੱਖ :

ਭਾਈ ਤਿਲੋਕਾ :

ਭਾਈ ਤਿਲੋਕਾ ਮੁਗਲ ਸਰਕਾਰ ਦੀ ਨੌਕਰੀ ਕਰਦਾ ਸੀ। ਗੁਰੂ ਅਰਜਨ ਦੇਵ ਜੀ ਪਾਸ

ਆਇਆ ਤੇ ਬੇਨਤੀ ਕੀਤੀ ਸਾਡਾ ਧਰਮ ਯੁੱਧ ਕਰਨਾ ਹੈ। ਹਿੰਸਾ ਧਰਮ ਹੈ, ਸਾਡਾ ਉਧਾਰ ਕਿਸ ਤਰ੍ਹਾਂ ਹੋਵੇਗਾ? ਗੁਰੂ ਸਾਹਿਬ ਨੇ ਬਚਨ ਕੀਤਾ ਕਿ ਰਿਦੇ ਕਰਕੇ ਹਿੰਸਾ ਨਹੀਂ ਕਰਨੀ, ਆਪਣੇ ਛੱਤਰੀ ਧਰਮ ਤੇ ਇਸਥਿਰ ਰਹਿਣਾ। ਉਸ ਨੇ ਗੁਰੂ ਸਾਹਿਬ ਦੇ ਇਸ ਉਪਦੇਸ਼ ਤੇ ਅਮਲ ਕੀਤਾ ਤੇ ਉਧਾਰ ਹੋਇਆ। 'ਸੂਰਜ ਪ੍ਰਕਾਸ਼' ਵਿਚ ਭਾਈ ਤਿਲੋਕਾ ਨਾਲ ਸਬੰਧਤ ਇਕ ਪ੍ਰਸੰਗ ਦਾ ਵਰਨਣ ਦਰਜ ਹੈ। ਇਕ ਦਿਨ ਭਾਈ ਤਿਲੋਕਾ ਰਾਜੇ ਨਾਲ ਸ਼ਿਕਾਰ ਖੇਡਣ ਗਿਆ। ਉਸਨੇ ਇਕ ਹਿਰਨੀ ਤੇ ਤਲਵਾਰ ਚਲਾਈ, ਹਿਰਨੀ ਦੇ ਦੋ ਟੋਟੇ ਹੋ ਗਏ ਤੇ ਉਸ ਦੇ ਪੇਟ ਵਿਚੋਂ ਨਿਕਲੇ ਦੋ ਬੱਚੇ ਵੀ ਕੱਟੇ ਗਏ। ਭਾਈ ਤਿਲੋਕਾ ਦਾ ਮਨ ਕੰਬਉਠਿਆ ਤੇ ਗੁਰੂ ਸਾਹਿਬ ਦਾ ਉਪਦੇਸ਼ ਯਾਦ ਆਇਆ ਕਿ ਹਿੰਸਾ ਨਹੀਂ ਕਰਨੀ। ਉਸ ਨੇ ਘਰ ਆ ਕੇ ਲੱਕੜ ਦੀ ਤਲਵਾਰ ਬਣਾ ਲਈ ਤਾਂ ਕਿ ਹੁਣ ਉਸ ਦੇ ਹੱਥੋਂ ਜੀਵ ਹੱਤਿਆ ਨਾ ਹੋਵੇ, ਕਿਸੇ ਵਿਰੋਧੀ ਨੇ ਰਾਜੇ ਕੋਲ ਸ਼ਿਕਾਇਤ ਕੀਤੀ ਕਿ ਤਿਲੋਕੇ ਨੇ ਲੱਕੜ ਦੀ ਤਲਵਾਰ ਪਹਿਨੀ ਹੋਈ ਹੈ। ਰਾਜੇ ਨੇ ਦਰਬਾਰ ਵਿਚ ਸਾਰੇ ਦਰਬਾਰੀਆਂ ਦੀਆਂ ਤਲਵਾਰਾਂ ਦਾ ਨਿਰੀਖਣ ਕੀਤਾ ਜਿਵੇਂ ਜਿਵੇਂ ਭਾਈ ਤਿਲੋਕੇ ਦੀ ਵਾਰੀ ਨੇੜੇ ਆਉਂਦੀ ਜਾਵੇ ਉਹ ਇਕ ਮਨ ਹੋ ਕੇ ਗੁਰੂ ਸਾਹਿਬ ਨੂੰ ਧਿਆਵੇ ਕਿ ਅੱਜ ਤੁਸੀਂ ਮੇਰੀ ਲਾਜ ਰੱਖਣੀ ਹੈ। ਜਦੋਂ ਉਸ ਦੀ ਵਾਰੀ ਆਈ ਤਾਂ ਉਸ ਨੇ ਮਿਆਨ ਵਿਚੋਂ ਤਲਵਾਰ ਕੱਢੀ ਤਾਂ ਸੱਭ ਤੋਂ ਵੱਧ ਚਮਕ ਰਹੀ ਸੀ। ਰਾਜੇ ਨੇ ਤਲਵਾਰ ਫੜ ਕੇ ਸ਼ਲਾਘਾਂ ਕੀਤੀ ਤੇ ਸ਼ਿਕਾਇਤ ਕਰਨ ਵਾਲੇ ਨੂੰ ਸਜਾ ਦਿੱਤੀ।[369]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਾਈ ਤਿਲੋਕਾ ਬਾਰੇ ਸੰਕੇਤ ਮਿਲਦਾ ਹੈ:

ਸੁਹੜੁ ਤਿਲੋਕਾ ਸੂਰਮਾ ਸਿਖੁ - - - - - ।

(11/18-3)

<u>ਭਾਈ ਸਮੁੰਦਾ :</u>

ਭਾਈ ਸਮੁੰਦਾ ਗੁਰੂ ਸਾਹਿਬ ਦੀ ਸ਼ਰਨ ਵਿਚ ਆਇਆ ਤੇ ਬੇਨਤੀ ਕੀਤੀ, ਸਨਮੁੱਖ ਕੌਣ ਹਨ ਤੇ ਮਨਮੁੱਖ ਕੌਣ ਹਨ? ਗੁਰੂ ਸਾਹਿਬ ਨੇ ਬਚਨ ਕੀਤਾ ਜੇਕਰ ਜੀਵ ਅਕਾਲ ਪੁਰਖ ਦੀ ਆਗਿਆ ਅਨੁਸਾਰ ਕਰਮ ਧਰਮ ਕਰਦਾ ਹੈ ਤਾਂ ਉਹ ਸਨਮੁੱਖ ਕਹਾਉਂਦਾ ਹੈ, ਜੇਕਰ ਖਾਨ ਪਾਨ

ਤੇ ਵਿਸ਼ੇ ਵਿਕਾਰਾਂ ਵਿਚ ਜੀਵਨ ਬਿਤਾ ਦਿੰਦਾ ਹੈ ਤਾਂ ਮਨਮੁੱਖ ਕਹਾਉਂਦਾ ਹੈ। ਇਹ ਸੁਣ ਕੇ ਭਾਈ ਸਮੁੰਦੇ ਨੇ ਅਰਦਾਸ ਕੀਤੀ ਜੇ ਤੇਰੀ ਦਇਆ ਹੋਵੇ ਤਾਂ ਸਨਮੁੱਖ ਹੋਈਏ, ਤਾਂ ਬਚਨ ਹੋਇਆ ਜੋ ਸਿੱਖ ਸਨਮੁੱਖ ਹੋਤਾ ਹੈ ਤਾਂ ਗੁਰੂ ਕੀ ਦ੍ਰਾਇਆ ਆਪੇ ਹੋਤੀ ਹੈ।"[370] ਇਸ ਤਰ੍ਹਾਂ ਭਾਈ ਸਮੁੰਦਾ ਦਾ ਕਲਿਆਣ ਹੋਇਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਾਈ ਸਮੁੰਦਾ ਨੂੰ ਸ੍ਰੇਸ਼ਟ ਸਨਮੁੱਖ ਕਿਹਾ ਗਿਆ ਹੈ।

- - - - ਸੁਮੁੰਦਾ ਸਨਮੁਖੁ ਸਾਰਾ।

(11/18-3)

ਭਾਈ ਕੁੱਲਾ, ਭਾਈ ਭੁੱਲਾ ਤੇ ਭਾਈ ਭਗੀਰਥ :

ਇਹ ਤਿੰਨੇ ਸਿੱਖ ਗੁਰੂ ਸਾਹਿਬ ਦੀ ਸੰਗਤ ਵਿਚ ਆਏ ਤੇ ਅਰਦਾਸ ਕੀਤੀ "ਅਸੀਂ ਜਨਮ ਤੇ ਜੂਨੀ ਵਿਚ ਬਹੁਤ ਦੁੱਖ ਪਾਵਦੇ ਆਏ ਹਾਂ ਹੁਣ ਤੁਸੀਂ ਕਿਰਪਾ ਕਰੋ, ਜੁ ਅਸਾਡਾ ਜਨਮ ਮਰਨ ਕਟੀਐ"। ਤਾਂ ਬਚਨ ਹੋਇਆ , "ਤੁਸੀਂ ਗੁਰਮੁੱਖ ਦੇ ਕਰਮ ਕਰੋ ਤੇ ਮਨਮੁੱਖ ਦੇ ਕਰਮ ਤਿਆਗੋ।"[371] ਇਸ ਉਪਦੇਸ਼ ਅਨੁਸਾਰ ਜੀਵਨ ਢਾਲਣ ਨਾਲ ਇਹਨਾਂ ਦਾ ਉਧਾਰ ਹੋਇਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹਨਾਂ ਤਿੰਨਾਂ ਨੂੰ ਸੁੱਚੇ ਆਚਰਨ ਵਾਲੇ ਸਿੱਖ ਕਿਹਾ ਗਿਆ ਹੈ:

ਕੁਲਾ ਭੁਲਾ ਝੰਡਿਆਂ ਭਾਗੀਰਥੁ ਸੁਇਨੀ ਸਚਿਆਰਾ।

(11/18-4)

ਭਾਈ ਲਾਲੂ ਤੇ ਭਾਈ ਬਾਲੂ :

ਭਾਈ ਲਾਲੂ ਤੇ ਭਾਈ ਬਾਲੂ, ਗੁਰੂ ਅਰਜਨ ਦੇਵ ਜੀ ਪਾਸ ਆਏ ਅਤੇ ਬੇਨਤੀ ਕੀਤੀ ਕਿ ਸਾਡਾ ਉਧਾਰ ਕਿਸ ਤਰ੍ਹਾਂ ਹੋਵੇ? ਤਾਂ ਬਚਨ ਹੋਇਆ "ਹਰਿ ਕਿਸੇ ਨਾਲ ਹੱਸ ਕੇ

ਮਿਲਣਾ ਤੇ ਮਿੱਠਾ ਬੋਲਣਾ ਤੇ ਵੰਡ ਖਾਵਣਾ ਤੇ ਨਿਵ ਚਲਣਾ।"[372] ਇਹਨਾਂ ਗੁਣਾਂ ਨੂੰ ਧਾਰ ਕੇ ਇਹਨਾਂ ਦਾ ਉਧਾਰ ਹੋਇਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਨ੍ਹਾਂ ਬਾਰੇ ਸੰਕੇਤ ਦਰਜ ਹੈ:

ਲਾਲੂ ਬਾਲੂ ਵਿਜ ਹਨਿ ਹਰਖਵੰਤੁ ਹਰਿਦਾਸ ਪਿਆਰਾ।

(11/18-5)

ਭਾਈ ਧੀਰੂ, ਨਿਹਾਲੂ, ਤੁਲਸੀਆ, ਬੁਲਾਂ, ਚੰਡੀਆ :

ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆਏ ਤੇ ਨਿਮਰਤਾ ਪੂਰਵਕ ਪ੍ਰਸ਼ਨ ਕੀਤਾ ਕਿ ਕਈ ਕਹਿੰਦੇ ਹਨ ਗੁਰੂ ਨਾਨਕ ਜੀ ਰਾਜਾ ਜਨਕ ਦੇ ਅਵਤਾਰ ਹੋਏ ਹਨ, ਕੋਈ ਕਹਿੰਦਾ ਹੈ ਵਿਸ਼ਨੂੰ ਦਾ ਅਵਤਾਰ ਹੋਏ ਹਨ। ਤੁਸੀਂ ਸਾਨੂੰ ਅਸਲ ਗੱਲ ਦੱਸੋ। ਭਾਈ ਮਨੀ ਸਿੰਘ ਅਨੁਸਾਰ, ਗੁਰੂ ਸਾਹਿਬ ਨੇ ਬਚਨ ਕੀਤਾ "ਗੁਰੂ ਨਾਨਕ ਜੀ ਪੂਰਨ ਬ੍ਰਹਮ ਰੂਪ ਹੈ ਸਨਿ, ਜਿਨ੍ਹਾਂ ਦੀ ਬ੍ਰਹਮਾਦਿਕ , ਸਿਵਾਦਿਕ, ਜਨਕਾਦਿਕ ਉਸਤਤਿ ਕਰਦੇ ਹੈਨਿ ਅਰ ਅੰਤ ਨਹੀਂ ਪਾਵਦੇ; ਸਿੱਖਾਂ ਨੇ ਪੂਰਬਲਿਆਂ ਜਨਮਾਂ ਵਿਖੇ ਅਰਾਧ ਨਾ ਕੀਤੀ ਸੀ, ਜੋ ਤੁਸੀਂ ਕਿਰਪਾ ਕਰਕੇ ਗੁਰ ਅਉਤਾਰ ਧਾਰ ਕੇ ਭਾਖਾ ਰੂਪੀ ਬਾਣੀ ਵਿਖੇ ਸਾਰਾ ਤਤੁ ਨਿਰਣੈ ਕਰੋ ਤਾਂ ਅਸਾਡਾ ਕਲਿਆਣ ਹੋਵੈ, ਤਾਂ ਉਨ੍ਹਾਂ ਭਗਤਾਂ ਸਿੱਖਾਂ ਦੀ ਕਾਮਨਾ ਕਰਕੇ ਭਾਖਾ ਬਾਣੀ ਗ੍ਰੰਥ ਜੀ ਵਿਖੇ ਤਤੁ ਸੁਗਮ ਕਰਕੇ ਕਹਿਆ ਹੈ, ਸੋ ਸਮਝ ਕੇ ਆਪ ਕ੍ਰਿਤਾਰਥ ਕਰਨਾ।"[373]

ਭਾਈ ਗੁਰਦਾਸ ਨੇ ਵਾਰਾਂ ਵਿਚ ਇਨ੍ਹਾਂ ਸਿੱਖਾਂ ਨੂੰ ਚੰਗੇ ਗੁਣਾਂ ਵਾਲੇ ਕਿਹਾ ਹੈ:

ਧੀਰੂ ਨਿਹਾਲੂ ਤੁਲਸੀਆ ਬੂਲਾ ਚੰਡੀਆ ਬਹੁ ਗੁਣਿਆਰਾ।

(11/18-6)

ਭਾਈ ਗੋਖੂ, ਟੋਡਾ, ਤੋਤਾ, ਮਟੂ:

ਇਹ ਚਾਰੇ ਸਿੱਖ ਗੁਰੂ ਸਾਹਿਬ ਦਾ ਜੱਸ ਸੁਣ ਕੇ ਸੰਗਤ ਵਿਚ ਆਏ ਤੇ ਬੇਨਤੀ ਕੀਤੀ ਕਿ ਕਲਿਆਣ ਦਾ ਰਸਤਾ ਦੱਸੋ। ਗੁਰੂ ਸਾਹਿਬ ਨੇ ਬਚਨ ਕੀਤਾ ਅੰਮ੍ਰਿਤ ਵੇਲੇ ਉਠੋਂ ਕੇ ਇਸ਼ਨਾਨ ਕਰਕੇ ਧਰਮਸ਼ਾਲ ਜਾਓ, ਗੁਰਬਾਣੀ ਦਾ ਪਾਠ ਕਰੋ ਤੁਹਾਡਾ ਕਲਿਆਣ ਹੋਵੇਗਾ।

ਇਹ ਸਤਿ ਬਚਨ ਕਹਿ ਕੇ ਘਰ ਚਲੇ ਗਏ। ਗੁਰਬਾਣੀ ਦੀ ਵਿਚਾਰ ਕਰਨ ਨਾਲ ਆਤਮ ਗਿਆਨ ਦੀ ਪ੍ਰਾਪਤੀ ਹੋਈ ਤੇ ਜੀਵਨ ਮੁਕਤੀ ਦੀ ਪਦਵੀ ਨੂੰ ਪ੍ਰਾਪਤ ਹੋਏ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਨ੍ਹਾਂ ਸਿੱਖਾਂ ਨੂੰ ਸ਼ਬਦ ਤੇ ਵਿਚਾਰ ਕਰਨ ਵਾਲੇ ਦੱਸਿਆ ਹੈ:

ਗੋਖੂ ਟੋਡਾ ਮਹਤਿਆ ਤੇਤਾ ਮਟੂ ਸਬਦ ਵੀਚਾਰਾ।

(11/18-7)

ਭਾਈ ਝਾਂਝੂ, ਮੁਕੰਦਾ, ਕਿਦਾਰਾ :

ਇਹ ਤਿੰਨੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆਏ ਤੇ ਅਰਦਾਸ ਕੀਤੀ ਕਿ ਕਲਿਆਣ ਦਾ ਰਸਤਾ ਦੱਸੋ, ਜਿਸ ਨਾਲ ਸੰਸਾਰ ਸਾਗਰ ਤੋਂ ਪਾਰ ਹੋ ਜਾਈਏ। ਭਾਈ ਮਨੀ ਸਿੰਘ ਅਨੁਸਾਰ, ਗੁਰੂ ਸਾਹਿਬ ਨੇ ਬਚਨ ਕੀਤਾ, "ਤੁਹਾਨੂੰ ਰਾਗਾਂ ਦੀ ਸਮਝ ਹੈ ਤੇ ਕਲਿਯੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਤਪ ਨਹੀਂ। ਇਹ ਸਾਤਕੀ ਤਪ ਹੈ, ਤੁਸੀਂ ਕੀਰਤਨ ਕਰਿਆ ਕਰੋ।"[374] ਉਸ ਦਿਨ ਤੋਂ ਤਿੰਨੇ ਹੀ ਕੀਰਤਨ ਵਿਚ ਪ੍ਰਵਿਰਤ ਹੋ ਗਏ। ਕੀਰਤਨ ਦਾ ਏਨਾ ਅਨੰਦ ਆਇਆ ਕਿ ਪਰਮਗਤੀ ਨੂੰ ਪ੍ਰਾਪਤ ਹੋਏ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਨ੍ਹਾਂ ਤਿੰਨਾਂ ਨੂੰ ਹਜ਼ੂਰੀ ਰਾਗੀ ਕਿਹਾ ਹੈ:

ਝਾਂਝੂ ਅਤੇ ਮੁਕੰਦੁ ਹੈ ਕੀਰਤਨ ਕਰੈ ਹਜੂਰ ਕਿਦਾਰਾ।

(11/18-8)

ਭਾਈ ਕੰਗੂ, ਨਾਊੂ, ਰਾਮਾ, ਧਰਮਾ ਤੇ ਭੂਦਾ :

ਇਹ ਪੰਜੇ ਸਿੱਖ ਗੁਰੂ ਅਰਜਨ ਦੇਵ ਜੀ ਪਾਸ ਆਏ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਸਦਾ ਸਤਿਨਾਮ ਦਾ ਸਿਮਰਨ ਕਰਿਆ ਕਰੋ, ਸਤਿਸੰਗ, ਕੀਰਤਨ ਸੁਣਿਆ ਧਰਮ ਦੀ ਕਮਾਈ ਰਾਹੀਂ ਸਿੱਖਾਂ ਦੀ ਟਹਿਲ ਸੇਵਾ ਕੀਤੀ ਕਰੋ। ਤੁਹਾਡਾ ਮਨ ਸ਼ੁੱਧ ਹੋਵੇਗਾ। ਇਨ੍ਹਾਂ ਨੇ ਇਸੇ ਤਰ੍ਹਾਂ ਕੀਤਾ ਤੇ ਕਲਿਆਣ ਹੋਇਆ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਨ੍ਹਾਂ ਸਾਰਿਆਂ ਨੂੰ ਆਪੋ ਵਿਚ ਭਰਾ ਦੱਸਿਆ ਹੈ:

ਰੀਗੂ ਨਾਊ ਸਹਗਲਾ ਰਾਮਾ ਧਰਮਾ ਊਦਾ ਭਾਈ।

(11/19-1)

ਭਾਈ ਜੱਟੂ, ਭੱਟੂ, ਫਿਰਣਾ ਆਦਿ :

ਭਾਈ ਜੱਟੂ, ਭੱਟੂ, ਵੇਤੇ, ਫਿਰਣਾ, ਭੋਲੂ ,ਭੱਟੂ ਨੇ ਮਿਲ ਕੇ ਗੁਰੂ ਸਾਹਿਬ ਪਾਸ ਬੇਨਤੀ ਕੀਤੀ ਕਿ ਸਾਨੂੰ ਦੱਸੋ, ਗੁਰੂ ਨਾਨਕ ਦਾ ਗੁਰੂ ਕੌਣ ਹੈ? ਕਿਉਂਕਿ ਵੇਦ ਸ਼ਾਸਤਰਾਂ ਅਨੁਸਾਰ ਗੁਰੂ ਤੋਂ ਬਿਨਾਂ ਗਤੀ ਨਹੀਂ ਹੁੰਦੀ। ਗੁਰੂ ਸਾਹਿਬ ਬੋਲੇ ,ਗੁਰੂ ਨਾਨਕ ਦਾ ਗੁਰੂ ਓਅੰਕਾਰ ਹੈ, ਜਿਸ ਦਾ ਕੋਈ ਆਕਾਰ ਨਹੀਂ, ਪਰ ਉਹ ਹਰ ਥਾਂ ਤੇ ਵਿਦਮਾਨ ਹੈ:

ਭਾਈ ਮਨੀ ਸਿੰਘ ਨੇ ਇਨ੍ਹਾਂ ਦੇ ਸਬੰਧ ਵਿਚ ਹੋਰ ਸਾਖੀ ਪੇਸ਼ ਕੀਤੀ ਹੈ।

ਭਾਈ ਡੱਲਾ, ਭਾਗੀ, ਜਾਪੂ ਤੇ ਨਿਵਲਾ :

ਇਨ੍ਹਾਂ ਸਿੱਖਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਉਪਦੇਸ਼ ਦਿੱਤਾ ਕਿ ਪ੍ਰਮੇਸ਼ਰ ਦਾ ਭਜਨ ਕਰਨ ਨਾਲ ਤੇ ਸਾਧ ਸੰਗਤ ਵਿਚ ਰਹਿਣ ਨਾਲ ਕਲਿਆਣ ਹੋਵੇਗਾ। ਉਨ੍ਹਾਂ ਨੇ ਇਸੇ ਅਨੁਸਾਰ ਆਪਣੇ ਜੀਵਨ ਦਾ ਨਿਰਬਾਹ ਕਰਨਾ ਸ਼ੁਰੂ ਕੀਤਾ ਤੇ ਉਨ੍ਹ ਦਾ ਕਲਿਆਣ ਹੋਇਆ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਨ੍ਹਾਂ ਸਿੱਖਾਂ ਨੂੰ ਗੁਰੂ ਸਾਹਿਬ ਦੇ ਸਰਨਾਗਤ ਭਗਤ ਕਿਹਾ ਹੈ:

ਡਲਾ ਭਾਗੀ ਭਗਤੁ ਹੈ ਜਾਪੂ ਨਿਵਲਾ ਗੁਰ ਸਰਣਾਈ।

(11/19-4)

ਭਾਈ ਮੂਲਾ, ਸੂਜਾ, ਰੀਦੂ, ਰਾਮਦਾਸ ਆਦਿ :

ਭਾਈ ਮੂਲਾ, ਸੂਜਾ, ਰੀਦੂ, ਰਾਮਦਾਸ (ਗੁਰੂ ਸਾਹਿਬ ਦਾ ਰਸੋਈਆ ਸੀ), ਬਾਲਾ, ਭਾਈ ਦਾਸ ਗੁਰੂ ਸਾਹਿਬ ਪਾਸ ਹਾਜ਼ਰ ਹੋਏ ਤੇ ਪ੍ਰਸ਼ਨ ਕੀਤਾ , ਸਭ ਕੋਈ ਸ਼ੁਭ ਕਰਮ ਕਰਦਾ

ਨਜ਼ਰ ਆਉਂਦਾ ਹੈ,, ਧਰਮ ਰਾਜ ਪਾਸ ਜਾ ਕੇ ਕਿਨ੍ਹਾਂ ਕਰਮਾਂ ਵਾਲਾ ਪ੍ਰਵਾਨ ਹੁੰਦਾ ਹੈ ? ਗੁਰੂ ਸਾਹਿਬ ਨੇ ਬਚਨ ਕੀਤਾ, "ਸਿੱਖ ਚਾਰ ਪ੍ਰਕਾਰ ਦੇ ਹਨ। ਪਹਿਲੇ ਸਕਾਮ ਕਰਮ ਵਾਲੇ ਪੁਰਸ਼ ਹਨ ਉਹ ਸਵਰਗ ਭੋਗ ਕੇ ਧਨਾਢ ਦੇ ਘਰ ਜਨਮ ਲੈਂਦੇ ਹਨ ਜੇਕਰ ਪ੍ਰਭੂ ਦਾ ਨਾਮ ਸਿਮਰਨ ਕਰਦੇ ਹਨ ਤਾਂ ਹੋਰ ਸੁੱਖ ਭੋਗਦੇ ਹਨ ਜੇ ਕੁਕਰਮ ਕਰਦੇ ਹਨ ਤਾਂ ਨਰਕ ਦੇ ਵਾਸੀ ਹੁੰਦੇ ਹਨ। ਦੂਜੇ ਜੋ ਨਿਸਕਾਮ ਕਰਮ ਦੇ ਕਰਤਾ ਹਨ, ਮਗਰ ਫੱਲ ਦੀ ਇੱਛਾ ਨਹੀਂ ਰੱਖਦੇ। ਜਦ ਇਹ ਜਨਮ ਧਾਰਦੇ ਹਨ ਤਾਂ ਸੰਤਾਂ, ਭਗਤਾਂ ਦੇ ਘਰ ਪੈਦਾ ਹੁੰਦੇ ਹਨ ਤੇ ਪ੍ਰਸਿਧ ਹੁੰਦੇ ਹਨ। ਤੀਜੇ ਜੋ ਉਪਾਸ਼ਕ ਹਰੀ ਭਗਤੀ ਕਰਦੇ ਹਨ ਉਹ ਪ੍ਰਭੂ ਦੇ ਨਾਲ ਹੀ ਅਭੇਦ ਹੋ ਜਾਂਦੇ ਹਨ, ਚੌਥੇ ਜੋ ਬ੍ਰਹਮਗਿਆਨੀ ਪਦ ਨੂੰ ਪ੍ਰਾਪਤ ਹੋ ਗਏ ਹਨ, ਉਹ ਸਦਾ ਹੀ ਈਸ਼ਵਰ ਰੂਪ ਹਨ, ਚਾਹੇ ਸਰੀਰ ਤਿਆਗ ਜਾਣ।"[375] ਇਹ ਸ਼ਬਦ ਸੁਣ ਕੇ ਸਿੱਖਾਂ ਨੇ ਨਮਸਕਾਰ ਕੀਤੀ।

ਭਾਈ ਗੁਰਦਾਸ ਅਨੁਸਾਰ ਇਹ ਸਿੱਖ ਗੁਰੂ ਸਾਹਿਬ ਦੇ ਸੇਵਾਦਾਰ ਅਤੇ ਧਿਆਨੀ ਹਨ:

ਮੂਲਾ ਸੂਜਾ ਧਾਵਣੇ ਚੰਦੂ ਚਉਝੜ ਸੇਵ ਕਮਾਈ।

ਰਾਮਦਾਸੁ ਭੰਡਾਰੀਆਂ ਬਾਲਾ ਸਾਈਦਾਸ ਧਿਆਈ।

(11/19-5,6)

## ਭਾਈ ਖਿਸਨੂੰ, ਬੀਬੜਾ, ਸੁੰਦਰ :

ਇਹ ਸਿੱਖ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆਏ ਅਤੇ ਬੇਨਤੀ ਕੀਤੀ ਕਿ ਕਲਿਆਣ ਦਾ ਰਸਤਾ ਦੱਸੋ । ਗੁਰੂ ਸਾਹਿਬ ਨੇ ਬਚਨ ਕੀਤਾ ਸੰਗਤ ਦੀ ਸੇਵਾ ਕਰਿਆ ਕਰੋ, ਲੰਗਰ ਵਿਚ ਲਕੜੀਆਂ ਤੇ ਪਾਣੀ ਇਕੱਠਾ ਕਰਿਆ ਕਰੋ, ਲੰਗਰ ਦੇ ਭਾਂਡੇ ਮਾਂਜੋ, ਤੁਹਾਡਾ ਮਨ ਸ਼ੁੱਧ ਹੋਵੇਗਾ। ਉਹ ਸੇਵਾ ਵਿਚ ਲੱਗ ਗਏ ਅਤੇ ਪਰਮਗਤੀ ਨੂੰ ਪ੍ਰਾਪਤ ਹੋਏ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਆਇਆ ਹੈ ਕਿ ਇਹਨਾਂ ਸਿੱਖਾਂ ਨੇ ਗੁਰੂ ਸਾਹਿਬ ਦੀ ਸਿਖਿਆ ਤੇ ਅਮਲ ਕਰਕੇ ਪਰਮਗਤੀ ਪ੍ਰਾਪਤ ਕੀਤੀ:

ਗੁਰਮੁਖਿ ਕਿਸਨੂੰ ਬੀਬੜਾ ਮਾਛੀ ਸੁੰਦਰਿ ਗੁਰਮਤਿ ਪਾਈ।

(11/19-7)

ਭਾਈ ਜੱਟੂ, ਭਾਨੂ, ਤੀਰਥਾ, ਨਿਹਾਲਾ :

ਇਹ ਚਾਰੇ ਸਿੱਖ ਗੁਰੂ ਸਾਹਿਬ ਦੀ ਸ਼ਰਨ ਵਿਚ ਆਏ, ਉਪਦੇਸ਼ ਪ੍ਰਾਪਤ ਕਰਕੇ ਭਜਨ ਬੰਦਗੀ ਅਤੇ ਸਿੱਖਾਂ ਦੀ ਟਹਿਲ ਸੇਵਾ ਵਿਚ ਲੱਗ ਗਏ । ਥੋੜ੍ਹੇ ਸਮੇਂ ਵਿਚ ਹੀ ਇਨ੍ਹਾਂ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਹਨਾਂ ਚਾਰਾਂ ਸਿੱਖਾਂ ਨੂੰ ਗੁਰੂ ਦੇ ਪਿਆਰੇ , ਪ੍ਰੇਮੀ ਤੇ ਹਮੇਸ਼ਾ ਸਨਮੁੱਖ ਰਹਿਣ ਵਾਲੇ ਸੇਵਕ ਕਿਹਾ ਹੈ:

ਜਟੂ ਭਾਨੂ ਤੀਰਥਾ ਚਾਇ ਢਈਲੇ ਚਰੇ ਚਾਰੇ।

ਸਣੇ ਨਿਹਾਲੇ ਜਾਣੀਅਹਿ ਸਨਮੁਖ ਸੇਵਕ ਗੁਰੂ ਪਿਆਰੇ।

( 11/20-1,2)

ਭਾਈ ਨਾਊ, ਭੁਲੂ, ਜੱਟੂ, ਮੂਲਾ :

ਭਾਈ ਨਾਊ ਤੇ ਭਾਈ ਭੁੱਲੂ, ਸਾਧੂ ਸਨ ਤੇ ਚੰਗੇ ਆਚਰਨ ਵਾਲੇ ਗੁਰੂ ਦੇ ਸਿੱਖ ਸਨ। ਭਾਈ ਜੱਟੂ ਤੇ ਭਾਈ ਮੂਲਾ ਨੂੰ ਮਹਾਂ ਪੁਰਖ ਕਿਹਾ ਜਾਂਦਾ ਹੈ। ਇਹ ਚਾਰਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਅਸੀਂ ਜਿਸ ਕਾਰ ਦੇ ਯੋਗ ਹਾਂ ਸਾਨੂੰ ਵੀ ਉਪਦੇਸ਼ ਦਿਉ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਸੰਗਤ ਦੀ ਸੇਵਾ ਵਿਚ ਤਤਪਰ ਕਰ ਦਿੱਤਾ। ਸੋ ਦਿਨ ਰਾਤ ਸੇਵਾ ਕਰਕੇ ਨਿਹਾਲ ਹੋਏ।

ਭਾਈ ਗੁਰਦਾਸ ਨੇ ਇਨ੍ਹਾਂ ਨੂੰ ਚੰਗੇ ਆਚਰਨ ਵਾਲੇ ਅਤੇ ਪਰਵਾਰ ਸਮੇਤ ਮਹਾਂਪੁਰਖ ਅਤੇ ਗੁਰੂ ਦੇ ਸੱਚੇ ਸੇਵਕ ਕਿਹਾ ਹੈ :

ਸੇਘੜ ਸਾਧ ਵਖਾਣੀਅਹਿ ਨਾਊ ਭੁਲੂ ਸਿਖ ਸੁਚਾਰੇ।

ਜਟੂ ਭੀਵਾ ਜਾਣੀਅਹਿ ਮਹਾਂ ਪੁਰਖੁ ਮੂਲਾ ਪਰਵਾਰੇ।

(11/20-3,4)

## ਭਾਈ ਚਤੁਰਦਾਸ, ਮੂਲਾ, ਹਾਡੂ ਤੇ ਗਾਡੂ,

ਇਹ ਚਾਰੇ ਸਿੱਖ ਗੁਰੂ ਅਰਜਨ ਦੇਵ ਜੀ ਦੇ ਪਾਸ ਹਾਜਰ ਹੋਏ। ਗੁਰੂ ਸਾਹਿਬ ਨੇਂ ਉਪਦੇਸ਼ ਦਿੱਤਾ ਕਿ ਮਨ ਨੂੰ ਨੀਵਾਂ ਕਰਕੇ ਸਾਧ ਸੰਗਤਿ ਕਰਨ ਨਾਲ ਗਿਆਨ ਦੀ ਸੋਝੀ ਹੁੰਦੀ ਹੈ। ਇਹਨਾਂ ਨੇ ਇਸ ਪ੍ਰਕਾਰ ਜੀਵਨ ਦਾ ਨਿਰਬਾਹ ਕੀਤਾ ਤੇ ਉਧਾਰ ਹੋਇਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਨ੍ਹਾਂ ਸਿੱਖਾਂ ਸਬੰਧੀ ਸੰਕੇਤ ਦਰਜ ਹੈ।

ਚਤੁਰਦਾਸੁ ਮੂਲਾ ਕਪੂਰੁ ਹਾਡੂ ਵਿਜ ਵਿਚਾਰੇ।

(11/20-5)

## ਭਾਈ ਫਿਰਣਾ ਤੇ ਭਾਈ ਜੇਠਾ :

ਇਨ੍ਹਾਂ ਨੇ ਗੁਰੂ ਸਾਹਿਬ ਦੇ ਦਰਬਾਰ ਵਿਚ ਆ ਕੇ ਬੇਨਤੀ ਕੀਤੀ ਕਿ ਕਿਸ ਦੇ ਨਾਮ ਦਾ ਜਾਪ ਕਰਨਾ ਉਚਿਤ ਹੈ। ਜਿਸ ਨਾਲ ਕਲਿਆਣ ਹੋਵੇ। ਗੁਰੂ ਸਾਹਿਬ ਨੇ ਬਚਨ ਕੀਤਾ, ਇਕ ਮਨ ਹੋ ਸਕੇ 'ਵਾਹਿਗੁਰੂ' ਦਾ ਸਿਮਰਨ ਕਰਨ ਤੇ ਮਨ ਵਿਚ ਦਵੈਤ ਭਾਵ ਨਾ ਰੱਖਣ ਨਾਲ ਜਨਮ ਮਰਨ ਕੱਟਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਇਹਨਾਂ ਦੀ ਕੁਲਾਂ ਦਾ ਕਲਿਆਣ ਹੋਇਆ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਹਨਾਂ ਨੂੰ ਕੁਲਤਾਰੂਸਿੱਖ ਕਿਹਾ ਹੈ:

ਫਿਰਣਾ ਬਹਿਲੂ ਵਖਾਣੀਐ ਜੇਠਾ ਚੰਗਾ ਕੁਲ ਨਿਸਤਾਰੇ।

(11/20-6)

## ਭਾਈ ਵੇਸਾ, ਗੋਪੀ, ਤੁਲਸੀਆ, ਭੀਖਾ, ਗੋਬਿੰਦ :

ਇਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ, ਕਿਸ ਦੇ ਉਪਾਸ਼ਕ ਹੋਈਏ? ਜਿਸ ਨਾਲ ਉਧਾਰ ਹੋਵੇ। ਭਾਈ ਮਨੀ ਸਿੰਘ ਅਨੁਸਾਰ, ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ, "ਏਕ ਲੱਖਸ਼ ਦੇ ਉਪਾਸ਼ਕ ਹੈਨ, ਏਕ ਭਾਵ ਦੇ ਉਪਾਸ਼ਕ ਹੈਨਿ। ਲਖਸ਼ ਦੇ ਉਪਾਸ਼ਕ ਸਭਸ ਵਿਚ ਅਕਾਲ ਪੁਰਖ ਦੀ ਸੱਤਾ ਜਾਣਦੇ ਹੈਨਿ, ਕਿਸੇ ਨਾਲ ਵੈਰ ਵਿਰੋਧ ਨਹੀਂ ਕਰਦੇ। ਭਾਵ ਦੇ ਉਪਾਸ਼ਕ ਕ੍ਰਿਸ਼ਨ ਦੇ ਉਪਾਸ਼ਕ ਰਾਮ ਨਾਲ ਦਵੈਖ ਕਰਦੇ ਹੈਨਿ ਤੇ ਰਾਮ ਦੇ ਉਪਾਸ਼ਕ ਕ੍ਰਿਸ਼ਨ

ਨਾਲ ਦਵੈਖ ਕਰਦੇ ਹੈਨਿ। ਤੁਸਾਂ ਲੱਖਯ ਦੇ ਉਪਾਸ਼ਕ ਹੋਣਾ ਤੇ ਨਿਰਵੈਰ ਹੋਵਣਾ।"[376] ਇਸ ਤਰ੍ਹਾਂ ਇਹਨਾਂ ਸਿੱਖਾਂ ਨੇ ਲੱਖਯ ਦੇ ਉਪਾਸ਼ਕ ਹੋ ਕੇ ਜੀਵਨ ਨਿਰਬਾਹ ਕੀਤਾ ਤੇ ਸਾਰਿਆਂ ਦਾ ਉਧਾਰਹੋਇਆ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਹਨਾਂ ਸਿੱਖਾਂ ਨੂੰ ਸਨਮੁੱਖ ਅਤੇ ਗੁਰਦੁਆਰੇ ਦੇ ਵੱਡੇ ਭਗਤ ਕਿਹਾ ਹੈ।

ਵਿਸ ਗੋਪੀ ਤੁਲਸੀਆ ਭਾਰਦੁਆਜੀ ਸਨਮੁਖ ਸਾਰੇ।
ਵਡਾ ਭਗਤੁ ਹੈ ਭਾਈਅੜਾ ਗੋਇੰਦੁ ਘੇਈ ਗੁਰੂ ਦੁਆਰੇ।

(11/20-7,3)

ਸੁਲਤਾਨ ਪੁਰ ਦੀ ਸਿੱਖ ਸੰਗਤ :

ਭਾਈ ਕਾਲੂ , ਚਾਊ, ਬੀਸੀਆ, ਮੂਲੇ, ਹੇਮਾ ਮੱਲ, ਗੋਵਿੰਦ, ਭਿੱਖਾ, ਟੋਡਾ ਧਾਰੂ, ਰਾਮੂ, ਨਿਹਾਊ, ਛੱਜੂ, ਮਾਈ ਦਿੱਤਾ, ਤੁਲਸਾ, ਦਾਮੋਦਰ, ਆਕਲ, ਭਾਨਾ, ਆਤੂਲ, ਵਿਗਹਮਲ, ਬੁਧੂ ਆਦਿ ਸੁਲਤਾਨਪੁਰ ਦੇ ਸਿੱਖ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਲਈ ਆਏ ਤੇ ਅਰਦਾਸ ਕੀਤੀ, ਕਿ ਅਸੀਂ ਗੁਰੂ ਘਰ ਦੀ ਰੀਤ ਅਨੁਸਾਰ ਅਮ੍ਰਿਤ ਵੇਲੇ ਉਠੱਕੇ, ਇਸ਼ਨਾਲ ਕਰਕੇ, ਗੁਰਬਾਣੀ ਦਾ ਪਾਠ ਕਰਦੇ ਹਾਂ, ਦੋ ਵੇਲੇ ਧਰਮਸਾਲ ਜਾ ਕੇ ਸ਼ਬਦ ਕੀਰਤਨ ਸੁਣਦੇ ਹਾਂ, ਪਰ ਪਾਰ ਸਾਡਾ ਮਨ ਸ਼ਾਂਤ ਨਹੀਂ ਹੁੰਦਾ। ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ, "ਜੋ ਲਗ ਤੁਸੀਂ ਰਾਜਸੀ, ਤਾਮਸੀ ਗੁਣਾਂ ਦਾ ਤਿਆਗ ਨਾ ਕਰੋਗੇ ਤੇ ਸ਼ਾਂਤਕਿਗੁਣ ਵਰਤਾਵੋਗੇ ਨਹੀਂ ਤੇ ਲਗ ਸ਼ਾਂਤਿ ਕਿਉ ਕਰਿ ਆਵੈ? "ਜੇਕਰ ਬਾਣੀ ਜਿਉਂ ਦੀ ਤਿਉਂ ਸਮਝ ਆਵੇ, ਮਨ ਡੋਲੇ ਨਾਹੀ, ਧਿਆਨ ਲਾਭੇ ਨਾ ਜਾਏ ਤਾਂ ਜਾਣੀਐ ਕਿ ਮਨ ਨੂੰ ਸ਼ਾਂਤੀ ਆ ਗਈ ਹੈ ਜੇਕਰ ਮਨ ਕਿਸੇ ਸਮੇਂ ਠਹਿਰਾਵੇ ਤੇ ਕਿਸੇ ਸਮੇਂ ਡੋਲ ਜਾਵੇ ਤਾਂ ਜਾਣਨਾ ਕਿ ਰਾਜਸੀ ਰੁਚੀ ਹੈ। ਜੇ ਸਦਾ ਡੋਲਿਆ ਰਹੇ, ਸਮਝ ਜਾਏ ਕੁਝ ਨਹੀਂ ਤਾਂ ਜਾਣਨਾ ਇਹ ਤਾਮਸੀ ਵਿਚ ਪਿਆ ਫਿਰਦਾ ਹੈ। ਜਿਹੜੇ ਸੂਰਮੇ ਬਾਹਰਲੇ ਵੈਰੀਆਂ ਨੂੰ ਜਿੱਤਦੇ ਹਨ ਉਹਨਾਂ ਦਾ ਜਸ ਢਾਡੀ ਗਾਉਂਦੇ ਹਨ, ਜੋ ਮਨ ਰੂਪੀ ਵੈਰੀ ਨੂੰ ਜਿੱਤਦੇ ਹਨ, ਤਿਨ੍ਹਾਂ ਦਾ ਜੱਸ ਸੰਤ ਗਾਉਂਦੇ ਹਨ। ਸਾਧ ਉਹ ਹਨ ਜੋ ਇੰਦਰੀਆਂ ਨੂੰ ਸਾਧੇ ਤੇ ਭਗਤ ਉਹ ਹਨ ਜਿਸ ਦਾ ਸੁਆਸ ਰਾਮਨਾਮ ਬਿਨਾਂ ਬਿਰਥਾ ਨਾ ਜਾਵੇ। ਤੁਸਾਂ ਸ਼ਾਂਤ ਗੁਣ ਵਿਚ ਵਰਤਣਾ ਤੁਹਾਨੂੰ ਸ਼ਾਂਤੀ ਮਿਲੇਗੀ।" ਜੇਕਰ ਕੋਈ ਤੁਹਾਡੇ ਬੂਹਿਆਂ ਹੋਇਆ ਆਵੇ ਤੇ ਅੰਨ ਤੇ ਬਸਤਰ ਦੀ ਕਾਮਨਾ ਕਰੇ ਤਾਂ ਜੇਕਰ ਉਸ ਦੀ ਕਾਮਨਾ ਪੂਰੀ ਕਰ ਸਕੋ ਤਾਂ ਕਰ ਦੇਵਣਾ ਨਹੀਂ ਤਾਂ

ਸਾਰੇ ਮਿਲ ਕੇ ਅਰਦਾਸ ਕਰਕੇ ਉਸ ਦੀ ਕਾਮਨਾ ਪੂਰੀ ਕਰ ਦੇਵਣਾ ਜਦੋਂ ਸਾਧ ਸੰਗਤ ਨਿਮਰਤਾ ਨਾਲ ਅਰਦਾਸ ਕਰਦੀ ਹੈ ਤਾਂ ਸਭ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਦੋਹਾਂ ਵੇਲੇ ਧਰਮਸਾਲ ਆਉਣਾ। ਵੈਸਾਖੀ ਤੇ ਦੀਪ ਮਾਲਾ ਹਜ਼ੂਰ ਦਰਸ਼ਨ ਨੂੰ ਆਵਣਾ। ਅੰਮ੍ਰਿਤਸਰ ਜੀ ਦਾ ਇਸ਼ਨਾਨ ਕਰਨਾ ਤੇ ਗੁਰੂ ਕਾ ਦਰਸ਼ਨ ਕਰਨਾ।"[377]

ਗੁਰੂ ਸਾਹਿਬ ਦੇ ਬਚਨ ਸੁਣ ਕੇ ਸਾਰੀ ਸੰਗਤ ਨੇ ਗੁਰੂ ਸਾਹਿਬ ਅੱਗੇ ਸਿਰ ਨਿਵਾਇਆ ਤੇ ਕਿਹਾ ਅਸੀਂ ਭੁੱਲੇ ਹੋਏ ਸੀ। ਅਸੀਂ ਬਾਣੀ ਪੜ੍ਹਦੇ ਜ਼ਰੂਰ ਹਾਂ ਪਰ ਉਸ ਤੇ ਅਮਲ ਨਹੀਂ ਕਰਦੇ। ਉਨ੍ਹਾਂ ਨੇ ਗੁਰੂ ਸਾਹਿਬ ਨਾਲ ਪ੍ਰਣ ਕੀਤਾ ਕਿ ਅੱਜ ਤੋਂ ਗੁਰਬਾਣੀ ਦੇ ਆਸ਼ੇ ਅਨੁਸਾਰ ਜੀਵਨ ਨਿਰਬਾਹ ਕਰਾਂਗੇ। ਇਸ ਤਰ੍ਹਾਂ ਉਨ੍ਹਾਂ ਸਾਰਿਆਂ ਦੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਈ।

ਭਾਈ ਗੁਰਦਾਸ ਨੇ ਵਾਰਾਂ ਵਿਚ ਸੁਲਤਾਨ ਪੁਰ ਨੂੰ ਗੁਰੂ ਅਰਜਨ ਦੇਵ ਜੀ ਸੰਗਤ ਦਾ ਖਜ਼ਾਨਾ ਕਿਹਾ ਹੈ। ਭਾਈ ਸਾਹਿਬ ਅਨੁਸਾਰ ਇਨ੍ਹਾਂ ਵਿਚੋਂ ਕਈ ਗੁਰੂ ਦਰਬਾਰ ਦੇ ਸੇਵਕ ਸਨ ਤੇ ਕਈ ਗੁਰੂ ਸ਼ਬਦ ਦੇ ਵਿਚਾਰ ਕਰਨ ਵਾਲੇ ਸਾਧੂ ਸਨ:

ਕਾਲੂ ਚਾਊ ਬੰਸੀਆਂ ਮੂਲੇ ਨੋ ਗੁਰ ਸ਼ਬਦ ਪਿਆਰਾ।
ਸੇਮਾ ਵਿਚਿ ਕਪਾਹੀਆਂ ਗੋਬਿੰਦੁ ਘੇਈ ਗੁਰ ਨਿਸਤਾਰਾ
ਭਿਖਾ ਟੋਡਾ ਭਟਦੁਇ ਧਾਰੂ ਸੂਦ ਮਹਲ ਤਿਸੁ ਭਾਰਾ।
ਗੁਰਮੁਖਿ ਰਾਮੂ ਕੋਹਲੀ ਨਾਲਿ ਨਿਹਾਲੂ ਸੇਵਕੁ ਸਾਰਾ।
ਛਜੂ ਭਲਾ ਜਾਣੀਐ ਮਾਈ ਦਿਤਾ ਸਾਧੂ ਵਿਚਾਰਾ।
ਤੁਲਸਾ ਵਹੁਰਾ ਜਾਣੀਐ ਦਾਮੋਦਰੁ ਆਕੁਲਬਲਿਹਾਰਾ ।
ਭਾਨੂ ਆਦਿ ਵਿਸਾਹਮਲੁ ਬੁਧੂ ਛੀਂਬਾ ਗੁਰ ਦਰਬਾਰਾ।
ਸੁਲਤਾਨ ਪੁਰਿ ਭਗਤਿ ਭੰਡਾਰਾ।

(11/21)

<u>ਮਸੰਦ ਸਿੱਖ :</u>

<u>ਭਾਈ ਦੀਪਾ :</u>

ਹਮੇਸ਼ਾ ਗੁਰੂ ਸਾਹਿਬ ਦੇ ਹੁਕਮ ਵਿਚ ਰਹਿੰਦਾ ਤੇ ਟਹਿਲ ਸੇਵਾ ਕਰਦਾ ਸੀ ਗੁਰੂ ਸਾਹਿਬ ਦੀ ਕਿਰਪਾ ਨਾਲ ਦੀਪੇ ਨੂੰ ਗਿਆਨ ਦਾ ਪ੍ਰਕਾਸ਼ ਹੋਇਆ ਅਤੇ ਵਰ ਦਿੱਤਾ ਕਿ ਤੂੰ ਜਿਸ ਨੂੰ ਵੀ ਮਿਲੇਗਾ ਉਸ ਦੇ ਵਿਚ ਗਿਆਨ ਦਾ ਪ੍ਰਕਾਸ਼ ਹੋਵੇਗਾ।

ਭਾਈ ਗੁਰਦਾਸ ਨੇ ਦੀਪੇ ਨੂੰ ਗੁਰੂ ਦੇ ਦੁਆਰ ਦਾ ਦੀਪਕ ਅਤੇ ਆਗਿਆਕਾਰੀ ਮਸੰਦ ਕਿਹਾ ਹੈ:

ਦੀਪਕੁ ਦੀਪਾ ਕਾਸਰਾ ਗੁਰੂ ਦੁਆਰੈ ਹੁਕਮੀ ਬੰਦਾ।

(11/22-1)

<u>ਭਾਈ ਲਾਲਾ ਤੇ ਲੰਗਾਹ :</u>

ਇਨ੍ਹਾਂ ਨੇ ਹੋਰ ਸਭ ਮਸੰਦਾਂ ਨੂੰ, ਹੋਰ ਦੇਸ਼ਾਂ ਦੇ ਸਿੱਖਾਂ ਨੂੰ ਅੰਮ੍ਰਿਤਸਰ ਤੇ ਹਰਿਮੰਦਰ ਦੀ ਉਸਾਰੀ ਲਈ ਉੱਦਮ ਦਿੱਤਾ। ਇਹ ਗੁਰੂ ਅਰਜਨ ਦੇਵ ਜੀ ਦੇ ਸਿੱਖ ਸਨ।

ਭਾਈ ਗੁਰਦਾਸ ਨੇ ਇਨ੍ਹਾਂ ਨੂੰ ਪੱਟੀ ਨਗਰ ਦੇ ਵਾਸੀ ਕਿਹਾ ਹੈ ਤੇ ਇਹਨਾਂ ਦੀ ਉਸਤਤ ਕੀਤੀ ਹੈ:

ਪਟੀ ਅੰਦਰਿ ਚਉਧਰੀ ਢਿਲੋਂ ਲਾਲੁ ਲੰਗਾਹੁ ਸੁਹੰਦਾ।

(11/22-2)

<u>ਭਾਈ ਅਜਬ, ਅਜਾਇਬ ਤੇ ਉਮਰ ਸ਼ਾਹ,</u> ਗੁਰੂ ਅਰਜਨ ਜੀ ਦੇ ਸੇਵਕ ਸਨ ਤੇ ਅੰਮ੍ਰਿਤਸਰ ਦੀ ਉਸਾਰੀ ਵਿਚ ਮਦਦ ਕਰਦੇ ਸਨ। ਗੁਰੂ ਸਾਹਿਬ ਨੇ ਇਹਨਾਂ ਨੂੰ ਵਾਹਿਗੁਰੂ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਸੀ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਹਨਾਂ ਤਿੰਨਾਂ ਨੂੰ ਗੁਰੂ ਸਾਹਿਬ ਦੇ ਸੇਵਕ ਦੱਸਿਆ ਹੈ:-

ਅਜਬੁ ਅਜਾਇਬੁ ਸੰਗਿਆ ਉਮਰਸਾਹੁ ਗੁਰ ਸੇਵ ਕਰੇਦਾ

(11/22-3)

ਭਾਈ ਪੈੜਾ ਤੇ ਕੰਦੂ ਇਹ ਦੋਨੋਂ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆਏ ਤੇ ਉਧਾਰ ਕਰਨ ਦੀ ਅਰਦਾਸ ਕੀਤੀ। ਗੁਰੂ ਸਾਹਿਬ ਨੇ ਬਚਨ ਕੀਤਾ, ਅੰਮ੍ਰਿਤਸਰ ਜੀ ਦਾ ਇਸ਼ਨਾਨ, ਗੁਰੂ ਦੇ ਸਬਦ ਦਾ ਸਿਮਰਨ, ਤੇ ਗੁਰਸਿੱਖਾਂ ਦੀ ਟਹਿਲ ਸੇਵਾ ਕਰਿਆ ਕਰੋ। ਇਸ ਤਰ੍ਹਾਂ ਕਰਨ ਨਾਲ ਇਹਨਾਂ ਦਾ ਉਧਾਰ ਹੋਇਆ।

ਭਾਈ ਗੁਰਦਾਸ ਦੀ ਵਾਰਾਂ ਵਿਚ ਸੰਕੇਤ ਮਿਲਦਾ ਹੈ ਕਿ ਇਹ ਸਿੱਖ ਹੱਸ ਕੇ ਮਿਲਦੇ ਭਾਵ ਹਰ ਸਿੱਖ ਦੀ ਟਹਿਲ ਸੇਵਾ ਕਰਦੇ ਸਨ:

ਪੈੜਾ ਛਜਲੁ ਜਾਣੀਐ ਕੰਦੂ ਸੰਘਰੁ ਮਿਲੈ ਹਸੰਦਾ।

(11/22-4)

ਭਾਈ ਕਪੂਰ ਦੇਵ ਤੇ ਭਾਈ ਸੰਮਣ ਜੀ : ਗੁਰੂ ਸਾਹਿਬ ਦੇ ਸੇਵਕ ਸਨ। ਹਮੇਸ਼ਾ ਸਮੇਤ ਪਰਿਵਾਰ, ਗੁਰ ਸਿੱਖਾਂ ਦੀ ਟਹਿਲ ਸੇਵਾ ਕਰਦਾ ਸੀ। ਇਕ ਦਿਨ ਹੰਕਾਰ ਵੱਸ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਜੋ ਆਪ ਦਾ ਸੱਭ ਤੋਂ ਪਿਆਰਾ ਸਿੱਖ ਹੈ, ਉਸ ਦੇ ਦਰਸ਼ਨ ਕਰਾਉ। "ਗੁਰੂ ਸਾਹਿਬ ਨੇ ਸਹਿਬਾਜਪੁਰ ਵਿਖੇ ਸੰਮਨ ਨਾਮੀ ਸਿੱਖ ਪਾਸ ਭੇਜਿਆ। ਭਾਈ ਕਪੂਰਾਂ ਦੇਵ ਬੜੇ ਉਤਸ਼ਾਹ ਨਾਲ ਉਥੇ ਗਿਆ, ਸੰਮਨ ਨੇ ਬਹੁਤ ਟਹਿਲ ਸੇਵਾ ਕੀਤੀ ਤੇ ਫਿਰ ਆਪਣੇ ਕੰਮ ਵਿਚ ਲੱਗ ਗਿਆ। ਸੰਮਨ ਲਕੜੀਆਂ, ਸਣਾਂ ਤੇ ਮ੍ਰਿਤਕ ਸੰਸਕਾਰ ਦੇ/ਮੁਤਾਬਕ ਸਮੱਗਰੀ ਕਪੜੇ ਆਦਿ ਘਰ ਲੈ ਆਇਆ। ਰਾਤ ਨੂੰ ਦੋਹਾਂ ਨੇ ਪ੍ਰਸ਼ਾਦਿ ਪਾਣੀ ਛਕਿਆ, ਅਮ੍ਰਿਤ ਵੇਲੇ ਉਠੱ ਕੇ ਗੁਰਬਾਣੀ ਦਾ ਪਾਠ ਕੀਤਾ। ਜਦੋਂ ਸਵੇਰ ਹੋਈ ਤਾਂ ਨਗਰ ਵਿਚ ਡਾਕੂ ਆ ਗਏ। ਪਿੰਡ ਦੇ ਲੋਕ ਉਨ੍ਹਾਂ ਡਾਕੂਆਂ ਦੇ ਮਗਰ ਪੈ ਗਏ। ਡਾਕੂਆਂ ਦਾ ਮੁਕਾਬਲਾ ਕਰਦਾ ਹੋਇਆ ਸੰਮਨ ਦਾ ਪੁੱਤਰ ਮਾਰਿਆ ਗਿਆ। ਸੰਮਨ ਦੇ ਪੁੱਤਰ ਦੀ ਦੇਹ ਘਰ ਲਿਆਂਦੀ ਗਈ। ਸੰਮਨ ਨੇ ਬਗੈਰ ਕਿਸੇ ਗਮਗੀਨੀ ਦੇ ਦੇ ਪਿਛਲੇ ਦਿਨ ਇਕੱਠੀ ਕੀਤੀਆਂ ਵਸਤੂਆਂ (ਖਫਨ ਆਦਿ) ਕੱਢ ਕੇ ਬਾਹਰ ਰੱਖ ਦਿੱਤਾ। ਉਸੇ ਸਮੱਗਰੀ ਨਾਲ ਸੰਮਨ ਦੇ ਪੁੱਤਰ ਦਾ ਸੰਸਕਾਰ ਕਰ ਦਿੱਤਾ ਗਿਆ।

ਭਾਈ ਕਪੂਰੇ ਨੇ ਇਹ ਸਭ ਕੌਤਕ ਦੇਖ ਕੇ ਭਾਈ ਸੰਮਨ ਨੂੰ ਪੁਛਿਆ ਜੇਕਰ ਤੁਹਾਨੂੰ ਇਹ ਸਭ ਪਤਾ ਸੀ ਤਾਂ ਭਗਤੀ ਦੇ ਬਲ ਤੇ ਇਹ ਕੰਮ ਰੋਕ ਸਕਦੇ ਸੀ, ਭੁਲ ਬਖਸ਼ਵਾ ਸਕਦੇ ਸੀ। ਭਾਈ ਸੰਮਨ ਹੱਸ ਕੇ ਬੋਲੇ ਇਹ ਸਰੀਰ ਨਾਸ਼ਮਾਨ ਹੈ। ਜੋ ਜੀਵ ਸਰੀਰ ਦੇ ਨਾਸ਼ ਹੋਣ ਤੇ ਸੋਗ ਕਰਦਾ ਹੈ ਉਸ ਵਰਗਾ ਮੂਰਖ ਕੋਈ ਨਹੀਂ। ਗੁਰੂ ਸਾਹਿਬ ਤੋਂ ਨਾਮ ਦਾ ਦਾਨ ਮੰਗਣਾ ਚਾਹੀਦਾ ਹੈ ਜਿਸ ਨਾਲ ਕਲਿਆਣ ਹੁੰਦਾ ਹੈ। ਇਹ ਸੁਣ ਕੇ ਭਾਈ ਕਪੂਰਾ ਹੈਰਾਨ ਰਹਿ ਗਿਆ ਤੇ ਉਸ ਦਾ ਹੰਕਾਰ ਟੁੱਟ ਗਿਆ ਤੇ ਗੁਰਾਂ ਦੇ ਚਰਨਾਂ ਤੇ ਬੇਅੰਤ ਸ਼ਰਧਾ ਹੋ ਆਈ।"[378]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਾਈ ਕਪੂਰ ਦੇਵ ਸਬੰਧੀ ਸੰਕੇਤ ਦਰਜ ਹੈ:

ਪੁਤੁ ਸਪੁਤੁ ਕਪੂਰਿ ਦੇਉ ਸਿਖੈ ਮਿਲਿਆ ਮਨਿ ਵਿਗਸੰਦਾ
ਸੰਮਣ ਹੈ ਸਾਹਬਾਜ ਪੁਰਿ ਗੁਰ ਸਿਖਾਂ ਦੀ ਸਾਰ ਲਹੰਦਾ।

(11/22-5,6)

ਭਾਈ ਜੋਧਾ, ਜਲੋ ਤੁਲਸ ਪੁਰ ਦੇਰਹਿਣ ਵਾਲੇ ਸਨ ਤੇ ਭਾਈ ਮੋਹਨ ਤੇ ਆਲਮ ਲਾਹੌਰ ਦੇ ਗੰਜ ਬਜ਼ਾਰ ਵਿਖੇ ਰਹਿੰਦੇ ਸਨ। ਇਹਨਾਂ ਦਾ ਕੰਮ ਸਿੱਖਾਂ ਤੋਂ ਭੇਟਾ ਲਿਆ ਕੇ ਅੰਮ੍ਰਿਤਸਰ ਦੀ ਸਿਰਜਣਾ ਲਈ ਗੁਰੂ ਸਾਹਿਬ ਦੀ ਭੇਟ ਕਰਨੀ ਸੀ। ਇਹ ਸਿੱਖ ਬਹੁਤ ਈਮਾਨਦਾਰ ਤੇ ਨੇਕ ਸਨ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹਨਾਂ ਸਬੰਧੀ ਸੰਕੇਤ ਦਰਜ ਹੈ:

ਜੋਧਾ ਜਲੋ ਤੁਲਸ ਪੁਰਿ ਮੋਹਣ ਆਲਮੁ ਗੰਜਿ ਰਹੰਦਾ।

(11/22-7)

ਸਨਮੁੱਖ ਸਿੱਖ :

ਭਾਈ ਭੈਸੀ ਤੇ ਭਾਈ ਜੋਧਾ ਨੇ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ ਕਿ ਸਾਨੂੰ ਪੰਡਤ ਇਹ ਕਹਿੰਦੇ ਪੰਗਤ ਵਿਚ ਨਹੀਂ ਬੈਠਣ ਦਿੰਦੇ ਕਿਉਂਕਿ ਤੁਹਾਡੇ ਅਨੁਸਾਰ ਅਸੀਂ ਗਾਇਤ੍ਰੀ ਛੱਡ ਕੇ ਅੰਮ੍ਰਿਤਸਰ ਤੀਰਥ ਸੇਵਦੇ ਹਾਂ। ਵੇਦਾਂ ਦਾ ਤਿਆਗ ਕਰਕੇ ਗੁਰ ਸ਼ਬਦ ਦਾ ਸਿਮਰਨ ਕਰਦੇ ਹਾਂ।

ਬੁੱਤ ਤਿਆਗ ਕੇ ਸਿੱਖਾਂ ਦਾ ਅੰਨ ਭੋਜਨ ਛਕਦੇ ਹਾਂ।[379] ਗੁਰੂ ਸਾਹਿਬ ਨੇ ਬਚਨ ਕੀਤਾ ਬ੍ਰਾਹਮਣ ਇਸੇ ਜਾਤੀ ਅਭਿਮਾਨ ਕਰਕੇ ਹੀ ਨੀਚ ਗਤੀ ਨੂੰ ਪ੍ਰਾਪਤ ਹੋਏ ਹਨ। ਇਹੋ ਜਿਹੇ ਗੁਰਸਿੱਖਾਂ ਨੂੰ ਤਰਕ ਕਰਦੇ ਹਨ, ਗੁਰਸਿੱਖਾਂਦੇ ਪੈਰਾਂ ਲਗਿਆ ਕਰਨਗੇ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਵਰ ਦਿੱਤਾ, ਜਾਉ ਤੁਹਾਡੀ ਜਬਾਨ ਤੇ ਸ਼ਕਤੀ ਵੱਸੇਗੀ, ਜੋ ਵਾਕ ਮੂੰਹੋਂ ਕੱਢੋਗੇ ਸਫਲ ਹੋਵੇਗਾ ਤੇ ਇਹ ਬ੍ਰਾਹਮਣ ਆਪੇ ਆਪਣੀਆਂ ਗਰਜਾਂ ਨਾਲ ਤੁਹਾਡੇ ਪੈਰ ਚੁੰਮਣਗੇ। ਜਦੋਂ ਉਹ ਘਰ ਆਏ ਤਾਂ ਗੁਰੂ ਸਾਹਿਬ ਦੇ ਵਰ ਅਨੁਸਾਰ, ਉਨ੍ਹਾਂ ਦੇ ਵਾਕ ਸਿੱਧ ਹੋਣ ਲੱਗੇ। ਉਹੋ ਹੀ ਬ੍ਰਾਹਮਣ ਉਨ੍ਹਾਂ ਨੂੰ ਪੂਜਣ ਲੱਗੇ ਅਤੇ ਕਈ ਉਪਦੇਸ਼ ਲੈ ਕੇ ਗੁਰ ਸਿੱਖ ਵੀ ਬਣ ਗਏ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਹਵਾਲਾ ਮਿਲਦਾ ਹੈ:

ਲੇਖੀ ਜੋਧੁ ਹਸੰਗੁ ਹੈ - - - - -।

(11/23-1)

ਭਾਈ ਗੋਇੰਦ, ਗੋਲਾ, ਮੋਹਣ, ਗੁਰੂ ਸਾਹਿਬ ਦੀ ਸ਼ਰਨ ਵਿਚ ਆਏ, ਅਰਦਾਸ ਕੀਤੀ ਸਾਡਾ ਉਧਾਰ ਕਿਸ ਤਰ੍ਹਾਂ ਹੋਵੇਗਾ? ਗੁਰੂ ਸਾਹਿਬ ਨੇ ਉਪਦੇਸ਼ ਕੀਤਾ, "ਰਾਮਨਾਮ ਜਪਣਾ, ਨਾਲ ਮਰਨ ਚਿੱਤ ਰੱਖਣਾ। ਮਰਨ ਵਿਚਾਰਣ ਥੀ ਪਾਪ ਨ ਕਰੋਗੇ ਤੇ ਰਾਮ ਨਾਮ ਭਜਨ ਥੀ ਪਿਛਲੇ ਪਾਪ ਨਾਸ਼ ਹੋਵਨਿਗੇ, ਤੁਸਾਡਾ ਉਧਾਰ ਹੋਵੇਗਾ।"[380] ਉਪਰੋਕਤ ਉਪਦੇਸ਼ ਅਨੁਸਾਰ ਜੀਵਨ ਜੀਉਣ ਨਾਲ ਇਹਨਾਂ ਸਾਰਿਆਂ ਦਾ ਉਧਾਰ ਹੋਇਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਨ੍ਹਾਂ ਸਿੱਖਾਂ ਪ੍ਰਤੀ ਸੰਕੇਤ ਦਰਜ ਹੈ:

- - - - ਗੋਇੰਦੁ ਗੋਲਾ ਹਸਿ ਮਿਲੰਦਾ।
ਮੋਹਣੁ ਕੁਕ ਵਖਾਣੀਐ- - - - - - - -।

(11/23-1,2)

ਭਾਈ ਜੋਧਾ ਤੇ ਭਾਈ ਜਾਪੂ ਧੁੰਦੇ ਨੇ ਗੁਰੂ ਸਾਹਿਬ ਪਾਸ ਅਰਦਾਸ ਕੀਤੀ ਕਿ ਤੁਹਾਡਾ ਬਚਨ ਹੈ ਕਿ ਮਨ ਇਕਾਗਰ ਕਰਕੇ ਸਿਮਰਨ ਕਰਨਾ, ਸੋ ਮਨ ਇਕਾਗਰ ਨਹੀਂ ਹੁੰਦਾ। ਗੁਰੂ ਸਾਹਿਬ ਨੇ

ਬਚਨ ਕੀਤਾ , "ਜਿਵੇਂ ਮਨ ਢਿਲੇ ਫਿੱਟੇ ਫੇਰਿ ਆਣ ਜੋਜਨਾ। ਆਪੇ ਮਨ ਇਕਾਗਰ ਹੋਵੇਗਾ।[381] ਇਸ ਤਰ੍ਹਾਂ ਉਨ੍ਹਾਂ ਦਾ ਮਨ ਪ੍ਰਭੂ ਭਗਤੀ ਵਿਚ ਲੀਨ ਹੋ ਗਿਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਰਜ ਹੈ:

--- ਸੁਟੇ ਜੋਧੇ ਜਾਮੁ ਸੁਹੰਦਾ।

(11/23-2)

ਭਾਈ ਮੰਵ, ਪੰਨੂੰ ਤੇ ਪੀਰਾਣਾ ਨੇ ਗੁਰੂ ਸਾਹਿਬ ਸਨਮੁੱਖ ਸਿੱਖੀ ਦੀ ਬਖਸ਼ਿਸ਼ ਲਈ ਅਰਦਾਸ ਕੀਤੀ। ਗੁਰੂ ਸਾਹਿਬ ਨੇ ਪ੍ਰੀਖਿਆ ਲੈ ਕੇ, ਉਨ੍ਹਾਂ ਨੂੰ ਚਰਨਾਂ ਦੀ ਪਾਹੁਲ ਦਿੱਤੀ ਤੇ ਸਿੱਖ ਕੀਤੇ। ਇਹਨਾਂ ਸਿੱਖਾਂ ਦੀ ਪ੍ਰੇਮ ਭਾਵਨਾ ਅਤੇ ਸਿਦਕ ਨੂੰ ਦੇਖ ਕੇ ਗੁਰੂ ਸਾਹਿਬ ਨੇ ਵਰਦਿੱਤਾ ਕਿ ਤੁਹਾਡਾ ਸਿਦਕ ਹੋਵੇਗਾ ਤੇ ਨਾਲੇ ਤੁਹਾਡੇ ਮਿਲਿਆਂ ਹੋਰਨਾਂ ਨੂੰ ਵੀ ਸਿਦਕ ਪ੍ਰਾਪਤ ਹੋਵੇਗਾ।

ਭਾਈ ਗੁਰਦਾਸ ਅਨੁਸਾਰ ਇਹ ਤਿੰਨੇ ਸਿੱਖ ਗੁਰੂ ਦੀ ਰਜ਼ਾ ਵਿਚ ਰਹਿਣ ਵਾਲੇ ਸਨ:

ਮੰਵੂ ਪੰਨੂ ਪਰਵਾਣੁ ਹੈ ਪੀਰਾਣਾ ਗੁਰੂ ਭਾਇ ਚਲੰਦਾ।

(11/23-3)

ਭਾਈ ਹਮਜਾ, ਭਾਈ ਬਾਲਾ, ਭਾਈ ਨਾਨੋ, ਨਿਰਮਲ ਤੇ ਸੂਰੀ ਚੌਧਰੀ ਨੇ ਗੁਰੂ ਅਰਜਨ ਦੇਵ ਜੀ ਦੇ ਮੁੱਖ ਤੋਂ ਸ੍ਰੀ ਅੰਮ੍ਰਿਤਸਰ ਦੀ ਉਪਮਾ ਸੁਣਨੀ ਚਾਹੀ। ਗੁਰੂ ਸਾਹਿਬ ਨੇ ਵੱਖ ਵੱਖ ਉਦਾਹਰਣਾ ਦੇ ਕੇ ਦੱਸਿਆ ਕਿ ਜੋ ਜੀਵ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੇ ਸਰੋਵਰ ਵਿਖੇ ਇਸ਼ਨਾਨ ਕਰੇਗਾ ਸੋ ਪਰਮ ਗਤੀ ਨੂੰ ਤੇ ਮੁਕਤੀ ਨੂੰ ਪ੍ਰਾਪਤ ਹੋਵੇਗਾ। ਉਸ ਦੇ ਦੁੱਖ, ਰੋਗ ਸਭ ਦੂਰ ਹੋ ਜਾਣਗੇ। ਫਿਰ ਇਨ੍ਹਾਂ ਸਿੱਖਾਂ ਨੇ ਸ੍ਰੀ ਤਰਨਤਾਰਨ ਸਾਹਿਬ ਬਾਰੇ ਪੁਛਿਆ ਤਾਂ ਬਚਨ ਹੋਇਆ ਕਿ ਇਹ ਤੀਰਥੁ ਭੀ ਨਾਲੇ ਸਿੱਖਾਂ ਦੇ ਰੋਗ ਗਵਾਏਗਾ, ਨਾਲ ਹੀ ਪ੍ਰਲੋਕ ਦੀ ਗਤਿ ਦੇਵੇਗਾ ਤੇ ਸਮਾਂ ਪਾਇਕੇ ਪੱਕਾ ਹੋਵੇਗਾ।"[382]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹਨਾਂ ਸਿੱਖਾਂ ਸਬੰਧੀ ਸੰਕੇਤ ਮਿਲਦਾ ਹੈ:

ਹਮਜਾ ਜਜਾ ਜਾਣੀਐ ਬਾਲਾ ਮਰਵਾਹਾ ਵਿਗਸੰਦਾ।

ਨਿਰਮਲੁ ਨਾਨੋ ਓਹਰੀ ਨਾਲਿ ਸੂਰੀ ਚਉਧਰੀ ਰਹੰਦਾ।

(11/23-4,5)

ਭਾਈ ਕਾਲਾ, ਮੇਹਰਾ, ਨਿਹਾਲੂ ਪਹਾੜਾਂ ਤੇ ਰਹਿੰਦੇ ਸਨ ਤੇ ਆਏ ਗਏ ਸਿੱਖਾਂ ਦੀ ਬਹੁਤ ਟਹਿਲ ਕਰਦੇ ਸਨ। ਇਕ ਵਾਰ ਗੁਰੂ ਸਾਹਿਬ ਦੀ ਸ਼ਰਨ ਆਏ ਤੇ ਬੇਨਤੀ ਕੀਤੀ, ਜਿਹੜੇ ਤਾਮਸੀ ਪਾਪੀ ਅੰਮ੍ਰਿਤਸਰ ਵਿਖੇ ਰਹਿਣਗੇ ਉਨ੍ਹਾਂ ਦੀ ਕੀ ਗਤਿ ਹੋਵੇਗੀ। ਗੁਰੂ ਸਾਹਿਬ ਨੇ ਬਚਨ ਕੀਤਾ "ਤਾਮਸੀ ਭੂੰਡਾ ਤੇ ਕਾਕਾਂ ਤੇ ਪ੍ਰੇਤਾਂ ਤੇ ਕੂਕਰਾਂ ਤੇ ਚੂਹਿਆਂ ਤੇ ਸਰਪਾਂ ਦੀ ਜੂਨਾਂ ਭੋਗਣਗੇ। ਪਰ ਜੋ ਐਸੇ ਇਸਥਾਨ ਬਾਰੰਬਰ ਸਰੀਰ ਨੂੰ ਤਿਆਗਣਗੇ ਉਹ ਭੀ ਮੇਰੀ ਭਗਤਿ ਨੂੰ ਪ੍ਰਾਪਤਿ ਹੋਵਨਿਗੇ, ਚੌਰਾਸੀ ਥੀ ਛੂਟਨਿਗੇ।"[383]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹਨਾਂ ਨੂੰ ਸੇਵਾ ਕਰਨ ਵਾਲੇ ਸਿੱਖ ਕਿਹਾ ਗਿਆ ਹੈ:

ਪਰਬਤਿ ਕਾਲਾ ਮੇਹਰਾ ਨਾਲਿ ਨਿਹਾਲੂ ਸੇਵ ਕਰੰਦਾ।

(11/23-6)

ਭਾਈ ਕਾਲਉ, ਰਾਮਦਾਸ :

ਇਹ ਦੋਨੋ ਅਰਜਨ ਦੇਵ ਜੀ ਦੇ ਸਿੱਖ ਸਨ। ਭਾਈ ਕਲਾਉ ਬੜਾ ਪ੍ਰਸਿੱਧ ਸੂਰਮਾ ਸੀ। ਗੁਰੂ ਸਾਹਿਬ ਪਾਸ ਆ ਕੇ ਅਰਦਾਸ ਕੀਤੀ ਕਿ ਸੂਰਮੇ ਨੂੰ ਕਿਆ ਪਦਵੀ ਪ੍ਰਾਪਤ ਹੁੰਦੀ ਹੈ? ਗੁਰੂ ਸਾਹਿਬ ਨੇ ਬਚਨ ਕੀਤਾ ਜਿਹੜੇ ਧਰਮ ਯੁੱਧ ਤੇ ਸਰੀਰ ਤਿਆਗਦੇ ਹਨ ਤੇ ਅੰਤ ਸਮੇਂ ਵਾਹਿਗੁਰੂ ਦਾ ਨਾਮ ਜਪਦੇ ਹਨ ਉਹ ਪਰਮਗਤੀ ਨੂੰ ਪ੍ਰਾਪਤ ਕਰਦੇ ਹਨ।

ਭਾਈ ਗੁਰਦਾਸ ਨੇ ਭਾਈ ਕਾਲਉ ਨੂੰ ਕੱਕੇ ਰੰਗ ਵਾਲਾ ਤੇ ਰਿਸ਼ਟ ਪੁਸ਼ਟ ਸੂਰਮਾ ਕੱਦ ਸਿੱਖ ਕਿਹਾ ਹੈ। ਰਾਮਦਾਸ ਆਗਿਆਕਾਰੀ ਸਿੱਖ ਸੀ:

ਕਕਾ ਕਾਲਉ ਸੂਰਮਾ ਕਦੂ ਰਾਮਦਾਸ ਬਚਨ ਮਨੰਦਾ।

(11/23-7)

ਭਾਈ ਸੁਭਾਗਾ ਸੇਠ, ਭਾਗਮਲ ਤੇ ਉਗਰਵੰਦਾ, ਪਿੰਡ ਚੂਹਣੀਆਂ ਵਿਚ ਰਹਿੰਦੇ ਸਨ ਤੇ ਆਏ ਗਏ ਸਿੱਖਾਂ ਦੀ ਟਹਿਲ ਸੇਵਾ ਕਰਦੇ ਸਨ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਦਾਜ ਹੈ:

ਸੇਠ ਸੁਭਾਗਾ ਸੂਹਣਿਅਹੁ ਆਰੋੜੇ ਭਾਗ ਉਗਵੰਦਾ।

(11/23-8)

<u>ਭਾਈ ਪੈੜਾ ਤੇ ਜੇਠਾ</u> ਨੂੰ ਗੁਰੂ ਅਰਜਨ ਦੇਵ ਜੀ ਨੇ ਉਪਦੇਸ਼ ਦਿੱਤਾ ਕਿ ਤੁਸੀਂ ਪਹਿਲਾਂ ਗਰੀਬ ਸਿੱਖਾਂ ਨੂੰ ਪ੍ਰਸਾਦਿ ਛਕਾਉਣਾ ਤੇ ਫਿਰ ਅਰਦਾਸ ਕਰਕੇ ਆਪ ਛਕਣਾ ਤਾਂ ਅਕਾਲ ਪੁਰਖ ਤੁਹਾਡੇ ਤੇ ਪ੍ਰਸੰਨ ਹੋਵੇਗਾ। ਇਨ੍ਹਾਂ ਦੋਹਾਂ ਨੇ ਇਸ ਅਨੁਸਾਰ ਹੀ ਜੀਵਨ ਨਿਰਬਾਹ ਕੀਤਾ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਮਿਲਦਾ ਹੈ:

ਪੈੜਾ ਜਾਤਿ ਚੰਡਾਲੀਆਂ ਜੇਠੇ ਸੇਠੀ ਕਾਰ ਕਮਾਈ।

(11/24-1)

<u>ਭਾਈ ਘੂਰਾ ਲਟਕਣ ਤੇ ਭਾਈ ਗੁਰਦਿੱਤਾ, ਭਾਈ ਕਟਾਰਾ ਤੇ ਭਾਈ ਭਗਵਾਨ,</u> ਗੁਰੂ ਸਾਹਿਬ ਦੀ ਹਜ਼ੂਰੀ ਵਿਚ ਆਏ ਤੇ ਪੁਛਿਆ ਅਸੀਂ ਕਿਸ ਦਾ ਨਾਮ ਜਪੀਏ? ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਸਤਿਨਾਮ ਦਾ ਜਾਪ ਕਰੋ, ਸਭ ਮਨੋਕਾਮਨਾ ਪੂਰੀਆਂ ਹੋਣਗੀਆਂ। ਇਸ ਤਰ੍ਹਾਂ ਇਹਨਾਂ ਸਾਰਿਆਂ ਦਾ ਉਧਾਰ ਹੋਇਆ।

ਭਾਈ ਗੁਰਦਾਸ ਅਨੁਸਾਰ ਭਾਈ ਧੂਰਾ ਤੇ ਭਾਈ ਗੁਰਦਿੱਤਾ ਇਕੱਠੇ ਸਿੱਖ ਹੋਏ ਤੇ ਭਾਈ ਕਪੂਰਾ ਤੇ ਭਗਵਾਨ ਨੇਕ ਸੁਭਾਅ ਵਾਲੇ ਭਗਤ ਸਨ:

ਲਟਕਣ ਘੂਰਾ ਜਾਣੀਐ ਗੁਰਦਿੱਤਾ ਗੁਰਮਤਿ ਗੁਰਭਾਈ।

ਕਟਾਰਾਉ ਸਰਾਫ ਹੈ ਭਗਤੁ ਵਡਾ ਭਗਵਾਨ ਸੁਭਾਈ।

(11/24-2,3)

<u>ਭਾਈ ਮੁਰਾਰੀ ਧੌਣ</u> , ਰਵਦਾਸ ਨਗਰ ਦਾ ਰਹਿਣ ਵਾਲਾ ਸੀ। ਗੁਰੂ ਸਾਹਿਬ ਪਾਸ ਬੇਨਤੀ ਕੀਤੀ ਕਿ ਬੇਸ਼ਕ ਬਾਣੀ ਪੜ੍ਹਦਾ ਤੇ ਵਿਚਾਰਦਾ ਹਾਂ ਪਰ ਦੁਰਮਤਿ ਨਹੀਂ ਜਾਂਦੀ। ਗੁਰੂ ਸਾਹਿਬ ਨੇ ਬਚਨ ਕੀਤਾ, ਪਾਪਾਂ ਕਾਰਨ ਲੱਗੀ ਮਨ ਦੀ ਮੈਲ ਨੂੰ ਅਕਾਲ ਪੁਰਖ ਦੇ ਨਾਮ ਨਾਲ ਧੋਇਆ ਜਾ ਸਕਦਾ ਹੈ। ਤੁਸੀਂ ਵੀ ਅਕਾਲ ਪੁਰਖ ਦਾ ਨਾਮ ਜਪੋ ਤੁਹਾਡਾ ਮੁੱਖ ਉਜਵਲਾ ਹੋਵੇਗਾ ਤੇ ਮਤਿ ਪਾਕ ਹੋਵੇਗੀ।

ਭਾਈ ਗੁਰਦਾਸ ਨੇ ਭਾਈ ਮੁਰਾਰੀ ਨੂੰ ਰਵਿਤਾਸ ਨਗਰ ਦਾ ਨਿਵਾਸੀ ਭਲਾ ਸਿੱਖ ਕਿਹਾ ਹੈ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਇਆ।

ਸਿਖ ਭਲਾ ਰਵਿਤਾਸ ਵਿਚ ਧਉਣੁ ਮੁਰਾਰੀ ਗੁਰ ਸਰਣਾਈ।

(11/24-4)

<u>ਭਾਈ ਆਫ਼ਿਤ ਸੋਇਨੀ</u> ਵੱਡਾ ਸੂਰਮਾ ਸੀ। ਗੁਰੂ ਅਰਜਨ ਦੇਵ ਜੀ ਦੀ ਸੰਗਤ ਵਿਚ ਆਇਆ ਤੇ ਅਰਦਾਸ ਕੀਤੀ, ਕਿ ਮੇਰਾ ਉਧਾਰ ਕਰੋ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਯੁੱਧ ਸਮੇਂ ਧਿਆਨ ਮਹਾਰਾਜ ਦਾ ਕਰਨਾ, ਧਰਮ ਦਾ ਯੁੱਧ ਕਰਨਾ, ਆਪਣੇ ਮਾਲਕ ਦਾ ਲੂਣ ਖਾ ਕੇ ਹਰਾਮ ਨਾ ਕਰਨਾ ਉਸ ਦੇ ਲਈ ਪੁਰਜਾ ਪੁਰਜਾ ਕੱਟ ਮਰਨਾ, ਯੁੱਧ ਵਿਚ ਸਨਮੁੱਖ ਹੋ ਕੇ ਮਰਨਾ ਪਿੱਠ ਨਹੀਂ ਦਿਖਾਉਣੀ; ਤੁਹਾਡਾ ਉਧਾਰ ਹੋਵੇਗਾ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਸ ਨੂੰ ਸੂਰਮਾ ਕਿਹਾ ਹੈ:

ਆਫ਼ਿਤ ਸੁਇਨੀ ਸੂਰਮਾ - - - - - -।

(11/23-5)

<u>ਭਾਈ ਦੂਹੜ, ਸਾਈ, ਕਾਲਾ ਸੇਠੀ, ਨਿਹਾਲੂ</u> ਗੁਰੂ ਸਾਹਿਬ ਦੇ ਸਿੱਖ ਸਨ। ਇਹ ਗੁਰੂ ਦੇ ਸ਼ਬਦ ਨੂੰ ਲਿਵ ਲਾ ਕੇ ਸੁਣਦੇ, ਗਾਉਂਦੇ ਤੇ ਵਿਚਾਰਦੇ ਸਨ। ਜੋ ਵੀ ਇਹਨਾਂ ਦਾ ਕੀਰਤਨ ਸੁਣਦਾ ਉਸ ਉਤੇ ਗੁਰ ਸਿੱਖੀ ਦਾ ਅਸਰ ਹੁੰਦਾ।

ਭਾਈ ਗੁਰਦਾਸ ਨੇ ਇਹਨਾਂ ਨੂੰ ਗੁਰੂ ਸਾਹਿਬ ਦੀ ਸ਼ਰਨ ਆਇਆ ਦੱਸਿਆ ਹੈ:

- - - - ਚਰਣ ਸਰਣਿ ਦੂਹੜੁ ਜੋ ਸਾਈ

ਲਾਲਾ ਸੇਠੀ ਜਾਣੀਐ ਜਾਣੁ ਨਿਹਾਲੂ ਸਬਦਿ ਲਿਵਲਾਈ।

(11/23-5,6)

<u>ਭਾਈ ਰਾਮਾ, ਹੇਮੂ, ਜੱਟੂ,</u> ਸ਼ਾਹਦਰੇ ਦੇ ਨਿਵਾਸੀ ਸਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਵਾਹਿਗੁਰੂ ਦਾ ਨਾਮ ਇਕ ਮਨ ਨਾਲ ਸ੍ਰਵਣ ਕਰਨ ਨਾਲ ਮਨਿ ਵਿਚ ਚੌਂਸ ਜਾਂਦਾ ਤੇ ਮਨ ਸ਼ੁੱਧ ਹੋ ਕੇ ਆਤਮ ਪ੍ਰਕਾਸ਼ ਹੋ ਜਾਂਦਾ ਹੈ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਹਨਾਂ ਨੂੰ ਸ਼ਾਹਦਰੇ ਦੀ ਭਲੀ ਸੁਖਦਾਈ ਸੰਗਤ ਕਿਹਾ ਹੈ:

ਰਾਮਾ ਝੰਝੀ ਆਖੀਐ ਹੇਮੂ ਸੋਈ ਗੁਰਮਤਿ ਪਾਈ।
ਜਟੂ ਭੰਡਾਰੀ ਭਲਾ ਸਾਹਦਰੈ ਸੰਗਤਿ ਸੁਖਦਾਈ।

(11/23-7,8)

ਲਾਹੌਰ ਮੁਜੰਗੀ ਸੰਗਤ :

ਭਾਈ ਸਹਾਰੀ ਮੱਲ, ਗੁਰੂ ਰਾਮਦਾਸ ਜੀ ਦੇ ਭਰਾਵਾਂ ਵਿਚੋਂ ਸੀ ਤੇ ਰਿਸ਼ਤੇ ਨਾਲ ਗੁਰੂ ਅਰਜਨ ਦੇਵ ਜੀ ਦੇ ਤਾਇਆ ਲਗਦੇ ਸਨ। ਭਾਈ ਸਹਾਰੀ ਜੀ ਗੁਰੂ ਅਰਜਨ ਦੇਵ ਜੀ ਦੇ ਸੇਵਕ ਵੀ ਸਨ ਤੇ ਦਰਬਾਰ ਵਿਚ ਸੰਗਤਾਂ ਦੀ ਸੇਵਾ, ਟਹਿਲ ਕਰਿਆ ਕਰਦੇ ਸਨ। ਆਪ ਜੀ ਦਾ ਸਰੀਰ ਬਿਰਧ ਸੀ। ਇਕ ਦਿਨ ਗੁਰੂ ਸਾਹਿਬ ਨੇ ਕਿਹਾ ਤੁਸੀਂ ਸਾਡੇ ਤਾਇਆ ਜੀ ਹੋ ਤੇ ਵੱਡੀ ਥਾਂ ਤੇ ਹੋ, ਅਸੀਂ ਤੁਹਾਡੀ ਸੇਵਾ ਕਰਨੀ ਹੈ, ਕੋਈ ਸੇਵਾ ਦੱਸੋ । ਭਾਈ ਸਹਾਰੀ ਮੱਲ ਜੀ ਹੱਥ ਜੋੜ ਕੇ ਬੋਲੇ ਮਹਾਰਾਜ ਭਰਮਾਉ ਨਾ, ਮੈਂ ਆਪ ਦੇ ਸਰੂਪ ਨੂੰ ਜਾਣਦਾ ਹਾਂ। ਗੁਰੂ ਜੀ ਬੋਲੇ ਤੁਸੀਂ ਤਾਂ ਬ੍ਰਹਮ ਗਿਆਨੀ ਹੋ। ਉਸ ਸਮੇਂ ਤੋਂ ਆਪ ਬ੍ਰਹਮ ਗਿਆਨੀ ਹੋ ਗਏ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਾਈ ਸਹਾਰੀ ਮੱਲ ਜੀ ਨੂੰ ਲਾਹੌਰ ਨਿਵਾਸੀ ਗੁਰੂ ਅਰਜਨ ਦੇਵ ਜੀ ਦਾ ਤਾਇਆ ਤੇ ਵੱਡਾ ਸਨਮੁੱਖ ਸਿੱਖ ਕਿਹਾ ਗਿਆ ਹੈ:

ਸਨਮੁਖਿ ਸਿੱਖ ਲਾਹੌਰ ਵਿਚਿ ਸੋਢੀ ਆਇਣੁ ਤਾਇਆ ਸਹਾਰੀ।

(11/25-1)

ਭਾਈ ਸਾਈ ਦਿੱਤਾ ਤੇ ਭਾਈ ਸੈਦੋ ਜੱਟ : ਲਾਹੌਰ ਵਿਚ ਰਹਿੰਦੇ ਸਨ। ਇਕ ਵਾਰ ਇਹ ਗੁਰੂ ਅਮਰਦਾਸ ਜੀ ਨੂੰ ਲਾਹੌਰ ਲੈ ਗਏ । ਬੜੀ ਸ਼ਰਧਾ ਤੇ ਪ੍ਰੇਮ ਨਾਲ ਉਹਨਾਂ ਦੀ ਸੇਵਾ ਕੀਤੀ। ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਬੋਲੇ ਜੋ ਇੱਛਾ ਹੈ ਵਰ ਮੰਗੋ। ਲਾਹੌਰ ਦੀ ਸੰਗਤ ਨੇ ਬੇਨਤੀ ਕੀਤੀ ਕਿ ਗੁਰੂ ਨਾਨਕ ਸਾਹਿਬ ਦਾ ਸਰਾਪ ਹੈ : "ਲਾਹੌਰ ਸ਼ਹਿਰ ਜ਼ਹਿਰ ਕਹਿਰ ਸਵਾ ਪਹਿਰ।" ਇਸ ਨੂੰ ਬਖਸ਼ੋ ਕਿਉਂਕਿ ਉਸੇ ਦਿਨ ਤੋਂ ਲਾਹੌਰ ਨਿਵਾਸੀ ਦੁੱਖ ਭੋਗ ਰਹੇ ਸਨ। ਗੁਰੂ ਅਮਰਦਾਸ ਜੀ ਨੇ ਉਹ ਸਰਾਪ ਬਖਸ਼ ਦਿੱਤਾ ਤੇ ਵਾਕ ਉਚਾਰਿਆ: "ਲਾਹੌਰ ਸ਼ਹਿਰ ਅੰਮ੍ਰਿਤਸਰ ਸਿਫ਼ਤੀ ਦਾ ਘਰੁ"। ਉਸ ਦਿਨ ਤੋਂ ਲੋਕ ਸੁੱਖ ਪਾਉਣ ਲੱਗ ਪਏ। ਭਾਈ ਮਨੀ ਸਿੰਘ ਅਨੁਸਾਰ ਇਹ ਸਿੱਖ

ਗੁਰੂ ਅਰਜਨ ਦੇਵ ਜੀ ਦੀ ਸੰਗਤ ਵਿਚ ਆਏ ਤੇ ਸ਼ੁਭ ਉਪਦੇਸ਼ ਦੀ ਪ੍ਰਾਪਤੀ ਲਈ ਅਰਦਾਸ ਕੀਤੀ। ਗੁਰੂ ਸਾਹਿਬ ਨੇ ਬਚਨ ਕੀਤਾ "ਸਤਿਸੰਗਤ ਕਰੋ, ਰੋਜ ਦੋ ਵੇਲੇ ਧਰਮਸਾਲ ਜਾਉ, ਕੀਰਤਨ ਕਰੋ ਤੇ ਸੁਣੋ, ਬਾਣੀ ਦਾ ਪਾਠ ਕਰੋ ਤੁਹਾਡਾ ਕਲਿਆਣ ਹੋਵੇਗਾ।[384]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਮਿਲਦਾ ਹੈ ਕਿ ਭਾਈ ਸਾਈ ਦਿੱਤਾ ਤੇ ਭਾਈ ਸੈਦੋ ਜੱਟ ਨੇ ਗੁਰੂ ਦੇ ਸੱਚੇ ਸ਼ਬਦ ਦਾ ਵੀਚਾਰ ਕੀਤਾ:

ਸਾਈ ਦਿੱਤਾ ਝੰਝੀਆਂ ਸੈਦੋ ਜਟੁ ਸਬਦੁ ਵੀਚਾਰੀ।

(11/25-2)

<u>ਭਾਈ ਸਾਧੂ ਮਹਿਤਾ</u> ਕੁਮਿਆਰਾਂ ਦੀ ਕੁੱਲ ਵਿਚੋਂ ਸੀ। ਲਾਹੌਰ ਵਿਚ ਰਹਿੰਦਾ ਸੀ ਤੇ ਨਿਰੰਕਾਰ ਦੀ ਭਗਤੀ ਕਰਦਾ ਸੀ। ਲੋਕ ਇਸ ਨੂੰ ਬੁਧੂ ਕਹਿੰਦੇ ਸਨ ਇਸ ਦੇ ਨਾਮ ਤੋਂ ਲਾਹੌਰ ਵਿਚ ਬੁੱਧੂ ਦਾ ਆਵਾ ਪ੍ਰਸਿੱਧ ਹੈ। ਇਸ ਨੇ ਗੁਰੂ ਅਰਜਨ ਦੇਵ ਜੀ ਪਾਸ ਆ ਕੇ ਉਪਦੇਸ਼ ਪ੍ਰਾਪਤੀ ਲਈ ਅਰਦਾਸ ਕੀਤੀ। ਗੁਰੂ ਸਾਹਿਬ ਨੇ ਬਚਨ ਕੀਤਾ ਹਰ ਕੰਮ ਕਰਨ ਤੋਂ ਪਹਿਲਾਂ ਅਰਦਾਸ ਕਰਨੀ ਤੇ ਕੜਾਹ ਪ੍ਰਸ਼ਾਦ ਕਰਨਾ। ਜੋ ਲਾਭ ਹੋਵੇ ਉਸਦਾ ਦਸਵੰਧ ਗੁਰੂ ਦੇ ਨਮਿਤ ਦੇਣਾ। ਉਸ ਨੇ ਇਸ ਉਪਦੇਸ਼ ਅਨੁਸਾਰ ਆਪਣੇ ਜੀਵਨ ਨੂੰ ਢਾਲਿਆ।

ਭਾਈ ਗੁਰਦਾਸ ਨੇ ਵਾਰਾਂ ਵਿਚ ਭਾਈ ਸਾਧੂ ਨੂੰ ਨਿਰੰਕਾਰ ਦਾ ਭਗਤ ਕਿਹਾ ਹੈ। ਇਹ ਕੁਮਿਆਰਾਂ ਦੀ ਕੁਲ ਵਿਚੋਂ ਬੁੱਧੂ ਮਹਿਤਾ ਦੇ ਨਾਮ ਨਾਲ ਪ੍ਰਸਿੱਧ ਸੀ।

ਸਾਧੂ ਮਹਿਤਾ ਜਾਣੀਅਹਿ ਕੁਲ ਕੁਮਿਆਰ ਭਗਤਿ ਨਿਰੰਕਾਰੀ।

(11/25-3)

<u>ਭਾਈ ਲੱਖੂ ਤੇ ਭਾਈ ਲੱਧਾ</u> , ਗੁਰੂ ਅਰਜਨ ਦੇਵ ਜੀ ਦੇ ਸਿੱਖ ਸਨ। ਇਹ ਪਟੋਲੀਆ ਬਜ਼ਾਰ ਵਿਚ ਰਹਿੰਦੇ ਸਨ। ਭਾਈ ਲੱਧਾ ਨੇ ਇਕ ਵਾਰ ਭਾਈ ਲੱਖੂ ਤੋਂ ਭਾਈ ਸਾਧੂ (ਬੁੱਧੂ) ਨੂੰ ਬਖਸ਼ਵਾਇਆ ਸੀ।

ਭਾਈ ਗੁਰਦਾਸ ਇਹਨਾਂ ਦੋਹਾਂ ਸਿੱਖਾਂ ਨੂੰ ਪਰਉਪਕਾਰੀ ਸਿੱਖ ਕਿਹਾ ਹੈ:

ਲਖੂ ਵਿਚ ਪਟੋਲੀਆਂ ਭਾਈ ਲਧਾ ਪਰਉਪਕਾਰੀ।

(11/25-4)

ਭਾਈ ਕਾਲੂ, ਨਾਨੂ , ਗੁਰੂ ਸਾਹਬ ਦੀ ਸ਼ਰਨ ਵਿਚ ਆਏ, ਬੇਨਤੀ ਕੀਤੀ ਕਿ ਸ਼ਬਦ ਅਮ੍ਰਿਤ ਰੂਪ ਹੈ, ਕਿਸੇ ਦਾ ਕਲਿਆਣ ਹੁੰਦਾ ਹੈ ਕਿਸੇ ਦਾ ਨਹੀ ਹੁੰਦਾ। ਬਚਨ ਹੋਇਆ ਇਕ ਮਨ ਹੋ ਕੇ ਪ੍ਰਭੂ ਦਾ ਸਿਮਰਨ ਕਰਨ ਨਾਲ ਕਲਿਆਣ ਹੁੰਦਾ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਅਨੁਸਾਰ ਭਾਈ ਠਾਨੂੰ ਤੇ ਕਾਲੂ ਰਾਜ ਦਾ ਕੰਮ ਕਰਨ ਵਾਲੇ ਸਨ ਤੇ ਭਾਈ ਹਾਡੂ ਬੜਭਾਗੀ ਸਿੱਖ ਸੀ:

ਕਾਲੂ ਨਾਨੋ ਰਾਜ ਦੁਇ ਹਾੜੀ ਕੋਹਲੀਆਂ ਵਿਚਿ ਭਾਰੀ।

(11/25-5)

ਭਾਈ ਕਲਿਆਣਾ ਵੱਡਾ ਸੂਰਮਾ ਸੀ। ਗੁਰੂ ਸਾਹਿਬ ਦੇ ਦਰਬਾਰ ਵਿਚ ਆਇਆ ਤੇ ਬੇਨਤੀ ਕੀਤੀ ਕਿ ਮੈਂ ਵੱਡਾ ਸੂਰਮਾ ਹਾਂ। ਰਣਭੂਮੀ ਵਿਚ ਜਾਂਦਾ ਹਾਂ ਤਾਂ ਵੈਰੀ ਦੇ ਦਲ ਵਿਚ ਤਰਥਲੀ ਮੱਚ ਜਾਂਦੀ ਹੈ ਤੇ ਜਿੱਤ ਪ੍ਰਾਪਤ ਕਰਕੇ ਆਪਣੇ ਦਲ ਵਿਚ ਆ ਜਾਂਦਾ ਹਾਂ। ਗੁਰੂ ਸਾਹਿਬ ਨੇ ਬਚਨ ਕੀਤਾ ਵੱਡਾ ਸੂਰਮਾ ਉਹ ਹੁੰਦਾ ਹੈ ਜਿਹੜਾ ਗੁਰੂ-ਉਪਦੇਸ਼ ਲੈ ਕੇ ਗਿਆਨ ਵਿਚਾਰ ਦਾ ਸ਼ਸਤਰ ਫੜੇ ਅਤੇ ਕਾਮ, ਕ੍ਰੋਧ, ਲੋਭ , ਮੋਹ, ਹੰਕਾਰ ਸ਼ਤਰੂਆਂ ਨੂੰ ਲੜ ਕੇ ਜਿੱਤੇ। ਮਨ ਤੇ ਜਿੱਤ ਪ੍ਰਾਪਤ ਕਰਨ ਵਾਲਾ ਵੱਡਾ ਸੂਰਮਾ ਹੈ। ਭਾਈ ਕਲਿਆਣ ਨੇ ਪੁਛਿਆ ਗੁਰੂ ਸਾਹਿਬ ਮਨ ਨੂੰ ਕਿਵੇਂ ਜਿੱਤੀਏ । ਗੁਰੂ ਸਾਹਿਬ ਨੇ ਬਚਨ ਕੀਤਾ ਸਤਿਨਾਮ ਦਾ ਜਾਪ ਹਿਰਦੇ ਵਿਚ ਕਰਿਆ ਕਰੋ, ਮਨ ਨੂੰ ਖੋਟੇ ਪਾਸਿਉਂ ਰੋਕੀ ਰੱਖੋ ਤਾਂ ਜਲਦੀ ਮਨ ਤੇ ਜਿੱਤ ਪ੍ਰਾਪਤ ਕਰ ਲਵੇਂਗੇ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਾਈ ਕਲਿਆਣ ਨੂੰ ਸੂਰਮਾ ਕਿਹਾ ਗਿਆ ਹੈ।

ਸੂਦੁ ਕਲਿਆਣਾ ਸੂਰਮਾ - - - - - -।

(11/25-6)

ਭਾਈ ਭਾਨੂ ਗੁਰੂ ਸਾਹਿਬ ਦਾ ਸਿੱਖ ਸੀ। ਸ਼ਬਦ ਦੀ ਚੰਗੀ ਵੀਚਾਰ ਕਰਨ ਵਾਲਾ ਸੀ। ਜਿਹੜੇ ਸਿੱਖ ਉਸ ਦੀ ਜਬਾਨ ਤੋਂ ਕਥਾ ਸੁਣਦੇ ਸਨ ਉਹ ਸਭ ਭਗਤਿ ਨੂੰ ਪ੍ਰਾਪਤ ਹੁੰਦੇ ਸਨ ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਾਈ ਭਾਨੂੰ ਨੂੰ ਸ਼ਬਦ ਦਾ ਚੰਗਾ ਵਿਚਾਰਵਾਨ ਕਿਹਾ ਹੈ:

- - - ਭਾਨੂ ਭਗਤੁ ਸਬਦੁ ਵੀਚਾਰੀ।

(11/25-6)

ਭਾਈ ਮੂਲਾ ਬੇਰੀ, ਤੀਰਥਾ, ਮੁਕੰਦਾ, ਕਿਸ਼ਨਾ, ਮੰਗਣੇ ਸੇਨ, ਨਿਹਾਲੂ, ਗੁਰੂ ਅਰਜਨ ਦੇਵ ਜੀ ਦੇ ਸਿੱਖ ਸਨ। ਇਹ ਸਾਰੇ ਗੁਰੂ ਸਾਹਿਬ ਦੇ ਦਰਬਾਰ ਵਿਚ ਆਏ ਤੇ ਅਰਦਾਸ ਕੀਤੀ ਕਿ ਕੁਝ ਸਿੱਖਾਂ ਦੀ ਜਬਾਨ ਤੋਂ ਸ਼ਬਦ ਦਾ ਵੀਚਾਰ ਸੁਣ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ ਪਰ ਕਈਆਂ ਤੋਂ ਵੀਚਾਰ ਸੁਣਨ ਨਾਲ ਕੋਈ ਅਸਰ ਨਹੀਂ ਹੁੰਦਾ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਜੋ ਗੁਰਮੁੱਖ ਹਨ ਉਹ ਭਾਵੇਂ ਕਿਸੇ ਵੀ ਸੰਗਤ ਵਿਚ ਚਲੇ ਜਾਣ ਉਹਨਾਂ ਦਾ ਤੇਜ ਸਚ ਦੀ ਸੰਗਤ ਤੇ ਭਾਸ ਜਾਂਦਾ ਹੈ ਤੇ ਝੂਠੇ ਦੇ ਉਪਰ ਕੁਸੰਗੀਆਂ ਦਾ ਬਲ ਪ੍ਰਬਲ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਭਾਵੇਂ ਕਿਹੋ ਜਿਹੇ ਵੀ ਕੁਸੰਗੀ ਹੋਣ ਸਾਧ ਸੰਗਤਿ ਕਰਕੇ ਉਨ੍ਹਾਂ ਦੇ ਮਨ ਸੁੱਖ ਹੋ ਜਾਂਦੇ ਹਨ।

ਭਾਈ ਗੁਰਦਾਸ ਦੀਆਂ ਵਾਰਾਂ ਭਾਈ ਮੂਲਾ, ਤੀਰਥਾ ਤੇ ਮੁਕੰਦਾ ਨੂੰ ਗੁਰੂ ਦੇ ਅਪਾਰ ਸਿੱਖ ਕਿਹਾ ਗਿਆ ਹੈ। ਭਾਈ ਨਿਹਾਲੂ ਪਰਿਵਾਰ ਸਮੇਤ ਸਨਮੁੱਖ ਸਿੱਖ ਹਨ:

ਮੂਲਾ ਬੇਰੀ ਜਾਣੀਐ ਤੀਰਥੁ ਅਤੇ ਮੁਕੰਦੁ ਆਪਾਰੀ।
ਕਹੁ ਕਿਸਨਾ ਮੁਹਜੰਗੀਆ ਸੇਠ ਮੰਗਣੈ ਨੋ ਬਲਿਹਾਰੀ।
ਸਨਮੁਖੁ ਸਨਿਆਰਾ ਭਲਾ ਨਾਉ ਨਿਹਾਲੂ ਸਪਰਵਾਰੀ।

(11/25)

ਦੇਸ਼ਾਂਤਰੀ ਸੰਗਤ :

ਭਾਈ ਭਾਨਾ ਮਲ੍ਹਣ ਅਤੇ ਭਾਈ ਰੇਖਰਾਉ ਕਾਬਲ ਦੇ ਰਹਿਣ ਵਾਲੇ ਗੁਰੂ ਅਰਜਨ ਦੇਵ ਜੀ ਦੇ ਸਿੱਖ ਸਨ। ਇਹ ਦੋਨੋਂ ਨਵਾਬ ਦੇ ਮੋਦੀ ਖਾਨੇ ਤੇ ਨੌਕਰੀ ਕਰਦੇ ਸਨ। ਜੋ ਵੱਟਦੇ ਉਹ ਸਿੱਖਾਂ ਨੂੰ ਖੁਆ ਦਿੰਦੇ। ਕਿਸੇ ਨੇ ਨਵਾਬ ਕੋਲ ਚੁਗਲੀ ਕੀਤੀ ਕਿ ਇਨ੍ਹਾਂ ਦਾ ਵੱਟਾ ਘੱਟ ਹੈ। ਨਵਾਬ ਨੇ ਵੱਟਾ ਮੰਗਵਾਇਆ ਤੇ ਤੋਲਣ ਲੱਗਾ। ਇਨ੍ਹਾਂ ਨੇ ਗੁਰੂ ਸਾਹਿਬ ਨੂੰ ਮੁੱਖ ਰੱਖ ਕੇ ਅਰਦਾਸ ਕੀਤੀ ਕਿ ਸਾਡੀ ਪੈਜ ਰੱਖੋ। ਗੁਰੂ ਸਾਹਿਬ ਨੇ ਇਸ ਮੌਕੇ ਤੇ ਇਨ੍ਹਾਂ ਦੀ ਲਾਜ ਰੱਖੀ।

ਭਾਈ ਗੁਰਦਾਸ ਅਨੁਸਾਰ ਇਹ ਦੋਨੋਂ ਗੁਰਭਾਈ ਸਨ ਅਤੇ ਕਾਬਲ ਦੇ ਰਹਿਣ ਵਾਲੇ ਸਨ:

ਭਾਨਾ ਮਲ੍ਹਣੁ ਜਾਣੀਐ ਕਾਬਲਿ ਰੇਖਰਾਉ ਗੁਰਭਾਈ।

(11/26-1)

<u>ਭਾਈ ਮਾਧੋ</u> ਗੁਰੂ ਅਰਜਨ ਦੇਵ ਜੀ ਦਾ ਪ੍ਰਮੁੱਖ ਸਿੱਖ ਸੀ। ਇਕ ਵਾਰ ਗੁਰੂ ਸਾਹਿਬ ਨੇ ਇਸ ਨੂੰ ਆਗਿਆ ਕੀਤੀ ਕਿ ਕਸ਼ਮੀਰ ਵਿਚ ਜਾ ਕੇ ਗੁਰਸਿੱਖੀ ਦੀ ਰੀਤ ਚਲਾਉ। ਕਿਉਂਕਿ ਕਸ਼ਮੀਰ ਵਿਖੇ ਪੰਡਤ, ਸਿੱਖਾਂ ਨੂੰ ਗੁਰਬਾਣੀ ਪੜ੍ਹਨ ਤੋਂ ਵਰਜਦੇ ਸਨ। ਭਾਈ ਮਾਧੋ ਕਸ਼ਮੀਰ ਵਿਖੇ ਗਿਆ। ਧਰਮਸਾਲ ਬਣਾਈ, ਦੋਵੇਂ ਸਮੇਂ ਕਥਾ, ਕੀਰਤਨ ਕਰਨ ਲੱਗਾ। ਦਿਨ ਰਾਤ ਸੰਗਤਾਂ ਧਰਮਸਾਲ ਵਿਖੇ ਜੁੜਦੀਆਂ ਸਨ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਆਇਆ ਹੈ ਕਿ ਭਾਈ ਮਾਧੋ ਨੇ ਕਸ਼ਮੀਰ ਵਿਚ ਜਾ ਕੇ ਗੁਰਸਿੱਖੀ ਦੀ ਰੀਤ ਚਲਾਈ:

ਮਾਧੋ ਸੋਢੀ ਕਸ਼ਮੀਰ ਗੁਰ ਸਿੱਖੀ ਦੀ ਚਾਲ ਚਲਾਈ।

(11/26-2)

<u>ਭਾਈ ਭੀਵਾ ਤੇ ਭਾਈ ਰੂਪ ਚੰਦ</u> ਦੋਨੋਂ ਭਰਾ ਸਨ। ਇਹ ਸਰਹੰਦ ਦੇ ਰਹਿਣ ਵਾਲੇ ਸਨ ਤੇ ਦਿਨ ਸਿੱਖਾਂ ਦੀ ਟਹਿਲ ਸੇਵਾ ਕਰਨਾ ਆਪਣਾ ਧਰਮ ਸਮਝਦੇ ਸਨ। ਇਕ ਦਿਨ ਇਕ ਮੁਗਲ ਪਠਾਣ ਮੋਹਰਾਂ ਦੀ ਇਕ ਗੁਥਲੀ (ਵਾਸਕੀ ) ਅਮਾਨਤ ਉਨ੍ਹਾਂ ਪਾਸ ਰੱਖ ਗਿਆ । ਜਦੋਂ ਪੰਜ ਸਾਲਾਂ ਬਾਅਦ ਉਹ ਵਾਪਸ ਲੈਣ ਆਇਆ ਤਾਂ ਭਾਈ ਭੀਵਾ ਨੂੰ ਮੋਹਰਾਂ ਬਾਰੇ ਯਾਦ ਨਾ ਰਿਹਾ। ਉਸ ਮੁਗਲ ਦੇ ਮੋਹਰਾਂ ਦੀ ਗੁੱਥਲੀ ਵਾਪਸ ਮੰਗਣ ਤੇ ਦੋਹਾਂ ਵਿਚ ਝਗੜਾ ਹੋ ਗਿਆ। ਦੋਨੋਂ ਨਵਾਬ ਕੋਲ ਗਏ ਅਤੇ ਇਨਸਾਫ਼ ਲਈ ਬੇਨਤੀ ਕੀਤੀ। ਨਵਾਬ ਨੇ ਤੇਲ ਦੇ ਤਪਦੇ ਕੜਾਹੇ ਵਿਚ ਦੋਹਾਂ ਨੂੰ ਹੱਥ ਪਾਉਣ ਲਈ ਕਿਹਾ। ਭਾਈ ਭੀਵਾ ਨੇ ਪੰਜ ਮੋਹਰਾਂ ਗੁਰੂ ਦੇ ਪ੍ਰਸ਼ਾਦਿ ਲਈ ਮੰਨੀਆਂ। ਦੋਹਾਂ ਨੇ ਹੱਥ ਕੜਾਹੇ ਵਿਚ ਪਾਏ ਮੁਗਲ ਦਾ ਹੱਥ ਸੜ ਗਿਆ ਅਤੇ ਸਿੱਖ ਦਾ ਹੱਥ ਤਪਦੇ ਕੜਾਹੇ ਵਿਚੋਂ ਸਹੀ ਸਲਾਮਤ ਨਿਕਲਿਆ। ਨਵਾਬ ਨੇ ਮੁਗਲ ਨੂੰ ਝੂਠਾ ਕੀਤਾ ਤੇ ਦਰਬਾ-ਰ ਵਿਚੋਂ ਬਾਹਰ ਕੱਢਵਾ ਦਿੱਤਾ। ਭਾਈ ਭੀਵਾ ਨੇ ਘਰ ਆ ਕੇ ਸਾਰੀ ਵਾਰਤਾ ਭਾਈ ਰੂਪ

ਚੰਦ ਨੂੰ ਸੁਣਾਈ। ਰੂਪ ਚੰਦ ਨੇ ਕਿਹਾ ਮੋਹਰਾਂ ਦੀ ਗੁੰਥਲੀ (ਵਾਸਕੀ) ਮੈਂ ਦੇਖੀ ਹੈ। ਉਹ ਦੋਨੋਂ ਮੋਹਰਾ ਲੈ ਕੇ ਮੁਗਲ ਪਾਸ ਗਏ। ਮੁਗਲ ਨੇ ਪੁਛਿਆ ਤੁਸੀਂ ਗੁਰੂ ਦੀ ਭੇਟਾਂ ਕੀ ਮੰਨੀ ਸੀ, ਮੈਂ ਤੁਹਾਡੇ ਗੁਰੂ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਉਹ ਦੋਨੋਂ ਮੁਗਲ ਨੂੰ ਗੁਰੂ ਸਾਹਿਬ ਦੇ ਦਰਬਾਰ ਵਿਚ ਲੈ ਆਏ। ਮੁਗਲ ਨੇ ਪ੍ਰਸ਼ਨ ਕੀਤਾ ਕਿ ਇਹ ਝੂਠਾ ਸੱਚਾ ਹੋ ਗਿਆ ਅਤੇ ਮੈਂ ਸੱਚਾ ਝੂਠਾ ਹੋ ਗਿਆ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਤੂੰ ਬਹੁਤਿਆਂ ਪੀਰਾਂ ਤੇ ਨਿਸਚਾ ਕੀਤਾ ਸੀ ਤੇ ਭਾਈ ਭੀਵਾ ਨੇ ਇਕ ਗੁਰੂ ਤੇ ਨਿਸਚਾ ਕੀਤਾ ਸੀ ਇਸ ਕਰਕੇ ਉਹ ਸੱਚਾ ਸਾਬਤ ਹੋਇਆ।

ਭਾਈ ਗੁਰਦਾਸ ਅਨੁਸਾਰ ਭਾਈ ਭੀਵਾ ਤੇ ਭਾਈ ਰੂਪ ਚੰਦ; ਦੋਨੋਂ ਸਿੱਖ ਸਰਹੰਦ। ਵਿਖੇ ਸੱਚੇ ਭਾਵ ਵਾਲੇ ਸਿੱਖ ਹੋਏ ਹਨ;

ਭਾਈ ਭੀਵਾ ਸੇਹਰੰਦਿ ਰੂਪਚੰਦੁ ਸਨਮੁਖੁ ਸਤ ਭਾਈ।

(11/26-3)

ਭਾਈ ਪਰਤਾਪੂ ਪ੍ਰਸਿੱਧ ਸੂਰਮਾ ਸੀ। ਉਸ ਨੇ ਗੁਰੂ ਸਾਹਿਬ ਪਾਸ ਅਰਦਾਸ ਕੀਤੀ ਮੇਰੀ ਬਿਰਤੀ ਸ਼ਾਸਤਰ ਚਲਾਉਣ ਦੀ ਹੈ ਮੇਰਾ ਉਧਾਰ ਕਰੋ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਸੂਰਮੇ ਨੂੰ ਚਾਹੀਦਾ ਹੈ ਕਿ ਧਰਮ ਦਾ ਯੁੱਧ ਕਰੇ ਤੇ ਪਾਪਾਂ ਤੋਂ ਬਚੇ । ਦਾਨ ਕਰੇ, ਦਾਨ ਕਰਨ ਨਾਲ ਸ਼ਸਤਰਾਂ ਵਿਚ ਬਰਕਤ ਪੈਂਦੀ ਹੈ ਤੇ ਜਸ ਹੁੰਦਾ ਹੈ।

ਭਾਈ ਗੁਰਦਾਸ ਨੇ ਵਾਰਾਂ ਵਿਚ ਭਾਈ ਪਰਤਾਪੂ ਨੂੰ ਬਲੀ ਸਿੱਖ ਕਿਹਾ ਹੈ:

ਪਰਤਾਪੂ ਸਿਖੁ ਸੂਰਮਾ - - - - - - -।

(11/26-4)

ਭਾਈ ਨੰਦੇ ਤੇ ਭਾਈ ਸ਼ਾਮਦਾਸ ਥਾਨੇਸਰ ਵਿਚ ਦੁਕਾਨ ਕਰਦੇ ਸਨ। ਕਿਰਤ ਕਰਨੀ, ਇਕ ਬਚਨ ਬੋਲਣਾ ਤੇ ਸਿੱਖਾਂ ਦੀ ਟਹਿਲ ਸੇਵਾ ਕਰਨੀ ਇਹ ਆਪਣਾ ਧਰਮ ਸਮਝਦੇ ਸਨ। ਇਕ ਦਿਨ ਗੁਰੂ ਸਾਹਿਬ ਕੋਲ ਆਏ, ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਕਹਾ ਸੱਚ ਬੋਲਣ ਵਰਗਾ ਪੁੰਨ ਕੋਈ ਨਹੀਂ ਹੈ ਇਸੇ ਤਰ੍ਹਾਂ ਹੀ ਸੱਚ ਵਿਚ ਪ੍ਰਵਿਰਤ ਰਹੋ। ਸੱਚ ਦੇ ਕਰਕੇ ਹੀ ਇਹਨਾਂ ਦਾ ਕਲਿਆਣ ਹੋਇਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਾਈ ਨੈਦੇ ਦਾ ਸੇਵਾ ਕਰਨਾ ਤੇ ਭਾਈ ਸ਼ਾਮੀਦਾਸ ਦਾ ਥਾਨੇਸਰ ਨਗਰ ਵਿਚ ਸੰਗਤਾਂ ਨੂੰ ਗੁਰੂ ਸਾਹਿਬ ਵੱਲ ਨਿਵਾਉਣਾ ਦਰਜ ਹੈ:

- - - - ਨੈਦੇ ਵਿਠੜਿ ਸੇਵ ਕਮਾਈ।

ਸਾਮੀਦਾਸ ਵਛੇਰੁ ਹੈ ਥਾਨੇਸੁਰ ਸੰਗਤਿ ਬਹਲਾਈ।

(11/26-4,5)

ਭਾਈ ਗੋਪੀ, ਤੀਰਥ, ਨੱਥਾ, ਮੋਕਲੁ ਤੇ ਭਾਈ ਢਿਲੀ, ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆਏ ਤੇ ਬੇਨਤੀ ਕੀਤੀ ਕਿ ਪ੍ਰਿਥੀ ਮੱਲ ਤੇ ਮਹਾਦੇਉ ਤੇ ਹੋਰ ਸੋਢੀਆਂ ਨੇ ਬਾਣੀ ਰਚਨਾ ਵਿਚ ਗੁਰੂ ਨਾਨਕ ਸਾਹਿਬ ਦਾ ਜ਼ਿਕਰ ਨਹੀਂ ਕੀਤਾ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਸੱਚੀ ਤੇ ਕੱਚੀ ਬਾਣੀ ਦਾ ਨਿਖੇੜਾ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਨਾ ਕੀਤੀ ਹੈ।

'ਸੂਰਜ ਪ੍ਰਕਾਸ਼' ਅਨੁਸਾਰ ਇਹਨਾਂ ਨੇ ਗੁਰੂ ਸਾਹਿਬ ਪਾਸ ਬੇਨਤੀ ਕੀਤੀ ਕਿ ਹੋਰਨਾ ਦੀ ਬਾਣੀ ਨਾਲ ਮਨ ਸ਼ਾਂਤ ਨਹੀਂ ਹੁੰਦਾ। ਗੁਰੂ ਸਾਹਿਬ ਬੋਲੇ, ਜਿਵੇਂ ਬਦਲਾ ਦੁਆਰੇ ਹੋ ਕੇ ਪਾਣੀ ਦਾ ਸਵਾਦ ਅਮ੍ਰਿਤ ਰੂਪ ਹੋ ਜਾਂਦਾ ਹੈ । ਇਸੇ ਤਰ੍ਹਾਂ ਸਤਿਗੁਰੂ ਨਾਨਕ ਜੀ ਦੇ ਮੁੱਖ ਦਵਾਰੇ ਨਿਕਲੀ ਬਾਣੀ ਦਾ ਅਸਰ ਸੁੱਖ ਮਨ ਵਾਲੇ ਪੁਰਸ਼ ਤੇ ਸ਼ਾਂਤੀ ਦਿੰਦਾ ਹੈ। ਜੋ ਵੀ ਗੁਰਬਾਣੀ ਨੂੰ ਪੜ੍ਹਕੇ ਮੰਨਣ ਨਿਦਧਾਸਨ ਕਰੇਗਾ ਪਰਮਗਤੀ ਨੂੰ ਪ੍ਰਾਪਤ ਹੋਵੇਗਾ।[385] ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਦਰਜ ਹੈ ਕਿ ਭਾਈ ਗੋਪੀ, ਭਾਈ ਨੱਥਾ ਤੇ ਭਾਈ ਤੀਰਥ ਗੁਰੂ ਸਾਹਿਬ ਦੀ ਸ਼ਰਨ ਵਿਚ ਆਏ। ਭਾਈ ਮੋਕਲੁ ਤੇ ਭਾਈ ਢਿਲੀ ਨੇ ਗੁਰਮਤ ਦਾ ਪ੍ਰਚਾਰ ਕੀਤਾ:[386]

ਗੋਪੀ ਮਹਤਾ ਜਾਣੀਐ ਤੀਰਥੁ ਨਥਾ ਗੁਰ ਸਰਣਾਈ

ਭਾਊ ਮੋਕਲੁ ਆਖੀਅਹਿ ਢਿਲੀ ਮੰਡਲਿ ਗੁਰਮਤਿ ਪਾਈ।

(11/26-6)

ਭਾਈ ਜੀਵੰਦਾ, ਜਗਸੀ, ਤੇ ਭਾਈ ਤਿਲਕਾ, ਫਤਹਿਪੁਰ ਦੇ ਰਹਿਣ ਵਾਲੇ ਸਨ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਪੂਰਨ ਭਗਤ ਉਹ ਹਨ ਜਿਹੜੇ ਆਦਿ ਜੁਗਾਦਿ ਤੋਂ ਭਗਤ ਹੁੰਦੇ ਹਨ ਤਿਨਾਂ ਭਗਤਾਂ ਦੀ ਬਾਣੀ ਹੀ ਸ਼ਬਦ ਦੀ ਛਾਇਆ ਲਈ ਹੁੰਦੀ ਹੈ:

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਨ੍ਹਾਂ ਨੂੰ ਗੁਰੂ ਦੇ ਸੇਵਾਦਾਰ ਕਿਹਾਹੈ:

ਜੀਵੰਦੁ ਜਗਸੀ ਫਤੇ ਪੁਰਿ ਸੇਠਿ ਤਲੋਕੇ ਸੇਵ ਕਮਾਈ।

(11/26-8)

ਆਗਰੇ ਦੀ ਸੰਗਤ :

ਭਾਈ ਸੁਕਤੂ ਤੇ ਭਾਈ ਨਿਹਾਲੂ ਆਗਰੇ ਦੇ ਰਹਿਣ ਵਾਲੇ ਸਨ। ਗੁਰੂ ਸਾਹਿਬ ਪਾਸ ਆ ਕੇ ਬੇਨਤੀ ਕੀਤੀ ਅਸੀਂ ਕਿਹੜੀ ਕਿਰਿਆ ਕਰੀਏ ਜਿਸ ਨਾਲ ਗਤੀ ਹੋਵੇ? ਗੁਰੂ ਸਾਹਿਬ ਨੇ ਉਪਦੇਸ਼ ਕੀਤਾ, ਵਾਹਿਗੁਰੂ ਦੇ ਨਾਮ ਦਾ ਜਾਪ ਕਰਨ ਨਾਲ ਗਤੀ ਪ੍ਰਾਪਤ ਹੋਵੇਗੀ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਨ੍ਹਾਂ ਸਿੱਖ ਸਬੰਧੀ ਸੰਕੇਤ ਦਰਜ ਹੈ:

ਮਹਤਾ ਮਕਤੂ ਆਗਰੈ ਚਢਾ ਹੋਆ ਨਿਹਾਲੁ ਨਿਹਾਲਾ।

(11/27-1)

ਭਾਈ ਮਥਰਾ ਦਾਸ, ਗੁਰੂ ਅਰਜਨ ਦੇਵ ਜੀਦਾ ਸਿੱਖ ਸੀ। ਉਹ ਅਤੇ ਉਸ ਦੇ ਪਰਿਵਾਰ ਦੇ ਜੀਅ ਆਏ ਗਏ ਸਿੱਖਾਂ ਦੀ ਟਹਿਲ ਸੇਵਾ ਕਰਿਆ ਕਰਦੇ ਸਨ। ਇਸ ਕਰਕੇ ਇਸ ਦਾ ਕਲਿਆਣ ਹੋਇਆ।

ਭਾਈ ਗੁਰਦਾਸ ਨੇ ਇਸ ਨੂੰ ਰੱਬ ਦੇ ਰੰਗ ਵਿਚ ਅੰਦਰੋਂ ਬਾਹਰੋਂ ਰੰਗੇ ਹੋਏ ਦੱਸਿਆ ਹੈ:

ਗੜ੍ਹੀਲਨੁ ਮਥਰਾ ਦਾਸ ਹੈ ਸਪਰਵਾਰਾ ਲਾਲ ਗੁਲਾਲਾ।

(11/27-2)

ਭਾਈ ਗੰਗਾ ਅਤੇ ਭਾਈ ਹਰਵੰਸ ਗੁਰੂ ਅਰਜਨ ਦੇ ਸਿੱਖ ਸਨ, ਧਰਮਸਾਲ ਦੇ ਸੇਵਕ ਸਨ ਤੇ ਸਿੱਖਾਂ ਦੀ ਮਨ ਲਾ ਕੇ ਸੇਵਾ ਕਰਦੇ ਸਨ। ਭਾਈ ਗੰਗਾ, ਯੁੱਧ ਸਮੇਂ ਗੁਰੂ ਹਰਗੋਬਿੰਦ ਜੀ ਦੇ ਪਾਸ ਰਿਹਾ ਤੇ ਕਲਿਆਣ ਹੋਇਆ । ਭਾਈ ਹਰਵੰਸ ਅੰਮ੍ਰਿਤ ਵੇਲੇ ਉਠ ਕੇ ਗੁਰੂ ਗ੍ਰੰਥ ਬਾਣੀ ਦਾ ਪਾਠ ਪੜ੍ਹਦਾ ਸੀ ਤੇ ਤੀਸਰੇ ਪਹਿਰ ਭਾਈ ਗੁਰਦਾਸ ਦੀ ਬਾਣੀ ਦਾ ਪਾਠ ਪੜ੍ਹਦਾ ਸੀ। ਉਸ ਨੇ ਗੁਰੂ ਸਾਹਿਬ ਤੋਂ ਭਾਈ ਗੁਰਦਾਸ ਦੀ ਬਾਣੀਬਾਰੇ ਪੁਛਿਆ ਤਾਂ ਉਨ੍ਹਾਂ ਬਚਨ ਕੀਤਾ ਕਿ ਭਾਈ ਜੀ ਦੀ ਬਾਣੀ ਤਾਂ ਮਾਨੋ ਸ਼ਬਦ ਦਾ ਟੀਕਾ ਹੈ। ਇਸ ਦੇ ਪੜ੍ਹਨ ਤੇ ਸਿੱਖੀ ਪ੍ਰਾਪਤ ਹੁੰਦੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਦਰਜ ਹੈ:

ਗੰਗਾ ਸਹਿਗਲੁ ਸੂਰਮਾ ਹਰਵੰਸ ਤਪੇ ਟਹਲ ਧ੍ਰਮਸਾਲਾ।

(11/27-3)

ਭਾਈ ਮੁਰਾਰੀ ਮਹਾਂ ਪੁਰਖ ਸੀ ਤੇ ਆਤਮ ਗਿਆਨੀ ਸੀ। ਭਾਈ ਕਲਿਆਣ ਤੇ ਭਾਈ ਨਾਨੋ ਲਟਕਣ ਬਿਦਰਾਉ ,ਭਾਈ ਆਲਮਚੰਦ ਤੇ ਭਾਈ ਸੈਸਾਰੂ ਜਗਿਆਸੀ ਸਨ। ਇਹਨਾਂ ਸਾਰਿਆਂ ਨੇ ਗੁਰੂ ਅਰਜਨ ਜੀ ਪਾਸ ਅਰਦਾਸ ਕੀਤੀ ਕਿ ਸਾਡਾ ਉਧਾਰ ਕਰੋ। ਗੁਰੂ ਸਾਹਿਬ ਨੇ ਬਚਨ ਕੀਤਾ , ਸ਼ਬਦ ਦਾ ਅਭਿਆਸ ਕਰਨ ਤੇ ਸਿੱਖਾਂ, ਸਾਧਾਂ ਦੀ ਟਹਿਲ ਸੇਵਾ ਕਰਨ ਨਾਲ ਤੁਹਾਡਾ ਸੈਭ ਦਾ ਉਧਾਰ ਹੋਵੇਗਾ। ਇਸ ਤਰ੍ਹਾਂ ਇਹਨਾਂ ਦਾ ਇੰਸ ਅਭਿਆਸ ਨਾਲ ਕਲਿਆਣ ਹੋਇਆ ਤੇ ਹੋਰਨਾ ਨੂੰ ਉਪਾਸ਼ਨਾ ਦ੍ਰਿੜ ਹੋਈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹਨਾਂ ਸਿੱਖਾਂ ਬਾਰੇ ਸੰਕੇਤ ਦਰਜ ਹੈ ਕਿ ਭਾਈ ਮੁਰਾਰੀ ਉੱਤਮ ਪੁਰਖ ਸੀ ਤੇ ਭਾਈ ਕਲਿਆਣਾ ਦਿਨ ਰਾਤ ਖੁਸ਼ ਰਹਿੰਦੇ ਸਨ। ਭਾਈ ਨਾਨੋ ਤੇ ਭਾਈ ਬਿੰਦ ਰਾਇ ਨੇ ਸੰਗਤਾਂ ਦੀ ਸੇਵਾ ਕੀਤੀ। ਭਾਈ ਆਲਮ ਚੰਦ ਤੇ ਭਾਈ ਸੈਸਾਰਾਂ ਘਰੋਂ ਸੁਖੀ ਸਿੱਖ ਸਨ:

ਅਣਦੁ ਮੁਰਾਰੀ ਮਹਾਪੁਰਖੁ ਕਲਿਆਣਾ ਕੁਲਿ ਕਵਲੁ ਰਸਾਲਾ।

ਨਾਨੋ ਲਟਕਣੁ ਬਿੰਦਰਾਉ ਸੇਵਾ ਸੰਗਤਿ ਪੂਰਬ ਘਾਲਾ।

ਹਾੜਾਂ ਆਲਮਚੰਦੁ ਹੈ ਤੇ ਸੈਸਾਰਾ ਤਲਵਾੜੁ ਸੁਖਾਲਾ।

(11/27-4,5,6)

ਭਾਈ ਜਗਨਾ, ਭਾਈ ਨੰਦਾ, ਭਾਈ ਭਾਨੂੰ, ਗੁਰੂ ਅਰਜਨ ਦੇਵ ਜੀ ਦੀ ਸੰਗਤ ਵਿਚ ਆਏ ਤੇ ਬੇਨਤੀ ਕੀਤੀ ਕਿ ਅਸੀ ਇੰਦਰੀਆਂ ਨੂੰ ਰੋਕ ਕੇ ਪ੍ਰਭੂ ਦਾ ਸਿਮਰਨ ਕਰਦੇ ਹਾਂ ਪਰ ਮਨ ਕਾਬੂ ਵਿਚ ਨਹੀਂ ਰਹਿੰਦਾ ਗੁਰੂ ਸਾਹਿਬ ਨੇ ਬਚਨ ਕੀਤਾ 'ਮਨੋਨਾਸ਼ ਤੇ ਵਾਸ਼ਨਾ ਖੈ ਤੇ ਤਤੁ ਗਿਆਨ ਤਿੰਨਾ ਦੀ ਹੀ ਇਕੱਠੀ ਸਾਧਨਾ ਕਰੋ, ਤੈਸੇ ਤਿੰਨਾ ਹੀ ਗੁਣਾਂ ਦਾ ਅਭਿਆਸ ਕਰੋਗੇ ਤਾਂ ਤੁਹਾਡਾ ਮਨੁ ਚਲਾਇਮਾਨ ਨਾ ਹੋਵੇਗਾ[387] ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਦੀ ਬਿਰਤੀ ਇਕਾਗਰ ਹੋਈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਦਰਜ ਹੈ:

ਜਗਨਾ ਨੰਦਾ ਸਾਧ ਹੈ ਭਾਨੂ ਸੁਹਜੁ ਹੰਸਾ ਦੀ ਢਾਲਾ।

(11/27-7)

ਗੁਰੂ ਅਰਜਨ ਦੇਵ ਜੀ ਦੇ ਹਜ਼ੂਰੀ ਸਿੱਖ :

ਭਾਈ ਸੀਗਾਰੂ ਤੇ ਭਾਈ ਜੈਤਾ ਵੱਡੇ ਸੂਰਬੀਰ ਤੇ ਪਰਉਪਕਾਰੀ ਸਿੱਖ ਸਨ। ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ ਗੁਰੂ ਹਰਗੋਬਿੰਦ ਜੀ ਪਾਸ ਸੌਂਪਿਆ ਤੇ ਬਚਨ ਕੀਤਾ, "ਅਸਾਂ ਜੋ ਸਸ਼ਤ੍ਰ ਪਕੜਨੇ ਹੈਨਿ ਸੋ ਗੁਰੂ ਹਰਿ ਗੋਬਿੰਦ ਦਾ ਰੂਪ ਧਾਰਿ ਕਰ ਪਕੜਨੇ ਹੈਨਿ। ਸਮਾਂ ਕਲਯੁੱਗ ਦਾ ਵਰਤਨਾ ਹੈ, ਸ਼ਾਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਲੈ ਲੈਣੀ ਹੈ। ਤੁਸੀਂ ਛੇਵੀਂ ਪਾਤਿਸ਼ਾਹੀ ਦੇ ਹਜ਼ੂਰ ਰਹਿਣਾ।"[388] ਸੂਰਜ ਪ੍ਰਕਾਸ਼ ਅਨੁਸਾਰ, ਗੁਰੂ ਹਰਗੋਬਿੰਦ ਨੇ ਭਾਈ ਜੇਤਾ ਨੂੰ ਬੇਅੰਤ ਬਲ ਬਖਸ਼ਿਆ, ਉਸ ਨੇ ਗੁਰੂ ਸਾਹਿਬ ਪਾਸ ਰਹਿ ਕੇ ਬੇਅੰਤ ਯੁੱਧ ਕੀਤੇ।[389]

ਭਾਈ ਗੁਰਦਾਸ ਨੇ ਇਨੰ੍ਹਾਂ ਸਿੱਖਾਂ ਨੂੰ ਸੂਰਬੀਰ ਤੇ ਉਦਾਰ ਸਿੱਖ ਕਿਹਾ ਹੈ:

ਸੀਗਾਰੂ ਜੈਤਾ ਭਲਾ ਸੂਰਬੀਰ ਮਨਿ ਪਰਉਪਕਾਰਾ।

(11/28-1)

ਭਾਈ ਜੈਤਾ, ਭਾਈ ਨੰਦਾ ਤੇ ਭਾਈ ਪਿਰਾਗਾ, ਗੁਰੂ ਅਰਜਨ ਦੇਵ ਜੀ ਦੀ ਸੰਗਤ ਵਿਚ ਆਏ ਤੇ ਬੇਨਤੀ ਕੀਤੀ ਕਿ ਕੋਈ ਐਸਾ ਉਪਦੇਸ਼ ਕਰੋ ਜਿਸ ਨਾਲ ਹੋਰ ਯਤਨ ਕਰਨ ਦੀ ਲੋੜ

ਨਾ ਰਹੇ ਤੇ ਪਰਮ ਪਦਵੀ ਨੂੰ ਪ੍ਰਾਪਤ ਹੋ ਜਾਈਏ। ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਇੰਦਰੀਆਂ ਨੂੰ ਸੰਕੋਚ ਕੇ ਵਾਹਿਗੁਰੂ ਦਾ ਸਿਮਰਨ ਕਰੋ। ਜਿਸ ਸਮੇਂ ਬਿਰਤੀ ਬਾਹਰ ਆਵੇ ਉਸ ਸਮੇਂ ਸ਼ਬਦ ਦਾ ਪ੍ਰਚਾ ਵੀਚਾਰ ਕਰਨਾ ਇਸੇ ਸਾਧਨਾ ਕਰਕੇ ਬ੍ਰਹਮ ਗਿਆਨੀ ਹੋ ਜਾਉਗੇ। ਉਨ੍ਹਾਂ ਨੇ ਇਸ ਅਨੁਸਾਰ ਆਪਣਾ ਜੀਵਨ ਨਿਰਬਾਹ ਕਰਨਾ ਸ਼ੁਰੂ ਕਰ ਦਿੱਤਾ ਤੇ ਪਰਮ ਗਤੀ ਨੂੰ ਪ੍ਰਾਪਤ ਹੋਏ।

ਭਾਈ ਗੁਰਦਾਸ ਅਨੁਸਾਰ ਭਾਈ ਜੈਤਾ, ਨੰਦਾ ਤੇ ਪਿਰਾਗਾ ਸ਼ਬਦ ਦੇ ਆਸਰੇ ਰਹਿਣ ਵਾਲੇ ਸੁੱਚੇ ਪੁਰਸ਼ ਸਨ :

ਜੈਤਾ ਨੰਦਾ ਜਾਣੀਐ, ਪੁਰਖ ਪਿਰਾਗਾ ਸਬਦਿ ਅਧਾਰਾ।

(11/28-2)

ਭਾਈ ਤਿਲੋਕਾ ਤੇ ਭਾਈ ਤੋਤਾ, ਗੁਰੂ ਸਾਹਿਬ ਦੀ ਹਜ਼ੂਰੀ ਵਿਚ ਆਏ ਤੇ ਬੇਨਤੀ ਕੀਤੀ ਕਿ ਅਸੀਂ ਆਪ ਦੇ ਉਪਦੇਸ਼ ਅਨੁਸਾਰ ਰਾਮ ਨਾਮ ਦਾ ਸਿਮਰਨ ਕਰਦੇ ਹਾਂ ਪਰ ਸਾਨੂੰ ਪੰਡਤ ਲੋਕ ਤਰਕਾਂ ਕਰਦੇ ਹਨ ਤੇ ਕਹਿੰਦੇ ਹਨ ਕਿ ਤੁਸੀਂ ਸ਼ਾਸਤਰ ਰੀਤੀ ਨਾਲ ਰਾਮ ਨਾਮ ਦਾ ਸਿਮਰਨ ਨਹੀਂ ਕਰਦੇ ਇਸ ਕਰਕੇ ਤੁਹਾਨੂੰ ਕੋਈ ਲਾਭ ਨਹੀਂ ਹੋਣਾ। ਇਸ ਤਰ੍ਹਾਂ ਸਾਰਾ ਜਹਾਨ ਹੀ ਰਾਮ ਨਾਮ ਆਖਦਾ ਹੈ ਸਾਰੇ ਕਿਉਂ ਨਹੀਂ ਤਰ ਜਾਂਦੇ, ਨਰਕਾਂ ਵਿਚ ਕਿਉਂ ਜਾਂਦੇ ਹਨ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਰਾਮ ਨਾਮ ਤਾਂ ਸਾਰੇ ਹੀ ਜਪਦੇ ਹਨ ਮਗਰ ਸ਼ਰਧਾ ਤੇ ਇਕ ਮਨ ਹੋ ਕੇ ਜੋ ਰਾਮ ਨਾਮ ਜਪੇਗਾ ਕਲਿਆਣ ਉਸੇ ਦਾ ਹੀ ਹੋਵੇਗਾ ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਾਈ ਤਿਲੋਕਾ ਨੂੰ ਸ਼ਿਰੋਮਣੀ ਪਾਠਕ ਕਿਹਾ ਗਿਆ ਹੈ ਜੋ ਸੰਗਤਾਂ ਨੂੰ ਗੁਰਬਾਣੀ ਦਾ ਪਾਠ ਸੁਣਾਉਂਦਾ ਤੇ ਸੇਵਾ ਕਰਦਾ ਸੀ। ਭਾਈ ਤੋਤਾ ਨੂੰ ਮਹਾਂ ਪੁਰਖ ਦਾ ਖਿਤਾਬ ਦਿੱਤਾ ਹੈ ਜੋ ਸ਼ਬਦ ਨੂੰ ਪਿਆਰ ਕਰਦਾ ਸੀ:

ਤਿਲਕੁ ਤ੍ਰਿਲੋਕਾ ਪਾਠਕਾਂ ਸਾਧੁ ਸੰਗਤਿ ਸੇਵਾ ਹਿਤਕਾਰਾ।

ਤੋਤਾ ਮਹਤਾ ਮਹਾ ਪੁਰਖ ਗੁਰ ਮੁਖਿ ਸੁਖ ਫਲ ਸਹਜੁ ਪਿਆਰਾ।

(11/28-3,4)

ਭਾਈ ਸਾਈਦਾਸ, ਗੁਰੂ ਅਰਜਨ ਦੇਵ ਜੀ ਦਾ ਸਿੱਖ ਸੀ। ਸਿੱਖਾਂ ਦੀ ਬਹੁਤ ਟਹਿਲ ਸੇਵਾ ਕਰਦਾ ਸੀ। ਇਕ ਦਿਨ ਗੁਰੂ ਸਾਹਿਬ ਪਾਸ ਬੇਨਤੀ ਕੀਤੀ ਕਿ ਮੇਰਾ ਮਨ ਸ਼ਬਦ, ਪੜ੍ਹਨ ਤੇ ਸੁਣਨ ਸਮੇਂ ਠਹਿਰਦਾ ਨਹੀਂ। ਗੁਰੂ ਸਾਹਿਬ ਨੇ ਬਚਨ ਕੀਤਾ "ਜੇ ਮਨ ਦੌੜਨੋ ਨਹੀਂ ਹੱਟਦਾ ਤਾਂ ਤੁਸੀਂ ਵੀ ਮਨ ਨੂੰ ਰੋਕਨੋ ਨਾ ਹੱਟੋ। ਗੁਰੂ ਸ਼ਬਦ ਰੂਪੀ ਤਲਵਾਰ ਲੈ ਕੇ ਮਨ ਨਾਲ ਯੁੱਧ ਕਰੀ ਜਾਉ। ਮਨ ਆਪੇ ਹਾਰ ਕੇ ਤੁਹਾਡੇ ਮਗਰ ਲੱਗ ਜਾਏਗਾ, ਮਨ ਜਿੱਤਣ ਨਾਲ ਜਗ ਨੂੰ ਜਿੱਤ ਜਾਉਗੇ।"[390]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਾਈ ਸਾਈਦਾਸ ਦੀ ਸਚੀ ਕੁਲ ਨੂੰ ਅਮੋਲਕ ਕਿਹਾ ਗਿਆ ਹੈ:

ਜੜੀਆਂ ਸਾਈਦਾਸੁ ਹੈ ਸਭ ਕੁਲੁ ਹੀਰੇ ਲਾਲ ਅਪਾਰਾਂ।

(11/28-5)

ਭਾਈ ਪੈੜਾ, ਗੁਰੂ ਅਰਜਨ ਦੇਵ ਜੀ ਦਾ ਪ੍ਰਮੁੱਖ ਸਿੱਖ ਸੀ ਤੇ ਬਚਨਾ ਦਾ ਆਗਿਆਕਾਰ ਸੀ। ਗੁਰੂ ਸਾਹਿਬ ਦੇ ਕਹਿਣ ਤੇ ਸੰਗਲਾ ਦੀਪ ਤੋਂ ਪ੍ਰਾਣ ਸੰਗਲੀ ਦੀ ਪੋਥੀ ਲੈ ਕੇ ਆਇਆ ਸੀ।

ਭਾਈ ਗੁਰਦਾਸ ਨੇ ਭਾਈ ਪੈੜਾ ਨੂੰ ਦਰਗਾਹ ਦਾ ਵੱਡਾ ਭੰਡਾਰੀ ਕਿਹਾ ਹੈ:

ਮਲਕ ਪੈੜਾ ਹੈ ਕੋਹਲੀ ਦਰਗਹੁ ਭੰਡਾਰੀ ਅਤਿ ਭਾਰਾ।

(11/28-6)

ਭਾਈ ਮੀਆ ਜਮਾਲ, ਤੇ ਭਾਈ ਭਗਤੂ ਗੁਰੂ ਅਰਜਨ ਦੇਵ ਜੀ ਦਾ ਜਸ ਸੁਣ ਕੇ ਗੁਰੂ ਸਾਹਿਬ ਦੀ ਸ਼ਰਣ ਵਿਚ ਆਏ ਤੇ ਬੇਨਤੀ ਕੀਤੀ ਕਿ ਸਾਨੂੰ ਵੀ ਸਿੱਖ ਬਣਾਉ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਗੁਰੂ ਕੀ ਬਾਣੀ ਸਿਦਕ ਨਾਲ ਪੜ੍ਹਨੀ, ਇਹ ਸਰੀਰ ਸਭ ਪੰਜਾਂ ਤੱਤਾਂ ਦੇ ਹਨ ਤੇ ਸਭਨਾ ਵਿਚ ਚੇਤੰਨ ਇਕ ਹੈ। ਜੋ ਕੋਈ ਚੇਤੰਨ ਨੂੰ ਪਛਾਣਦੇ ਹਨ ਉਹ ਗੁਰੂ ਦੇ ਸਿੱਖ ਹਨ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਾਈ ਮੀਆਂ ਜਮਾਲ ਤੇ ਭਾਈ ਭਗਤੂ ਨੂੰ ਗੁਰੂ ਸਾਹਿਬ ਦੇ ਖਾਸ ਹਜ਼ੂਰੀ ਸਿੱਖ ਦੱਸਿਆ ਗਿਆ ਹੈ ਤੇ ਕਿਹਾ ਹੈ ਕਿ ਇਹ ਨਿਹਾਲ ਹੋ ਕੇ ਭਗਤੀ ਦੀ ਕਾਰ ਕਰਾਉਂਦੇ ਰਹੇ:

ਮੀਆ ਜਮਾਲੁ ਨਿਹਾਲੁ ਹੈ ਭਗਤੂ ਭਗਤ ਕਮਾਵੈ ਕਾਰਾ।

(11/28-7)

<u>ਗੁਰੂ ਹਰਗੋਬਿੰਦ ਜੀ ਦੇ ਸਿੱਖ :</u>

<u>ਭਾਈ ਅਨੰਤਾ ਤੇ ਭਾਈ ਕੁਕੋ,</u> ਗੁਰੂ ਹਰਗੋਬਿੰਦ ਜੀ ਦੀ ਸੰਗਤ ਵਿਚ ਆਏ। ਗੁਰੂ ਸਾਹਿਬ ਨੇ ਇਹਨਾਂ ਦੇ ਕਈ ਸ਼ੰਕਿਆਂ ਦੀ ਨਵਿਰਤੀ ਕੀਤੀ ਤੇ ਸਤਿਨਾਮ ਦਾ ਉਪਦੇਸ਼ ਦਿੱਤਾ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹਨਾਂ ਨੂੰ ਭਲੇ ਸਰਦਾਰ ਕਿਹਾ ਗਿਆ ਹੈ:

ਆਨੰਤਾ ਕੁਕੋ ਭਲੇ ਸੱਭ ਵਧਾਵਣ ਹਨਿ ਸਿਰਦਾਰਾ।

(11/29-1)

<u>ਭਾਈ ਨਿਵਲਾ, ਨਿਹਾਲੂ,</u> ਗੁਰੂ ਸਾਹਿਬ ਦੀ ਸ਼ਰਨ ਵਿਚ ਆਏ ਤੇ ਅਰਦਾਸ ਕੀਤੀ ਕਿ ਸਾਡਾ ਉਧਾਰ ਕਰੋ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ, ਜਿਸ ਤਰ੍ਹਾਂ ਪਾਠ ਸ਼ਬਦ ਦੇ ਕੇ ਪੁੰਨ ਹੁੰਦਾ ਹੈ ਪਰ ਗਿਆਨ ਪ੍ਰਾਪਤ ਨਹੀਂ ਹੁੰਦਾ ਤੇ ਸ਼ਬਦ ਦੀ ਵਿਚਾਰ ਕਰਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਹਨਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਨੀ ਸ਼ੁਰੂ ਕਰ ਦਿੱਤੀ। ਜਿਹੜਾ ਸਰੋਤਾ ਸ਼ਰਧਾ ਕਰਕੇ ਸੁਣੇ, ਉਸ ਨੂੰ ਗੁਰਮਤਿ ਪ੍ਰਾਪਤ ਹੋਵੇ। ਇਸ ਤਰ੍ਹਾਂ ਗੁਰਬਾਣੀ ਤੇ ਵਿਚਾਰ ਕਰਨ ਨਾਲ ਇਹ (ਦੋਨੋਂ) ਹੀ ਜੀਵਨ ਮੁਕਤ ਹੋਏ ਤੇ ਹੋਰ ਕਥਾ ਸੁਣਨ ਵਾਲੇ ਵੀ ਜੀਵਨ ਮੁਕਤ ਹੋ ਜਾਏ।

ਭਾਈ ਗੁਰਦਾਸ ਨੇ ਵਾਰਾਂ ਵਿਚ ਇਹਨਾਂ ਨੂੰ ਸ਼ਬਦ ਤੇ ਵਿਚਾਰਕ ਦੱਸਿਆ ਹੈ:

ਇਟਾ ਰੋੜਾ ਜਾਣੀਐ ਨਵਲ ਨਿਹਾਲੂ ਸ਼ਬਦ ਵੀਚਾਰਾ।

(11/29-2)

<u>ਭਾਈ ਤਖਤੂ, ਭਾਈ ਦਰਬਾਰ, ਭਾਈ ਮਨਸਾ ਧਾਰੂ ਤੇ ਭਾਈ ਤੀਰਥ,</u> ਗੁਰੂ ਹਰਗੋਬਿੰਦ ਜੀ ਸਾਹਿਬ ਪਾਸ ਆਏ ਤੇ ਬੇਨਤੀ ਕੀਤੀ ਜੇ ਕਰ ਹੋਰਨਾ ਦੇ ਮੁੱਖ ਤੋਂ ਵਿਚਾਰ ਸੁਣਦੇ ਹਾਂ ਤਾਂ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ ਤੇ ਜੇ ਭਾਈ ਨਿਵਲੇ ਤੇ ਭਾਈ ਨਿਹਾਲੂ ਦੇ ਮੁੱਖ ਤੋਂ ਬਾਣੀ ਸੁਣਦੇ ਹਾਂ ਤਾਂ ਮਨ ਵਿਚ ਡਰ ਆਉਂਦਾ ਹੈ ਤੇ ਗੁਰਮਤਿ ਦੀ ਪ੍ਰਾਪਤੀ ਹੁੰਦੀ ਹੈ ਤੇ

ਦੁਰਮਤਿ ਘੱਟ ਜਾਂਦੀ ਹੈ, ਗੁਰੂ ਸਾਹਿਬ ਨੇ ਇਹਨਾਂ ਨੂੰ ਭਾਈ ਨਿਹਾਲੂ ਤੇ ਨਿਵਲੇ ਦੀ ਸੰਗਤ ਕਰਨ ਦਾ ਉਪਦੇਸ਼ ਦਿੱਤਾ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਹਨਾਂ ਸਿੱਖਾਂਬਾਰੇ ਸੰਕੇਤ ਮਿਲਦਾ ਹੈ:

ਤਖਤੂ ਧੀਰੁ ਗੰਭੀਰ ਹੈ ਦਰਗਹੁ ਤੁਲੀ ਜਪੈ ਨਿਰੰਕਾਰਾ।
ਮਨਸਾ ਧਾਰੁ ਅਥਾਹੁ ਤੀਰਥੁ ਉਪਲੁ ਸੇਵਕ ਸਾਰਾ।

(11/29-3,4)

<u>ਭਾਈ ਕਿਸਨਾ ਤੇ ਭਾਈ ਪੰਮੂ</u> , ਗੁਰੂ ਸਾਹਿਬ ਦੀ ਸ਼ਰਨ ਵਿਚ ਆਏ ਤੇ ਅਰਦਾਸ ਕੀਤੀ ਕਿ ਸਾਂਡਾ ਉਧਾਰ ਕਰੋ। ਗੁਰੂ ਸਾਹਿਬ ਨੇ ਬਚਨ ਕੀਤਾ, "ਕਲਯੁੱਗ ਵਿਚ ਨਾਮ ਵਡਾ ਜਹਾਜ ਹੈ, ਤੁਸੀਂ ਭੀ ਨਾਮ ਦੇ ਜਹਾਜ ਪਰ ਚੜ੍ਹ ਬੈਠੋ ਤੇ ਸ਼ਬਦ ਦੇ ਉਚਾਰਨ ਦਾ ਅਭਿਆਸ ਕਰੋ।"

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਦਰਜ ਹੈ:

ਕਿਸਨਾ ਝੰਝੀ ਆਖੀਐ ਪੰਮੂ ਪੁਰੀ ਗੁਰੂ ਕਾ ਪਿਆਰਾ।

(11/29-5)

<u>ਭਾਈ ਧਿੰਗੜ ਤੇ ਭਾਈ ਮੱਦੂ,</u> ਤਰਖਾਣ ਦਾ ਕੰਮ ਕਰਦੇ ਸਨ। ਸੂਰਜ ਪ੍ਰਕਾਸ਼ ਵਿਚ ਇਹਨਾਂ ਨੂੰ ਨਲ ਤੇ ਨੀਲ ਦਾ ਅਵਤਾਰ ਕਿਹਾ ਗਿਆ ਹੈ।[391] ਇਹ ਸਾਰਾ ਦਿਨ ਗੁਰੂ ਘਰ ਦੀ ਸੇਵਾ ਕਰਦੇ ਤੇ ਕਥਾ ਦੇ ਸਮੇਂ ਕਥਾ ਸੁਣਦੇ ਤੇ ਸਿੱਖਾਂ ਦੀ ਟਹਿਲ ਸੇਵਾ ਕਰਦੇ । ਜਿਸ ਸਮੇਂ ਅੰਤਮ ਸਮਾਂ ਨੇੜੇ ਆਇਆ ਤਾਂ ਆਪਣੇ ਸਾਰੇ ਪਦਾਰਥ ਗਰੀਬਾਂ ਨੂੰ ਵੰਡ ਦਿੱਤੇ ਤੇ ਆਪ ਗੁਰੂ ਦੇ ਚਰਨੀ ਆ ਲੱਗੇ ਤੇ ਸਤਿਨਾਮ ਦਾ ਜਾਪ ਕਰਦਿਆਂ ਪ੍ਰਾਣ ਤਿਆਗ ਦਿੱਤੇ। ਭਾਈ ਮਨੀ ਸਿੰਘ ਅਨੁਸਾਰ ਇਹਨਾਂ ਦਾ ਸੰਸਕਾਰ ਕਰਨ ਸਮੇਂ ਗੁਰੂ ਸਾਹਿਬ ਵੀ ਉਥੇ ਪਹੁੰਚੇ ਸਨ।[392]

ਭਾਈ ਗੁਰਦਾਸ ਅਨੁਸਾਰ "ਧਿੰਗੜ ਮੰਦੂ ਜਾਣੀਅਨਿ ਵਡੇ ਸੁਜਾਨ ਤਖਾਣ ਅਪਾਰਾ।"

(11/29-6)

<u>ਭਾਈ ਬੂਨਾਂਵਾਲੀ ਤੇ ਭਾਈ ਪਰਸਰਾਮ</u> ਬਾਲ ਵੈਦ ਸਨ। ਜੋ ਵੀ ਸਿੱਖ ਬੀਮਾਰ ਹੁੰਦਾ ਉਸ ਦੇ ਘਰ ਜਾ ਕੇ ਉਸ ਦਾ ਇਲਾਜ ਕਰਦੇ ਤੇ ਨਾਲ ਨਾਲ ਗੁਰੂ ਦੇ ਸ਼ਬਦ ਦਾ ਸਿਮਰਨ ਵੀ ਕਰਦੇ।

ਭਾਈ ਗੁਰਦਾਸ ਲਿਖਦੇ ਹਨ ਕਿ ਮੈਂ ਇਹਨਾਂ ਬਾਲ ਵੈਦਾਂ ਤੋਂ ਬਲਿਹਾਰੀ ਜਾਂਦਾ ਹਾਂ:

ਬਨਵਾਲੀ ਤੇ ਪਰਸਰਾਮ ਬਾਲਵੈਦ ਹਉਤਿਨਿ ਬਲਿਹਾਰੀ।

(11/29-7)

ਭਾਈ ਤੀਰਥ ਬਾਦਸ਼ਾਹ ਦੀ ਫੌਜ ਵਿਚ ਨੌਕਰ ਸੀ। ਗੁਰੂ ਸਾਹਿਬ ਪਾਸ ਆਇਆ ਤੇ ਅਰਦਾਸ ਕੀਤੀ ਅਸੀਂ ਕੰਮ ਵਿਚ ਰੁਝੇ ਰਹਿੰਦੇ ਹਾਂ, ਫੁਰਸਤ ਨਹੀਂ ਮਿਲਦੀ, ਉਧਾਰ ਕਿਸ ਤਰ੍ਹਾਂ ਹੋਵੇਗਾ? ਗੁਰੂ ਸਾਹਿਬ ਨੇ ਬਚਨ ਕੀਤਾ ਕਿਰਤ ਕਰਨ ਸਮੇਂ ਸਤਿਨਾਮ ਦਾ ਜਾਪ ਹਿਰਦੇ ਵਿਚ ਕਰੀ ਜਾਉ ਤੇ ਆਏ ਗਏ ਸਾਧਾਂ ਦੀ ਟਹਿਲ ਸੇਵਾ ਕਰਿਆ ਕਰੋ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਦਰਜ ਹੈ:

ਲਸ਼ਕਰ ਭਾਈ ਤੇ ਤੀਰਥਾ - - - - - - -।

(11/30-1)

ਭਾਈ ਹਰਿਦਾਸ ਗਵਾਲੀਅਰ ਦਾ ਰਹਿਣ ਵਾਲਾ ਸੀ। ਇਹ ਸਿੱਖਾਂ ਦੀ ਸੇਵਾ ਕਰਦਾ ਸੀ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਜਦੋਂ ਮੁਗਲ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਕੇ ਭੇਜਿਆ ਤਾਂ ਇਸ ਨੇ ਉਥੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਭਾਈ ਮਨੀ ਸਿੰਘ ਅਨੁਸਾਰ, ਭਾਈ ਹਰਿਦਾਸ ਹਰ ਰੋਜ਼ 25 ਮਣ ਆਟਾ ਪੰਜ ਮਣ ਘਿਉ ਤੇ ਪੰਜ ਮਣ ਖੰਡ ਤੇ ਹੋਰ ਕਈ ਪ੍ਰਕਾਰ ਦੇ ਪ੍ਰਸ਼ਾਦ ਕਿਲ੍ਹੇ ਵਿਚ ਭੇਜਦਾ ਸੀ।"[393] ਜਦੋਂ ਗੁਰੂ ਸਾਹਿਬ ਦੀ ਰਿਹਾਈ ਹੋਈ ਤਾਂ ਇਹ ਵੀ ਗੁਰੂ ਸਾਹਿਬ ਦੇ ਨਾਲ ਹੀ ਆ ਗਿਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਮਿਲਦਾ ਹੈ:

- - - - ਗੁਆ ਲੀਏਹ ਸੁਹਿਨੀ ਹਰਿਦਾਸੁ।

(11/30-1)

ਭਾਈ ਭਾਵਾ ਤੇ ਭਾਈ ਧੀਰ, ਉਜੈਨ ਦੇ ਰਹਿਣ ਵਾਲੇ ਸਨ। ਸਾਰਾ ਦਿਨ ਕਥਾ ਕੀਰਤਨ ਸੁਣਦੇ ਤੇ ਕਰਦੇ। ਪਹਿਰ ਰਾਤ ਰਹਿੰਦੇ ਉਠੱਕੇ ਇਸ਼ਨਾਨ ਕਰਕੇ ਗੁਰਬਾਣੀ ਪੜ੍ਹਦੇ। ਇਹ ਸਾਲ ਵਿਚ ਦੋ ਵਾਰੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਂਦੇ ਸਨ।

ਭਾਈ ਗੁਰਦਾਸ ਅਨੁਸਾਰ ਇਹ ਸਤਿਸੰਗ ਤੇ ਸ਼ਬਦ ਨੂੰ ਪਿਆਰ ਕਰਨ ਵਾਲੇ ਸਨ:

ਭਾਵਾ ਧੀਰੁ ਉਜੈਨ ਵਿਚਿ ਸਾਧ ਸੰਗਤਿ ਗੁਰੂ ਸਬਦਿ ਨਿਵਾਸਾ।
(11/30-2)

ਭਾਈ ਭਗਵਾਨ ਦਾਸ, ਭਾਈ ਬੋਦਲਾ, ਭਾਈ ਕਟਾਰੂ, ਭਾਈ ਪ੍ਰਿਥੀ ਮਲ, ਭਗਤ ਛੁਰਾ, ਭਗਤ ਡੱਲੂ, ਭਾਈ ਸੁੰਦਰ, ਭਾਈ ਸਵਾਮੀ ਦਾਸ, ਗੁਰੂ ਹਰਗੋਬਿੰਦ ਸਾਹਿਬ ਦੀ ਸ਼ਰਨ ਆਏ ਤੇ ਅਰਦਾਸ ਕੀਤੀ ਕਿ ਸਾਡਾ ਉਧਾਰ ਕਰੋ। ਭਾਈ ਮਨੀ ਸਿੰਘ ਅਨੁਸਾਰ, ਗੁਰੂ ਸਾਹਿਬ ਨੇ ਬਚਨ ਕੀਤਾ , "ਤੁਸਾਂ ਆਪਣੇ ਸ਼ਹਿਰ ਵਿਚ ਧਰਮਸਾਲ ਬਣਾਉਣੀ, ਅੰਮ੍ਰਿਤ ਵੇਲੇ ਗੁਰੂ ਦੀ ਬਾਣੀ ਦੀ ਚਰਚਾ ਕਰਨੀ, ਆਰਤੀ ਚਰਣ ਕੰਵਲ ਪੜ੍ਹ ਕੇ ਭੋਗ ਪਾਉਣਾ, ਰਹਿਰਾਸ ਦੇ ਸਮੇਂ ਇਕੱਠੇ ਹੋ ਕੇ ਰਹਿਰਾਸ ਪੜ੍ਹਨੀ, ਪ੍ਰਸਾਦ ਛੱਕ ਕੇ ਪਹਿਰ ਰਾਤ ਜਾਂਦੀ ਤੱਕ ਕੀਰਤਨ ਕਰਨਾ ਤੇ ਕੀਰਤਨ ਸੋਹਿਲਾ ਪੜ੍ਹ ਕੇ ਰਾਤੀ ਜਾਇ ਸਉਣਾ, ਪਿਛਲੀ ਰਾਤ ਇਸ਼ਨਾਨ ਕਰਕੇ ਕੰਠਿ ਦੀ ਬਾਣੀ ਪੜ੍ਹਨੀ, ਸਿੱਖਾਂ ਦੀ ਟਹਿਲ ਸੇਵਾ ਕਰਨੀ, ਮਨ ਨੀਵਾਂ ਰੱਖਣਾ, ਹਉਮੈ ਨਹੀਂ ਕਰਨੀ। ਇਸ ਤਰ੍ਹਾਂ ਕਰਨ ਨਾਲ ਇਹਨਾਂ ਦਾ ਕਲਿਆਣ ਹੋਇਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਦਰਜ ਹਨ ਕਿ ਬੁਰਹਾਨਪੁਰ ਵਿਚ ਵੱਡਾ ਮੇਲ ਹੈ ਜਿਥੇ ਸਹਜ ਪਦ ਦੇ ਸਿੱਖ ਪ੍ਰਸਿੱਧ ਹਨ।

ਮੇਲ ਵਡਾ ਬੁਰਹਾਨਪੁਰਿ ਸਨਮੁਖ ਸਿਖ ਸਹਜ ਪਰਗਾਸ।
ਭਗਤ ਭਈਆ ਭਗਵਾਨ ਦਾਸ ਨਾਲਿ ਬੋਦਲਾ ਘਰੇ ਉਦਾਸ।
ਮਲਕ ਕਟਾਰੂ ਜਾਣੀਐ ਪਿਰਥੀ ਮੱਲ ਜਰਾਹੀ ਖਾਸ।
ਭਗਤੂ ਛੁਰਾ ਵਖਾਣੀਐ ਡੱਲੂ ਰੀਹਾਣੇ ਸਾਬਾਸ।
ਸੁੰਦਰ ਸੁਆਮੀ ਦਾਸ ਦੁਇ ਵੰਸ ਵਧਾਵਣ ਕਵਲ ਵਿਗਾਸ।
(11/30-3 ਤੋਂ 7)

ਭਾਈ ਭਿਖਾਰੀ, ਭਾਬੜਾ ਤੇ ਸੁਲਾਸ ਗੁਜਰਾਤ ਦੇ ਰਹਿਣ ਵਾਲੇ ਸਨ। ਸਿੱਖਾਂ ਦੀ ਟਹਿਲ ਸੇਵਾ ਕਰਦੇ, ਗਿਆਨ ਦੀ ਚਰਚਾ ਕਰਦੇ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਦੇ ਸਨ।

ਭਾਈ ਗੁਰਦਾਸ ਨੇ ਇਨ੍ਹਾਂ ਨੂੰ ਗੁਜਰਾਤੀਏ ਸਿੱਖ ਕਿਹਾ ਹੈ:

ਗੁਜਰਾਤੇ ਵਿਚਿ ਜਾਣੀਐ ਭੇਖਾਰੀ ਭਾਬੜਾ ਸੁਲਾਸ।

(11/30-8)

ਭਾਈ ਮਾਈਆ ਲੇਬ, ਸੁਹੰਡੇ ਪਿੰਡ ਦਾ ਰਹਿਣ ਵਾਲਾ ਸੀ। ਇਹ ਸਵੇਰੇ, ਸਾਮ ਸਾਧ ਸੰਗਤ ਵਿਚ ਬੈਠ ਕੇ ਗੁਰੂ ਦੇ ਸ਼ਬਦ ਦਾ ਕੀਰਤਨ ਕਰਦਾ ਸੀ। ਇਕ ਦਿਨ ਗੁਰੂ ਸਾਹਿਬ ਪਾਸ ਬੇਨਤੀ ਕੀਤੀ ਕਿ ਉੱਤਮ ਗੁਰਸਿੱਖ ਕੌਣ ਹੈ? ਗੁਰੂ ਸਾਹਿਬ ਨੇ ਬਚਨ ਕੀਤਾ ਕਿ ਜੋ ਸਿੱਖ ਸਤਿਗੁਰਾਂ ਦੇ ਉਪਦੇਸ਼ ਨੂੰ ਜਪਦਾ ਹੈ, ਦੁੱਖ ਸੁੱਖ ਨੂੰ ਸਰੀਰ ਦਾ ਅੰਗ ਸਮਝਦਾ ਹੈ, ਹਰਖ ਸੋਗ ਨੂੰ ਕਰਮਾਂ ਅਨੁਸਾਰ ਸਮਝ ਕੇ ਸਮਾਨ ਰਹਿੰਦਾ ਹੈ ਤੇ ਨਿਸ਼ਕਾਮ ਭਗਤੀ, ਸੇਵਾ ਕਰਦਾ ਹੈ, ਉਹ ਉੱਤਮ ਗੁਰਸਿੱਖ ਕਿਹਾ ਜਾਂਦਾ ਹੈ।

ਭਾਈ ਗੁਰਦਾਸ ਅਨੁਸਾਰ ਭਾਈ ਮਾਈਆ ਲੇਬ, ਗੁਰਬਾਣੀ ਸਾਧ ਸੰਗਤ ਵਿਖੇ ਗਾਉਂਦਾ ਸੀ:

ਸੁਹੰਡੈ ਮਾਈਆ ਲੇਬ ਹੈ ਸਾਧ ਸੰਗਤਿ ਗਾਵੈ ਗੁਰਬਾਣੀ।

(11/31-1)

ਭਾਈ ਚੂਹੜ, ਲਖਨਊ ਦਾ ਰਹਿਣ ਵਾਲਾ ਸੀ। ਹਰ ਸਮੇਂ ਟੁਰਦਿਆਂ, ਫਿਰਦਿਆਂ, ਕੰਮ ਕਰਦਿਆਂ ਪ੍ਰਭੂ ਦਾ ਨਾਮ ਜਪਦਾ ਰਹੇ। ਇਕ ਦਿਨ ਗੁਰੂ ਹਰਗੋਬਿੰਦ ਜੀ ਪਾਸ ਆਇਆ ਤੇ ਮਨ ਦੀ ਸੰਕਾਵਾਂ ਗੁਰੂ ਸਾਹਿਬ ਅੱਗੇ ਬਿਆਨ ਕੀਤੀਆਂ । ਗੁਰੂ ਸਾਹਿਬ ਨੇ ਬਚਨ ਕੀਤਾ ਮਨ ਨੀਵਾਂ ਰੱਖੋ।

ਭਾਈ ਗੁਰਦਾਸ ਅਨੁਸਾਰ:

ਭਾਈ ਭਾਨਾ ਸਨਮੁੱਖ ਸਿੱਖ ਸੀ ਤੇ ਪਿਰਾਗ ਦਾ ਰਹਿਣ ਵਾਲਾ ਸੀ। ਗੁਰੂ ਸਾਹਿਬ ਪਾਸ ਕਲਿਆਣ ਲਈ ਅਰਦਾਸ ਕੀਤੀ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ। ਸਦਾ ਵਾਹਿਗੁਰੂ ਦਾ ਭਜਨ ਕਰਨਾ ਤੇ ਧਰਮ ਦੀ ਕਿਰਤ ਕਰਨੀ। ਜੋ ਸਿੱਖ ਸ਼ਬਦ ਦਾ ਤੇ ਨਾਮ ਦਾ ਉਚਾਰਣ ਤੇ ਸ੍ਰਵਣ ਨਿੱਤ ਕਰਦੇ ਹਨ, ਉਹ ਧਰਮ ਗਿਆਨੀ ਹੋ ਜਾਂਦੇ ਹਨ। ਜੋ ਨਿੰਦਕਾਂ ਦੇ ਬਚਨ ਸੁਣ ਕੇ ਸ਼ਬਦ ਤੇ ਨਾਮ ਨੂੰ ਛੱਡ ਦਿੰਦੇ ਹਨ ਸੋ ਜਨਮ ਮਰਨ ਨੂੰ ਪ੍ਰਾਪਤ ਹੁੰਦੇ ਹਨ।

ਭਾਈ ਗੁਰਦਾਸ ਨੇ ਭਾਈ ਭਾਨਾ ਨੂੰ ਵਾਰਾਂ ਵਿਚ ਵੈਰਾਗ ਦੀ ਖਾਣ ਕਿਹਾ ਹੈ।

ਸਨਮੁੱਖ ਸਿੱਖ ਪਿਰਾਗ ਵਿਚ ਭਾਈ ਭਾਨਾ ਵਿਰਤੀ ਹਾਣੀ।

(11/31-3)

(ਸ) ਗੁਰੂ ਸਾਹਿਬਾਨ ਦੀ ਸੰਤਾਨ ਸਬੰਧੀ ਸੰਕੇਤ :

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਸੰਤਾਨ ਸਬੰਧੀ ਸੰਕੇਤ ਦਰਜ ਹਨ। ਭਾਈ ਸਾਹਿਬ ਨੇ ਇਨ੍ਹਾਂ ਸੰਕੇਤਾਂ ਰਾਹੀਂ ਸਖਸ਼ੀਅਤਾਂ ਦੇ ਗੁਰੂ ਘਰ ਨਾਲ ਸਬੰਧਾਂ ਨੂੰ ਪ੍ਰਕਾਸ਼ਮਾਨ ਕੀਤਾ ਹੈ।

ਬਾਬਾ ਸ੍ਰੀ ਚੰਦ ਜੀ :

ਬਾਬਾ ਸ੍ਰੀ ਚੰਦ ਜੀ, ਗੁਰੂ ਨਾਨਕ ਸਾਹਿਬ ਦੇ ਵੱਡੇ ਸਪੁੱਤਰ ਸਨ।[395] ਇਹਨਾਂ ਦਾ ਜਨਮ ਸੁਦੀ 9 ਸੰਮਤ 1551 ਮੁਤਾਬਕ ਸੰਨ 1494 ਈ. ਨੂੰ ਮਾਤਾ ਸੁਲਖਣੀ ਤੋਂ ਸੁਲਤਾਨਪੁਰ ਵਿਖੇ ਹੋਇਆ ਤੇ ਦੇਹਾਂਤ 15 ਅੱਸੂ ਸੰਮਤ 1669 ਮੁਤਾਬਕ ਸੰਨ 1612 ਈ. ਨੂੰ ਹੋਇਆ।[396] ਇਸ ਪ੍ਰਕਾਰ ਆਪ ਦੀ ਸਾਰੀ ਅਵਸਥਾ 118 ਸਾਲ ਦੀ ਸੀ।

ਬਾਬਾ ਸ੍ਰੀ ਚੰਦ ਜੀ ਪਹਿਲੇ ਛੇ ਗੁਰੂ ਸਾਹਿਬਾਨ ਤੱਕ ਜੀਵਤ ਰਹੇ। ਸਾਰੇ ਗੁਰੂ ਸਾਹਿਬਾਨ ਇਹਨਾਂ ਦਾ ਬਹੁਤ ਆਦਰ ਸਤਿਕਾਰ ਕਰਦੇ ਸਨ। ਇਕ ਵਾਰ ਸ੍ਰੀ ਚੰਦ ਜੀ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਨੂੰ ਆਏ। ਗੁਰੂ ਸਾਹਿਬ ਇਹ ਸੁਣ ਕੇ ਆਪ ਨੂੰ ਅੱਗੋਂ ਲੈਣ ਗਏ ਅਤੇ ਪਰਸਪਰ ਨਮਸਕਾਰ ਕਰਕੇ ਡੇਰੇ ਵਿਚ ਲਿਆਂਦਾ। ਗੁਰੂ ਸਾਹਿਬ ਨੇ ਦੀਵਾਨ ਵਿਚ ਸ੍ਰੀ ਚੰਦ ਜੀ ਨੂੰ ਉਚੇ ਸਥਾਨ ਤੇ ਬਿਠਾਇਆ। ਸ੍ਰੀ ਚੰਦ ਜੀ ਨੇ ਗੁਰੂ ਸਾਹਿਬ ਦੇ ਸੁਭਾਅ ਨੂੰ ਪਰਖਣ ਵਾਸਤੇ ਆਖਿਆ ਆਪਨੇ ਇੰਨੀ ਲੰਮੀ ਦਾੜ੍ਹੀ ਕਿਉਂ ਵਧਾਈ ਹੋਈ ਹੈ? ਗੁਰੂ ਜੀ ਕਹਿਣ ਲੱਗੇ ਕਿ ਆਪਦੇ ਚਰਨ ਝਾੜਨ ਵਾਸਤੇ । ਸ੍ਰੀ ਚੰਦ ਜੀ ਪ੍ਰਸੰਨ ਹੋਏ ਬੋਲੇ ਇਨ੍ਹਾਂ ਹੀ ਗੁਣਾਂ ਕਰਕੇ ਆਪ ਨੇ ਇਸ ਪਦਵੀ ਨੂੰ ਪਾ ਲਿਆ ਹੈ, ਆਪ ਜ਼ਰੂਰ ਹੀ ਸ੍ਰਿਸ਼ਟੀ ਦਾ ਉਧਾਰ ਕਰੋਗੇ।"[397]

ਬਾਬਾ ਸ੍ਰੀ ਚੰਦ ਜੀ ਨੇ ਇਕ ਵਾਰ ਆਪਣੇ ਸੇਵਕ ਕਮਲੀਆਂ ਨੂੰ ਗੁਰੂ ਅਰਜਨ ਦੇਵ ਜੀ ਦੇ ਪਾਸ ਇਹ ਕਹਿ ਕੇ ਭੇਜਿਆ ਕਿ ਪੰਜ ਸਾਲ ਹੋ ਗਏ ਹਨ ਗੁਰੂ ਅਰਜਨ ਨੇ

ਸਾਡੀ ਭੇਟਾ ਨਹੀਂ ਭੇਜੀ। ਕਮਲੀਆਂ ਗੁਰੂ ਸਾਹਿਬ ਪਾਸ ਗਿਆ ਤੇ ਗੁਰੂ ਸਾਹਿਬ ਨੇ ਉਸ ਦੇ ਕਹਿਣ ਅਨੁਸਾਰ ਇਕ ਹਜ਼ਾਰ ਰੁਪੈ ਤੇ ਇਕ ਘੋੜਾ, ਕਮਲੀਆ ਜੀ ਨੂੰ ਦੇ ਦਿੱਤਾ। ਗੁਰੂ ਸਾਹਿਬ ਨੇ ਕਮਲੀਆ ਜੀ ਨੂੰ ਲੰਗਰ ਛੱਕ ਕੇ ਜਾਣ ਲਈ ਕਿਹਾ। ਜਦੋਂ ਉਸ ਨੇ ਮਾਤਾ ਗੰਗਾ ਜੀ ਪਾਸੋਂ ਖੜ੍ਹੇ ਖੜ੍ਹੇ ਲੰਗਰ ਮੰਗਿਆ ਤਾਂ ਮਾਤਾ ਜੀ ਨੇ ਕਿਹਾ ਤੂੰ ਤਾਂ ਸਿਪਾਹੀਆਂ ਦੀ ਤਰ੍ਹਾਂ ਹਕੂਮਤ ਕਰਕੇ ਮੰਗਦਾ ਹੈ। ਅਖੀਰ ਗੁਰੂ ਸਾਹਿਬ ਨੇ ਇਕ ਸਿੱਖ ਨਾਲ ਭੇਜਿਆ ਕਿ ਜਾਉ ਇਹਨਾਂ ਨੂੰ ਡੇਰਾ ਬਾਬਾ ਨਾਨਕ ਪਹੁੰਚਾ ਕੇ ਆਉ। ਕਮਲੀਆ ਜੀ ਨੇ ਬਾਬਾ ਸ੍ਰੀ ਚੰਦ ਜੀ ਨੂੰ ਸਾਰੀ ਵਾਰਤਾ ਸੁਣਾਈ ਤਾਂ ਸ੍ਰੀ ਚੰਦ ਜੀ ਬੋਲੇ ਕਿ ਬੇਅੰਤ ਖਜ਼ਾਨਾ ਤੇ ਘੋੜੇ ਬੱਧੇ ਰਹਿਣਗੇ। ਫੇਰ ਕਮਲੀਆ ਜੀਨੇ ਲੰਗਰ ਵਾਲੀ ਗੱਲ ਸੁਣਾਈ ਤਾਂ ਸ੍ਰੀ ਚੰਦ ਜੀ ਬੋਲੇ ਅੱਛਾ ਸਿਪਾਹੀ ਹੀ ਆ ਕੇ ਖਾਣਗੇ। ਇਹ ਸਰਾਪ ਗੁਰੂ ਜੀ ਦੇ ਸਿੱਖ ਨੇ ਗੁਰੂ ਸਾਹਿਬ ਨੂੰ ਆ ਕੇ ਸੁਣਾਇਆ ਤਾਂ ਗੁਰੂ ਸਾਹਿਬ ਨੇ ਘਰ ਜਾ ਕੇ ਆਖਿਆ ਕਿ ਸ੍ਰੀ ਚੰਦ ਜੀ ਦਾ ਸਰਾਪ ਬਿਰਥਾ ਨਹੀਂ ਜਾਂਦਾ ।

ਗੁਰੂ ਹਰਗੋਬਿੰਦ ਜੀ ਨੇ ਆਪਣੇ ਵੱਡੇ ਸਾਹਿਬਜਾਦੇ, ਬਾਬਾ ਗੁਰਦਿੱਤਾ ਜੀ ਨੂੰ ਸ੍ਰੀ ਚੰਦ ਜੀ ਦੀ ਭੇਟ ਕਰ ਚੇਲਾ ਬਣਾ ਦਿੱਤਾ ਸੀ।[398]

ਉਪਰੋਕਤ ਵਿਚਾਰ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਬਾਬਾ ਸ੍ਰੀ ਚੰਦ ਜੀ ਪ੍ਰਤੀ ਸਤਿਕਾਰ ਗੁਰੂ ਸਾਹਿਬਾਨ ਦੇ ਮਨ ਵਿਚ ਸੀ। ਭਾਈ ਗੁਰਦਾਸ ਵਾਰਾਂ ਵਿਚ ਲਿਖਦਾ ਹੈ ਕਿ ਜਦੋਂ ਦੋਵੇਂ ਪੁੱਤਰ (ਸ੍ਰੀ ਚੰਦ ਤੇ ਲਖਮੀ ਚੰਦ) ਨੇ ਬਚਨ ਨੂੰ ਨਾ ਮੰਨਿਆ, ਖੋਟੇ ਸਨ ਤੇ ਭੱਜਣ ਵਾਲੇ ਹੋ ਗਏ ਤਾਂ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦਿਤੀ:

ਉਲਟੀ ਗੰਗਾ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।[399]

ਭਾਈ ਗੁਰਦਾਸ ਵਾਰਾਂ ਵਿਚ ਬਾਬਾ ਸ੍ਰੀ ਚੰਦ ਜੀ ਸਬੰਧੀ ਲਿਖਦੇ ਹਨ ਕਿ ਬਾਬਾ ਸ੍ਰੀ ਚੰਦ ਬਾਲ ਜਤੀ ਹੀ ਰਿਹਾ ਅਤੇ 'ਬਾਬਾਣਾ ਦੇਹੁਰਾ' ਅਰਥਾਤ ਗੁਰੂ ਨਾਨਕ ਦਾ ਦੇਹੁਰਾ ਰਾਵੀ ਦੇ ਕੰਢੇ ਤੇ ਬਣਾ ਕੇ ਬੈਠ ਗਿਆ:

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।[400]

ਭਾਈ ਦਾਸੂ ਜੀ, ਭਾਈ ਦਾਤੂ ਜੀ :

ਭਾਈ ਦਾਸੂ ਜੀ, ਗੁਰੂ ਅੰਗਦ ਦੇਵ ਜੀ ਦੇ ਵੱਡੇ ਸਪੁੱਤਰ ਸਨ। ਆਪ ਦਾ ਜਨਮ ਮਾਤਾ ਖੀਵੀ ਜੀ ਦੀ ਉਦਰ ਤੋਂ ਸੰਮਤ 1581 ਵਿਚ ਖਡੂਰ ਵਿਖੇ ਹੋਇਆ।[401] ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਦੀ ਜਿਮੇਵਾਰੀ ਸੌਂਪਣ ਸਮੇਂ ਇਹ ਮਹਿਸੂਸ ਕੀਤਾ ਕਿ ਵੱਡੇ ਸਪੁੱਤਰ ਭਾਈ ਦਾਸੂ ਜੀ ਉਨ੍ਹਾਂ ਦੀ ਪਰਖ ਕਸਵੱਟੀ ਤੇ ਪੂਰੇ ਨਹੀਂ ਉਤਰਦੇ ਤਾਂ ਗੁਰੂ ਸਾਹਿਬ ਨੇ (ਗੁਰੂ) ਅਮਰਦਾਸ ਜੀ ਨੂੰ ਆਪਣਾ ਉਤਰਾਧਿਕਾਰੀ ਥਾਪਿਆ। ਥੋੜੇ ਸਮੇਂ ਬਾਅਦ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾ ਗਏ। ਗੁਰੂ ਅਮਰਦਾਸ ਜੀ, ਗੁਰੂ ਸਾਹਿਬ ਦੇ ਹੁਕਮ ਅਨੁਸਾਰ ਖਡੂਰ ਸਾਹਿਬ ਛੱਡ ਕੇ ਗੋਇੰਦਵਾਲ ਚਲੇ ਗਏ ਅਤੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ। ਦੂਜੇ ਪਾਸੇ ਭਾਈ ਦਾਸੂ ਜੀ ਆਪਣੇ ਆਪ ਨੂੰ ਗੁਰਗੱਦੀ ਦਾ ਅਸਲੀ ਵਾਰਸ ਸਮਝਦੇ ਸਨ। ਕੁਝ ਸ਼ਰਧਾਲੂਆਂ ਤੇ ਭਾਈਚਾਰੇ ਦੇ ਲੋਕਾਂ ਨੇ ਦਾਸੂ ਜੀ ਦੇ ਸਿਰ ਤੇ ਗੁਰਿਆਈ ਦੀ ਪੱਗ ਬੰਨ੍ਹ ਦਿੱਤੀ, ਉਹ ਸੰਗਤਾਂ ਨੂੰ ਉਪਦੇਸ਼ ਦਿੰਦੇ ਰਹੇ ਪਰ ਥੋੜੇ ਸਮੇਂ ਬਾਅਦ ਹੀ ਉਨ੍ਹਾਂ ਦਾ ਸਿਰ ਫਿਰ ਗਿਆ। ਇਸ ਦਾ ਬਿਆਨ ਕੇਸਰ ਸਿੰਘ ਛਿੱਬਰ ਇਸ ਤਰ੍ਹਾਂ ਕਰਦਾ ਹੈ:

ਮਹੀਨੇ ਖਟਿ ਦਾਸੂ ਕੀਤੀ ਗੁਰਿਆਈ।
ਰਲਿ ਮਿਲ ਸਿੱਖਾਂ ਪੱਗ ਦਾਸੂ ਨੂੰ ਬਨਿਆਈ।
ਚੜ੍ਹਦੇ ਮਹੀਨੇ ਮੂਹੁ ਦਾਸੂ ਦਾ ਫਿਰਿ ਗਇਆ।
ਅਨੇਕ ਜਤਨ ਕਰਿ ਸਿਧਾ ਨਾ ਭਇਆ।[402]

ਅਖੀਰ ਮਾਤਾ ਖੀਵੀ ਜੀ ਨੇ ਸਮਝਾਇਆ ਕਿ ਤੂੰ ਆਪਣੇ ਪਿਤਾ ਦੇ ਹੁਕਮ ਦੀ ਅਦੂਲੀ ਕੀਤੀ ਹੈ ਇਸ ਕਰਕੇ ਤੇਰਾ ਇਹ ਹਾਲ ਹੋਇਆ ਹੈ। ਇਸ ਤੇ ਭਾਈ ਦਾਸੂ ਜੀ ਗੁਰੂ ਅਮਰਦਾਸ ਜੀ ਪਾਸ ਗਏ ਅਤੇ ਉਨ੍ਹਾਂ ਦੀ ਚਰਨੀ ਲੱਗ ਕੇ ਆਪਣੀ ਭੁੱਲ ਬਖਸ਼ਾਈ। ਦਾਸੂ ਜੀ ਨੌ-ਬਰ-ਨੌ ਹੋ ਕੇ ਖਡੂਰ ਸਾਹਿਬ ਵਾਪਸ ਚਲੇ ਗਏ ਅਤੇ ਮੁੜ ਕੇ ਕਦੇ ਵੀ ਗੁਰਗੱਦੀ ਵੱਲ ਨਜ਼ਰ ਨਾ ਕੀਤੀ।

ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਭੁੱਲ ਬਖਸ਼ਾ ਕੇ ਭਾਈ ਦਾਸੂ ਜੀ ਤਾਂ ਸਮਝ ਗਏ ਕਿ ਸਾਡੇ ਪਿਤਾ ਗੁਰੂ ਅੰਗਦਦੇਵ ਜੀ ਦੀ ਉਤਰਾਧਿਕਾਰੀ ਦੀ ਨਿਯੁਕਤੀ ਸਮੇਂ ਸੋਚ ਠੀਕ ਸੀ। ਪਰ ਉਨ੍ਹਾਂ ਦੇ ਛੋਟੇ ਭਰਾ ਦਾਤੂ ਜੀ ਤੇ ਇਸ ਗੱਲ ਦਾ ਕੋਈ ਅਸਰ ਨਹੀਂ ਸੀ।

ਕਈ ਸੁਆਰਥੀ ਲੋਕ ਉਸ ਨੂੰ ਇਹ ਕਹਿ ਕੇ ਚੁੱਕਦੇ ਰਹੇ ਕਿ ਗੁਰਗੱਦੀ ਤੇ ਤੇਰਾ ਹੱਕ ਹੈ ਇਸ ਤਰ੍ਹਾਂ ਉਸ ਨੇ ਗੁਰੂ ਸਾਹਿਬ ਵਾਸਤੇ ਮੁਸ਼ਕਲਾਂ ਖੜ੍ਹੀਆਂ ਕੀਤੀ ਰੱਖੀਆਂ। ਉਸ ਨੇ ਲੋਕਾਂ ਨੂੰ ਭਰਮਾਉਣ ਲਈ ਸਿਧੀ ਪ੍ਰਾਪਤ ਕਰਨ ਦਾ ਯਤਨ ਕੀਤਾ ਤਾਂ ਕਿ ਕਰਾਮਾਤਾਂ ਦਿਖਾ ਕੇ ਲੋਕਾਂ ਨੂੰ ਆਪਣੇ ਮਗਰ ਲਾ ਸਕੇ। ਪਰ ਅਸਫਲ ਰਿਹਾ। ਦੂਜੇ ਪਾਸੇ ਗੁਰੂ ਸਾਹਿਬ ਦਾ ਪ੍ਰਤਾਪ ਦਿਨੋ ਦਿਨ ਵੱਧ ਰਿਹਾ ਸੀ ਅਤੇ ਇਹ ਦਾਤੂ ਜੀ ਨੂੰ ਬਿਲਕੁਲ ਨਹੀਂ ਸੀ ਭਾਉਂਦਾ ਅਤੇ ਦਿਨੋ ਦਿਨ ਉਸ ਦੇ ਮਨ ਵਿਚ ਗੁਰੂ ਸਾਹਿਬ ਪ੍ਰਤੀ ਈਰਖਾ ਵੱਧਦੀ ਜਾ ਰਹੀ ਸੀ। ਇਕ ਦਿਨ ਉਹ ਗੁੱਸੇ ਨਾਲ ਭਰਿਆ ਹੋਇਆ ਗੋਇੰਦਵਾਲ ਆਇਆ। ਗੁਰੂ ਅਮਰਦਾਸ ਜੀ ਸਮਾਧੀ ਵਿਚ ਇਕ ਚਿੱਤ ਜੁੜੇ ਬੈਠੇ ਸਨ, ਕੀਰਤਨ ਹੋ ਰਿਹਾ ਸੀ ਤੇ ਸੰਗਤਾਂ ਕੀਰਤਨ ਦਾ ਆਨੰਦ ਮਾਣ ਰਹੀਆਂ ਸਨ। ਦਾਤੂ ਜੀ ਪਹਿਲਾਂ ਹੀ ਗੁੱਸੇ ਦੀ ਅੱਗ ਨਾਲ ਭਰਿਆ ਪਿਆ ਸੀ। ਉਹ ਅੱਗੇ ਵਧਿਆ ਅਤੇ ਗੁਰੂ ਅਮਰਦਾਸ ਜੀ ਦੇ ਲੱਤ ਕੱਢ ਮਾਰੀ।[403] ਪਰ ਸ਼ਾਂਤ ਸੁਭਾਅ ਗੁਰੂ ਸਾਹਿਬ ਨੇ ਉਠ ਕੇ ਦੇਖਿਆ ਕਿ ਦਾਤੂ ਜੀ ਗੁੱਸੇ ਨਾਲ ਕੁੱਝ ਕਹਿ ਰਹੇ ਸਨ। ਗੁਰੂ ਸਾਹਿਬ ਨੇ ਉਸ ਦਾ ਪੈਰ ਫੜ ਲਿਆ ਅਤੇ ਕਿਹਾ, "ਮੈਂ ਬੁੱਢਾ ਹਾਂ, ਮੇਰੇ ਹੱਡ ਪੈਰ ਸਖਤ ਹਨ, ਆਪ ਦੇ ਚਰਨ ਕੋਮਲ ਹਨ, ਆਪ ਨੂੰ ਸੱਟ ਲੱਗੀ ਹੋਵੇਗੀ, ਮੈਨੂੰ ਖਿਮਾ ਕਰ ਦੇਣਾ।"[404] ਦਾਤੂ ਜੀ ਨੇ ਸਮਝਿਆ ਗੁਰੂ ਸਾਹਿਬ ਡਰ ਗਏ ਹਨ। ਉਹ ਗੁੱਸੇ ਵਿਚ ਬੋਲਣ ਲੱਗਾ, ਤੂੰ ਦਾਸ ਹੈਂ, ਸਾਨੂੰ ਤੇਰੀ ਸੇਵਾ ਦੀ ਲੋੜ ਨਹੀਂ, ਇਥੋਂ ਚਲੇ ਜਾਉ, ਮਾਲਕ ਆ ਗਏ ਹਨ, ਆਪ ਸੰਭਾਲ ਲੈਣਗੇ। ਸ਼ਾਂਤੀ ਦੇ ਪੁੰਜ ਗੁਰੂ ਅਮਰਦਾਸ ਜੀ ਸਤਿ ਬਚਨ ਕਹਿ ਕੇ ਤੁਰ ਪਏ। ਡਾ. ਗੰਡਾ ਸਿੰਘ ਲਿਖਦਾ ਹੈ, "ਗੁਰੂ ਅਮਰਦਾਸ ਜੀ ਆਪਣੇ ਵਿਰੋਧੀਆਂ ਨਾਲ ਨਿਪਟਨ ਸਮੇਂ ਅਤਿ ਧੀਰਜ ਤੇ ਸ਼ਾਂਤੀ ਦਾ ਪ੍ਰਗਟਾਵਾ ਕਰਿਆ ਕਰਦੇ ਸਨ।"[405] ਗੁਰੂ ਸਾਹਿਬ ਦੇ ਉਥੋਂ ਤੁਰਨ ਦੀ ਦੇਰ ਸੀ ਕਿ ਸਾਰੇ ਸਿੱਖ ਇਕ ਇਕ ਕਰਕੇ ਦਰਬਾਰ ਵਿਚੋਂ ਉਠੱ ਗਏ ਤੇ ਗੁਰੂ ਸਾਹਿਬ ਦੇ ਮਗਰ ਹੋ ਤੁਰੇ। ਥੋੜੇ ਸਮੇਂ ਬਾਅਦ ਦੋ ਚਾਰ ਸਿੱਖ ਹੀ ਰਹਿ ਗਏ ਤੇ ਅਗਲੇ ਦਿਨ ਕੋਈ ਵੀ ਸਿੱਖ ਦਾਤੂ ਜੀ ਦੇ ਦਰਬਾਰ ਵਿਚ ਨਾ ਆਇਆ। ਇਸ ਨਾਲ ਉਹ ਬਹੁਤ ਦੁਖੀ ਹੋਏ ਤੇ ਗੁਰੂ ਘਰ ਦੇ ਲੰਗਰ ਆਦਿ ਦਾ ਸਮਾਨ ਖੱਚਰਾਂ ਤੇ ਲੱਦ ਕੇ ਖਡੂਰ ਸਾਹਿਬ ਨੂੰ ਤੁਰ ਪਏ। ਰਸਤੇ ਵਿਚ ਡਾਕੂਆਂ ਨੇ ਉਨ੍ਹਾਂ ਦਾ ਸਮਾਨ ਲੁੱਟ ਲਿਆ। ਡਾਕੂਆਂ ਨਾਲ ਹੋਈ ਹੱਥੋ ਪਾਈ ਵਿਚ ਉਸੇ ਲੱਤ ਸੱਟ ਵੱਜੀ ਜਿਹੜੀ ਲੱਤ ਦਾਤੂ ਜੀ ਨੇ ਗੁਰੂ ਸਾਹਿਬ ਨੂੰ ਭਰੇ ਦਰਬਾਰ ਵਿਚ ਮਾਰੀ ਸੀ। ਕਿੰਨੇ ਮਹੀਨੇ ਦਾਤੂ ਲੱਤ ਦੀ ਪੀੜ ਕਰਕੇ ਦੁੱਖੀ ਰਿਹਾ।

ਥੋੜੇ ਸਮੇਂ ਬਾਅਦ ਦਾਤੂ ਜੀ ਨੂੰ ਮਾਤਾ ਖੀਵੀ ਜੀ ਦੇ ਸਮਝਾਉਣ ਤੇ ਸਮਝ ਆਈ ਤਾਂ ਉਹ ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਪਾਸ ਭੁੱਲ ਬਖਸ਼ਾਉਣ ਲਈ ਆਇਆ। ਗੁਰੂ ਸਾਹਿਬ ਨੇ ਗੁਰ ਪੁੱਤਰ ਦਾ ਸਨਮਾਨ ਕੀਤਾ ਅਤੇ ਸੇਵਾ ਪੁੱਛੀ। 'ਦਾਤੂ ਜੀ ਨੇ ਬੇਨਤੀ ਕੀਤੀ ਮੇਰੀ ਲੱਤ ਵਾਲੀ ਕਾਰ ਬਖਸ਼ੋ ਕਿਉਂਕਿ ਆਪ ਸਦਾ ਹੀ ਕ੍ਰਿਪਾਲੂ ਹੋ। ਗੁਰੂ ਜੀ ਨੇ ਆਖਿਆ ਚੰਛਾ, ਗੁਰੂ ਰਾਮਦਾਸ ਜੀ ਦੇ ਸਪੁੱਤਰ ਜੱਦੋਂ ਗੁਰਗੱਦੀ ਤੇ ਬੈਠਣਗੇ, ਉਹ ਆਪਦੇ ਪਾਸ ਆ ਕੇ ਤੁਹਾਡੀ ਲੱਤ ਨੂੰ ਹੱਥ ਫੇਰਣਗੇ ਤਾਂ ਸਭ ਪੀੜਾਂ ਦੂਰ ਹੋ ਜਾਣਗੀ।"[406]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਾਸੂ ਜੀ ਤੇ ਦਾਤੂ ਜੀ ਸਬੰਧੀ ਸੰਕੇਤ ਦਰਜ ਹੈ ਕਿ ਇਹ ਦੋਵੇਂ ਹੀ ਗੁਰਗੱਦੀ ਦੇ ਲਾਇਕ ਨਹੀਂ ਸਨ। ਪਰ ਦਾਸੂ ਜੀ ਗੋਇੰਦਵਾਲ ਵਿਖੇ ਮੰਜੀ ਤੇ ਬੈਠ ਗਏ ਤੇ ਦਾਤੂ ਜੀ ਸਿੰਘਾਸਣ ਲਾ ਬੈਠੇ ਅਰਥਾਤ ਆਪੋ ਆਪਣੇ ਵੱਲ ਸੰਗਤਾਂ ਨੂੰ ਨਿਵਾਉਣ ਲੱਗੇ।

ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ।[407]

## ਬਾਬਾ ਧਰਮ ਚੰਦ ਜੀ :

ਬਾਬਾ ਧਰਮਚੰਦ ਜੀ, ਬਾਬਾ ਲਖਮੀ ਚੰਦ ਜੀ ਦੇ ਸਪੁੱਤਰ ਅਤੇ ਗੁਰੂ ਨਾਨਕ ਸਾਹਿਬ ਦੇ ਪੋਤਰੇ ਸਨ। ਆਪ ਨੇ ਗੁਰੂ ਦੀ ਅੰਸ਼ ਹੁੰਦੇ ਹੋਏ ਵੀ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦਾ ਪੋਤਰਾ ਅਖਵਾਇਆ ਤੇ ਇਸੇ ਸਤਿਕਾਰ ਨਾਲ ਸਦਾ ਸਤਿਕਾਰੇ ਗਏ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਮਿਲਦਾ ਹੈ ਕਿ ਧਰਮਚੰਦ, ਗੁਰੂ ਨਾਨਕ ਸਾਹਿਬ ਦਾ ਪੋਤਰਾ ਅਖਵਾ ਕੇ ਆਪਣਾਆਪ ਗਿਵਾਉਣ ਲੱਗਾ ਅਰਥਾਤ ਹਉਮੈ ਨਹੀਂ ਛੱਡਿਆ:

- - - - ਧਰਮਚੰਦੁ ਪੋਤਾ ਹੁਇਕੈ ਆਪੁ ਗਵਾਇਆ।[407]

ਭਾਵ ਗੁਰੂ ਸਾਹਿਬ ਦਾ ਨਜ਼ਦੀਕੀ ਹੋ ਕੇ ਵੀ ਹੰਕਾਰੀ ਰਿਹਾ।

ਭਾਈ ਪ੍ਰਿਥੀ ਚੰਦ :

ਭਾਈ ਪ੍ਰਿਥੀ ਚੰਦ, ਗੁਰੂ ਰਾਮਦਾਸ ਜੀ ਦਾ ਵੱਡਾ ਪੁੱਤਰ ਤੇ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸੀ। ਕਾਨ੍ਹ ਸਿੰਘ ਨਾਭਾ ਅਨੁਸਾਰ ਇਸ ਦਾ ਜਨਮ 1615 ਬਿ: ਤੇ ਦੇਹਾਂਤ 1675 ਬਿ: ਵਿਚ ਹੋਇਆ। ਇਸ ਦੀ ਔਲਾਦ ਸੋਢੀ ਛੋਟੇ ਮੇਲ ਦੇ ਕਹੇ ਜਾਂਦੇ ਹਨ।[409]

ਭਾਈ ਪ੍ਰਿਥੀ ਚੰਦ ਵੱਡਾ ਪੁੱਤਰ ਹੋਣ ਕਰਕੇ ਆਪਣੇ ਆਪ ਨੂੰ ਗੁਰਗੱਦੀ ਦਾ ਹੱਕਦਾਰ ਸਮਝਦਾ ਸੀ। ਪਰ ਗੁਰੂ ਰਾਮਦਾਸ ਜੀ ਜਾਂ ਉਨ੍ਹਾਂ ਤੋਂ ਪਹਿਲਾਂ ਹੋਏ ਗੁਰੂ ਸਾਹਿਬਾਨ ਨੇ ਆਪਣੇਉਤਰਾਧਿਕਾਰੀ ਦੀ ਚੋਣ ਸਮੇਂ ਇਸ ਪ੍ਰਕਿਰਿਆ ਨੂੰ ਆਧਾਰ ਨਹੀਂ ਬਣਾਇਆ। ਉਨ੍ਹਾਂ ਨੇ ਜਿਸ ਨੂੰ ਗੁਰਗੱਦੀ ਦੇ ਯੋਗ ਸਮਝਿਆ, ਉਸੇ ਨੂੰ ਹੀ ਇਸ ਦੀ ਜ਼ਿੰਮੇਵਾਰੀ ਸੌਂਪੀ। ਇਸੇ ਪਰਖ ਕਸਵੱਟੀ ਨੂੰ ਆਧਾਰ ਬਣਾ ਕੇ, ਗੁਰੂ ਰਾਮ ਦਾਸ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਜੀ ਦੇ ਮੋਢਿਆਂ ਤੇ ਪਾਈ। ਗੁਰੂ ਰਾਮਦਾਸ ਜੀ ਆਪਣੇ ਵੱਡੇ ਪੁੱਤਰ ਪ੍ਰਿਥੀਏ ਨੂੰ ਇਸ ਲਈ ਪਸੰਦ ਨਹੀਂ ਕਰਦੇ ਸਨ ਕਿਉਂਕਿ ਉਹ ਸਾਜਸ਼ੀ, ਕਪਟੀ, ਬੇਈਮਾਨ ਤੇ ਨਿਮਕ ਹਰਾਮ ਸੀ।[410] ਗੁਰੂ ਸਾਹਿਬ ਦੇ ਫੈਸਲੇ ਨੂੰ ਸੁਣ ਕੇ ਪ੍ਰਿਥੀ ਚੰਦ ਬਹੁਤ ਦੁੱਖੀ ਹੋਇਆ ਅਤੇ ਗੁਰੂ ਸਾਹਿਬ (ਆਪਣੇ ਪਿਤਾ) ਦੇ ਵਿਰੁੱਧ ਕਈ ਗੁਸਤਾਖੀ ਭਰੇ ਸ਼ਬਦ ਕਹੇ। ਉਸ ਨੇ ਕਿਹਾ, "ਮੇਰਾ ਹੱਕ ਮਾਰਿਆ ਗਿਆ ਹੈ, ਮੈਂ ਆਪਣੇ ਹੱਕ ਦੀ ਖਾਤਰ ਹਰ ਯਤਨ ਕਰਾਂਗਾ ਤੇ ਜਿਸ ਨੇ ਮੇਰਾ ਹੱਕ ਖੋਹਿਆ ਹੈ ਉਸ ਨੂੰ ਚੈਨ ਨਾਲ ਨਹੀਂ ਜਿਉਣ ਦਿਆਂਗਾ।"[411] ਮੈਲਕਿਮ ਅਨੁਸਾਰ ਪ੍ਰਿਥੀ ਚੰਦ ਨੇ ਗੱਦੀ ਦਾ ਦਾਹਵਾ ਆਪਣੇ ਭਾਈ ਦੀ ਮੌਤ ਪਿਛੋਂ ਕੀਤਾ। ਪਿਤਾ ਜੀ ਦੇ ਜੋਤੀ ਜੋਤ ਸਮਾਉਣ ਉਤੇ ਨਹੀਂ ਕੀਤਾ।[412] ਪਰ ਇਸ ਵਿਚਾਰ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਪ੍ਰਿਥੀ ਚੰਦ ਤਾਂ ਪਹਿਲਾਂ ਹੀ ਵੱਡਾ ਹੋਣ ਕਰਕੇ ਆਪਣੇ ਆਪ ਨੂੰ ਗੁਰਗੱਦੀ ਦਾ ਮਾਲਕ ਸਮਝਦਾ ਸੀ। ਇਸ ਤਰ੍ਹਾਂ ਪ੍ਰਿਥੀ ਚੰਦ ਦੀਆਂ ਵਿਰੋਧੀ ਗਤੀਵਿਧੀਆਂ ਨੂੰ ਦੇਖ ਕੇ ਗੁਰੂ ਰਾਮਦਾਸ ਜੀ ਨੇ ਇਸ ਨੂੰ ਮੀਣਾ ਕਿਹਾ ਤੇ ਇਹ ਵੀ ਕਿਹਾ ਕਿ ਇਹ ਸਾਡੇ ਮੱਥੇ ਨਾ ਲੱਗੇ। ਪਰ ਮਹਾਨ ਕੋਸ਼ ਅਨੁਸਾਰ ਮੀਣਾ ਉਪਾਧੀ ਪ੍ਰਿਥੀ ਚੰਦ ਨੂੰ ਭਾਈ ਗੁਰਦਾਸ ਵਲੋਂ ਦਿੱਤੀ ਗਈ।[413] ਇਸ ਗੱਲ ਦੀ ਗਵਾਹੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਵੀ ਮਿਲਦੀ ਹੈ:

ਮੀਣਾ ਹੋਆ ਪਿਰਥੀਆ ਕਰਿ ਕਰਿ ਟੇਢਕ ਬਰਲੁ ਚਲਾਇਆ।[414]

ਗੁਰੂ ਰਾਮਦਾਸ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਰਸਮ ਪਗੜੀ ਦੇ ਮੌਕੇ ਉਤੇ ਪ੍ਰਿਥੀ ਚੰਦ ਨੇ ਝਗੜਾ ਖੜਾ ਕੀਤਾ। ਮੈਕਾਲਿਫ ਅਨੁਸਾਰ, ਇਨ੍ਹਾਂ ਦੇ ਮਾਮਾ ਮੋਹਰੀ ਜੀ ਨੇ ਦਸ਼ਤਾਰਬੰਦੀ ਦੀ ਰਸਮ ਸਮੇਂ ਪਗੜੀ ਗੁਰੂ ਅਰਜਨ ਦੇਵ ਨੂੰ ਭੇਟ ਕੀਤੀ। ਇਸ ਤੇ ਪ੍ਰਿਥੀ ਚੰਦ ਨੇ ਬੜਾ ਵਿਰੋਧ ਕੀਤਾ ਤੇ ਕਿਹਾ ਕਿ ਵੱਡਾ ਪੁੱਤਰਹੋਣ ਦੇ ਨਾਤੇ ਪਗੜੀ ਦਾ ਹੱਕਦਾਰ ਮੈਂ ਹਾਂ। ਇਹ ਵੇਖ ਕੇ ਗੁਰੂ ਅਰਜਨ ਨੇ ਨਿਮਰਤਾ ਪੂਰਵਕ ਪਗੜੀ ਪ੍ਰਿਥੀ ਚੰਦ ਨੂੰ ਸੌਂਪ ਦਿੱਤੀ ਤੇ ਆਪ 'ਚੱਕ ਗੁਰੂ' (ਅੰਮ੍ਰਿਤਸਰ) ਚਲੇ ਗਏ।[415] ਪ੍ਰਿਥੀ ਚੰਦੁ ਪਗੜੀ ਬੰਨ੍ਹ ਕੇ ਆਪਣੇ ਆਪ ਨੂੰ ਗੁਰਗੱਦੀ ਦਾ ਮਾਲਕ ਸਮਝਣ ਲੱਗਾ। ਸਾਰਾ ਸਾਰਾ ਦਿਨ ਬੈਠਾ ਰਿਹਾ ਕਰੇ ਪਰ ਕੋਈ ਵੀ ਸਿੱਖ ਮੱਥਾ ਟੇਕਣ ਨਾ ਆਇਆ ਕਰੇ। ਇਸ ਤਰ੍ਹਾਂ ਕੁਝ ਦਿਨ ਗੋਇੰਦਵਾਲ ਰਹਿ ਕੇ ਪ੍ਰਿਥੀ ਚੰਦ ਵਾਪਸ ਅੰਮ੍ਰਿਤਸਰ ਆ ਗਿਆ। ਗਿਆਨੀ ਗਿਆਨ ਸਿੰਘ ਲਿਖਦਾ ਹੈ, ਜਦ ਪ੍ਰਿਥੀਏ ਦੀ ਨਿਰਾਦਰੀ ਹੋਈ ਤੇ ਇਨ੍ਹਾਂ ਕੁਕਰਮਾਂ ਤੋਂ ਲੋਕ ਉਸ ਨੂੰ ਕੁੱਲਘਾਤੀ, ਪਾਪੀ, ਨਿੰਦਕ, ਮੀਣਾ, ਬਾਲ ਧ੍ਰੋਹੀ ਦੱਸਣ ਲੱਗੇ ਤੇ ਮਹਾਦੇਵ ਦੇ ਮਨੋਂ ਵੀ ਲਹਿ ਗਿਆ ਤਾਂਉਹ ਸ਼ਰਮਿੰਦਾ ਹੋ ਕੇ ਆਪਣੇ ਸਹੁਰੇ ਪਿੰਡ ਹੇਹਰ ਚਲਾ ਗਿਆ। ਇਥੇ ਉਸ ਨੇ ਸੁਲਹੀ ਖਾਂ ਨਾਲ ਮਿਲ ਕੇ ਅੰਮ੍ਰਿਤਸਰ ਦੀ ਸ਼ਕਲ ਦਾ ਤੀਰਥ ਰਚਣਾ ਆਰੰਭ ਕਰ ਦਿੱਤਾ।[416] ਅੱਜ ਕੱਲ੍ਹ ਉਹ ਤਲਾਉ ਇਕ ਛੱਪੜ ਦੇ ਰੂਪ ਵਿਚ ਹੈ ਤੇ ਉਸ ਦੇ ਨਾਲ ਪ੍ਰਿਥੀ ਚੰਦ ਦੀ ਸਮਾਧ ਹੈ ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਦੁਆਰਾ ਸ਼ੁਰੂ ਕੀਤੇ ਹੋਏ ਕੰਮਾਂ ਨੂੰ ਨੇਪਰੇ ਚਾੜ੍ਹਨ ਦਾ ਕੰਮ ਸ਼ੁਰੂ ਕੀਤਾ। ਪ੍ਰਿਥੀ ਚੰਦ ਨੇ ਇਹ ਰੌਲਾ ਪਾ ਦਿੱਤਾ ਕਿ ਪਿਤਾ ਜੀ ਦੀ ਸਾਰੀ ਜਾਇਦਾਦ ਤੇ ਉਸ ਦੀ ਆਮਦਨ ਗੁਰੂ ਅਰਜਨ ਨੂੰ ਮਿਲ ਰਹੀ ਹੈ। ਸਮਸ਼ੇਰ ਸਿੰਘ ਅਸ਼ੋਕ ਅਨੁਸਾਰ, "ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਆ ਕੇ ਪ੍ਰਿਥੀ ਚੰਦ ਦੇ ਨਾਮ ਮਕਾਨ ਦੇ ਕਰਾਏ ਦੀ ਆਮਦਨ ਤੇ ਗੁਰਗੱਦੀ ਦੀ ਚੜ੍ਹਤ ਲਾ ਦਿੱਤੀ ਅਤੇ ਚੱਕ ਪਾਸ਼ਿਆਂ ਵਾਲਾ ਵਿਚਕਾਰਲੇ ਭਰਾ ਮਹਾਦੇਵ ਨੂੰ ਦੇ ਦਿੱਤਾ।"[417]

ਪ੍ਰਿਥੀ ਚੰਦ ਅਜੇ ਵੀ ਆਪਣੀਆਂ ਮਾੜੀਆਂ ਹਰਕਤਾਂ ਤੋਂ ਬਾਜ ਨਹੀਂ ਸੀ ਆਉਂਦਾ। ਜਦੋਂ ਗੁਰੂ ਹਰਗੋਬਿੰਦ ਸਾਹਿਬ ਦਾ ਜਨਮ ਹੋਇਆ ਤਾਂ ਪ੍ਰਿਥੀ ਚੰਦ ਨੇ ਇਕ ਸਪੇਰੇ ਪਾਸੋਂ ਉਨ੍ਹਾਂ ਨੂੰ ਸੱਪ ਲੜਾਵਾਉਣ ਤੇ ਖਿਡਾਵੇ ਬ੍ਰਾਹਮਣ ਪਾਸੋਂ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਦੀ ਸਾਜਿਸ਼ ਰਚੀ ਪਰ ਅਸਫਲ ਰਿਹਾ। ਕਿਉਂਕਿ ਗੁਰੂ ਸਾਹਿਬ ਦੇ ਕਾਫ਼ੀ ਸਮੇਂ ਤੋਂ ਸੰਤਾਨ ਨਾ ਹੋਣ ਤੇ ਉਸਨੂੰ ਆਸ ਸੀ ਕਿ ਗੁਰੂ ਅਰਜਨ ਤੋਂ ਬਾਅਦ ਗੁਰਗੱਦੀ ਮੈਨੂੰ ਪ੍ਰਾਪਤ ਹੋਵੇਗੀ।

ਪ੍ਰਿਥੀ ਚੰਦ ਨੇ ਸਭ ਯਤਨ ਅਸਫਲ ਹੁੰਦੇ ਦੇਖ ਕੇ ਦਿੱਲੀ ਦੇ ਬਾਦਸ਼ਾਹ ਅਕਬਰ ਪਾਸ ਦਾਹਵਾ ਦਾਇਰ ਕਰ ਦਿੱਤਾ ਕਿ ਮੇਰਾ ਹੱਕ ਮੇਰੇ ਛੋਟੇ ਭਰਾ ਨੂੰ ਮਿਲਿਆ ਹੈ ਤੇ ਮੇਰੇ ਨਾਲ ਬੇਇਨਸਾਫ਼ੀ ਹੋਈ ਹੈ। ਪਰ ਬਾਦਸ਼ਾਹ ਅਕਬਰ ਦੇ ਜਾਣਕਾਰ ਸਲਾਹਕਾਰਾਂ ਨੇ ਕਿਹਾ ਕਿ ਗੁਰਗੱਦੀ ਕੋਈ ਜੱਦੀ ਚੀਜ਼ ਨਹੀਂ ਹੈ ਕਿ ਇਹ ਜ਼ਰੂਰ ਵੱਡੇ ਪੁੱਤਰ ਨੂੰ ਹੀ ਦਿੱਤੀ ਜਾਵੇ। ਪਹਿਲੇ ਗੁਰੂ ਸਾਹਿਬਾਨ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਯੋਗ ਸਿੱਖਾਂ ਨੂੰ ਗੁਰਗੱਦੀ ਲਈ ਚੁਣਿਆ ਸੀ ਇਸੇ ਤਰ੍ਹਾਂ ਹੀ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਨੂੰ ਯੋਗ ਸਮਝਿਆ ਤੇ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ ਹੈ। ਇਸ ਤਰ੍ਹਾਂ ਇਸ ਨਾਲ ਕਿਸੇ ਕਿਸਮ ਦੀ ਬੇਇਨਸਾਫ਼ੀ ਨਹੀਂ ਹੋਈ। ਇਹ ਗੱਲ ਅਕਬਰ ਦੇ ਮਨ ਨੂੰ ਲੱਗੀ ਅਤੇ ਉਸ ਨੇ ਅਰਜ਼ੀ ਖਾਰਜ ਕਰ ਦਿੱਤੀ।

ਬਾਦਸ਼ਾਹ ਅਕਬਰ ਦੇ ਦਰਬਾਰ ਤੋਂ ਮੂੰਹ ਦੀ ਖਾਣ ਤੋਂ ਬਾਅਦ ਵੀ ਪ੍ਰਿਥੀ ਚੰਦ ਆਪਣੀਆਂ ਕਾਰਵਾਈਆਂ ਪ੍ਰਤੀ ਸਰਗਰਮ ਰਿਹਾ ਅਤੇ ਉਸ ਨੇ ਸੁਲਹੀ ਖਾਨ ਨੂੰ ਰਿਸ਼ਵਤ ਦੇ ਕੇ ਮਨਾਂ ਲਿਆ ਕਿ ਉਹ ਗੁਰੂ ਅਰਜਨ ਦੇਵ ਨੂੰ ਗ੍ਰਿਫ਼ਤਾਰ ਕਰ ਲਵੇ ਤੇ ਮੈਂ ਆਪਣੇ ਆਪ ਗੁਰਗੱਦੀ ਤੇ ਬੈਠ ਜਾਵਾਂਗਾ। ਰੱਬ ਦੀ ਕਰਨੀ ਹੋਈ ਕਿ ਸੁਲਹੀ ਖਾਂ ਘੋੜੇ ਤੇ ਚੜ੍ਹਿਆ ਪ੍ਰਿਥੀ ਚੰਦ ਦਾ ਭੱਠਾ ਦੇਖ ਰਿਹਾ ਸੀ ਕਿ ਘੋੜਾ ਤ੍ਰਬਕ ਗਿਆ ਤੇ ਸੁਲਹੀ ਖਾਂ ਘੋੜੇ ਸਮੇਤ ਭਖਦੇ ਭੱਠੇ ਵਿਚ ਡਿੱਗ ਕੇ ਸੁਆਹ ਹੋ ਗਿਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪ੍ਰਿਥੀ ਚੰਦ ਲਈ 'ਮੀਣਾ' ਸ਼ਬਦ ਵਰਤਿਆ ਹੈ। ਮੀਣਾਂ ਦਾ ਆਮ ਅਰਥ ਮੀਸਣਾ ਹੈ। ਇਹ ਕਪਟੀ ਛਲੀਏ ਸਨ। ਸੂਰਜ ਪ੍ਰਕਾਸ਼ ਵਿਚ ਦਰਜ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਨੂੰ ਪ੍ਰਿਥੀ ਚੰਦ ਨੂੰ ਸਮਝਾਉਣ ਤੇ ਮਨਾਉਣ ਲਈ ਭੇਜਿਆ ਪਰ ਪ੍ਰਿਥੀ ਚੰਦ ਨੇ ਉਲਟਾ ਗੁਰੂ ਸਾਹਿਬ ਲਈ ਕਈ ਗੁਸਤਾਖੀ ਭਰੇ ਸ਼ਬਦ ਕਹੇ। [419] ਗਿਆਨੀ ਹਜ਼ਾਰਾ ਸਿੰਘ ਅਨੁਸਾਰ, ਭਾਈ ਗੁਰਦਾਸ ਨੇ ਉਥੋਂ ਮੁੜਦਿਆਂ 36ਵੀਂ ਵਾਰ ਦੀ ਰਚਨਾ ਕੀਤੀ ਜਿਸ ਵਿਚ ਆਪਨੇ ਪ੍ਰਿਥੀ ਚੰਦ ਲਈ 'ਮੀਣਾ' ਪਦ ਵਰਤਿਆ ਹੈ।[420] ਭਾਈ ਗੁਰਦਾਸ ਨੇ ਇਸ ਵਾਰ ਵਿਚ ਇਹ ਸਪਸ਼ਟ ਕੀਤਾ ਹੈ ਕਿ ਗੁਰੂ ਰਾਮਦਾਸ ਜੀ ਨੇ ਪ੍ਰਿਥੀ ਚੰਦ ਨੂੰ ਗੱਦੀ ਨਾ ਦੇ ਕੇ ਸਿੱਖ ਸੰਗਤ ਤੇ ਬੜਾ ਉਪਕਾਰ ਕੀਤਾ ਹੈ। ਵਾਰ

36 ਵਿਚ ਇਹ ਦੱਸਿਆ ਹੈ ਕਿ ਸਤਿਗੁਰ ਸੱਚਾ ਪਾਤਸ਼ਾਹ ਹੈ, ਪਰ ਮੀਣਿਆਂ ਦਾ ਮੂੰਹਕਾਲਾ ਹੈ (36/1), ਮੀਣੇ ਦਾ ਰਾਜ ਝੂਠਾ ਹੈ (36/2), ਮੀਣਾ ਸੱਚੀ ਸੰਗਤ ਨਹੀਂ ਬਣਾ ਸਕਦਾ (36/3), ਮੀਣਾ-ਜਮਪੁਰ ਜਾਏਗਾ (36/4), ਮੀਣੇ ਦੀ ਸੰਗਤ ਖੋਟੀ ਅਤੇ ਦੁਖਦਾਈ ਹੁੰਦੀ ਹੈ (36/5), ਮੀਣਿਆਂ ਦੇ ਮਗਰ ਲੱਗਣ ਵਾਲੇ ਮੁਕਤੀ ਦੀ ਥਾਂ ਨਰਕ ਨੂੰ ਪ੍ਰਾਪਤ ਹੁੰਦੇ ਹਨ (36/6), ਮੀਣਿਆਂ ਦੀ ਸੰਗਤ ਨਿਰਾਸ਼ ਕਰਦੀ ਹੈ (36/7), ਮੀਣੇ ਗੁਰੂ ਦੇ ਫਿਟਕਾਰੇ ਹੋਏ ਹਨ (36/8)।

ਉਪਰੋਕਤ ਪਉੜੀਆਂ ਵਿਚ ਭਾਈ ਗੁਰਦਾਸ ਨੇ ਵੱਖ ਵੱਖ ਉਦਾਹਰਣਾਂ ਦੇ ਕੇ 'ਮੀਣਿਆਂ' ਦੇ ਰਾਜ ਤੇ ਸੰਗਤ ਦੀ ਸਪਸ਼ਟ ਸ਼ਬਦਾਂ ਵਿਚ ਨਿੰਦਾ ਕੀਤੀ ਹੈ।

ਵਾਰ 36 ਦੀ 12 ਵੀਂ ਪਉੜੀ ਰਾਹੀਂ ਭਾਈ ਗੁਰਦਾਸ ਨੇ ਪ੍ਰਿਥੀ ਚੰਦ ਨੂੰ ਉਪਦੇਸ਼ ਕੀਤਾ ਹੈ ਕਿ ਤੂੰ ਜ਼ਬਾਨ ਦਾ ਚਤੁਰ ਹੈਂ, ਬੁੱਧੀ ਦਾ ਸਿਆਣਾ ਹੈ, ਬਲਵਾਨਹੈ ਪਰ ਹੰਕਾਰ ਵਿਚ ਫਿਰਦਾ ਹੈ, ਇਸ ਲਈ ਤੈਨੂੰ ਗੁਰਗੱਦੀ ਪ੍ਰਾਪਤ ਨਹੀਂ ਹੋਈ ਕਿਉਂਕਿ ਹੰਕਾਰ ਵਿਚ ਰਹਿ ਕੇ ਤੂੰ ਪਿਤਾ ਦੀ ਸੇਵਾ ਨਹੀਂ ਕੀਤੀ ਤੇ ਗੁਰਿਆਈ ਸੇਵਾ ਨਾਲ ਮਿਲਦੀ ਹੈ।[421] ਇਸ ਤਰ੍ਹਾਂ ਵਾਰ ਦੀ ਅਖੀਰਲੀ ਪਉੜੀ 21 ਵਿਚ ਭਾਈ ਸਾਹਿਬ ਨੇ ਦੱਸਿਆ ਹੈ ਕਿ ਸਿਮਰਨ ਕਰਨ ਨਾਲ ਸਤਿਗੁਰ ਤੋਂ ਬਖਸ਼ਿਸ਼ ਪ੍ਰਾਪਤ ਹੁੰਦੀ ਹੈ:

ਸਿਮਰਿ ਮੁਰੀਦਾ ਢਾਢੀਆ ਸਤਿਗੁਰ ਬਖਸ਼ੰਦਾ।[422]

ਇਸ ਵਾਰ ਦੀਆਂ ਬਾਕੀ ਪਉੜੀਆਂ ਵਿਚ ਵੀ ਭਾਈ ਗੁਰਦਾਸ ਨੇ ਵੱਖ ਵੱਖ ਉਦਾਹਰਣ ਦੇ ਕੇ ਸਾਰਾ ਹਾਲ ਪ੍ਰਿਥੀ ਚੰਦ ਤੇ ਘਟਾਇਆ ਹੈ।

ਮਹਾਦੇਵ :

ਗੁਰੂ ਰਾਮਦਾਸ ਜੀ ਦਾ ਸਪੁੱਤਰ, ਜੋ ਪ੍ਰਿਥੀ ਚੰਦ ਤੋਂ ਛੋਟਾ ਅਤੇ ਗੁਰੂ ਅਰਜਨ ਦੇਵ ਜੀ ਤੋਂ ਉਮਰ ਵਿਚ ਵੱਡਾ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ 4 ਹਾੜ ਸੰ: 1617 ਨੂੰ ਬੀਬੀ ਭਾਨੀ ਦੇ ਉਦੱਰੋਂ ਜਨਮਿਆ ਅਤੇ ਸੰਮਤ 1662 ਵਿਚ ਗੋਇੰਦਵਾਲ ਵਿਖੇ ਸਮਾਇਆ।[422]

ਮਹਾਦੇਵ ਬਹੁਤ ਮਸਤ ਸੁਭਾਅ ਇਨਸਾਨ ਸੀ। ਇਸ ਨੇ ਕਦੇ ਵੀ ਗੁਰਗੱਦੀ ਦੀ ਇੱਛਾ ਨਹੀਂ ਕੀਤੀ ਤੇ ਹਮੇਸ਼ਾ ਗੁਰੂ ਘਰ ਦਾ ਸਹਿਯੋਗੀ ਬਣ ਕੇ ਰਿਹਾ। ਪਰ ਸ਼ੁਰੂ ਵਿਚ ਕਦੇ ਕਦੇ ਪ੍ਰਿਥੀ ਚੰਦ, ਚਲਾਕੀ ਤੇ ਛਲ ਨਾਲ ਇਸ ਨੂੰ ਆਪਣੇ ਨਾਲ ਰਲਾ ਲੈਂਦਾ ਸੀ। ਅਖੀਰ ਜਦੋਂ ਮਹਾਦੇਵ ਨੂੰ ਪ੍ਰਿਥੀ ਚੰਦ ਦੀਆਂ ਕਰਤੂਤਾਂ ਦਾ ਪਤਾ ਲੱਗਾ ਤਾਂ ਗਿਆਨੀ ਗਿਆਨ ਸਿੰਘ ਅਨੁਸਾਰ "ਉਹ ਮਹਾਦੇਵ ਦੇ ਦਿਲੋਂ ਲਹਿ ਗਿਆ।"[423]

ਸਿੱਖ ਇਤਿਹਾਸ ਵਿਚ ਪ੍ਰਸੰਗ ਦਰਜ ਹੈ ਕਿ ਇਕ ਵਾਰ ਗੁਰੂ ਰਾਮਦਾਸ ਜੀ ਦੇ ਤਾਇਆ ਦੇ ਲੜਕੇ ਸਹਾਰੀ ਮੱਲ, (ਜੋ ਗੁਰੂ ਸਾਹਿਬ ਦਾ ਸ਼ਰਧਾਲੂ ਸਿੱਖ ਵੀ ਸੀ) ਆਪਣੇ ਲੜਕੇ ਦੀ ਸ਼ਾਦੀ ਦਾ ਸੱਦਾ ਪੱਤਰ ਦੇਣ ਆਇਆ। ਉਨ੍ਹਾਂ ਦਿਨਾਂ ਵਿਚ ਗੁਰੂ ਸਾਹਿਬ ਸਖਤ ਰੁਝੇਵਿਆਂ ਵਿਚ ਰੁਝੇ ਹੋਏ ਸਨ। ਪ੍ਰਿਥੀ ਚੰਦ ਦੇ ਸ਼ਾਦੀ ਤੇ ਜਾਣ ਲਈ ਸਾਫ ਇਨਕਾਰ ਕਰਨ ਤੋਂ ਬਾਅਦ ਗੁਰੂ ਸਾਹਿਬ ਨੇ ਮਹਾਦੇਵ ਨੂੰ ਸ਼ਾਦੀ ਤੇ ਜਾਣ ਲਈ ਕਿਹਾ ਪਰ ਆਪਣੇ ਸੁਭਾਅ ਮੁਤਾਬਕ ਮਹਾਦੇਵ ਨੇ ਇਸ ਕੰਮ ਵਿਚ ਕੋਈ ਦਿਲਚਸਪੀ ਨਾ ਦਿਖਾਈ ਤੇ ਜਾਣ ਤੋਂ ਅਸਮਰਥਾ ਜ਼ਾਹਰ ਕੀਤੀ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਦਰਜ ਹੈ ਕਿ ਮਹਾਦੇਵ ਨੇ ਹੰਕਾਰ ਕੀਤਾ ਅਤੇ ਉਸ ਨੂੰ ਪ੍ਰਿਥੀਚੰਦ ਨੇ ਬੇਮੁੱਖ ਕਰਕੇ ਕੁੱਤੇ ਵਾਂਗ ਭਉਕਾਇਆ:

ਮਹਾਦੇਉ ਕਰਿ ਕਰਿ ਬੇਮੁੱਖੁ ਕੁਤਾ ਭਉਕਾਇਆ।[424]

ਸੋ ਭਾਈ ਗੁਰਦਾਸ ਨੇ ਮਹਾਦੇਵ ਨੂੰ ਬੇਮੁੱਖ ਪੁੱਤਰ ਕਿਹਾ ਹੈ।

## ਬਾਬਾ ਮੋਹਨ ਜੀ, ਬਾਬਾ ਮੋਹਰੀ ਜੀ :

ਬਾਬਾ ਮੋਹਨ ਜੀ ਤੇ ਮੋਹਰੀ ਜੀ ਗੁਰੂ ਅਮਰਦਾਸ ਜੀ ਦੇ ਸਪੁੱਤਰ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਬਾਬਾ ਮੋਹਨ ਜੀ ਦਾ ਜਨਮ 1593 ਅਤੇ ਬਾਬਾ ਮੋਹਰੀ ਜੀ ਦਾ ਜਨਮ 1596 ਵਿਚ ਹੋਇਆ।"[425] ਗੁਰਗੱਦੀ ਦੇ ਵਾਰਸ ਦੀ ਚੋਣ ਸਮੇਂ ਇਹ ਦੋਨੋਂ ਗੁਰੂ ਸਾਹਿਬ ਦੀ ਪਰਖ ਕਸਵੱਟੀ ਤੇ ਪੂਰੇ ਨਾ ਉਤਰੇ ਤਾਂ ਗੁਰੂ ਸਾਹਿਬ ਨੇ ਗੁਰੂ ਰਾਮਦਾਸ ਜੀ ਨੂੰ ਆਪਣਾ ਉਤਰਾਧਿਕਾਰੀ ਥਾਪਿਆ। "ਭਾਈ ਮੋਹਨ ਜੀ ਤੇ ਭਾਈ ਮੋਹਰੀ ਜੀ ਨੂੰ ਗੁਰੂ ਅਮਰਦਾਸ ਜੀ ਨੇ ਭਰੇ ਦਰਬਾਰ ਵਿਚ ਹੁਕਮ ਦਿੱਤਾ ਕਿ ਅੱਜ ਤੋਂ (ਗੁਰੂ) ਰਾਮਦਾਸ ਜੀ ਗੁਰਗੱਦੀ ਦੇ

ਮਾਲਕ ਹੋ ਗਏ ਹਨ ਤੁਸੀਂ ਪ੍ਰੇਮ ਪੂਰਵਕ ਇਨ੍ਹਾਂ ਦੇ ਚਰਨਾਂ ਅੱਗੇ ਮੱਥਾ ਟੇਕ ਦਿਉ। ਮੋਹਨ ਜੀ ਨੇ ਕਿਹਾ ਇਹ ਕਦੀ ਨਹੀਂ ਹੋ ਸਕਦਾ ਕਿਉਂਕਿ ਤੁਸੀਂ ਸਾਰੀ ਚੀਜ਼ ਘਰੋਂ ਬਾਹਰ ਦੇਣ ਲੱਗੇ ਹੋ। ਮੋਹਰੀ ਜੀ ਨੇ ਸਭ ਪਿਛਲੇ ਸਮੇਂ ਗੁਰਗੱਦੀ ਦੇ ਹਾਲ ਜਾਣ ਕੇ ਆਪਣੇ ਪਿਤਾ ਜੀ ਦੀ ਆਗਿਆ ਅਨੁਸਾਰ ਭਰੇ ਦੀਵਾਨ ਵਿਚ ਗੁਰੂ ਰਾਮਦਾਸ ਜੀ ਦੇ ਚਰਨਾਂ ਤੇ ਸਿਰ ਧਰ ਦਿੱਤਾ ਤੇ ਕਿਹਾ ਪਿਤਾ ਜੀ ਅੱਜਤੋਂ ਮੈਂ ਇਹਨਾਂ ਨੂੰ ਗੁਰੂ ਨਾਨਕ ਦੀ ਚੌਥੀ ਜੋਤ ਸਮਝਾਂਗਾ। ਗੁਰੂ ਸਾਹਿਬ ਪ੍ਰਸੰਨ ਹੋ ਕੇ ਬੋਲੇ ਸਪੁੱਤਰ ਇੱਕੀ ਕੁਲਾਂ ਤਾਰਦਾ ਹੈ ਤੂੰ ਬਤਾਲੀ ਕੁਲਾਂ ਤਾਰਨ ਵਾਲਾ ਹੈਂ। ਇਸ ਲਈ ਸਿੱਖੀ ਦੀ ਪਦਵੀ ਤੈਨੂੰ ਦਿੱਤੀ, ਤੇਰੀ ਉਲਾਦ ਵਧੇਗੀ।"[426] ਗੁਰੂ ਗ੍ਰੰਥ ਸਾਹਿਬ ਵਿਚ ਮੋਹਨ ਜੀ ਨੂੰ ਸਨਮੁੱਖ ਕਿਹਾ ਗਿਆ ਹੈ।[427]

ਬਾਬਾ ਮੋਹਨ ਜੀਗੁੱਸੇ ਵਿਚ ਚੌਬਾਰੇ ਵਿਚ ਚਲੇ ਗਏ ਅਤੇ ਸਾਰੀ ਅਵਸਥਾ ਉਥੇ ਰਹਿ ਕੇ ਭਗਤੀ ਕਰਦਿਆ ਹੀ ਬਿਤਾਈ। ਪਹਿਲੇਗੁਰੂ ਸਾਹਿਬਾਨਾਂ ਦੀਆਂ ਰਚਨਾਵਾਂ ਸੈਂਚੀਆਂ ਬਾਬਾ ਮੋਹਨ ਸਿੰਘ ਜੀ ਪਾਸ ਮੌਜੂਦ ਸਨ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਨੂੰ ਇਸ ਦੀ ਲੋੜ ਸੀ। ਮੈਕਾਲਿਫ ਅਨੁਸਾਰ, ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਨੂੰ ਬਾਬਾ ਮੋਹਨ ਪਾਸ ਪਈ ਪਹਿਲੇ ਗੁਰੂ ਸਾਹਿਬਾਨਾਂ ਦੀ ਬਾਣੀ ਦੀਆਂ ਜਿਲਤਾਂ ਲਿਆਉਣ ਲਈ ਭੇਜਿਆ ਤਾਂ ਕਿ ਉਨ੍ਹਾਂ ਦਾ ਉਤਾਰਾ ਕੀਤਾ ਜਾ ਸਕੇ। ਪਰ ਬਾਬਾ ਮੋਹਨ ਆਪਣੇ ਕਮਰੇ ਅੰਦਰ ਤਾਲਾ ਲਾਈ ਸਮਾਧੀ ਵਿਚ ਜੁੜਿਆ ਦੱਸਿਆ ਜਾਂਦਾ ਹੈ। ਭਾਈ ਗੁਰਦਾਸ ਸਾਰੀ ਰਾਤ ਦਰਵਾਜਾ ਖੜਕਾਉਂਦੇ ਰਹੇ ਪਰ ਉਨ੍ਹਾਂ ਨੂੰ ਕੋਈ ਜਵਾਬ ਨਾ ਮਿਲਿਆ। ਉਸ ਨੇ ਅੰਮ੍ਰਿਤਸਰ ਜਾ ਕੇ ਸਾਰੀ ਕਹਾਣੀ ਗੁਰੂ ਜੀ ਨੂੰ ਦੱਸੀ। ਇਸ ਤੋਂ ਬਾਅਦ ਬਾਬਾ ਬੁੱਢਾ ਜੀ ਨੂੰ ਭੇਜਿਆ ਗਿਆ ਪਰ ਉਹ ਵੀ ਬਾਣੀ ਦੀਆਂ ਪੋਥੀਆਂ ਪ੍ਰਾਪਤ ਕਰਨ ਵਿਚ ਅਸਫਲ ਰਹੇ। ਫਿਰ ਗੁਰੂ ਜੀ ਆਪ ਗਏ ਪਰ ਜਦੋਂ ਬਾਬਾ ਮੋਹਨ ਪਾਸੋਂ ਕੋਈ ਜਵਾਬਨਾ ਮਿਲਿਆ ਤਾਂ ਉਨ੍ਹਾਂਨੇ ਸ਼ਬਦ "ਮੋਹਨ ਤੇਰੇ ਊਚੇ ਮੰਦਰਿ ਮਹਿਲ ਅਪਾਰਾ "(ਗੁਰੂ ਗ੍ਰੰਥ ਸਾਹਿਬ, ਪੰ. 248) ਉਚਾਰਿਆ। ਬਾਬਾ ਮੋਹਨ ਜੀ ਨੇ ਖੁਸ਼ ਹੋ ਕੇ ਦਰਵਾਜਾ ਖੋਲ੍ਹਿਆ ਤੇ ਪਹਿਲੇ ਗੁਰੂਆਂ ਦੀਬਾਣੀ ਗੁਰੂ ਅਰਜਨ ਦੇ ਸਪੁਰਦ ਕਰ ਦਿੱਤੀ।[428]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਬਾਬਾ ਮੋਹਨ ਜੀ ਤੇ ਮੋਹਰੀ ਜੀ ਸਬੰਧੀ ਸੰਕੇਤ ਦਰਜ ਹੈ। ਜਦੋਂ ਗੁਰਗੱਦੀ ਨਾ ਮਿਲੀ ਤਾਂ ਮੋਹਨ ਕਮਲਾ ਹੋ ਗਿਆ ਤੇ ਮੋਹਰੀ, ਗੁਰੂ ਅਮਰਦਾਸ ਜੀ ਵਾਲੇ ਚੌਬਾਰੇ ਦੀ ਟਹਿਲ ਕਰਨ ਲੱਗਾ ਤੇ ਸਿਖੀ ਨੂੰ ਸਿਖਾਂ ਪਾਸੋਂ ਮਨਵਾਇਆ ਤੇ ਪੁਜਵਾਇਆ:

ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ।[429]

ਬਾਬਾ ਲਖਮੀ ਦਾਸ ਜੀ :

ਬਾਬਾ ਲਖਮੀ ਦਾਸ ਜੀ, ਗੁਰੂ ਨਾਨਕ ਸਾਹਿਬ ਦੇ ਛੋਟੇ ਸਪੁੱਤਰ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਇਨ੍ਹਾਂ ਦਾ ਜਨਮ ਮਾਤਾ ਸੁਲਖਣੀ ਦੀ ਕੁੱਖੋਂ 19 ਫੱਗਣ ਸੰਮਤ 1553 ਨੂੰ ਸੁਲਤਾਨਪੁਰ ਵਿਖੇ ਹੋਇਆ। ਦੇਹਾਂਤ ਕਰਤਾਰਪੁਰ ਵਿਖੇ ਸੰਮਤ 1612 ਨੂੰ ਹੋਇਆ।[430]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਬਾਬਾ ਲਖਮੀ ਦਾਸ ਜੀ ਨੂੰ ਗ੍ਰਹਿਸਤੀ ਮੰਨਿਆ ਗਿਆ ਹੈ;

ਲਖਮੀਦਾਸਹੁ ਧਰਮਚੰਦ ਪੋਤਾ ਹੋਇਕੈ ਆਪੁ ਗਵਾਇਆ।[431]

(ਹ) ਕੁਝ ਹੋਰ ਇਤਿਹਾਸਕ ਸ਼ਖਸੀਅਤਾਂ ਦੇ ਸੰਕੇਤ :

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਉਨ੍ਹਾਂ ਸ਼ਖਸੀਅਤਾਂ ਦਾ ਸੰਕੇਤਮਈ ਵਰਣਨ ਵੀ ਮਿਲਦਾ ਹੈ ਜਿਹੜੀਆਂ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਸਮੇਂ ਉਨ੍ਹਾਂ ਦੇ ਸੰਪਰਕ ਵਿਚ ਆਈਆਂ ਅਤੇ ਗੁਰੂ ਸਾਹਿਬ ਨੇ ਸ਼ਬਦ ਦੇ ਬਲ ਨਾਲ ਇਨ੍ਹਾਂ ਨੂੰ ਆਪਣਾ ਸ਼ਰਧਾਲੂ ਬਣਾਇਆ।

ਗੋਰਖ ਨਾਥ/ਮਛੰਦਰ ਨਾਥ :

ਗੋਰਖ ਨਾਥ ਇਕ ਨਾਥ-ਪਰੰਪਰਾ ਦਾ ਆਗੂ ਸੀ। ਇਸ ਦਾ ਜਨਮ ਗੁਰਖ ਪੁਰ ਵਿਚ ਹੋਇਆ। ਕਈ ਵਿਦਵਾਨ ਇਸ ਨੂੰ ਪੰਜਾਬ ਦਾ ਵਸਨੀਕ ਮੰਨਦੇ ਹਨ। ਇਹ ਮਛੰਦਰ ਨਾਥ ਦਾ ਮੁੱਖ ਚੇਲਾ ਸੀ। ਇਸ ਨੇ ਯੋਗ ਸਾਧਨਾ ਦਾ ਪ੍ਰਚਾਰ ਕੀਤਾ। ਇਹ ਸੰਪ੍ਰਦਾਇ ਦੇ ਲੋਕ ਗਲ ਵਿਚ ਰੁਦ੍ਰਾਕਸ਼ ਦੀ ਮਾਲਾ, ਕੰਨਾਂ ਵਿਚ ਮੁੰਦਰਾਂ ਅਤੇ ਗੇਰੂਆਂ ਰੰਗ ਦੇ ਵਸਤਰ ਪਾਉਂਦੇ ਸਨ। ਵਾਸਤਵ ਵਿਚ ਇਹ ਸਿੱਖ ਮੱਤ ਤੇ ਸ਼ਿਵ ਮੱਤ ਦਾ ਮਿਸ਼ਰਤ ਰੂਪ ਸੀ। ਇਸ ਮੱਤ ਦਾ ਪ੍ਰਚਾਰ ਪੰਜਾਬ ਵਿਚ ਬਹੁਤ ਹੋਇਆ। ਇਨ੍ਹਾਂ ਬਾਰੇ ਬਹੁਤ ਸਾਰੀਆਂ ਕਥਾਵਾਂ ਤੇ ਰਾਵਾਇਤਾਂ ਪ੍ਰਚਲਤ ਹਨ। ਸਲਵਾਨ ਦਾ ਪੁੱਤਰ ਪੂਰਨ ਇਸ ਦਾ ਭਗਤ ਸੀ। ਇਸ ਮੱਤ ਦੀ ਬਾਣੀ 'ਗੋਰਖ ਬਾਣੀ' ਸਿਰਲੇਖ ਹੇਠ ਹਿੰਦੀ ਵਿਚ ਪ੍ਰਾਪਤ ਹੁੰਦੀ ਹੈ। ਇਹ ਲੋਕ ਤੀਰਥ ਸਥਾਨਾਂ ਦੀ ਯਾਤਰਾ ਕਰਦੇ

ਸਨ। ਮੂਰਤੀ ਪੂਜਾ ਵਿਚ ਇਨ੍ਹਾਂ ਦਾ ਪ੍ਰਤੱਖ ਵਿਸ਼ਵਾਸ਼ ਸੀ, ਕਰਾਮਾਤੀ ਢੰਗਾਂ ਦੇ ਵੀ ਇਹ ਉਪਾਸ਼ਕ ਸਨ ਤੇ ਤੰਤਰਾਂ ਮੰਤਰਾਂ ਵਿਚ ਭਰਪੂਰ ਵਿਸ਼ਵਾਸ ਰੱਖਦੇ ਸਨ। ਗੁਰੂ ਨਾਨਕ ਦੀ ਰਚਨਾ 'ਸਿਧ ਗੋਸਟਿ' ਵਿਚ ਇਹਨਾਂ ਦੀ ਵੇਸ਼ਭੂਸ਼ਾ ਤੇ ਰੁਚੀਆਂ ਦਾ ਵਿਸਥਾਰ ਰੂਪ ਵਿਚ ਚਿਤਰਨ ਦਰਜ ਹੈ।

ਮਛੰਧਰ ਨਾਥ, ਗੋਰਖ ਨਾਥ ਦਾ ਗੁਰੂ ਸੀ। ਨਾਥ ਪਰੰਪਰਾ ਵਿਚ ਮਨੁੱਖੀ ਗੁਰੂਆਂ ਵਿਚ ਇਹ ਆਦਿ ਗੁਰੂ ਮੰਨੇ ਜਾਂਦੇ ਹਨ। ਵਿਦਵਾਨਾਂ ਦੀ ਖੋਜ ਦਾ ਹਵਾਲਾ ਦਿੰਦਾ ਹੋਇਆ ਡਾ. 'ਕਾਲਾ ਸਿੰਘ ਬੇਦੀ ਲਿਖਦਾ ਹੈ ਕਿ ਮਛੰਦੇਰ ਨਾਥ ਚੰਦ੍ਰ ਗਿਰੀ ਨਾਮੀ ਸਥਾਨ ਵਿਚ ਪੈਦਾ ਹੋਇਆ। ਜਿਹੜਾ ਕਾਮਰੂਪ ਤੋਂ ਬਹੁਤ ਦੂਰ ਸੀ। ਮੁਢਲੇ ਜੀਵਨ ਵਿਚ ਇਹ ਸਾਧਨਾ ਵਿਚ ਜੁੜੇ ਰਹਿੰਦੇ ਸਨ ਪਰ ਬਾਅਦ ਵਿਚ ਐਸੇ ਆਚਾਰ ਵਿਚ ਫਸ ਗਏ ਜਿਥੇ ਸੁੰਦਰੀਆਂ ਦਾ ਬੋਲਬਾਲਾ ਸੀ। ਇਸ ਜਾਲ ਵਿਚੋਂ ਇਹਨਾਂ ਨੂੰ ਗੋਰਖ ਨਾਥ ਨੇ ਕੱਢਿਆ।"[432]

ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਇਸ ਸੰਪ੍ਰਦਾਇ ਨੇ ਪੰਜਾਬ ਦੇ ਲੋਕਾਂ ਦੀ ਸੋਚ ਉਤੇ ਪੂਰੀ ਤਰ੍ਹਾਂ ਕਬਜਾ ਕੀਤਾ ਹੋਇਆ ਸੀ। ਗੁਰੂ ਨਾਨਕ ਸਾਹਿਬ ਨੇ ਆਪਣੀਆਂ ਯਾਤਰਾਵਾਂ ਦੌਰਾਨ ਇਨ੍ਹਾਂ ਦੇ ਪ੍ਰਮੁੱਖ ਸਥਾਨਾਂ ਨੂੰ ਪੜਾਅ ਬਣਾਇਆ ਤੇ ਸ਼ਬਦ ਦੇ ਬਲ ਨਾਲ ਇਹਨਾਂ ਤੇ ਜਿੱਤ ਪ੍ਰਾਪਤ ਕੀਤੀ ਤੇ ਚਰਨਾਂ ਤੇ ਨਿਵਾਇਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੋਰਖ ਨਾਥ ਤੇ ਮਛੰਧਰ ਨਾਥ ਨਾਲ ਸਬੰਧਤ ਸੰਕੇਤ ਮਿਲਦੇ ਹਨ। ਭਾਈ ਸਾਹਿਬ ਅਨੁਸਾਰ ਬੇਸ਼ਕ ਇਹ ਦੋਨੋਂ ਨਾਥ ਸੰਪ੍ਰਦਾਇ ਦੇ ਮਹਾਨ ਆਗੂ ਸਨ ਤੇ ਨੇਤ ਨੇਤ ਕੇ ਚਿੰਤਨ ਕਰਦੇ ਸਨ ਪਰ ਅਕਾਲ ਪੁਰਖ ਦਾ ਅੰਤ ਨਹੀਂ ਪਾ ਸਕੇ:

> ਗੋਰਖ ਨਾਥ ਮਛਿੰਦ੍ਰ ਲਖ ਸਾਧਿਕ ਸਿਧਿ ਨੇਤ ਕਰਿ ਧਿਆਵਹਿ।
> ਚਰਣ ਕਮਲ ਗੁਰੁ ਅਗਮ ਅਲਾਵਹਿ।[433]

ਭਾਈ ਗੁਰਦਾਸ ਅੱਗੇ ਚਲ ਕੇ ਲਿਖਦੇ ਹਨ, ਗੋਰਖ ਜੋਗੀ ਜਾਗਦਾ ਹੈ, ਜਿਸ ਦੇ ਗੁਰੂ ਮਛੰਦਰ ਨਾਥ ਨੇ ਧਰੋਲ ਕਰ ਲਈ ਸੀ। (ਕਹਿੰਦੇ ਹਨ ਮਛੰਦਰ ਇਕ ਰਾਣੀ ਤੇ ਆਸ਼ਕ ਸੀ, ਉਸ ਰਾਣੀ ਦਾ ਪਤੀ ਮਰ ਗਿਆ, ਮਛੰਦਰ ਨਾਥ ਨੇ ਸਮਾਂ ਦੇਖ ਕੇ ਰਾਜਾ ਦੀ ਮ੍ਰਿਤਕ ਦੇਹ ਵਿਚ ਪ੍ਰਵੇਸ਼ ਕੀਤਾ ਤੇ ਰਾਣੀ ਦਾ ਸੱਤ ਭੰਗ ਕੀਤਾ):

(1) ਗੋਰਖੁ ਜੋਗੀ ਜਾਗਦਾ ਗੁਰਿ ਮਾਛਿੰਦ੍ਰ ਧਰੀ ਸੁ ਧਿਰੇਲਾ।[434]

(2) ਗੋਰਖ ਜਤੀ ਸਦਾਇੰਦਾ ਤਿਸੁ ਗੁਰ ਘਰਬਾਰੀ।

- - - - - - - - - - - - - - - - - - - -

ਗੁਰਸਿਖੁ ਜਤੀਸਲਾਹੀਅਨ ਜਿਨਿ ਹਉਮੈ ਮਾਰੀ।[435]

ਭਾਈ ਗੁਰਦਾਸ ਨੇ ਵਾਰਾਂ ਵਿਚ ਮਛੰਦਰ ਨਾਥ ਦੀ ਨਿੰਦਾ ਕੀਤੀ ਹੈ ਤੇ ਗੋਰਖ ਨਾਥ ਨੂੰ ਜਤੀ ਕਿਹਾ ਹੈ। ਪਰ ਉਹ ਹਉਮੈ ਨਾ ਮਾਰ ਸਕਿਆ ਤੇ ਦਾਗੀ ਹੀ ਰਿਹਾ। ਗੁਰਸਿੱਖ, ਇਹਨਾਂ ਨਾਲੋਂ ਸ੍ਰੇਸ਼ਟ ਹਨ ਜਿਨ੍ਹਾਂ ਨੇ ਹਉਮੈ ਨੂੰ ਮਾਰਿਆ ਹੈ।

ਜੀਵਨ :

ਜੀਵਨ[436] ਮੱਕੇ ਗਿਆ ਇਕ ਹਾਜੀ ਸੀ। ਇਸ ਨੇ ਦੇਖਿਆ ਕਿ ਕੋਈ ਮੱਕੇ ਵੱਲ ਪੈਰ ਕਰ ਕੇ ਸੁੱਤਾ ਪਿਆ ਹੈ ਤਾਂ ਇਸ ਨੇ ਅੱਲਾ ਦੇ ਘਰ ਦੀ ਨਿਰਾਦਰੀ ਹੁੰਦੀ ਸਮਝ ਕੇ ਗੁੱਸੇ ਨਾਲ ਉਸ ਦੇ ਲੱਤ ਮਾਰੀ ਤੇ ਕਿਹਾ ਕਿਹੜਾ ਕਾਫ਼ਰ ਅੱਲਾ ਦੇ ਘਰ ਵੱਲ ਲੱਤਾਂ ਪਸਾਰ ਕੇ ਪਿਆ ਹੈ। ਗੁਰੂ ਸਾਹਿਬ ਨੇ ਨਿਮਰਤਾ ਨਾਲ ਕਿਹਾ, ਜਿਸ ਪਾਸੇ ਅੱਲਾ ਦਾ ਘਰ ਨਹੀਂ ਤੁਸੀਂ ਉਸ ਪਾਸੇ ਮੇਰੀਆਂ ਲੱਤਾਂ ਕਰ ਦਿਉ। ਜੀਵਣ ਨੇ ਲੱਤਾਂ ਘਸੀਟ ਕੇ ਦੂਜੇ ਪਾਸੇ ਕਰ ਦਿੱਤੀਆਂ। ਤਾਂ ਮੱਕਾ ਵੀ ਉਸੇ ਪਾਸੇ ਘੁੰਮ ਗਿਆ। ਇਸ ਅਸਚਰਜ ਘਟਨਾ ਨੂੰ ਦੇਖ ਕੇ ਜੀਵਨ ਗੁਰੂ ਸਾਹਿਬ ਦੇ ਚਰਨੀ ਢਹਿ ਪਿਆ ਅਤੇ ਆਪਣੀ ਭੁੱਲ ਬਖਸ਼ਾਈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਜੀਵਨ ਬਾਰੇ ਸੰਕੇਤ ਸਿਰਫ ਇਸੇ ਪ੍ਰਸੰਗ ਵਿਚ ਆਇਆ ਹੈ :

ਜੀਵਣਿ ਮਾਰੀ ਲਤਿ ਦੀ, ਕੇਹੜਾ ਸੁਤਾ ਕੁਫਰ ਕੁਫਾਰੀ?

ਲਤਾਂ ਵਲਿ ਖੁਦਾਇ ਦੇ ਕਿਉਂ ਕਰਿ ਪਇਆ ਹੁਇ ਬਜਿਗਾਰੀ

ਟੰਗੋ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।

ਹੋਇ ਹੈਰਾਨੁ ਕਰੇਨਿ ਜੁਹਾਰੀ।[437]

ਦਸਤਗੀਰ :

ਦਸਤਗੀਰ, ਬਗਦਾਦ ਦਾ ਪੀਰ ਸੀ। ਪਹਿਲਾ ਇਸ ਦਾ ਨਾਮ ਅਬਦੁਲ ਕਾਦਿਰ ਸੀ ਜੋ ਬਅਦ ਵਿਚ ਦਸਤਗੀਰ ਕਰਕੇ ਪ੍ਰਸਿੱਧ ਹੋਇਆ। ਭਾਈ ਕਾਹਨ ਸਿੰਘ ਨਾਭਾ ਅਨੁਸਾਰ, ਇਹ ਫਾਰਸ ਦੇ ਜੀਲਾਨ ਨਗਰ ਵਿਚਸੰਨ 1078 ਵਿਚ ਜਨਮਿਆਂ ਅਤੇ ਵੱਡਾ ਕਰਨੀ ਵਾਲਾ ਸਾਧ ਹੋਇਆ। 22 ਫਰਵਰੀ ਸੰਨ 1166 ਨੂੰ ਇਹ ਮਹਾਤਮਾ ਬਗਦਾਦ ਵਿਖੇ ਮੋਇਆ, ਜਿਥੇ ਇਸ ਦਾ ਮਜ਼ਾਰ ਵਿਦਿਆਮਾਨ ਹੈ।[438]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪੀਰ ਦਸਤਗੀਰ ਸਬੰਧੀ ਸੰਕੇਤ ਆਏ ਹਨ। ਕਿ ਜਦੋਂ ਗੁਰੂ ਨਾਨਕ ਸਾਹਿਬ ਆਪਣੀ ਯਾਤਰਾਵਾਂ ਦੌਰਾਨ ਬਗਦਾਦ ਸ਼ਹਿਰ ਪਹੁੰਚੇ ਤਾਂ ਉਸ ਸਮੇਂ ਇਹ ਬਗਦਾਦ ਦਾ ਪੀਰ ਸੀ। ਗੁਰੂ ਸਾਹਿਬ ਨੇ ਸ਼ਹਿਰ ਦੇ ਬਾਹਰ ਡੇਰਾ ਲਾ ਕੇ ਸ਼ਬਦ ਦਾ ਕੀਰਤਨ ਸ਼ੁਰੂ ਕਰ ਦਿੱਤਾ ਜੋ ਇਸਲਾਮ ਦੀ ਮਰਿਆਦਾ ਦੇ ਵਿਰੁੱਧ ਸੀ। ਜਦ ਇਸ ਗੱਲ ਦੀ ਖਬਰ ਪੀਰ ਦਸਤਗੀਰ ਨੂੰ ਹੋਈ ਤਾਂ ਉਹ ਬੜੇ ਗੁੱਸੇ ਵਿਚ ਗੁਰੂ ਸਾਹਿਬ ਪਾਸ ਆਇਆ ਤੇ ਉਨ੍ਹਾਂ ਦਾ ਜਾਤ ਤੇ ਟਿਕਾਣਾ ਪੁਛਿਆ ਕਿਉਂਕਿ ਉਸ ਸਮੇਂ ਇਸਲਾਮ ਦੀ ਮਰਿਆਦਾ ਦੀ ਉਲੰਘਣਾ ਕਰਨਾ ਜੁਰਮ ਸਮਝਿਆ ਜਾਂਦਾਸੀ:

ਪੁਛਿਆ ਫਿਰਿਕੇ ਦਸਤਗੀਰ ਕਉਣ ਫਕੀਰੁ ਕਿਸ ਕਾ ਘਰਿਹਾਨਾ?[439]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪੀਰ ਦਸਤਗੀਰ ਅਤੇ ਗੁਰੂ ਨਾਨਕ ਸਾਹਿਬ ਦੀ ਆਪਸੀ ਵਾਰਤਾਲਾਪ ਦਾ ਵਰਣਨ ਦਰਜ ਹੈ। ਗੁਰੂ ਸਾਹਿਬ ਨਾਲ ਤਕਰਾਰ ਕਰਨ ਤੋਂ ਬਾਅਦ ਪੀਰ ਦਸਤਗੀਰ ਨੇ ਇਹ ਸੋਚ ਲਿਆ ਕਿ ਇਹ ਫਕੀਰ ਕੋਈ ਵੱਡਾ ਸ਼ਕਤੀਸ਼ਾਲੀ ਹੈ। ਦਸਤਗੀਰ ਨੇ ਗੁਰੂ ਸਾਹਿਬ ਦੀ ਸ਼ਕਤੀ ਬਾਰੇ ਪੁਛਿਆ:

ਫੇਰਿ ਦੁਰਾਇਨ ਦਸਤਗੀਰ ਅਸੀ ਭਿ ਵੇਖਾ ਜੋ ਤੁਹਿਪਾਈ।[440]

ਗੁਰੂ ਨਾਨਕ ਸਾਹਿਬ ਦਸਤਗੀਰ ਦੇ ਪੁੱਤਰ ਨੂੰ ਨਾਲ ਲੈ ਕੇ ਧੁਰ ਪਾਤਾਲ ਚਲੇ ਗਏ ਤੇ ਉਥੋਂ ਸਾਧ ਸੰਗਤ ਦੇ ਜੋੜ ਮੇਲੇ ਵਿਚੋਂ ਕੜਾਹ ਪ੍ਰਸਾਦ ਦੀ ਚਿੱਪੀ ਲਿਆ ਕੇ ਪੀਰ ਨੂੰ ਦੱਸਿਆ ਕਿ ਜਿਹੜੇ ਇਸ ਬਾਲਕ ਵਾਂਗ ਨਿਰ ਅਭਿਮਾਨ ਹਨ ਉਹੀ ਇਹ ਨਜ਼ਰ ਪਾਉਂਦੇ ਹਨ।

ਇਸ ਤੇ ਪੀਰ ਦਸਤਗੀਰ ਨੇ ਗੁਰੂ ਨਾਨਕ ਸਾਹਿਬ ਦੀ ਸ਼ਕਤੀ ਅੱਗੇ ਆਪਣਾ ਸਿਰ ਨਿਵਾਇਆ।

## ਬਾਬਰ :

ਬਾਬਰ ਮੁਗ਼ਲ ਖ਼ਾਨਦਾਨ ਦਾ ਪਹਿਲਾ ਹਮਲਾਵਰ ਤੇ ਹਿੰਦੋਸਤਾਨ ਦਾ ਬਾਦਸ਼ਾਹ ਸੀ। ਮੁਗਲ ਖਾਨਦਾਨ ਨੇ ਤਿੰਨ ਸੌ ਸਾਲ ਭਾਰਤ ਉਤੇ ਰਾਜ ਕੀਤਾ। ਹਮਾਯੂੰ, ਅਕਬਰ, ਜਹਾਂਗੀਰ, ਸ਼ਾਹ ਹੁਸੈਨ, ਔਰੰਗਜੇਬ ਤੇ ਬਹਾਦਰ ਸ਼ਾਹ ਇਸ ਖ਼ਾਨਦਾਨ ਦੀਆਂ ਪ੍ਰਸਿੱਧ ਹਸਤੀਆਂ ਸਨ। ਅਖੀਰ ਇਸ ਰਾਜ ਦਾ ਖ਼ਾਤਮਾ ਸਿੱਖਾਂ ਅਤੇ ਮਰਹੱਟਿਆਂ ਹੱਥੋਂ ਹੋਇਆ।

ਬਾਬਰ ਦਾ ਜਨਮ 15 ਫਰਵਰੀ, ਸੰਨ 1483 ਨੂੰ ਹੋਇਆ[441] ਇਸ ਦਾ ਪੂਰਾ ਨਾਮ ਮੁਹੰਮਦ ਜਹੀਰੂ ਦੀਨ ਸੀ। ਬਾਬਰ ਫ਼ੁਰਗਾਨੇ ਦੇ ਅਮੀਰ ਉਮਰ ਸ਼ੇਖ ਮਿਰਜਾ ਦਾ ਸਪੁੱਤਰ ਸੀ। ਛੋਟੀ ਉਮਰ ਵਿਚ ਹੀ ਸ਼ੇਖ ਮਿਰਜਾ ਦਾ ਦੇਹਾਂਤ ਹੋ ਗਿਆ।[442] ਇਸ ਦੇ ਚਾਚੇ ਨੇ ਇਸ ਦਾ ਸਾਰਾ ਰਾਜ ਭਾਗ ਸੰਭਾਲ ਲਿਆ ਜਦੋਂ ਇਸ ਨੇ ਜਵਾਨ ਹੋ ਕੇ ਆਪਣਾ ਰਾਜ ਭਾਗ ਵਾਪਸ ਮੰਗਿਆ ਤਾਂ ਉਸ ਨੇ ਇਨਕਾਰ ਕਰ ਦਿੱਤਾ। ਬਾਬਰ ਨੇ ਆਪਣੇ ਕੁਝ ਦੇਸ਼ ਵਾਸੀਆਂ ਦੀ ਮਦਦ ਨਾਲ ਅਫ਼ਗਾਨਿਸਤਾਨ ਤੇ ਹਮਲਾ ਕੀਤਾ ਤੇ ਉਥੋਂ ਦੇ ਕਾਫ਼ੀ ਹਿੱਸੇ ਤੇ ਕਬਜ਼ਾ ਕਰ ਲਿਆ। ਇਹ ਬਹੁਤ ਬੁਧੀਮਾਨ ਤੇ ਦਲੇਰ ਰਾਜਾ ਸੀ ਅਤੇ ਪਰਜਾ ਨਾਲ ਬਹੁਤ ਖੁਲ੍ਹਦਿਲੀ ਵਾਲਾ ਵਰਤਾਉ ਕਰਦਾ ਸੀ।

ਅਫ਼ਗਾਨਿਸਤਾਨ ਤੇ ਕਬਜਾ ਕਰਨ ਤੋਂ ਬਾਅਦ ਇਸ ਦੀਆਂ ਨਜ਼ਰਾਂ ਹਿੰਦੁਸਤਾਨ ਤੇ ਲੱਗੀਆਂ। ਇਸ ਦੇ ਕਈ ਕਾਰਨ ਸਨ। ਪਹਿਲਾਂ ਹਿੰਦੁਸਤਾਨ ਪ੍ਰਸਿੱਧ ਧਨ-ਪਾਤਰ ਦੇਸ਼ ਸੀ। ਦੂਜਾ ਇਥੋਂ ਦੀ ਘਰੋਗੀ ਲੜਾਈ ਸੀ, ਤੀਜਾ ਸ਼ਾਸ਼ਕਾਂ ਦਾ ਪ੍ਰਬੰਧ ਬਹੁਤ ਮਾੜੀ ਸਥਿਤੀ ਵਿਚ ਸੀ, ਚੌਥਾ ਕਈ ਅਧਿਕਾਰੀ ਸ਼ਾਸਕਾਂ ਦੇ ਵਰਤਾਰੇ ਤੋਂ ਤੰਗ ਪ੍ਰੇਸ਼ਾਨ ਸਨ ਅਤੇ ਬਾਬਰ ਨੂੰ ਭਾਰਤ ਉਤੇ ਚੜ੍ਹਾਈ ਕਰਨ ਲਈ ਉਤਸ਼ਾਹਤ ਕਰ ਰਹੇ ਸਨ। ਬਾਬਰ ਨੇ ਭਾਰਤ ਤੇ ਕਈ ਹਮਲੇ ਕੀਤੇ ਅਤੇ ਮੁਗਲਰਾਜ ਦੀ ਸਥਾਪਨਾ ਕੀਤੀ। ਬਾਬਰ ਦੇ ਸਿਪਾਹੀਆਂ ਨੇ ਇਥੋਂ ਦੀ ਜੰਤਾਂ ਤੇ ਬਹੁਤ ਜੁਲਮ ਤੇ ਅਤਿਆਚਾਰ ਕੀਤੇ। ਬਾਬਰ ਦੇ ਹਮਲਿਆਂ ਦੌਰਾਨ ਪੈਦਾ ਹੋਈ ਸਥਿਤੀ ਦਾ ਵਰਨਣ 'ਬਾਬਰ ਬਾਣੀ' ਵਿਚ ਦਰਜ ਹੈ।

ਬਾਬਰ ਦੇ ਅੰਤਕਾਲ ਦੀ ਸਾਖੀ ਅਸਚਰਜ ਹੈ। ਇਸ ਦਾ ਪੁੱਤਰ ਹਮਾਯੂੰ ਬਹੁਤ ਬਿਮਾਰ ਸੀ। ਇਸ ਨੇ ਆਪਣੇ ਬੀਮਾਰਪੁੱਤਰਦੀਮੰਜੀ ਦੀ ਪਰਿਕਰਮਾਂ ਕਰਕੇ

ਅਰਦਾਸ ਕੀਤੀ ਕਿ ਇਸ ਦਾ ਦੁੱਖ ਮੈਨੂੰ ਲੱਗ ਜਾਵੇ। ਕੁਦਰਤ ਦੀ ਐਸੀ ਕਰਣੀ ਹੋਈ ਦਿਨੋ ਦਿਨ ਹਮਾਯੂੰ ਠੀਕ ਹੋਣ ਲੱਗਾ ਤੇ ਬਾਬਰ ਦੀ ਸਿਹਤ ਖਰਾਬ ਹੋਣ ਲੱਗੀ ਤੇ ਬੀਮਾਰ ਪੈ ਗਿਆ। ਅੰਤ ਵਿਚ 28 ਦਸੰਬਰ, 1530 ਈ. ਨੂੰ ਇਸ ਦਾ ਦੇਹਾਂਤ ਆਗਰੇ ਵਿਚ ਹੋਇਆ।[444] ਬਾਬਰ ਨੂੰ ਕਾਬਲ (ਅਫਗਾਨਿਸਤਾਨ) ਜਾ ਕੇ ਦਫਨਾਇਆ ਗਿਆ, ਉਥੇ ਇਸ ਦੀ ਕਬਰ ਅਜੇ ਵੀ ਮੌਜੂਦ ਹੈ।

ਬਾਬਰ ਦੀ ਮੁਲਾਕਾਤ ਗੁਰੂ ਨਾਨਕ ਸਾਹਿਬ ਨਾਲ ਸੈਦਪੁਰ (ਏਮਨਾਬਾਦ) ਵਿਖੇ ਹੋਈ। ਗੁਰੂ ਸਾਹਿਬ ਨੂੰ ਇਸਦੇ ਸਿਪਾਹੀਆਂ ਨੇ ਫੜ ਕੇ ਕੈਦ ਕਰ ਲਿਆ। ਜਦੋਂ ਇਸ ਗੱਲ ਦੀ ਖਬਰ ਬਾਬਰ ਨੂੰ ਮਿਲੀ ਤਾਂ ਇਸ ਨੇ ਆ ਕੇ ਭੁੱਲ ਬਖ਼ਸ਼ਾਈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਬਾਬਰ ਤੇ ਨਵਾਬਾਂ ਦਾ ਗੁਰੂ ਨਾਨਕ ਸਾਹਿਬ ਅੱਗੇ ਨਿਉਣ ਵਾਲੀ ਇਤਿਹਾਸਕ ਘਟਨਾ ਸਬੰਧੀ ਸੰਕੇਤ ਮਿਲਦਾ ਹੈ:

ਬਾਬਰ ਨੇ ਬਾਬੇ ਮਿਲੇ ਨਿਵ ਨਿਵ ਸਭ ਨਬਾਬ ਨਿਵਾਇਆ।[445]

ਭਾਵ ਬਾਬੇ ਨਾਨਕ ਨੂੰ ਬਾਬਰ ਕੇ ਮਸਾਹਬ (ਸਾਰੇ ਸੇਵਕ) ਅਤੀ ਨਿਮਰਤਾ ਸਹਿਤ ਮਿਲੇ ਤੇ ਹੋਰ ਕਈ ਨਵਾਬਾਂ ਨੇ ਵੀ ਨਿਵ ਕੇ ਗੁਰੂ ਸਾਹਿਬ ਦੀ ਤਾਬਿਆ ਦਾਰੀ ਮੰਨੀ।

ਭੰਗਰ ਨਾਥ :

ਭੰਗਰਨਾਥ ਇਕ ਨਾਥ-ਪਰੰਪਰਾ ਦਾ ਪ੍ਰਸਿੱਧ ਯੋਗੀ ਸੀ। ਜਿਸ ਦੀ ਚਰਚਾ ਗੁਰੂ ਨਾਨਕ ਸਾਹਿਬ ਨਾਲ ਸ਼ਿਵਰਾਤਰੀ ਦੇ ਮੇਲੇ ਉਤੇ ਅਚਲ-ਵਟਾਲੇ ਵਿਖੇ ਹੋਈ। ਗੁਰੂ ਸਾਹਿਬ ਨੂੰ ਸੰਸਾਰੀ ਵਸਤਰਾਂ ਵਿਚ ਦੇਖ ਕੇ ਸਭ ਤੋਂ ਪਹਿਲਾਂ ਭੰਗਰਨਾਥ ਨੇ ਕਿਹਾ ਕਿ ਤੂੰ ਦੁੱਧ ਵਿਚ ਕਾਂਜੀ ਕਿਉਂ ਪਾਈ ਹੈ?" ਭਾਵ ਤੂੰ ਉਦਾਸੀਆਂ ਵਾਲੇ ਵਸਤਰ ਉਤਾਰ ਕੇ ਸੰਸਾਰੀਆਂ ਵਾਲੀ ਰੀਤ ਕਿਉਂ ਚਲਾਈ? ਇਸ ਘਟਨਾ ਦਾ ਸੰਕੇਤਮਈ ਵਰਨਣ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਿਲਦਾ ਹੈ:

ਪੁਛੇ ਜੋਗੀ ਭੰਗਰਨਾਥੁ ਤੁਹਿ ਦੁਧਿ ਵਿਚਿ ਕਿਉ ਕਾਂਜੀ ਪਾਈ।[446]

ਭੰਗਰ ਨਾਥ ਦੇ ਇਸ ਪ੍ਰਸ਼ਨ ਦਾ ਉੱਤਰ ਭਾਈ ਗੁਰਦਾਸ ਨੇ ਇਸੇ ਪਉੜੀ ਵਿਚ ਦਿੱਤਾ ਹੈ:

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਘਰਿ ਮੰਗਣਿ ਜਾਈ।[447]

ਅਰਥਾਤ ਤੁਸੀਂ ਗ੍ਰਿਹਸਤ ਜੀਵਨ ਨੂੰ ਛੱਡ ਕੇ ਫਿਰ ਉਨ੍ਹਾਂ (ਗ੍ਰਿਹਸਤੀਆਂ) ਦੇ ਘਰੋਂ ਹੀ ਮੰਗਣ ਜਾਂਦੇ ਹੋ। ਇਸ ਪ੍ਰਸੰਗ ਵਿਚ ਭਾਈ ਗੁਰਦਾਸ ਨੇ ਗ੍ਰਿਹਸਤ ਜੀਵਨ ਨੂੰ ਪ੍ਰਧਾਨ ਸਿੱਧ ਕੀਤਾ ਹੈ।

ਨਾਥ ਸੰਪ੍ਰਦਾਇ ਦੇ ਯੋਗੀ ਕਰਾਮਾਤਾਂ ਵਿਚ ਵਿਸ਼ਵਾਸ਼ ਰੱਖਦੇ ਸਨ। ਉਨ੍ਹਾਂ ਨੇ ਅਨੇਕਾਂ ਪ੍ਰਕਾਰ ਦੇ ਨਾਟਕ-ਚੇਟਕ ਕਰਕੇ ਗੁਰੂ ਨਾਨਕ ਸਾਹਿਬ ਨੂੰ ਭਰਮਾਉਣ ਜਾਂ ਡਰਾਉਣ ਦਾ ਯਤਨ ਕੀਤਾ। ਇਸ ਸਬੰਧ ਵਿਚ ਭਾਈ ਗੁਰਦਾਸ ਸੰਕੇਤ ਕਰਦੇ ਹਨ "ਤਾਰੇ ਤੋੜੇ ਭੰਗਰਿ ਨਾਥ"[448] ਭਾਵ ਭੰਗਰਨਾਥ ਨੇ ਗੁਰੂ ਸਾਹਿਬ ਨੂੰ ਭਰਮਾਉਣ ਲਈ ਅਸਮਾਨ ਦੇ ਤਾਰੇ ਤੋੜ ਲਿਆਂਦੇ। ਪਰ ਉਸ ਦੀ ਕੋਈ ਪੇਸ਼ ਨਾ ਗਈ, ਕਿਉਂਕਿ ਗੁਰੂ ਸਾਹਿਬ ਸੱਚੇ ਗੁਰੂ ਸਨ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਸਾਰਕ ਪ੍ਰੀਤ ਜੋੜਿਆਂ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਦੇ ਸੰਕੇਤ ਮਿਲਦੇ ਹਨ । ਪਰ ਭਾਈ ਸਾਹਿਬਨੇ ਪਉੜੀ ਦੇ ਅੰਤ ਵਿਚ ਗੁਰਸਿੱਖ ਦੀ ਪ੍ਰਭੂ ਨਾਲ ਪ੍ਰੀਤ ਨੂੰ ਸ੍ਰੇਸ਼ਟ ਮੰਨਿਆ ਹੈ:

ਲੈਲਾ ਮਜਨੂੰ ਆਸ਼ਕੀ ਚਹੁ ਚਕੀ ਜਾਤੀ।
ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।
ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।
ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।
ਰਾਂਝਾ ਹੀਰ ਵਖਾਣੀਐ ਉਹ ਪਿਰਮ ਪਰਾਤੀ।
ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ।[449]

ਵਾਰਾਂ ਵਿਚ ਇਨ੍ਹਾਂ ਪ੍ਰਸੰਗਾਂ ਦਾ ਵਰਨਣ ਉਪਦੇਸ਼ਾਤਮਕ ਬਿਰਤੀ ਅਧੀਨ ਆਇਆ ਹੈ ਕਿਉਂਕਿ ਉਪਰੋਕਤ ਪਉੜੀ ਦੀ ਅਖੀਰਲੀ ਤੁੱਕ ਵਿਚ ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਗੁਰੂ ਦੇ ਸਿੱਖਾਂ ਦੀ ਪ੍ਰੀਤ ਇਨ੍ਹਾਂ ਪ੍ਰੇਮੀਆਂ ਦੀ ਪ੍ਰੀਤ ਤੋਂ ਸ੍ਰੇਸ਼ਟ ਹੈ ਕਿਉਂਕਿ ਉਹ ਅੰਮ੍ਰਿਤ ਵੇਲੇ ਉਠਕੇ ਪ੍ਰਭੂ ਦਾ ਗੁਣ ਗਾਇਨ ਕਰਦੇ ਹਨ।

(ਕ) ਇਤਿਹਾਸਕ ਸਥਾਨ :

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸਿੱਖ ਧਰਮ ਅਤੇ ਹਿੰਦੂ ਧਰਮ ਨਾਲ ਸਬੰਧਤ ਇਤਿਹਾਸਕ ਸਥਾਨਾਂ ਦਾ ਸੰਕੇਤ ਦਰਜ ਹੈ।

ਅਚਲ ਵਟਾਲਾ :

ਅਚਲ ਵਟਾਲਾ, ਅਜੋਕੇ ਪੰਜਾਬ ਦੇ ਜਿਲ੍ਹਾ ਗੁਰਦਾਸਪੁਰ ਵਿਚ ਸਥਿਤ ਹੈ। ਇਹ ਸਥਾਨ ਬਟਾਲੇ ਤੋਂ ਲਗਭਗ ਚਾਰ ਮੀਲ ਦੀ ਦੂਰੀ ਤੇ ਹੈ। ਡਾ. ਕਿਰਪਾਲ ਸਿੰਘ ਅਨੁਸਾਰ, ਅਚਲ ਇਕ ਬਹੁਤ ਪੁਰਾਣਾ ਅਸਥਾਨ ਹੈ। ਕਹਿੰਦੇ ਹਨ ਸ਼ਿਵਜੀ ਦਾ ਪੁੱਤਰ ਕਾਰਤਕ ਸਵਾਮੀ ਪ੍ਰਿਥਵੀ ਦੀ ਪ੍ਰਕਰਮਾ ਕਰਕੇ ਇਥੇ ਆ ਕੇ ਠਹਿਰਿਆ ਸੀ। ਇਥੇ ਸ਼ਿਵਜੀ ਦਾ ਬਹੁਤ ਪੁਰਾਣਾ ਮੰਦਰ ਤੇ ਤਲਾਅ ਹੈ। ਮੰਦਰ ਦੇ ਨਾਂ ਤੇ ਪਿੰਡ ਦਾ ਨਾਮ ਵੀ ਅਚਲ ਪੈ ਗਿਆ। ਬਟਾਲੇ ਤੋਂ ਚਾਰ ਕੁ ਮੀਲ ਦੱਖਣ ਪੂਰਬ ਵੱਲ ਹੋਣ ਕਰਕੇ ਇਸ ਨੂੰ ਅਚਲ ਬਟਾਲਾ ਵੀ ਕਹਿੰਦੇ ਹਨ। ਤਲਾਅ ਦੇ ਆਲੇ ਦੁਆਲੇ ਕਈ ਮੂਰਤੀਆਂ ਹੁੰਦੀਆਂ ਸਨ ਜੋ ਇਕ ਰਵਾਇਤ ਅਨੁਸਾਰ ਔਰੰਗਜੇਬ ਦੇ ਸਮੇਂ ਨਸ਼ਟ ਕਰ ਦਿੱਤੀਆਂ ਗਈਆਂ। ਅੱਜ ਕੱਲ੍ਹ ਤਲਾਅ ਦੇ ਵਿਚਕਾਰ ਇਕ ਮੰਦਰ ਹੈ ਜਿਸ ਤੇ 1911 ਬਿ. (1854 ਈ.) ਦਾ ਸਿਲਾਲੇਖ ਲੱਗਿਆ ਹੋਇਆ ਹੈ ਕਿ ਇਹ ਮੰਦਰ ਰਾਮਦਿਆਲ ਭੰਡਾਰੀ ਨੇ 1854 ਈ. ਵਿਚ ਬਣਵਾਇਆ ਸੀ।[450]

ਸਿੱਖ ਇਤਿਹਾਸ ਵਿਚ ਇਹ ਸਥਾਨ ਖਾਸ ਮਹੱਤਤਾ ਰੱਖਦਾ ਹੈ। ਇਹ ਸਥਾਨ ਜੋਗੀਆਂ ਦਾ ਪ੍ਰਸਿੱਧ ਕੇਂਦਰ ਸੀ ਤੇ ਹਰ ਸਾਲ ਸਿਵਰਾਤਰੀ ਦੇ ਮੌਕੇ ਤੇ ਇਥੇ ਬੜਾ ਭਾਰੀ ਮੇਲਾ ਲਗਦਾ ਸੀ। ਗੁਰੂ ਨਾਨਕ ਸਾਹਿਬ ਸ਼ਿਵਰਾਤਰੀ ਦੇ ਮੇਲੇ ਦੇ ਮੌਕੇ ਤੇ ਇਸ ਸਥਾਨ ਤੇ ਗਏ ਅਤੇ ਉਥੋਂ ਦੇ ਸਿੱਧਾਂ, ਜੋਗੀਆਂ ਨਾਲ ਵਿਚਾਰ ਕੀਤੀ ਜੋ ਗੁਰੂ ਸਾਹਿਬ ਦੀ ਬਾਣੀ 'ਸਿਧ ਗੋਸਟਿ' ਵਿਚ ਦਰਜ ਹੈ। "ਇਥੇ ਮੰਦਰ ਦੀ ਪ੍ਰਕਰਮਾਂ ਦੀ ਕੰਧ ਤੇ ਇਕ ਗੁਰੂ ਨਾਨਕ ਸਾਹਿਬ ਦੀ ਤਸਵੀਰ ਖਿਚੀ ਹੈ ਜਿਸ ਵਿਚ ਗੁਰੂ ਸਾਹਿਬ ਦੇ ਆਲੇ ਦੁਆਲੇ ਸਿੱਧ ਬੜੇ ਸਤਿਕਾਰ ਨਾਲ ਬੈਠੇ ਹਨ।"[451]

ਅਚਲ ਵਟਾਲੇ ਵਿਖੇ ਗੁਰੂ ਨਾਨਕ ਸਾਹਿਬ ਦੀ ਯਾਤਰਾ ਦੀ ਯਾਦ ਵਿਚ ਇਕ ਗੁਰਦੁਆਰਾ 'ਅਚਲ ਸਾਹਿਬ' ਪ੍ਰਸਿਧ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਮਹਾਰਾਜਾ

ਰਣਜੀਤ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਇਸ ਇਤਿਹਾਸਕ ਅਸਥਾਨ ਦੇ ਲੰਗਰ ਲਈ ਜ਼ਮੀਨ ਲਵਾਈ ਸੀ ਤੇ ਗੁਰਦੁਆਰੇ ਦੀ ਸੇਵਾ ਕੀਤੀ ਸੀ।[452]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਅਚਲ ਵਟਾਲੇ ਸਥਾਨ ਦਾ ਸੰਕੇਤ ਗੁਰੂ ਨਾਨਕ ਸਾਹਿਬ ਦੀ ਯਾਤਰਾ ਦੇ ਪ੍ਰਸੰਗ ਵਿਚ ਆਇਆ ਹੈ। ਭਾਈ ਸਾਹਿਬ ਅਨੁਸਾਰ, ਗੁਰੂ ਸਾਹਿਬ ਸ਼ਿਵਰਾਤਰੀ ਦੇ ਮੇਲੇ ਤੇ ਇਸ ਸਥਾਨ ਤੇ ਗਏ ਤੇ ਸਿੱਧਾਂ ਤੇ ਜਿੱਤ ਪ੍ਰਾਪਤ ਕੀਤੀ:

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।[453]

<u>ਅੰਮ੍ਰਿਤਸਰ :</u>

ਅੰਮ੍ਰਿਤਸਰ ਸਿੱਖਾਂ ਦਾ ਸਭ ਤੋਂ ਪ੍ਰਸਿੱਧ ਧਾਰਮਿਕ ਸਥਾਨ ਹੈ। ਇਹ ਸ਼ੁਰੂ ਤੋਂ ਹੀ ਸਿੱਖਾਂ ਦੀਆਂ ਧਾਰਮਿਕ, ਰਾਜਨੀਤਕ ਤੇ ਸਭਿਆਚਾਰਕ ਗਤੀਵਿਧੀਆਂ ਦਾ ਮੁੱਖ ਕੇਂਦਰ ਰਿਹਾ ਹੈ। ਇਸ ਸਥਾਨ ਤੇ ਸਿੱਖਾਂ ਦਾ ਸਭ ਤੋਂ ਵੱਡਾ ਅਧਿਆਤਮਕ ਕੇਂਦਰ ਹਰਿਮੰਦਰ ਸਾਹਿਬ ਸਥਿਤ ਹੈ। ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖਾਲਸਾ ਦੀਵਾਨ ਆਦਿ ਸੰਸਥਾਵਾਂ ਦੇ ਮੁੱਖ ਕੇਂਦਰ ਵੀ ਇਸ ਸਥਾਨ ਤੇ ਹਨ।

ਅੰਮ੍ਰਿਤਸਰ, ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਵਸਾਇਆ ਸੀ। ਕੇਸਰ ਸਿੰਘ ਛਿੱਬਰ ਅਨੁਸਾਰ, ਗੁਰੂ ਰਾਮਦਾਸ ਜੀ ਸੰ: 1633 ਵਿਚ ਇਸ ਸਥਾਨ ਤੇ ਆਏ ਤੇ ਕੁਝ ਕੁ ਰਹਾਇਸ਼ੀ ਮਕਾਨ ਬਨਵਾਏ , ਜਿਸ ਦਾ ਨਾਮ "ਗੁਰੂ ਕਾ ਚੌਕ" ਰੱਖਿਆ।"[454] ਇਥੇ ਗੁਰੂ ਸਾਹਿਬ ਨੇ ਆਪਣੇ ਨਿਵਾਸ ਲਈ ਇਕ ਸਥਾਨ ਬਣਵਾਇਆ, ਜਿਹੜਾ 'ਗੁਰੂ ਕੇ ਮਹਿਲ' ਨਾਮ ਨਾਲ ਪ੍ਰਸਿੱਧ ਹੈ । ਇਸ ਨਿਵਾਸ ਸਥਾਨ ਨੂੰ ਗੁਰੂ ਅਰਜਨ ਦੇਵ ਜੀ ਨੇ ਪੂਰਿਆਂ ਕੀਤਾ। ਇਸ ਸਥਾਨ ਤੇ ਗੁਰੂ ਰਾਮਦਾਸ ਜੀ ਨੇ ਇਕ ਸਰੋਵਰ ਦੀ ਖੁਦਵਾਈ ਦਾ ਕੰਮ ਆਰੰਭ ਕੀਤਾ, ਜਿਸ ਦੇ ਵਿਚ ਹਰਿਮੰਦਰ ਬਣਾਉਣ ਦਾ ਸੰਕਲਪ ਸੀ। ਇਹ ਸਰੋਵਰ 'ਗੁਰੂ ਰਾਮਦਾਸ ਸਰੋਵਰ' ਦੇ ਨਾਮ ਨਾਲ ਪ੍ਰਸਿਧ ਹੋਇਆ ਤੇ ਇਸ ਨਾਲ ਇਸ ਨਗਰ ਦਾ ਨਾਮ ਵੀ 'ਰਾਮ ਦਾਸ/ਪੁਰਾ' ਪੈ ਗਿਆ।

ਭਾਈ ਗਿਆਨ ਸਿੰਘ ਗਿਆਨੀ ਅਨੁਸਾਰ, ਸੰਮਤ 1620 ਦੇ ਵਿਚ ਸ੍ਰੀ ਅੰਮ੍ਰਿਤਸਰ ਸਰੋਵਰ ਥੋੜਾ ਖੁਦਵਾਇਆ ਗਿਆ ਸੀ। ਫੇਰ ਸੰਮਤ 1634 ਵਿਚ ਗੁਰੂ ਰਾਮਦਾਸ ਜੀ ਨੇ ਕੱਚਾ

ਸਾਰਾ ਖੁਦਵਾਇਆ ਅਤੇ ਨਗਰ ਆਬਾਦ ਕੀਤਾ। ਸੰਮਤ 1645 ਵਿਚ ਮਾਘ ਪ੍ਰਵਿਸ਼ਤੇ 1 ਵੀਰਵਾਰ ਤੋਂ ਸ਼ੁਰੂ ਕਰਕੇ ਗੁਰੂ ਅਰਜਨ ਦੇਵ ਜੀ ਨੇ ਪੱਕਾ ਬਣਵਾਇਆ ਤੇ ਦਰਬਾਰ ਦੀ ਰਚਨਾ ਕੀਤੀ।[455] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਗੁਰੂ ਅਰਜਨ ਨੇ ਹੀ ਰਾਮਦਾਸ ਸਰੋਵਰ ਦਾ ਨਾਮ ਅਮ੍ਰਿਤ ਸਰਵੋਰ ਰੱਖਿਆ।[456] ਇਸ ਤੋਂ ਹੀ ਨਗਰ ਦਾ ਨਾਮ ਅੰਮ੍ਰਿਤਸਰ ਪ੍ਰਸਿੱਧ ਹੋਇਆ।

ਮੈਕਾਲਿਫ ਅਨੁਸਾਰ, ਸਰੋਵਰ ਮੁਕੰਮਲ ਹੋ ਜਾਣ ਤੇ ਇਕ ਦਿਨ ਸਿੱਖ ਇਸ਼ਨਾਨ ਕਰ ਰਹੇ ਸਨ। ਜਦ ਗੁਰੂ ਅਰਜਨ ਦੇਵ ਨੇ ਇਨ੍ਹਾਂ ਦੇ ਸਰੀਰਾਂ ਵੱਲ ਧਿਆਨ ਮਾਰਿਆ ਤਾਂ ਗੁਰੂ ਜੀ ਦੀਆਂ ਅੱਖਾਂ ਵਿਚ ਹੰਝੂ ਆ ਗਏ, ਇਹ ਦੇਖ ਕੇ ਕਿ ਕਿਵੇਂ ਕਾਰ ਸੇਵਾ ਵਿਚ ਇਨ੍ਹਾਂ ਸਿੱਖਾਂ ਦੇ ਸਰੀਰ ਜ਼ਖਮੀ ਹੋਏ ਹਨ। ਗੁਰੂ ਸਾਹਿਬ ਨੇ ਦਰਦ ਭਰੀ ਆਵਾਜ਼ ਵਿਚ ਕਿਹਾ, ਇਸ ਸਰੋਵਰ ਨੂੰ ਬੜੀ ਲਗਨ ਤੇ ਮਿਹਨਤ ਨਾਲ ਸਿੱਖਾਂ ਨੇ ਬਣਾਇਆ ਹੈ, ਇਥੇ ਇਸ਼ਨਾਨ ਕਰਨ ਨਾਲ ਸੱਭ ਦੁੱਖ ਦੂਰ ਹੋ ਜਾਣਗੇ ਅਤੇ ਇਛਾਵਾਂ ਪੂਰੀਆਂ ਹੋਣਗੀਆਂ।[457]

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅਮ੍ਰਿਤ ਸਰੋਵਰ ਨੂੰ ਪੱਕਾ ਕਰਨ ਤੋਂ ਬਾਅਦ ਸੰ: 1649 ਦੀ ਪਹਿਲੀ ਮਾਘ ਨੂੰ ਤਾਲ ਦੇ ਮੱਧ ਵਿਚ ਗੁਰੂ ਅਰਜਨ ਨੇ ਸੂਫੀ ਫਕੀਰ ਮੀਆਂ ਮੀਰ ਪਾਸੋਂ ਹਰਿਮੰਦਰ ਦੀ ਨੀਂਹ ਰਖਾਈ। ਇਮਾਰਤ ਨੂੰ ਪੂਰਾ ਕਰਨ ਤੋਂ ਬਾਅਦ ਸੰ: 1661 ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਥਾਪਨ ਕੀਤਾ ਗਿਆ।[458] ਕਿਹਾ ਜਾਂਦਾ ਹੈ ਕਿ ਜਦੋਂ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ ਤਾਂ ਪਹਿਲੀ ਇੱਟ ਹਿਲ ਗਈ ਜਿਸ ਤੇ ਗੁਰੂ ਸਾਹਿਬ ਨੇ ਕਿਹਾ ਕਿ ਇਸ ਹਰਿਮੰਦਰ ਦੀ ਨੀਂਹ ਦੁਬਾਰਾ ਰੱਖੀ ਜਾਵੇਗੀ। ਉਸੇ ਅਨੁਸਾਰ ਸੰ: 1819 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਨੂੰ ਢਾਹਿਆ ਤੇ ਸਰੋਵਰ ਭਰਵਾ ਦਿੱਤਾ ਸੀ। ਇਸ ਤੋਂ ਦੋ ਸਾਲ ਬਾਅਦ ਖਾਲਸਾ ਫੌਜ ਨੇ ਜਿੱਤ ਪ੍ਰਾਪਤ ਕੀਤੀ ਤੇ ਸਰੋਵਰ ਤੇ ਹਰਿਮੰਦਰ ਨੂੰ ਨਵੇਂ ਸਿਰੇ ਤੋਂ ਉਸਾਰਿਆ।[459] ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਹਰਿਮੰਦਰ ਸਾਹਿਬ ਦੀ ਇਮਾਰਤ ਤੇ ਸੋਨੇ ਦੇ ਪੱਤਰੇ ਚੜ੍ਹਵਾਏ। ਇਸ ਕਰਕੇ ਇਸ ਨੂੰ ਸੁਨਹਿਰੀ ਮੰਦਰ ( Golden Temole ) ਕਿਹਾ ਜਾਂਦਾ ਹੈ।

ਹਰਿਮੰਦਰ ਸਾਹਿਬ ਇਮਾਰਤੀ ਕਲਾ ਦਾ ਇਕ ਬੇਹਤਰੀਨ ਨਮੂਨਾ ਹੈ। ਗਿਆਨੀ ਪ੍ਰਤਾਪ ਸਿੰਘ ਅਨੁਸਾਰ, ਗੁਰੂ ਸਾਹਿਬ ਦੇ ਆਦੇਸ਼ ਅਨੁਸਾਰ ਹਰਿਮੰਦਰ ਦੀ ਉਚਾਈ ਆਸ ਪਾਸ ਦੇ

ਮੰਦਰਾਂ ਤੋਂ ਵਧਣ ਨਾ ਦਿੱਤੀ ਗਈ ਕਿਉਂਕਿ ਗੁਰੂ ਜੀ ਦਾ ਫੁਰਮਾਨ ਸੀ ਕਿ ਨਿਮਰ, ਨੀਵਾਂ ਤੇ ਝੁਕਣ ਵਾਲਾ ਹੀ ਅਸਲ ਅਰਥਾਂ ਵਿਚ ਉੱਚਾ ਹੈ। ਹਰਿਮੰਦਰ ਦੇ ਚਾਰ ਦਰਵਾਜੇ ਰੱਖੇ ਗਏ ਜੋ ਇਸ ਗੱਲ ਦੇ ਸੂਚਕ ਹਨ ਕਿ ਚਾਰੇ ਜਾਤਾਂ ਦੇ ਲੋਕ ਇਸ ਮੰਦਰ ਵਿਚ ਚਾਰੇ ਦਿਸ਼ਾਵਾਂ ਤੋਂ ਪ੍ਰਵੇਸ਼ ਕਰ ਸਕਣ।[460]

ਅੰਮ੍ਰਿਤਸਰ ਦੀ ਸਥਾਪਨਾ ਕਰਨ ਤੋਂ ਬਾਅਦ ਗੁਰੂ ਸਾਹਿਬ ਨੇ ਵੱਖ ਵੱਖ ਕਿੱਤਿਆਂ ਅਤੇ ਪੇਸ਼ਿਆਂ ਦੇ ਲੋਕਾਂ ਨੂੰ ਇਸ ਸਥਾਨ ਤੇ ਵੱਸਣ ਲਈ ਪ੍ਰੇਰਿਆ ਅਤੇ ਹਰ ਪੱਖ ਤੋਂ ਉਨ੍ਹਾਂ ਦੀ ਸਹਾਇਤਾ ਕੀਤੀ। ਇਸ ਨਗਰ ਦੀਸਥਾਪਨਾ ਨਾਲ ਆਸ ਪਾਸ ਦੇ ਇਲਾਕੇ ਦੇ ਲੋਕਾਂ ਨੇ ਵੱਡੀ ਗਿਣਤੀ ਵਿਚ ਇਥੇ ਡੇਰਾ ਪਾਉਣਾ ਸ਼ੁਰੂ ਕਰਦਿੱਤਾ। ਥੋੜੇ ਸਮੇਂ ਵਿਚ ਹੀ ਇਹ ਸਥਾਨ ਸਿੱਖੀ ਦਾ ਧੁਰਾ ਬਣ ਗਿਆ। ਇਥੇ ਸਿੱਖਾਂ ਦੀ ਚਹਿਲ ਪਹਿਲ ਸ਼ੁਰੂ ਹੋ ਗਈ ਅਤੇ ਦੂਰ ਦੁਰਾਡੇ ਇਲਾ- ਕਿਆਂ ਤੋਂ ਸੰਗਤਾਂ ਇਥੇ ਦਰਸ਼ਨ ਅਤੇ ਇਸ਼ਨਾਨ ਲਈ ਆਉਣ ਲੱਗ ਪਈਆਂ। ਇਸ ਤਰ੍ਹਾਂ ਇਹ ਸਥਾਨ ਪੰਜਾਬ ਦਾ ਇਕ ਵੱਡਾ ਵਪਾਰਕ ਕੇਂਦਰ ਬਣ ਗਿਆ। ਮੁਗਲ ਸਰਕਾਰ ਨੇ ਇਸ ਸਥਾਨ ਦੀ ਮਹੱਤਤਾ ਵਧਦੀ ਵੇਖ ਕੇ ਕਈ ਤਰ੍ਹਾਂ ਦੀਆਂ ਰੋਕਾਂ ਲਗਾਈਆਂ ਪਰ ਸੰਗਤਾਂ ਦੀ ਅਥਾਹ ਸ਼ਰਧਾ ਨਾਲ ਇਸ ਸਥਾਨ ਦੀ ਮਹੱਤਤਾ ਦਿਨੋ ਦਿਨ ਵਧਦੀ ਚਲੀ ਗਈ।

ਅੰਮ੍ਰਿਤਸਰ ਵਿਚ ਬਹੁਤ ਸਾਰੇ ਇਤਿਹਾਸਕ ਸਥਾਨ ਹਨ, ਜਿਹਨਾਂ ਦੀ ਸਿਖ ਇਤਿਹਾਸ ਵਿਚ ਖਾਸ ਮਹੱਤਤਾ ਹੈ ਜਿਵੇਂ ਸ੍ਰੀ ਅਕਾਲ ਤਖਤ ਸਾਹਿਬ, ਬਾਬਾ ਅਟੱਲ, ਰਾਮਸਰ, ਸੰਤੋਖਸਰ, ਗੁਰੂ ਕੇ ਮਹਿਲ ਆਦਿ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਅੰਮ੍ਰਿਤਸਰ [illegible] ਸਥਾਨ ਸਬੰਧੀ ਸੰਕੇਤ ਦਰਜ ਹੈ। ਭਾਈ ਸਾਹਿਬ ਅਨੁਸਾਰ ਗੁਰੂ ਰਾਮਦਾਸ ਜੀ ਗੁਰਗੱਦੀ ਉਤੇ ਬੈਠੇ ਤੇ ਸਤਿਗੁਰ ਕਹਾਏ। ਉਨ੍ਹਾਂਨੇ ਅੰਮ੍ਰਿਤਸਰ ਵਿਖੇ ਸਾਰੀਆਂ ਮੁਰਾਦਾਂ ਪੂਰੀਆਂ ਕਰਨ ਵਾਲਾ ਸਰੋਵਰ ਖੁਦਵਾ ਕੇ ਪੂਰਨ ਕੀਤਾ ਅਤੇ ਰੱਬੀ ਜੋਤ ਦਾ ਪ੍ਰਕਾਸ਼ ਕੀਤਾ:

ਬੈਠਾ ਸੋਢੀ ਪਾਤਿਸ਼ਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ।[461]

ਸੁਮੇਰ ਪਰਬਤ :

ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਦੇ ਸਬੰਧ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕੁਝ ਕੁ ਸਾਖੀਆਂ ਵਿਚ ਸੁਮੇਰ ਪਰਬਤ ਦਾ ਵਰਨਣ ਮਿਲਦਾ ਹੈ। ਹਿੰਦੂ ਪੌਰਾਣਿਕ ਗ੍ਰੰਥਾਂ ਅਨੁਸਾਰ, ਖੀਰ ਸਮੁੰਦਰ ਨੂੰ ਰਿੜਕਣ ਸਮੇਂ ਦੇਵਤਿਆਂ ਅਤੇ ਦੈਂਤਾਂ ਵਲੋਂ ਸੁਮੇਰ ਪਰਬਤ ਨੂੰ ਮਧਾਣੀ ਬਣਾ ਕੇ ਸਮੁੰਦਰ ਵਿਚੋਂ ਚੌਦਾਂ ਰਤਨ ਕੱਢੇ ਗਏ ਸਨ। "ਭਾਗਵਤ ਤੇ ਵਿਸ਼ਨੂੰ ਪੁਰਾਣ ਅਨੁਸਾਰ ਇਸ ਪਰਬਤ ਤੇ ਦੇਵਤਿਆਂ ਦੀਆਂ ਪੁਰੀਆਂ ਵੱਸੀਆਂ ਹੋਈਆਂ ਹਨ, ਇਸ ਨੂੰ ਪੰਚ ਪਰਬਤ ਵੀ ਕਿਹਾ ਜਾਂਦਾ ਹੈ ਜਿਸ ਵਿਚ ਰੁਦ੍ਰ ਹਿਮਾਲਯ, ਵਿਸ਼ਨੂੰ ਪੁਰੀ,, ਬ੍ਰਹਮਪੁਰੀ, ਉਦਗਾਰੀ ਕੰਠ ਤੇ ਸਵਰਗਾ ਰੋਹਣ ਨਾਮੀ ਚੋਟੀਆਂ ਹਨ।[462] ਭਾਈ ਕਾਨ੍ਹ ਸਿੰਘ ਨਾਭਾ ਜੁਗਰਾਫੀਏ ਦੀ ਡਿਕਸ਼ਨਰੀ ਦਾ ਹਵਾਲਾ ਦਿੰਦਾ ਹੋਇਆ ਲਿਖਦਾ ਹੈ ਕਿ ਰੁਦ੍ਰ ਹਿਮਾਲਯ ਦਾ ਨਾਉਂ ਸੁਮੇਰ ਹੈ।[463] "ਇਸ ਦੀ ਉਚਾਈ 84000 ਯੋਜਨ ਹੈ। ਇਸ ਦੀ ਸ਼ਕਲ ਮੁਰੱਬਾ ਅੰਡਾਕਾਰ ਤੇ ਗਾਜਰ ਵਰਗੀ ਮੰਨੀ ਹੈ।"[464]

ਸੁਮੇਰ ਪਰਬਤ ਨੂੰ ਮੇਰੂ ਪਰਬਤ ਵੀ ਕਿਹਾ ਜਾਂਦਾ ਹੈ। "ਸੁਮੇਰ ਅਤੇ ਮੇਰੂ ਸਮਾਨ-ਰਥਕ ਸ਼ਬਦ ਹਨ ਜਿਵੇਂ ਸਪਿਤੀ ਅਤੇ ਪਿਤੀ ਜਾਂ ਸਪੁਰੰਗ ਅਤੇ ਪਰੰਗ।"[465] ਸਵਾਮੀ ਪਰਮਾਨੰਦ ਕਈ ਸਾਲ ਤਿੱਬਤ ਵਿਚ ਰਿਹਾ ਉਸ ਨੇ ਆਪਣੀ ਪੁਸਤਕ ਵਿਚ ਮੇਰੂ ਪਰਬਤ ਨੂੰ ਕੈਲਾਸ਼ ਪਰਬਤ ਮੰਨਿਆ ਹੈ।[466]

ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਆਪਣੀਆਂ ਯਾਤਰਾਵਾਂ ਦੌਰਾਨ ਸੁਮੇਰ ਪਰਬਤ ਉਤੇ ਗਏ। ਪ੍ਰੋ. ਸਾਹਿਬ ਸਿੰਘ ਅਨੁਸਾਰ, ਗੁਰੂ ਨਾਨਕ ਜੰਮੂ ਦੇ ਰਸਤੇ ਪ੍ਰਸਿਧ ਵੈਸ਼ਨਵ ਦੇਵੀ ਦੇ ਮੰਦਰ ਤੋਂ ਹੁੰਦੇ ਹੋਏ ਅੱਗੇ ਅਮਰਨਾਥ ਦੇ ਮੰਦਰ ਤੱਕ ਵੀ ਪੁੱਜੇ ਅਤੇ ਇਸ ਤਰ੍ਹਾਂ ਅੱਗੇ ਅਮਰਨਾਥ ਮੰਦਰ ਦੀ ਪਰਬਤ-ਧਾਰਾ ਤੋਂ ਅਗਲੀ ਉਚੀ ਧਾਰਾ ਜਿਸਨੂੰ ਸੁਮੇਰ ਆਖਦੇ ਹਨ, ਵਲ ਸ਼ਿਵਜੀ ਦੇ ਪ੍ਰਸਿਧ ਉਪਾਸ਼ਕ ਜੋਗੀ ਸਿੱਧਾਂ ਵੱਲ ਵੀ ਡੇਰਾ ਪਾਇਆ। ਉਥੇ ਪਹੁੰਚ ਕੇ ਉਨ੍ਹਾਂ ਦਾ ਮੇਲ ਸਿੱਧਾਂ ਦੀ ਇਕ ਮੰਡਲੀ ਨਾਲ ਹੋਇਆ।"[467] ਗੁਰੂ ਨਾਨਕ ~~ਸਾਹਿਬ~~ ਦੀ ਸੁਮੇਰ ਪਰਬਤ ਵਿਖੇ ਸਿੱਧਾਂ ਦੀ ਮੰਡਲੀ ਨਾਲ ਭੇਟ-ਵਾਰਤਾ ਦਾ ਸੰਕੇਤਮਈ ਵਰਨਣ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਦਰਜ ਹੈ:

ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟੀ ਆਈ।[468]

<u>ਸੰਗਲਾਦੀਪ :</u>

ਭਾਰਤ ਦੇ ਦੱਖਣ ਵੱਲ ਇਕ ਟਾਪੂ ਹੈ ਜਿਸਨੂੰ ਅੱਜ ਲੰਕਾ ਆਖਦੇ ਹਨ। ਪੁਰਾਣੇ ਸਮੇਂ ਵਿਚ ਇਹ ਕੁਦਰਤੀ ਖੂਬਸੂਰਤੀ ਕਰਕੇ ਬਹੁਤ ਪ੍ਰਸਿਧ ਸੀ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਸਬੰਧੀ ਸੰਕੇਤ ਦਰਜ ਹੈ:

ਸੰਗਲਦੀਪੁਹੰ ਪਦਮਣੀ ਬਹੁ ਰੂਪਿ ਸੀਗਾਰੀ।

- - - - - - - - - - - - - - - - -

ਗੁਰਮੁਖਿ ਪੋਹਿ ਨ ਸਕਨੀ ਸਾਧ ਸੰਗਤਿ ਜਾਣੀ।[469]

<u>ਕਰਤਾਰਪੁਰ :</u>

ਦੋ ਕਰਤਾਰਪੁਰ ਨਾਮੀ ਇਤਿਹਾਸਕ ਨਗਰ ਪ੍ਰਸਿਧ ਹਨ, ਜਿਨ੍ਹਾਂ ਦਾ ਸਿੱਖ ਇਤਿਹਾਸ ਨਾਲ ਬਹੁਤ ਨੇੜੇ ਦਾ ਸਬੰਧ ਹੈ। ਇਕ ਕਰਤਾਰਪੁਰ, ਜਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਰਾਵੀ ਦਰਿਆ ਦੇ ਕੰਢੇ ਤੇ ਸਥਿਤ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ 1504 ਈ.[470] ਵਿਚ ਵਸਾਇਆ ਸੀ। ਦੂਜਾ ਕਰਤਾਰਪੁਰ, ਜਿਲ੍ਹਾ ਜਲੰਧਰ ਵਿਚ ਪ੍ਰਸਿੱਧ ਹੈ, ਜਿਸ ਦਾ ਸਬੰਧ ਗੁਰੂ ਅਰਜਨ ਦੇਵ ਤੇ ਗੁਰੂ ਹਰਗੋਬਿੰਦ ਸਾਹਿਬ ਨਾਲ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਨਾਲ ਸਬੰਧਤ ਕਰਤਾਰਪੁਰ ਦਾ ਸੰਕੇਤ ਦਰਜ ਹੈ। ਜਦੋਂ ਗੁਰੂ ਨਾਨਕ ਸਾਹਿਬ ਆਪਣੇ ਮਿਸ਼ਨ ਦੀ ਪੂਰਤੀ ਲਈ ਦੇਸ਼ ਰਟਨ ਕਰ ਚੁੱਕੇ ਸਨ ਤਾਂ ਉਨ੍ਹਾਂ ਨੇ ਆਪਣੇ ਆਖਰੀ ਸਮੇਂ ਇਸ ਸਥਾਨ ਤੇ ਰਹਾਇਸ਼ ਕੀਤੀ। ਉਦਾਸੀਆਂ ਵਾਲਾ ਭੇਖ ਉਤਾਰ ਕੇ ਸੰਸਾਰੀ ਕਪੜੇ ਪਾਏ ਤੇ ਮੰਜੀ ਤੇ ਬਿਰਾਜਮਾਨ ਕੀਤਾ:

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।

ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।[471]

ਗੁਰੂ ਨਾਨਕ ਸਾਹਿਬ ਨੇ ਇਸ ਸਥਾਨ ਤੇ ਗੁਰਦੁਆਰਾ ਧਰਮਸਾਲ ਦੀ ਸਥਾਪਨਾ ਕੀਤੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਕਰਤਾਰਪੁਰ ਨਗਰ ਦੇ ਵਸਾਉਣ ਵਿਚ ਭਾਈ ਦੋਦਾ ਅਤੇ ਦੁਨੀ ਚੰਦ (ਕਰੋੜੀ ਮੱਲ) ਦਾ ਉੱਦਮ ਹੋਇਆ, ਜਿਨ੍ਹਾਂ ਨੇ ਸਤਿਗੁਰ ਲਈ ਪਿੰਡ ਵਸਾ ਕੇ

ਧਰਮਸਾਲ ਬਣਵਾਈ।"[472] ਇਸ ਤਰ੍ਹਾਂ ਇਸ ਸਥਾਨ ਤੇ ਦਿਨ ਰਾਤ ਸਿਮਰਨ, ਕੀਰਤਨ ਹੋਣ ਲੱਗਾ। ਲੰਗਰ ਦੀ ਪ੍ਰਥਾ ਵੀ ਸੱਭ ਤੋਂ ਪਹਿਲਾਂ ਇਸੇ ਥਾਂ ਤੋਂ ਚਲਾਈ ਗਈ ਸੀ। ਭਾਈ ਲਹਿਣਾ ਦੀ ਵੀ ਗੁਰੂ ਨਾਨਕ ਸਾਹਿਬ ਨਾਲ ਪਹਿਲੀ ਮੁਲਾਕਾਤ ਇਸੇ ਧਰਮਸਾਲ ਵਿਖੇ ਹੋਈ ਅਤੇ ਉਹ ਭਾਈ ਲਹਿਣੇ ਤੋਂ ਗੁਰੂ ਅੰਗਦ ਦੇਵ ਬਣੇ। ਗੁਰੂ ਨਾਨਕ ਸਾਹਿਬ ਆਪਣੇ ਆਖਰੀ ਸਮੇਂ ਤੱਕ ਇਥੇ ਪਰਿਵਾਰ ਸਮੇਤ ਰਹਿ ਕੇ ਖੇਤੀ ਬਾੜੀ ਕਰਦੇ ਰਹੇ ਅਤੇ ਆਪਣੇ ਸੇਵਕਾਂ ਨੂੰ ਨਾਮ ਜਪਣ, ਕਿਰਤ ਕਰਨ ਤੇ ਵੰਡ-ਛਕਣ ਦਾ ਉਪਦੇਸ਼ ਦਿੰਦੇ ਰਹੇ। ਡਾ. ਕਿਰਪਾਲ ਸਿੰਘ ਅਨੁਸਾਰ, ਕਰਤਾਰਪੁਰ ਦੇ ਆਲੇ ਦੁਆਲੇ ਦੀ ਬਹੁਤੀ ਜਮੀਨ ਨੂੰ ਗੁਰੂ ਸਾਹਿਬ ਨੇ ਆਬਾਦ ਕੀਤਾ ਜੋ ਸਿੱਖ ਗੁਰੂ ਜੀ ਦੇ ਦਰਸ਼ਨਾ ਨੂੰ ਆਉਂਦੇ, ਉਹ ਖੇਤਾਂ ਵਿਚ ਜਾ ਕੇ ਗੁਰੂ ਜੀ ਨਾਲ ਕੰਮ ਕਰਦੇ। ਇਸ ਤਰ੍ਹਾਂ ਜੋ ਅਨਾਜ ਗੁਰੂ ਜੀ ਦੀ ਖੇਤੀ ਵਿਚੋਂ ਪੈਦਾ ਹੁੰਦਾ ਉਸ ਨਾਲ ਦੋਵੇਂ ਵੇਲੇ ਦਾ ਲੰਗਰ ਚਲਦਾ।"[473]

ਭਾਈ ਗੁਰਦਾਸ ਅਨੁਸਾਰ ਕਰਤਾਰਪੁਰ ਵਿਖੇ ਰਹਾਇਸ਼ ਕਰਨ ਉਪਰੰਤ ਗੁਰੂ ਨਾਨਕ ਸਾਹਿਬ ਅਚਲ ਵਟਾਲੇ ਦੀ[474] ਤੇ ਮੁਲਤਾਨ ਦੀ ਯਾਤਰਾ[475] ਤੇ ਗਏ ਅਤੇ ਉਥੋਂ ਦੇ ਸਿੱਧਾਂ ਤੇ ਪੀਰਾਂ ਨੂੰ ਆਪਣੇ ਵਿਚਾਰਾਂ ਰਾਹੀਂ ਪ੍ਰਭਾਵਿਤ ਕਰਨ ਉਪਰੰਤ ਮੁੜ ਕਰਤਾਰਪੁਰ ਵਾਪਸ ਆ ਕੇ ਭਾਈ ਲਹਿਣੇ ਨੂੰ ਆਪਣਾ ਉਤਰਾਧਿਕਾਰੀ ਥਾਪਿਆ।

ਜਾਰਤਿ ਕਰਿ ਮੁਲਤਾਨ ਦੀ ਫਿਰਿ ਕਰਤਾਰਪੁਰੇ ਨੋ ਆਇਆ
- - - - - - - - - - - - - - - - - - - - -
- - - - - - - - - - - - - - - - - - - - -
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।[476]

ਗੁਰੂ ਨਾਨਕ ਸਾਹਿਬ ਇਸੇ ਸਥਾਨ ਤੇ ਹੀ 1539 ਈ. ਵਿਚ ਜੋਤੀ ਜੋਤ ਸਮਾਏ । ਇਸ ਸਥਾਨ ਤੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਦੇਹਰਾ ਸਾਹਿਬ ਸਥਿਤ ਹੈ।

ਕਾਮਰੂਪ :

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਅਸਾਮ ਦੇਸ਼ ਵਿਚ ਪੂਰਬੀ ਬੰਗਾਲ ਦੀ ਭੂਟਾਨ ਸਰਹੱਦ ਉਪਰ ਇਕ ਜਿਲ੍ਹਾ, ਪੁਰਾਣੇ ਸਮੇਂ ਵਿਚ ਇਹ ਜਾਦੂ ਟੂਣਿਆਂ ਦਾ ਦੇਸ਼ ਕਰਕੇ ਪ੍ਰਸਿੱਧ

ਸੀ।[477] ਇਹ ਨਾਮ ਅੱਜ ਵੀ ਪ੍ਰਚਲਤ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਮਿਲਦਾ ਹੈ:

> ਲਖ ਕਾਮਣਿ ਲਖ ਕਾਮਰੂਪ ਲਖ ਕਾਮਵਿਆਰੀ।
>
> - - - - - - - - - - - - - - - - - -
>
> ਗੁਰਮੁਖਿ ਪੋਹਿ ਨ ਸਕਨੀ ਸਾਧ ਸੰਗਤਿ ਭਾਰੀ।[478]

<u>ਖਡੂਰ ਸਾਹਿਬ :</u>

ਖਡੂਰ ਸਾਹਿਬ, (ਜ਼ਿਲ੍ਹਾ ਅੰਮ੍ਰਿਤਸਰ ਵਿਚ) ਸਿੱਖਾਂ ਦਾ ਇਕ ਉਘਾ ਇਤਿਹਾਸਕ ਨਗਰ ਹੈ। ਪਹਿਲਾ ਇਹ ਨਗਰ 'ਖਹਿਰਿਆਂ ਦਾ ਖਡੂਰ' ਕਰਕੇ ਪ੍ਰਸਿੱਧ ਸੀ, ਪਰ ਗੁਰੂ ਅੰਗਦ ਦੇਵ ਜੀ ਦਾ ਨਿਵਾਸ ਅਸਥਾਨ ਬਣਨ ਕਰਕੇ ਇਹ ਖਡੂਰ ਸਾਹਿਬ ਨਾਮ ਨਾਲ ਪ੍ਰਸਿਧ ਹੋਇਆ; ਇਸ ਸਥਾਨ ਤੋਂ ਹੀ ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਦੀ ਸੰਗਤ ਵਿਚ ਗਏ, ਗੁਰੂ ਅੰਗਦ ਦੇਵ ਬਣ ਕੇ ਇਸੇ ਨਗਰ ਵਿਚ ਵਾਪਸ ਆਏ ਤੇ ਗੁਰੂ ਸਾਹਿਬ ਦੁਆਰਾ ਦਰਸਾਏ ਮਾਰਗ ਤੇ ਚੱਲ ਕੇ ਇਸ ਨਗਰ ਨੂੰ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣਾਇਆ! ਇਥੇ ਗੁਰਬਾਣੀ ਤੇ ਲੰਗਰ ਦਾ ਅਤੁੱਟ ਪ੍ਰਵਾਹ ਹਮੇਸ਼ਾ ਚਲਦਾ ਰਹਿੰਦਾ ਸੀ। ਗੁਰੂ ਅੰਗਦ ਦੇਵ ਇਸੇ ਨਗਰ ਵਿਚ ਜੋਤੀ ਜੋਤ ਸਮਾਏ। ਇਥੇ ਇਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਪ੍ਰਸਿਧ ਹੈ। ਇਸ ਸਥਾਨ ਤੇ ਹਰ ਸਾਲ ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਦਿਨ ਮੇਲਾ ਲਗਦਾ ਹੈ ਤੇ ਸੰਗਤਾਂ ਦੂਰ ਦੁਰਾਡੇ ਸਥਾਨਾਂ ਤੋਂ ਇਤਿਹਾਸਕ ਸਥਾਨ ਦੀ ਯਾਤਰਾ ਕਰਨ ਆਉਂਦੀਆਂ ਹਨ। "ਇਸ ਦਰਬਾਰ ਦੀ ਪਰਿਕਰਮਾਂ ਵਿਚ ਹੀ ਉਸ ਕਿਲੇ ਦਾ ਕਰੀਰ ਹੈ ਜਿਸ ਨਾਲ (ਗੁਰੂ) ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਜਲ ਦੀ ਗਾਗਰ ਲੈ ਆਉਂਦੇ ਠੋਕਰ ਖਾ ਕੇ ਡਿੱਗ ਪਏ ਸਨ।"[479] ਖਡੂਰ ਸਾਹਿਬ ਵਿਖੇ ਹੋਰ ਵੀ ਕਈ ਇਤਿਹਾਸਕ ਸਥਾਨ ਹਨ ਜਿਵੇਂ ਥੜ੍ਹਾ ਸਾਹਿਬ, ਮਲ ਅਖਾੜਾ, ਤਪਿਆਣਾ ਸਾਹਿਬ ਆਦਿ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਇਤਿਹਾਸਕ ਸਥਾਨ ਬਾਰੇ ਇਸ ਪ੍ਰਸੰਗ ਵਿਚ ਸੰਕੇਤ ਆਇਆ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਪ੍ਰਾਪਤ ਕਰਨ ਉਪਰੰਤ ਕਰਤਾਰਪੁਰ ਛੱਡ ਕੇ ਖਡੂਰ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣਾਇਆ।

ਦਿੱਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ।[480]

<u>ਗੋਇੰਦਵਾਲ :</u>

ਗੋਇੰਦਵਾਲ, ਤਰਨਤਾਰਨ ਤੋਂ 15 ਮੀਲ ਦੀ ਦੂਰੀ ਤੇ ਸਿੱਖਾਂ ਦਾ ਪ੍ਰਸਿੱਧ ਇਤਿਹਾਸਕ ਸਥਾਨ ਹੈ। ਇਸ ਨਗਰ ਨੂੰ ਗੋਇੰਦੇ ਮੱਲ ਖੱਤਰੀ ਦੀ ਬੇਨਤੀ ਤੇ ਗੁਰੂ ਅੰਗਦ ਦੇਵ ਜੀ ਦੀ ਆਗਿਆ ਨਾਲ ਗੁਰੂ ਅਮਰਦਾਸ ਜੀ ਨੇ ਵਸਾਇਆ ਸੀ। ਡਾ. ਫੌਜਾ ਸਿੰਘ ਅਨੁਸਾਰ, ਗੋਇੰਦੇ ਮੱਲ ਖੱਤਰੀ ਨੇ ਕਈ ਵਾਰ ਇਸ ਥਾਂ ਤੇ ਨਗਰ ਵਸਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਸ਼ਰੀਕੇ ਦੇ ਲੋਕ ਇਸ ਨੂੰ ਸਿਰੇ ਨਾ ਚੜ੍ਹਨ ਦਿੰਦੇ।[481] ਇਹ ਵਿਚਾਰ ਵੀ ਆਮ ਪ੍ਰਚਲਤ ਸੀ ਕਿ ਇਸ ਥਾਂ ਤੇ ਭੂਤਾਂ - ਪ੍ਰੇਤਾਂ ਦਾ ਵਾਸਾ ਹੈ ਇਸ ਕਰਕੇ ਲੋਕ ਉਥੇ ਜਾਣ ਤੋਂ ਡਰਦੇ ਸਨ। ਗਿਆਨੀ ਗਿਆਨ ਸਿੰਘ ਅਨੁਸਾਰ, ਗੁਰੂ ਅੰਗਦ ਦੇਵ ਜੀ ਨੇ ਆਪਣੀ ਛਟੀ ਦੇ ਕੇ (ਗੁਰੂ) ਅਮਰਦਾਸ ਜੀ ਨੂੰ ਗੋਇੰਦੇ ਮੱਲ ਨਾਲਭੇਜਿਆ ਤੇ ਹੁਕਮ ਦਿੱਤਾ ਜਿਥੋਂ ਤੱਕ ਇਹ ਸਾਡੀ ਛਟੀ (ਗੁਰੂ) ਅਮਰਦਾਸ ਜੀ ਦੇ ਹੱਥੋਂ ਫਿਰ ਜਾਊ ਉਥੋਂ ਤੱਕ ਪਿੰਡ ਦੀ ਜੂਹ ਵਿਚ ਕੋਈ ਵਿਰੋਧੀ ਨਾ ਰਹੂ। ਸੋ ਉਹੋ ਹੋਈ, ਜਿਥੋਂ ਤੱਕ ਗੁਰੂ ਅਮਰਦਾਸ ਜੀ ਗੁਰੂ ਜੀ ਦੀ ਛਟੀ ਫੇਰ ਆਏ ਉਥੋਂ ਤੱਕ ਪਿੰਡ ਵੱਸ ਗਿਆ।[482]

ਗੋਇੰਦਵਾਲ, ਗੁਰੂ ਅਰਜਨ ਦੇਵ ਜੀ ਦਾ ਜਨਮ-ਸਥਾਨ ਹੈ। ਗੁਰੂ ਰਾਮਦਾਸ ਜੀ, ਬੀਬੀ ਭਾਨੀ ਜੀ ਅਤੇ ਭਾਈ ਗੁਰਦਾਸ ਜੀ ਇਸੇ ਨਗਰ ਵਿਚ ਜੋਤੀ ਜੋਤ ਸਮਾਏ। ਇਸ ਨਗਰ ਵਿਚ ਕਈ ਇਤਿਹਾਸਕ ਸਥਾਨ ਮੌਜੂਦ ਹਨ, ਜਿਨ੍ਹਾਂ ਦਾ ਸਿੱਖ ਧਰਮ ਨਾਲ ਨੇੜੇ ਦਾ ਸਬੰਧ ਹੈ। ਜਿਵੇਂ ਸ੍ਰੀ ਦਰਬਾਰ ਸਾਹਿਬ, ਬਾਉਲੀ ਸਾਹਿਬ, ਚੋਬਾਰਾ ਸਾਹਿਬ ਆਦਿ। ਵਿਸਾਖੀ ਦੇ ਮੌਕੇ ਤੇ ਇਥੇ ਵੱਡਾ ਮੇਲਾ ਲਗਦਾ ਹੈ। ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਦੇ ਦਿਨ ਵੀ ਸੰਗਤਾਂ ਦੂਰ ਦੁਰਾਡੇ ਸਥਾਨਾਂ ਤੋਂ ਇਥੇ ਜੁੜਦੀਆਂ ਹਨ। ਇਸ ਨਗਰ ਵਿਚ ਇਤਿਹਾਸਕ ਸਥਾਨ ਹਵੇਲੀ ਸਾਹਿਬ ਹੈ, ਇਸ ਸਥਾਨ ਤੇ ਗੁਰੂ ਅਮਰਦਾਸ ਜੀ ਨੇ ਰਹਾਇਸ਼ ਕੀਤੀ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਇਥੇ ਗੁਰੂ ਸਾਹਿਬ ਚੁਬਾਰੇ ਦੀ ਕੀਲੀ ਨੂੰ ਫੜ ਕੇ ਭਜਨ ਕਰਦੇ ਹੁੰਦੇ ਸਨ, ਇਸ ਦੇ ਬਰਾਂਡੇ ਵਿਚ ਹੀ ਗੁਰੂ ਰਾਮਦਾਸ ਜੀ ਦਾ ਗੁਰਿਆਈ ਸਥਾਨ ਹੈ। ਇਸ ਦੇ ਪਾਸ ਹੀ ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਦਾ ਸਥਾਨ ਹੈ। ਇਸੇ ਬਰਾਂਡੇ ਵਿਚ ਬੀਬੀ ਭਾਨੀ ਜੀ ਦਾ ਚੁੱਲ੍ਹਾ ਹੈ, ਨਾਲ ਹੀ ਇਕ ਕੋਠੜੀ ਹੈ, ਜਿਸਵਿਚ

ਗੁਰੂ ਅਰਜਨ ਦੇਵ ਜੀ ਨੇ ਅਵਤਾਰ ਧਾਰਿਆ ਸੀ। ਇਸ ਦੇ ਪਾਸ ਹੀ ਬਾਬਾ ਪ੍ਰਿਥੀ ਚੰਦ ਤੇ ਮਹਾਂਦੇਵ ਜੀ ਦਾ ਜਨਮ ਸਥਾਨ ਹੈ।"[483] ਇਸ ਨਗਰ ਵਿਚ ਬਾਉਲੀ ਸਾਹਿਬ, ਚੌਰਾਸੀ ਪਾਉੜੀਆਂ ਦੀ ਇਕ ਬਾਉਲੀ ਹੈ। ਜੋ ਗੁਰੂ ਅਮਰਦਾਸ ਜੀ ਨੇ 1616 ਈ. ਵਿਚ ਬਣਵਾਈ ਸੀ। ਇਸ ਦੀਆਂ ਚੌਰਾਸੀ ਪਉੜੀਆਂ ਹਨ ਅਤੇ ਇਹ ਗੱਲ ਮੰਨੀ ਜਾਂਦੀ ਹੈ ਕਿ ਜੋ ਗੁਰੂ ਦਾ ਸਿੱਖ ਪ੍ਰਤੇਕ ਪਉੜੀ ਉਤੇ ਬੈਠ ਕੇ ਜਪੁਜੀ ਸਾਹਿਬ ਦਾ ਪਾਠ 84 ਵਾਰ ਇਸ਼ਨਾਨ ਕਰਕੇ ਕਰੇਗਾ, ਉਸ ਦੀ ਚੌਰਾਸੀ ਲੱਖ ਜੂਨ ਕੱਟੀ ਜਾਏਗੀ। ਇਸ ਸਥਾਨ ਤੇ ਗੁਰਦੁਆਰਾ ਚੌਬਾਰਾ ਸਾਹਿਬ ਸਥਿਤ ਹੈ, ਜਿਥੇ ਗੁਰੂ ਅਮਰਦਾਸ ਜੀ ਦੇ ਵੱਡੇ ਪੁੱਤਰ ਬਾਬਾ ਮੋਹਨ ਜੀ ਨਿਵਾਸ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਸਮੇਂ ਗੁਰੂ ਅਰਜਨ ਦੇਵ ਜੀ ਨੇ ਇਸੇ ਸਥਾਨ ਤੇ ਜਾ ਕੇ ਬਾਬਾ ਮੋਹਣ ਜੀ ਪਾਸੋਂ ਪਹਿਲੇ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਦੀਆਂ, ਪੋਥੀਆਂ ਪ੍ਰਾਪਤ ਕੀਤੀਆਂ ਸਨ। ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਇਹ ਸਥਾਨ ਸਿੱਖੀ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਿਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਇਤਿਹਾਸਕ ਨਗਰ ਬਾਰੇ ਸਿਰਫ਼ ਇਹ ਸੰਕੇਤ ਹੀ ਮਿਲਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਨਗਰ ਨੂੰ ਵਸਾ ਕੇ ਵੱਡਾ ਅਸਚਰਜ ਖੇਲ ਕੀਤਾ ਜੋ ਸਮਝਿਆ ਨਹੀਂ ਜਾਂਦਾ:

> ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।[484]

ਗੰਗਾ :

ਭਾਰਤ ਦੀ ਪ੍ਰਸਿੱਧ ਹੈ ਜੋ ਹਿੰਦੂ ਮੱਤ ਅਨੁਸਾਰ ਅਤੀ ਪਵਿੱਤਰ ਮੰਨੀ ਜਾਂਦੀ ਹੈ। ਇਸ ਦੀ ਪੂਜਾ ਸੰਸਾਰ ਦੀਆਂ ਬਾਕੀ ਸਭ ਨਦੀਆਂ ਨਾਲੋਂ ਜਿਆਦਾ ਕੀਤੀ ਜਾਂਦੀ ਹੈ। ਪੁਰਾਣਕ ਮੱਤ ਅਨੁਸਾਰ ਇਹ ਦੇਵਤਿਆਂ ਦੀ ਨਦੀ ਹੈ। ਇਸ ਨਾਲ ਬਹੁਤ ਸਾਰੀਆਂ ਪੁਰਾਣਕ ਕਥਾਵਾਂ ਜੁੜੀਆਂ ਹੋਈਆਂ ਹਨ। 'ਰਮਾਇਣ' ਵਿਚ ਦਰਜ ਹੈ ਕਿ ਭਗੀਰਥ ਨੇ ਆਪਣੇ ਤਪ ਦੇ ਬਲ ਤੇ ਆਪਣੇ ਪਿਤਰਾਂ ਦੀ ਮੁਕਤੀ ਲਈ ਇਸ ਨੂੰ ਸਵਰਗ ਲੋਕ ਤੋਂ ਮਾਤ ਲੋਕ ਤੇ ਲਿਆਂਦਾ ਸੀ। ਜਦੋਂ ਗੰਗਾ ਨੇ ਮਾਤ ਲੋਕ ਵਿਚ ਆਉਣ ਦੀ ਤਿਆਰੀ ਕੀਤੀ ਤਾਂ ਸਿਵਜੀ ਨੇ ਇਸ ਦੇ ਤੇਜ ਵਹਿਣ ਤੋਂ ਹੁੰਦੇ ਮਨੁੱਖਤਾ ਦੇ ਨੁਕਸਾਨ ਤੋਂ ਬਚਾਵ ਲਈ ਇਸ ਨੂੰ ਆਪਣੀਆਂ ਜਟਾਂ ਵਿਚ ਧਾਰਨ ਕੀਤਾ ਅਤੇ

ਭਗੀਰਥ ਨੂੰ ਕਿਹਾ ਤੂੰ ਜਿਹੜੇ ਰਸਤੇ ਰਥ ਤੇ ਚੜ੍ਹ ਕੇ ਜਾਏਗਾ ਇਹ ਤੇਰੇ ਪਿੱਛੇ ਪਿੱਛੇ ਆਏਗੀ। ਇਸ ਤਰ੍ਹਾਂ ਭਗੀਰਥ ਨੇ ਆਪਣਾ ਰਥ ਉਸ ਧਰਤੀ ਤੇ ਲੈ ਆਂਦਾ ਜਿਥੇ ਉਸ ਦੇ ਬਜ਼ੁਰਗ ਮਰੇ ਸਨ। ਇਸ ਤਰ੍ਹਾਂ ਗੰਗਾ ਦੀ ਛੁਹ ਨਾਲ ਭਗੀਰਥ ਦੇ ਪਿਤਰਾਂ ਨੂੰ ਮੁਕਤੀ ਪ੍ਰਾਪਤ ਹੋਈ। 'ਮਹਾਂਭਾਰਤ' ਵਿਚ ਗੰਗਾ ਨੂੰ ਭੀਸ਼ਮ ਦੀ ਮਾਂ ਮੰਨਿਆ ਗਿਆ ਹੈ। ਗੰਗਾ ਨੂੰ ਜਾਹਰਨ ਵੀ ਕਿਹਾ ਜਾਂਦਾ ਹੈ ਕਿਉਂਕਿ ਇਕ ਵਾਰ ਜੇਹਨੂੰ ਰਿਸ਼ੀ ਨੇ ਇਸ ਨੂੰ ਪੀ ਲਿਆ ਸੀ ਤੇ ਫਿਰ ਦੇਵਤਿਆਂ ਦੇ ਬੇਨਤੀ ਕਰਨ ਤੇ ਆਪਣੀ ਜੰਘਾਂ ਚੀਰ ਕੇ ਛੱਡਿਆ ਸੀ ਇਸ ਕਰਕੇ ਇਸ ਨੂੰ ਜੇਹਨੂ ਦੀ ਧੀ ਵੀ ਕਿਹਾ ਜਾਂਦਾ ਹੈ।

ਗੰਗਾ ਨਦੀ ਹਿਮਾਚਲ ਦੇ ਬਰਫ਼ਾਨੀ ਪਹਾੜਾਂ ਵਿਚੋਂ, ਜੋ ਗੜ੍ਹਵਾਲ ਦੇ ਇਲਾਕੇ ਵਿਚ ਹਨ ਤੇ ਗੰਗੋਤਰੀ ਨਾਮੀ ਸਥਾਨ ਤੋਂ ਨਿਕਲਦੀ ਹੈ। ਜੋ ਸਮੁੰਦਰੀ ਤਲ ਤੋਂ 13800 ਫੁੱਟ ਉਚਾ ਹੈ।[485] ਥੋੜੇ ਜਿਹੇ ਫਾਸਲੇ ਤੇ ਆ ਕੇ ਇਸ ਨਾਲ ਨਦੀ 'ਅਲਕਨੰਦਾ' ਮਿਲਦੀ ਹੈ। ਅਲਕਨੰਦਾ ਨਦੀ ਅਕਾਰ ਵਿਚ ਗੰਗਾ ਨਾਲੋਂ ਬਹੁਤ ਵੱਡੀ ਹੈ ਅਤੇ ਇਸੇ ਨਦੀ ਨੂੰ ਹੀ ਅਸਲ ਵਿਚ ਗੰਗਾ ਦਾ ਆਧਾਰ ਮੰਨਿਆ ਜਾਂਦਾ ਹੈ।

ਗੰਗਾ, ਸਿਵਾਲਕ ਦੀਆਂ ਪਹਾੜੀਆਂ ਵਿਚੋਂ ਹੁੰਦੀ ਹੋਈ ਹਰਿਦੁਆਰ ਦੇ ਪਾਸ ਮੈਦਾਨ ਵਿਚ ਆ ਜਾਂਦੀ ਹੈ। ਅਤੇ ਯੂ.ਪੀ., ਬਿਹਾਰ, ਉੜੀਸਾ, ਬੰਗਾਲ ਆਦਿ ਪ੍ਰਾਂਤਾਂ ਤੋਂ ਲੰਘਦੀ ਹੋਈ ਕੁਝ 1556 ਮੀਲ[486] ਦਾ ਰਸਤਾ ਤਹਿ ਕਰਦੀ ਹੋਈ ਅਖੀਰ ਖਾੜੀ ਬੰਗਾਲ ਵਿਚ ਮਿਲ ਜਾਂਦੀ ਹੈ। ਇਸ ਦੇ ਕੰਢੇ ਤੇ ਭਾਰਤ ਦੇ ਵੱਡੇ ਵੱਡੇ ਕਸਬੇ ਅਤੇ ਸ਼ਹਿਰ ਹਰਿਦੁਆਰ, ਕਨੌਜ, ਅਲਾਹਾਬਾਦ, ਬਨਾਰਸ, ਪਟਨਾ, ਸੋਨਪੁਰ ਆਦਿ ਵੱਸੇ ਹੋਏ ਹਨ। ਇਹਨਾਂ ਸਥਾਨਾਂ ਤੇ ਗੰਗਾ ਦੇ ਕੰਢੇ ਤੇ ਹਿੰਦੂਆਂ ਦੇ ਮੰਦਰ ਬਣੇ ਹੋਏ ਹਨ ਜਿਥੇ ਸ਼ਰਧਾਲੂ ਜਾਂਦੇ ਹਨ ਅਤੇ ਇਸ਼ਨਾਨ ਕਰਕੇ ਪਾਪਾਂ ਦੀ ਨਵਿਰਤੀ ਕਰਦੇ ਹਨ।

ਹਿੰਦੂਆਂ ਦੇ ਘਰੇਲੂ ਰਸਮੋ ਰਿਵਾਜਾਂ ਵਿਚ ਗੰਗਾ ਦਾ ਮਹੱਤਵਪੂਰਨ ਸਥਾਨ ਹੈ। ਜੇਕਰ ਸੰਭਵ ਹੋ ਸਕੇ ਤਾਂ ਮ੍ਰਿਤਕ ਦੇਹ ਦਾ ਸੰਸਕਾਰ ਇਸ ਦੇ ਕੰਢੇ ਤੇ ਕੀਤਾ ਜਾਂਦਾ ਹੈ, ਜੇਕਰ ਮ੍ਰਿਤੂ ਕਿਸੇ ਦੂਰ ਸਥਾਨ ਤੇ ਹੋਵੇ ਤਾਂ ਜੋੜ ਦੀਆਂ ਹੱਡੀਆਂ ਨੂੰ ਇਸਦੇ ਵਹਿਣ ਵਿਚ ਜਲ ਪ੍ਰਵਾਹ ਕੀਤਾ ਜਾਂਦਾ ਹੈ। ਇਸ ਦੇ ਜਲ ਨੂੰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ। ਸ਼ਰਧਾਲੂ ਆਪਣੇ ਘਰਾਂ ਨੂੰ ਪਵਿੱਤਰ ਕਰਨ ਲਈ ਜਲ ਲੈ ਕੇ ਜਾਂਦੇ ਹਨ, ਇਸ ਦੇ ਜਲ ਨੂੰ ਮਰਨ ਸਮੇਂ ਪ੍ਰਾਣੀ ਦੇ ਮੂੰਹ

ਵਿਚ ਪਾਇਆ ਜਾਂਦਾ ਹੈ, ਵਿਆਹ ਸਮੇਂ ਨਵੇਂ ਵਿਆਹੇ ਜੋੜੇ ਦੇ ਉਪਰ ਇਸ ਦਾ ਛਿੜਕਾ ਕੀਤਾ ਜਾਂਦਾ ਹੈ ਅਤੇ ਇਸ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਸ਼ਪਤ (oath ) ਲੈਣ ਸਮੇਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ।

ਸਿੱਖ ਇਤਿਹਾਸ ਵਿਚ ਵੀ ਇਸ ਸਥਾਨ ਦਾ ਮਹੱਤਵਪੂਰਨ ਸਥਾਨ ਹੈ। ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਨੂੰ ਵਹਿਮਾਂ ਭਰਮਾਂ ਵਿਚੋਂ ਕੱਢਣ ਲਈ ਹਰਿਦੁਆਰ ਵਿਖੇ ਇਸ ਸਥਾਨ ਦੀ ਯਾਤਰਾ ਕੀਤੀ। ਪ੍ਰਸਿਧ ਗੁਰਦੁਆਰਾ ਨਾਨਕ ਬਾੜਾ, ਗੁਰੂ ਨਾਨਕ ਸਾਹਿਬ ਦੀ ਇਸ ਫੇਰੀ ਦੀ ਯਾਦ ਵਿਚ ਬਣਿਆ ਹੋਇਆ ਹੈ। ਗੁਰੂ ਅਮਰ ਦਾਸ ਜੀ ਦਾ ਸਥਾਨ ਵੀ ਸਤੀ ਘਾਟ ਉਤੇ ਸਥਿਤ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਇਤਿਹਾਸਕ ਸਥਾਨ ਬਾਰੇ ਕਈਂ ਥਾਵਾਂ ਤੇ ਸੰਕੇਤ ਆਏ ਹਨ। ਭਾਈ ਸਾਹਿਬ ਵੱਖ ਵੱਖ ਵਾਰਾਂ ਦੀਆਂ ਪਾਉੜੀਆਂ [487] ਵਿਚ ਦ੍ਰਿਸ਼ਟਾਂਤ ਦੇ ਕੇ ਇਹ ਸਪਸ਼ਟ ਕਰਦੇ ਹਨ ਕਿ ਜਿਵੇਂ ਗੰਗਾ ਵਿਚ ਅਪਵਿੱਤਰ ਨਾਲੇ ਮਿਲ ਕੇ ਗੰਗਾ ਵਾਂਗੂੰ ਪਵਿੱਤਰ ਹੋ ਜਾਂਦੇ ਹਨ। ਇਸੇ ਤਰ੍ਹਾਂ ਸਾਧ ਸੰਗਤ ਨਾਲ ਮਿਲ ਕੇ ਜੀਵ ਪਵਿੱਤਰ ਹੋ ਜਾਂਦਾ ਹੈ। ਭਾਈ ਗੁਰਦਾਸ ਵਾਰ 23 ਦੀ ਚੌਥੀ ਪਉੜੀ ਵਿਚ ਗੰਗਾ ਨਦੀ ਦੇ ਮਿਥਿਹਾਸਕ ਮੂਲ ਨੂੰ ਪੇਸ਼ ਕਰਦੇ ਹੋਏ ਸਪਸ਼ਟ ਕਰਦੇ ਹਨ ਕਿ ਗੰਗਾ ਨੂੰ ਹਿੰਦੂ ਧਰਮ ਵਿਚ ਅਤੀ ਪਵਿੱਤਰ ਤੀਰਥ ਮੰਨਿਆ ਗਿਆ ਹੈ। ਪਰ ਜੀਵ ਨੂੰ ਸਾਧ ਸੰਗਤ ਦੀ ਸ਼ਰਨ ਵਿਚ ਆਉਣਾ ਚਾਹੀਦਾ ਹੈ ਜੋ ਜੀਵ ਦੇ ਮਨ ਨੂੰ ਸੰਤਾਂ ਦੇ ਚਰਨਾਂ ਨਾਲ ਇਕ ਸੁਰ ਕਰ ਦਿੰਦੀ ਹੈ:

ਚਰਣੋਦਕੁ ਹੋਇ ਸੁਰਸਰੀ ਤਜਿ ਬੈਕੁੰਠ ਧਰਤਿ ਵਿਚਿ ਆਈ।
ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗਿ ਸਮਾਈ।
ਤਿਹੁ ਲੋਈ ਪਰਵਾਣੁ ਹੈ ਮਹਾਦੇਵ ਲੈ ਸੀਸ ਚੜ੍ਹਾਈ।
ਦੇਵੀ ਦੇਵ ਸਰੇਵਦੇ ਜੈ ਜੈ ਕਾਰ ਵਡੀ ਵਡਿਆਈ।
ਸਣੁ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵ ਲਾਈ।
ਸਾਧੂ ਧੂੜਿ ਦੁਲੰਭ ਹੈ ਸਾਧ ਸੰਗਤਿ ਸਤਿਗੁਰ ਸਰਣਾਈ।
ਚਰਣ ਕਵਲ ਦਲ ਕੀਮ ਨ ਪਾਈ।[488]

ਭਾਈ ਗੁਰਦਾਸ ਨੇ ਉਪਰੋਕਤ ਪਾਉੜੀ ਵਿਚ ਇਹ ਸਪਸ਼ਟ ਕੀਤਾ ਹੈ ਕਿ ਗੰਗਾ ਨਾਲੋਂ ਸੰਤਾਂ ਦੇ ਚਰਨਾਂ ਦੀ ਧੂੜ ਪਵਿੱਤਰ ਹੈ। ਕਰਮਕਾਂਡਾਂ ਨਾਲੋਂ ਗੁਰੂ ਦੀ ਬਖਸ਼ਿਸ਼ ਦਾ ਪਾਤਰ ਬਣਨਾ ਜ਼ਰੂਰੀ ਹੈ। ਭਾਈ ਸਾਹਿਬ ਨੇ ਇਸ ਦੀ ਪੇਸ਼ਕਾਰੀ ਵਿਚ ਇਸ ਦੀ ਇਤਿਹਾਸਕ ਹੋਂਦ ਦੇ ਬਾਵਜੂਦ ਮਿਥਿਹਾਸਕ ਅਰਥਾਂ ਵੱਲ ਇਸ਼ਾਰਾ ਕੀਤਾ ਹੈ ਅਤੇ ਅਖੀਰ ਤੇ ਗੁਰਮਤਿ ਦੇ ਸਿਧਾਂਤਾਂ ਦੀ ਪੁਸ਼ਟੀ ਕੀਤੀ ਹੈ।

ਬਗਦਾਦ :

ਬਗਦਾਦ, ਇਕ ਬਹੁਤ ਪੁਰਾਣਾ ਸ਼ਹਿਰ ਹੈ। ਇਸ ਨੂੰ ਮੁਸਲਮਾਨੀ ਵਿਚਾਰਧਾਰਾ ਦਾ ਗੜ੍ਹ ਮੰਨਿਆ ਜਾਂਦਾ ਹੈ। "ਬਗਦਾਦ ਇਕ ਈਰਾਨੀ ਨਾਮ ਹੈ ਜਿਸ ਦਾ ਭਾਵ ਹੈ "ਰੱਬ ਦਾ ਦਿੱਤਾ ਤੋਹਫਾ"। ਲਗਭਗ ਪਿਛਲੇ 3000 ਸਾਲ ਤੋਂ ਵੱਧ ਇਹ ਨਗਰ ਇਸੇ ਥਾਂ ਤੇ ਇਸੇ ਨਾਮ ਨਾਲ ਪ੍ਰਸਿਧ ਹੈ।"[489] ਐਨਸਾਈਕਲੋਪੀਡੀਆ ਆਫ਼ ਬਰਟੈਨਿਕਾ ਅਨੁਸਾਰ, ਬਗਦਾਦ ਸ਼ਹਿਰ ਦਜਲਾ ਦੇ ਦਰਿਆ ਦੇ ਕੰਢੇ ਤੇ ਸੀ। ਪ੍ਰਾਚੀਨ ਕਾਲ ਵਿਚ ਇਹ ਸ਼ਹਿਰ ਦਰਿਆ ਦੇ ਪੱਛਮੀ ਕੰਢੇ ਤੇ ਸੀ ਤੇ ਫ਼ੇਰ ਉਥੋਂ ਉਜੜ ਕੇ ਪੂਰਬੀ ਕੰਢੇ ਤੇ ਆਬਾਦ ਹੋਇਆ।[490] ਇਸੇ ਸ਼ਹਿਰ ਵਿਚ ਹੀ ਪ੍ਰਾਚੀਨ ਯੂਨਾਨੀ ਚਿੰਤਕ ਅਫਲਾਤੂਨ ਅਤੇ ਅਰਸਤੂ ਆਦਿ ਦੇ ਜਗਤ ਪ੍ਰਸਿੱਧ ਗ੍ਰੰਥਾਂ ਦੇ ਤਰਜਮੇ ਹੋਏ ਹਨ। ਪੰਚ ਤੰਤ੍ਰ, ਸੂਰਯ ਸਿਧਾਂਤ, ਮਹਾਂ ਬ੍ਰਿਹਦ, ਜਾਤਕ ਆਦਿ ਫਲਸਫੇ, ਗਣਤ ਅਤੇ ਜੋਤਿਸ਼ ਦੇ ਅਮੁੱਲੇ ਭੰਡਾਰ ਨੂੰ ਅਰਬੀ ਵਿਚ ਉਲਥਾਇਆ ਗਿਆ ਸੀ।[491]

ਗੁਰੂ ਨਾਨਕ ਸਾਹਿਬ ਦੇ ਸਮੇਂ ਬਗਦਾਦ ਸ਼ਹਿਰ ਦਜਲਾ ਦਰਿਆ ਦੇ ਪੂਰਬੀ ਕੰਢੇ ਤੇ ਆਬਾਦ ਸੀ। ਉਸ ਸਮੇਂ ਉਥੇ ਕਿਸੇ ਹਿੰਦੂ ਦਾ ਦੇਖਿਆ ਜਾਣਾ ਜਾਂ ਮੌਜੂਦ ਹੋਣਾ ਬੁਰਾ ਸਮਝਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ, ਮੱਕੇ, ਮਦੀਨੇ ਦੀ ਯਾਤਰਾ ਤੋਂ ਬਾਅਦ ਬਗਦਾਦ ਪਹੁੰਚੇ ਅਤੇ ਸ਼ਹਿਰ ਦੇ ਬਾਹਰ ਪ੍ਰਸਥਾਨ ਕੀਤਾ। ਇਸ ਤੱਥ ਦਾ ਸੰਕੇਤ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਰਜ ਹੈ:

ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ।[492]

ਇਸਲਾਮ ਵਿਚ ਸੰਗੀਤ ਉਤੇ ਸਖਤ ਪਾਬੰਦੀ ਸੀ। ਬਗਦਾਦ ਉਸ ਸਮੇਂ ਇਸਲਾਮ ਧਰਮ ਦਾ ਗੜ੍ਹ ਮੰਨਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ਆਮ ਵਾਂਗ ਤੜਕੇ ਉਠੱ ਕੇ

ਭਾਈ ਮਰਦਾਨੇ ਨੂੰ ਰਬਾਬ ਵਜਾਉਣਦਾ ਹੁਕਮ ਦਿਤਾ ਅਤੇ ਕੀਰਤਨ ਕਰਨਾ ਆਰੰਭ ਕਰ ਦਿੱਤਾ। ਇਹ ਸੁਣ ਕੇ ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ। ਜਦੋਂ ਇਸ ਦੀ ਖਬਰ ਨਗਰ ਦੇ ਪੀਰ ਦਸਤਗੀਰ ਨੂੰ ਮਿਲੀ ਤਾਂ ਉਸਨੇ ਬੜੇ ਸਖਤ ਸ਼ਬਦਾਂ ਵਿਚ ਗੁਰੂ ਸਾਹਿਬ ਨੂੰ ਇਸਲਾਮ ਦਾ ਵਿਰੋਧ ਕਰਨ ਦਾ ਕਾਰਨ ਪੁਛਿਆ । ਗੁਰੂ ਸਾਹਿਬ ਦੀ ਪੀਰ ਦਸਤਗੀਰ ਨਾਲ ਮਿਲਣੀ ਦਾ ਵਰਨਣ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਰਜ ਹੈ:

ਪੁਛਿਆ ਫਿਰਿਕੈ ਦਸਤਗੀਰ ਕਉਣ ਫਕੀਰੁ ਕਿਸਕਾ ਘਰਿਆਨਾ?[493]

ਇਸ ਸਥਾਨ ਤੇ ਗੁਰੂ ਸਾਹਿਬ ਅਤੇ ਬਗਦਾਦ ਦੇ ਪੀਰ ਵਿਚਕਾਰ ਤਕਰਾਰ ਹੋਈ ਅਤੇ ਗੁਰੂ ਸਾਹਿਬ ਨੇ ਸ਼ਬਦ ਦੇ ਬਲ ਨਾਲ ਉਸ ਨੂੰ ਆਪਣਾ ਅਨੁਯਾਈ ਬਣਾਇਆ। ਇਸ ਘਟਨਾ ਦਾ ਸੰਕੇਤ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਮਿਲਦਾ ਹੈ:

ਪੁਛੇ ਪੀਰ ਤਕਰਾਰ ਕਰਿ ਏਹੁ ਫਕੀਰੁ ਵਡਾ ਅਤਾਈ।[494]

ਬਗਦਾਦ ਸ਼ਹਿਰ ਵਿਚ ਅੱਜ ਵੀ ਗੁਰੂ ਨਾਨਕ ਦੇ ਨਾਮ ਲੇਵਾ ਸ਼ਰਧਾਲੂ ਰਹਿੰਦੇ ਹਨ ਅਤੇ ਗੁਰੂ ਸਾਹਿਬ ਦੀ ਯਾਦ ਵਿਚ ਧਾਰਮਿਕ ਅਸਥਾਨ ਮੌਜੂਦ ਹਨ।

## ਮਦੀਨਾ :

ਮਦੀਨਾ, ਅਰਬ ਦਾ ਇਕ ਨਗਰ ਅਤੇ ਮੁਸਲਮਾਨਾਂ ਦਾ ਪ੍ਰਸਿੱਧ ਇਤਿਹਾਸਕ ਸਥਾਨ ਹੈ। ਇਸਲਾਮੀ ਸ਼ਰਧਾ ਦੇ ਪੱਖ ਤੋਂ ਇਹ ਸਥਾਨ ਮੱਕੇ ਤੋਂ ਦੂਜੇ ਨੰਬਰ ਤੇ ਮੰਨਿਆ ਜਾਂਦਾ ਹੈ, ਕਿਉਂਕਿ ਇਥੇ ਹਜਰਤ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ ਸੀ। ਐਨਸਾਈਕਲੋਪੀਡੀਆ ਆਫ਼ ਬਰੀਟੈਨਕਾ ਅਨੁਸਾਰ, ਮੱਕਾ ਹਜਰਤ ਮੁਹੰਮਦ ਤੋਂ ਪਹਿਲਾਂ ਵੀ ਧਰਮ ਸਥਾਨ ਸੀ ਅਤੇ ਹਜਰਤ ਮੁਹੰਮਦ ਤੋਂ ਪਿਛੋਂ ਵੀ।ਪਰ ਮਦੀਨਾ ਹਜਰਤ ਮੁਹੰਮਦ ਦੀ ਵਫ਼ਾਤ ਪਿਛੋਂ ਹੀ ਧਰਮ ਸਥਾਨ ਬਣਿਆ।"[495]

ਮਦੀਨਾ ਦਾ ਅਸਲ ਨਾਮ 'ਅਲਮਦੀਨਾ'[496] ਹੈ ਜਿਸ ਦਾ ਭਾਵ ਹੈ 'ਇਕ ਸ਼ਹਿਰ' ਇਹ ਸ਼ਹਿਰ ਮੱਕੇ ਤੋਂ ਥੋੜੀ ਦੂਰੀ ਤੇ ਸਥਿਤ ਹੈ। ਮੱਕੇ ਜਾਣ ਵਾਲੇ ਹਾਜੀ ਇਸ ਸਥਾਨ ਦੇ ਦਰਸ਼ਨਾਂ ਲਈ ਜ਼ਰੂਰ ਜਾਂਦੇ ਹਨ। ਮਦੀਨਾ ਸ਼ਹਿਰ ਵਿਚ ਸਭ ਤੋਂ ਪ੍ਰਮੁੱਖ ਸਥਾਨ ਉਹ ਮਸੀਤ ਹੈ ਜਿਥੇ ਹਜਰਤ ਮੁਹੰਮਦ ਸਾਹਿਬ ਦੇ ਅੰਗੂਠੇ ਦੀ ਹਾਜੀ ਪੂਜਾ ਕਰਦੇ ਹਨ।

ਸਿੱਖ ਇਤਿਹਾਸ ਵਿਚ ਮਦੀਨਾ ਸ਼ਹਿਰ ਦਾ ਵਰਨਣ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਦੇ ਪ੍ਰਸੰਗ ਵਿਚ ਆਇਆ ਹੈ। ਭਾਈ ਗੁਰਦਾਸ ਨੇ ਵੀ ਇਸੇ ਪ੍ਰਸੰਗ ਵਿਚ ਹੀ ਮਦੀਨਾ ਸ਼ਹਿਰ ਦਾ ਸੰਕੇਤਕ ਬਿਆਨ ਆਪਣੀਆਂ ਵਾਰਾਂ ਵਿਚ ਕੀਤਾ ਹੈ। ਭਾਈ ਸਾਹਿਬ ਅਨੁਸਾਰ, ਗੁਰੂ ਨਾਨਕ ਸਾਹਿਬ ਬਗਦਾਦ ਤੇ ਮੱਕੇ ਤੇ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਮਦੀਨੇ ਗਏ:

ਗੜ੍ਹ ਬਗਦਾਦੁ ਨਿਵਾਇਕੈ ਮੱਕਾ ਮਦੀਨਾ ਸਭੇ ਨਿਵਾਇਆ।[497]

ਮੱਕਾ :

ਮੱਕਾ ਅਰਬ ਦੇਸ਼ ਦਾ ਇਕ ਪ੍ਰਸਿਧ ਨਗਰ ਹੈ। ਇਸਲਾਮ ਧਰਮ ਵਿਚ ਇਸ ਨੂੰ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਹੈ, ਕਿਉਂਕਿ ਮੁਸਲਮਾਨਾਂ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਇਸ ਸਥਾਨ ਤੇ ਹੋਇਆ ਸੀ। ਪ੍ਰਸਿਧ ਵਿਦਵਾਨ ਹਿਊਜ (Hughes) ਅਨੁਸਾਰ; ਮਿਸ਼ਕਾਤ ਵਿਚ ਦਰਜ ਹੈ ਕਿ ਹਜਰਤ ਮੁਹੰਮਦ ਨੇ ਆਖਿਆ ਸੀ "ਮੱਕਾ ਆਦਮੀ ਨੇ ਨਹੀਂ, ਕਿੰਤੂ ਖੁਦਾ ਨੇ ਪਵਿੱਤਰ ਥਾਪਿਆ ਹੈ। ਇਸ ਨਗਰ ਦਾ ਸਨਮਾਨ ਕਰਨ ਵਾਲਾ ਅਗਲੀ ਦੁਨੀਆਂ ਵਿਚ ਵੀ ਸੁੱਖੀ ਹੋਵੇਗਾ।"[499] ਮੱਕਾ ਸ਼ਹਿਰ ਪਹਾੜੀ ਇਲਾਕੇ ਵਿਚ ਸਥਿਤ ਹੋਣ ਕਰਕੇ ਸ਼ਹਿਰ ਦਾ ਬਹੁਤਾ ਹਿੱਸਾ ਪਹਾੜਾਂ ਦੇ ਪੈਰਾਂ ਵਿਚ ਤੇ ਕੁਝ ਹਿੱਸਾ ਪਹਾੜਾਂ ਦੇ ਉਪਰ ਵੱਸਿਆ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਮੱਕਾ ਸ਼ਹਿਰ ਦੇ ਖੂਹਾਂ ਦਾ ਪਾਣੀ ਖਾਰਾ ਹੈ ਅਤੇ ਪੀਣ ਵਾਸਤੇ ਪਾਣੀ ਛੇ ਸੱਤ ਮੀਲ ਦੀ ਦੂਰੀ ਤੋਂ ਲਿਆਇਆ ਜਾਂਦਾ ਹੈ।[500]

ਮੱਕਾ ਸ਼ਹਿਰ ਵਿਚ ਇਸਲਾਮ ਦਾ ਸਭ ਤੋਂ ਵੱਡਾ ਧਾਰਮਿਕ ਸਥਾਨ 'ਕਾਬਾ' ਸਥਿਤ ਹੈ। ਹੱਜ ਦੇ ਦਿਨਾਂ ਵਿਚ ਇਸ ਸਥਾਨ ਤੇ ਬਹੁਤ ਵੱਡਾ ਇਕੱਠ ਹੁੰਦਾ ਹੈ। ਦੁਨੀਆਂ ਦੇ ਹਰ ਕੋਨੇ ਤੋਂ ਹਾਜ਼ੀ ਇਥੇ ਹੱਜ ਲਈ ਆਉਂਦੇ ਹਨ। "ਇਸਲਾਮੀ ਧਰਮ ਪੁਸਤਕਾਂ ਅਨੁਸਾਰ ਕਾਬਾ ਨੂੰ ਪਹਿਲਾਂ ਹਜਰਤ ਮੁਹੰਮਦ ਸਾਹਿਬ ਨੇ ਬਣਵਾਇਆ ਸੀ। ਨੂੰਹ ਵਾਲੇ ਤੂਫਾਨ ਵਿਚ ਇਹ ਡਿੱਗ ਪਿਆ ਤੇ ਇਬਰਾਹੀਮ ਅਤੇ ਉਸ ਦੇ ਪੁੱਤਰ ਇਸਮਾਈਲ ਨੇ ਮੁੜ ਉਸਾਰਿਆ। ਮੁੜ ਕਈ ਵਾਰ ਡਿੱਗਾ ਅਤੇ ਬਣਿਆ।[501]

ਮੁਸਲਮਾਨਾਂ ਦਾ ਧਾਰਮਿਕ ਸਥਾਨ ਬਨਣ ਤੋਂ ਪਹਿਲਾਂ ਮੱਕਾ ਵਪਾਰ ਦਾ ਬਹੁਤ

ਵੱਡਾ ਕੇਂਦਰ ਸੀ। ਪ੍ਰਸਿਧ ਲੇਖਕ Ptolemy ਅਨੁਸਾਰ ਇਸ ਨੂੰ 'ਮਕੋਰਾਬਾ' ਦੇ ਨਾਮ ਨਾਲ ਜਾਣਿਆ ਜਾਂਦਾ ਸੀ; ਪਰੰਤੂ ਇਸ ਦੀ ਹੋਂਦ ਉਸ ਸਮੇਂ ਤੋਂ ਬਹੁਤ ਪਹਿਲਾਂ ਵੀ ਸੀ। ਪਹਿਲਾਂ ਮੱਕਾ ਮੌਜੂਦਾ ਜ਼ਮ ਜ਼ਮ ਖੂਹ ਦੇ ਆਲੇ ਦੁਆਲੇ ਵੱਸਿਆ ਹੋਇਆ ਸੀ। ਕੁਰਾਨ ਸਰੀਫ ਦੇ ਸੂਰਾ ਇਕ ਸੌ ਛੇ ਵਿਚ ਇਸ ਨੂੰ "ਗਰਮੀਆਂ ਤੇ ਸਰਦੀਆਂ' ਦੋਹਾਂ ਰੁੱਤਾਂ ਵਿਚ ਕਾਫਲਿਆਂ ਦੀ ਸਦੀਵੀ ਸੰਸਥਾ" ਕਿਹਾ ਗਿਆ ਹੈ।[502]

ਸਿੱਖ ਇਤਿਹਾਸ ਵਿਚ ਇਸ ਇਤਿਹਾਸਕ ਸਥਾਨ ਨੂੰ ਉਚੇਰੀ ਮਹੱਤਤਾ ਪ੍ਰਾਪਤ ਹੈ। ਗੁਰੂ ਨਾਨਕ ਸਾਹਿਬ ਆਪਣੀਆਂ ਯਾਤਰਾਵਾਂ ਦੌਰਾਨ ਇਸ ਸਥਾਨ ਤੇ ਗਏ ਅਤੇ ਉਥੋਂ ਦੇ ਹਾਜ਼ੀਆਂ ਨੂੰ ਇਹ ਉਪਦੇਸ਼ ਦਿੱਤਾ ਕਿ ਖੁਦਾ ਹਰ ਪਾਸੇ ਵਿਦਮਾਨ ਹੈ ਅਤੇ ਉਸ ਨੂੰ ਕਿਸੇ ਨਿਸਚਿਤ ਸਥਾਨ ਵਿਚ ਬੰਨ੍ਹਿਆ ਨਹੀਂ ਜਾ ਸਕਦਾ। ਮੱਕਾ ਫਿਰਣ ਦੀ ਘਟਨਾ ਤੋਂ ਬਾਅਦ ਗੁਰੂ ਸਾਹਿਬ ਨੇ ਜੀਵਣ ਨਾਮੀ ਹਾਜ਼ੀ ਨੂੰ ਕਿਹਾ ਜੋ ਕੁਝ ਤੂੰ ਹੁਣ ਮਹਿਸੂਸ ਕੀਤਾ ਹੈ ਇਹ ਸਭ ਸਚਾਈ ਦਾ ਹੀਪ੍ਰਗਟਾਵਾ ( manifestation ) ਸੀ। ਖੁਦਾ ਦਾ ਘਰ ਇਕ ਪਾਸੇ ਮੰਨਣਾ ਹਜਰਤ ਮੁਹੰਮਦ ਦੀਆਂ ਸਿਖਿਆਵਾਂ ਦੇ ਵਿਰੁੱਧ ਹੈ। ਇਹ ਸੁਣ ਕੇ ਜੀਵਣ ਤੇ ਹੋਰ ਹਾਜ਼ੀ ਗੁਰੂ ਨਾਨਕ ਸਾਹਿਬ ਦੇ ਚਰਨੀ ਢਹਿ ਪਏ। ਜਦੋਂ ਗੁਰੂ ਸਾਹਿਬ ਮੱਕੇ ਤੋਂ ਪ੍ਰਸਥਾਨ ਕਰਨ ਲੱਗੇ ਤਾਂ ਉਨ੍ਹਾਂ ਨੇ ਕਿਸੇ ਨਿਸ਼ਾਨੀ ਦੀ ਮੰਗ ਕੀਤੀ। ਗੁਰੂ ਸਾਹਿਬਨੇ ਆਪਣੀ ਇਕ ਖੜਾਵ ਨਿਸ਼ਾਨੀ ਵਜੋਂ ਦਿਤੀ, ਜੋ ਅੱਜ ਵੀ ਉਥੇ ਸੁਰਖਿਅਤ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਦਾ ਮੱਕੇ ਜਾਣਾ, ਉਥੋਂ ਦੇ ਹਾਜ਼ੀਆਂ ਨੂੰ ਸਿੱਧੇ ਰਸਤੇ ਪਾਉਣਾ ਅਤੇ ਉਥੋਂ ਤੁਰਨ ਲੱਗਿਆਂ ਸ਼ਰਧਾਲੂਆਂ ਦੀ ਮੰਗ ਤੇ ਖੜਾਵ ਨਿਸ਼ਾਨੀ ਵਜੋਂ ਦੇਣ ਸਬੰਧੀ ਸੰਕੇਤ ਦਰਜ ਹਨ:

ਧਰੀ ਨਿਸ਼ਾਨੀ ਕਉਸਿ ਦੀ ਮੱਕੇ ਅੰਦਰਿ ਪੂਜ ਕਰਾਈ।[503]

ਉਪਰੋਕਤ ਸੰਕੇਤ ਰਾਹੀਂ ਭਾਈ ਗੁਰਦਾਸ ਇਸ ਤੱਥ ਨੂੰ ਸਪਸ਼ਟ ਕਰਦੇ ਹਨ ਕਿ ਮੱਕੇ ਵਰਗਿਆਂ ਬਿਖਮ ਥਾਵਾਂ ਤੇ ਵੀ ਗੁਰੂ ਨਾਨਕ ਸਾਹਿਬ ਦੀ ਮਾਨਤਾ ਹੋਈ।

<u>ਮੁਲਤਾਨ</u> :

ਮੁਲਤਾਨ, ਦੇਸ਼ ਦੀ ਵੰਡ ਤੋਂ ਪਹਿਲੇ ਦੇ ਪੰਜਾਬ ਦਾ ਇਕ ਪ੍ਰਸਿਧ ਨਗਰ ਸੀ। ਅੱਜ

ਵੱਲ ਇਹ ਪਾਕਿਸਤਾਨ ਵਿਚਲੇ ਪੰਜਾਬ ਦਾ ਪ੍ਰਮੁੱਖ ਸ਼ਹਿਰ ਹੈ। ਗਿਆਨੀ ਗਿਆਨ ਸਿੰਘ ਅਨੁਸਾਰ, ਮੁਲਤਾਨ ਮੌਲਤ ਰਾਜਾ ਨੇ ਵਸਾਇਆ ਸੀ। ਜਿਸ ਦੀ ਸੰਤਾਨ ਹਿਰਨਕੱਸ਼ਪ, ਰਾਜਾ ਪ੍ਰਹਿਲਾਦ ਦਾ ਬਾਪ , ਕ੍ਰਿਸ਼ਨ ਵਾਂਙੂ ਆਪ ਨੂੰ ਹੀ ਪ੍ਰਮੇਸ਼ੁਰ ਸਦਾਉਂਦਾ ਸੀ।"[504] ਭਗਤ ਪ੍ਰਹਿਲਾਦ ਦੀ ਸਹਾਇਤਾ ਲਈ ਵਿਸ਼ਨੂੰ , ਨਰ ਸਿੰਘ ਰੂਪ ਵਿਚ ਇਸ ਸਥਾਨ ਤੇ ਪ੍ਰਗਟ ਹੋਇਆ ਸੀ। ਇਸ ਦਾ ਮੰਦਰ ਅੱਜ ਵੀ ਕਿਲ੍ਹੇ ਅੰਦਰ ਸਥਿਤ ਹੈ।

ਮੁਲਤਾਨ ਉਤੇ ਕਾਫ਼ੀ ਸਮੇਂ ਤੱਕ ਮੁਗਲ ਬਾਦਸ਼ਾਹਾਂ ਦਾ ਰਾਜ ਰਿਹਾ। "ਸੰਨ 1752 ਤੋਂ ਅਫ਼ਗਾਨਿਸਤਾਨ ਦੀ ਹਕੂਮਤ ਰਹੀ, ਫਿਰ ਸੁਜਾਖਾਨ ਅਤੇ ਉਸ ਦਾ ਪੁੱਤਰ ਮੁਜ਼ਫ਼ਰਖਾਨ ਸਵਤੰਤ੍ਰ ਮਾਲਕ ਬਣ ਬੈਠੇ। ਸੰਨ 1818 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਨੂੰ ਫ਼ਤੇ ਕੀਤਾ ਅਤੇ ਜਨਵਰੀ ਸੰਨ 1849 ਵਿਚ ਇਸ ਉਤੇ ਅੰਗਰੇਜ਼ ਕਾਬਜ਼ ਹੋਏ।"[505]

ਸਿੱਖ ਇਤਿਹਾਸ ਵਿਚ ਇਸ ਸਥਾਨ ਦੀ ਮਹੱਤਤਾ ਇਹ ਹੈ ਕਿ ਗੁਰੂ ਨਾਨਕ ਸਾਹਿਬ ਆਪਣੀਆਂ ਯਾਤਰਾਵਾਂ ਦੌਰਾਨ ਇਸ ਸਥਾਨ ਤੇ ਗਏ। ਉਸ ਸਮੇਂ ਮੁਲਤਾਨ ਪੀਰਾਂ ਦਾ ਗੜ੍ਹ ਸੀ ਅਤੇ ਉਹ ਮਨੁੱਖਤਾ ਨੂੰ ਵਹਿਮਾਂ ਭਰਮਾਂ ਵਿਚ ਪਾ ਕੇ ਲੁੱਟ ਰਹੇ ਸਨ। ਜਦੋਂ ਗੁਰੂ ਸਾਹਿਬ ਨੂੰ ਇਸ ਦਾ ਪਤਾ ਲੱਗਾ ਤਾਂ ਆਪ ਅਚਲ ਵਟਾਲੇ ਤੋਂ ਸਿੱਧਾ ਮੁਲਤਾਨ ਪਹੁੰਚੇ ਅਤੇ ਸ਼ਬਦ ਦੇ ਬਲ ਨਾਲ ਉਥੋਂ ਦੇ ਪੀਰਾਂ ਨੂੰ ਆਪਣਾ ਅਨੁਯਾਈ ਬਣਾਇਆ। ਇਥੇ ਪੀਰਾਂ ਦੇ ਮਕਾਨ ਵਿਚ ਗੁਰੂ ਸਾਹਿਬ ਦੇ ਬਿਰਾਜਣ ਦਾ ਸਥਾਨ ਮੌਜੂਦ ਹੈ। ਇਸਦੇ ਪੁਜਾਰੀ ਮੁਸ਼ਲਮਾਨ ਹਨ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮੁਲਤਾਨ ਨਗਰ ਸਬੰਧੀ ਸੰਕੇਤ ਮਿਲਦਾ ਹੈ। ਭਾਈ ਸਾਹਿਬ ਅਨੁਸਾਰ ਗੁਰੂ ਸਾਹਿਬ ਅਚਲ ਵਟਾਲੇ ਵਿਚ ਸਿੱਧਾਂ ਨਾਲ ਗੋਸ਼ਟਿ ਕਰਨ ਉਪਰੰਤ ਮੁਲਤਾਨ ਲਈ ਰਵਾਨਾ ਹੋਏ। ਇਥੇ ਲੋਕ ਪੀਰਾਂ ਦੀ ਪੂਜਾ ਕਰਦੇ ਸਨ ਅਤੇ ਸਤਿਨਾਮ ਦੇ ਜਾਪ ਤੋਂ ਕੋਹਾਂ ਦੂਰ ਸਨ। ਗੁਰੂ ਸਾਹਿਬ ਨੇ ਮੁਲਤਾਨ ਦੇ ਪੀਰਾਂ ਨੂੰ ਪ੍ਰੇਮਾ ਭਗਤੀ ਵੱਲ ਪ੍ਰੇਰਿਆ:

ਮੇਲਿ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ।[506]

ਲੰਕਾ :

ਲੰਕਾ, ਹਿੰਦਸਾਗਰ ਵਿਚ ਪੂਰਬ ਵੱਲ ਸਥਿਤ ਇਕ ਟਾਪੂ ਦਾ ਨਾਮ ਹੈ। 'ਵਿਸ਼ਵ-ਕਰਮਾਂ ਨੇ ਕੁਬੇਰ, ਜੋ ਰਾਵਣ ਦਾ ਭਰਾ ਸੀ ਦੇ ਰਹਿਣ ਲਈ ਇਹ ਮਨੋਹਰ ਪੁਰੀ ਰਚੀ ਸੀ।

ਰਾਵਣ ਨੇ ਕੁਬੇਰ ਤੋਂ ਖੋਹ ਕੇ ਇਸ ਨੂੰ ਆਪਣੀ ਰਾਜਧਾਨੀ ਬਣਾ ਲਿਆ।"[507]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਜਿਸ ਸਮੇਂ ਦੇ ਇਤਿਹਾਸ ਦੇ ਪ੍ਰਸੰਗ ਵਿਚ ਲੰਕਾ ਸਬੰਧੀ ਸੰਕੇਤ ਮਿਲਦਾ ਹੈ। ਉਸ ਸਮੇਂ ਲੰਕਾ ਉਤੇ ਰਾਵਣ ਦਾ ਰਾਜ ਸੀ। ਰਾਵਣ ਬਹੁਤ ਵਿਦਵਾਨ, ਬਲਵਾਨ ਤੇ ਪ੍ਰਤਾਪੀ ਰਾਜਾ ਸੀ। ਉਸ ਦੇ ਸਮੇਂ ਇਸ ਨਗਰ ਦੇ ਮਹੱਲ ਅਤੇ ਮਕਾਨ ਸੋਨੇ ਨਾਲ ਜੜੇ ਹੋਏ ਸਨ। ਇਸ ਕਰਕੇ ਇਸ ਨੂੰ 'ਸੋਨੇ ਦੀ ਲੰਕਾ' ਵੀ ਕਿਹਾ ਜਾਂਦਾ ਹੈ। ਜਦੋਂ ਰਾਵਣ ਨੇ ਸ੍ਰੀ ਰਾਮ ਚੰਦਰ ਜੀ ਦੀ ਪਤਨੀ ਸੀਤਾ ਨੂੰ ਚੁਰਾ ਲਿਆ ਸੀ ਤਾਂ ਸ੍ਰੀ ਰਾਮ ਚੰਦਰ ਜੀ ਨੇ ਵਾਨਰ ਸੈਨਾ ਦੀ ਸਹਾਇਤਾ ਨਾਲ ਇਸ ਸਥਾਨ ਤੇ ਚੜ੍ਹਾਈ ਕੀਤੀ ਤੇ ਜਿੱਤ ਪ੍ਰਾਪਤ ਕਰਕੇ ਆਪਣੀ ਪਤਨੀ ਸੀਤਾ ਨੂੰ ਛੁਡਵਾਇਆ ਸੀ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਲੰਕਾ ਸਬੰਧੀ ਸੰਕੇਤ ਰਾਵਣ ਦੀ ਕਥਾ ਦੇ ਪ੍ਰਸੰਗ ਵਿਚ ਆਇਆ ਹੈ ਕਿ ਸੋਨੇ ਦੀ ਲੰਕਾ ਉਸ ਦਾ ਵੱਡਾ ਕਿਲ੍ਹਾ ਸੀ, ਜਿਸ ਦੇ ਆਲੇ ਦੁਆਲੇ ਖਾਰੇ ਸਮੁੰਦਰ ਦੀ ਖਾਈ ਸੀ:

ਸੋਇਨ ਲੰਕਾ ਵਡਾ ਗੜ੍ਹੁ ਖਾਰ ਸਮੁੰਦ ਜਿਵੇਹੀ ਖਾਈ।[508]

ਉਪਰੋਕਤ ਇਤਿਹਾਸਕ ਸਥਾਨਾਂ ਤੋਂ ਇਲਾਵਾ ਭਾਈ ਗੁਰਦਾਸ ਨੇ ਵਾਰਾਂ ਵਿਚ ਹਿੰਦੂ ਧਾਰਮਕ ਸਥਾਨਾਂ, ਨਦੀਆਂ ਆਦਿ ਸਬੰਧੀ ਸੰਕੇਤ ਵਾਰ 34 ਦੀ 17ਵੀਂ ਪਉੜੀ ਵਿਚ ਅਤੀ ਸੰਕੇਤਕ ਰੂਪ ਵਿਚ ਦਰਜ ਕੀਤੇ ਹਨ। ਇਹਨਾਂ ਸਥਾਨਾਂ ਦਾ ਸੰਕੇਤ ਬੇਮੁੱਖ ਦੇ ਪ੍ਰਸੰਗ ਵਿਚ ਆਇਆ ਹੈ ਕਿ ਭਾਵੇਂ ਬੇਮੁੱਖ ਗੰਗਾ, ਜਮਨਾ, ਗੁਦਾਵਰੀ, ਗਇਆ, ਸਰਸਵਤੀ, ਗੋਮਤੀ ਨਦੀਆਂ ਵਿਚ ਇਸ਼ਨਾਨ ਕਰ ਲਵੇ ਤੇ ਉਹ ਬੇਮੁਖ ਕੁਰਖਸ਼ੇਤਰ, ਮਥਰਾ, ਮਾਇਆ, ਅਯੁਧਿਆ, ਕਾਸ਼ੀ, ਕੇਦਾਰ ਨਾਥ ਆਦਿ ਧਾਰਮਿਕ ਸਥਾਨਾਂ ਤੇ ਸਾਰਿਆਂ ਦੇਵਤਿਆਂ ਦੀ ਪੂਜਾ ਕਰ ਲਵੇ ਤਾਂ ਵੀ ਉਸ ਦੀ ਗੁਰੂ ਜੀ ਦੇ ਦੁਆਰੇ ਤੋਂ ਬੇਮੁੱਖ ਰਹਿਣ ਦੀ ਹਤਿਆ ਦਾ ਪਾਪ ਕਦਾਚਿਤ ਨਹੀਂ ਉਤਰੇਗਾ:

ਗੰਗ ਜਮੁਨ ਗੋਦਾਵਰੀ ਕੁਲਖੇਤ ਸਿਧਾਰੇ।
ਮਥੁਰਾ ਮਾਇਆ ਅਜੁਧਿਆ ਕਾਸ਼ੀ ਕੇਦਾਰੇ।
ਗਇਆ ਪਿਰਾਗ ਸਰਸੁਤੀ ਗੋਮਤੀ ਦੁਆਰੇ।

ਜਪੁ ਤਪੁ ਸੰਜਮੁ ਹੋਮ ਜਗਿ ਸਭ ਦੇਵ ਜੁਹਾਰੇ।

ਅਖੀ ਪਰਣੈ ਜੇ ਭਵੈ ਤਿਹੁ ਲੋਇ ਮਝਾਰੇ।

ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ।[509]

ਉਪਰੋਕਤ ਪਉੜੀ ਵਿਚ ਭਾਈ ਗੁਰਦਾਸ ਨੇ ਗੁਰੂ ਦੇ ਦੁਆਰ ਦੀ ਉਚੱਤਾ ਦਾ ਵਰਨਣ ਕੀਤਾ ਹੈ। ਭਾਈ ਸਾਹਿਬ ਅਨੁਸਾਰ ਬੇਸ਼ਕ ਜੀਵ ਕਿੰਨੇ ਮਰਜ਼ੀ ਧਾਰਮਿਕ ਸਥਾਨਾਂ ਤੇ ਫਿਰ ਲਵੇ ਤੇ ਨਦੀਆਂ ਵਿਚ ਇਸ਼ਨਾਨ ਕਰ ਲਵੇ ਪਰ ਅੰਤ ਵਿਚ ਉਸ ਉਤੇ ਬੇਮੁੱਖਤਾ ਦਾ ਪਾਪ ਗੁਰੂ ਦੇ ਦੁਆਰੇ ਆ ਕੇ ਹੀ ਉਤਰੇਗਾ ਭਾਵ ਮੁਕਤੀ ਪ੍ਰਾਪਤ ਹੋਵੇਗੀ। ਸਭ ਕਰਮਾਂ ਧਰਮਾਂ ਦੀ ਸਾਰ ਸਾਧ ਸੰਗਤਿ ਤੇ ਗੁਰਦੁਆਰੇ ਵਿਚ ਹੈ! ਇਸ ਸਾਰ ਨੂੰ ਨਾ ਜਾਣ ਕੇ ਜੀਵ ਜੋ ਕੁਝ ਵੀ ਕਰਦਾ ਹੈ, ਉਹ ਸਫਲ ਨਹੀਂ ਹੁੰਦਾ।

ਉਪਰੋਕਤ ਵਿਚਾਰ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਰਜ ਬਹੁਤੇ ਇਤਿਹਾਸਕ ਸਥਾਨਾਂ ਦਾ ਵਰਨਣ ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਦੇ ਪ੍ਰਸੰਗ ਵਿਚ ਹੀ ਆਇਆ ਹੈ। ਹਿੰਦੂ ਧਾਰਮਿਕ ਸਥਾਨਾਂ, ਨਦੀਆਂ ਆਦਿ ਦਾ ਵਰਨਣ ਕਰਦਿਆਂ ਭਾਈ ਸਾਹਿਬ ਨੇ ਅੰਤ ਵਿਚ ਗੁਰਮਤਿ ਦੇ ਸਿਧਾਂਤਾਂ ਦੀ ਹੀ ਵਿਆਖਿਆ ਕੀਤੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਪ੍ਰਾਪਤ ਇਤਿਹਾਸਕ ਸੰਕੇਤਾਂ ਦੇ ਸਮੁੱਚੇ ਅਧਿਐਨ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਵਿਚ ਮੁੱਖ ਰੂਪ ਵਿਚ ਪਹਿਲੇ ਛੇ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਭਗਤ, ਗੁਰੂ ਸਾਹਿਬਾਨ ਦੇ ਸਮੇਂ ਦੇ ਪ੍ਰਸਿੱਧ ਸਿੱਖ, ਗੁਰੂ ਸਾਹਿਬਾਨ ਦੀ ਸੰਤਾਨ ਅਤੇ ਕੁਝ ਹੋਰ ਇਤਿਹਾਸਕ ਸ਼ਖਸੀਅਤਾਂ ਅਤੇ ਸਿੱਖ ਧਰਮ ਅਤੇ ਹੋਰ ਧਰਮਾਂ ਨਾਲ ਸੰਬੰਧਤ ਇਤਿਹਾਸਕ ਸਥਾਨਾਂ ਦਾ ਵਰਨਣ ਸੰਕੇਤਕ ਰੂਪ ਵਿਚ ਮਿਲਦਾ ਹੈ। ਇਨ੍ਹਾਂ ਦੀ ਪੇਸ਼ਕਾਰੀ ਰਾਹੀਂ ਭਾਈ ਸਾਹਿਬ ਦਾ ਉਦੇਸ਼ ਇਨ੍ਹਾਂ ਸ਼ਖਸੀਅਤਾਂ ਦੀਆਂ ਜੀਵਨੀਆਂ ਲਿਖਣੀਆਂ ਨਹੀਂ, ਸਗੋਂ ਇਨ੍ਹਾਂ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ। ਇਸੇ ਕਰਕੇ ਹੀ ਇਨ੍ਹਾਂ ਸ਼ਖਸੀਅਤਾਂ ਦੇ ਜੀਵਨ ਪ੍ਰਤੀ ਵਾਕਫੀਅਤ ਅਤੀ ਸੰਕੇਤਕ ਰੂਪ ਵਿਚ ਮਿਲਦੀ ਹੈ।

ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ ਨੂੰ ਉਘਾੜਦਿਆਂ ਇਸ ਤੱਥ ਨੂੰ ਸਪਸ਼ਟ ਕੀਤਾ ਗਿਆ ਹੈ ਕਿ ਉਹ ਪਰੰਪਰਾ ਵਾਦ ਅੰਤ ਵਿਸ਼ਵਾਸ਼ਾਂ ਵਿਚ ਵਿਸ਼ਵਾਸ ਨਹੀਂ ਰੱਖਦੇ ਸਨ। ਇਸੇ ਕਰਕੇ ਹੀ ਉਨ੍ਹਾਂ ਨੇ ਪੁਰਾਣੀਆਂ ਕਦਰਾਂ ਕੀਮਤਾਂ ਦਾ ਖੰਡਨ ਕਰਦਿਆਂ ਹੋਇਆਂ ਨਵੀਆਂ ਸਾਂਸਕ੍ਰਿਤਿਕ ਕੀਮਤਾਂ ਦੀ ਸਥਾਪਨਾ ਕੀਤੀ ਹੈ। ਵਾਰਾਂ ਵਿਚ ਉਸ ਸਮੇਂ ਦੀ ਰਾਜਨੀਤਕ, ਸਮਾਜਕ ਤੇ ਧਾਰਮਿਕ ਗਿਲਾਨੀ ਦਾ ਵਰਨਣ ਕਰਦਿਆਂ ਇਹ ਦੱਸਿਆ ਹੈ ਕਿ ਕਿਸ ਤਰ੍ਹਾਂ ਗੁਰੂ ਸਾਹਿਬ ਨੇ ਉਨ੍ਹਾਂ ਪ੍ਰਸਥਿਤੀਆਂ ਵਿਚ ਮਨੁੱਖਤਾ ਨੂੰ ਸੇਧ ਦਿਤੀ ਅਤੇ ਇਸ ਦੁੱਖ ਭਰੇ ਜੀਵਨ ਤੋਂ ਰਾਹਤ ਦਿਵਾਈ। ਭਗਤਾਂ ਦੀ ਸ਼ਖਸੀਅਤ ਨੂੰ ਉਘਾੜਨ ਸਮੇਂ ਭਾਈ ਸਾਹਿਬ ਨੇ ਇਨ੍ਹਾਂ ਨਾਲ ਸੰਬੰਧਤ ਇਤਿਹਾਸਕ ਤੱਥਾਂ ਦੀ ਵਿਆਖਿਆ ਨਹੀਂ ਕੀਤੀ ਸਗੋਂ ਜੀਵਨ ਦੀ ਕਿਸੇ ਇਕ ਘਟਨਾ ਨੂੰ ਲੈ ਕੇ ਉਸ ਰਾਹੀਂ ਗੁਰਮਤਿ ਦੇ ਸਿਧਾਂਤਾਂ ਦੀ ਪੁਸ਼ਟੀ ਕੀਤੀ ਹੈ। ਪ੍ਰਸਿੱਧ ਸਿੱਖਾਂ ਸੰਬੰਧੀ ਜਾਣਕਾਰੀ ਦਿੰਦਿਆਂ ਭਾਈ ਗੁਰਦਾਸ ਨੇ ਉਨ੍ਹਾਂ ਦਾ ਇਤਿਹਾਸ ਨਹੀਂ ਲਿਖਿਆ। ਇਹ ਸਿੱਖ ਆਪ ਨੂੰ ਦੂਰ ਦੁਰਾਡੇ ਪ੍ਰਚਾਰ ਦੌਰਿਆਂ ਦੌਰਾਨ ਮਿਲੇ ਸਨ ਅਤੇ ਆਪਣੇ ਤੋਂ ਪਹਿਲਾਂ ਦੇ ਸਿੱਖਾਂ ਬਾਰੇ ਜਾਣਕਾਰੀ ਆਪ ਨੇ ਉਸ ਸਮੇਂ ਦੇ ਗੁਰੂ ਘਰ ਨਾਲ ਸੰਬੰਧਤ ਹੋਰ ਸਿੱਖਾਂ ਤੋਂ ਪ੍ਰਾਪਤ ਕੀਤੀ ਸੀ। ਭਾਈ ਸਾਹਿਬ ਦੀਆਂ ਵਾਰਾਂ ਇਸ ਜਾਣਕਾਰੀ ਲਈ ਪਹਿਲਾ ਪ੍ਰਮਾਣ ਹਨ। ਪਹਿਲੇ ਚਾਰ ਗੁਰੂ ਸਾਹਿਬਾਨ ਦੀ ਸੰਤਾਨ ਸੰਬੰਧੀ ਸੰਕੇਤਕ ਵਰਨਣ ਕਰਦਿਆਂ ਭਾਈ ਸਾਹਿਬ ਨੇ ਉਨ੍ਹਾਂ ਦੇ ਕਿਰਦਾਰ ਦੀ ਹੂ-ਬ-ਹੂ ਤਸਵੀਰ ਖਿਚੀ ਹੈ ਕਿ ਉਨ੍ਹਾਂ ਦਾ ਵਰਤਾਰਾ ਗੁਰੂ ਘਰ ਨਾਲ ਕਿਸ ਤਰ੍ਹਾਂ ਦਾ ਸੀ। ਕੁਝ ਹੋਰ ਨਿਕਟਵਰਤੀ ਸ਼ਖਸੀਅਤਾਂ ਦਾ ਵਰਨਣ ਕਰਦਿਆਂ ਭਾਈ ਗੁਰਦਾਸ ਲਿਖਦੇ ਹਨ ਕਿ ਇਹ ਸ਼ਖਸੀਅਤਾਂ (ਵਿਸ਼ੇਸ਼ ਕਰਕੇ ਗੁਰੂ ਨਾਨਕ ਸਾਹਿਬ ਨਾਲ ਸੰਬੰਧਤ) ਨੇ ਕਿਸ ਤਰ੍ਹਾਂ ਗੁਰੂ ਸਾਹਿਬ ਦੀ ਵਿਚਾਰਧਾਰਾ ਦਾ ਵਿਰੋਧ ਕੀਤਾ ਪਰ ਅੰਤ ਵਿਚ ਗੁਰੂ ਸਾਹਿਬ ਦੁਆਰਾ ਦਰਸਾਏ ਮਾਰਗ ਉਤੇ ਚੱਲ ਕੇ ਇਹ ਗੁਰੂ ਸਾਹਿਬ ਦੇ ਸ਼ਰਧਾਲੂ ਬਣੇ। ਇਸ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਤਿਹਾਸਕ ਸਥਾਨਾਂ ਦੀ ਜਾਣਕਾਰੀ/ਵੀ ਮਿਲਦੀ ਹੈ। ਇਸ ਪੇਸ਼ਕਾਰੀ ਵਿਚ ਭਾਈ ਸਾਹਿਬ ਨੇ ਗੁਰਦੁਆਰੇ ਦੀ ਮਹੱਤਤਾ ਨੂੰ ਪ੍ਰਗਟਾਇਆ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਦੀਆਂ ਵਾਰਾਂ ਪਹਿਲੇ ਛੇ ਗੁਰੂ ਸਾਹਿਬਾਨ ਦੇ ਸਮੇਂ ਦੇ ਸਿੱਖ ਇਤਿਹਾਸ ਨੂੰ ਜਾਣਨ ਦਾ ਮੁਢਲਾ ਸੋਮਾ ਹਨ। ਵਾਰਾਂ ਵਿਚ ਦਰਜ ਇਤਿਹਾਸਕ ਸੰਕੇਤਾਂ ਦਾ ਮੁੱਖ ਮੰਤਵ ਗੁਰਮਤਿ ਦੀ ਵਿਚਾਰਧਾਰਾ ਨੂੰ ਆਮ ਜਨ ਸਧਾਰਨ ਤੱਕ ਪਹੁੰਚਾਉਣਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਖਾਲਸੇ ਦੀ ਉਤਪਤੀ (ਜਿਲਦ ਪਹਿਲੀ), ਪੰ. 43

2. Advanced Study of the History of Panjab (Part-I), p.61-62

3. ਜਨਮਸਾਖੀ ਪਰੰਪਰਾ, ਪੰ. XII (ਪ੍ਰਵੇਸ਼ਿਕਾ)

4. The Sikh Religion (Vol.I) p. XXIII (Introduction)

5. Ibid (Vol.III), p.63-64

6. A History of the Sikhs, p. 301

7. ਭਾਈ ਗੁਰਦਾਸ ਜੀਵਨ ਤੇ ਰਚਨਾ, ਪੰ. 150-51

8. Guru Nanak and the Sikh Religion, p. 29-30

9. ਵਾਰ 11/14-4

10. ਵਾਰ 1/23

11. ਵਾਰ 1/24-2,3

12. ਦਾਬਿਸਤਾਨ, ਸੈਂਚੀ ਦੂਜੀ, ਪੰਨਾ 48

13. ਵਾਰ 1/24; 5-7

14. The Sikh Religion (Vol.I), p. XXIV (Introduction)

15. Guru Nanak and His Times, p. 103

16. ਗੁਰੂ ਨਾਨਕ ਚਮਤਕਾਰ, ਪੰ. 16

17. Travels of Guru Nanak, p. 128

18. ਗੁਰੂ ਨਾਨਕ ਦੇਵ ਜੀ ਦਾ ਸੰਖੇਪ ਜੀਵਨ , ਪੰ. 26

19. ਵਾਰ 1/25

20. ਵਾਰ 1/27-4

21. ਵਾਰ 1/ 27

22. ਵਾਰਾਂ ਭਾਈ ਗੁਰਦਾਸ, ਪੰ. 135

23. ਵਲਾਇਤ ਵਾਲੀ ਜਨਮਸਾਖੀ ਤੇ ਮਿਹਬਾਨ ਵਾਲੀ ਜਨਮਸਾਖੀ ਵਿਚ ਜਿਹੜੇ ਸਿੱਖ ਗੁਰੂ ਨਾਨਕ ਸਾਹਿਬ ਨੂੰ ਮਿਲੇ, ਉਨ੍ਹਾਂ ਦੇ ਨਾਮ ਗੋਰਖ, ਭਰਥਰੀ, ਗੋਪੀ ਚੰਦ ਤੇ ਚਰਪਟ ਨਾਥ ਦੱਸੇ ਹਨ।

24. ਵਾਰ 1/28

25. ਵੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 938

26. ਵਾਰ 1/29

27. ਵਾਰ 1/30

28. ਵਾਰ 1/31

29. The Adi Granth, p. VI

30. Guru Nanak and the Sikh Religion, p. 119-22

31. ਖੋਜ ਪੱਤ੍ਰਿਕਾ (ਲੇਖ), ਪੰ. 34

32. ਜਨਮ ਸਾਖੀ ਪਰੰਪਰਾ ਪੰ. 105-06

33. ਪੁਰਾਤਨ ਜਨਮ ਸਾਖੀ (ਫੁੱਟ ਨੋਟ), ਪੰ. 198

34. Travels of Guru Nanak, p. 122-23

35. ਵਾਰ 1/32

36. (ੳ) ਪੁਰਾਤਨ ਜਨਮਸਾਖੀ ਵਿਚ ਇਸ ਨੂੰ ਰੁਕਨਦੀਨ ਕਿਹਾ ਗਿਆ ਹੈ।

(ਅ) ਮੈਕਲੋਡ ਅਨੁਸਾਰ, ਜੇਕਰ ਇਹ ਹਿੰਦੂ ਨਾਮ ਹੈ (ਜਿਵੇਂ ਇਸ ਤੋਂ ਲਗਦਾ ਹੈ) ਤਾਂ ਇਹ ਮੱਕੇ ਵਿਚ ਦਾਖਲ ਨਹੀਂ ਹੋ ਸਕਦਾ, ਕਿਉਂਕਿ ਕਿਸੇ ਵੀ ਗੈਰ ਮੁਸਲਮਾਨ ਨੂੰ ਉਥੇ ਜਾਣ ਦੀ ਇਜਾਜਤ ਨਹੀਂ ਹੈ"

ਉਹੀ, ਪੰਨਾ 124

37. ਵਾਰ 1/32

38. ਵਾਰ 1/33

39. ਵਾਰ 1/34

40. ਵਾਰ 1/37-1

41. <u>Guru Nanak and the Sikh Religion</u>, p.125

42. <u>A Short History of the Sikhs</u>, p. 36

43. <u>Papers on Guru Nanak</u>, p. 190

44. <u>TheSikh Religion</u> (Vol. I), p.174

45. <u>ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ-ਬਿਰਤਾਂਤ</u>, ਪੰ. 287

46. <u>ਗੁਰੂ ਨਾਨਕ ਦਰਸ਼ਨ</u>, ਪੰ. 58

47. <u>ਜਨਮਸਾਖੀ ਪਰੰਪਰਾ</u>, ਪੰ. 126

48. <u>Travels of Guru Nanak</u>, p. 140

49. <u>ਪੰਜਾਬ ਦਾ ਇਤਿਹਾਸ</u> (IV ਐਡੀਸ਼ਨ), ਪੰ. 59

50. ਵਾਰ 1/35-1

51. ਵਾਰ 1/35

52. ਵਾਰ 1/36

53. ਖਾਲਸੇ ਦੀ ਉਤਪਤੀ (ਪਹਿਲੀ ਜਿਲਦ), ਪੰ. 43

54. History of the Sikhs, p. 54

55. Guru Nanak and the Sikh Religion, p. 132

56. Khushwant Singh, A History of the Sikhs, (Vol.I), p.34

57. ਮਹਾਨ ਕੋਸ਼, ਪੰ. 622

58. ਜਨਮ ਸਾਖੀ ਪਰੰਪਰਾ, ਪੰ. 132

In Memory of the Guru, that is the Divine Master, Baba Nanak Fakir Aulia, this building has been raised a new, with the help seven saints and the Chronogram reads; "The Blesed desciple has produced a spring of grace year, 927 H'
(Teja Singh & Ganda Singh, AShort History of the Sikhs(Vol-I) p.12

59. ਜਨਮਸਾਖੀ ਪਰੰਪਰਾ, ਪੰ. 132

Anand Swami, Snow Birds., p. 182

60. Guru Nanak and theSikh Religion, p. 128-29

61. Ibid, p. 132

62. ਵਾਰ 1/37

63. ਵਾਰ 1/38

64. ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਇਨ੍ਹਾਂ ਨੂੰ ਰਾਮਦਾਸੀਏ ਲਿਖਿਆ ਹੈ, ਜਨਮਸਾਖੀ ਮਿਹਰਬਾਨ ਹਿੱਸਾ ਦੂਜਾ ਨੇ ਪਦੇ ਗਾਉਣ ਵਾਲੇ ਅੰਕਿਤ ਕੀਤਾ ਹੈ। ਭਾਈ ਗੁਰਦਾਸ ਨੇ ਵਾਰਾਂ ਵਿਚ ਇਨ੍ਹਾਂ ਨੂੰ ਭਗਤੀਏ ਕਿਹਾ ਹੈ।

65. ਵਾਰ 1/39

66. ਵਾਰ 1/40

67. ਵਾਰ 1/41

68. ਵਾਰ 1/42-3, 4

69. ਵਾਰ 1/43-2

70. ਵਾਰ 1/44

71. ਵਾਰ 1/44-5, 8

72. ਵਾਰ 1/45- 1, 2

73. ਵਾਰ 1/45-4

74. ਵਾਰ 24/2

75. ਵਾਰ 26/8-6

76. ਸਿੱਖ ਇਤਿਹਾਸ (ਭਾਗ ਪਹਿਲਾ), ਪੰ. 52

77. History of Panjab, p. 70

78. Ibid, p. 75-76

79. ਵਾਰ 1/7-4, 6

80. ਵਾਰ 15/1-1

81. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ), ਪੰ. 147

82. Life Sketch of Guru Nanak, p. 6

83. Evolution of Khalsa (Vol.I), p.31-32

84. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1288

85. ਉਹੀ, ਪੰ. 1288

86. ਵਾਰ 1/30

87. ਸ਼ੇਰ ਸਿੰਘ ਗਿਆਨੀ, ਗੁਰਮਤਿ ਦਰਸ਼ਨ, ਪੀ. 22

88. ਆਲੋਚਨਾ (ਗੁਰੂ ਨਾਨਕ ਅੰਕ), ਪੀ. 475

89. ਮੰਨੂ ਜੀ ਦੇ ਬਣਾਏ ਹੋਏ ਹਿੰਦੂਆਂ ਦੇ ਚਾਰ ਵਰਣ: ਬ੍ਰਹਮਣ, ਛੱਤ੍ਰੀ, ਵੈਸ਼ ਤੇ ਸ਼ੂਦਰ।

90. ਮੁਸਲਮਾਨਾਂ ਦੇ ਚਾਰ ਵੱਡੇ ਫਿਰਕੇ, ਜਿਨ੍ਹਾਂ ਵਿਚੋਂ 'ਸੁੰਨੀ' ਤੇ 'ਸ਼ੀਆ' ਦੋ ਪ੍ਰਸਿੱਧ ਹਨ।

91. ਵਾਰ 1/21

92. ਵਾਰ 8/17

93. ਵਾਰ 8/16

94. Philosophy of Guru Nanak, p. 22

95. Essays in Sikhism, p.12-13

96. ਵਾਰ 1/30-7

97. ਵਾਰ 1/30

98. ਵਾਰ 1/30

99. ਵਾਰ 1/22

100. ਵਾਰ 1/29

101. ਵਾਰ 1/37

102. Life, Sketch of Guru Nanak, p. 7

103. Banerjee, I.B, Evolution of Khalsa (Vol.I), p. .99

104. Transformation of Sikhism, p.30-31

105. A Critical Study of Adi Granth, p. 162

106. History of Aurangzeb (Vol.III), p.249

107. ਵਾਰ 1/20

108. ਨਾਨਕ ਬਾਣੀ (ਹਿੰਦੀ), ਪੰ. 10

109. The Sikh Religion (Vol.I), p.7

110. Sacred Writing of Sikhs, p. 18

111. ਵਾਰ 1/21

112. ਵਾਰ 1/18

113. ਵਾਰ 1/30-3

114. ਵਾਰ 1/45-4,5

(1) ਜਨਮਸਾਖੀ ਭਾਈ ਮਨੀ ਸਿੰਘ ਵਿਚ ਦਰਜ ਹੈ ਕਿ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣੇ ਨੂੰ ਗੁਰਗੱਦੀ ਤੇ ਬਿਠਾ ਕੇ ਆਪ ਉਨ੍ਹਾਂ ਸਾਹਮਣੇ ਪੰਜ ਪੈਸੇ, ਮਿਸ਼ਰੀ ਤੇ ਨਾਰੀਅਲ ਰੱਖ ਕੇ ਮੱਥਾ ਟੇਕਿਆ, ਪੰ. 506

115. The Sikhs, p. 136

116. The Adi Granth, p. IXXVII

117. ਵਾਰ 24/8

118. ਵਾਰ 24/5-2

119. ਸਾਡਾ ਇਤਿਹਾਸ, ਪੰ. 116

120. ਵਾਰ 1/38-4

121. ਵਾਰ 20/1-1,2

122. ਵਾਰ 26/34-2

123. ਵਾਰ 24/6

124. ਵਾਰ 24/5

125. ਵਾਰ 24/25-2

126. ਵਾਰ 1/45-7

127. ਵਾਰ 24/6-3
128. ਵਾਰ 1/45-5
129. ਵਾਰ 1/46-3
130. ਵਾਰ 26/31
131. ਖਾਲਸੇ ਦੀ ਉਤਪਤੀ (ਜਿਲਦ ਪਹਿਲੀ), ਪੰ. 126
132. ਗੁਰੂ ਅਮਰਦਾਸ ਜੀਵਨ, ਰਚਨਾ ਤੇ ਸਿਖਿਆ, ਪੰ. 5
133. ਗੁਰੂ ਅਮਰਦਾਸ, ਪੰ. 34
134. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. ੫੫੧
135. ਵਾਰ 1/46-5,6
136. ਵਾਰ 24/10
137. The History of the Panjab, p. 250
138. ਵਾਰ 26/33-3
139. ਵਾਰ 26/34-3
140. ਗੁਰੂ ਅਮਰਦਾਸ ਜੀਵਨ ਰਚਨਾ ਤੇ ਸਿਖਿਆ, ਪੰ. 8
141. ਸਿੱਖ ਮੱਤ ਦਾ ਪਰਿਵਰਤਨ, ਪੰ. 35
142. Gupta, Hari Ram, History of the Sikhs (Vol.I), p. 82
143. ਵਾਰ 1/46-7
144. Maccallife, The Sikh Religion (Vol.II), p.97
145. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. ੧੨੦
146. ਉਹੀ, ਪੰ. 920
147. ਗੁਰੂ ਅਮਰਦਾਸ ਜੀਵਨ; ਰਚਨਾ ਤੇ ਸਿਖਿਆ, ਪੰ. 43

148. ਮਹਾਨ ਕੋਸ਼, ਪੰ. 534

149. ਵਾਰ 1/38-1,2

150. ਵਾਰ 1/38-7

151. ਸੋਢੀ ਸਿਮ੍ਰਤ ਸਿੰਘ, ਗੁਰੂ ਰਾਮਦਾਸ ਜੀਵਨ ਤੇ ਰਚਨਾ, ਪੰ. 2

152. ਜੀਵਨ ਗੁਰੂ ਰਾਮਦਾਸ (ਲੇਖ) ਪੰਜਾਬੀ ਦੁਨੀਆਂ, ਨਵੰਬਰ 62, ਗੁਰੂ ਅਮਰਦਾਸ ਅੰਕ, ਪੰ. 6

153. ਵਾਰ 1/47-1,2

154. ਤਵਾਰੀਖ ਗੁਰੂ ਖ਼ਾਲਸਾ (ਹਿੱਸਾ ਪਹਿਲਾ), ਪੰ 307

155. ਵਾਰ 1/47-7

156. The SikhReligion (Vol. II), p.255

157. The History of thePanjab, p. 18

158. ਹਵਾਲਾ ਸਤਿਬੀਰ ਸਿੰਘ (ਪ੍ਰੋ.), ਸਾਡਾ ਇਤਿਹਾਸ, ਪੰ. 121

159. ਵਾਰ 1/47-1-3

160. ਦੀਨ ਵਾਰ 24/15-3)

161. ਵਾਰ 24/15

162. ਵਾਰ 24/14-5-7

163. ਗੁਰੂ ਅਰਜਨ ਅੰਕ, ਪੰਜਾਬੀ ਦੁਨੀਆਂ, ਜੂਨ-ਜੁਲਾਈ, 1853; ਪੰ. 14

164. ਗੁਰੂ ਪ੍ਰਤਾਪ ਸੂਰਜ ਗ੍ਰੰਥ, ਪਦਾ 5, ਪੰ. 865

165. ਵਾਰ 1/47-6

166. ਵਾਰ 26/22-6

167. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1200

168. ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰ. 82-83

169. Transformation of Sikhism, p. 30

170. ਵਾਰ 1/47-8

171. 'ਜੀਵਨ ਗੁਰੂ ਅਰਜਨ ਦੇਵ' ਪੰਜਾਬੀ ਦੁਨੀਆਂ, ਜੂਨ-ਜੁਲਾਈ, 1853, ਪੰ.35

172. ਵਾਰ 24/19, 6-7

173. ਵਾਰ 24/20, 1-2

174. ਵਾਰ 24/20

175. ਜੱਗੀ, ਗੁਰਸ਼ਰਨ ਕੌਰ, ਗੁਰੂ ਅਰਜਨ ਦੇਵ ਜੀਵਨ ਤੇ ਰਚਨਾ, ਪੰ. 14

176. ਦਾਬਿਸਤਾਨ, ਸੈਂਚੀ ਦੂਜੀ, ਪੰ. 271

177. Narang, G.C., Transformation of Sikhism, p. 34-35

178. ਵਾਰ 24/18

179. The Sikh Religion (Vol.II), p.55

180. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 248

181. A critical Study of Adi Granth, p.11

182. The Ten Masters, p. 54

183. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਅਧਿਐਨ, ਪੰ. 11

184. ਗਿਆਨ ਸਿੰਘ ਗਿਆਨੀ, ਤਵਾਰੀਖ ਗੁਰੂ ਖਾਲਸਾ, ਪੰ.211

185. Cunnigh, History of the Sikhs, p. 46

186. ਸਤਿਬੀਰ ਸਿੰਘ (ਪ੍ਰਿੰ.), ਖਾਲਸੇ ਦੀ ਵਾਸੀ, ਪੰ. 46

187. Short History of Aurangzeb (Vol.III), p.308

188. ਗੁਰੂ ਅਰਜਨ ਦੇਵ ਜੀਵਨ ਤੇ ਬਾਣੀ, ਪੰ. 33

189. ਗੁਰੂ ਅਰਜਨ ਅੰਕ, ਪੰਜਾਬੀ ਦੁਨੀਆਂ, ਜੂਨ-ਜੁਲਾਈ, 1853, ਪੰ 20

190. ਸਿੱਖਾਂ ਦੀ ਭਗਤ ਮਾਲਾ, ਪੰ. 158

191. ਬੰਸਾਵਲੀਨਾਮਾ, ਚਰਨ,5

192. ਛਿੱਬਰ, ਕੇਸਰ ਸਿੰਘ, ਬੰਸਾਵਲੀਨਾਮਾ, ਪੰ. 52

193. Mahsin Fani, Dabistan Mazahib, Translation by Ganda Singh (Vol-I), p.14

194. CunninghsmJ.D., History of the Sikhs, p. 48

195. The Sikh Religion, Vol.II, p. 58

196. ਵਾਰ 24/23

197. The Adi Granth, p. IXXXII

198. History of the Panjab, p. 22

199. Evaluation of Khalsa Vol. II, p.42

200. The Sikh Religion, Vol.III, p.4

201. ਹਵਾਲਾ 'ਗੁਰ ਭਾਰੀ', ਕ੍ਰਿਤ ਸਤਿਬੀਰ ਸਿੰਘ, ਪੰ. 39

202. ਵਾਰ 26/25-1

203. The Sikh Religion, Vol. III, p. 12.

204. ਵਾਰ 26/24

205. ਵਾਰ 26/25

206. ਵਾਰ 34/13

207. ਵਾਰ 15/4-1

208. ਵਾਰ 26/27

209. The Sikh Religion, Vol.IV, p.5

210. ਦਾਬਿਸਤਾਨ, ਸੈਂਚੀ ਦੂਜੀ, ਪੰ. 274

211. Ten Masters, p.66

212. ਵਾਰ 1/48, 1-2

213. ਵਾਰ 1/48-3,4

214. ਵਾਰ 3/12

215. ਵਾਰ 13/25-6

216. ਵਾਰ 20/1-6

217. ਵਾਰ 24/8

218. ਵਾਰ 24/21-4

219. ਵਾਰ 24/24-7

220. ਵਾਰ 24/25-6

221. ਵਾਰ 35/34-6

222. ਵਾਰ 39/3-1

223. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1192

224. ਭਗਤਾਂ ਦਾ ਕ੍ਰਮ ਭਾਈ ਗੁਰਦਾਸ ਦੀਆਂ ਵਾਰਾਂ ਅਨੁਸਾਰ ਹੈ।

225. ਗੁਰੂ ਗ੍ਰੰਥ ਰਤਨਾਵਲੀ, ਪੰ. 78

226. The Sikh Religion, (Vol.VI), p.5

227. ਗੁਰਦਿੱਤ ਸਿੰਘ ਗਿਆਨੀ, ਇਤਿਹਾਸ ਗੁਰੂ ਗ੍ਰੰਥ ਸਾਹਿਬ, ਪੰ. 300

228. ਆਦਿ ਗ੍ਰੰਥ ਕੇ ਪਰੰਪਰਾਗਤ ਤੱਤੋਂ ਕਾ ਅਧਿਐਨ (ਹਿੰਦੀ), ਪੰ. 151

229. The Sikh Religion, Vol.VI, p. 5

230. ਹਿੰਦੀ ਕੀ ਨਿਰਗੁਨ ਕਾਵਯਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠ ਭੂਮਿ, ਪੰ. 16

231. ਭਗਤ ਦਰਸ਼ਨ, ਪੰ. 189

232. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰ. 78

233. ਵਾਰ 10/10

234. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲਾ, ਪੰ. 432

235. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 526

236. ਉਹੀ, ਪੰ. 1106

237. ਸਤਿਬੀਰ ਸਿੰਘ (ਪ੍ਰਿੰ.), ਸਾਡਾ ਇਤਿਹਾਸ, ਪੰ. 94.

238. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰ. 86

239. ਭਾਈ ਗੁਰਦਾਸ ਦੀ ਦਸਵੀਂ ਵਾਰ, ਪੰ. 46

240. ਵਾਰ 10/11-1

241. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 486

242. ਭਗਤ ਦਰਸ਼ਨ, ਪੰ 111-12

243. ਉਹੀ, ਪੰ. 112

244. ਮਹਾਨਕੋਸ਼, ਪੰ. 697

245. The Sikh Religion, Vol VI, page.20.

246. ਵਾਰ 10/11-1-7

247. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1163

248. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰ. 87

249. ਵਾਰ 10/11-8

250. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1165

251. ਵਾਰ 10/11-8

252. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 657

253. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰ. 86

254. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1164

255. ਵਾਰ 10/11-9,10

256. The Sikh Religion (Vol VI), p.141

257. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰ. 87

258. ਗੁਰੂ ਗ੍ਰੰਥ ਰਤਨਾਵਲੀ, ਪੰ. 82

259. ਭਗਤ ਨਾਮਦੇਵ ਤਥਾ ਹੋਰ ਭਗਤ-ਜੀਵਨ ਤੇ ਰਚਨਾ, ਪੰ. 77

260. ਗੁਰੂ ਭਗਤ ਮਾਲਾ, ਪੰ. 433

261. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 972

262. ਨਰੈਣ ਸਿੰਘ ਗਿਆਨੀ, ਗੁਰੂ ਭਗਤ ਮਾਲਾ, ਪੰ. 433

263. ਵਾਰ 10/12

264. ਗੁਰੂ ਗ੍ਰੰਥ ਰਤਨਾਵਲੀ, ਪੰ. 86

265. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰ. 124

266. ਭਗਤ ਦਰਸ਼ਨ, ਪੰ. 177

267. ਮਹਾਨ ਕੋਸ਼, ਪੰ. 673

268. The Sikh Religion Vol. VI, p.106

269. ਨਰੈਣ ਸਿੰਘ ਗਿਆਨੀ, ਭਗਤ ਮਾਲਾ, ਪੰ. 379

270. ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 216

271. The Sikh Religion, (Vol.VI), p.106

272. ਗੁਰੂ ਭਗਤਮਾਲਾ, ਪੰ. 382

273. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਤੀਜੀ, ਪੰ. [illegible]97

274. ਵਾਰ 10/13

275. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 487-88

276. ਉਹੀ, ਪੰ. 695

277. The Sikh Religion (Vol.VI), p.115

278. ਗੁਰੂ ਭਗਤਮਾਲਾ, ਪੰ. 850

279. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1390

280. ਇਤਿਹਾਸ ਗੁਰੂ ਗ੍ਰੰਥ ਸਾਹਿਬ, ਪੰ. 308

281. ਗੁਰੂ ਗ੍ਰੰਥ ਰਚਨਾਵਲੀ, ਪੰ. 97

282. ਨਰੈਣ ਸਿੰਘ, ਗਿਆਨੀ, ਗੁਰੂ ਭਗਤ ਮਾਲਾ, ਪੰ. 450

283. ਵਾਰ 10/14

284. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 83

285. ਉਹੀ, ਪੰ. 974

286. ਉਹੀ, ਪੰ. 1351

287. ਭਗਤ ਦਰਸ਼ਨ, ਪੰ. 15

288. ਇਤਿਹਾਸ ਗੁਰੂ ਗ੍ਰੰਥ ਸਾਹਿਬ, ਪੰ. 54

289. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1293

290. ਉਹੀ, ਪੰ. 67

291 ਭਗਤ ਦਰਸ਼ਨ, ਪੰ. 224

292. ਸੰਤ ਕਬੀਰ, ਪੰ. 5

293. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1370

294. ਭਗਤ ਦਰਸ਼ਨ, ਪੰ. 33-34

295. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 323

296. The Sikh Religion, Vol VI p. 305

297. ਗੁਰੂ ਗ੍ਰੰਥ ਰਤਨਾਵਲੀ, ਪੰ. 105

298. ਛੁਰੀ (ਪੋਥੀ ਪੰਜਵੀਂ), ਪੰ. 742

299. ਇਤਿਹਾਸ ਗੁਰੂ ਗ੍ਰੰਥ ਸਾਹਿਬ, ਪੰ. 51

300. ਦਾਬਿਸਤਾਨ, ਪਹਿਲੀ ਸ਼ੈਰੀ, ਪੰ. 186

301. ਕਬੀਰ ਸ਼ਬਦਾਵਲੀ, ਪੰ. 61

302. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰ. 105

303. ਵਾਰ 10/15

304. Religion Sects of the Hindus, p. 92

305. ਗੁਰਦਿੱਤ ਸਿੰਘ ਗਿਆਨੀ, ਇਤਿਹਾਸ ਗੁਰੂ ਗ੍ਰੰਥ ਸਾਹਿਬ, ਪੰ. 47

306. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1162 ਤੇ 434

307. ਵਾਰ 12/15-2

308. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰ. 106

309. ਸੰਤ ਸ਼ਿਰੋਮਣੀ ਰਵਿਦਾਸ, ਪੰ. 9

310. ਮਹਾਨਕੋਸ਼, ਪੰ. 1036

311. The Sikh Religion, Vol VI, p. 100

312. ਭਗਤ ਦਰਸ਼ਨ, ਪੰ. 160

313. ਸੰਤ ਸ਼੍ਰੋਮਣੀ ਰਵਿਦਾਸ, ਪੰ. 10

314. ਭਗਤ ਦਰਸ਼ਨ, ਪੰ. 162

315. ਸੰਤ ਸ਼੍ਰੋਮਣੀ ਰਵਿਦਾਸ, ਪੰ. 10

316. ਪ੍ਰਤਾਪ ਸਿੰਘ ਗਿਆਨੀ, ਭਗਤ ਦਰਸ਼ਨ, ਪੰ. 165

317. ਵਾਰ 10/15-1,2

318. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1195

319. ਨਾਭਾ ਜੀ ਦੀ ਭਗਤਮਾਲਾ ਦੇ ਟੀਕੇ ਵਿਚ ਇਸ ਰਾਜੇ ਦਾ ਨਾਂ 'ਬੀਰ ਸਿੰਘ ਬਘੇਲਾ' ਦਰਜ ਹੈ।

320. ਭਗਤ ਦਰਸ਼ਨ, ਪੰ. 120

321. ਗੁਰੂ ਗ੍ਰੰਥ ਰਤਨਾਵਲੀ, ਪੰ. 120

322. Maccallife, The Sikh Religion (Vol.VI), p. 120

323. ਉਹੀ, ਪੰ. 123

324. ਤਾਰਨ ਸਿੰਘ (ਡਾ.), ਗੁਰੂ ਗ੍ਰੰਥ ਰਤਨਾਵਲੀ, ਪੰ. 120

325. ਵਾਰ 10/16

326. ਅਜ਼ਾਦ, ਪ੍ਰਿਥਵੀ ਸਿੰਘ, ਗੁਰੂ ਰਵਿਦਾਸ, ਪੰ. 9

327. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1293

328. ਸ਼ਰਮਾਂ, ਬੇਣੀ ਪ੍ਰਸ਼ਾਦ, ਸੰਤ ਗੁਰੂ ਰਵਿਦਾਸ, ਪੰ. 25

329. ਸ੍ਰੀ ਗੁਰੂ ਗ੍ਰੰਥ ਸਾਹਿਬ, ਇਕ ਪਰਿਚਯ, ਪੰ. [illegible]

331. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 43[illegible]

332. ਵਾਰ 10/17-1-4

333. ਵਾਰ 10/17

334. ਗੁਰੂ ਪਰਿਵਾਰ, ਪੰ. 12-13

335. ਵਾਰ 10/17

336. ਮਨੀ ਸਿੰਘ ਭਾਈ, ਸਿੱਖਾਂ ਦੀ ਭਗਤਮਾਲਾ, ਪੰ. 29 (ਸੰ: ਭਾਈ ਵੀਰ ਸਿੰਘ)

337. ਗਿਆਨ ਸਿੰਘ, ਗਿਆਨੀ, ਤਵਾਰੀਖ ਗੁਰੂ ਖਾਲਸਾ, ਪੰ. 280

338. ਸਤਿਬੀਰ ਸਿੰਘ (ਪ੍ਰੋ.), ਆਦਿ ਸਿੱਖ ਤੇ ਆਦਿ ਸਾਖੀਆਂ, ਪੰ. 34

339. ਵਾਰ 11/13-1

340. ਕਾਨ੍ਹ ਸਿੰਘ, ਨਾਭਾ, ਮਹਾਨ ਕੋਸ਼, ਪੰ. 743

341. ਮਨੀ ਸਿੰਘ ਭਾਈ, ਸਿੱਖਾਂ ਦੀ ਭਗਤਮਾਲਾ, ਪੰ. 30-31

342. ਵਾਰ 11/13-2

343. ਮਹਾਨ ਕੋਸ਼, ਪੰ. 603

344. ਉਹੀ, ਪੰ. 776

345. ਵਾਰ 1/35-2

346. ਵਾਰ 11/13-4

347. ਕੋਹਲੀ, ਸੁਰਿੰਦਰ ਸਿੰਘ (ਸੰ.), ਪੰਜਾਬੀ ਸਾਹਿਤ ਕੋਸ਼ ਭਾਗ ਤੀਜਾ ਪੰ. 222

348. ਨਾਭਾ, ਕਾਨ੍ਹ ਸਿੰਘ, ਮਹਾਨ ਕੋਸ਼, ਪੰ. 795

349. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 553

350. ਸਤਿਬੀਰ ਸਿੰਘ, ਆਦਿ ਸਿੱਖ ਤੇ ਆਦਿ ਸਾਖੀਆਂ, ਪੰ. 48

351. ਮਨੀ ਸਿੰਘ, ਭਾਈ, ਸਿੱਖਾਂ ਦੀ ਭਗਤ ਮਾਲਾ, ਪੰ. 41

352. ਮਹਾਨ ਕੋਸ਼, ਪੰ. 243

353. ਮਨੀ ਸਿੰਘ ਭਾਈ, ਸਿੱਖਾਂ ਦੀ ਭਗਤ ਮਾਲਾ, ਪੰ. 43

354. ਸਤਿਬੀਰ ਸਿੰਘ (ਪ੍ਰੋ.), ਆਦਿ ਸਿੱਖ ਤੇ ਆਦਿ ਸਾਖੀਆਂ, ਪੰ. 45

355. [illegible] ਸਿੰਘ (ਪ੍ਰੋ.), ਆਦਿ ਸਿੱਖ ਤੇ ਆਦਿ ਸਾਖੀਆਂ, ਪੰ. 47

356. ਮਹਾਨ ਕੋਸ਼, ਪੰ. 676

357. ਮਨੀ ਸਿੰਘ ਭਾਈ, ਸਿੱਖਾਂ ਦੀ ਭਗਤਮਾਲਾ, ਪੀ. 43-44

358. ਮਨੀ ਸਿੰਘ ਭਾਈ, ਸਿੱਖਾਂ ਦੀ ਭਗਤਮਾਲਾ, ਪੀ. 54-55

359. ਉਹੀ, ਪੀ. 55

360. ਉਹੀ, ਪੀ. 56

361. ਵੀਰ ਸਿੰਘ, ਭਾਈ, ਸਿੱਖਾਂ ਦੀ ਭਗਤਮਾਲਾ, ਪੀ. 5[illegible]-59

362. ਉਹੀ, ਪੀ. 58

363. ਵੀਰ ਸਿੰਘ, ਭਾਈ (ਸੰ.), ਉਹੀ, ਪੀ. 61

364. ਮਨੀ ਸਿੰਘ ਭਾਈ, ਸਿੱਖਾਂ ਦੀ ਭਗਤਮਾਲਾ, ਪੀ. 67

365. ਵਾਰ 11/16

366. ਸਿੱਖਾਂ ਦੀ ਭਗਤਮਾਲਾ, ਪੀ. 68

367. ਉਹੀ, ਪੀ. 69

368. ਉਹੀ, ਪੀ. 70

369. ਸੂਰਜ ਪ੍ਰਕਾਸ਼, ਪੀ. 187

370. ਸਿੱਖਾਂ ਦੀ ਭਗਤਮਾਲਾ, ਪੀ. 75

371. ਉਹੀ, ਪੀ. 76

372. ਉਹੀ, ਪੀ. 77

373. ਉਹੀ, ਪੀ. 76-77

374. ਉਹੀ, ਪੀ. 79

375. ਸੂਰਜ ਪ੍ਰਕਾਸ਼, ਪੀ. 198-99

376. ਸਿੱਖਾਂ ਦੀ ਭਗਤਮਾਲਾ, ਪੀ. 107

377. ਭਾਈ ਮਨੀ ਸਿੰਘ, ਸਿੱਖਾਂ ਦੀ ਭਗਤਮਾਲਾ, ਪੰ. 107-110

378. ਸੂਰਜ ਪ੍ਰਕਾਸ਼, ਪੰ. 213

379. ਭਾਈ ਮਨੀ ਸਿੰਘ, ਸਿੱਖਾਂ ਦੀ ਭਗਤਮਾਲਾ, ਪੰ. 119

380. ਉਹੀ, ਪ. 122

381. ਉਹੀ, ਪੰ. 122

382. ਉਹੀ, ਪੰ. 128

383. ਉਹੀ, ਪੰ. 132

384. ਉਹੀ, ਪੰ. 140

385. ਸੂਰਜ ਪ੍ਰਕਾਸ਼, ਪੰ. 224-25

386. ਗਿਆਨੀ ਹਜਾਰਾ ਸਿੰਘ ਅਨੁਸਾਰ ਇਹ ਦਿੱਲੀ ਵਿਖੇ ਗੁਰਮਤ ਦਾ ਪ੍ਰਚਾਰ ਕਰਦੇ ਰਹੇ। ਵਾਰਾਂ ਭਾਈ ਗੁਰਦਾਸ, ਪੰ. 240

387. ਸਿੱਖਾਂ ਦੀ ਭਗਤਮਾਲਾ, ਪੰ. 158

388. ਉਹੀ, ਪੰ. 158

389. ਸੂਰਜ ਪ੍ਰਕਾਸ਼, ਪੰ. 228

390. ਉਹੀ, ਪੰ. 230

391. ਉਹੀ, ਪੰ. 83

392. ਸਿੱਖਾਂ ਦੀ ਭਗਤਮਾਲਾ, ਪੰ. 171-72

393. ਉਹੀ, ਪੰ. 173

394. ਉਹੀ, ਪੰ. 179

395. ਵਲਾਇਤ ਵਾਲੀ ਜਨਮਸਾਖੀ, ਪੰ. 11 ਤੇ ਦਰਜ ਹੈ, "ਤਬ ਆਗਿਆ ਪਰਮੇਸੁਰ ਕੀ ਹੋਈ। ਜੋ ਗੁਰੂ ਨਾਨਕ ਦੇ ਘਰਿ ਦੁਇ ਬੇਟੇ ਹੋਏ, ਲਖਮੀ ਚੰਦ ਤੇ ਸ੍ਰੀ ਚੰਦ। ਇਸ ਤੋਂ ਪਤਾ ਲਗਦਾ ਹੈ ਕਿ ਲਖਮੀ ਚੰਦ ਜੀ ਵੱਡੇ ਤੇ ਸ੍ਰੀ ਚੰਦ ਜੀ ਛੋਟੇ ਸਨ। ਪਰ ਮਿਹਰਬਾਨ ਵਾਲੀ ਤੇ ਬਾਲੇ ਵਾਲੀ ਜਨਮਸਾਖੀਆਂ ਵਿਚ ਸ੍ਰੀ ਚੰਦ ਨੂੰ ਵੱਡਾ ਪੁੱਤਰ ਦੱਸਿਆ ਹੈ। ਡਾ. ਕਿਰਪਾਲ ਸਿੰਘ ਵੀ ਆਪਣੀ ਖੋਜ ਦੇ ਆਧਾਰ ਤੇ ਸ੍ਰੀ ਚੰਦ ਨੂੰ ਵੱਡਾ ਪੁੱਤਰ

ਮੰਨਦਾ ਹੈ (ਜਨਮ ਸਾਖੀ ਪਰੰਪਰਾ, ਪੰ. 10)

396. ਮਹਾਨ ਕੋਸ਼, ਪੰ. 118

397. ਸ੍ਰੀ ਸੌਖੀ ਚਮਤਕਾਰ, ਪੰ. 33

398. ਵੀਰ ਸਿੰਘ ਭਾਈ, ਬਾਬਾ ਨੌਧ ਸਿੰਘ, ਪੰ. 349

399. ਵਾਰ 1/38

400. ਵਾਰ 26/33-1

401. ਮਹਾਨ ਕੋਸ਼, ਪੰ. 469

402. ਬੰਸਾਵਲੀਨਾਮਾ ਦਸਾਂ ਪਾਤਿਸਾਹੀਆਂ, ਪੰ. 27

403. ਕਰਤਾਰ ਸਿੰਘ, ਸਿੱਖ ਇਤਿਹਾਸ (ਪਹਿਲਾ ਭਾਗ), ਪੰ. 151

404. Ranbir Singh, Glimses of the Divine Master, p.152

405. Ganda Singh (Dr.), Short X History of the Sikhs, p.21

406. ਸ੍ਰੀ ਸੌਖੀ ਚਮਤਕਾਰ, ਪੰ. 5

407. ਵਾਰ 26/33-3

408. ਵਾਰ 26/33-2

409. ਮਹਾਨ ਕੋਸ਼, ਪੰ. 603

410. Narang, Kerpal Singh, A History of Delhi Sultanat and Mugals, p.57

411. ਕਰਤਾਰ ਸਿੰਘ, ਸਿੱਖ ਇਤਿਹਾਸ (ਭਾਗ ਪਹਿਲਾ), ਪੰ. 190

412. Malcom, Sketch of the Sikhs, p. 30

413. ਮਹਾਨ ਕੋਸ਼, ਪੰ. 973

414. ਵਾਰ 26/33-5

415. The Sikh Religion (Vol.III), p.1

416. ਤਵਾਰੀਖ ਗੁਰੂ ਖਾਲਸਾ (ਪਹਿਲਾ ਹਿੱਸਾ), ਪੰ. 384-85

417. ਸਿੱਖੀ ਤੇ ਸਿੱਖ ਇਤਿਹਾਸ, ਪੰ. 62

418. ਮਹਾਨ ਕੋਸ਼, ਪੰ. 692.

419. ਸੂਰਜ ਪ੍ਰਕਾਸ਼, ਪੰ. 242.

420. ਵਾਰਾਂ ਭਾਈ ਗੁਰਦਾਸ, ਪੰ. 681

421. ਵਾਰ 36/12-6

421 (ਏ), ਵਾਰ 36/21-6

422 ਮਹਾਨ ਕੋਸ਼, ਪੰ. 700

423. ਤਵਾਰੀਖ ਗੁਰੂ ਖਾਲਸਾ, ਪੰ. 384-85 (ਪਹਿਲਾ ਭਾਗ)

424. ਵਾਰ 26/33

425. ਮਹਾਨ ਕੋਸ਼, ਪੰ. 746

426. ਸ੍ਰੀ ਸੋਢੀ ਚਮਤਕਾਰ, ਪੰ. 3-4

427. ਮੋਹਰੀ ਪੁਤੁ ਸਨਮੁਖ ਹੋਇਆ ਰਾਮਦਾਸੈ ਪੈਰੀ ਪਾਇ ਜੀਉ, ਪੰ. 924

428. The Sikh Religion (Vol.III), p.55-56

429. "ਮੋਹਨ ਤੇਰੇ ਉਚੇ ਮੰਦਰਿ ਮਹਿਲ ਅਪਾਰਾ" ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 248

429. ਵਾਰ 26/33-4

430. ਮਹਾਨ ਕੋਸ਼, ਪੰ. 535.

431. ਵਾਰ 26/33-2

432. ਗੁਰੂ ਨਾਨਕ ਸ਼ਬਦ ਰਤਨਾਕਰ, ਪੰ. 302

433. ਵਾਰ 23/11-6

434. ਵਾਰ 26/17-3

435. ਵਾਰ 38/7

436. ਕਈ ਵਿਦਵਾਨਾਂ ਨੇ ਰੁਕਨਦੀਨ ਲਿਖਿਆ ਹੈ

437. ਵਾਰ 1/32

438. ਮਹਾਨ ਕੋਸ਼, ਪੰ. 461

439. ਵਾਰ 1/35-6

440. ਵਾਰ 1/36-4

441. ਕਾਨ ਸਿੰਘ ਨਾਭਾ, ਮਹਾਨ ਕੋਸ਼, ਪੰ. 639

442. ਬੇਦੀ, ਕਾਲਾ ਸਿੰਘ, ਗੁਰੂ ਨਾਨਕ ਸ਼ਬਦ ਰਤਨਾਕਰ, ਪੰ. 273-74

444. ਮਹਾਨ ਕੋਸ਼, ਪੰਨਾ 639.

445. ਵਾਰ 26/21-2

446. ਵਾਰ 1/40-2

447. ਵਾਰ 1/40-7

448. ਵਾਰ 1/41-7

449. ਵਾਰ 27/1

450. ਕ੍ਰਿਪਾਲ ਸਿੰਘ, ਜਨਮਸਾਖੀ ਪਰੰਪਰਾ, ਪੰ. 147

451. ਵੀਰ ਸਿੰਘ ਭਾਈ, ਸਿੱਧ ਗੋਸਟਿ ਸਟੀਕ (ਭਾਗ ਪਹਿਲਾ), ਪੰ. 19-20

452. ਮਹਾਨ ਕੋਸ਼, ਪੰ. 33

453. ਵਾਰ 1/39-1

454. ਬੰਸਾਵਲੀ ਨਾਮਾ, ਪੰ. 36

455. ਤਵਾਰੀਖ ਗੁਰਦਵਾਰਿਆਂ, ਪੰ. 63-64

456. ਮਹਾਨ ਕੋਸ਼, ਪੰ. 152.
ਵਣਜਾਰਾ ਬੇਦੀ ਅਨੁਸਾਰ ਅੰਮ੍ਰਿਤਸਰ ਨਾਮ ਰੱਖਣ ਦੀ ਪ੍ਰੇਰਨਾ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਰਾਮਦਾਸ ਜੀ ਨੂੰ ਦਿੱਤੀ ਸੀ। ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ (ਜਿਲਦ-1), ਪੰ. 216

457. The Sikh Religion (Vol. III), p. 13

458. ਮਹਾਨ ਕੋਸ਼, ਪੰ. 57

ਬੰਸਾਵਲੀ ਨਾਮਾ ਅਨੁਸਾਰ ਅੰਮ੍ਰਿਤਸਰ ਦੀ ਉਸਾਰੀ ਸੰ. 1633 ਵਿਚ ਆਰੰਭ ਹੋਈ, ਸੰ. 1634 ਵਿਚ ਪੱਕਾ ਸਰੋਵਰ ਬਣਿਆ ਤੇ ਹਰਿਮੰਦਰ ਦੀ ਉਸਾਰੀ ਨੇਪਰੇ ਚੜ੍ਹੀ। ਇਹ ਸਮਾਂ ਠੀਕ ਨਹੀਂ ਜਾਪਦਾ ਕਿਉਂਕਿ ਏਨੇ ਵੱਡੇ ਕੰਮ ਦੀ ਸਮਾਪਤੀ ਇਕ ਸਾਲ ਵਿਚ ਸੰਭਵ ਨਹੀਂ ਹੋ ਸਕਦੀ।

459. Maecullife, The Sikh Religion (Vol.III), p.10

460. ਗੁਰਮਤ ਲੈਕਚਰ, ਪੰ. 173

461. ਵਾਰ 1/47, 2-3

462. ਪਦਮ ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 40

463. ਮਹਾਨ ਕੋਸ਼, ਪੰ. 164

464. ਮਹਿਤਾਬ ਸਿੰਘ, ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਪੰ. 203

465. ਕਿਰਪਾਲ ਸਿੰਘ, ਜਨਮਸਾਖੀ ਪਰੰਪਰਾ, ਪੰ. 105

466. Exploration in Tibet, p. 103

467. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਬ੍ਰਿਤਾਂਤ, ਪੰ. 108

468. ਵਾਰ 1/28-2

469. ਵਾਰ 38/2

470. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਾ ਕੋਸ਼, ਜਿਲਤ IV ਪੰ. 1036

471. ਵਾਰ 1/38, 1-2

472. ਮਹਾਨ ਕੋਸ਼, ਪੰ. 218

473. ਜਨਮਸਾਖੀ ਪਰੰਪਰਾ, ਪੰ. 161

474. ਵਾਰ 1/39 ਤੋਂ 44 ਤੱਕ

475. ਵਾਰ 1/44

476. ਵਾਰ 1/45

477. ਮਹਾਨ ਕੋਸ਼, ਪੰ. 240

478. ਵਾਰ 38/2

479. ਨਾਭਾ, ਕਾਨ੍ਹ ਸਿੰਘ, ਮਹਾਨ ਕੋਸ਼, ਪੰ. 274

480. ਵਾਰ 1/46-3

481. ਗੁਰੂ ਅਮਰਦਾਸ, ਪੰ. 50-51

482. ਤਵਾਰੀਖ ਗੁਰੂ ਖਾਲਸਾ, ਪੰ. 315

483. ਮਹਾਨ ਕੋਸ਼, ਪੰ. 320

484. ਵਾਰ 1/46-7

485. Encyclopaedia of Religion & Ethics, p. 177

486. Ibid, p. 178

487. ਵਾਰਾਂ 13/10-3, 17/9, 17/17, 18/23-7, 2[illegible]/21-4, 30/ 18-4, ਆਦਿ

488. ਵਾਰ 23/4

489. Encyclopaedia of Islam, Vol.II, p. 566

490. Encyclopaedia Britanica, Vol.II, p.92[illegible]

491. ਪੰਜਾਬੀ ਦੁਨੀਆਂ, (ਸੂਫੀ ਕਾਵਿ ਅੰਕ), ਪੰ. 2

492. ਵਾਰ 1/35-1

493. ਵਾਰ 1/35-6

494. ਵਾਰ 1/36-1

495. Encyclopaedia of Britanica, Vol. p. 383.

496. ਮਹਾਨ ਕੋਸ਼ ਅਨੁਸਾਰ ਹਜਰਤ ਮੁਹੰਮਦ ਤੋਂਪਹਿਲਾਂ ਮਦੀਨਾ ਦਾ ਨਾਮ 'ਯਸਰਿਬ' (ਉਜੜਿਆ ਹੋਇਆ) ਸੀ, ਪੀ. 709

497. ਵਾਰ 1/37-1

498. It is not man but God who made Makkah sacred, My people will be always safe in this world and the next as long as they respect Makkah."

Quoted : Thomas Patrick Hughes, Dictionary of Islam, p.310

499. ਮਹਾਨ ਕੋਸ਼, ਪੀ. 703

500. Pike, E. Royston, Mohammad Prophet of Religion of Islam, p. 19

501. Encyclopaedia of Islam (Vol.III), p.437

502. ਵਾਰ 1/34-1

503. ਤਵਾਰੀਖ ਗੁਰੂ ਖਾਲਸਾ (ਭਾਗ ਪਹਿਲਾ), ਪੀ. 158

504. ਨਾਭਾ, ਕਾਨ੍ਹ ਸਿੰਘ, ਮਹਾਨ ਕੋਸ਼, ਪੀ. 741

505. ਵਾਰ 1/44-5

506. ਮਹਾਨ ਕੋਸ਼, ਪੀ. 806

507. ਵਾਰ 31/19-1

508. ਵਾਰ 34/7

ਅਧਿਆਇ ਚੌਥਾ :

*
*
*
*
*
*
*

## ਮਿਥਿਹਾਸਕ ਸ਼ਖਸੀਅਤਾਂ ਅਤੇ ਉਨ੍ਹਾਂ ਨਾਲ ਸੰਬੰਧਤ ਘਟਨਾਵਾਂ

(ੳ) ਦੇਵਤੇ

(ਅ) ਵਿਸ਼ਨੂੰ ਦੇ ਦਸ ਅਵਤਾਰ

(ੲ) ਦੇਵੀਆਂ

(ਸ) ਰਾਜੇ

(ਹ) ਰਿਸ਼ੀ/ਮੁਨੀ

(ਕ) ਰਮਾਇਣ ਅਤੇ ਮਹਾਂਭਾਰਤ ਨਾਲ ਸੰਬੰਧਤ ਸ਼ਖਸੀਅਤਾਂ

(ਖ) ਦੈਂਤ

(ਗ) ਮਿਥਿਹਾਸਕ ਸਥਾਨਾਂ ਨਾਲ ਸੰਬੰਧਤ ਸੰਕੇਤ

## ਮਿਥਿਹਾਸਕ ਸ਼ਖਸੀਅਤਾਂ ਅਤੇ ਉਨ੍ਹਾਂ ਨਾਲ ਸਬੰਧਤ ਘਟਨਾਵਾਂ

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਤਿਹਾਸਕ ਸ਼ਖਸੀਅਤਾਂ ਦੇ ਨਾਲ ਨਾਲ ਉਸ ਸਮੇਂ ਦੀਆਂ ਪ੍ਰਚਲਤ ਮਿਥਿਹਾਸਕ ਸ਼ਖਸੀਅਤਾਂ ਸਬੰਧੀ ਸੰਕੇਤ ਵੀ ਦਰਜ ਹਨ। ਜਿਨ੍ਹਾਂ ਵਿਚੋਂ ਤ੍ਰੈਮੂਰਤੀ, ਦੇਵਤੇ, ਦੇਵੀਆਂ, ਵਿਸ਼ਨੂੰ ਦੇ ਦਸ-ਅਵਤਾਰ ,ਰਾਜੇ, ਰਿਸ਼ੀ/ਮੁਨੀ, ਭਗਤ, ਰਾਮਾਇਣ ਅਤੇ ਮਹਾਂ ਭਾਰਤ ਨਾਲ ਸਬੰਧ ਪਾਤਰ, ਦੈਤ ਆਦਿ ਵਰਨਣਯੋਗ ਹਨ। ਭਾਈ ਗੁਰਦਾਸ ਨੇ ਇਨ੍ਹਾਂ ਸ਼ਖਸੀਅਤਾਂ ਦੇ ਜੀਵਨ ਅਤੇ ਉਨ੍ਹਾਂ ਨਾਲ ਸਬੰਧਤ ਘਟਨਾਵਾਂ ਨੂੰ ਸਵੀਕਾਰ ਨਹੀਂ ਕੀਤਾ ਸਗੋਂ ਖੰਡਨ ਕਰਦਿਆਂ ਹੋਇਆਂ , ਇਨ੍ਹਾਂ ਰਾਹੀਂ ਗੁਰਮਤਿ ਦੇ ਸਿਧਾਂਤਾਂ ਦੀ ਪੇਸ਼ਕਾਰੀ ਕੀਤੀ ਹੈ।

ਹਿੰਦੂ ਮਿਥਿਹਾਸ ਵਿਚ ਇਨ੍ਹਾਂ ਸ਼ਖਸੀਅਤਾਂ ਦੇ ਜੀਵਨ ਨਾਲ ਸਬੰਧਤ ਅਨੇਕਾਂ ਘਟਨਾਵਾਂ ਦਰਜ ਹਨ ਪਰ ਅਸੀਂ ਇਥੇ ਉਨ੍ਹਾਂ ਘਟਨਾਵਾਂ ਸਬੰਧੀ ਚਰਚਾ ਕਰਾਂਗੇ ਜਿਨ੍ਹਾਂ ਦਾ ਸੰਕੇਤ ਮਈ ਵਰਨਣ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਿਲਦਾ ਹੈ।

### (ੳ) ਦੇਵਤੇ :

ਤ੍ਰੈਮੂਰਤੀ: ਇਹ ਹਿੰਦੂ ਧਰਮ ਦੇ ਤਿੰਨ ਪ੍ਰਸਿੱਧ ਦੇਵਤੇ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੇ ਸੁਮੇਲ ਤੋਂ ਬਣਦੀ ਹੈ। ਹਿੰਦੂ ਧਰਮ ਵਿਚ ਇਸ ਨੂੰ ਪਰਮਾਤਮਾ ਦੇ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਹੈ। ਹਿੰਦੂ ਮਿਥਿਹਾਸ ਕੋਸ਼ ਦੇ ਲੇਖਕ ਜੋਨ ਡੋਸਨ ਅਨੁਸਾਰ ਇਸ ਦੀ ਝਲਕ ਵੈਦਕ ਕਾਲ ਦੇ ਅਗਨੀ ,ਵਾਯੂ ਤੇ ਸੂਰਜ ਤਿੰਨਾਂ ਦੇਵਤਿਆਂ ਦੇ ਰੂਪ ਵਿਚ ਪਹਿਲਾਂ ਤੋਂ ਹੀ ਮਿਲਦੀ ਹੈ। ਇਸ ਵਿਚ ਬ੍ਰਹਮਾ, ਸ਼ਿਵ ਤੇ ਵਿਸ਼ਨੂੰ ਜਿਹੜੇ ਉਤਪਾਦਕ, ਵਿਨਾਸ਼ਕ ਤੇ ਰੱਖਿਅਕ ਸਿਧਾਂਤਾਂ ਦੇ ਪ੍ਰਤੀਕ ਹਨ, ਸੰਮਿਲਤ ਕੀਤੇ ਜਾਂਦੇ ਹਨ। ਬ੍ਰਹਮਾ ਰਜੋ ਗੁਣ, ਜੋ ਕਾਮ ਜਾਂ ਵਾਸ਼ਨਾ ਦੇ ਗੁਣਾਂ ਦਾ ਸਾਕਾਰ ਰੂਪ ਹੈ ਅਤੇ ਜਿਸ ਦੁਆਰਾ ਸੰਸਾਰ ਦੀ ਸਿਰਜਣਾ ਹੋਈ ਹੈ। ਸ਼ਿਵ ਤਮੋ ਗੁਣ, ਜੋ ਹਨ੍ਹੇਰੇ ਜਾਂ ਕ੍ਰੋਧ ਤੇ ਵਿਨਾਸ਼ਕਾਰੀ ਅੰਗ ਦਾ ਸਾਕਾਰ ਰੂਪ ਹੈ ਅਤੇ ਜਿਸ ਤੋਂ ਸਾਰੀ ਪ੍ਰਿਥਵੀ ਨਸ਼ਟ ਹੋ ਜਾਂਦੀ ਹੈ। ਵਿਸ਼ਨੂੰ ਸਤੋ ਗੁਣ ਜਾਂ ਦਇਆ ਤੇ ਭਲਿਆਈ ਜਿਸ ਨਾਲ ਇਸ ਸੰਸਾਰ ਦੀ ਪ੍ਰਤਿਪਾਲਨਾ ਹੁੰਦੀ ਹੈ, ਦਾ ਸਾਕਾਰ ਰੂਪ ਹੈ। ਜਿਸ ਤਰ੍ਹਾਂ ਵੇਦ ਤਿੰਨਾਂ ਵਿਚ ਵੰਡੇ ਹੋਏ ਹਨ, ਪਰ ਫੇਰ ਵੀ ਉਹ ਇਕ ਹੀ ਹਨ, ਇਸ ਤਰ੍ਹਾਂ ਇਹ ਤਿੰਨੇ ਇਕ ਰੂਪ ਹੀ ਹਨ।[1]

ਪਦਮ ਪੁਰਾਣ ਵਿਚ ਵਿਸ਼ਨੂੰ ਦੀ ਸਰਵ ਉਚੱਤਾ ਬਾਰੇ ਲਿਖਿਆ ਹੈ, "ਸ੍ਰਿਸ਼ਟੀ ਦੇ ਆਦਿ ਵਿਚ ਮਹਾਨ ਵਿਸ਼ਨੂੰ ਨੇ ਸ੍ਰਿਸ਼ਟੀ ਦੀ ਉਤਪਤੀ ਦੇ ਵਿਚਾਰ ਨਾਲ ਆਪਣੇ ਆਪ ਨੂੰ ਉਤਪਾਦਕ, ਵਿਨਾਸ਼ਕ, ਤੇ ਰੱਖਿਅਕ ਤਿੰਨਾਂ ਰੂਪਾਂ ਵਿਚ ਵੰਡਿਆ । ਇਸ ਸ੍ਰਿਸ਼ਟੀ ਨੂੰ ਉਤਪੰਨ ਕਰਨ ਦੇ ਵਿਚਾਰ ਨਾਲ ਪਰਮਾਤਮਾ ਨੇ ਆਪਣੇ ਸਰੀਰ ਦੀ ਸੱਜੀ ਵੱਖੀ ਵਿਚੋਂ ਬ੍ਰਹਮਾ, ਰੱਖਿਆ ਕਰਨ ਦੇ ਵਿਚਾਰ ਨਾਲ ਖੱਬੀ ਵੱਖੀ ਵਿਚੋਂ ਵਿਸ਼ਨੂੰ ਅਤੇ ਸ੍ਰਿਸ਼ਟੀ ਦਾ ਵਿਨਾਸ਼ ਕਰਨ ਦੇ ਵਿਚਾਰ ਨਾਲ ਸਰੀਰ ਦੇ ਵਿਚਕਾਰਲੇ ਹਿੱਸੇ ਤੋਂ ਸ਼ਿਵ ਦੀ ਉਤਪਤੀ ਕੀਤੀ।[2]

ਇਸ ਤਰ੍ਹਾਂ ਤ੍ਰੈ ਮੂਰਤੀ ਦੇ ਸਰੂਪ ਦਾ ਪ੍ਰਦਰਸ਼ਨ ਇਕ ਸਰੀਰ ਜਿਸ ਦੇ ਤਿੰਨ ਸਿਰ ਹਨ ਦੇ ਰੂਪ ਵਿਚ ਕੀਤਾ ਹੋਇਆ ਹੈ। ਇਸ ਦੇ ਵਿਚਕਾਰ ਬ੍ਰਹਮਾ, ਸੱਜੇ ਵਿਸ਼ਨੂੰ ਅਤੇ ਖੱਬੇ ਸ਼ਿਵ ਦਾ ਮੂੰਹ ਹੁੰਦਾ ਹੈ । ਪੰਜਾਬ ਵਿਚ ਬ੍ਰਹਮਾ ਦੀ ਉਪਾਸਨਾ ਤਾਂ ਖਾਸ ਪ੍ਰਚਲਤ ਨਹੀਂ ਪਰ ਵਿਸ਼ਨੂੰ ਤੇ ਸ਼ਿਵ ਦੀ ਅਰਾਧਨਾ ਬਹੁਤ ਹੁੰਦੀ ਹੈ ਅਤੇ ਹਿੰਦੂ ਧਰਮ ਵਿਚ ਇਨ੍ਹਾਂ ਦਾ ਭਗਤੀ ਭਾਵਨਾ ਨਾਲ ਸਤਿਕਾਰ ਕੀਤਾ ਜਾਂਦਾ ਹੈ।

ਗੁਰੂ ਨਾਨਕ ਬਾਣੀ ਵਿਚ ਤ੍ਰੈ ਮੂਰਤੀ ਨੂੰ ਉਸੇ ਇਕੋ ਸ਼ਕਤੀ ਦੇ ਅਧੀਨ ਰਚਿਆ ਗਿਆ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਪੁਰਾਣਾ ਵਾਲੇ ਸੰਕਲਪ ਤੋਂ ਅੱਗੇ ਲਿਖਦੇ ਹਨ ਕਿ ਜਿਸ ਸ਼ਕਤੀ ਨੇ ਇਸ ਤ੍ਰੈ ਮੂਰਤੀ ਨੂੰ ਸਿਰਜਿਆ ਹੈ, ਇਹ ਤਿੰਨੇ ਉਸ ਸ਼ਕਤੀ ਦੇ ਅਧੀਨ ਹਨ ਅਤੇ ਉਸ ਦੀ ਇੱਛਾ ਅਨੁਸਾਰ ਕਰਮ ਕਰਦੇ ਹਨ। ਉਹ ਨਿਰੰਕਾਰ ਇਨ੍ਹਾਂ ਤਿੰਨਾਂ ਦੇ ਕਰਮਾਂ ਨੂੰ ਦੇਖ ਰਿਹਾ ਹੈ ਪਰ ਇਹ ਤਿੰਨੇ ਮਾਇਆ ਰੂਪੀ 'ਮਾਈ' ਨੂੰ ਸਭ ਕੁਝ ਸਮਝੀ ਬੈਠੇ ਹਨ।[3]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਤ੍ਰੈ ਮੂਰਤੀ ਸਬੰਧੀ ਸੰਕੇਤ ਕਈ ਥਾਵਾਂ ਤੇ ਆਏ ਹਨ। ਭਾਈ ਗੁਰਦਾਸ ਵਾਰ 26/2 ਵਿਚ ਲਿਖਦੇ ਹਨ ਇਕ ਓਅੰਕਾਰ ਤੋਂ ਤਿੰਨ ਦੇਵਤੇ (ਬ੍ਰਹਮਾ-ਵਿਸ਼ਨੂੰ- ਮਹੇਸ਼) ਇਸ ਸੰਸਾਰ ਦੇ ਪਾਲਕ ਰਚੇ ਗਏ ਇਨ੍ਹਾਂ ਤਿੰਨਾਂ ਨੇ ਮਿਲ ਕੇ ਅਵਤਾਰਾਂ ਦਾ ਨਾਮ ਗਿਣਾਇਆ ਹੈ, ਉਸ ਆਦਿ ਪੁਰਖ ਦੇ ਇਹ ਸਰੂਪ ਹਨ ਅਤੇ ਸੇਸ਼ਨਾਗ ਵੀ ਇਨ੍ਹਾਂ ਦਾ ਸਿਮਰਨ ਕਰਦਾ ਹੈ। ਉਹ ਆਦਿ ਪੁਰਖ ਇਨ੍ਹਾਂ ਦੇ ਕਰਮਾਂ ਨੂੰ ਦੇਖ ਰਿਹਾ ਹੈ। ਗੁਰਮੁੱਖ ਨੇ ਉਸ ਅਕਾਲ ਪੁਰਖ ਦਾ ਨਾਮ ਜਪਿਆ ਹੈ। ਇਸ ਲਈ ਉਹ ਉਸ ਦੇ ਮਨ ਨੂੰ ਭਾਉਂਦਾ ਹੈ।[4] ਬ੍ਰਹਮਾਂ ਸੰਸਾਰ ਨੂੰ ਪੈਦਾ ਕਰਨ ਵਾਲਾ, ਵਿਸ਼ਨੂੰ ਅੰਨ ਛਕਾਉਣ ਵਾਲਾ ਅਤੇ ਸ਼ਿਵ ਨਾਸ਼

ਕਰਨ ਵਾਲਾ ਹੈ ਇਹ ਤਿੰਨੇ ਹੀ ਸੰਸਾਰ ਦੇ ਰਾਜੇ ਬਣਾਏ ਹਨ।[5] ਇਹ ਤਿੰਨੋ ਮਿਲ ਕੇ ਵੇਦਾਂ, ਪੁਰਾਣਾਂ ਦੀ ਹੀ ਕਥਾ ਕਰਦੇ ਹਨ।[6] ਪ੍ਰਭੂ ਨੂੰ ਧਿਆਉਂਦੇ ਹਨ ਪਰ ਆਦਿ ਪੁਰਖ ਦਾ ਅੰਤ ਨਹੀਂ ਪਾ ਸਕੇ।

ਬ੍ਰਹਮੇ ਬਿਸਨ ਮਹੇਸ ਲਖ ਧਿਆਇਦੇ।

\- - - - - - - - - - - - - - - -

\- - - - - - - - - - - - - - - - -

ਆਦਿ ਪੁਰਖੁ ਆਦੇਸੁ ਪਾਰੁ ਨ ਪਾਇਦੇ।[7]

ਭਾਈ ਗੁਰਦਾਸ ਨੇ ਵਾਰਾਂ ਵਿਚ ਗੁਰਬਾਣੀ ਵਾਂਗ ਤ੍ਰੈ ਮੂਰਤੀ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ ਪਰ ਅਰਥ ਬਦਲ ਦਿੱਤੇ ਹਨ। ਪੁਰਾਣਕ ਪਰੰਪਰਾ ਦੇ ਉਲਟ ਇਹ ਸਪਸ਼ਟ ਕੀਤਾ ਹੈ ਕਿ ਇਹ ਤਿੰਨੋ ਦੇਵਤੇ ਉਸ ਅਕਾਲ ਪੁਰਖ ਦੇ ਅਨੁਸਾਰ ਕਰਮ ਕਰਦੇ ਹਨ ਅਤੇ ਉਸ ਤੋਂ ਬਿਨਾਂ ਇਹਨਾਂ ਦੀ ਹਸਤੀ ਛੁਨਯ (Zero ) ਹੈ। ਬੇਸ਼ਕ ਇਨ੍ਹਾਂ ਤਿੰਨਾਂ ਨੇ ਵੇਦਾਂ, ਪੁਰਾਣਾਂ ਦਾ ਪਾਠ ਕੀਤਾ ਅਤੇ ਬਹੁਤ ਸਾਰੀਆਂ ਸ਼ਕਤੀਆਂ ਪ੍ਰਾਪਤ ਕੀਤੀਆਂ ਪਰ ਉਸ ਕਰਤਾਰ ਦੇ ਦਰ ਤੇ ਦਾਸ ਬਣ ਕੇ ਖੜ੍ਹੇ ਹਨ ਅਤੇ ਉਸ ਦਾ ਅੰਤ ਨਹੀਂ ਪਾ ਸਕੇ। ਭਾਈ ਗੁਰਦਾਸ ਇਹ ਸਿੱਧ ਕਰਦੇ ਹਨ ਕਿ ਗੁਰਮੁੱਖ ਦੀ ਸਮਰੱਥਾ ਇਨ੍ਹਾਂ ਤਿੰਨਾਂ ਨਾਲੋਂ ਵਧੇਰੇ ਹੈ, ਜਿਸ ਨੇ ਪ੍ਰਭੂ ਦਾ ਨਾਮ ਜਪਿਆ ਹੈ।

ਬ੍ਰਹਮਾ :

ਬ੍ਰਹਮਾ ਨੂੰ ਹਿੰਦੂ ਤ੍ਰੈ ਮੂਰਤੀ ਦਾ ਪ੍ਰਥਮ ਦੇਵਤਾ ਮੰਨਿਆ ਜਾਂਦਾ ਹੈ। ਮਿਥਿਹਾਸ ਅਨੁਸਾਰ ਇਹ ਸਭ ਜੀਵਾਂ ਦਾ ਪਿਤਾ ਹੈ ਅਤੇ ਰਿਸ਼ੀਆਂ ਵਿਚ ਸਭ ਤੋਂ ਪਹਿਲਾਂ ਹੋਇਆ। ਚਾਰੇ ਵੇਦ ਇਸੇ ਦੇ ਰਚੇ ਹੋਏ ਮੰਨੇ ਜਾਂਦੇ ਹਨ। ਪੁਰਾਣਾਂ ਵਿਚ ਇਸ ਨਾਲ ਸਬੰਧਤ ਅਨੇਕਾਂ ਕਥਾਵਾਂ ਦਰਜ ਹਨ। ਇਸ ਨੂੰ ਉਸ ਅੰਡੇ ਵਿਚੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ ਜਿਸ ਨੂੰ ਪ੍ਰਥਮ ਕਰਤੇ ਨੇ ਸਿਰਜਿਆ, ਇਸ ਕਰਕੇ ਇਸ ਨੂੰ 'ਨਾਰਾਇਣ' ਵੀ ਕਿਹਾ ਜਾਂਦਾ ਹੈ।[8] ਪਰ ਸੱਭ ਤੋਂ ਵੱਧ ਮੰਨੀ ਜਾਣ ਵਾਲੀ ਧਾਰਨਾ ਇਹ ਹੈ ਕਿ ਇਸ ਦਾ ਜਨਮ ਵਿਸ਼ਨੂੰ ਦੀ ਧੁੰਨੀ ਵਿਚੋਂ ਉਪਜੇ

ਕੰਵਲ ਫੁੱਲ ਤੋਂ ਹੋਇਆ।[9] ਇਸ ਦੀਆਂ ਚਾਰ ਬਾਹਵਾਂ, ਚਾਰ ਮੂੰਹ, ਚਿੱਟਾ ਰੰਗ ਅਤੇ ਕੰਵਲ ਉਤੇ ਨਿਵਾਸ ਮੰਨਿਆ ਜਾਂਦਾ ਹੈ। ਵਿੱਦਿਆ ਦੀ ਦੇਵੀ ਸਰਸਵਤੀ ਇਸ ਦੀ ਪਤਨੀ ਹੈ।[10] ਇਸ ਦਾ ਕਾਰਜ ਸ੍ਰਿਸ਼ਟੀ ਸਿਰਜਨਾ ਹੈ। ਜਦੋਂ ਬ੍ਰਹਮਾ ਇਸ ਸ੍ਰਿਸ਼ਟੀ ਨੂੰ ਸਿਰਜਦਾ ਹੈ ਤਾਂ ਇਹ ਉਸ ਦੇ ਇਕ ਦਿਨ ਤੱਕ ਕਾਇਮ ਰਹਿੰਦੀ ਹੈ। ਉਸ ਦਾ ਇਕ ਦਿਨ 2,160,000,000 ਸਾਲਾਂ ਦੇ ਬਰਾਬਰ ਹੈ। ਇਸ ਤੋਂ ਬਾਅਦ ਸ੍ਰਿਸ਼ਟੀ ਅਤੇ ਇਸ ਵਿਚਲੀਆਂ ਸਾਰੀਆਂ ਵਸਤੂਆਂ ਅੱਗ ਵਿਚ ਸੜ ਜਾਂਦੀਆਂ ਹਨ। ਕੇਵਲ ਦੇਵਤੇ, ਰਿਸ਼ੀ ਅਤੇ ਸ੍ਰਿਸ਼ਟੀ ਦੇ ਬੀਜ ਹੀ ਜੀਵਤ ਰਹਿੰਦੇ ਹਨ। ਜਦੋਂ ਉਹ ਜਾਗਦਾ ਹੈ ਤਾਂ ਫੇਰ ਸ੍ਰਿਸ਼ਟੀ ਸਿਰਜ ਲੈਂਦਾ ਹੈ ਅਤੇ ਇਹ ਪ੍ਰਕਿਰਿਆ ਉਸ ਸਮੇਂ ਤੱਕ ਜਾਰੀ ਰਹਿੰਦੀ ਹੈ ਜਦ ਤਕ ਉਸ ਦੀ ਹੋਂਦ ਦਾ ਇਕ ਸੌ ਸਾਲ ਸੰਪੂਰਨ ਨਹੀਂ ਹੋ ਜਾਂਦਾ।[11]

ਬ੍ਰਹਮਾ ਨਾਲ ਸਬੰਧਤ ਕੁਝ ਕਥਾਵਾਂ ਲੋਕ-ਪ੍ਰਸਿੱਧ ਹਨ। 'ਮਤਸਯ ਪੁਰਾਣ' ਅਨੁਸਾਰ ਇਹ ਆਪਣੇ ਵਿਚੋਂ ਔਰਤ ਪੈਦਾ ਕਰਕੇ ਉਸ ਤੇ ਮੋਹਿਤ ਹੋ ਗਿਆ। ਉਹ ਸ਼ਰਮਾਉਂਦੀ ਹੋਈ ਜਦੋਂ ਇਸ ਦੇ ਖੱਬੇ, ਸੱਜੇ ਤੇ ਪਿਛਲੇ ਪਾਸੇ ਗਈ ਤਾਂ ਉਸ ਨੂੰ ਵੇਖਣ ਦੀ ਲਾਲਸਾ ਅਧੀਨ ਇਸ ਨੇ ਤਿੰਨ ਸਿਰ ਹੋਰ ਪੈਦਾ ਕਰ ਲਏ, ਅਖੀਰ ਉਹ ਅਪਨੇ ਬਚਾ ਵਾਸਤੇ ਅਕਾਸ਼ ਵੱਲ ਉੱਡ ਗਈ ਤੇ ਇਸ ਨੇ ਆਪਣਾ ਪੰਜਵਾਂ ਸਿਰ ਪੈਦਾ ਕਰ ਲਿਆ, ਸ਼ਿਵ ਜੀ ਨੇ ਇਸ ਦੀਆਂ ਨੀਚ ਹਰਕਤਾਂ ਨੂੰ ਦੇਖਿਆ ਅਤੇ ਇਸ ਦਾ ਪੰਜਵਾਂ ਸਿਰ ਕੱਟ ਦਿੱਤਾ।[12] ਇਕ ਹੋਰ ਕਥਾ ਅਨੁਸਾਰ ਇਸ ਨੂੰ ਹੰਕਾਰ ਹੋ ਗਿਆ ਕਿ ਇਸ ਦਾ ਜਨਮ ਕੰਵਲ ਫੁੱਲ ਤੋਂ ਨਹੀਂ ਹੋਇਆ। ਆਕਾਸ਼ਬਾਣੀ ਹੋਈ ਕਿ "ਨਹੀਂ ਤੇਰੀ ਪੈਦਾਇਸ਼ ਇਸੇ ਕੰਵਲ ਤੋਂ ਹੈ।" ਇਸ ਨੇ ਇਸ ਤੇ ਯਕੀਨ ਨਾ ਕੀਤਾ ਅਤੇ ਕੰਵਲ ਦੀ ਥਾਹ ਵੇਖਣ ਲਈ ਇਸ ਨੂੰ ਹੰਕਾਰ ਵਿਚ ਲੱਤ ਕੱਢ ਮਾਰੀ। ਲੱਤ ਮਾਰਨ ਨਾਲ ਬ੍ਰਹਮਾ ਕੰਵਲ ਫੁੱਲ ਦੀ ਨਲੀ ਵਿਚ ਗੁੰਮ ਹੋ ਗਿਆ। ਦੱਸਿਆ ਜਾਂਦਾ ਹੈ ਕਿ 18 ਜੁੱਗ ਨਲੀ ਦੇ ਹੇਠਾਂ ਜਾਣ ਵਿਚ ਲੱਗੇ ਪਰ ਤਹਿ ਦੀ ਥਾਹ ਨਾ ਲੱਗੀ। ਫਿਰ ਪ੍ਰਾਰਥਨਾ ਕੀਤੀ ਤੇ ਉਪਰ ਆਉਣ ਲਈ 18 ਜੁੱਗ ਲੱਗੇ, ਇਸ ਤਰ੍ਹਾਂ 36 ਜੁੱਗ ਇਸ ਚੱਕਰ ਵਿਚ ਹੀ ਘੁੰਮਦਾ ਰਿਹਾ।[13] ਇਕ ਵਾਰ ਫਿਰ ਬ੍ਰਹਮਾ ਦੇ ਮਨ ਵਿਚ ਹੰਕਾਰ ਪੈਦਾ ਹੋਇਆ, ਪਰ ਇਸ ਹੰਕਾਰ ਦੇ ਉਤਪੰਨ ਹੋਣ ਨਾਲ ਹੀ ਗਰੀਵ ਦੈਂਤ ਪ੍ਰਗਟ ਹੋਇਆ। ਇਸ ਨੇ ਬ੍ਰਹਮਾ ਉਤੇ ਬਿਜੇ ਪਾਈ ਤੇ ਚਾਰੇ ਵੇਦ ਖੋਹ ਕੇ ਸਮੁੰਦਰ ਵਿਚ ਜਾ ਲੁਕਿਆ। ਬ੍ਰਹਮਾ ਨੇ ਵਿਸ਼ਨੂੰ ਅੱਗੇ ਵੇਦਾਂ ਦੀ ਰੱਖਿਆ ਲਈ ਬੇਨਤੀ ਕੀਤੀ ਅਤੇ ਵਿਸ਼ਨੂੰ ਨੇ ਮੱਛ ਅਵਤਾਰ ਧਾਰ ਕੇ ਦੈਂਤ ਦਾ ਨਾਸ਼ ਕੀਤਾ ਅਤੇ ਵੇਦ ਬ੍ਰਹਮਾ ਨੂੰ ਮੁੜ ਲਿਆ ਦਿਤੇ।

ਉਪਰੋਕਤ ਪੌਰਾਣਿਕ ਕਥਾਵਾਂ ਰਾਹੀਂ ਇਹ ਸਿੱਧ ਹੁੰਦਾ ਹੈ ਕਿ ਜਿਨ੍ਹਾਂ ਪੌਰਾਣਿਕ ਗ੍ਰੰਥਾਂ ਵਿਚ ਬ੍ਰਹਮਾ ਨੂੰ ਵੇਦਾਂ ਦਾ ਗਿਆਤਾ ਅਤੇ ਈਸ਼ਵਰ ਅਵਤਾਰ ਮੰਨਿਆ ਗਿਆ ਹੈ, ਉਨ੍ਹਾਂ ਗ੍ਰੰਥਾਂ ਤੋਂ ਹੀ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਉਸ ਨੂੰ ਹੰਕਾਰ ਹੋਣ ਕਾਰਨ ਕੰਵਲ ਫੁੱਲ ਦੀ ਨਲੀ ਵਿਚ ਅਤੇ ਦੈਂਤ ਕੋਲੋਂ ਚਾਰ ਵੇਦ ਖੁਹਾ ਕੇ ਦੁੱਖ ਭੋਗਣਾ ਪਿਆ ਅਤੇ ਉਸ ਨੇ ਕਾਮ ਦੇ ਅਧੀਨ ਆਪਣੀ ਧੀ ਨਾਲ ਵਿਭਚਾਰ ਕੀਤਾ। ਇਹ ਕਰਮ ਈਸ਼ਵਰ ਅਵਤਾਰਾਂ ਦੇ ਨਹੀਂ ਹੁੰਦੇ।ਕੋਈ ਵੀ ਦੇਵੀ ਦੇਵਤਾ ਅਕਾਲ ਪੁਰਖ ਦੀ ਮਹਿਮਾ ਨਹੀਂ ਜਾਣ ਸਕਦਾ ਕਿਉਂਕਿ ਉਹ ਸਾਰਿਆਂ ਤੋਂ ਉਪਰ ਹੈ।

ਗੁਰੂ ਨਾਨਕ ਬਾਣੀ ਵਿਚ ਬ੍ਰਹਮਾ ਨਾਲ ਸਬੰਧਿਤ ਮਿਥ ਕਥਾਵਾਂ ਦਰਜ ਹਨ ਜਿਨ੍ਹਾਂ ਵਿਚ ਬ੍ਰਹਮਾ ਦੇ ਹੰਕਾਰੀ ਪੱਖ ਨੂੰ ਉਜਾਗਰ ਕੀਤਾ ਗਿਆ ਹੈ ਅਤੇ ਕਈ ਥਾਵਾਂ ਤੇ ਇਸ ਦੇ ਹੰਕਾਰ ਦੀ ਨਿੰਦਿਆ ਵੀ ਕੀਤੀ ਗਈ ਹੈ।

ਬ੍ਰਹਮੈ ਗੁਰਬੁ ਕੀਆ ਨਹੀ ਜਾਨਿਆ।
ਬੇਦ ਕੀ ਬਿਪਤਿ ਪੜੀ ਪਛੁਤਾਨਿਆ।[14]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਬ੍ਰਹਮਾ ਬਾਰੇ ਸੰਕੇਤ ਆਏ ਹਨ ਕਿ ਉਹ ਆਪਣੇ ਆਪ ਨੂੰ ਵੱਡਾ ਕਹਾਉਂਦਾ ਹੈ ਜੋ ਕੰਵਲ ਫੁੱਲ ਦੀ ਨਲੀ ਦਾ ਥਾਹ ਲੈਣ ਚਲਾ ਗਿਆ, ਅਨੇਕਾਂ ਯੁੱਗ ਹੇਠ ਉਪਰ ਹੀ ਘੁੰਮਦਾ ਰਿਹਾ ਅਤੇ ਅੰਤ ਵਿਚ ਹੈਰਾਨ ਹੋਇਆ । ਚੌਹਾਂ ਮੂੰਹਾਂ ਵਾਲਾ ਬਹੁਤ ਸਿਆਣਾ ਹੋ ਕੇ ਚਾਰੇ ਵੇਦ ਪੜ੍ਹਦਾ ਰਿਹਾ, ਆਪ ਲੋਕਾਂ ਨੂੰ ਸਮਝਾਉਂਦਾ ਸੀ ਕਿ ਪਰਾਈ ਇਸਤਰੀ ਨੂੰ ਨਹੀਂ ਵੇਖਣਾ ਚਾਹੀਦਾ ਪਰ ਆਪ ਆਪਣੀ ਧੀ ਸਰਸਵਤੀ ਦਾ ਰੂਪ ਵੇਖ ਕੇ ਮੋਹਿਤ ਹੋ ਗਿਆ। ਚੌਹਾਂ ਵੇਦਾਂ ਦੇ ਸਿਧਾਂਤਾਂ ਨੂੰ ਭੁੱਲਾ ਕੇ ਅੰਤ ਹੰਕਾਰ ਦੀ ਮਸਤੀ ਵਿਚ ਪਛਤਾਇਆ।[15] ਅੱਗੇ ਜਾ ਕੇ ਬ੍ਰਹਮਾ ਦੇ ਕਰਤੱਵਾਂ ਵੱਲ ਇਸ਼ਾਰਾ ਹੈ ਕਿ ਬ੍ਰਹਮਾ ਨੂੰ ਚਾਰ ਵੇਦ ਦਿੱਤੇ ਇਸ ਨੇ ਵੇਦਾਂ ਨੂੰ ਪੜ੍ਹ ਕੇ ਚਾਰ ਵਰਨ, ਚਾਰ ਆਸ਼ਰਮ ਪੈਦਾ ਕੀਤੇ ਹਨ। ਛੇ ਭੇਖਾਂ, ਛੇ ਸ਼ਾਸਤਰਾਂ ਦੇ ਛੇ ਉਪਦੇਸ਼ਾਂ ਦੇ ਮਗਰ ਲੱਗ ਕੇ ਆਪਣੇ ਵੱਖ ਵੱਖ ਭੇਸ ਵਰਤਾਏ ਹਨ, ਇਸ ਨੇ ਜਲਾਂ ਥਲਾਂ, ਬਣਾਂ, ਖੰਡਾਂ, ਪਹਾੜਾਂ ਵਿਚ ਤੀਰਥ ਤੇ ਦੇਵਤਿਆਂ ਦੇ ਮੰਦਰ ਬਣਵਾਏ। ਜਪ, ਤਪ, ਸੰਜਮ, ਜਗ ਆਦਿ ਕਈ ਤਰ੍ਹਾਂ ਦੇ ਕਰਮ ਧਰਮ ਕਰਕੇ ਦਾਨ ਕਰਦਾ ਕਰਾਉਂਦਾ ਰਿਹਾ, ਪਰ ਉਸ ਨੇ ਇਹਨਾਂ ਧੰਦਿਆਂ ਵਿਚ ਪੈ ਕੇ ਨਿਰੰਕਾਰ ਨੂੰ ਨਹੀਂ ਪਛਾਣਿਆ।[16]

<u>ਵਿਸ਼ਨੂੰ:</u>

ਤ੍ਰੈ ਮੂਰਤੀ ਵਿਚ ਵਿਸ਼ਨੂੰ ਦਾ ਸੱਭ ਤੋਂ ਉੱਚਾ ਸਥਾਨ ਹੈ। ਇਸ ਨੂੰ ਸ੍ਰਿਸ਼ਟੀ ਦਾ ਪਾਲਨ ਵਾਲਾ ਮੰਨਿਆ ਜਾਂਦਾ ਹੈ। ਜੌਨ ਡੋਸਨ ਅਨੁਸਾਰ, ਇਹ ਇਕ ਹਰਮਨ ਪਿਆਰਾ ਦੇਵਤਾ ਹੈ ਅਤੇ ਇਸ ਦੀ ਪੂਜਾ ਪ੍ਰਸੰਨਤਾ ਨਾਲ ਕੀਤੀ ਜਾਂਦੀ ਹੈ। ਇਸ ਦੇ ਹਜ਼ਾਰ ਨਾਮ ਹਨ, ਲੱਛਮੀ ਇਸ ਦੀ ਪਤਨੀ ਹੈ, ਬੈਕੁੰਠ ਧਾਮ ਵਿਚਇਸ ਦਾ ਨਿਵਾਸ ਹੈ ਅਤੇ ਗਰੂੜ ਪੰਛੀ ਦੀ ਸਵਾਰੀ ਕਰਦਾ ਹੈ। ਗੂਹੜੇ ਨੀਲੇ ਬਸਤਰ ਇਸ ਦਾ ਲਿਬਾਸ ਹਨ।[17] ਇਸ ਦੇ ਚਾਰ ਹੱਥ ਹਨ- ਇਕ ਹੱਥ ਵਿਚ ਇਕ ਸੰਖ, ਦੂਜੇ ਵਿਚ ਸੁਦਰਸ਼ਨ ਚੱਕਰ , ਤੀਜੇ ਵਿਚ ਗਦਾਂ ਅਤੇ ਚੌਥੇ ਹੱਥ ਵਿਚ ਕੰਵਲ ਫੁੱਲ ਫੜਿਆ ਹੁੰਦਾ ਹੈ।[18] ਕਿਹਾ ਜਾਂਦਾ ਹੈ ਕਿ ਇਸ ਨੇ ਆਪਣੀ ਧੁੰਨੀ ਵਿਚੋਂ ਕੰਵਲ ਫੁੱਲ ਪੈਦਾ ਕਰਕੇ ਬ੍ਰਹਮਾ ਦੀ ਸਿਰਜਨਾ ਕੀਤੀ।[19] ਵਿਸ਼ਨੂੰ ਨੇ ਦੇਵਤਿਆਂ ਅਤੇ ਭਗਤਾਂ ਦੀ ਰੱਖਿਆ ਲਈ 24 ਵਾਰ ਅਵਾਤਰ ਧਾਰਿਆ, ਜਿਨ੍ਹਾਂ ਵਿਚੋਂ ਦਸ ਅਵਤਾਰ ਪ੍ਰਸਿਧ ਹਨ: ਮੱਛ, ਕੱਛ, ਵਰਾਹ, ਨਰਸਿੰਹ, ਵਾਮਨ, ਪਰਸਰਾਮ, ਰਾਮ ਚੰਦਰ, ਕ੍ਰਿਸ਼ਨ, ਬੁਧ ਤੇ ਕਲਕੀ।

ਗੁਰੂ ਨਾਨਕ ਬਾਣੀ ਵਿਚ ਵਿਸ਼ਨੂੰ ਦੇ ਦਸ ਅਵਤਾਰਾਂ ਦੀਆਂ ਮਿੱਥ ਕਥਾਵਾਂ ਜਰੂਰ ਦਰਜ ਹੈ ਪਰ ਵਿਸ਼ਨੂੰ ਦੀ ਵਿਸ਼ੇਸ਼ ਕਥਾ ਦਾ ਕੋਈ ਵਿਸ਼ੇਸ਼ ਸੰਕੇਤ ਨਹੀਂ ਮਿਲਦਾ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵਿਸ਼ਨੂੰ ਪ੍ਰਤੀ ਸੰਕੇਤ ਪੌਰਾਣਿਕ ਪਰੰਪਰਾ ਦੇ ਪ੍ਰਸੰਗ ਵਿਚ ਆਏ ਹਨ ਕਿ ਬੇਸ਼ਕ ਵਿਸ਼ਨੂੰ ਨੇ ਦਸ ਅਵਤਾਰ ਧਾਰੇ, ਪਰ ਉਹ ਏਕੰਕਾਰ ਦਾ ਭੇਦ ਨਹੀਂ ਪਾ ਸਕਿਆ।[20] ਅਤੇ ਆਪਣੇ ਦਸਾਂ ਅਵਤਾਰਾਂ ਵਿਚ ਹੀ ਭਰਮਾਇਆ ਰਿਹਾ।[21] ਵਿਸ਼ਨੂੰ ਦੇ ਕਰਤਵਾਂ ਦਾ ਬਿਆਨ ਕਰਦੇ ਹੋਏ ਭਾਈ ਗੁਰਦਾਸ ਲਿਖਦੇ ਹਨ ਕਿ ਵਿਸ਼ਨੂੰ ਨੇ ਦਸ ਅਵਤਾਰ ਧਾਰ ਕੇ ਆਪਸੀ ਵੈਰ ਵਿਰੋਧ ਪੈਦਾ ਕੀਤੇ ਹਨ। ਦੇਵਤਿਆਂ ਤੇ ਦੈਂਤਾਂ ਦੇ ਦੋ ਧੜੇ ਬਣਾ ਕੇ ਅਖੀਰ ਦੇਵਤਿਆਂ ਦੀ ਜਿੱਤ ਕਰਾਈ ਹੈਅਤੇ ਦੈਂਤਾਂ ਦਾ ਨਾਸ਼ ਕਰਾਇਆ ਹੈ। ਅਵਤਾਰਾਂ ਰਾਹੀਂ ਚੰਚਲਤਾਈਆਂ, ਪਖੰਡਾਂ ਦੇ ਬਹੁਤੇ ਵਲ ਛਲ ਕਰਕੇ ਪਸਾਰੇ ਵਧਾਏ ਹਨ ਅਤੇ ਇਹਨਾਂ ਨੂੰ ਪਾਰਬ੍ਰਹਮ ਪੂਰਨ, ਨਿਰੰਕਾਰ ਨਹੀਂ ਦਿਖਾਇਆ। ਇਸ ਦੇ ਅਵਤਾਰ ਪਰਸ ਰਾਮ ਨੇ ਇੱਕੀ ਵਾਰ ਖੱਤਰੀਆਂ ਦਾ ਨਾਸ਼ ਕੀਤਾ, ਰਾਮ ਚੰਦਰ ਨੇ ਜੋ ਕੀਤਾ ਉਹ ਰਾਮਾਇਣ ਵਿਚ ਦਰਜ ਹੈ ਅਤੇ ਮਹਾਂ ਭਾਰਤ ਵਿਚ ਦਰਜ ਕਰਮ ਕ੍ਰਿਸ਼ਨ ਅਵਤਾਰ ਦੇ ਮਨ ਨੂੰ ਭਾਏ ਹਨ। ਪਰ ਉਹਨਾਂ

ਨੇ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਨੂੰ ਨਹੀਂ ਮਾਰਿਆ।[22] ਭਾਈ ਗੁਰਦਾਸ ਅਨੁਸਾਰ ਜੇਸ਼ੁਕ ਵਿਸ਼ਨੂੰ ਨੇ ਦਸ ਅਵਤਾਰ ਧਾਰ ਕੇ ਯੁੱਧ ਤਾਂ ਬਹੁਤ ਜਿੱਤੇ ਹਨ ਪਰ ਆਪਨੇ ਹੰਕਾਰ ਨੂੰ ਨਹੀਂ ਜਿਤਿਆ, ਹੰਕਾਰ ਨੂੰ ਮਾਰਨ ਦਾ ਰਸਤਾ ਸਾਧ ਸੰਗਤ ਹੈ।

<u>ਸ਼ਿਵ ਜੀ</u> :

ਵੇਦਾਂ ਵਿਚ ਸ਼ਿਵ ਜੀ ਦਾ ਨਾਂ ਨਹੀਂ ਮਿਲਦਾ, ਪਰ ਇਸੇ ਹੀ ਦੇਵਤੇ ਦਾ ਇਕ ਹੋਰ ਨਾਂ 'ਰੁਦਰ' ਜਿਹੜਾ ਕਿ ਇਸ ਜਿਨ੍ਹਾਂ ਹੀ ਪ੍ਰਚਲਤ ਹੈ, ਇਕ ਬਚਨ ਤੇ ਬਹੁ ਬਚਨ ਵਿਚ ਮਿਲਦਾ ਹੈ।[23] ਵੇਦਾਂ ਦੇ 'ਰੁਦਰ' ਦੇਵਤਾ ਤੋਂ ਹੀ ਸ਼ਿਵ ਜੀ ਦਾ ਵਿਕਾਸ ਹੋਇਆ। ਰੁਦਰ ਬ੍ਰਹਮਾ ਦੇ ਮਸਤਕ ਵਿਚੋਂ ਪੈਦਾ ਹੋਇਆ ਦੱਸਿਆ ਜਾਂਦਾ ਹੈ। ਜਦੋਂ ਬ੍ਰਹਮਾ ਆਪਣੇ ਚਾਰ ਪੁੱਤਰਾਂ ਤੇ ਗੁੱਸੇ ਹੋ ਰਿਹਾ ਸੀ, ਜਦ ਇਸ ਨੇ ਦਰਸ਼ਨ ਦਿਤੇ ਤਦ ਇਸਦੀਆਂ ਅੱਖਾਂ ਵਿਚ ਅਥਰੂ ਸਨ, ਇਸੇ ਕਰਕੇ ਇਸ ਦਾ ਨਾਮ 'ਰੁਦਰ' ਪ੍ਰਸਿੱਧ ਹੈ।[24] ਵਿਸ਼ਨੂੰ ਪੁਰਾਣ ਅਨੁਸਾਰ, 'ਰੁਦਰ' ਬ੍ਰਹਮਾ ਦੇ ਮਸਤਕ ਵਿਚੋਂ ਪੈਦਾ ਹੋਇਆ ਅਤੇ ਬ੍ਰਹਮਾ ਦੀ ਆਗਿਆ ਨਾਲ ਆਪਣੀ ਸੂਰਤ ਨੂੰ ਨਰ ਅਤੇ ਮਾਦਾ ਦੋ ਹਿੱਸਿਆਂ ਵਿਚ ਵੰਡ ਦਿਤਾ ਅਤੇ ਫਿਰ ਇਨ੍ਹਾਂ ਵਿਚੋਂ ਗਿਆਰਾਂ ਵਿਅਕਤੀਆਂ ਨੂੰ ਪੈਦਾ ਕੀਤਾ। ਇਸੇ ਪੁਰਾਣ ਦੇ ਇਕ ਹੋਰ ਅਧਿਆਇ ਵਿਚ ਆਉਂਦਾ ਹੈ ਕਿ ਬ੍ਰਹਮਾ ਦੇ ਮਨ ਵਿਚ ਪੁੱਤਰ ਦੀ ਇੱਛਾ ਪੈਦਾ ਹੋਈ ਅਤੇ 'ਰੁਦਰ' ਦਾ ਯੁਵਕ ਦੇ ਰੂਪ ਵਿਚ ਜਨਮ ਹੋਇਆ। ਜਦੋਂ ਰੁਦਰ ਜੰਮਿਆ ਤਾਂ ਇਹ ਰੋਇਆ ਅਤੇ ਆਪਣਾ ਨਾਮ ਪੁਛਿਆ ਬ੍ਰਹਮਾ ਨੇ ਇਸ ਦਾ ਨਾਮ 'ਰੁਦਰ' ਰੱਖਿਆ, ਪਰ ਇਸ ਨੇ ਨਿਰੰਤਰ ਅੱਠ ਵਾਰੀ ਆਪਣੇ ਪਿਤਾ ਕੋਲੋਂ ਆਪਣਾ ਨਾਮ ਪੁੱਛਿਆ। ਇਸ ਤਰ੍ਹਾਂ ਇਸ ਦੇ ਸੱਤ ਨਾਮ ਹੋਰ ਰੱਖੇ ਗਏ: ਭਵ, ਸਰਵ, ਪਸ਼ੂਪਤੀ, ਉਗ੍ਰਦੇਵ, ਮਹਾਂਦੇਵ, ਈਸ਼ਾਨ ਅਤੇ ਅਸ਼ਨੀ।[25] ਭਾਈ ਗੁਰਦਾਸ ਦੀਆਂ ਵਾਰਾਂ ਵਿਚ ਰੁਦਰ ਬਾਰੇ ਸੰਕੇਤ ਆਇਆ ਹੈ ਕਿ ਉਹ ਇਕ ਤੋਂ ਗਿਆਰਾਂ ਹੋ ਕੇ ਤੇ ਗ੍ਰਹਿਸਤੀ ਹੋ ਕੇ ਵੀ ਅਵਧੂਤ ਕਹਾਇਆ:

ਇਕੱਦੂੰ ਗਯਾਰਹ ਰੁੱਦ੍ਰ ਹੋਇ ਘਰਬਾਰੀ ਅਉਧੂਤ ਸਦਾਯਾ।[26]

ਸ਼ਿਵ ਜੀ ਤ੍ਰੈ ਮੂਰਤੀ ਦਾ ਤੀਜਾ ਦੇਵਤਾ ਹੈ। ਇਸ ਦੇ ਜ਼ਿੰਮੇ ਸੰਸਾਰ ਦੇ ਨਾਸ਼ ਕਰਨ ਦਾ ਕੰਮ ਹੈ। ਉਂਜ ਤਾਂ ਸੰਸਾਰ ਦੀਆਂ ਮੌਤਾਂ ਦਾ ਕੰਮ ਧਰਮਰਾਜ ਦੇ ਜ਼ਿੰਮੇ ਹੈ, ਪਰ ਪਰਲੈ-ਕਾਲ ਸਮੇਂ ਸੰਸਾਰ ਨੂੰ ਨਾਸ਼ ਕਰਨ ਦਾ ਕੰਮ ਸ਼ਿਵ ਜੀ ਨੂੰ ਕਰਨਾ ਪੈਂਦਾ ਹੈ। ਸ਼ਿਵ ਜੀ ਦੀ

ਸਮਾਧੀ ਮਸ਼ਹੂਰ ਹੈ। ਇਸ ਦੀ ਸਵਾਰੀ ਬਲਦ ਮੰਨੀ ਜਾਂਦੀ ਹੈ। ਹੱਥ ਵਿਚ ਡੌਰੂ ਵਜਾਉਂਦਾ ਹੈ। ਇਸ ਦੀ ਸੈਨਾ ਭੂਤ-ਪਰੇਤ, ਸੱਪ, ਅਠੂੰਏ ਆਦਿ ਹਨ। ਹੱਡਾਂ ਦੀ ਮਾਲਾ ਇਸ ਦੇ ਗਲ ਵਿਚ ਹੁੰਦੀ ਹੈ। ਗੰਗਾ ਇਸ ਦੀਆਂ ਜਟਾਂ ਵਿਚ ਕਿਨਾਂ ਚਿਰ ਸਮਾਈ ਰਹੀ ਦੱਸੀ ਜਾਂਦੀ ਹੈ। ਹਿੰਦੂਆਂ ਦਾ ਖਿਆਲ ਹੈ ਕਿ ਹੁਣ ਵੀ ਗੰਗਾ ਇਸ ਦੀਆਂ ਜਟਾਂ ਵਿਚੋਂ ਨਿਕਲ ਰਹੀ ਹੈ। ਚੰਦਰਮਾ ਇਸ ਦੇ ਮੱਥੇ ਵਿਚ ਦੱਸਿਆ ਜਾਂਦਾ ਹੈ, ਨਿਵਾਸ ਸਥਾਨ ਕੈਲਾਸ਼ ਪਰਬਤ ਦੱਸਿਆ ਜਾਂਦਾ ਹੈ। ਇਸ ਨੂੰ ਸ਼ੰਕਰ, ਰੁਦਰ, ਮਹਾਦੇਵ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।[27] ਇਕ ਕਥਾ ਅਨੁਸਾਰ ਗਯਾ ਨਾਮ ਦੇ ਹਾਥੀ ਨੇ ਇਨੀ ਸ਼ਕਤੀ ਹਾਸਲ ਕਰ ਲਈ ਕਿ ਉਹ ਦੇਵਤਿਆਂ ਨੂੰ ਜਿੱਤਣ ਲੱਗਾ, ਇਸ ਨੇ ਉਸ ਦਾ ਨਾਸ਼ ਕਰਕੇ ਉਸ ਦੀ ਖਲੜੀ ਮੋਢੇ ਤੇ ਵਸਤਰ ਵਾਂਗ ਲਟਕਾ ਲਈ। ਇਸ ਦਾ ਨਾਚ ਪ੍ਰਸਿੱਧ ਹੈ। ਇਸ ਦੇ ਨਾਲ ਹਮੇਸ਼ਾ ਇਸ ਦੀ ਪਤਨੀ ਪਾਰਵਤੀ ਰਹਿੰਦੀ ਹੈ।[28] ਦੇਹਧਾਰੀ ਸਰੂਪ ਵਿਚ ਸ਼ਿਵ ਜੀ ਦੇ ਪੰਜ ਮੂੰਹ ਅਤੇ ਚਾਰ ਬਾਹਵਾਂ ਹਨ। ਉਸ ਦੇ ਮੱਥੇ ਵਿਚਕਾਰ ਇਕ ਤੀਜਾ ਨੇਤਰ ਹੈ, ਜਿਸ ਦੇ ਉੱਤੇ ਨਵਾਂ ਚੰਨ ਉਭਰਿਆ ਦਿਖਾਈ ਦੇਂਦਾ ਹੈ। ਜਟਾਧਾਰੀ ਸ਼ਿਵ ਦੇ ਕੰਠ ਵਿਚ ਮੁੰਡ-ਮਾਲਾ ਹੈ। ਸ਼ਿਵ ਨੀਲ ਕੰਠੀ ਹੈ। ਸਾਗਰ ਮੰਥਨ ਵੇਲੇ ਸਮੁੰਦਰ ਉਤੇ ਜ਼ਹਿਰ ਤਰ ਆਇਆ ਸੀ। ਉਸ ਨੂੰ ਪੀਣ ਨਾਲ ਸ਼ਿਵ ਦੇ ਕੰਠ ਦਾ ਰੰਗ ਨੀਲਾ ਹੋ ਗਿਆ। ਸ਼ਿਵ ਦੇ ਹੱਥਾਂ ਵਿਚ ਤ੍ਰਿਸ਼ੂਲ ਧਾਰਨ ਕੀਤਾ ਹੋਇਆ ਹੈ ਅਤੇ ਨੰਦੀ ਉਸ ਦਾ ਵਾਹਣ ਹੈ। ਸ਼ਿਵ ਦਾ ਨਿਵਾਸ ਅਸਥਾਨ ਕੈਲਾਸ਼ ਪਰਬਤ ਹੈ, ਜਿਥੇ ਉਹ ਸ਼ਿਵ ਪੁਰੀ ਵਿਚ ਨਿਵਾਸ ਕਰਦਾ ਹੈ।[29] ਪੰਜਾਬ ਵਿਚ ਸ਼ਿਵ ਜੀ ਦੀ ਪੂਜਾ ਪੂਰਵ ਕਾਲ ਤੋਂ ਚਲੀ ਆ ਰਹੀ ਹੈ। ਇਥੇ ਇਸ ਨਾਲ ਸਬੰਧਤ ਪੌਰਾਣਿਕ ਸਥਾਨ ਵੀ ਮਿਲਦੇ ਹਨ, ਜਿਨ੍ਹਾਂ ਵਿਚੋਂ ਦੋ ਪ੍ਰਸਿੱਧ ਹਨ, ਇਕ ਕਟਾਸ ਤੇ ਦੂਜਾ ਸਥਾਨ ਅਚਲ ਵਟਾਲਾ ਹੈ।

ਗੁਰੂ ਨਾਨਕ ਬਾਣੀ ਵਿਚ ਸ਼ਿਵ ਨਾਲ ਸਬੰਧਤ ਕਿਸੇ ਮਿੱਥ ਕਥਾ ਦਾ ਕੋਈ ਵਿਸ਼ੇਸ਼/ਸੰਕੇਤ ਨਹੀਂ ਮਿਲਦਾ, ਪਰ ਸ਼ਿਵ ਜੀ ਨਾਲ ਸਬੰਧਤ ਦੇਵੀਆਂ ਅਤੇ ਦੇਵੀਆਂ ਨਾਲ ਸਬੰਧਤ ਸ਼ਕਤੀ ਪੂਜਾ ਦੇ ਸ਼ਾਕਤ ਸੰਪਰਦਾਇ ਦੀ ਗੁਰੂ ਨਾਨਕ ਬਾਣੀ ਵਿਚ ਨਿੰਦਾ ਹੋਈ ਹੈ ਕਿਉਂਕਿ ਸ਼ਾਕਤ ਪੰਥ ਪ੍ਰਚਲਤ ਨੈਤਿਕ ਮਾਨਤਾਵਾਂ ਦੀ ਉਲੰਘਣਾ ਕਰਨ ਦੀ ਹੀ ਰੁੱਚੀ ਰੱਖਦੇ ਸਨ ਅਤੇ ਉਲਾਰ ਪੱਖੀ ਸਨ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸ਼ਿਵ ਜੀ ਬਾਰੇ ਸੰਕੇਤ ਆਏ ਹਨ ਕਿ ਉਸ ਦੇ ਗਿਆਰਾਂ ਰੂਪ ਸੰਸਾਰ ਦੇ ਇਕ ਪਲ ਦਾ ਵੀ ਅੰਤ ਨਾਂ ਪਾ ਸਕੇ।[30] ਸ਼ਿਵ ਜੀ ਦੇ ਉਪਾਸ਼ਕ ਇਕਠੇ ਹੋ ਕੇ ਸਿਵਰਾਤ੍ਰੀ ਦਾ ਮੇਲਾ ਕਰਦੇ ਹਨ, ਜਾਗਦੇ ਹਨ ਪਰ ਸ਼ਿਵ ਜੀ ਕਮਲਾ ਜੋਗੀ ਹੈ ਜੋ ਬ੍ਰਹਮਾ ਕੋਲ ਦਾ ਆਸਣ ਲਾ ਕੇ ਬੈਠਾ ਹੀ ਅਨੰਦ ਮਾਣਦਾ ਹੈ।[31] ਭਾਈ ਗੁਰਦਾਸ ਨੇ ਵਾਰ 12/9 ਵਿਚ ਵਿਸਥਾਰ ਪੂਰਵਕ ਲਿਖਿਆ ਹੈ ਕਿ ਮਹਾਦੇਵ ਦੇ ਅੰਦਰ ਤਮੋਗੁਣ ਹੋਣ ਕਾਰਣ ਉਹ ਜੱਗ ਨੂੰ ਨਾ ਜਾਣ ਸਕਿਆ। ਭੈਰੋ, ਭੂਤ, ਪ੍ਰੇਮ ਆਦਿ ਭੈੜੇ ਕੰਮਾਂ ਵਿਚ ਜੋਰ ਦਿਖਾਉਂਦਾ ਰਿਹਾ। ਅੱਕ ਧਤੂਰੇ ਖਾਂਦਾ ਰਿਹਾ ਅਤੇ ਰਾਤ ਨੂੰ ਮੜ੍ਹੀਆਂ ਮਸਾ-ਣੀਆਂ ਵਿਚ ਵੱਸਦਾ ਰਿਹਾ। ਹਾਥੀ ਜਾਂ ਸ਼ੇਰ ਦੀ ਖੱਲ ਪਹਿਨਦਾ ਅਤੇ ਲੋਕਾਂ ਨੂੰ ਡੋਰੂ ਵਜਾ ਕੇ ਹੈਰਾਨ ਕਰਦਾ ਰਿਹਾ, ਆਪਣੇ ਆਪ ਨੂੰ ਨਾਥਾਂ ਦਾ ਨਾਥ ਸਦਾਇਆ ਅਤੇ ਅਨਾਥ ਹੋ ਕੇ ਪ੍ਰਭੂ ਦੇ ਅਨੰਦ ਨੂੰ ਨਹੀਂ ਮਾਣਿਆ। ਤਮੋਗੁਣੀ ਹੋ ਕੇ ਪ੍ਰਲੈ ਕਾਲ ਵਿਚ ਸ੍ਰਿਸ਼ਟੀ ਦਾ ਨਾਸ਼ ਕਰਦਾ ਰਿਹਾ, ਨਾ ਜੋਗ ਦੀ ਅਤੇ ਨਾ ਭੋਗ ਦੀ ਜੁਗਤ ਨੂੰ ਪਛਾਣਿਆ।[32]

ਭਾਈ ਗੁਰਦਾਸ ਨੇ ਉਪਰੋਕਤ ਪ੍ਰਸੰਗ ਰਾਹੀਂ ਉਪਦੇਸ਼ ਦਿੱਤਾ ਹੈ ਕਿ ਤਮੋਗੁਣੀ ਦਾ ਮਨ ਸ਼ਾਂਤ ਨਹੀਂ ਹੁੰਦਾ, ਇਸ ਲਈ ਗੁਰਮੁੱਖ ਬਣ ਕੇ ਸਾਧ ਸੰਗਤ ਕਰੋ ਜਿਸ ਨਾਲ ਸਤੋ ਗੁਣ ਦੀ ਪ੍ਰਾਪਤੀ ਹੋਵੇ ਤੇ ਮਨ ਨੂੰ ਸ਼ਾਂਤੀ ਪ੍ਰਾਪਤ ਹੋਵੇ।

## ਇੰਦਰ :

ਵੇਦਾਂ ਵਿਚ ਇੰਦਰ ਨੂੰ ਸਭ ਤੋਂ ਸ੍ਰੇਸ਼ਟ ਦੇਵਤਾ ਮੰਨਿਆ ਗਿਆ ਹੈ ਅਤੇ ਅਗਨੀ ਦੇਵਤਾ ਨੂੰ ਛੱਡ ਕੇ ਸਭ ਤੋਂ ਵੱਧ ਰਿਚਾਵਾਂ ਇਸੇ ਨੂੰ ਸੰਬੋਧਨ ਕੀਤੀਆਂ ਗਈਆਂ ਹਨ। "ਰਿਗ ਵੇਦ ਦੀਆਂ ਕਈ ਰਿਚਾਂ ਵਿਚ, ਇੰਦਰ ਨੂੰ ਹੀ ਧਰਤੀ ਅਤੇ ਆਕਾਸ਼ ਨੂੰ ਸਥਾਪਿਤ ਕਰਨ ਵਾਲਾ ਅਤੇ ਸੂਰਜ ਤੇ ਊਸ਼ਾ ਦੀ ਉਤਪਤੀ ਕਰਨ ਵਾਲਾ ਦੱਸਿਆ ਗਿਆ ਹੈ।[33] ਪਿਛਲੇਰੇ ਕਾਲ ਵਿਚ ਆ ਕੇ ਇੰਦਰ ਦੂਜੀ ਸ਼੍ਰੇਣੀ ਦਾ ਦੇਵਤਾ ਰਹਿ ਜਾਂਦਾ ਹੈ ਅਤੇ ਇਸ ਦੀ ਮਹੱਤਤਾ ਘੱਟ ਜਾਂਦੀ ਹੈ। ਜੋਨ ਡੋਸਨ ਅਨੁਸਾਰ, ਇਹ ਅਜੂਨੀ ਨਹੀਂ, ਇਸ ਦੇ ਮਾਤਾ ਪਿਤਾ ਵੀ ਸਨ। ਇਸ ਦਾ ਜਨਮ ਇਕ ਸ਼ਕਤੀਸ਼ਾਲੀ ਦੇਵਤੇ ਦੁਆਰਾ ਇਕ ਵੀਰਾਂਗਨਾ ਇਸਤਰੀ ਦੀ ਕੁੱਖੋਂ ਹੋਇਆ। ਇਸ ਦੇ ਅਣਗਿਣਤ ਰੂਪ ਹਨ ਅਤੇ ਆਪਣੀ ਇੱਛਾ ਅਨੁਸਾਰ ਕੋਈ ਰੂਪ ਧਾਰ ਸਕਦਾ ਹੈ। ਇਹ ਸੋਮ

ਨਸ਼ਾ ਪੀਣ ਦਾ ਬੜਾ ਸ਼ੌਕੀਨ ਹੈ।[34] ਇਸ ਦਾ ਨਿਵਾਸ ਅਸਥਾਨ ਸਵਰਗ ਹੈ। ਵਾਯੂ ਮੰਡਲ ਦਾ ਦੇਵਤਾ ਹੋਣ ਕਰਕੇ ਰੁੱਤਾਂ ਦਾ ਪ੍ਰਬੰਧ ਅਤੇ ਮੀਂਹ ਵਰਸਾਉਣ ਦਾ ਕਾਰਜ ਇਸ ਦੇ ਹੱਥ ਹੈ।[35] ਇਸ ਲਈ ਇਸ ਦਾ ਬੜਾ ਸਤਿਕਾਰ ਕੀਤਾ ਜਾਂਦਾ ਹੈ ਪਰ ਬਿਜਲੀ ਅਤੇ ਤੂਫਾਨਾਂ ਦਾ ਹੁਕਮਰਾਨ ਹੋਣ ਕਾਰਣ ਇਸ ਨੂੰ ਬਹੁਤ ਭਿਆਨਕ ਮੰਨਿਆ ਜਾਂਦਾ ਹੈ।

ਪਿਛਲੇਰੇ ਕਾਲ ਵਿਚ ਆ ਕੇ ਇੰਦਰ ਦੀ ਕਾਮੁਕਤਾ ਇਕ ਵੱਡੇ ਵਿਲਾਸ ਦਾ ਰੂਪ ਧਾਰਨ ਕਰ ਗਈ। ਮਹਾਂਭਾਰਤ ਅਨੁਸਾਰ ਇਸ ਨੇ ਗੌਤਮ ਰਿਸ਼ੀ ਦੀ ਪਤਨੀ ਅਹੱਲਿਆ ਨੂੰ ਵਰਗਲਾਇਆ ਜਾਂ ਵਰਗਲਾਉਣ ਦਾ ਯਤਨ ਕੀਤਾ। ਇਸ ਕਾਰਨ ਗੌਤਮ ਰਿਸ਼ੀ ਦੇ ਸਰਾਪ ਕਾਰਨ ਇਸ ਦੇ ਸਰੀਰ ਤੇ ਸੌ ਭਗ ਦੇ ਨਿਸ਼ਾਨ ਪੈ ਗਏ ਜੋ ਬਾਅਦ ਵਿਚ ਪਸ਼ਚਾਤਾਪ ਕਰਨ ਤੇ ਸੌ ਨੇਤਰਾਂ ਵਿਚ ਬਦਲ ਗਏ। ਇੰਦਰ ਦੇਵਤਿਆਂ ਦਾ ਰਾਜਾ ਹੋਣ ਦੇ ਬਾਵਜੂਦ ਵੀ ਅਜਿੱਤ ਨਹੀਂ। ਦੈਂਤਾਂ ਨੇ ਕਈ ਵਾਰ ਇਸ ਤੇ ਜਿੱਤ ਪ੍ਰਾਪਤ ਕੀਤੀ ਅਤੇ ਅਮਰਾਵਤੀ ਵਿਚੋਂ ਬਾਹਰ ਕੱਢਿਆ। ਰਮਾਇਣ ਅਨੁਸਾਰ, ਇਕ ਵਾਰ ਰਾਵਣ ਦੇ ਪੁੱਤਰ ਮੇਘਨਾਥ ਨੇ ਇਸ ਨੂੰ ਜਿੱਤਿਆ ਅਤੇ ਬੰਦੀ ਬਣਾ ਕੇ ਲੰਕਾਂ ਲੈ ਆਇਆ। ਬ੍ਰਹਮਾ ਤੇ ਦੂਜੇ ਦੇਵਤਿਆਂ ਨੇ ਮੇਘਨਾਥ ਨੂੰ ਅਮਰਤਾ ਦਾ ਵਰਦਾਨ ਦੇ ਕੇ ਇਸ ਦੀ ਰਿਹਾਈ ਕਰਵਾਈ। ਉਸ ਸਮੇਂ ਬ੍ਰਹਮਾ ਨੇ ਇਸ ਨੂੰ ਦੱਸਿਆ ਕਿ ਇਸ ਦੀ ਹਾਰ ਅਹੱਲਿਆ ਦਾ ਸੱਤ ਭੰਗ ਕਰਨ ਕਾਰਨ ਹੋਈ ਹੈ।[36] ਮਾਤ ਲੋਕ ਦੇ ਜੀਵ ਨਿਰੰਤਰ ਤਪ ਤੇ ਕਰੜੀ ਸਾਧਨਾ ਕਰਕੇ ਇੰਦਰ ਦੀ ਪਦਵੀ ਪ੍ਰਾਪਤ ਕਰ ਸਕਦੇ ਸਨ। ਇਸ ਲਈ ਇਹ ਤਪੱਸਵੀਆਂ ਦਾ ਤੱਪ ਖੰਡਨ ਕਰਨ ਲਈ ਮਨਮੋਹਣੀਆਂ ਅਪਛਰਾਵਾਂ ਭੇਜਿਆ ਕਰਦਾ ਸੀ। ਪੁਰਾਣਾਂ ਵਿਚ ਇਸ ਪ੍ਰਸੰਗ ਵਿਚ ਕਈ ਕਥਾਵਾਂ ਦਰਜ ਹਨ।

ਪੁਰਾਣਾਂ ਵਿਚ ਇਸ ਨਾਲ ਸਬੰਧਤ ਹੋਰ ਵੀ ਬਹੁਤ ਸਾਰੀਆਂ ਕਥਾਵਾਂ ਪ੍ਰਚਲਤ ਹਨ ਜਿਨ੍ਹਾਂ ਵਿਚ ਇਸ ਦੀ ਕ੍ਰਿਸ਼ਨ ਨਾਲ ਵਿਸ਼ੇਸ਼ ਰੂਪ ਵਿਚ ਵਿਰੋਧਤਾ ਦਾ ਪ੍ਰਗਟਾਵਾ ਹੈ। ਇਕ ਵਾਰ ਜਦੋਂ ਕ੍ਰਿਸ਼ਨ ਪਾਰਜਾਤ ਬ੍ਰਿਛ ਲੈਣ ਲਈ ਸਵਰਗ ਵਿਚ ਗਿਆ ਤਾਂ ਇੰਦਰ ਨੇ ਉਸ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ, ਇਸ ਤੇ ਭਾਰੀ ਯੁੱਧ ਹੋਇਆ ਜਿਸ ਵਿਚ ਇੰਦਰ ਦਾ ਬਹੁਤ ਨੁਕਸਾਨ ਹੋਇਆ ਅਤੇ ਕ੍ਰਿਸ਼ਨ ਬ੍ਰਿਛ ਲੈ ਆਇਆ।

ਗੁਰੂ ਨਾਨਕ ਬਾਣੀ ਵਿਚ ਇੰਦਰ ਸਬੰਧੀ ਸੰਕੇਤ ਆਏ ਹਨ। ਮੁੱਖ ਰੂਪ ਵਿਚ ਗੌਤਮ-ਅਹੱਲਿਆ ਇੰਦਰ ਕਾਮ ਆਤੁਰਤਾ ਨਾਲ ਸਬੰਧਤ ਮਿਥ ਕਥਾ ਦਰਜ ਹੈ।[37] ਇਸ ਤੋਂ ਇਲਾਵਾ ਕੁਝ ਕਥਾਵਾਂ ਵੀ ਦਰਜ ਹਨ ਜਿਹੜੀਆਂ ਇੰਦਰ ਨੇ ਪੁਰਾਣਾ ਵਿਚ ਸਿਰਜੇ ਸਰੂਪ ਨੂੰ ਹੀ ਮੂਰਤੀਮਾਨ ਕਰਦੀਆਂ ਹਨ।[38] ਇਹਨਾਂ ਕਥਾਵਾਂ ਵਿਚ ਇੰਦਰ ਦੇ ਵਿਲਾਸੀ ਜੀਵਨ ਦਾ ਚਿੱਤਰ ਹੈ । ਗੁਰੂ ਨਾਨਕ ਬਾਣੀ ਵਿਚ ਇੰਦਰ ਨੂੰ ਦੇਵ ਪੱਦ ਦਾ ਅਧਿਕਾਰੀ ਨਹੀਂ ਮੰਨਿਆ ਗਿਆ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰਬਾਣੀ ਤੇ ਪੌਰਾਣਿਕ ਕਥਾਵਾਂ ਵਾਂਗ ਇੰਦਰ ਤੇ ਅਹੱਲਿਆ ਦੇ ਪ੍ਰਸੰਗ ਵੱਲ ਸੰਕੇਤ ਮਿਲਦੇ ਹਨ।[39] ਇਸ ਤੋਂ ਇਲਾਵਾ ਜਿਨ੍ਹਾਂ ਕਥਾਵਾਂ ਦੇ ਪਿਛੋਕੜ ਵਿਚ ਇੰਦਰ ਹੈ ਉਹਨਾਂ ਵੱਲ ਵੀ ਸੰਕੇਤ ਆਏ ਹਨ। ਅਖੀਰ ਵਿਚ ਇਹ ਦੱਸਿਆ ਹੈ ਕਿ ਇੰਦਰ ਰਾਜ ਕਰਦਾ ਕਰਦਾ ਥੱਕ ਗਿਆ ਹੈ ਪਰ ਉਸ ਨੇ ਨਿਰੰਕਾਰ ਦਾ ਭੇਦ ਨਹੀਂ ਪਾਇਆ।[40] ਭਾਈ ਗੁਰਦਾਸ ਲਿਖਦੇ ਹਨ ਕਿ ਇੰਦਰ ਨਾਲੋਂ ਤਾਂ ਉਹ ਗੁਰਮੁੱਖ ਚੰਗੇ ਹਨ ਜਿਨ੍ਹਾਂ ਨੇ ਪ੍ਰੇਮ ਭਗਤੀ ਕਰਕੇ ਨਿਰੰਕਾਰ ਦੇ ਭੇਦ ਨੂੰ ਲਖ ਲਿਆ ਹੈ।

## ਵਿਸ਼ਨੂੰ ਦੇ ਦਸ ਅਵਤਾਰ :

### ਮੱਛ ਅਵਤਾਰ :

ਵਿਸ਼ਨੂੰ ਦੇ ਦਸ ਅਵਤਾਰਾਂ ਵਿਚੋਂ ਇਸ ਨੂੰ ਪ੍ਰਥਮ ਮੰਨਿਆ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਇਕ ਵਾਰ ਬ੍ਰਹਮਾ ਨੇ ਆਪਣੀ ਸਭਾ ਵਿਚ ਹੰਕਾਰ ਕੀਤਾ। ਇਸ ਤੇ ਹਯਗ੍ਰੀਵ ਦੈਂਤ ਪ੍ਰਗਟ ਹੋਇਆ (ਕਈ ਥਾਵਾਂ ਤੇ ਸੰਖਾਸੁਰ ਦੈਂਤ ਦਾ ਜ਼ਿਕਰ ਇਸ ਸਬੰਧ ਵਿਚ ਆਇਆ ਹੈ) ਇਸ ਨੇ ਬ੍ਰਹਮ ਸਮੇਤ ਸਾਰਿਆਂ ਦੇਵਤਿਆਂ ਨੂੰ ਜਿੱਤ ਲਿਆ। ਬ੍ਰਹਮਾ ਪਾਸੋਂ ਵੇਦ ਖੋਹ ਲਏ ਅਤੇ ਸਮੁੰਦਰ ਵਿਚ ਜਾ ਲੁਕਿਆ। ਬ੍ਰਹਮਾ ਨੇ ਸਹਾਇਤਾ ਲਈ ਵਿਸ਼ਨੂੰ ਅੱਗੇ ਪ੍ਰਾਰਥਨਾ ਕੀਤੀ ਤੇ ਵਿਸ਼ਨੂੰ ਨੇ ਮੱਛ ਅਵਤਾਰ ਧਾਰ ਕੇ ਇਸ ਦੈਂਤ ਦਾ ਨਾਸ਼ ਕੀਤਾ ਅਤੇ ਬ੍ਰਹਮਾ ਨੂੰ ਵੇਦ ਵਾਪਸ ਦੁਆਏ। ਇਸ ਦਾ ਹੇਠਲਾ ਧੜ ਮੱਛੀ ਦਾ ਅਤੇ ਉਪਰਲਾ ਮਨੁੱਖ ਦਾ ਸੀ। ਮਾਸਟਰ ਮਹਿਤਾਬ ਸਿੰਘ ਅਨੁਸਾਰ, "ਇਕ ਅੱਪਛਰਾ ਸਰਾਪ ਕਾਰਨ ਮੱਛੀ ਬਣ ਗਈ, ਇਹ ਮੱਛੀ ਰਾਜਾ ਸਤਬ੍ਰਤ ਦੇ ਹੱਥ ਆਈ। ਜਿਸ ਜਲ ਵਿਚ ਰਾਜਾ ਇਸ ਨੂੰ ਰੱਖੇ, ਇਸ ਦਾ ਆਕਾਰ ਏਨਾ

ਵੱਡਾ ਹੋ ਜਾਏ ਕਿ ਇਹ ਉਸ ਜਲ ਵਿਚ ਸਮਾ ਨਾ ਸਕੇ ਅੰਤ ਨੂੰ ਰਾਜਾ ਇਸ ਨੂੰ ਸਮੁੰਦਰ ਵਿਚ ਲੈ ਗਿਆ। ਇਸ ਮੱਛੀ ਨੇ ਮੱਛ ਰੂਪ ਧਾਰ ਰਾਜੇ ਨੂੰ ਸੱਤਾਂ ਰਿਸ਼ੀਆਂ ਸਮੇਤ ਉਪਦੇਸ਼ ਦਿੱਤਾ ਤੇ ਇਸ ਦਾ ਹੰਕਾਰ ਦੂਰ ਕੀਤਾ। ਇਹ ਉਪਦੇਸ਼ ਮੱਛ ਪੁਰਾਣ ਵਿਚ ਦਰਜ ਹੈ।"[41] ਪੁਰਾਣਾਂ ਵਿਚ ਆਏ ਇਸ ਅਵਤਾਰ ਦੇ ਵਰਨਣਾਂ ਵਿਚ ਥੋੜਾ ਜਿਹਾ ਭੇਦ ਮਿਲਦਾ ਹੈ । ਇਸ ਅਵਤਾਰ ਦਾ ਪ੍ਰਯੋਜਨ ਮਨੁੱਖ ਜਾਤੀ ਦੇ ਸਿਰਜਨਹਾਰ ਵੈਣ ਸੂਵਤ (ਸਤਵੇਂ ਮੰਨੂ) ਨੂੰ ਜਲ ਪ੍ਰਲਯ ਤੋਂ ਬਚਾਉਣਾ ਸੀ। ਮਨੂੰ ਦੇ ਹੱਥਾਂ ਵਿਚ ਇਕ ਛੋਟੀ ਜਿਹੀ ਮੱਛੀ ਆ ਗਈ, ਜਿਸ ਨੇ ਆਪਣੀ ਰੱਖਿਆ ਲਈ ਬੇਨਤੀ ਕੀਤੀ, ਮੰਨੂ ਨੇ ਉਸ ਦੀ ਰੱਖਿਆ ਕੀਤੀ। ਹੌਲੀ ਹੌਲੀ ਮੱਛੀ ਦਾ ਆਕਾਰ ਏਨਾ ਵੱਡਾ ਹੋ ਗਿਆ ਕਿ ਉਸ ਨੂੰ ਕੇਵਲ ਸਮੁੰਦਰ ਹੀ ਸਾਂਭ ਸਕਦਾ ਸੀ। ਇਸ ਤੋਂ ਮੰਨੂ ਨੇ ਇਸ ਦਾ ਦੇਵਤੱਵ ਪਛਾਣ ਲਿਆ ਅਤੇ ਵਿਸ਼ਨੂੰ ਦਾ ਅਵਤਾਰ ਸਮਝ ਕੇ ਇਸ ਦੀ ਅਰਾਧਨਾ ਕੀਤੀ। ਵਿਸ਼ਨੂੰ ਦੇ ਅਵਤਾਰ ਨੇ ਮੰਨੂ ਨੂੰ ਆਉਣ ਵਾਲੀ ਜਲ ਪ੍ਰਲੈ ਪ੍ਰਤੀ ਜਾਣੂ ਕਰਾਇਆ ਅਤੇ ਉਸ ਨੂੰ ਤਿਆਰ ਰਹਿਣ ਲਈ ਕਿਹਾ। ਜਦੋਂ ਜਲ ਪ੍ਰਲੈ ਆਈ ਤਾਂ ਮੰਨੂ ਰਿਸ਼ੀਆਂ ਅਤੇ ਜੀਵਾਂ/ ਜੰਤੂਆਂ ਸਮੇਤ ਇਕ ਕਿਸ਼ਤੀ ਵਿਚ ਬੈਠ ਗਿਆ ਉਸ ਸਮੇਂ ਵਿਸ਼ਨੂੰ ਇਕ ਵੱਡੇ ਸਿੰਗ ਵਾਲੇ ਮੱਛ ਦੇ ਰੂਪ ਵਿਚ ਪ੍ਰਗਟ ਹੋਏ ਅਤੇ ਉਸ ਕਿਸਤੀ ਨੂੰ ਵੱਡੇ ਸੱਪ ਦੀ ਰੱਸੀ ਬਣਾ ਕੇ ਮੱਛ ਦੇ ਸਿੰਗ ਨਾਲ ਬੰਨ੍ਹ ਦਿੱਤੀ ਇਸ ਤਰ੍ਹਾਂ ਕਿਸ਼ਤੀ ਸੁਰਖਿਅਤ ਹੋ ਗਈ ਅਤੇ ਤੂਫਾਨ ਗੁਜਰ ਗਿਆ।[42]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਸਬੰਧੀ ਸੰਕੇਤ ਆਇਆ ਹੈ ਕਿ ਵਿਸ਼ਨੂੰ ਨੇ ਮੱਛ ਰੂਪ ਵਿਚ ਅਵਤਾਰ ਧਾਰਿਆ ਅਤੇ ਵੇਦਾਂ ਦਾ ਉਧਾਰ ਕੀਤਾ :

ਮੱਛ ਰੂਪ ਅਵਤਾਰੁ ਧਾਰਿ ਪੁਰਖਾਰਥੁ ਕਰਿ ਵੇਦ ਉਧਾਰੇ।
- - - - - - - - - - - - - - -
- - - - - - - - - - - - - - - -
ਚਰਨ ਕਮਲ ਗੁਰ ਅਗਮ ਅਪਾਰੇ।[43]

ਭਾਈ ਗੁਰਦਾਸ ਨੇ ਮੱਛ ਅਵਤਾਰ ਦਾ ਵਰਨਣ ਕਰਦਿਆਂ ਨਾਲ ਇਹ ਕਿਹਾ ਹੈ ਕਿ ਇਸ ਅਵਤਾਰ ਨੇ ਗੁਰਚਰਨਾਂ ਦੇ ਪ੍ਰਤਾਪ ਨੂੰ ਨਹੀਂ ਜਾਣਿਆ। ਗੁਰਚਰਨਾਂ ਦੀ ਸੇਵਾ ਸਫਲ ਹੁੰਦੀ ਹੈ। ਇਸ ਲਈ ਅਵਤਾਰਾਂ ਦੀ ਪੂਜਾ ਕਰਨ ਨਾਲੋਂ ਗੁਰਚਰਨਾਂ ਦੀ ਅਰਾਧਨਾ ਕਰਨੀ ਸ੍ਰੇਸ਼ਟ ਹੈ।

ਕੱਛ ਅਵਤਾਰ :

ਵਿਸ਼ਨੂੰ ਦਾ ਇਕ ਅਵਤਾਰ ਜੋ ਪਰਾ ਇਤਿਹਾਸਕ ਕਾਲ ਵਿਚ ਕਛੂਕੁੰਮੇ ਦੇ ਰੂਪ ਵਿਚ ਹੋਇਆ।[44] ਦੁਰਬਾਸਾ ਰਿਸ਼ੀ ਦੇ ਸਰਾਪ ਨਾਲ ਜਦੋਂ ਲੱਛਮੀ ਸਮੁੰਦਰ ਵਿਚ ਗੁੰਮ ਹੋ ਗਈ ਤਾਂ ਸਮੁੰਦਰ ਮੰਥਨ ਸਮੇਂ ਵਿਸ਼ਨੂੰ ਨੇ ਕੱਛ (ਕੂਮਾ) ਅਵਤਾਰ ਵਿਚ ਮੰਦਰਾਚਲ ਦੀ ਮਧਾਣੀ ਨੂੰ ਪਿੱਠ ਦਾ ਸਹਾਰਾ ਦੇ ਕੇ ਥੱਲੇ ਜਾਣ ਤੋਂ ਬਚਾ ਲਿਆ ਅਤੇ ਸਮੁੰਦਰ ਵਿਚੋਂ ਲੱਛਮੀ ਸਮੇਤ 14 ਰਤਨ ਕੱਢਣ ਵਿਚ ਦੇਵਤਿਆਂ ਅਤੇ ਦੈਂਤਾਂ ਦੀ ਸਹਾਇਤਾ ਕੀਤੀ। ਵਿਸ਼ਨੂੰ ਪੁਰਾਣ ਵਿਚ ਵਿਸ਼ਵ ਦੀ ਰੱਖਿਆ ਲਈ ਲਏ ਗਏ ਇਸ ਅਵਤਾਰ ਦਾ ਸੰਕੇਤ ਦਰਜ ਹੈ।[45] ਜੋਨ ਡੋਸਨ ਅਨੁਸਾਰ ਵਿਸ਼ਨੂੰ ਪਿਛਲੇਰੇ ਅਤੇ ਵਿਕਸਤ ਰੂਪ ਵਿਚ, ਮੱਛ ਦਾ ਰੂਪ ਧਾਰ ਕੇ ਸਤਿਯੁੱਗ ਵਿਚ ਜਲ ਪਰਲਯ ਦੁਆਰਾ ਗੁਆਚੀਆਂ ਹੋਈਆਂ ਅਮੁੱਲ ਵਸਤੂਆਂ ਨੂੰ ਲੱਭਣ ਲਈ ਪ੍ਰਗਟ ਹੋਏ। ਇਸ ਤਰ੍ਹਾਂ ਕੱਛ ਦੇ ਰੂਪ ਵਿਚ ਇਹ ਦੁੱਧ ਦੇ ਸਮੁੰਦਰ ਦੇ ਥੱਲੇ ਖੜ ਗਏ ਅਤੇ ਮੰਦਰ ਪਰਬਤ ਨੂੰ ਆਪਣੀ ਪਿੱਠ ਉਤੇ ਰੱਖ ਲਿਆ । ਦੇਵਾਂ ਅਤੇ ਦਾਨਵਾਂ ਨੇ ਮਹਾਂ ਨਾਗ-ਵਾਸੁਕੀ ਨੂੰ ਇਸ ਪਰਬਤ ਦੇ ਆਲੇ ਦੁਆਲੇ ਲਪੇਟ ਕੇ ਰੱਸੇ ਵਾਂਗ ਸੱਪ ਦਾ ਇਕ ਇਕ ਸਿਰਾ ਫੜ ਕੇ ਸਮੁੰਦਰ ਮੰਥਨ ਕੀਤਾ ਅਤੇ ਚੌਦਾਂ ਰਤਨ ਪੈਦਾ ਕੀਤੇ।[46]

ਗੁਰੂ ਨਾਨਕ ਬਾਣੀ ਵਿਚ ਸੱਚੇ ਪ੍ਰਭੂ ਦੀ ਉਸਤਤ ਤੇ ਸ਼ਕਤੀਸ਼ਾਲੀ ਪ੍ਰਤਿਭਾ ਦੇ ਅੰਤਰ-ਗਤ ਮੱਛ ਤੇ ਕੱਛ ਦਾ ਵਰਨਣ ਆਇਆ ਹੈ।

ਆਪੇ ਭਵਰੁ ਫੁਲੁ ਫੁਲੁ ਤਰਵਰੁ। ਆਪੇ ਜਲੁ ਥਲੁ ਸਾਗਰੁ ਸਰਵਰ।
ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ।[47]

ਇਨ੍ਹਾਂ ਸੰਕੇਤਾਂ ਤੋਂ ਮੱਛ ਤੇ ਕੱਛ ਦੇ ਅਵਤਾਰ ਦੀ ਮਹੱਤ ਪ੍ਰਗਟ ਨਹੀਂ ਹੁੰਦੀ। ਗੁਰੂ ਸਾਹਿਬ ਨੇ ਮੱਛ ਤੇ ਕੱਛ ਨੂੰ ਸਿਰਜਨਾ ਦੇ ਸਾਧਾਰਣ ਕਰਮ ਵਿਚ ਰੱਖਦੇ ਹੋਏ, ਕੋਈ ਵਿਸ਼ੇਸ਼ ਮਹੱਤਵ ਨਹੀਂ ਦਿੱਤਾ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਆਏ ਹਨ ਕਿ ਵਿਸ਼ਨੂੰ ਨੇ ਕੱਛ ਰੂਪ ਦਾ ਅਵਤਾਰ ਧਾਰ ਕੇ ਸਮੁੰਦਰ ਮੰਥਨ ਕਰਨ ਵਿਚ ਸਹਾਇਤਾ ਕੀਤੀ ਅਤੇ ਜਗਤ ਉਤੇ ਚੌਦਾਂ ਰਤਨ ਪਸਾਰੇ ਹਨ।

ਕਛੁ ਰੂਪ ਹੁਇ ਅਵਤਰੇ ਸਾਗਰੁ ਮਥਿ ਜਗਿ ਰਤਨ ਪਸਾਰੇ।

- - - - - - - - - - - - - - - - - - - - - - - -

- - - - - - - - - - - - - - - - - - - - -

ਲਖ ਕਰੋੜਿ ਇਵੇਹਿਆਂ ਓਅੰਕਾਰ ਆਧਾਰ ਸਵਾਰੇ।

ਚਰਨ ਕਮਲ ਗੁਰ ਅਗਮ ਅਪਾਰੇ।[48]

ਇਸ ਪਾਉੜੀ ਦੇ ਅਖੀਰ ਵਿਚ ਭਾਈ ਗੁਰਦਾਸ ਇਹ ਲਿਖਦੇ ਹਨ ਕਿ ਨਿਰੰਕਾਰ ਨੇ ਲੱਖਾਂ ਕਰੋੜਾਂ ਇਹੋ ਜਿਹੇ ਆਕਾਰ (ਅਵਤਾਰ) ਸਵਾਰੇ ਹੋਏ ਹਨ ਪਰ ਗੁਰਚਰਨਾਂ ਦਾ ਪ੍ਰਤਾਪ ਇਨ੍ਹਾਂ ਦੀ ਪਹੁੰਚ ਤੋਂ ਦੂਰ ਹੈ।

ਵਰਾਹ ਅਵਤਾਰ :

ਇਹ ਵਿਸ਼ਨੂੰ ਦਾ ਤੀਜਾ ਅਵਤਾਰ ਹੈ। ਇਕ ਵਾਰ ਹਰਣਯਾਕਸ਼ ਦੈਂਤ ਨੇ ਸਭ ਦੇਵਤੇ ਜਿੱਤ ਲਏ ਅਤੇ ਧਰਤੀ ਨੂੰ ਚੁੱਕ ਕੇ ਸਮੁੰਦਰ ਹੇਠਾਂ ਪਾਤਾਲ ਵਿਚ ਜਾ ਲੁਕਿਆ। ਇਸ ਨੇ ਸਾਰੇ ਪਹਾੜ ਧਰਤੀ ਦੇ ਆਲੇ ਦੁਆਲੇ ਖੜ੍ਹੇ ਕਰ ਲਏ। ਬ੍ਰਹਮਾ ਤੇ ਦੇਵਤਿਆਂ ਦੀ ਇਹ ਦਸ਼ਾ ਦੇਖ ਕੇ ਵਿਸ਼ਨੂੰ ਨੇ ਵਰਾਹ (ਸੂਰ) ਅਵਤਾਰ ਧਾਰਿਆ ਅਤੇ ਜਿਥੇ ਦੈਂਤ ਲੁਕਿਆ ਬੈਠਾ ਸੀ, ਉਥੇ ਪੁੱਜ ਕੇ ਆਪਣੀ ਸੁੰਡ ਦੀ ਇਕੋ ਹੁੰਡ ਨਾਲ ਸਾਰੇ ਪਹਾੜ ਹਟਾ ਦਿੱਤੇ। ਦੈਂਤ ਨਾਲ ਯੁੱਧ ਕੀਤਾ ਅਤੇ ਉਸ ਨੂੰ ਮਾਰ ਕੇ ਧਰਤੀ ਆਪਣਿਆਂ ਦਾੜ੍ਹਾਂ ਤੇ ਚੁੱਕ ਕੇ ਅਸਲੀ ਥਾਂ ਤੇ ਆ ਰੱਖੀ ਤੇ ਇਉਂ ਦੇਵਤਿਆਂ ਦੀ ਰੱਖਿਆ ਕੀਤੀ।[49] ਭਾਈ ਗੁਰਦਾਸ ਦੀਆਂ ਵਾਰਾਂ ਵਿਚ ਉਪਰੋਕਤ ਕਥਾ ਨਾਲ ਮਿਲਦਾ ਜੁਲਦਾ ਸੰਕੇਤ ਦਰਜ ਹੈ ਕਿ ਵਿਸ਼ਨੂੰ ਨੇ ਤੀਜਾ ਵਰਾਹ ਰੂਪ ਧਾਰ ਕੇ ਧਰਤੀ ਦਾ ਉਧਾਰ ਕੀਤਾ ਭਾਵ ਸਮੁੰਦਰ ਵਿਚ ਕੱਢੀ ਅਤੇ ਹਰਨਾਕਸ਼ਪ ਦੈਂਤ ਦਾ ਸੰਘਾਰ ਕੀਤਾ। ਪਰ ਇਸ ਦੀ ਪਹੁੰਚ ਤੋਂ ਗੁਰੂ ਚਰਨਾਂ ਦਾ ਪ੍ਰਤਾਪ ਅਪਾਰ ਤੇ ਅਗਮ ਹੈ।

ਤੀਜਾ ਕਰਿ ਬੈਰਾਹ ਰੂਪੁ ਧਰਤਿ ਉਧਾਰੀ ਦੈਂਤ ਸੰਘਾਰੇ।

ਚਰਨ ਕਮਲੁ ਗੁਰ ਅਗਮ ਅਪਾਰੇ।[50]

ਭਾਈ ਗੁਰਦਾਸ ਨੇ ਇਹ ਵਿਚਾਰ ਦੱਸਿਆ ਹੈ ਕਿ ਵਿਸ਼ਨੂੰ ਦੇ ਇਸ ਅਵਤਾਰ ਦੀ ਮਾਨਤਾ ਜਾਂ ਪੂਜਾ ਕਰਨ ਨਾਲੋਂ ਗੁਰਚਰਨਾਂ ਨਾਲ ਜੁੜਨਾ ਲਾਹੇਵੰਦ ਹੈ, ਕਿਉਂਕਿ ਗੁਰਚਰਨਾਂ ਦੀ

ਅਰਾਧਨਾ ਸਰਬ ਸ੍ਰੇਸ਼ਟ ਹੈ।

## ਨਰ ਸਿੰਹ ਅਵਤਾਰ :

ਨਰ ਸਿੰਹ ਅਵਤਾਰ ਦੀ ਕਥਾ ਪੰਜਾਬ ਵਿਚ ਲੋਕ-ਕਥਾ ਦਾ ਦਰਜਾ ਰੱਖਦੀ ਹੈ। ਜੋਨ ਡੋਸਨ ਅਨੁਸਾਰ ਇਹ ਅਵਤਾਰ ਵਿਸ਼ਨੂੰ ਨੇ ਹਿਰਣਯਕਸ਼ਿਪ ਨਾਂ ਦੇ ਦੈਂਤ ਦੇ ਅਤਿਆਚਾਰਾਂ ਤੋਂ ਪ੍ਰਿਥਵੀ ਨੂੰ ਬਚਾਉਣ ਲਈ ਧਾਰਨ ਕੀਤਾ ਸੀ। ਇਹ ਦੈਂਤ ਬ੍ਰਹਮਾ ਦੇ ਵਰ ਨਾਲ ਅਜੇਯ ਹੋ ਗਿਆ ਅਤੇ ਦੇਵਤਿਆਂ, ਮਨੁੱਖਾਂ, ਪਸ਼ੂਆਂ ਆਦਿ ਕਿਸੇ ਤੋਂ ਵੀ ਮਾਰਿਆ ਨਹੀਂ ਜਾ ਸਕਦਾ ਸੀ। ਇਸ ਦਾ ਪੁੱਤਰ ਪ੍ਰਹਿਲਾਦ ਵਿਸ਼ਨੂੰ ਦਾ ਬੜਾ ਭਗਤ ਸੀ, ਜਿਸ ਕਰਕੇ ਉਸ ਦਾ ਪਿਤਾ ਉਸ ਤੇ ਬਹੁਤ ਗੁੱਸੇ ਰਹਿੰਦਾ ਸੀ। ਹਿਰਣਯਕਸ਼ਿਪ ਨੇ ਪ੍ਰਹਿਲਾਦ ਨੂੰ ਮਾਰਨ ਦੀ ਬੜੀ ਕੋਸ਼ਿਸ਼ ਕੀਤੀ, ਪਰ ਅਸਫਲ ਰਿਹਾ। ਉਸ ਨੇ ਵਿਸ਼ਨੂੰ ਦੇ ਸਰਬ ਸ਼ਕਤੀਮਾਨ ਅਤੇ ਸਰਵ ਵਿਆਪਕ ਹੋਣ ਤੋਂ ਮੁਨਕਰ ਹੁੰਦਿਆਂ ਪ੍ਰਹਿਲਾਦ ਨੂੰ ਇਕ ਪੱਥਰ ਦੇ ਥੰਮ ਨਾਲ ਬੰਨ ਦਿਤਾ ਅਤੇ ਕਿਹਾ ਕਿ ਇਸ ਵਿਚੋਂ ਵਿਸ਼ਨੂੰ ਪ੍ਰਗਟ ਹੋ ਕੇ ਵਿਖਾਵੇ। ਪ੍ਰਹਿਲਾਦ ਦਾ ਬਦਲਾ ਚੁਕਾਉਣ, ਅਤੇ ਦੈਂਤ ਵਲੋਂ ਆਪਣੀ ਪ੍ਰਭੁਤਾ ਦੇ ਹੋਏ ਅਪਮਾਨ ਨੂੰ ਦੂਰ ਕਰਨ ਲਈ ਵਿਸ਼ਨੂੰ ਥੰਮ ਵਿਚੋਂ ਨਰ ਸਿੰਹ (ਅੱਧਾ ਮਨੁੱਖ ਤੇ ਅੱਧਾ ਸ਼ੇਰ) ਦੇ ਰੂਪ ਵਿਚ ਪ੍ਰਗਟ ਹੋਇਆ ਅਤੇ ਅਹੰਕਾਰੀ ਦੈਂਤ ਦਾ ਸੰਘਾਰ ਕੀਤਾ।[51]

ਗੁਰੂ ਨਾਨਕ ਬਾਣੀ ਵਿਚ ਨਰ ਸਿੰਹ ਅਵਤਾਰ ਦਾ ਵਰਨਣ ਮਿਲਦਾ ਹੈ। ਹਰਨਾਖਸ਼ ਦੇ ਦੁਰਾਚਾਰ, ਪ੍ਰਹਿਲਾਦ ਦੀ ਭਗਤੀ, ਹਰਨਾਖਸ਼ ਦਾ ਗਰਬ ਪਰਿਹਾਰ ਅਤੇ ਪ੍ਰਹਿਲਾਦ ਦਾ ਉਧਾਰ ਆਦਿ ਕਥਾ ਰਾਹੀਂ ਇਸ ਅਵਤਾਰ ਦਾ ਸੰਕੇਤ ਸਪਸ਼ਟ ਰੂਪ ਵਿਚ ਉਘੜਿਆ ਹੈ। ਪਰ ਪ੍ਰਭੂ ਨਾਰਾਇਣ ਆਪ ਇਸ ਵਿਚ ਹੈ:

> ਦੁਰਮਤਿ ਹਰਣਾਖਸ਼ ਦੁਰਾਚਾਰੀ। ਪ੍ਰਭੁ ਨਾਰਾਇਣ ਗਰਬ ਪ੍ਰਹਾਰੀ।
> ਪ੍ਰਹਲਾਦ ਉਧਾਰੇ ਕਿਰਪਾ ਧਾਰੀ।[52]

ਗੁਰੂ ਨਾਨਕ ਬਾਣੀ ਵਿਚ ਅਵਤਾਰਵਾਦ ਦਾ ਸਮਰਥਨ ਨਹੀਂ ਕੀਤਾ ਗਿਆ ਪਰ ਜਿਥੇ ਪ੍ਰਭੂ ਅਵਤਾਰ ਧਾਰ ਕੇ ਭਗਤਾਂ ਦੀ ਸਹਾਇਤਾ ਕਰਦਾ ਹੈ, ਉਥੇ ਗੁਰੂ ਸਾਹਿਬ ਨੇ ਅਵਤਾਰ ਦੀ ਹੋਂਦ ਨੂੰ ਵੰਗਾਰਿਆ ਨਹੀਂ, ਉਸ ਵਿਚ ਪ੍ਰਭੂ ਦੀ ਹੋਂਦ ਨੂੰ ਮੰਨਿਆ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਸਬੰਧੀ ਹਵਾਲੇ ਆਏ ਹਨ ਕਿ ਵਿਸ਼ਨੂੰ ਨੇ ਚੌਥਾ ਅਵਤਾਰ ਨਰ ਸਿੰਘ ਰੂਪ ਵਿਚ ਧਾਰ ਕੇ ਹਰਨਾਖਸ਼ ਦੈਂਤ ਨੂੰ ਮਾਰਿਆ ਅਤੇ ਆਪਣੇ ਪ੍ਰਹਿਲਾਦ ਭਗਤ ਦੀ ਰੱਖਿਆ ਕੀਤੀ:

ਚਉਥਾ ਕਰਿ ਨਰਸਿੰਘ ਰੂਪੁ ਅਸੁਰੁ ਮਾਰਿ ਪ੍ਰਹਿਲਾਦਿ ਉਧਾਰੇ।[53]

ਵਾਮਨ ਅਵਤਾਰ :

ਇਹ ਵਿਸ਼ਨੂੰ ਦਾ ਪੰਜਵਾਂ ਅਵਤਾਰ ਸੀ ਜੋ ਇੰਦਰ ਦੀ ਰੱਖਿਆ ਲਈ ਅਤੇ ਦਾਨੀ ਬਲਿ ਰਾਜਾ ਦਾ ਹੰਕਾਰ ਤੋੜਨ ਲਈ ਧਾਰਿਆ ਗਿਆ ਸੀ। ਜੋਨ ਡੋਸਨ ਅਨੁਸਾਰ ਤ੍ਰੇਤਾ ਯੁੱਗ ਵਿਚ ਦੈਂਤ ਰਾਜਾ ਬਲਿ ਨੇ ਆਪਣੀ ਭਗਤੀ ਤੇ ਤਪੱਸਿਆ ਨਾਲ ਤਿੰਨਾਂ ਲੋਕਾਂ ਦੀ ਬਾਦਸ਼ਾਹੀ ਪ੍ਰਾਪਤ ਕਰ ਲਈ ਅਤੇ ਇਸ ਕਾਰਨ ਦੇਵਤੇ ਲੋਕ ਆਪਣੀ ਸ਼ਕਤੀ ਤੇ ਸਤਿਕਾਰ ਤੋਂ ਵਾਂਝੇ ਹੋ ਗਏ ਸਨ। ਇਸ ਨੂੰ ਦੂਰ ਕਰਨ ਲਈ ਵਿਸ਼ਨੂੰ ਨੇ ਕਸ਼ਯਪ ਤੇ ਅਦਿੱਤੀ ਦੇ ਘਰ ਛੋਟੇ ਪੁੱਤਰ ਦੇ ਰੂਪ ਵਿਚ ਜਨਮ ਲਿਆ। ਇਹ ਵਾਮਨ ਅਵਤਾਰ ਬਲਿ ਰਾਜੇ ਕੋਲ ਗਿਆ ਅਤੇ ਉਸ ਕੋਲੋਂ ਆਪਣੇ ਰਹਿਣ ਲਈ ਤਿੰਨ ਕਦਮ (ਕਈ ਢਾਈ ਕਹਿੰਦੇ ਹਨ) ਧਰਤੀ ਦੀ ਮੰਗ ਕੀਤੀ। ਦਾਨੀ ਰਾਜੇ ਨੇ ਉਸ ਦੀ ਬੇਨਤੀ ਮੰਨ ਲਈ। ਵਿਸ਼ਨੂੰ ਨੇ ਪ੍ਰਿਥਵੀ ਤੇ ਸਵਰਗ ਨੂੰ ਦੋਹਾਂ ਕਦਮਾਂ ਵਿਚ ਹੀ ਮਿਣ ਲਿਆ, ਪਰ ਦਾਨੀ ਰਾਜੇ ਦੀ ਦਾਨ ਸ਼ੀਲਤਾ ਦਾ ਖਿਆਲ ਰੱਖਦਿਆਂ ਉਨ੍ਹਾਂ ਨੇ ਪਾਤਾਲ ਦੀ ਬਾਦਸ਼ਾਹੀ ਉਸ ਕੋਲ ਰਹਿਣ ਦਿੱਤੀ।[54]

ਗੁਰੂ ਨਾਨਕ ਬਾਣੀ ਵਿਚ ਵਾਮਨ ਅਵਤਾਰ ਬਾਰੇ ਸੰਕੇਤ ਉਪਰੋਕਤ ਕਥਾ ਦੇ ਪ੍ਰਸੰਗ ਵਿਚ ਹੀ ਆਏ ਹਨ ਕਿ ਵਾਮਨ ਅਵਤਾਰ ਨੇ ਬਲਿ ਰਾਜਾ ਨੂੰ ਬਹਾਨੇ ਨਾਲ ਛਲਿਆ:

ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੇ।
ਕਿਉਂ ਪਇਅਲਿ ਜਾਇ ਛਲੀਐ ਜੇ ਬਲਿ ਰੂਪ ਪਛਾਣੇ।[55]

ਬਲਿ ਦੇ ਛਲੇ ਜਾਣ ਦਾ ਕਾਰਣ ਉਸ ਦਾ ਹੰਕਾਰੀ ਹੋਣਾ ਦੱਸਿਆ ਹੈ:

ਬਲਿ ਰਾਜਾ ਮਾਇਆ ਹੰਕਾਰੀ। ਜਗਨ ਕਰੈ ਬਹੁ ਭਾਰ ਅਫਾਰੀ।
ਬਿਨ ਗੁਰ ਪੂਛੇ ਜਾਇ ਪਇਆਰੀ।[56]

ਉਪਰੋਕਤ ਪ੍ਰਸੰਗਾਂ ਵਿਚ ਗੁਰੂ ਸਾਹਿਬ ਨੇ ਕਿਤੇ ਵੀ ਅਵਤਾਰ ਪ੍ਰਤੀ ਨਿਸ਼ਠਾ ਦਾ ਪ੍ਰਗਟਾਵਾ ਨਹੀਂ ਕੀਤਾ। ਅਵਤਾਰ ਦੀ ਵਡਿਆਈ ਉਧਾਰ ਵਿਚ ਤਾਂ ਹੈ, ਪਰ ਛਲ-ਉਧਾਰ ਵਿਚ ਨਹੀਂ। ਜੇ ਬਲਿ ਰਾਜਾ ਗੁਰੂ ਸਿੱਖਿਆ ਅਨੁਸਾਰ ਚਲਦਾ ਤਾਂ ਕਦੇ ਵੀ ਛਲਿਆ ਨਾ ਜਾਂਦਾ। ਇਸ ਪ੍ਰਕਾਰ ਇਥੇ ਅਵਤਾਰ ਦੀ ਮਹੱਤਤਾ ਨਾਲੋਂ ਗੁਰੂ ਦੀ ਮਹੱਤਤਾ ਉਤੇ ਵਧੇਰੇ ਜ਼ੋਰ ਹੈ।

ਭਾਈ ਗੁਰਦਾਸ ਨੇ ਉਪਰੋਕਤ ਮਿਥ ਕਥਾ ਬਾਰੇ ਵਾਰਾਂ ਵਿਚ ਵਿਸਥਾਰ ਸਹਿਤ ਬਿਆਨ ਕੀਤਾ ਹੈ। ਕਿ ਵਿਸ਼ਨੂੰ ਬਲਿ ਰਾਜਾ ਨੂੰ ਛੱਡਨ ਵਾਸਤੇ ਛੋਟਾ ਰੂਪ (ਵਾਮਨ ਅਵਤਾਰ) ਧਾਰ ਕੇ ਆਇਆ, ਪਰ ਬਲਿ ਰਾਜਾ ਕੋਲੋਂ ਆਪ ਛਲਿਆ ਗਿਆ। ਪਹਿਲਾਂ ਢਾਈ ਕਦਮ ਧਰਤੀ ਦੀ ਮੰਗ ਕੀਤੀ ਅਤੇ ਮਗਰੋਂ ਮਿਣਨ ਸਮੇਂ ਸਰੀਰ ਏਨਾ ਵਧਾ ਲਿਆ ਕਿ ਤਿੰਨਾਂ ਲੋਕਾਂ ਨੂੰ ਦੋ ਕਦਮਾਂ ਵਿਚ ਮਿਣ ਲਿਆ, ਅੱਧੇ ਕਦਮ ਨਾਲ ਬਲਿ ਨੇ ਆਪਣਾ ਸਰੀਰ ਮਿਣਵਾਇਆ। ਬਲਿ ਨੇ ਪਾਤਾਲ ਲੋਕ ਦੇ ਰਾਜ ਨੂੰ ਸਵਰਗਾਂ ਤੋਂ ਚੰਗਾ ਜਾਣ ਕੇ ਲਿਆ। ਜਦ ਵਾਮਨ ਜਾਣ ਲੱਗਾ ਤਾਂ ਬਲਿ ਨੇ ਉਸ ਨੂੰ ਇਕਰਾਰ ਯਾਦ ਕਰਾਇਆ ਕਿ ਮੈਂ (ਵਾਮਨ) ਤੇਰੇ ਦੁਆਰ ਤੇ ਪਹਿਰਾ ਦੇਵਾਂਗਾ ਤਾਂ ਵਿਸ਼ਨੂੰ, ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਤਿੰਨਾਂ ਰੂਪਾਂ ਵਿਚ ਬਲਿ ਰਾਜਾ ਦਾ ਦਰਬਾਨ ਬਣਿਆ। ਇਸ ਕਥਾ ਦੇ ਅਖੀਰ ਵਿਚ ਭਾਈ ਗੁਰਦਾਸ ਦਾ ਕਥਨ ਹੈ ਕਿ ਸਾਧ ਸੰਗਤ ਦੀ ਧੂੜ ਬੰਧਨ ਤੋਂ ਮੁਕਤ ਕਰਦੀ ਹੈ ਅਤੇ ਵਾਮਨ ਅਵਤਾਰ ਵੀ ਪਹਿਰੇਦਾਰੀ ਦੇ ਬੰਧਨਤੋਂ ਮੁਕਤ ਹੋਣ ਲਈ ਸਾਧ ਸੰਗਤ ਦੀ ਚਰਨ ਧੂੜ ਦੀ ਇੱਛਾ ਕਰਦਾ ਹੈ।[57] ਇਸ ਲਈ ਸਾਧ ਸੰਗਤ ਇਸ ਤੋਂ ਉੱਤਮ ਹੈ।

ਪਰਸਰਾਮ ਅਵਤਾਰ :

ਪਰਸਰਾਮ ਨੂੰ ਵਿਸ਼ਨੂੰ ਦਾ ਛੇਵਾਂ ਅਵਤਾਰ ਮੰਨਿਆ ਜਾਂਦਾ ਹੈ। ਇਹ ਮਹਾਂਰਿਸ਼ੀ ਜਮਦਗਨੀ ਦਾ ਪੰਜਵਾਂ ਪੁੱਤਰ ਸੀ। ਵਿਸ਼ਨੂੰ ਨੇ ਅਵਤਾਰ ਤ੍ਰੇਤਾ ਯੁੱਗ ਵਿਚ ਜਮਦਗਨੀ ਰਿਸ਼ੀ ਦੇ ਘਰ ਬ੍ਰਾਹਮਣਾਂ ਨੂੰ ਅਹੰਕਾਰੀ ਕਸ਼ਤਰੀਆਂ ਦੀ ਅਧੀਨਤਾ ਤੋਂ ਮੁਕਤੀ ਦੁਆਉਣ ਲਈਧਾਰਿਆ ਸੀ। ਰਾਮਾਇਣ ਅਨੁਸਾਰ, 'ਕਾਰਤਵੀਰ' ਰਾਜਾ, ਜਮਦਗਨੀ ਰਿਸ਼ੀ ਦੀ ਗੈਰ ਹਾਜਰੀ ਵਿਚ ਉਸ ਦੇ ਆਸ਼ਰਮ ਵਿਚ ਆਇਆ। ਉਸ ਦੀ ਪਤਨੀ ਰੇਣੁਕਾ ਨੇ ਰਾਜੇ ਦੀ ਬੜੀ ਸੇਵਾ ਕੀਤੀ, ਜਾਂਦੇ ਸਮੇਂ ਰਾਜੇ ਦਾ ਮਨ ਕਾਮਧੇਨ ਗਊ ਅਤੇ ਪਾਰਜਾਤ ਬ੍ਰਿਛ ਉਪਰ ਆ ਗਿਆ ਅਤੇ ਉਹ ਉਹਨਾਂ ਨੂੰ ਨਾਲ ਲੈ ਤੁਰਿਆ। ਸ੍ਰੀ ਰਾਮ ਨੂੰ ਬੜਾ ਗੁੱਸਾ ਆਇਆ, ਉਹਨਾਂ ਨੇ ਰਾਜੇ ਦਾ ਨਾਸ਼

ਕਰ ਦਿੱਤਾ । ਜਦੋਂ 'ਕਾਰਥਵੀਰ' ਦੇ ਪੁੱਤਰਾਂ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਰਿਸ਼ੀ ਦੀ ਹੱਤਿਆ ਕਰ ਦਿੱਤੀ। ਪਰਸਰਾਮ ਜਦੋਂ ਘਰ ਆਇਆ ਤਾਂ ਉਸ ਨੂੰ ਬਹੁਤ ਗੁੱਸਾ ਆਇਆਅਤੇ ਉਸ ਨੇ ਕਸ਼ੱਤ੍ਰੀਆਂ ਦਾ ਨਾਸ਼ ਕਰਕੇ ਰਾਜ ਬ੍ਰਾਹਮਣਾ ਨੂੰ ਦੇ ਦਿੱਤਾ। ਪਰਸਰਾਮ ਨੇ ਇੱਕੀ ਵਾਰ ਕਸ਼ੱਤਰੀਆਂ ਦਾ ਨਾਸ਼ ਕੀਤਾ।[58] ਇਕ ਹੋਰ ਕਥਾ ਪ੍ਰਸਿੱਧ ਹੈ ਕਿ ਇਕ ਵਾਰ ਜਮਦਗਨੀ ਰਿਸ਼ੀ ਆਪਣੀ ਪਤਨੀ ਰੇਣੁਕਾ ਨਾਲ ਗੁੱਸੇ ਹੋ ਗਿਆ ਅਤੇ ਪਰਸੁਰਾਮ ਨੂੰ ਹੁਕਮ ਦਿੱਤਾ ਕਿ ਉਹ ਆਪਣੀ ਮਾਂ ਨੂੰ ਵੱਢ ਦੇਵੇ। ਪਰਸਰਾਮ ਨੇ ਆਗਿਆ ਦਾ ਪਾਲਣ ਕੀਤਾ।[59] ਪਿਤਾ ਨੇ ਇਸ ਉਤੇ ਉਸਨੂੰ ਤੂੰ ਅਜਿੱਤ ਹੈ ਅਤੇ ਕੇਵਲ ਸਵੈ ਇੱਛਾ ਅਨੁਸਾਰ ਹੀਮਰ ਸਕਦਾ ਹੈਂ ਦਾ ਵਰਦਾਨ ਦਿੱਤਾ। ਇਸ ਦੇ ਕਹਿਣ ਤੇ ਜਮਦਰਾਨੀ ਨੇ ਰੇਣੁਕਾ ਨੂੰ ਮੁੜ ਜ਼ਿੰਦਾ ਕਰ ਦਿੱਤਾ।

ਗੁਰੂ ਨਾਨਕ ਬਾਣੀ ਵਿਚ ਪਰਸਰਾਮ ਨੂੰ ਬਿਪਤਾ ਅਤੇ ਸੰਤਾਪ ਵਿਚੋਂ ਲੰਘਦੇ ਵਰਨਣ ਕੀਤਾ ਗਿਆ ਹੈ ਅਤੇ ਇਸ ਨੂੰ ਦੁੱਖ ਸਮੇਂ ਰੋਣਾ ਪਿਆ ਬਾਰੇ ਸੰਕੇਤ ਹਨ:

ਸਹੰਸਰ ਦਾਨ ਦੇ ਇੰਦ੍ਰ ਰੋਆਇਆ।
ਪਰਸਰਾਮ ਰੋਵੈ ਘਰਿ ਆਇਆ।[60]

ਇਸ ਕਥਨ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਇਸ ਅਵਤਾਰ ਵਿਚ ਕੋਈ ਵਡਿਆਈ ਨਹੀਂ ਦੇਖਦੇ।

ਭਾਈ ਗੁਰਦਾਸ ਨੇ ਪਰਸਰਾਮ ਨਾਲਸਬੰਧਤ ਕਥਾ ਨੂੰ ਪੁਰਾਣਾਂ ਨਾਲੋਂ ਵੱਖਰੇ ਤਰੀਕੇ ਨਾਲ ਬਿਆਨ ਕੀਤਾ ਹੈ। ਕਿ ਹਜ਼ਾਰਾਂ ਬਾਹਾਂ ਵਾਲਾ ਰਾਜਾ ਪਰਾਉਣਾ ਬਣਕੇ ਜਮਦਗਨੀਰਿਸ਼ੀ ਦੇ ਘਰ ਆਇਆ। ਕਾਮਧੇਉ ਗਊ ਵਾਸਤੇ ਬੜਾ ਲਾਲਚ ਕਰਨ ਲੱਗਾ, ਜਦੋਂ ਜਮਦਗਨੀ ਰਿਸ਼ੀ ਨੇ ਗਊ ਦੇਣ ਤੋਂ ਇਨਕਾਰ ਕੀਤਾ ਤਾਂ ਉਸ ਨੇ ਜਮਦਗਨੀ ਦਾ ਸਿਰ ਵੱਢ ਦਿੱਤਾ। ਰੇਣੁਕਾ ਨੂੰ ਪਿੱਟਦੀ ਸੁਣ ਕੇ ਪਰਸਰਾਮ ਜੰਗਲ ਵਿਚੋਂ ਦੌੜਦਾ ਆਇਆ। ਉਸੇ ਸਮੇਂ ਉਸਨੇ ਰਾਜਾ ਨੂੰ ਮਾਰ ਦਿੱਤਾ ਅਤੇ ਫਿਰ ਇੱਕੀ ਵਾਰ ਗੁੱਸੇ ਵਿਚ ਕਸ਼ੱਤਰੀਆਂ ਦਾ ਨਾਸ਼ ਕੀਤਾ। ਭਾਈਗੁਰਦਾਸ ਲਿਖਦੇ ਹਨ ਕਿ ਜਿਨ੍ਹਾਂ ਨੇ ਪਰਸਰਾਮ ਦੀ ਸ਼ਰਨ ਲਈ ਉਹ ਬਚ ਗਏ ਤੇ ਬਾਕੀ ਕਿਸੇ ਨੇ ਵੀ ਪਰਸਰਾਮ ਦੇ ਸਾਹਮਣੇ ਤਲਵਾਰ ਉਚੀ ਨਾ ਕੀਤੀ। ਪਰਸਰਾਮ ਚਿਰਜੀਵੀ ਤੇ ਐਨਾ ਬਲੀ ਹੋ ਕੇ ਵੀ ਹੰਕਾਰ ਹਉਮੈ ਨਾ ਆ ਸਕਿਆ।[61]

ਅਖੀਰ ਵਿਚ ਭਾਈ ਸਾਹਿਬ ਲਿਖਦੇ ਹਨ ਕਿ ਪਰਸਰਾਮ ਨੇ ਚਰਨਾ ਕਮਲਾਂ ਦੀ ਧੂੜ ਪ੍ਰਾਪਤ ਨਹੀਂ ਕੀਤੀ ਅਤੇ ਹੰਕਾਰ ਵਿਚ ਹੀ ਰਿਹਾ, ਜਦ ਕਿ ਹੰਕਾਰ ਹੀ ਨਫਰਤ ਫੈਲਾਉਂਦਾ ਹੈ ਅਤੇ ਇਸ ਨਾਲ ਹੀ ਲੜਾਈ ਦਾ ਮੁੱਢ ਬੱਝਦਾ ਹੈ। ਗੁਰਸਿੱਖ ਸਦਾ ਹੀ ਹੰਕਾਰ ਤੋਂ ਸਾਵਧਾਨ ਰਹਿੰਦੇ ਹਨ।

ਰਾਮ ਚੰਦਰ ਅਵਤਾਰ :

ਰਾਮ ਚੰਦਰ ਵਿਸ਼ਨੂੰ ਦਾ ਸਤਵਾਂ ਅਵਤਾਰ ਸੀ। ਰਾਮਾਇਣ ਵਿਚ ਇਸ ਦਾ ਜੀਵਨ ਵਿਸਥਾਰ ਪੂਰਵਕ ਦਰਜ ਹੈ। ਇਹ ਅਯੁਧਿਆ ਦੇ ਸੂਰਜ ਵੰਸ਼ੀ ਰਾਜਾ ਦਸ਼ਰਥ ਦਾ ਪੁੱਤਰ ਸੀ, ਜਿਸ ਦਾ ਅਵਤਾਰ ਤ੍ਰੇਤਾਯੁੱਗ ਵਿਚ ਰਾਵਣ ਦਾ ਨਾਸ਼ ਕਰਨ ਲਈ ਹੋਇਆ। ਰਾਵਣ ਨੇ ਸ਼ਿਵ ਜੀ ਦੀ ਅਥਾਹ ਭਗਤੀ ਕਰਕੇ ਅਨੇਕਾਂ ਵਰ ਪ੍ਰਾਪਤ ਕਰ ਲਏ ਸਨ। ਉਸ ਨੇ ਹੰਕਾਰ ਵਿਚ ਰਿਸ਼ੀਆਂ, ਮੁਨੀਆਂ ਨੂੰ ਵੀ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੀ। ਉਹਨਾਂ ਦੀ ਪੁਕਾਰ ਸਵਰਗ ਲੋਕ ਵਿਚ ਦੇਵਤਿਆਂ ਕੋਲ ਪਹੁੰਚੀ ਅਤੇ ਵਿਸ਼ਨੂੰ ਨੇ ਰਾਮ ਚੰਦਰ ਦੇ ਰੂਪ ਵਿਚ ਅਯੁਧਿਆ ਦੇ ਰਾਜਾ ਦਸ਼ਰਥ ਦੇ ਘਰ ਜਨਮ ਲਿਆ।

ਰਾਮ ਚੰਦਰ ਦੇ ਜਨਮ ਸਬੰਧੀ ਕਿਹਾ ਜਾਂਦਾ ਹੈ ਕਿ ਰਾਜਾ ਦਸ਼ਰਥ ਦੀਆਂ ਤਿੰਨ ਰਾਣੀਆਂ ਸਨ ਪਰ ਕਿਸੇ ਦੀ ਕੁੱਖੋਂ ਕੋਈ ਸੰਤਾਨ ਉਤਪੰਨ ਨਾ ਹੋਈ। ਰਾਜਾ ਦਸ਼ਰਥ ਨੇ ਸੰਤਾਨ ਪ੍ਰਾਪਤੀ ਲਈ ਅਸਮੇਧ ਯੱਗ ਕੀਤਾ ਜਿਸ ਦੇ ਫਲਸਰੂਪ ਇਸ ਦੇ ਘਰ ਚਾਰ ਪੁੱਤਰ ਹੋਏ। ਜੋਨ ਡੋਸਨ ਅਨੁਸਾਰ, ਜਦੋਂ ਰਾਜਾ ਦਸ਼ਰਥ ਯੱਗ ਕਰ ਰਿਹਾ ਸੀ, ਉਸ ਵੇਲੇ ਵਿਸ਼ਨੂ, ਕੁੰਡ ਵਿਚੋਂ ਪ੍ਰਗਟ ਹੋਏ ਅਤੇ ਇਕ ਅੰਮ੍ਰਿਤ ਦਾ ਭਰਿਆ ਭਾਂਡਾ ਰਾਜਾ ਨੂੰ ਦੇ ਦਿੱਤਾ ਤਾਂ ਕਿ ਉਹ ਆਪਣੀਆਂ ਰਾਣੀਆਂ ਨੂੰ ਪਿਲਾ ਦੇਵੇ। ਦਸਰਥ ਨੇ ਅੰਮ੍ਰਿਤ ਦਾ ਅੱਧਾ ਹਿੱਸਾ ਕੌਸਲਿਆ ਨੂੰ ਦੇ ਦਿੱਤਾ ਜਿਸ ਤੋਂ ਰਾਮ ਵਿਸ਼ਨੂੰ ਦੇ ਅੱਧੇ ਅੰਸ਼ ਦੇ ਰੂਪ ਵਿਚ ਪੈਦਾ ਹੋਏ। ਬਾਕੀ ਦੇ ਅੱਧੇ ਹਿੱਸੇ ਦਾ ਅੱਧ ਕੇਕੇਯੀ ਨੂੰ ਪਿਲਾਇਆ, ਜਿਸ ਤੋਂ ਲਕਸ਼ਮਣ ਤੇ ਸ਼ਤਰੂਘਨ ਦੋ ਭਰਾ ਵਿਸ਼ਨੂ ਦਾ ਅੱਠਵਾਂ ਅੱਠਵਾਂ ਅੰਸ਼ ਲੈ ਕੇ ਪੈਦਾ ਹੋਏ। ਉਂਜ ਤਾਂ ਚਾਰਾਂ ਭਰਾਵਾਂ ਵਿਚ ਬੜਾ ਪਿਆਰ ਸੀ, ਪਰ ਲਛਮਣ, ਰਾਮ ਲਈ ਅਤੇ ਸ਼ਤਰੂਘਨ, ਭਰਤ ਲਈ ਸਤਿਕਾਰ ਰੱਖਦੇ ਸਨ।[67] ਰਾਮ ਅਤੇ ਲਛਮਣ ਨੇ ਵਿਦਿਆ ਅਤੇ ਖਾਸ ਕਰਕੇ ਸ਼ਸਤ੍ਰ ਵਿਦਿਆ ਵਿਸ਼ਵਾ ਮਿੱਤਰ ਪਾਸੋਂ ਪ੍ਰਾਪਤ ਕੀਤੀ। ਰਾਮ ਨੇ ਰਾਜਾ ਜਨਕ ਦੀ ਸੁੰਦਰ ਤੇ ਸੁਸ਼ੀਲ ਕੰਨਿਆ ਸੀਤਾ ਨੂੰ ਸਵਯੰਬਰ ਵਿਖੇ ਜਿਤਿਆ। ਇਥੇ ਇਸ ਦਾ ਟਾਕਰਾ ਵਿਸ਼ਨੂੰ ਦੇ ਛੇਵੇਂ

ਅਵਤਾਰ ਪਰਸਰਾਮ ਨਾਲ ਹੋਇਆ ਜਿਸ ਵਿਚ ਪਰਸਰਾਮ ਦੀ ਹਾਰ ਹੋਈ। ਜਦੋਂ ਰਾਮ ਦਾ ਰਾਜ ਤਿਲਕ ਹੋਣ ਲੱਗਾ ਤਾਂ ਕੈਕੇਯੀ ਨੇ ਆਪਣੇ ਪਤੀ ਰਾਜਾ ਦਸ਼ਰਥ ਪਾਸੋਂ ਇਹ ਮੰਨਵਾ ਲਿਆ ਕਿ ਭਰਤ ਨੂੰ ਰਾਜ ਸਿੰਘਾਸ਼ਨ ਤੇ ਬਿਠਾਇਆ ਜਾਏ ਅਤੇ ਰਾਮ ਨੂੰ ਚੌਦਾਂ ਵਰ੍ਹਿਆਂ ਦਾ ਬਨਵਾਸ ਦਿੱਤਾ ਜਾਵੇ। ਕਈ ਹਿੰਦੂ ਧਰਮ ਨਾਲ ਸਬੰਧਤ ਗ੍ਰੰਥਾਂ ਵਿਚ ਦਰਜ ਹੈ ਕਿ ਜਦੋਂ ਰਾਮ ਦਾ ਰਾਜ ਤਿਲਕ ਹੋਣ ਲੱਗਾ ਤਾਂ ਕੈਕੇਯੀ ਨੇ ਰਾਜਾ ਦਸ਼ਰਥ ਨੂੰ ਯੁੱਧ ਸਮੇਂ ਕੀਤੇ ਵਾਇਦੇ ਯਾਦ ਕਰਾਏ ਤੇ ਦੋ ਵਰਾਂ ਦੀ ਪੂਰਤੀ ਕਰਨ ਲਈ ਕਿਹਾ ਇਸ ਦੇ ਸਿੱਟੇ ਵਜੋਂ ਉਸ ਦੇ ਪੁੱਤਰ ਭਰਤ ਨੂੰ ਰਾਜ ਤਿਲਕ ਅਤੇ ਰਾਮ ਨੂੰ ਚੌਦਾਂ ਵਰ੍ਹਿਆਂ ਦਾ ਬਨਵਾਸ ਦੇਣਾ ਮੰਨਵਾ ਲਿਆ। ਰਾਮ ਲਛਮਣ ਤੇ ਸੀਤਾ ਬਨਵਾਸ ਲਈ ਤੁਰ ਪਏ। ਜਦੋਂ ਭਰਾ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਉਹਨਾਂ ਦਾ ਪਿੱਛਾ ਕੀਤਾ ਅਤੇ ਵਾਪਿਸ ਚੱਲ ਕੇ ਰਾਜ ਸਿੰਘਾਸ਼ਨ ਸੰਭਾਲਣ ਦੀ ਬੇਨਤੀ ਕੀਤੀ ਪਰ ਉਹ ਨਾ ਮੰਨੇ। ਅੰਤ ਉਸ ਨੇ ਰਾਮ ਚੰਦਰ ਦੀਆਂ ਖੜਾਵਾਂ ਰਾਜ ਸਿੰਘਾਸ਼ਨ ਤੇ ਰੱਖ ਕੇ ਬਤੌਰ ਨਾਇਬ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਧਰ ਬਨਾਂ ਵਿਚ ਇਨ੍ਹਾਂ ਦੀ ਝੜਪ ਰਾਵਣ ਦੀ ਭੈਣ ਸਰੂਪਨਖਾਂ ਨਾਲ ਹੋਈ। ਉਹ ਰਾਮ ਤੇ ਮੋਹਿਤ ਹੋ ਗਈ, ਰਾਮ ਨੇ ਉਸ ਨੂੰ ਬੜਾ ਰੋਕਿਆ ਅਖੀਰ ਗੁੱਸੇ ਵਿਚ ਆ ਕੇ ਸਰੂਪਨਖਾਂ ਨੇ ਸੀਤਾ ਤੇ ਹਮਲਾ ਕਰ ਦਿੱਤਾ ਉਸ ਦੀ ਇਸ ਹਰਕਤ ਨੂੰ ਦੇਖ ਕੇ ਲਛਮਣ ਨੇ ਉਸ ਦਾ ਇਕ ਕੰਨ ਤੇ ਨੱਕ ਵੱਢ ਦਿੱਤੇ। ਉਸ ਨੇ ਬਦਲਾ ਲੈਣ ਲਈ ਆਪਣੇ ਦੋ ਭਰਾਵਾਂ (ਖਰ ਤੇ ਦੂਖਣ) ਨੂੰ ਸੈਨਾ ਸਮੇਤ ਭੇਜਿਆ ਪਰ ਉਹਨਾਂ ਦੀ ਹਾਰ ਹੋਈ। ਅਖੀਰ ਉਸ ਨੇ ਆਪਣੇ ਭਰਾ ਰਾਵਣ ਨੂੰ ਬਦਲਾ ਲੈਣ ਲਈ ਉਕਸਾਇਆ ਅਤੇ ਸੀਤਾ ਦੀ ਸੁੰਦਰਤਾ ਦਾ ਵਰਨਣ ਕਰਦਿਆਂ ਹੋਇਆ ਸੀਤਾ ਲਈ ਰਾਵਣ ਦੇ ਮਨ ਵਿਚ ਵਾਸਨਾ ਜਗਾਈ। ਰਾਵਣ ਸਾਧੂ ਦੇ ਭੇਸ ਵਿਚ ਮੌਕਾ ਪਾ ਕੇ ਸੀਤਾ ਨੂੰ ਚੁੱਕ ਕੇ ਲੈ ਗਿਆ। ਅਖੀਰ ਬਹੁਤ ਘਮਸਾਣ ਦਾ ਯੁੱਧ ਹੋਇਆ। ਸੰਗ੍ਰੀਵ ਅਤੇ ਹਨੂਮਾਨ ਯੋਧਿਆਂ ਨੇ ਆਪਣੀ ਬਾਂਦਰ ਸੈਨਾ ਸਮੇਤ ਰਾਮ ਲਛਮਣ ਦਾ ਸਾਥ ਦਿੱਤਾ ਤੇ ਰਾਵਣ ਤੇ ਜਿੱਤ ਪ੍ਰਾਪਤ ਕੀਤੀ ਤੇ ਉਸ ਦਾ ਨਾਸ਼ ਕੀਤਾ। ਸੀਤਾ ਰਾਮ ਨੂੰ ਮਿਲਕੇ ਬਹੁਤ ਪ੍ਰਸੰਨ ਹੋਈ ਪਰ ਰਾਮ ਨੂੰ ਉਸ ਦੀ ਪਵਿੱਤਰਤਾ ਤੇ ਸ਼ੱਕ ਸੀ, ਉਸ ਨੇ ਸੀਤਾ ਨੂੰ ਅਪਨਾਉਣ ਤੋਂ ਇਨਕਾਰ ਕਰ ਦਿੱਤਾ। ਸੀਤਾ ਨੇ ਬੜੀ ਦਰਦਨਾਕ ਤੇ ਜ਼ੋਰਦਾਰ ਆਵਾਜ਼ ਵਿਚ ਆਪਣੀ ਪਵਿੱਤਰਤਾ ਬਾਰੇ ਵਿਸ਼ਵਾਸ ਦਿਵਾਇਆ ਅਤੇ ਕਿਹਾ ਕਿ ਮੇਰੀ ਪਵਿੱਤਰਤਾ ਦੀ ਪ੍ਰੀਖਿਆ ਅਗਨੀ ਦੁਆਰਾ ਕੀਤੀ ਜਾਵੇ। ਇਸ ਤਰ੍ਹਾਂ ਸੀਤਾ ਅਗਨੀ ਦੀ ਚਿਤਾ ਵਿਚ ਬੈਠ ਗਈ, ਅਗਨੀ ਦੇਵਤਾ ਨੇ ਬਗੈਰ ਕਿਸੇ ਹਾਨੀ ਦੇ ਸੀਤਾ ਨੂੰ ਸੁਰਖਿਅਤ ਰੱਖਦਿਆਂ ਰਾਮ ਦੀਆਂ

ਬਾਹਵਾਂ ਵਿਚ ਦੇ ਦਿੱਤਾ। ਉਸ ਤੋਂ ਬਾਅਦ ਰਾਮ ਅਯੁਧਿਆ ਵਾਪਸ ਆਏ ਅਤੇ ਰਾਜ ਸਿੰਘਾਸਨ ਸੰਭਾਲਿਆ ਤੇ ਇਕ ਆਦਰਸ਼ਕ ਰਾਜ ਦੀ ਸਥਾਪਨਾ ਕੀਤੀ।

ਗੁਰੂ ਨਾਨਕ ਬਾਣੀ ਵਿਚ ਰਾਮ ਅਵਤਾਰ ਨਾਲ ਸਬੰਧਤ ਕਈ ਮਿਥ ਕਥਾਵਾਂ ਦਾ ਵਰਣਨ ਹੈ। ਇਹ ਮਿਥ ਕਥਾਵਾਂ ਅਵਤਾਰ ਦਾ ਸੰਕੇਤ ਵੀ ਕਰਦੀਆਂ ਹਨ ਅਤੇ ਅਵਤਾਰਵਾਦ ਦਾ ਸਖਤੀ ਨਾਲ ਖੰਡਨ ਵੀ ਕਰਦੀਆਂ ਹਨ। ਕਿਵੇਂ ਰਾਮ ਦਾ ਅਵਤਾਰ ਦੈਂਤਾਂ ਦਾ ਨਾਸ਼ ਕਰਨ ਲਈ ਹੋਇਆ, ਇਨ੍ਹਾਂ ਦੈਂਤਾਂ ਦਾ ਰਾਜਾ ਰਾਵਣ ਸੀ ਅਤੇ ਰਾਮ ਨੇ ਰਾਵਣ ਨੂੰ ਜੁਗਤੀ (ਵਿਭੀਸ਼ਨ ਤੋਂ ਭੇਦ ਲੈ ਕੇ) ਨਾਲ ਮਾਰਿਆ ।[63] ਰਾਮ ਦੇ ਕਮਜ਼ੋਰ ਪੱਖਾਂ ਦਾ ਵੀ ਵਰਣਨਹੈ ਜੋ ਵਿਭੀਸ਼ਣ ਤੇ ਹਨੂਮਾਨ ਤੋਂ ਬਿਨਾਂ ਬੇਵਸ ਹੈ।[64] ਜੇਕਰ ਰਾਮ ਨੇ ਰਾਵਣ ਦਾ ਸਿਰ ਕੱਟ ਵੀ ਦਿੱਤਾ ਤਾਂ ਇਸ ਵਿਚ ਉਸ ਦੀ ਕੋਈ ਵਡਿਆਈ ਨਹੀਂ। ਰਾਵਣ ਦੀ ਮੂਰਖਤਾ ਉਸ ਦੇ ਵਿਨਾਸ਼ ਦਾ ਕਾਰਨ ਬਣੀ।[65] ਗੁਰੂ ਨਾਨਕ ਬਾਣੀ ਵਿਚ ਰਾਮ ਅਵਤਾਰ ਨਾਲੋਂ ਇਕ ਯੋਧੇ ਦੇ ਰੂਪ ਵਿਚ ਵਧੇਰੇ ਉਘਾੜਿਆ ਹੈ:

> ਤਿਥੈ ਜੋਧ ਮਹਾਬਲ ਸੂਰ
>
> ਤਿਨ ਮਹਿ ਰਾਮੁ ਰਹਿਆ ਭਰਪੂਰ।[66]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਰਾਮ ਅਵਤਾਰ ਸਬੰਧੀ ਕਈ ਥਾਵਾਂ ਤੇ ਸੰਕੇਤ ਆਏ ਹਨ। ਭਾਈ ਗੁਰਦਾਸ ਨੇ ਸੂਰਜਵੰਸ਼ੀ ਰਾਮ ਚੰਦਰ ਨੂੰ ਤ੍ਰੇਤਾ ਯੁੱਗ ਦਾ ਵੱਡਾ ਅਵਤਾਰ ਦੱਸਿਆ ਹੈ।[67] ਜੋ ਇਕ ਐਸਾ ਨਿਰਮਲ ਮਨੁੱਖ ਸੀ ਜਿਸ ਦੇ ਸੁੱਚੇ ਧਰਮ ਕਰਕੇ ਪੱਥਰ ਸਮੁੰਦਰ ਵਿਚ ਤਰਨ ਲੱਗ ਪਏ।[68] ਰਾਮ ਚੰਦਰ ਦਾ ਰਾਜ ਪ੍ਰਵਾਨ ਹੋਇਆ ਹੈ ਕਿਉਂਕਿ ਉਹ ਸੱਤ ਸੰਤੋਖ ਧਾਰ ਕੇ ਧਰਮ ਦੇ ਰੱਖਿਅਕ ਹੋਏਹਨ। ਰਾਮਾਇਣ ਗ੍ਰੰਥ ਵਿਚ ਉਹਨਾਂ ਦਾ ਵਰਤਾਇਆ ਕੌਤਕ ਦਰਜ ਹੈ ਕਿ ਉਨ੍ਹਾਂ ਦੇ ਪੈਰਾਂ ਦੀ ਛੂਹ ਨਾਲ ਸਿਲਾ ਹੋਈ ਅਹੱਲਿਆ ਤਰ ਗਈ। ਭਾਈ ਗੁਰ-ਦਾਸ ਇਹ ਲਿਖਦੇ ਹਨ ਕਿ ਇਹ ਸੱਭ ਪ੍ਰਤਾਪ ਇਸ ਗੱਲ ਦਾ ਹੈ ਕਿ ਰਾਮ ਚੰਦਰ ਸਾਧ ਸੰਗਤ ਦੇ ਚਰਨਾਂ ਦੀ ਧੂੜ ਚਾਹੁੰਦੇ ਸਨ।[69] ਰਾਮ ਚੰਦਰ ਨੇ ਰਾਜ ਕਰਕੇ ਦੁਨੀਆਂ ਦਾ ਉਧਾਰ ਕੀਤਾ ਹੈ।[70]

ਭਾਈ ਗੁਰਦਾਸ ਇਥੇ ਰਾਮ ਚੰਦਰ ਨਾਲੋਂ ਸਾਧ ਸੰਗਤਿ ਨੂੰ ਉੱਤਮ ਮੰਨਦੇ ਹਨ। ਜੇਕਰ

ਰਾਮ ਚੰਦਰ ਦੇ ਰਾਜ ਸਮੇਂ ਪਰਜਾ ਸੁਖੀ ਸੀ ਜਾਂ ਉਸ ਨੇ ਆਪਣੀ ਨਿਰਮਲਤਾ ਤੇ ਸੱਚੇ ਧਰਮ ਕਾਰਨ ਦੁਨੀਆਂ ਦਾ ਉਧਾਰ ਕੀਤਾ ਹੈ ਤਾਂ ਇਹ ਵਡਿਆਈ ਰਾਮ ਚੰਦਰ ਦੀ ਨਹੀਂ ਹੈ ਇਹ ਵਡਿਆਈ ਸਾਧ ਸੰਗਤਿ ਦੀ ਹੈ ਕਿਉਂਕਿ ਸਾਧ ਸੰਗਤਿ ਸੱਭ ਤੋਂ ਉੱਤਮ ਹੈ।

ਕ੍ਰਿਸ਼ਨ ਅਵਤਾਰ :

ਕ੍ਰਿਸ਼ਨ ਅਵਤਾਰ ਵਿਸ਼ਨੂੰ ਦਾ ਅੱਠਵਾਂ ਅਤੇ ਸਭ ਤੋਂ ਵੱਧ ਲੋਕ ਪ੍ਰਿਯ ਅਵਤਾਰ ਮੰਨਿਆ ਜਾਂਦਾ ਹੈ। ਵਿਸ਼ਨੂੰ ਦੀਆਂ ਸਾਰੀਆਂ ਸੰਪੂਰਣ ਕਲਾਵਾਂ ਦਾ ਪ੍ਰਕਾਸ਼ ਇਸ ਵਿਚ ਮੰਨਿਆ ਜਾਂਦਾ ਹੈ। ਜੋਨ ਡੋਸਨ ਅਨੁਸਾਰ ਕ੍ਰਿਸ਼ਨ ਦੇ ਉਤਰਕਾਲੀ ਸਾਰੇ ਦੇਵਤਿਆਂ ਨਾਲੋਂ ਸਭ ਤੋਂ ਵੱਧ ਲੋਕ ਪ੍ਰਿਯ ਤੇ ਮਹੱਤਵਪੂਰਨ ਹੋਣ ਕਾਰਣ ਇਸ ਦੇ ਸ਼ਰਧਾਲੂ ਇਸ ਨੂੰ ਨਿਰਾ ਅਵਤਾਰ ਹੀ ਨਹੀਂ ਮੰਨਦੇ, ਸਗੋਂ ਵਿਸ਼ਨੂੰ ਦੀਆਂ ਸੰਪੂਰਣ ਕਲਾਵਾਂ ਦਾ ਅਵਤਾਰ ਸਮਝਦੇ ਹਨ।[71] ਇਸ ਨੇ ਮਹਾਂਭਾਰਤ ਵਿਚ ਅਰਜਨ ਦਾ ਰਥਵਾਨ ਬਣ ਕੇ ਆਪਣੇ ਗੀਤਾ ਉਪਦੇਸ਼ ਰਾਹੀਂ ਅਰਜਨ ਨੂੰ ਧਰਮ ਯੁੱਧ ਲਈ ਪ੍ਰੇਰਿਆ।[72]

ਬਚਿੱਤ੍ਰ ਨਾਟਕ ਬਾਣੀ ਵਿਚ ਵਿਸ਼ਨੂੰ ਦੇ ਅਵਤਾਰਾਂ ਵਿਚੋਂ ਸਭ ਤੋਂ ਵੱਧ ਸੰਕੇਤ ਕ੍ਰਿਸ਼ਨ ਅਵਤਾਰ ਦੇ ਸਬੰਧ ਵਿਚ ਆਏ ਹਨ: ਕ੍ਰਿਸ਼ਨ ਦਾ ਕੰਸ ਨੂੰ ਮਾਰਨਾ[73], ਕਾਲੀ ਨਾਗ ਦਾ ਨਥਣਾ[74] ਪਾਂਡਵ ਅਤੇ ਸੁਆਮੀ ਕ੍ਰਿਸ਼ਨ[75], ਅਤੇ ਕ੍ਰਿਸ਼ਨ ਦਾ ਗਵਰਧਨ ਧਾਰਨ ਕਰਨਾ[76] ਆਦਿ। ਇਹਨਾਂ ਪ੍ਰਸੰਗਾਂ ਵਿਚ ਇਸ ਦੀ ਪ੍ਰਸੰਸਾ ਇਕ ਭਗਤ ਰੱਖਿਅਕ ਵਜੋਂ ਕੀਤੀ ਗਈਹੈ । ਕੰਸ ਨੂੰ ਮਾਰਨਾ ਜਾਂ ਕਾਲੀ ਨਾਗ ਨੂੰ ਨੱਥ ਲੈਣਾ ਸਭ ਨਿਰੰਕਾਰ ਦੁਆਰਾ ਦਿੱਤੀ ਗਈ ਭਗਤੀ ਦਾ ਹੀ ਅੰਗ ਹੈ। ਇਸ ਵਿਚ ਕ੍ਰਿਸ਼ਨ ਦੀ ਕੋਈ ਵਡਿਆਈ ਨਹੀਂ, ਨਾਟਕ ਬਾਣੀ ਵਿਚ ਕ੍ਰਿਸ਼ਨ ਦੀ ਮਹੱਤਤਾ ਇਕ ਅਵਤਾਰ ਵਜੋਂ ਨਹੀਂ ਇਕ ਯੋਧੇ ਤੇ ਰਾਜੇ ਦੇ ਰੂਪ ਵਿਚ/ਬਿਆਨ ਹੁੰਦੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਕ੍ਰਿਸ਼ਨ ਅਵਤਾਰ ਸਬੰਧੀ ਸੰਕੇਤ ਦਰਜ ਹਨ ਕਿ ਕ੍ਰਿਸ਼ਨ ਜਿਸ ਦੀ ਮਹਿਮਾ ਭਾਗਵਤ ਦਾ ਦਸਵਾਂ ਸਕੰਦ ਕਰਦਾ ਹੈ ਨੇ ਜਗਤ ਵਿਚ ਅਵਤਾਰ ਲਿਆ, ਉਹ ਰਾਸ ਲੀਲਾ ਆਦਿ ਆਚਰਜ ਤਮਾਸ਼ੇ ਤੇ ਜੋਗ ਦੇ ਅਤੇ ਭੋਗ ਦੀਆਂ ਖੁਸ਼ੀਆਂ ਮਾਣਦਾ ਰਿਹਾ। ਇਸ ਤਰ੍ਹਾਂ ਦਾ ਵੱਡਾ ਯੁੱਧ ਕਰਵਾਇਆ ਕਿ ਕੌਰਵ ਤੇ ਪਾਂਡਵ ਦੇਖ ਕੇ ਹੈਰਾਨ ਰਹਿ ਗਏ। ਇੰਦਰ, ਬ੍ਰਹਮਾ ਆਦਿ ਦੇਵਤੇ ਕ੍ਰਿਸ਼ਨ ਦੀ ਮਹਿਮਾ ਗਾਉਂਦੇ ਹਨ ਪਰ ਭਿੰਤ ਮਰਿਆਦਾ ਨਹੀਂ ਜਾਣ ਸਕੇ।

ਕਿਸਨ ਲੈਅ ਅਵਤਾਰੁ ਜਗਿ ਮਹਮਾ ਦਸਮ ਸਕੰਧੁ ਵਖਾਣੈ।
ਲੀਲਾ ਚਲਤ ਅਚਰਜ ਕਰਿ ਜੋਗੁ ਭੋਗੁ ਰਸ ਰਲੀਆ ਮਾਣੈ।
ਮਹਾ ਭਾਰਥੁ ਕਰਾਇਕੈ ਕੈਰੋ ਪਾਡੋ ਕਰਿ ਹੈਰਾਣੈ।
ਇੰਦ੍ਰਾਦਿਕ ਬ੍ਰਹਮਾਦਿਕਾ ਮਹਿਮਾ ਮਿਤਿ ਮਿਰਜਾਦ ਨ ਜਾਣੈ।
ਸਾਧ ਸੰਗਤਿ ਗੁਰ ਸਬਦੁ ਸਿਵਾਣੈ ।[77]

ਉਪਰੋਕਤ ਪ੍ਰਸੰਗ ਵਿਚ ਭਾਈ ਗੁਰਦਾਸ ਨੇ ਕ੍ਰਿਸ਼ਨ ਅਵਤਾਰ ਦੀ ਨਾ ਵਡਿਆਈ ਅਤੇ ਨਾ ਹੀ ਬੁਰਿਆਈ ਕੀਤੀ ਹੈ ਸਗੋਂ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਏਨਾ ਵੱਡਾ ਯੋਧਾ ਹੋ ਕੇ ਵੀ ਉਹ ਸਾਧ ਸੰਗਤ ਨੂੰ ਲੋਚਦਾ ਸੀ। ਇਸ ਤਰ੍ਹਾਂ ਸਾਧ ਸੰਗਤ ਸਭ ਤੋਂ ਉੱਤਮ ਹੈ।

ਬੁੱਧ ਅਵਤਾਰ:

ਰਾਜਾ ਸੁਧੋਦਨ ਦਾ ਪੁੱਤਰ ਗੌਤਮ, ਜੋ ਬੁੱਧ ਦੇ ਨਾਮ ਨਾਲ ਪ੍ਰਸਿੱਧ ਹੋਇਆ। ਬੁੱਧ ਨੂੰ ਵਿਸ਼ਨੂੰ ਦਾ ਨੌਵਾਂ ਅਵਤਾਰ ਮੰਨਿਆ ਜਾਂਦਾ ਹੈ। ਬੁੱਧ ਦਾ ਨਾਂ ਦੇਵਤਿਆਂ, ਨਾ ਅਵਤਾਰਾਂ ਅਤੇ ਨਾ ਹੀ ਸਵਰਗ-ਨਰਕਾਂ ਵਿਚ ਵਿਸ਼ਵਾਸ਼ ਸੀ। ਜੌਨ ਡੋਸਨ ਅਨੁਸਾਰ, ਬੁੱਧ ਦੀ ਧਾਰਮਿਕ ਗੁਰੂ ਦੇ ਰੂਪ ਵਿਚ ਮਹਾਨ ਸਫਲਤਾ ਕਾਰਨ ਹੀ ਬ੍ਰਾਹਮਣਾ ਨੇ ਉਸ ਨੂੰ ਵਿਰੋਧੀ ਨਾ ਸਮਝਦਿਆਂ ਹੋਇਆਂ, ਅਵਤਾਰ ਦੇ ਰੂਪ ਵਿਚ ਸਵੀਕਾਰ ਕਰ ਲਿਆ ਹੈ।[78]

ਗੁਰੂ ਨਾਨਕ ਬਾਣੀ ਵਿਚ ਬੁੱਧ ਦੇ ਅਵਤਾਰ ਵਜੋਂ ਸੰਕੇਤ ਨਹੀਂ ਮਿਲਦੇ ਇਹ ਆਖਿਆ ਗਿਆ ਹੈ 'ਬੁੱਧ ਅਨੇਕ ਹਨ।'[79]

ਭਾਈ ਗੁਰਦਾਸ ਵਾਰਾਂ ਵਿਚ ਹਵਾਲਾ ਦਿੰਦੇ ਹਨ ਕਿ ਕਲਿਯੁਗ ਵਿੱਚ ਬੁੱਧ ਅਵਤਾਰ ਹੋਣ ਕਾਰਣ ਕੋਈ ਕਿਸੇ ਨੂੰ ਮਨਾਂ ਨਹੀਂ ਕਰਦਾ, ਜੋ ਜਿਸ ਦੇ ਮਨ ਨੂੰ ਭਾਉਂਦਾ ਹੈ, ਉਹੀ ਕਰਦਾ ਹੈ, ਕੋਈ ਗੋਰਾਂ ਤੇ ਮੜੀਆਂ ਪੂਜਦਾ ਹੈ, ਕੋਈ ਤੰਤਰ-ਮੰਤਰ ਦੇ ਪਖੰਡ ਕਰਦਾ ਹੈ। ਹਰ ਕੋਈ ਵੱਖਰੇ ਵੱਖਰੇ ਧਰਮ ਚਲਾਉਣ ਲੱਗ ਪਿਆ ਹੈ। ਕੋਈ ਚੰਦਰਮਾ ਨੂੰ ਪੂਜਦਾ ਹੈ, ਕੋਈ ਸੂਰਜ ਨੂੰ ਅਤੇ ਕੋਈ ਧਰਤੀ ਨੂੰ ਤੇ ਅਕਾਸ਼ ਦੀ ਮਨੌਤ ਕਰਦਾ ਹੈ। ਕੋਈ ਪੌਣ ਪਾਣੀ ਨੂੰ ਅਤੇ ਕੋਈ ਧਰਮਰਾਜ ਨੂੰ ਖੁਸ਼ ਕਰਨ ਲਈ ਉਸ ਦੀ ਪੂਜਾ ਕਰਦਾ ਹੈ। ਇਹ ਸਾਰੇ ਹੀ ਧਰਮ ਵਿਅਰਥ ਹਨ ਤੇ ਜਿਨ੍ਹਾਂ ਦੇ ਕਾਰਨ ਵਾਲੇ ਭਰਮਾਂ ਵਿਚ ਭੁੱਲੇ ਹੋਏ ਹਨ।

ਕਲਕੀ ਅਵਤਾਰ:

ਵਿਸ਼ਨੂੰ ਦਾ ਦਸਵਾਂ ਅਤੇ ਆਖਰੀ ਅਵਤਾਰ ਹੈ। ਜਿਸ ਦਾ ਨਾਮ ਪੈਦਾ ਹੋਣ ਤੋਂ ਪਹਿਲਾਂ ਹੀ ਕਲਪਿਤ ਕਰ ਲਿਆ ਗਿਆ ਸੀ। ਜੋਨ ਡੋਸਨ ਅਨੁਸਾਰ, ਇਹ ਕਲਯੁੱਗ ਦੇ ਅਖੀਰ

ਵਿਚ ਅਧਰਮੀਆਂ ਦਾ ਨਾਸ਼ ਕਰਨ ਲਈ, ਜਗਤ ਦੀ ਪੁਨਰ ਸੁਰਜੀਤੀ ਅਤੇ ਧਰਮ ਦੀ ਪੁਨਰ ਸਥਾਪਨਾ ਲਈ ਆਵੇਗਾ। ਇਹ ਚਿੱਟੇ ਘੋੜੇ ਤੇ ਸਵਾਰ ਹੋਵੇਗਾ, ਹੱਥ ਵਿਚ ਬੋਦੀ ਵਾਲੇ ਤਾਰੇ ਵਾਂਗੂੰ ਚਮਕਣੀਤਲਵਾਰ ਹੋਵੇਗੀ, ਉਦੋਂ ਤੱਕ ਲੋਕ ਅਤਿ ਦੀ ਘੋਰ ਵਿਨਾਸ਼ਕਾਰੀ ਆਚਰਨਹੀਨਤਾਂ ਤੱਕ ਪੁੱਜ ਚੁੱਕੇ ਹੋਣਗੇ।[81]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦਸ ਅਵਤਾਰਾਂ ਦੇ ਪ੍ਰਸੰਗ ਵਿਚ ਹੀ ਸੰਕੇਤ ਆਇਆ ਹੈ ਕਿ ਪਰਸਰਾਮ, ਰਘੂ, ਕ੍ਰਿਸ਼ਨ ਏਨੇ ਰੂਪ ਹੋਏ ਹਨ ਅਤੇ ਕਲਕੀ ਨਾਉ ਵਾਲਾ ਰੂਪ ਅਜੇ ਬਣਾਏਗਾ:

ਪਰਸਰਾਮੁ ਰਾਮ ਕ੍ਰਿਸ਼ਨੁ ਹੋਇ ਕਿਲਕ ਕਲੰਕੀ ਨਾਉ ਗਵਾਏ।[82]

(ਅ) ਦੇਵੀਆਂ :

ਸਰਸਵਤੀ :

ਸਰਸਵਤੀਦੇ ਹੋਰ ਕਈ ਨਾਮ ਭਾਰਤੀ, ਬ੍ਰਾਹਮੀ, ਪੁਤਕਾਰੀ, ਸ਼ਾਰਦਾ ਆਦਿ ਪ੍ਰਸਿਧ ਹਨ। ਦਰਿਆ ਨੂੰ ਅੱਜ ਕਲ ਸਰਸਵਤੀ ਕਿਹਾ ਜਾਂਦਾ ਹੈ। ਪੁਰਾਣਾਂ ਅਨੁਸਾਰ ਇਹ ਬ੍ਰਹਮਾ ਦੀ ਲੜਕੀ, ਵਿਦਿਆ ਅਤੇ ਬਾਣੀ ਦੀ ਦੇਵੀ ਮੰਨੀ ਗਈ ਹੈ। ਇਸ ਦਾ ਰੂਪ ਇਸਤਰ੍ਹਾਂ ਦੱਸਿਆ ਜਾਂਦਾ ਹੈ, "ਚਿੱਟਾ ਰੰਗ, ਅੰਗ ਸੰਜੀਲੇ, ਮੱਥੇਉਪਰ ਚੰਦਰਮਾ, ਹੱਥ ਵਿਚ ਵੀਣਾ, ਕੰਵਲ ਫੁੱਲ ਉਤੇ ਬਿਰਾਜਮਾਨ।" ਕਿਹਾ ਜਾਂਦਾ ਹੈ ਕਿ ਬ੍ਰਹਮਾ ਇਸ ਦੀ ਖ਼ੂਬਸੂਰਤੀ ਨੂੰ ਦੇਖ ਕੇ ਇਸ ਤੇ ਮੋਹਿਤ ਹੋ ਗਿਆ ਸੀ। ਇਸ ਨੇ ਆਪਣੇ ਆਪ ਨੂੰ ਬਚਾਉਣਾ ਚਾਹਿਆ। ਬ੍ਰਹਮਾ ਨੇ ਚਾਰ ਸਿਰ ਧਾਰਨ ਕਰ ਲਏ ਤਾਂ ਕਿ ਇਹ ਸੁੰਦਰੀ ਉਸ ਦੀ ਨਜ਼ਰ ਤੋਂ ਬਚ ਕੇ ਜਾ ਨਾ ਸਕੇ। ਅੰਤ ਵਿਚ ਤੰਗ ਆ ਕੇ ਜਦੋਂ ਸਰਸਵਤੀ ਉਪਰ ਆਕਾਸ਼ ਵੱਲਉੱਡ ਪਈ ਤਾਂ ਬ੍ਰਹਮਾ ਨੇ ਆਪਣਾ ਪੰਜਵਾਂ ਸਿਰ ਲਾ ਲਿਆ। ਇਸ ਦੀ ਇਤਨੀ ਗਿਰਾਵਟ ਦੇਖ ਕੇ ਸ਼ਿਵ ਜੀ ਨੂੰ ਕਰੋਧ ਆਇਆ। ਉਸਨੇ ਬ੍ਰਹਮਾ ਦੇ ਪੰਜਵੇਂ ਸਿਰ ਤੇ ਚਪੇੜ ਮਾਰੀ, ਹੱਥ ਸਿਰ ਨਾਲ ਚੰਬੜ ਗਿਆ, ਫਿਰ ਸ਼ਿਵਜੀ ਨੇ ਤ੍ਰਿਸ਼ੂਲ ਨਾਲ ਸਿਰ ਕੱਟ ਦਿੱਤਾ, ਪਰ ਸਿਰ ਦੀ ਚਮੜੀ ਦਾ ਕੁਝ ਹਿੱਸਾ ਹੱਥ ਨਾਲ ਹੀ ਲੱਗਾ ਰਹਿ ਗਿਆ। ਕਿਹਾ ਜਾਂਦਾ ਹੈ ਕਿ ਸ਼ਿਵ ਜੀ ਨੇ ਇਸ ਚਮੜੀ ਨੂੰ ਆਪਣੇ ਹੱਥ ਨਾਲੋਂ

ਲਾਹੁਣ ਦਾ ਬਹੁਤ ਯਤਨ ਕੀਤਾ, ਪਰ ਇਹ ਲੱਥੇ ਨਾ। ਅੰਤ ਨੂੰ ਉਸ ਨੇ ਤੀਰਥ ਯਾਤਰਾ ਸ਼ੁਰੂ ਕੀਤੀ। ਜਦ ਉਹ ਕਪਾਲ ਮੋਚਨ ਤੀਰਥ ਤੇ ਅਪੜਿਆ ਅਤੇ ਉਥੇ ਇਸ਼ਨਾਨ ਕੀਤਾ ਤਦ ਇਹ ਸਿਰ ਸ਼ਿਵਜੀ ਦੇ ਹੱਥ ਨਾਲੋਂ ਲੱਥਾ।[83] ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਕ ਥਾਂ ਤੇ ਹਵਾਲਾ ਆਇਆ ਹੈ ਕਿ ਸਰਸਵਤੀ ਜਸ ਗਾਉਂਦੇ ਹਨ।

ਨਾਰਦ ਸਾਰਦ ਸ਼ੇਸ਼ ਕੀਮੰਤ ਗਾਇਦੇ।[84]

ਭਾਈ ਗੁਰਦਾਸ ਸਪਸ਼ਟਕਰਦੇ ਹਨ ਕਿ ਦੇਵਤੇ ਤੇ ਦੇਵੀਆਂ ਦੀ ਪਦਵੀ ਬੇਸ਼ਕ ਵੱਡੀ ਮੰਨੀ ਗਈ ਹੈ ਪਰ ਇਹ ਉਸ ਅਕਾਲ ਪੁਰਖ ਦੇ ਦਰ ਤੇ ਦਾਸ ਸਮਾਨ ਹਨ ਅਤੇ ਉਸ ਦਾ ਅੰਤ ਨਹੀਂ ਪਾ ਸਕਦੇ।

ਸ਼ਕਤੀ :

ਇਹ ਸ਼ਿਵਜੀ ਦੀ ਪਤਨੀ ਅਤੇ ਹਿਮਾਲਿਆਂ ਦੀ ਧੀ ਹੈ। ਮਹਾਂਭਾਰਤ ਵਿਚ ਇਸ ਦਾ ਕਈ ਨਾਵਾਂ ਅਤੇ ਅਨੇਕਾਂ ਵਿਲੱਖਣ ਲਛਣਾਂ ਸਮੇਤ ਵਰਨਣ ਕੀਤਾ ਗਿਆ ਹੈ, ਪਰ ਪੁਰਾਣਾਂ ਅਤੇ ਪਿਛਲੇਰੀਆਂ ਰਚਨਾਵਾਂ ਵਿਚਇਸ ਦੀ ਵਿਸ਼ੇਸ਼ਤਾ ਵਧੇਰੇ ਰੂਪਮਾਨ ਹੋਈ ਹੈ। ਜੋਨ ਡੋਸਨ ਅਨੁਸਾਰ ਇਸ ਦੇ ਅਨੇਕਾਂ ਨਾਮ ਹਨ ਜਿਹੜੇ ਇਸ ਦੇ ਭਿੰਨ ਭਿੰਨ ਰੂਪਾਂ, ਗੁਣਾਂ ਅਤੇ ਕਰਮਾਂ ਨਾਲ ਸਬੰਧ ਰੱਖਦੇ ਹਨ। ਆਪਣੇ ਸਮਿਅਰ ਰੂਪ ਵਿਚ ਇਹ ਦੇਵੀ ਉਮਾ 'ਪ੍ਰਕਾਸ਼', ਸੁੰਦਰਤਾ ਦੀ ਮੂਰਤੀ ਗੌਰੀ, ਪਾਰਬਤੀ, ਮਹਾਂਤਨ ਅਤੇ ਭਵਾਨੀ ਆਦਿ ਹੈ। ਭਿਅੰਕਰ ਰੂਪ ਵਿਚ ਇਹ ਦੁਰਗਾ, ਕਾਲੀ, ਭੈਰਵੀ ਅਤੇ ਚੰਡੀ ਆਦਿ ਹੈ। ਇਸ ਦੀਆਂ ਦਸ ਬਾਹਵਾਂ ਹਨ ਅਤੇ ਇਸ ਦੇ ਬਹੁਤ ਹੱਥਾਂ ਵਿਚ ਜ਼ਿਆਦਾਤਰ ਸ਼ਾਸਤਰ ਫੜੇ ਹੁੰਦੇ ਹਨ।[85] ਇਸਦੇ ਇਸ ਰੂਪ ਲਈ ਖੂਨੀ ਬਲੀਦਾਨ ਦਿੱਤੇ ਜਾਂਦੇ ਹਨ ਅਤੇ ਇਸ ਦੇ ਸਨਮਾਨ ਵਿਚ ਦੁਰਗਾ ਪੂਜਾ ਵਰਗੇ ਸੰਸਕਾਰ ਕੀਤੇ ਜਾਂਦੇ ਹਨ।

ਭਾਈ ਗੁਰਦਾਸ ਵਾਰਾਂ ਵਿਚ ਲਿਖਦੇ ਹਨ ਕਿ ਚੇਤਨ ਤੇ ਮਾਇਆ (ਸ਼ਕਤੀ) ਦੇ ਮਿਲਾਪ ਦੇ ਖੇਲ ਕਰਕੇ ਪ੍ਰਕ੍ਰਿਤੀ ਰੂਪ (ਸੰਸਾਰ) ਦਾ ਪਾਸਾਰਾ ਪਸਰਿਆ ਹੈ।[86] ਅੱਗੇ ਚਲ ਕੇ ਹਵਾਲਾ ਦਿੰਦੇ ਹਨ ਕਿ ਸ਼ਿਵ ਸ਼ਕਤੀ ਦੇ ਮੇਲ ਰੂਪ ਸੰਸਾਰ ਵਿਚ ਦਵੈਤ ਵਾਸ਼ਨਾ ਹੁੰਦੀ ਹੈ।:

ਸ਼ਿਵ ਸਕਤੀ ਦਾ ਮੇਲੁ ਦੁਬਿਧਾ ਹੋਵਈ।[87]

ਮਾਇਆ :

ਜੋਨ ਡੋਸਨ ਅਨੁਸਾਰ, " ਛਲ, ਪਾਖੰਡ ਨੂੰ ਸਵਰਗੀ ਇਸਤਰੀ ਦੇ ਰੂਪ ਵਿਚ ਮਾਨਵੀਕਰਨ ਕੀਤਾ ਰੂਪ , ਜਿਸ ਦੀ ਸਿਰਜਨਾ ਕਿਸੇ ਵਿਅਕਤੀ ਦੇ ਛਲਣ ਦੇ ਮਨੋਰਥ ਵਜੋਂ ਕੀਤੀ ਗਈ ਸੀ, ਕਦੀ ਕਦੀ ਮਾਇਆ ਦੇ ਮੂਲ ਵਜੋਂ ਇਸ ਦਾ ਦੁਰਗਾ ਨਾਲ ਏਕੀਕਰਣ ਜਾਂ ਸੰਸਾਰੀ ਵਸਤਾਂ ਦੀ ਅਸਤਤਾਂ ਦੇ ਰੂਪ ਵਿਚ ਮਾਨਵੀਕਰਣ ਵੀ ਕੀਤਾ ਜਾਂਦਾ ਹੈ, ਇਸ ਰੂਪ ਵਿਚ ਇਸ ਨੂੰ ਮਾਯਾ ਦੇਵੀ ਜਾਂ ਮਹਾਂਮਾਯਾ ਕਿਹਾ ਜਾਂਦਾ ਹੈ।[88]

ਬ੍ਰਹਮ ਦੀ ਅਨੰਦ ਸ਼ਕਤੀਨੂੰ ਵੀ ਮਾਇਆ ਆਖਿਆ ਗਿਆ ਹੈ ਜਿਸ ਦੁਆਰਾ ਉਹ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ।[89]

ਮਾਈ ਮਾਇਆ ਛਲੁ
ਗੁਰਬਾਣੀ ਵਿਚ ਮਾਇਆ ਨੂੰ ਛਲ, ਨਾਗਣਿ ਜਾਂ ਠਗਉਰੀ ਕਿਹਾ ਗਿਆ ਹੈ:

ਤ੍ਰਿਣ ਕੀ ਅਗਨਿ ਮੇਘ ਕੀ ਛਾਇਆ, ਗੋਬਿੰਦ ਭਜਨ ਬਿਨਹੜ ਕਾ ਜਲੁ।[90]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਾਇਆ ਸਬੰਧੀ ਸੰਕੇਤ ਇਸ ਪ੍ਰਸੰਗ ਵਿਚ ਆਏ ਹਨ ਕਿ ਇਹ ਸਭ ਤ੍ਰੈ-ਗੁਣੀ ਮਾਇਆ ਦਾ ਹੀ ਚਲਿੱਤਰ ਹੈ ਜਿਸ ਨੇ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਪੈਦਾ ਕੀਤੇ।[91] ਜੀਵ ਵੀ ਮਾਇਆ ਦੇ ਮਹਾਂ ਜਾਲ ਵਿਚ ਫਸਿਆ ਹੋਇਆ ਹੈ ਅਤੇ ਜਨਮ ਮਰਨ ਦਾ ਵੱਡਾ ਦੁੱਖ ਸਹਾਰਦਾ ਹੈ।[92] ਭਾਵੇ ਜੀਵ ਮਾਇਆ ਦੇ ਜਾਲ ਵਿਚ ਫਸ ਕੇ ਪਰਮਾਤਮਾ ਤੋਂ ਵਿਛੜ ਜਾਂਦਾ ਹੈ ਅਤੇ ਸੰਸਾਰਕ ਮੋਹ ਚੱਕਰ ਵਿਚ ਜਾ ਫਸਦਾ ਹੈ। ਇਸ ਪ੍ਰਕਾਰ ਵਾਰਾਂ ਵਿਚ ਮਾਇਆ ਦੀ ਸਖਤ ਸ਼ਬਦਾਂ ਵਿਚ ਨਿੰਦਾ ਹੋਈ ਹੈ।

ਲੱਛਮੀ:

ਲੱਛਮੀ ਦੇ ਜਨਮ ਸਬੰਧੀ ਰਾਮਾਇਣ ਦਾ ਵਿਚਾਰ ਹੀ ਆਮ ਤੌਰ ਤੇ ਪ੍ਰਵਾਨ ਕੀਤਾ ਜਾਂਦਾ ਹੈ ।ਜਦੋਂ ਦੇਵਤਿਆਂ ਅਤੇ ਦੈਂਤਾਂ ਨੇ ਸਮੁੰਦਰ ਮੰਥਨ ਕੀਤਾ ਤਾਂ ਲੱਛਮੀ ਆਪਣੀ ਪੂਰਣ ਸੁੰਦਰਤਾ ਨਾਲ ਹੱਥਾਂ ਵਿਚ ਕੰਵਲ ਫੁੱਲ ਲੈ ਕੇ ਸਮੁੰਦਰ ਦੀ ਤਹਿ ਵਿਚੋਂ ਅਪਛਰਾ ਵਾਂਗ ਪ੍ਰਗਟ ਹੋਈ। ਇਸ ਨੂੰ ਚੌਦਾਂ ਰਤਨਾ ਵਿਚ ਗਿਣਿਆ ਜਾਂਦਾ ਹੈ। ਇਸ ਦੇ ਹੱਥ ਵਿਚ ਕੰਵਲ ਦਾ ਫੁੱਲ ਹੋਣ ਕਰਕੇ ਇਸਨੂੰ 'ਪਦਮਾਂ' ਵੀ ਕਿਹਾ ਜਾਂਦਾ ਹੈ। ਲਛਮੀ ਨੂੰ ਖੀਰ ਸਾਗਰ ਉਤੇ ਵਿਸਰਾਮ ਕਰ ਰਹੇ ਵਿਸ਼ਨੂੰ ਦੇ ਵਕਸ਼ਸਥਲ ਨਾਲ ਜੁੜੀ ਹੋਈ ਵਿਖਾਇਆ ਜਾਂਦਾ ਹੈ।ਕਹਿੰਦੇ ਹਨ ਕ੍ਰਿਗ

ਰਿਸ਼ੀ ਨੇਇਸ ਸਬੰਧੀ ਵਰਦਾਨ ਵਿਸ਼ਨੂੰ ਨੂੰ ਦਿੱਤਾ ਸੀ। ਹਿੰਦੂ ਪੁਰਾਣਾ ਵਿਚ ਇਹ ਸੰਕੇਤ ਮਿਲਦੇ ਹਨ ਕਿ ਵਿਸ਼ਨੂੰ ਦੀ ਪਤਨੀ ਵਜੋਂ ਲਛਮੀ ਨੇ ਵਿਸ਼ਨੂੰ ਦੇ ਵੱਖ ਵੱਖ ਅਵਤਾਰਾਂ ਸਮੇਂ ਵੱਖ ਵੱਖ ਅਵਤਾਰ ਵੀ ਧਾਰੇ ਜਿਵੇਂ ਸ੍ਰੀ ਰਾਮ ਅਵਤਾਰ ਸਮੇਂ ਸੀਤਾ, ਸ੍ਰੀ ਕ੍ਰਿਸ਼ਨ ਅਵਤਾਰ ਸਮੇਂ ਰਾਧਾ ਆਦਿ।"[93] ਪੁਰਾਣਾ ਵਿਚਲਛਮੀ ਨੂੰ ਕਿਸਮਤ ਦੀ ਦੇਵੀ ਅਤੇ ਧੰਨ ਦੀ ਦੇਵੀ ਮੰਨਿਆ ਗਿਆ ਹੈ। ਬਾਲਮੀਕ ਰਮਾਇਣ ਵਿਚ ਇਸਦੇ ਸਰੂਪ ਵਰਣਨ ਵਿਚ ਇਸ ਨੂੰ ਸ਼ੁਭ ਵਸਤ੍ਰ-ਧਾਰਣੀ, ਮੁਕਟ-ਧਾਰਣੀ, ਕੁੰਚਿਤ ਕੇਸ਼ਾ ਅਤੇ ਚਤੁਰ ਹਸਤਾਂ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ।[94] ਇਸ ਦਾ ਕੋਈ ਮੰਦਰਨਹੀਂ, ਪਰ ਕਿਸਮਤ ਅਤੇ ਧੰਨ ਦੀ ਦੇਵੀ ਹੋਣ ਕਰਕੇ ਇਸ ਦੀ ਪੂਜਾ ਹੁੰਦੀ ਰਹੀ ਹੈ ਅਤੇ ਕਦੇ ਬੰਦ ਨਹੀਂ ਹੋਈ।[95] ਗੁਰੂ ਨਾਨਕ ਬਾਣੀ ਵਿਚ ਲਛਮੀ ਸਬੰਧੀ ਸੰਕੇਤ 'ਸਾਇਰ ਦੀ ਪੁੱਤਰੀ'[96] ਅਤੇ 'ਸ੍ਰੀ'[97] ਸ਼ਬਦਾਂ ਵਿਚ ਆਏ ਹਨ। ਸਾਇਰ ਦੀ ਪੁੱਤਰੀ ਵਾਲੇ ਸੰਕੇਤ ਵਿਚ ਇਸ ਨੂੰ ਮਾਇਆ ਦਾ ਪ੍ਰਤੀਕ ਬਣਾ ਕੇ ਵਰਤਿਆ ਗਿਆ ਹੈ। ਕਿਉਂਕਿ ਇਹ ਸਮੁੰਦਰ ਵਿਚੋਂ ਨਿਕਲੇ ਰਤਨਾਂ ਦਾ ਇਕ ਹਿੱਸਾ ਹੈ। 'ਸ੍ਰੀ' ਦੇ ਨਾਲ 'ਸ੍ਰੀ ਸਰ' ਅਰਥਾਤ ਲਛਮੀ ਦਾ ਪਤੀ ਵਿਸਨੂੰ ਪ੍ਰਮਾਤਮਾ ਦਾ ਸੰਕੇਤਕ ਰੂਪ ਹੈ। ਲੱਛਮੀ ਦੇਵੀ ਅਤੇ ਦੇਵੀ ਸਿਧਾਂਤਾਂ ਦਾ ਗੁਰੂ ਨਾਨਕ ਬਾਣੀ ਵਿਚ ਖੰਡਨ ਹੋਇਆ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਹਵਾਲੇ ਆਏ ਹਨਕਿ ਜਿਸ ਲਛਮੀ ਦੇ ਚਰਨ ਸਰਨ ਵਿਚ ਲੱਖਾਂ ਹੀ ਮੁਕਤੀਆਂ ਜਾਣੀਆਂ ਜਾਂਦੀਆਂ ਹਨ। ਸਭ ਰਿਧੀਆਂ, ਸਿਧੀਆਂ, ਨਿਧੀਆਂ, ਜਿਸ ਦੀਆਂ ਟਹਿਲਨਾਂ ਹਨ ਅਤੇ ਸਾਧਕ ਸਿੱਧ ਜਿਸ ਨਾਲ ਲਿਪਟੇ ਰਹਿੰਦੇ ਹਨ। ਚਾਰ ਵਰਨ, ਛੇ ਦਰਸ਼ਨ, ਜਤੀ, ਸਤੀ, ਨੌਂ ਨਾਥ ਜਿਸ ਅੱਗੇ ਸਿਰ ਨਿਵਾਈ ਖੜੇ ਹਨ। ਜੋ ਤਿੰਨਾਂ ਲੋਕਾਂ ਚੌਦਾਂ, ਭਵਨਾਂ, ਜਲ-ਥਲ, ਪ੍ਰਿਥਵੀ, ਆਕਾਸ਼ ਵਿਚ ਛਲ ਕਰਕੇ ਮੰਨੀ ਜਾਂਦੀ ਹੈ, ਉਹ ਲਛਮੀ ਆਪਣੇ ਸੁਆਮੀ ਵਿਸ਼ਨੂੰ ਸਮੇਤ ਸਾਧ ਸੰਗਤ ਦੀ ਸ਼ਰਨ ਵਿਚ ਆਈ ਹੈ ਅਤੇ ਸੰਤਾਂ ਦੀ ਪੈਰੀ ਪੈ ਕੇ ਪੈਰਾਂ ਦੀ ਧੂੜ ਹੋ ਕੇ, ਹੰਕਾਰ ਗਵਾ ਕੇ ਰਹਿੰਦੀ ਹੈ ਅਤੇ ਆਪਣਾ ਆਪਾ ਨਹੀਂ ਗਿਣਾਉਂਦੀ।[98]

ਭਾਈ ਗੁਰਦਾਸ ਇਹ ਸਪਸ਼ਟ ਕਰਦੇ ਹਨ ਕਿ ਬੇਸ਼ਕ ਲਛਮੀ ਸਾਰੇ ਜਗਤ ਉਤੇ ਹੁਕਮ ਚਲਾਉਂਦੀ ਹੈ ਪਰ ਉਹ ਸਾਧ ਸੰਗਤ ਵਿਚ ਦਾਸੀ ਹੋ ਕੇ ਵਿਚਰਦੀ ਹੈ।

(ੲ) ਰਾਜੇ :

ਹਰੀਸ੍ਰ ਚੰਦਰ :

ਹਰੀਸ੍ਰ ਚੰਦਰ ਤ੍ਰਿਸ਼ੰਕੂ ਦਾ ਪੁੱਤਰ ਅਤੇ ਸੂਰਜਵੰਸ੍ਰ ਦਾ ਅਠਾਈਵਾਂ ਰਾਜਾ ਸੀ। ਇਹ ਆਪਣੀ ਧਰਮਗਤਾ ਤੇ ਨਿਆਇ ਕਰਕੇ ਬਹੁਤ ਪ੍ਰਸਿੱਧ ਸੀ। ਇਸ ਸਬੰਧੀ ਬਹੁਤ ਸਾਰੀਆਂ ਕਥਾਵਾਂ ਪ੍ਰਸਿੱਧ ਹਨ। ਮਹਾਂ ਭਾਰਤ ਵਿਚ ਲਿਖਿਆ ਹੈ ਕਿ ਇਸ ਨੇ ਰਾਜਸੂਯ ਯੁੱਗ ਦੇ ਕਰਨ ਬਦਲੇ ਅਤੇ ਆਪਣੀ ਦਾਨਸ਼ੀਲਤਾ ਕਾਰਨ ਇੰਦਰ ਦੇ ਸਵਰਗ ਦੇ ਪਦ ਨੂੰ ਪ੍ਰਾਪਤ ਕਰ ਲਿਆ ਸੀ।[99] ਇਕ ਕਥਾ ਅਨੁਸਾਰ ਵਿਸ੍ਵਾਮਿੱਤਰ ਦੇ ਦਾਨ ਮੰਗਣ ਤੇ ਸਭ ਕੁਝ ਦਾਨ ਕਰ ਦਿੱਤਾ ਅਤੇ ਕੰਗਾਲ ਰੂਪ ਵਿਚ ਵਿਚਰਿਆ, ਥਾਂ ਥਾਂ ਤੇ ਵਿਕਿਆ।ਆਪਣੇ ਤਿਆਗ ਤੇ ਫਰਜ਼ ਤੇ ਦ੍ਰਿੜ ਰਹਿਣ ਕਾਰਣ ਇਸ ਨੂੰ ਦੇਵਤਿਆਂ ਨੇ ਸਵਰਗ ਵਿਚ ਬੁਲਾ ਲਿਆ ਪਰ ਇਸ ਨੇ ਆਪਣੀ ਸਾਰੀ ਪਰਜਾ ਨੂੰ ਨਾਲ ਖੜਨਾ ਚਾਹਿਆ। ਇੰਦਰ ਨੇ ਇਸ ਦੀ ਇਹ ਗੱਲ ਵੀ ਮੰਨ ਲਈ। ਨਾਰਦ ਮੁਨੀ ਦੇ ਫਰੇਬ ਨਾਲ ਸਵੈ ਉਸਤਤੀ ਕਰ ਬੈਠਾ ਅਤੇ ਸਵਰਗ ਵਿਚੋਂ ਕੱਢਿਆ ਗਿਆ, ਪਰ ਜਦੋਂ ਡਿੱਗ ਰਿਹਾ ਸੀ ਤਾਂ ਆਪਣੀ ਭੁੱਲ ਬਖਸ਼ਾ ਲਈ ਸੋ ਹਾਲੇ ਵੀ ਆਕਾਸ਼ ਵਿਚ ਲਟਕਿਆ ਹੋਇਆ ਹੈ। ਇਸ ਨਗਰੀ ਨੂੰ ਹਰਿ ਚੰਦਉਰੀ ਕਿਹਾ ਜਾਂਦਾ ਹੈ।[100]

ਗੁਰੂ ਨਾਨਕ ਬਾਣੀ ਵਿਚ ਹਰੀਸ੍ਰ ਚੰਦਰ ਦੇ ਜੀਵਨ ਨਾਲ ਸਬੰਧਤ ਦਾਨ ਕਰਨ ਵਾਲੀ ਘਟਨਾ ਵੱਲ ਸੰਕੇਤ ਹੈ। ਇਸ ਸੰਕੇਤ ਵਿਚ ਦਾਨ ਤੋਂ ਮਿਲੇ ਯਸ਼ ਦੇ ਹੰਕਾਰ, ਉਸ ਦੇ ਮਾੜੇ ਸਿੱਟੇ ਅਤੇ ਪ੍ਰਭੂ ਦੇ ਭਾਣੇ ਅਤੇ ਰਜ਼ਾ ਨੂੰ ਸਮਝਣ ਲਈ ਗੁਰੂ ਦੀ ਲੋੜ ਆਦਿ ਵਿਚਾਰਾਂ ਨੂੰ ਪ੍ਰਗਟ ਕੀਤਾ ਗਿਆ ਹੈ। ਅਖੀਰ ਵਿਚ ਉਸ ਦੇ ਦੁੱਖਾਂ ਅਤੇ ਸੁੱਖਾਂ ਵੱਲ ਇਸ਼ਾਰਾ ਵੀ ਹੈ:

> ਹਰੀ ਚੰਦੁ ਦਾਨ ਕਰੈ ਜਸੁ ਲੇਵੈ।
>
> ਬਿਨ ਗੁਰ ਅੰਤੁ ਨ ਪਾਇ ਅਭੇਵੈ।
>
> ਆਪ ਭੁਲਾਇ ਆਪੇ ਮਤਿ ਦੇਵੈ।[101]

ਭਾਈ ਗੁਰਦਾਸ ਨੇ ਹਰੀਸ੍ਰ ਚੰਦਰ ਨਾਲ ਸਬੰਧਤ ਇਕ ਹੋਰ ਪ੍ਰਸੰਗ ਨੂੰ ਵਾਰ 10/6 ਵਿਚ ਬਿਆਨ ਕੀਤਾ ਹੈ, ਜਿਸ ਵਿਚ ਹਰੀਸ੍ਰ ਚੰਦਰ ਦੀ ਪਤਨੀ ਰਾਣੀ ਤਾਰਾ ਲੋਚਨ ਦਾ ਸਤਿਸੰਗ ਵਿਚ ਜਾਣਾ, ਸ਼ੰਕਾ ਅਧੀਨ ਰਾਜੇ ਦਾ ਰਾਣੀ ਦਾ ਪਿੱਛਾ ਕਰਨਾ ਅਤੇ ਉਸ ਦੀ ਇਕ

ਖੜਾਉਂ ਚੁੱਕ ਕੇ ਲੈ ਆਉਣਾ , ਫਿਰ ਸਾਧ ਸੰਗਤ ਦਾ ਮਿਲ ਕੇ ਅਰਦਾਸ ਕਰਨਾ ਅਤੇ ਉਸੇ ਤਰਗੀ ਇਕ ਹੋਰ ਖੜਾਉ ਦਾ ਪੈਦਾ ਹੋ ਜਾਣਾ ਆਦਿ ਦਾ ਬਿਆਨ ਹੈ।[102] ਇਸ ਪ੍ਰਸੰਗ ਰਾਹੀਂ ਭਾਈ ਗੁਰਦਾਸ ਇਹ ਸਿੱਧ ਕਰਦੇ ਹਨ ਕਿ ਬੇਸ਼ਕ ਰਾਜਾ ਹਰੀ ਚੰਦਰ ਪ੍ਰਸਿੱਧ ਦਾਨੀ ਸੀ ਅਤੇ ਉਸ ਨੇ ਸਵਰਗ ਦੇ ਪਦ ਨੂੰ ਪ੍ਰਾਪਤ ਕਰ ਲਿਆ ਸੀ ਪਰ ਉਸ ਨਾਲੋਂ ਸਾਧ ਸੰਗਤ ਦੀ ਮਿਲ ਕੇ ਕੀਤੀ ਅਰਦਾਸ ਵਧੇਰੇ ਉੱਤਮ ਹੈ, ਜਿਸ ਦੀ ਅਰਦਾਸ ਸੁਣ ਕੇ ਪ੍ਰਭੂ ਆਪਣੇ ਭਗਤ ਦੀ ਲਾਜ ਰੱਖਦਾ ਹੈ। ਇਸ ਤਰ੍ਹਾਂ ਸਾਧ ਸੰਗਤ ਅੱਗੇ ਹਰੀਸ਼ ਚੰਦਰ ਇਕ ਨਿਰਮੂਲ ਜੀਵ ਹੈ।

ਰਾਜਾ ਜਨਕ :

ਰਾਜਾ ਜਨਕ ਮਿਥਲਾਪੁਰੀ ਦਾ ਰਾਜਾ ਅਤੇ ਸੀਤਾ ਦਾ ਪਿਤਾ ਸੀ। ਇਹ ਗ੍ਰਿਹਸਤੀ ਹੁੰਦਾ ਹੋਇਆ ਵੀ ਉੱਚੀ ਕੋਟੀ ਦਾ ਧਰਮਾਤਮਾ ਸੀ। ਇਹ ਆਪਣੇ ਵਿਸ਼ਾਲ ਗਿਆਨ, ਸ਼ੁਭ ਕਾਰਜਾਂ ਅਤੇ ਪਵਿੱਤਰਤਾ ਕਰਕੇ ਬੜਾ ਪ੍ਰਸਿੱਧ ਸੀ। ਬ੍ਰਾਹਮਣ ਗ੍ਰੰਥਾਂ ਵਿਚ ਲਿਖਿਆ ਹੈ, "ਇਸ ਨੇ ਬ੍ਰਾਹਮਣਾਂ ਦੇ ਪ੍ਰਧਾਨ ਪ੍ਰੋਹਿਤਾਂ ਦੇ ਵਖਾਵਿਆਂ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਅਤੇ ਪ੍ਰੋਹਿਤਾਂ ਦੇ ਦਖ਼ਲ ਬਿਨਾਂ ਯੱਗ ਕਰਨ ਦੇ ਅਧਿਕਾਰ ਨੂੰ ਦ੍ਰਿੜਾਇਆ।" ਕਹਿੰਦੇ ਹਨ ਇਸ ਨੇ ਅਤੇ ਇਸ ਦੇ ਪ੍ਰੋਹਿਤ ਯਾਗਵਲਕਯ ਨੇ ਹੀ ਬੁੱਧ ਧਰਮ ਲਈ ਰਾਹ ਤਿਆਰ ਕੀਤਾ।[103] ਰਾਜਾ ਜਨਕ ਨੇ ਆਪਣੀ ਤਸੱਲੀ ਲਈ ਪ੍ਰਸਿੱਧ ਨੌਂ ਮੁਨੀਆਂ:- ਕ੍ਰਪ, ਹਰੀ, ਆਤਰੀਛ, ਪਰਬੁਧ, ਪਿਪਲਾਏ, ਹੋਤਰ, ਜਸਮ, ਦੁਰਮਲ ਤੇ ਕਰਭਾਜਨ ਪਾਸੋਂ ਉਪਦੇਸ਼ ਲਿਆ। ਜਨਕ ਦੇ ਉਪਦੇਸ਼ ਨਾਲ ਸੁਕਦੇਵ ਨੂੰ ਪੂਰਨ ਸ਼ਾਂਤੀ ਮਿਲੀ।[104]

ਭਾਈ ਗੁਰਦਾਸ ਨੇ ਵਾਰਾਂ ਵਿਚ ਰਾਜਾ ਜਨਕ ਨਾਲ ਸਬੰਧਤ ਪ੍ਰਸੰਗਾਂ ਦਾ ਵਰਨਣ ਕੀਤਾ ਹੈ। ਰਾਜਾ ਜਨਕ ਦੀ ਭਗਤੀ ਦੀ ਮਹਾਨਤਾ ਪੇਸ਼ ਕਰਦੇ ਹੋਏ ਸੰਕੇਤ ਦਿੱਤਾ ਹੈ ਕਿ ਕਿਸ ਤਰ੍ਹਾਂ ਉਸਨੇ ਸਵਰਗ ਵਿਚ ਜਾਂਦੇ ਸਮੇਂ ਨਰਕ ਵਿਚ ਦੁੱਖ ਭੋਗ ਰਹੇ ਲੋਕਾਂ ਨੂੰ ਨਾਮ ਦੇ ਬਰਾਬਰ ਰੱਖ ਕੇ ਜਮਪਰੀ ਖਾਲੀ ਕਰਵਾ ਦਿੱਤੀ, ਉਨ੍ਹਾਂ ਨੂੰ ਆਪ ਨੇ ਨਾਲ ਸਵਰਗ ਵਿਚ ਨਾਲ ਲੈ ਗਿਆ ਅਤੇ ਅਨੇਕਾਂ ਜੀਵਾਂ ਦੀ ਮੁਕਤੀ ਕਰਵਾ ਦਿੱਤੀ।[105] ਭਾਈ ਗੁਰਦਾਸ ਨੇ ਰਾਜਾ ਜਨਕ ਦੀ ਮਾਇਆ ਵਿਚ ਉਦਾਸ ਬਿਰਤੀ ਵੱਲ ਵੀ ਸੰਕੇਤ ਦਿੱਤਾ ਹੈ।[106] ਤਪਦੇ ਕੜਾਹੇ ਵਿਚ ਪੈਰ ਪਾ ਕੇ ਆਪਣੇ ਆਪ ਨੂੰ ਰਾਜ ਜੋਗੀ ਸਿੱਧ ਕਰਨ ਨੂੰ ਭਾਈ ਗੁਰਦਾਸ ਨੇ ਪਾਖੰਡ ਕਿਹਾ ਹੈ।[107]

ਬਲਿ ਰਾਜਾ :

ਬਲਿਰਾਜਾ ਭਗਤ ਪ੍ਰਹਿਲਾਦ ਦਾ ਪੋਤਰਾ ਸੀ। ਇਹ ਦੈਂਤਾਂ ਦਾ ਰਾਜਾ ਸੀ । ਦੈਂਤ ਹੁੰਦੇ ਹੋਏ ਵੀ ਇਕ ਆਦਰਸ਼ਕ, ਸਤਿਆਸ਼ੀਲ ਅਤੇ ਵਿਸ਼ਨੂੰ ਭਗਤ ਸੀ। ਇਹ ਇਕ ਤਪਵੀਂ ਰਾਜਾ ਸੀ ਅਤੇ ਇਸ ਨੇ ਜਦੋਂ 101 ਯੱਗ ਕਰਨ ਦਾ ਪ੍ਰਣ ਕੀਤਾ ਤਾਂ ਕਿ ਇੰਦਰ ਪਦਵੀਂ ਹਾਸਲ ਕਰ ਸਕੇ। ਇਸ ਮਨੋਰਥ ਦੀ ਪੂਰਤੀ ਲਈ ਜਦੋਂ ਇਸ ਨੇ 101 ਯੱਗ ਕਰਨੇ ਸ਼ੁਰੂ ਕਰ ਦਿੱਤੇ ਤਾਂ ਇੰਦਰ ਦਾ ਸਿੰਘਾਸ਼ਨ ਡੋਲਣ ਲੱਗਾ। ਜਦੋਂ ਅਖੀਰਲਾ ਯੱਗ ਬਾਕੀ ਰਹਿ ਗਿਆ ਤਾਂ ਉਸ ਨੇ ਵਿਸ਼ਨੂੰ ਪਾਸ ਜਾ ਕੇ ਆਪਣੀ ਪਦਵੀ ਦੀ ਕਾਇਮੀ ਲਈ ਸਹਾਇਤਾ ਮੰਗੀ। ਵਿਸ਼ਨੂੰ ਬੌਣੇ ਬ੍ਰਾਹਮਣ ਦਾ ਰੂਪ (ਵਾਮਨ ਰੂਪ) ਧਾਰ ਕੇ ਬਲਿ ਦੇ ਦੁਆਰ ਤੇ ਆਇਆ। ਇਸ ਨੇ ਆਪਣੀ ਕੁਟੀਆ ਵਾਸਤੇ ਢਾਈ ਕਦਮ ਧਰਤੀ ਦਾ ਦਾਨ ਮੰਗਿਆ। ਬਲ ਦੇ ਗੁਰੂ ਸ਼ੁਕਰਆਚਾਰੀਆਂ ਨੇ ਸ਼ੱਕ ਕੀਤਾ ਤੇ ਦਾਨ ਦੇਣ ਤੋਂ ਬਥੇਰਾ ਰੋਕਿਆ, ਪਰ ਬਲਿ ਪ੍ਰਸਿੱਧ ਦਾਨੀ ਸੀ ਇਸ ਨੇ ਆਪਣੇ ਗੁਰੂ ਦੀ ਇਕ ਨਾ ਮੰਨੀ ਤੇ ਬ੍ਰਾਹਮਣ ਨੂੰ ਕਿਹਾ ਜਿੰਨੀ ਧਰਤੀ ਕੁਟੀਆ ਲਈ ਚਾਹੀਦੀ ਹੈ, ਮਿਥ ਲਵੇ। ਵਿਸ਼ਨੂੰ ਨੇ ਆਪਣੇ ਇਕ ਕਦਮ ਨਾਲ ਸਾਰਾ ਮਾਤ ਲੋਕ ਤੇ ਦੂਜੇ ਕਦਮ ਨਾਲ ਸਾਰਾ ਆਕਾਸ਼ ਲੋਕ ਮਿਣ ਲਿਆ। ਬਾਕੀ ਅੱਧੇ ਕਦਮ ਦੇ ਬਦਲੇ ਬਲਿ ਨੇ ਆਪਣਾ ਸਰੀਰ ਹਾਜ਼ਰ ਕਰ ਦਿੱਤਾ । ਵਿਸ਼ਨੂੰ ਨੇ ਉਸ ਦੀ ਛਾਤੀ ਤੇ ਪੈਰ ਰੱਖ ਕੇ ਉਸਨੂੰ ਪਾਤਾਲ ਲੋਕ ਭੇਜ ਦਿੱਤਾ ਤੇ ਕਿਹਾ ਇਥੋਂ ਦਾ ਰਾਜ ਸੰਭਾਲੋ। ਵਿਸ਼ਨੂੰ ਨੇ ਪ੍ਰਸੰਨ ਹੋ ਕੇ ਬਲਿ ਦੇ ਮੰਗਣ ਤੇ ਇਕ ਵਰ ਦਿੱਤਾ ਕਿ ਅਸੀਂ ਤਿੰਨੇ ਮੁੱਖੀ ਦੇਵਤੇ (ਬ੍ਰਹਮਾ- ਵਿਸ਼ਨੂੰ - ਮਹੇਸ਼) ਚਾਰ ਚਾਰ ਮਹੀਨੇ ਤੇਰੇ ਦਰ ਤੇ ਪਹਿਰਾ ਦੇਵਾਂਗੇ।[108]

ਭਾਈ ਗੁਰਦਾਸ ਨੇ ਉਪਰੋਕਤ ਕਥਾ ਦਾ ਬਿਆਨ ਵਾਰ ਨੰ 10/3 ਵਿਚ ਕੀਤਾ ਹੈ।

ਬਲਿ ਰਜਾ ਘਰਿ ਆਪਣੈ ਅੰਦਰਿ ਬੈਠਾ ਜਗਿ ਕਰਾਵੈ।
ਬਾਵਨ ਰੂਪੀ ਆਇਆ ਚਾਰਿ ਵੇਦ ਮੁਖਿ ਪਾਠ ਸੁਣਾਵੈ।
ਰਾਜੇ ਅੰਦਰਿ ਸਦਿਆ ਮੰਗੁ ਸੁਆਮੀ ਜੋ ਤੁਧੁ ਭਾਵੈ।
ਅਛਲੁ ਛਲਣਿ ਤੁਧੁ ਆਇਆ ਸੁਕ੍ਰ ਪੁਰੋਹਿਤੁ ਕਹਿ ਸਮਝਾਵੈ।
ਕਰੋ ਅਢਾਈ ਧਰਤਿ ਮੰਗਿ ਪਿਛਹੁ ਦੇ ਤ੍ਰਿਹੁ ਲੋਅ ਨ ਮਾਵੈ।

ਹੁਇ ਕਰਵਾ ਕਰਿ ਤਿੰਨ ਲੋਅ ਬਲਿ ਜਲ ਰਾਜਾ ਲੈ ਮਗਰੁ ਮਿਣਾਵੈ।
ਬਲਿ ਛਲਿ ਆਪੁ ਛਲਾਇਅਨੁ ਹੋਇ ਦਇਆਲੁ ਮਿਲੈ ਲਾਵੈ।
ਦਿਤਾ ਰਾਜੁ ਪਤਾਲ ਦਾ ਹੋਇ ਅਧੀਨੁ ਭਗਤਿ ਜਸੁ ਗਾਵੈ।
ਹੋਇ ਦਰਵਾਨ ਮਹਾਂ ਸੁਖੁ ਪਾਵੈ।[109]

ਭਾਈ ਗੁਰਦਾਸ ਇਸ ਕਥਾ ਰਾਹੀਂ ਇਹ ਦੱਸਦੇ ਹਨ ਕਿ ਜੇਕਰ ਬਲਿ ਨੇ ਹੰਕਾਰ ਰਹਿਤ ਹੋ ਕੇ ਗੁਰੂ ਦੀ ਆਗਿਆ ਮੰਨੀ ਹੁੰਦੀ ਤਾਂ ਉਸ ਨੇ ਛਾਲਿਆਂ ਨਹੀਂ ਸੀ ਜਾਣਾ। ਜੀਵ ਨੂੰ ਨੇਕੀ ਕਰਨੀ ਚਾਹੀਦੀ ਹੈ ਅਤੇ ਨੇਕੀ ਕਰਕੇ ਹੰਕਾਰ ਨਹੀਂ ਕਰਨਾ ਚਾਹੀਦਾ ਅਤੇ ਉਸ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ। ਇਕ ਪ੍ਰਸੰਗ ਵਿਚ ਭਾਈ ਗੁਰਦਾਸ ਸੰਕੇਤ ਕਰਦੇ ਹਨ ਕਿ ਪ੍ਰਹਿਲਾਦ ਦਾ ਪੋਤਾ ਬਲਿ ਇੰਦਰ ਪੁਰੀ ਦੇ ਰਾਜ ਦੀ ਇੱਛਾ ਕਰਦਾ ਸੀ। ਇਸ ਦੀ ਪ੍ਰਾਪਤੀ ਲਈ ਇਸ ਨੇ 101 ਯੱਗ ਸੰਪੂਰਨ ਕਰ ਲਏ। ਵਿਸ਼ਨੂੰ ਨੇ ਬਾਵਨ ਰੂਪ ਵਿਚ ਆ ਕੇ ਇਸ ਦਾ ਹੰਕਾਰ ਦੂਰ ਕੀਤਾ, ਭਗਤ ਦਾ ਉਧਾਰ ਕੀਤਾ ਅਤੇ ਪਾਤਾਲ ਲੋਕ ਦਾ ਰਾਜ ਸੰਭਾਲ ਦਿੱਤਾ। ਵਿਸ਼ਨੂੰ ਬਲਿਰਾਜਾ ਨੂੰ ਛੱਲਨ ਆਇਆ ਆਪ ਛੱਲਿਆ ਗਿਆ ਅਤੇ ਬਲਿਰਾਜਾ ਦਾ ਦਰਬਾਨ ਬਣਿਆ। ਇਥੇ ਭਾਈ ਗੁਰਦਾਸ ਇਹ ਸਪਸ਼ਟ ਕਰਦੇ ਹਨ ਕਿ ਜਿਸ ਤਰ੍ਹਾਂ ਬਲਿ ਰਾਜਾ ਨੇ ਵਿਸ਼ਨੂੰ ਦਾ ਹੁਕਮ ਮੰਨ ਕੇ ਫਿਰ ਉਸ ਤੋਂ ਹੁਕਮ ਮੰਨਵਾਇਆ ਸੀ ਇਸੇ ਤਰ੍ਹਾਂ ਹੀ ਹੁਕਮੀ ਬੰਦੇ ਦੀ ਅਕਾਲ ਪੁਰਖ ਮੰਨਦਾ ਹੈ।

## (ਸ) <u>ਰਿਸ਼ੀ/ਮੁਨੀ:</u>

### ਸਨਕਾਦਿਕ ਰਿਸ਼ੀ :

ਬ੍ਰਹਮਾ ਦੇ ਚਾਰ ਮਾਨਸ ਪੁੱਤਰਾਂ (ਸਨਕ, ਸਨੰਦਨ, ਸਨਾਤਨ ਅਤੇ ਸਕਤ ਕੁਮਾਰ) ਵਿਚੋਂ ਇਕ ਹੈ। ਸਨਕ ਵੱਡਾ ਹੋਣ ਕਰਕੇ ਉਸਦੇ ਨਾਮ ਨਾਲ ਆਦਿ ਜਾਂ ਆਦਿਕ ਪਦ ਜੋੜ ਦਿੱਤਾ ਗਿਆ ਹੈ। ਬ੍ਰਹਮਾ ਨੇ ਇਨ੍ਹਾਂ ਨੂੰ ਸ੍ਰਿਸ਼ਟੀ ਰਚਨਾ ਵਿਚ ਸਹਾਇਤਾ ਲਈ ਪੈਦਾ ਕੀਤਾ ਸੀ ਪਰ ਇਹ ਪਿਤਾ ਦੀ ਇੱਛਾ ਦੇ ਉਲਟ ਨਿਕਲੇ ਅਤੇ ਭਗਤੀ ਵਿਚ ਲੀਨ ਹੋ ਗਏ।[110] ਇਸ ਨੇ ਵਿਸ਼ਨੂੰ ਪਾਸੋਂ ਸਦੀਵ ਬਾਲ ਅਵਸਥਾ ਅਤੇ ਸਤਿਸੰਗ ਵਿਚ ਰਹਿਣ ਦਾ ਵਰ ਮੰਗਿਆ ਸੀ।[111] ਇਨ੍ਹਾਂ ਨੇ ਵਿਸ਼ਨੂੰ ਦੇ ਦੁਆਰਪਾਲ ਜੈ ਅਤੇ ਬਿਜੈ ਨੂੰ ਦਰਵਾਜੇ ਉਪਰ ਇਹਨਾਂ ਨੂੰ ਰੋਕਣ ਤੇ ਸਰਾਪ ਦਿੱਤਾ ਜਿਸ ਕਾਰਨ ਉਹ ਦੋਨੋਂ ਧਰਤੀ ਤੇ ਆ ਕੇ ਰਾਕਸ਼ਸ਼ ਬਣੇ।[112]

ਗੁਰੂ ਨਾਨਕ ਬਾਣੀ ਵਿਚ ਇਨ੍ਹਾਂ ਨਾਲ ਸਬੰਧਤ ਮਿਥ ਕਥਾਵਾਂ ਦਾ ਕੋਈ ਪ੍ਰਸੰਗ ਨਹੀਂ ਮਿਲਦਾ। ਗੁਰੂ ਸਾਹਿਬ ਅਨੁਸਾਰ ਇਨ੍ਹਾਂ ਦੀ ਵਡਿਆਈ ਇਸੇ ਗੱਲ ਵਿਚ ਹੈ ਕਿ ਇਹ ਭਗਤੀ ਭਾਵਨਾ ਵਿਚ ਰੰਗੇ ਹੋਏ ਹਨ:

(ੳ) ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ।[113]

(ਅ) ਸਨਕ ਸਨਾਦਿ ਬ੍ਰਹਮਾਦਿ ਇੰਦਾਇਕ ਭਗਤਿ ਰਤੇ ਬਨਿਆਈ।[114]

ਭਾਈ ਗੁਰਦਾਸ ਨੇ ਵਾਰਾਂ ਵਿਚ ਮਿਥਿਹਾਸਕ ਤੱਥਾਂ ਨੂੰ ਲੈ ਕੇ ਸਨਕਾਦਿਕ ਦੀ ਬਾਲ ਬੁੱਧੀ, ਕਰੋਧ ਅਤੇ ਹੰਕਾਰ ਦਾ ਪ੍ਰਗਟਾਵਾ ਕੀਤਾ ਹੈ ਕਿ ਸਨਕਾਦਿਕ ਬਾਲ ਬੁੱਧੀ ਅਤੇ ਬਾਲਕ ਸੁਭਾਅ ਕਰਕੇ ਨਵਿਰਤੀ ਤੋਂ ਖਾਲੀ ਹੈ। ਉਹ ਆਪਣੀ ਚੰਚਲ ਬੁੱਧੀ ਤੇ ਕਾਬੂ ਨਾ ਕਰ ਸਕਿਆ ਕਿਉਂਕਿ ਜਦ ਬੈਕੁੰਠ ਵਿਚ ਜਾਂਦਿਆਂ ਉਸਨੂੰ ਜੈ ਬਿਜੈ ਨੇ ਭਗਵਾਨ ਦੀ ਆਗਿਆ ਬਿਨਾ ਅੰਦਰ ਜਾਣ ਲਈ ਰੋਕਿਆ ਤਾਂ ਕ੍ਰੋਧ ਵਿਚ ਆ ਕੇ ਜੈ ਬਿਜੈ ਨੂੰ ਰਾਕਸ਼ਸ ਹੋਣ ਦਾ ਸਰਾਪ ਦੇ ਕੇ ਜ਼ੋਰ ਦਿਖਾਇਆ।

ਬਾਲ ਬੁੱਧ ਸਨਕਾਦਿਕਾ ਬਾਲ ਸੁਭਾਉ ਨਵਿਰਤੀ ਹਾਣੇ।
ਜਾਇ ਬੈਕੁੰਠਿ ਕਰੋਧੁ ਕਰਿ ਦੇਇ ਸਰਾਪੁ ਜੈਇ ਬਿਜੈ ਬਿਡਾਣੇ।[115]

ਸੁਕਦੇਵ :

ਸੁਕਦੇਵ, ਰਿਸ਼ੀ ਵਿਆਸ ਦਾ ਪੁੱਤਰ ਸੀ। ਇਸ ਨੇ ਬਾਲ ਅਵਸਥਾ ਵਿਚ ਭਗਤੀ ਸ਼ੁਰੂ ਕਰ ਦਿੱਤੀ ਸੀ ਜਦੋਂ ਬਿਆਸ ਉਸਨੂੰ ਬ੍ਰਹਮ ਗਿਆਨ ਦੇ ਕੇ ਸੰਤੁਸ਼ਟ ਨਾ ਕਰ ਸਕਿਆ ਤਾਂ ਸ਼ਾਂਤੀ ਦੀ ਪ੍ਰਾਪਤੀ ਲਈ ਰਾਜਾ ਜਨਕ ਪਾਸ ਉਪਦੇਸ਼ ਲਈ ਗਿਆ। ਰਾਜਾ ਜਨਕ ਨੇ ਪ੍ਰੀਖਿਆ ਲਈ, ਉਪਦੇਸ਼ ਦਿੱਤਾ ਤੇ ਪੂਰਨ ਸ਼ਾਂਤੀ ਪ੍ਰਾਪਤ ਹੋਈ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਸੁਕਦੇਵ ਨੇ ਆਪਣੇ ਪਿਤਾ ਦੀ ਸਹਾਇਤਾ ਨਾਲ ਵੇਦਾਂ ਨੂੰ ਤਰਤੀਬ ਵਿਚ ਲਿਆਂਦਾ।[116] ਭਾਈ ਗੁਰਦਾਸ ਨੇ ਵਾਰਾਂ ਵਿਚ ਸੁਕਦੇਵ ਰਿਸ਼ੀ ਨੂੰ ਇਕ ਹੰਕਾਰੀ ਦੇ ਰੂਪ ਵਿਚ ਪੇਸ਼ ਕੀਤਾ ਹੈ ਕਿ ਉਹ ਹੰਕਾਰ ਕਰਨ ਕਰਕੇ ਮਾਂ ਦੇ ਗਰਭ ਵਿਚ ਹੈਰਾਨ ਹੋਇਆ।[117] ਬਾਰਾਂ ਸਾਲ ਗਰਭ

ਵਿਚ ਵੱਸ ਕੇ ਸੁਕਦੇਵ ਨੇ ਜੰਮਦਿਆਂ ਹੀ ਉਦਾਸੀ ਲੈ ਲਈ। ਮਾਇਆ ਵਿਚ ਤਾਂ ਅਤੀਤ ਹੋਇਆ ਪਰ ਹਠ, ਬੁੱਧੀ ਵਲੋਂ ਮਨ ਦੀ ਖਲਾਸੀ ਨਾ ਹੋਈ। ਪਿਤਾ ਵਿਆਸ ਨੇ ਰਾਜਾ ਜਨਕ ਨੂੰ ਗੁਰੂ ਧਾਰਨ ਲਈ ਉਪਦੇਸ਼ ਦਿੱਤਾ। ਇਸ ਤਰ੍ਹਾਂ ਖੋਟੀ ਮੱਤ ਨੂੰ ਛੱਡ ਕੇ ਗੁਰੂ ਮੱਤ ਨੂੰ ਲਿਆ ਅਤੇ ਸਿਰ ਤੇ ਜੂਠੀਆਂ ਪਤਲਾਂ ਧਰਕੇ ਗੁਰੂ ਤੋਂ ਸਾਬਾਸ਼ੀ ਲਈ। ਗੁਰੂ ਦੇ ਉਪਦੇਸ਼ ਨਾਲ ਹੰਕਾਰ ਦੂਰ ਹੋਇਆ ਅਤੇ ਜਗਤ ਦਾ ਦਾਸ ਬਣਿਆ। ਪੈਰੀ ਪੈ ਕੇ ਪੈਰਾਂ ਦੀ ਖਾਕ ਹੋਇਆ ਹੀ ਗੁਰੂ ਦੀ ਸਿਖਿਆ ਰਾਹੀਂ ਪ੍ਰੇਮ ਭਗਤੀ ਪ੍ਰਾਪਤ ਹੁੰਦੀ ਹੈ। ਗੁਰਮੁੱਖ ਨੂੰ ਇਸ ਤਰ੍ਹਾਂ ਸਹਿਜ ਦੇ ਨਿਵਾਸ ਰੂਪ ਸੁੱਖ ਮਿਲਦਾ ਹੈ ਭਾਵ ਦਰਗਾਹ ਵਿਚ ਇੱਜਤ ਸੱਚੇ ਗੁਰਸਿੱਖ ਦੀ ਹੋਣੀ ਹੈ।[118]

ਭਾਈ ਗੁਰਦਾਸ ਇਸ ਪ੍ਰਸੰਗ ਵਿਚ ਇਹ ਉਪਦੇਸ਼ ਦਿੰਦੇ ਹਨ ਕਿ ਸੁਕਦੇਵ ਨੂੰ ਆਪਣੇ ਹੰਕਾਰ ਦੇ ਕਾਰਨ 12 ਸਾਲ ਗਰਭ ਵਿਚ ਕੱਟਣੇ ਪਏ ਅਤੇ ਅੰਤ ਛੁਟਕਾਰਾ ਜੋ ਗੁਰੂ ਰਾਹੀਂ ਹੰਕਾਰ ਦਾ ਤਿਆਗ ਕਰਨ ਨਾਲ ਹੋਇਆ । ਬੇਸ਼ਕ ਉਸ ਨੂੰ ਜਨਮ ਤੋਂ ਹੀ ਗਿਆਨ ਸੀ ਪਰ ਗੁਰੂ ਬਿਨਾਂ ਉਸ ਨੂੰ ਕਿਸੇ ਨੇ ਨਹੀਂ ਪਹਿਚਾਣਿਆ ਅਰਥਾਤ ਅਕਾਲ ਪੁਰਖ ਦੀ ਦਰਗਾਹ ਵਿਚ ਗੁਰਸਿੱਖ ਦੀ ਹੀ ਇੱਜਤ ਹੁੰਦੀ ਹੈ।

## <u>ਸ਼ੇਸ਼ਨਾਗ :</u>

ਸ਼ੇਸ਼ਨਾਗ ਇਕ ਮਹਾਨ ਨਾਗ ਹੈ, ਜਿਸ ਦੀ ਸੇਜਾਂ ਤੇ ਵਿਸ਼ਨੂੰ ਬਿਰਾਜਮਾਨ ਹਨ ਅਤੇ ਇਸ ਨੇ ਸਾਰੀ ਧਰਤੀ ਨੂੰ ਆਪਣੇ ਸਿਰ ਉਤੇ ਚੁਕਿਆ ਹੋਇਆ ਹੈ। ਇਸ ਦਾ ਪਿਤਾ ਕਸ਼ਪ ਤੇ ਮਾਤਾ ਕਦਰੂ ਕਹੀ ਜਾਂਦੀ ਹੈ।[119] ਹਿੰਦੂ ਧਰਮ ਵਿਚ ਇਸ ਨੂੰ ਦੇਵਤਾ ਦੇ ਵਜੋਂ ਪੂਜਿਆ ਜਾਂਦਾ ਹੈ। ਜੋਨ ਡੋਸਨ ਅਨੁਸਾਰ, ਜਦੋਂ ਮਹਾਂ ਪ੍ਰਲਯ ਹੁੰਦੀ ਹੈ ਤਾਂ ਵਿਸ਼ਨੂੰ ਇਸ ਦੀ ਸੇਜ ਤੇ ਹੀ ਨਿਵਾਸ ਕਰਦੇ ਹਨ ਅਤੇ ਇਹ ਆਪਣੇ ਹਜਾਰਾਂ ਸਿਰਾਂ ਨਾਲ ਵਿਸ਼ਨੂੰ ਤੇ ਛਾਂ ਕਰਦਾ ਹੈ । ਕਈ ਥਾਵਾਂ ਤੇ ਲਿਖਿਆ ਹੈ ਕਿ ਇਸ ਨੇ ਹੀ ਸਾਰੀ ਪ੍ਰਿਥਵੀ ਨੂੰ ਆਪਣੇ ਸਿਰ ਉਤੇ ਚੁਕਿਆ ਹੋਇਆ ਹੈ ਅਤੇ ਕਈ ਥਾਵਾਂ ਤੇ ਇਹ ਵੀ ਲਿਖਿਆ ਮਿਲਦਾ ਹੈ ਕਿ ਇਸ ਨੇ ਹੀ ਸੱਤ ਪਾਤਾਲਾਂ ਜਾਂ ਨਰਕਾਂ ਨੂੰ ਥੰਮਿਆ ਹੋਇਆ ਹੈ। ਜਦੋਂ ਇਹ ਉਬਾਸੀ ਲੈਂਦਾ ਹੈ ਤਾਂ ਪ੍ਰਿਥਵੀ ਤੇ ਭੁਚਾਲ ਆ ਜਾਂਦਾ ਹੈ। ਹਰ ਕਲਪ ਦੇ ਅਖੀਰ ਤੇ ਇਹ ਆਪਣੇ ਮੂੰਹ ਵਿਚੋਂ ਇਕ ਜਹਿਰੀਲੀ ਗੈਸ ਕੱਢਦਾ ਹੈ। ਜਿਸ ਨਾਲ ਸਾਰਾ ਸੰਸਾਰ ਨਸ਼ਟ ਹੋ ਜਾਂਦਾ ਹੈ। ਦੇਵਤਿਆਂ ਨੇ ਸਮੁੰਦਰ ਰਿੜਕਣ ਸਮੇਂ ਇ ਦੀ ਰੱਸੀ ਬਣਾ ਕੇ ਮੰਦਰ ਪਰਬਤ ਦੇ ਆਲੇ ਦੁਆਲੇ ਵਲ੍ਹੇਟ ਕੇ ਇਸ ਕੋਲੋਂ ਮਧਾਣੀ ਦਾ ਕੰਮ ਲਿਆ ਸੀ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਬਲਰਾਮ ਇਸੇ ਦਾ ਅਵਤਾਰ ਸੀ।[120]

ਭਾਈ ਗੁਰਦਾਸ ਨੇ ਵਾਰਾਂ ਵਿਚ ਪਾਤੰਜਲ ਸੂਤ੍ਰ ਦੇ ਕਰਤਾ ਪਾਤੰਜਲ ਰਿਸ਼ੀ ਨੂੰ ਸੇਸ਼ਨਾਗ ਦਾ ਅਵਤਾਰ ਮੰਨਿਆ ਹੈ।[121] ਸੇਸ਼ਨਾਗ ਦੇ ਸਿਮਰਨ ਕਰਨ ਵੱਲ ਸੰਕੇਤ ਹੈ[122] ਇਸ ਨੇ ਰੱਜ ਕੇ ਸਿਮਰਨ ਕੀਤਾ ਪਰ ਅੰਤ ਨੂੰ ਤਿਲ ਜਿੰਨ੍ਹਾਂ ਵੀ ਨਹੀਂ ਪਹਿਚਾਣਿਆ।

ਸਿਮਰਿ ਸਹਸਿ ਫਣਸ੍ਰੇਸੁ, ਤਿਲ ਨ ਪਛਾਣਿਆ।[123]

<u>ਕਮਲ ਰਿਸ਼ੀ :</u>

ਕਮਲ ਰਿਸ਼ੀ ਸਾਂਖ ਸ਼ਾਸਤਰ ਦਾ ਕਰਤਾ ਹੈ ਅਤੇ 'ਭਾਗਵਤ' ਵਿਚ ਇਸ ਨੂੰ ਵਿਸ਼ਨੂੰ ਦਾ ਪੰਜਵਾਂ ਅਵਤਾਰ ਮੰਨਿਆ ਜਾਂਦਾ ਹੈ। ਇਹ ਸਾਂਖ ਯੋਗ ਗਿਆਨ ਸ਼ਾਸਤਰ ਇਸ ਨੇ ਆਪਣੀ ਮਾਤਾ ਨੂੰ ਉਪਦੇਸ਼ ਦੇਣ ਲਈ ਰਚਿਆ ਸੀ। ਕਮਲ ਰਿਸ਼ੀ ਨੂੰ ਸਨਿਆਸੀਆਂ ਵਿਚੋਂ ਆਗੂ ਮੰਨਿਆ ਜਾਂਦਾ ਹੈ।[124] ਹਰੀਵੰਸ਼ ਵਿਚ ਇਸਨੂੰ ਵਿਤਸ ਦਾ ਪੁੱਤਰ ਮੰਨਿਆ ਗਿਆ ਹੈ। ਕਈ ਵਾਰ ਇਸ ਦਾ ਵਿਸ਼ਨੂੰ ਅਤੇ ਕਈ ਵਾਰ ਇਸ ਦਾ ਅਗਨੀ ਨਾਲ ਏਕੀਕਰਣ ਕੀਤਾ ਜਾਂਦਾ ਹੈ। ਇਸਬਾਰੇ ਕਿਹਾ ਜਾਂਦਾ ਹੈ ਕਿ ਇਸਨੇ ਰਾਜਾ ਸਾਗਰ ਦੇ ਇਕ ਲੱਖ ਪੁੱਤਰਾਂ ਨੂੰ ਇਕ ਟੱਕ ਵੇਖ ਕੇ ਭਸਮ ਕਰ ਦਿੱਤਾ ਸੀ।[125]

ਭਾਈ ਗੁਰਦਾਸ ਸੰਕੇਤ ਕਰਦੇ ਹਨ ਕਿ ਕਮਲ ਰਿਸ਼ੀ ਨੇ ਸਾਂਖ ਸ਼ਾਸਤਰ ਵਿਚ ਅਥਰਬਨ ਵੇਦ ਦੀਆਂ ਰਿਚਾਵਾਂ ਸੁਣਾਈਆਂ ਹਨ ਕਿ ਗਿਆਨ ਮਹਾਂ ਰਸ ਪੀ ਕੇ ਨ੍ਰਿਤ ਅਮ੍ਰਿਤ ਦਾ ਨਿਰਣਾ ਕਰੋ ਤੇ ਨਿੱਤ ਪਦਾਰਥ ਨੂੰ ਸਿਮਰੋ ਕਿਉਂਕਿ ਗਿਆਨ ਬਿਨਾਂ ਨਿਰੰਕਾਰ ਨੂੰ ਨਹੀਂ ਪਾ ਸਕੀਦਾ ਭੇਸ਼ਕ ਕਰੋੜਾਂ ਯਤਨ ਕਰ ਲਈਏ।[126]

<u>ਕਨਾਦਕ ਰਿਸ਼ੀ :</u>

ਕਨਾਦਕ ਇਕ ਪ੍ਰਸਿੱਧ ਰਿਸ਼ੀ ਸੀ। ਇਸ ਨੂੰ ਵੈਸ਼ਿਸ਼ਕ ਦਾਰਸ਼ਨ ਦੀ ਸਾਖਾਂ ਦਾ ਬਾਨੀ ਮੰਨਿਆ ਜਾਂਦਾ ਹੈ।[127] ਵੈਸ਼ਿਸ਼ਕ ਸ਼ਾਸਤਰ ਵਿਚ ਕਨਾਦਕ ਰਿਸ਼ੀ ਨੇ ਕਲਯੁੱਗ ਦੇ ਨਿਆਂ ਨੂੰ ਚੰਗਾ ਮੰਨਿਆ ਹੈ ਕਿਉਂਕਿ ਸਤਿਯੁੱਗ ਵਿਚ ਇਕ ਦੇ ਕਰਕੇ ਸਾਰਾ ਜਗਤ ਮਰਦਾ ਸੀ, ਤ੍ਰੇਤੇ ਵਿਚ ਸਾਰੀ ਨਗਰੀ, ਦੁਆਪਰ ਵਿਚ ਸਾਰਾ ਵੰਸ਼ ਅਤੇ ਕਲਿਯੁੱਗ ਵਿਚ ਜੋ ਕਰੇਗਾ ਸੋ ਭਰੇਗਾ। ਇਸ ਵਿਚਾਰ ਨਾਲ ਭਾਈ ਗੁਰਦਾਸ ਵੀ ਸਹਿਮਤ ਹਨ ਕਿਉਂਕਿ ਕਨਾਦਕ ਰਿਸ਼ੀ ਨੇ ਕਰਮਾਂ ਦੇ ਨਾਲ ਸਮੇਂ

ਨੂੰ ਮੰਨਿਆ ਹੈ ਅਤੇ ਸਮੇਂ ਦੇ ਮਗਰੋਂ ਫਲ ਦੀ ਪ੍ਰਾਪਤੀ ਮੰਨੀ ਹੈ।

ਜੈਸਾ ਕਰਿ ਤੈਸਾ ਲਹੈ ਰਿਖਿ ਕਣਾਦਿਕ ਭਾਖਿ ਸੁਣਾਵੈ।[128]

ਪਰ ਨਾਲ ਹੀ ਭਾਈ ਗੁਰਦਾਸ ਨੇ ਇਹ ਵੀ ਕਿਹਾ ਹੈ ਕਿ ਸਭ ਕੁਝ ਪ੍ਰਭੂ ਦੇ ਹੁਕਮ ਦੇ ਅੰਦਰ ਹੈ, ਜੋ ਹੁਕਮ ਨੂੰ ਮੰਨੇਗਾ, ਸੋ ਗਿਆਨ ਵਿਚ ਸਮਾਵੇਗਾ।

ਹੁਕਮੈ ਅੰਦਰਿ ਸਭ ਕੋ ਮੰਨੈ ਹੁਕਮੁ ਸੋ ਸਹਿਜਿ ਸਮਾਵੈ।[129]

ਗੌਤਮ ਰਿਸ਼ੀ :

ਗੌਤਮ ਰਿਸ਼ੀ ਇਕ ਪ੍ਰਸਿੱਧ ਵਿਦਵਾਨ ਸੀ। ਬਾਲਮੀਕ ਰਮਾਇਣ ਅਨੁਸਾਰ ਗੌਤਮ ਜਨਕ ਦੇ ਪ੍ਰੋਹਿਤ ਸੁਤਾਨੰਦ ਦਾ ਪਿਤਾ ਸੀ ਅਤੇ ਅਹੱਲਿਆ ਇਸ ਦੀ ਸੁੰਦਰ ਪਤਨੀ ਸੀ।[130] ਇੰਦਰ ਅਹੱਲਿਆ ਤੇ ਮੋਹਿਤ ਹੋ ਗਿਆ ਅਤੇ ਇਸ ਦੀ ਗੈਰ ਹਾਜਰੀ ਵਿਚ ਉਸ ਦਾ ਸਤ ਭੰਗ ਕੀਤਾ। ਗੌਤਮ ਨੂੰ ਪਤਾ ਲੱਗਣ ਤੇ ਇੰਦਰ ਅਤੇ ਅਹੱਲਿਆ ਦੋਵੇਂ ਇਸ ਦੇ ਸਰਾਪ ਦੇ ਭਾਗੀ ਹੋਏ। ਗੌਤਮ ਅਤੇ ਭਗੀਰਥ ਨੇ ਤਪੱਸਿਆ ਕਰਕੇ ਗੰਗਾ ਸ਼ੰਕਰ ਤੋਂ ਮੰਗੀ ਸੀ। ਇਸ ਨੂੰ ਸਪਤ ਰਿਸ਼ੀਆਂ ਵਿਚੋਂ ਇਕ ਮੰਨਿਆ ਜਾਂਦਾ ਹੈ। ਇਕ ਗੌਤਮ ਰਿਸ਼ੀ ਨਿਆਇ ਸ਼ਾਸਤਰ ਦਾ ਕਰਤਾ ਹੋਇਆ ਹੈ।[131] ਕਈ ਵਿਦਵਾਨ ਇਨ੍ਹਾਂ ਦੋਹਾਂ ਨੂੰ ਇਕੋ ਵਿਅਕਤੀ ਮੰਨਦੇ ਹਨ ਅਤੇ ਕਈ ਅਲੱਗ ਅਲੱਗ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੌਤਮ ਅਹੱਲਿਆ ਦੀ ਕਥਾ ਦਾ ਸੰਕੇਤ ਦਰਜ ਹੈ।

ਗੁਰੂ ਨਾਨਕ ਬਾਣੀ ਵਿਚ ਗੌਤਮ ਰਿਸ਼ੀ ਬਾਰੇ ਸੰਕੇਤ ਅਹੱਲਿਆ ਇੰਦਰ ਦੀ ਕਥਾ ਦੇ ਪ੍ਰਸੰਗ ਵਿਚ ਹੀ ਆਇਆ ਹੈ ਇਸ ਨੇ ਇੰਦਰ ਨੂੰ ਉਸਦੇ ਮਾੜੇ ਕਰਮ ਕਰਕੇ ਸਰਾਪ ਦਿੱਤਾ:

ਗੋਤਮ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ।
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ।[132]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਮਿਲਦਾ ਹੈ ਕਿ ਗੌਤਮ ਰਿਸ਼ੀ ਨੇ ਰਿਗਵੇਦ ਦੀ ਕਥਾ ਵਿਚਾਰ ਕੇ, ਨਿਆਂ ਸ਼ਾਸਤਰ ਵਿਚ ਸਾਰਿਆਂ ਦਾ ਭਲਾ ਕਰਨ ਵਾਸਤੇ ਪ੍ਰਭੂ ਦੇ -

ਹੱਥ ਫੜਾਦੀ ਹੈ। ਸਭ ਕੁਝ ਉਸ ਕਰਤੇ ਦੇ ਹੱਥ ਹੈ, ਹੋਰ ਕਿਸੇ ਦੇ ਹੱਥ ਕੁਝ ਨਹੀਂ। ਆਦਿ ਤੇ ਅੰਤ ਵਿਚ ਪ੍ਰਮਾਤਮਾ ਹੈ, ਇਸ ਸ੍ਰਿਸ਼ਟੀ ਨੂੰ ਉਸੇ ਨੇ ਹੀ ਕਰ ਕੇ ਦਿਖਾਇਆ ਹੈ। ਕਰਤੇ ਨੂੰ ਕਿਸੇ ਨੇ ਨਹੀਂ ਜਾਣਿਆ, ਉਸ ਦੀ ਕੁਦਰਤ ਵਿਚ ਸਾਰੀ ਸ੍ਰਿਸ਼ਟੀ ਭੁਲੀ ਫਿਰਦੀ ਹੈ।[133] ਅਖੀਰ ਵਿਚ ਭਾਈ ਗੁਰਦਾਸ ਲਿਖਦੇ ਹਨਕਿ 'ਸਤਿਗੁਰ ਬਿਨਾਂ ਨ ਸੋਝੀ ਪਾਈ' ਭਾਵ ਇਨ੍ਹਾਂ ਗੱਲਾਂ ਦੀ ਸੋਝੀ ਸਤਿਗੁਰੂ ਤੋਂ ਬਿਨਾਂ ਨਹੀਂ ਪਾਈ ਜਾ ਸਕਦੀ।

ਚਿਰਜੀਵੀ :

ਜੋਨ ਡੌਸਨ ਅਨੁਸਾਰ ਦੇਵਤਾ ਜਾਂ ਦੇਵਤਾਕ੍ਰਿਤ ਮਨੁੱਖ, ਜਿਸ ਦੀ ਉਮਰ ਲੰਮੀ ਹੋਵੇ, ਚਿਰਜੀਵੀ ਕਹਾਉਂਦਾ ਹੈ।[134] ਸੰਤ ਚਿਰਜੀਵੀ ਮੰਨੇ ਗਏ ਹਨ। ਭਾਈ ਗੁਰਦਾਸ ਨੇ ਵਾਰਾਂ ਵਿਚ ਚਿਰਜੀਵੀਆਂ ਦੀ ਲੰਮੀ ਉਮਰ ਵੱਲ ਸੰਕੇਤ ਕੀਤਾ ਹੈ ਕਿ ਕਈ ਚਿਰਜੀਵੀ ਬਹੁਤੀ ਉਮਰ ਭੋਗਨ ਵਾਲੇ ਹੋਏ ਹਨ ਪਰ ਗੁਰਮੁੱਖਾਂ ਦਾ ਗਿਆਨ ਇਹਨਾਂ ਸਾਰਿਆਂ ਦੀ ਪਹੁੰਚ ਤੋਂ ਉਪਰ ਹੈ। ਇਸ ਲਈ ਗੁਰਮੁੱਖ ਇਨ੍ਹਾਂ ਤੋਂ ਉੱਤਮ ਹਨ।

ਚਿਰ ਜੀਵਣੁ ਬਹੁ ਹੰਢਣਾ ਹੋਹਿ ਵੱਡੇ ਵਡੇਰੇ
ਗੁਰਮੁਖਿ ਸੁਖਫਲੁ ਅਰਾਮੁ ਹੈ ਹੁਇ ਭਲੇ ਭਲੇਰੇ।[135]

ਜੈਮਿਨੀ ਰਿਸ਼ੀ :

ਜੈਮਿਨੀ ਰਿਸ਼ੀ, ਵਿਆਸ ਰਿਸ਼ੀ ਦਾ ਚੇਲਾ ਸੀ। ਇਸ ਨੂੰ ਪੂਰਬ ਮੀਮਾਂਸਾ ਸ਼ਾਸਤਰ ਦਾ ਕਰਤਾ ਮੰਨਿਆ ਜਾਂਦਾ ਹੈ। ਜੋਨ ਡੋਸਨ ਅਨੁਸਾਰ ਆਪਣੇ ਗੁਰੂ ਕੋਲੋਂ ਸਾਮ ਵੇਦ ਪੜ੍ਹ ਕੇ ਇਸਦਾ ਪ੍ਰਚਾਰਕ ਜਾਂ ਅਧਿਆਪਕ ਬਣ ਗਿਆ ਸੀ। ਜੈਮਿਨੀ ਦਾ ਮੂਲ ਗ੍ਰੰਥ ਇਬਲੀਓਥਿਕਾ ਇੰਡੀਕਾ ਵਿਚ ਪ੍ਰਕਾਸ਼ਤ ਹੋ ਚੁੱਕਾ ਹੈ।[136]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਮਿਲਦਾ ਹੈ ਕਿ ਜੈਮਨ ਰਿਸ਼ੀ ਯਜੁਰਵੇਦ ਨੂੰ ਵਿਚਾਰ ਕੇ ਬੋਲਿਆ ਕਿ ਕਰਮਾਂ ਉਤੇ ਹੀ ਨਿਬੇੜਾ ਹੋਵੇਗਾ। ਜੇਹਾ ਕਰਮ ਦੇਹੀ ਇਸ ਜਨਮ

ਵਿਚ ਕਰੇਗਾ ਉਹੋ ਜਿਹਾ ਫਲ ਅਗਲੇ ਜਨਮ ਵਿਚ ਪਾਵੇਗਾ ।ਉਸ ਨੇ ਕਰਮਾਂ ਨੂੰ ਸੰਸਾਰ ਵਿਚ ਥਾਪ ਦਿੱਤਾ ਕਿ ਕਰਮਾਂ ਦੀ ਵਾਸ਼ਨਾ ਕਰਕੇ ਜੀਵ ਜੰਮਦਾ, ਮਰਦਾ ਹੈ। ਸੰਸਾ ਮਨ ਵਿਚ ਖਤਮ ਨਹੀਂ ਹੁੰਦੀ ਇਸੇ ਲਈ ਜੀਵ ਕਰਮਾਂ ਤੇ ਭਰਮਾਂ ਅੰਦਰ ਰੁਲਿਆ ਰਹਿੰਦਾ ਹੈ।[137] ਪਾਉੜੀ ਦੇ ਅੰਤ ਵਿਚ ਭਾਈ ਗੁਰਦਾਸ ਲਿਖਦੇ ਹਨ 'ਸਤਿਗੁਰ ਬਿਨ ਨ ਸਹਸਾ ਜਾਵੇ' ਭਾਵ ਸੰਸੇ ਨਵਿਰਤੀ ਲਈ ਗੁਰੂ ਦੀ ਅਤੀ ਲੋੜ ਹੈ ਅਤੇ 'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ+ ਦੇ ਵਾਕ ਅਨੁਸਾਰ ਗੁਰਬਾਣੀ ਹੀ ਗੁਰੂ ਹੈ।

ਦੁਰਖਾਸ਼ਾ ਰਿਸ਼ੀ:

ਦੁਰਬਾਸ਼ਾ ਰਿਸ਼ੀ ਦਾ ਜਨਮ ਅਤ੍ਰਿ ਰਿਸ਼ੀ ਦੇ ਘਰ ਅਨੁਸੂਯਾ ਦੀ ਕੁੱਖੋਂ ਹੋਇਆ।ਪਰ ਇਸ ਨੂੰ ਸ਼ਿਵ ਜੀ ਦਾ ਪੁੱਤਰ ਜਾਂ ਅਵਤਾਰ ਵੀ ਮੰਨਿਆ ਜਾਂਦਾ ਹੈ।ਇਹ ਆਪਣੇ ਕਰੋਧ-ਵਾਨ ਸੁਭਾਅ ਕਰਕੇ ਬੜਾ ਪ੍ਰਸਿੱਧ ਸੀ ਅਤੇ ਕਈ ਮਨੁੱਖ ਇਸ ਦੇ ਸਰਾਪ ਦੇ ਭਾਗੀ ਬਣੇ। ਇਸ ਨੇ ਸਕੁੰਤਲਾ ਨੂੰ ਬਹੁਤ ਸਮਾਂ ਉਡੀਕ ਵਿਚ ਰੱਖਣ ਕਰਕੇ ਸਰਾਪ ਦਿੱਤਾ, ਇਸ ਨੇ ਕੁੰਤੀ ਨੂੰ ਵਰ ਦਿੱਤਾ ਜਿਸ ਕਰਕੇ ਉਹ ਸੂਰਜ ਦੇਵਤਾ ਦੇ ਸੰਜੋਗ ਨਾਲ ਮਾਂ ਬਣੀ। ਵਿਸ਼ਨੂੰ ਪੁਰਾਣ ਵਿਚ ਦਰਜ ਹੈ ਕਿ ਇਸ ਨੇ ਇੰਦਰ ਨੂੰ ਸਤਿਕਾਰ ਵਜੋਂ ਭੇਟ ਕੀਤੇ ਹਰ ਦਾ ਅਪਮਾਨ ਕਰਨ ਬਦਲੇ ਸਰਾਪ ਦਿਤਾ ਕਿ ਉਸਨੇ ਤਿੰਨ ਲੋਕਾਂ ਦੀ ਰਾਜ ਨਸ਼ਟ ਹੋ ਜਾਵੇ। ਇਸ ਸਰਾਪ ਕਾਰਣ ਦੇਵਤਿਆਂ ਦੀ ਸ਼ਕਤੀ ਮਧਮ ਪੈ ਗਈ। ਮਹਾਂ ਭਾਰਤ ਵਿਚ ਆਉਂਦਾ ਹੈ ਕਿ ਇਕ ਅਵਸਰ ਤੇ ਕ੍ਰਿਸ਼ਨ ਨੇ ਦੁਰਬਾਸ਼ਾ ਰਿਸ਼ੀ ਦੀ ਬੜੀ ਮਹਿਮਾਨ ਨਿਵਾਜੀ ਕੀਤੀ, ਪਰ ਰਿਸ਼ੀ ਦੇ ਚਰਨਾਂ ਉਤੋਂ ਅੰਨ ਦਾ ਜੂਠਾ ਕਿਣਕਾ ਪੂੰਝਣੋਂ ਰੁਕ ਗਿਆ। ਇਸ ਤੇ ਰਿਸ਼ੀ ਨੇ ਕਰੋਧ ਵਿਚ ਆ ਕੇ ਸਰਾਪ ਦਿੱਤਾ ਕਿ ਤੇਰਾ ਅੰਤ ਪੈਰ ਵਿਚ ਤੀਰ ਲਗਣ ਨਾਲ ਹੋਵੇਗਾ।[138] ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਭਵਿਸ਼ਬਾਣੀ ਅਨੁਸਾਰ ਹੀ ਕ੍ਰਿਸ਼ਨ ਦੀ ਮੌਤ ਹੋਈ।ਇਸ ਗ੍ਰੰਥ ਵਿਚ ਦੁਰਬਾਸ਼ਾ ਪਾਸੋਂ ਅਖਵਾਇਆ ਗਿਆ ਹੈ ਕਿ ਉਸ ਦਾ 'ਸੁਭਾ ਅਜਨਬੀਆਂ ਲਈ ਬੜਾ ਸ਼ੌਕਦਾਇਕ ਹੈ।"[139]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦੁਰਬਾਸ਼ਾ ਰਿਸ਼ੀ ਦੇ ਸਰਾਪ ਰਾਹੀਂ ਯਾਦਵ ਕੁੱਲ ਦੇ ਨਾਸ਼ ਦਾ ਸੰਕੇਤ ਮਿਲਦਾ ਹੈ।

ਦੁਰਬਾਸੇ ਦੇ ਸਰਾਪ ਤੇ ਯਾਦਵ ਸਭਿ ਤਟੇ।[140]

ਇਕ ਹੋਰ ਥਾਂ ਤੇ ਵਿਸ਼ਨੂੰ ਦੁਆਰਾ ਅੰਬਰੀਕ ਭਗਤ ਦੀ ਰੱਖਿਆ ਸਮੇਂ ਦੁਰਖਾਸ਼ਾ ਰਿਸ਼ੀ ਦੇ ਹੰਕਾਰ ਦਾ ਨਾਸ਼ ਕਰਨ ਵੱਲ ਸੰਕੇਤ ਹੈ।[141]

ਧਨੰਤਰ :

ਧਨੰਤਰ ਇਕ ਪ੍ਰਸਿੱਧ ਵੈਦ ਸੀ। ਇਹ ਵਿਕ੍ਰਮਾਦਿੱਤ ਦੇ ਦਰਬਾਰ ਦੇ ਨੌਂ ਰਤਨਾਂ ਵਿਚੋਂ ਇਕ ਸੀ।[142] ਇਸ ਨੂੰ ਦੇਵਤਿਆਂ ਦਾ ਵੈਦ ਵੀ ਕਿਹਾ ਜਾਂਦਾ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਕ ਘਟਨਾ ਵੱਲ ਸੰਕੇਤ ਹੈ ਕਿ ਜਦੋਂ ਪ੍ਰੀਖਸ਼ਤ ਰਾਜਾ ਨੂੰ ਤੱਛਕ ਨੇ ਡੰਗਿਆ ਤਾਂ ਉਸ ਸਮੇਂ ਧਨੰਤਰ ਵੈਦ ਦੀ ਮੱਤ ਮਾਰੀ ਗਈ,:

ਕਰੈ ਧਨੰਤਰੁ ਵੈਦਗੀ ਡਸਿਆ ਤੱਛਕਿ ਮਤਿ ਬਿਪਰੀਤੇ।[143]

ਨਾਰਦ :

ਨਾਰਦ ਧਰਮ ਸ਼ਾਸਤਰ ਦੇ ਮਹਾਨ ਲੇਖਕਾਂ ਵਿਚੋਂ ਇਕ ਸੀ। ਰਿਗਵੇਦ ਦੀਆਂ ਕਈ ਰਿਚਾਵਾਂ ਇਸਨਾਲ ਸਬੰਧਤ ਕੀਤੀਆਂ ਜਾਂਦੀਆਂ ਹਨ। ਇਸ ਦੀ ਗਿਣਤੀ ਸੱਤ ਮਹਾਂ ਰਿਸ਼ੀਆਂ ਵਿਚ ਕੀਤੀ ਜਾਂਦੀ ਹੈ। ਜੋਨ ਡੋਸਨ, ਨਾਰਦ ਦੇ ਜਨਮ ਬਾਰੇ ਵੱਖ ਵੱਖ ਵੇਦਾਂ ਤੇ ਪੁਰਾਣਾਂ ਦਾ ਹਵਾਲਾ ਦਿੰਦੇ ਹੋਇਆ ਲਿਖਦਾ ਹੈ, "ਰਿਗ ਵੇਦ ਵਿਚ ਇਸ ਦਾ ਸਬੰਧ 'ਕਣਵ ਦੇ ਪਰਿਵਾਰਾਂ ਨਾਲ ਜੋੜਿਆ ਹੈ। ਕਈ ਇਸਨੂੰ ਬ੍ਰਹਮਾ ਦਾ ਪੁੱਤਰ ਦੱਸਦੇ ਹਨ ਅਤੇ ਇਸ ਦੀ ਉਤਪਤੀ ਬ੍ਰਹਮਾ ਦੇ ਮਸਤਕ ਤੋਂ ਹੋਈ ਮੰਨਦੇ ਹਨ। ਵਿਸ਼ਨੂੰ ਪੁਰਾਣ ਅਨੁਸਾਰ ਇਹ ਕਸ਼ਯਪ ਦਾ ਪੁੱਤਰ ਸੀ ਅਤੇ ਦਕਸ਼ ਦੀ ਕਿਸੇ ਇਕ ਧੀ ਦੀ ਕੁਖੋਂ ਪੈਦਾ ਹੋਇਆ ਸੀ। ਮਹਾਂ ਭਾਰਤ ਤੇ ਕਈ ਪੁਰਾਣਾਂ ਵਿਚ ਆਉਂਦਾ ਹੈ ਕਿ ਇਸ ਨੇ ਦਕਸ਼ ਦੀ ਸ੍ਰਿਸ਼ਟੀ ਉਤਪੱਤੀ ਦੀ ਸਕੀਮ ਨੂੰ ਨਿਰਾਰਥਕ ਕਰ ਦਿੱਤਾ ਸੀ, ਇਸ ਲਈ ਦਕਸ਼ ਨੇ ਇਸ ਨੂੰ ਦੁਬਾਰਾ ਗਰਭ ਵਿਚ ਠਹਿਰਕੇ ਪੈਦਾ ਹੋਣ ਦਾ ਸਰਾਪ ਦਿੱਤਾ, ਪਰ ਬ੍ਰਹਮਾ ਦੇ ਕਹਿਣ ਤੇ ਉਸਨੇ ਸਰਾਪ ਨੂੰ ਨਰਮ ਕਰ ਦਿੱਤਾ ਅਤੇਉਸ ਨੇ ਇਹ ਸਵੀਕਾਰ ਕੀਤਾ ਕਿ ਬ੍ਰਹਮਾ ਤੇ ਦਕਸ਼ ਦੀ ਇਕ ਲੜਕੀ ਤੋਂ ਨਾਰਦ ਦੀ ਫੇਰ ਉਤਪੱਤੀ ਹੋਵੇ। ਇਸੇ ਲਈ ਇਸ ਨੂੰ ਬ੍ਰਹਮਾ ਤੇ ਦੇਵਬ੍ਰਹਮਾ ਵੀ ਕਿਹਾ ਜਾਂਦਾ ਹੈ ।"[144] ਇਹ ਬੜਾ ਚਤੁਰ ਅਤੇ ਬੁਧੀਮਾਨ ਸੀ। ਇਸ ਨੇ ਰਿਗਵੇਦ ਦੇ ਕਈ ਮੰਤਰ ਰਚੇ ਇਸੇ ਕਰਕੇ ਦੇਵਤਿਆਂ, ਰਿਸ਼ੀਆਂ, ਰਾਜਿਆਂ ਤੇ ਮਹਾਰਾਜਿਆਂ ਦੀਆਂ ਸਭਾਵਾਂ ਵਿਚ ਇਸ ਦਾ ਬੜਾ ਮਾਨ ਤੇ ਸਤਿਕਾਰ ਸੀ। ਇਸ ਦਾ ਬੀਨ ਵਜਾਉਣਾ ਪ੍ਰਸਿੱਧ ਹੈ। ਦਖਸ਼ ਪ੍ਰਜਾਪਤ ਤਾਂ ਇਸ ਨੂੰ

ਸਰਾਪ ਸੀ ਕਿ ਦੋ ਘੜੀ ਇਕ ਥਾਂ ਤੇ ਟਿੱਕ ਨਹੀਂ ਸਕੇਗਾ ਕਿਉਂਕਿ ਨਾਰਦ ਨੇ ਉਸ ਦੇ ਯਾਰਾਂ ਸੌ ਪੁੱਤਰਾਂ ਨੂੰ ਉਪਦੇਸ਼ ਦੇ ਕੇ ਵਿਰੱਕਤ ਕੀਤਾ ਸੀ। ਜਦ ਦੇਵਤਿਆਂ ਅਤੇ ਦੈਤਾਂ ਦਾ ਯੁੱਧ ਹੁੰਦਾ ਤਾਂ ਨਾਰਦ ਦੋਹੀਂ ਪਾਸੀਂ ਲੂਤੀਆਂ ਲਾਉਂਦਾ, ਲੜਾਈ ਦੀਆਂ ਨਵੀਆਂ ਚਾਲਾਂ ਦੱਸਣ ਲਈ ਵੀ ਮੋਹਰੀ ਹੁੰਦਾ ਅਤੇ ਫਿਰ ਸਮਝਾਉਂਤਾ ਕਰਾਉਣ ਲਈ ਵੀ ਸਭ ਤੋਂ ਅੱਗੇ ਹੁੰਦਾ। ਇਸੇ ਕਰਕੇ ਇਸ ਨੂੰ ਦੁਬਾਜਰਾ ਕਿਹਾ ਜਾਂਦਾ ਹੈ। ਨਾਰਦ ਨੇ ਇਕ ਪ੍ਰਸਿਧ ਗ੍ਰੰਥ ਪੰਜ ਰਤਨ ਰਚਿਆ, ਜਿਸ ਵਿਚ ਬਹੁਤ ਸਾਰੇ ਭਗਤੀ ਦੇ ਢੰਗ ਦਰਜ ਹਨ। ਇਸ ਵਿਚ ਇਹ ਭੀ ਦੱਸਿਆ ਗਿਆ ਹੈ ਕਿ ਭਗਵਾਨ ਕਿਸ ਤਰ੍ਹਾਂ ਸ਼੍ਰਿਸ਼ਟੀ ਨੂੰ ਪੈਦਾ ਕਰਦਾ ਹੈ ਤੇ ਕਿਵੇਂ ਨਾਸ਼ ਕਰਦਾ ਹੈ। ਨਾਰਦ ਨੂੰ ਧਰੂ ਭਗਤ ਤੇ ਪ੍ਰਹਲਾਦ ਭਗਤ ਦਾ ਗੁਰੂ ਵੀ ਮੰਨਿਆ ਜਾਂਦਾ ਹੈ। ਇਸ ਦੇ ਉਪਦੇਸ਼ ਨਾਲ ਹੀ ਇਨ੍ਹਾਂ ਭਗਤਾਂ ਨੂੰ ਪ੍ਰਮਾਤਮਾ ਦੇ ਪ੍ਰਤੱਖ ਦਰਸ਼ਨ ਹੋਏ।[145]

ਗੁਰੂ ਨਾਨਕ ਬਾਣੀ ਵਿਚ ਨਾਰਦ ਸਬੰਧੀ ਸੰਕੇਤ ਆਉਂਦਾ ਹੈ ਕਿ ਉਹ ਤਾਂ ਹੀ ਵਿਸ਼ੇਸ਼ ਹੈ ਜੇ ਉਹ ਭਗਤੀ ਭਾਵਨਾ ਵਿਚ ਰੁਝਿਆ ਹੋਇਆ ਹੈ:

ਨਾਰਦ ਸਾਰਦ ਸੇਵਕ ਤੇਰੇ
ਤ੍ਰਿਭਵਣਿ ਸੇਵਕ ਵਡਹੁ ਵਡੇਰੇ।[146]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਅਨੇਕਾਂ ਥਾਵਾਂ ਤੇ ਨਾਰਦ ਦੇ ਚਰਿੱਤਰ ਦੇ ਵੱਖ ਵੱਖ ਪਹਿਲੂਆਂ ਨੂੰ ਬਿਆਨ ਕੀਤਾ ਗਿਆ ਹੈ। ਜੋ ਪੁਰਾਣਕ ਕਥਾਵਾਂ ਨਾਲ ਕਾਫ਼ੀ ਮੇਲ ਖਾਂਦੇ ਹਨ ਜਿਵੇਂ ਨਾਰਦ ਦਾ ਚੁਗਲੀ ਦਾ ਸੁਭਾਅ ਹੋਣਾ।[147] ਨਾਰਦ ਮੁਨੀ ਦਾ ਧਰੂ ਭਗਤ ਨੂੰ ਉਪਦੇਸ਼ ਦੇਣਾ[148] ਬਿਆਸ ਰਿਸ਼ੀ ਨੇ ਅਠਾਰਾਂ ਪੁਰਾਣਾਂ ਤੇ ਵੇਦਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ ਪਰ ਮਨ ਨੂੰ ਸ਼ਾਂਤੀ ਨਾ ਆਈ, ਤਦ ਨਾਰਦ ਪਾਸ ਜਾ ਕੇ ਬੇਨਤੀ ਕੀਤੀ ਤੇ ਨਾਰਦ ਨੇ ਚਤੁਰ ਸ਼ਲੋਕੀ ਭਗਵਤ ਦਾ ਉਪਦੇਸ਼ ਦਿੱਤਾ ਤਾਂ ਜਾ ਕੇ ਸ਼ਾਂਤੀ ਮਿਲੀ।[149]

ਭਾਈ ਗੁਰਦਾਸ ਅਨੁਸਾਰ ਨਾਰਦ ਮੁਨੀ ਨੇ ਬੇਸ਼ਕ ਧਰੂ ਭਗਤ ਅਤੇ ਬਿਆਸ ਰਿਸ਼ੀ ਨੂੰ ਉਪਦੇਸ਼ ਦਿਤਾ ਅਤੇ ਆਪਣੇ ਆਪ ਨੂੰ ਮੁਨੀ ਅਖਵਾਇਆ ਪਰ ਇਕ ਨੂੰ ਦੂਜੇ ਦੀਆਂ ਤੇ ਦੂਜੇ ਨੂੰ ਤੀਜੇ ਦੀਆਂ ਗੱਲਾਂ ਹੀ ਸੁਣਾਉਂਦਾ ਰਿਹਾ ਭਾਵ ਚੁਗਲੀਆਂ ਕਰਦਾ ਰਿਹਾ। ਕੋਈ ਮੁਨੀਆਂ ਵਾਲੇ ਕੰਮ ਨਹੀਂ ਕੀਤੇ। ਆਪਣੇ ਕਰਮਾਂ ਕਰਕੇ ਚੁਗਲਖੋਰ ਅਖਵਾਇਆ ਹੈ।

ਪਤੰਜਲਿ ਰਿਸ਼ੀ :

ਪਤੰਜਲਿ ਯੋਗ ਸ਼ਾਸਤਰ ਦਾ ਬਾਨੀ ਸੀ। ਇਸ ਨੇ ਪਾਣਿਨੀ ਦੇ ਵਿਆਕਰਣ ਦੇ ਉੱਤਰ ਵਿਚ ਮਹਾ-ਭਾਸ਼ਯ ਦੀ ਰਚਨਾ ਕੀਤੀ ਸੀ। ਜੋਨ ਡੋਸਨ ਅਨੁਸਾਰ ਇਸ ਦਾ ਸਮਾਂ 200 ਸਾਲ ਪੂਰਵ ਈਸਵੀ ਮਿਥਿਆ ਜਾਂਦਾ ਹੈ। ਇਕ ਕਥਾ ਅਨੁਸਾਰ ਇਸ ਦਾ ਇਹ ਨਾਮ ਤਾਂ ਪਿਆ, ਕਿਉਂਕਿ ਇਹ ਸਵਰਗ ਤੋਂ ਇਕ ਛੋਟੇ ਸੱਪ ਦੇ ਰੂਪ ਵਿਚ ਪਾਣਿਨੀ ਦੇ ਹੱਥ ਵਿਚ ਡਿਗਿਆ ਸੀ। ਇਸ ਨੂੰ ਸ਼ੇਸ਼ਨਾਗ ਦਾ ਅਵਤਾਰ ਵੀ ਮੰਨਿਆ ਜਾਂਦਾ ਹੈ।[150]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਮਿਲਦਾ ਹੈ ਕਿ ਸ਼ੇਸ਼ ਨਾਗ ਦੇ ਅਵਤਾਰ ਪਾਤੰਜਲ ਰਿਸ਼ੀ ਨੇ ਪਾਤੰਜਲਿ ਸ਼ਾਸਤਰ ਸੁਣਾਇਆ ਜਿਸ ਵਿਚ ਇਹ ਉਪਦੇਸ਼ ਹੈ ਕਿ "ਜੋਗ ਬਿਨਾਂ ਭਰਮ ਨਹੀਂ ਚਲਦਾ।" ਜਿਸ ਤਰ੍ਹਾਂ ਮੈਲੇ ਸ਼ੀਸ਼ੇ ਵਿਚੋਂ ਬਿਨਾਂ ਸਾਫ ਕੀਤਿਆਂ ਮੂਰਤ ਨਹੀਂ ਦਿਸਦੀ ਇਸੇ ਤਰ੍ਹਾਂ ਜੇ ਆਤਮਾ ਮੈਲੀ ਹੋਵੇ ਤਾਂ ਜੋਗ ਰੂਪ ਪਦਾਰਥ ਉਸ ਨੂੰ ਨਿਰਮਲ ਕਰਨ ਵਾਲਾ ਹੈ। ਪਾਤੰਜਲਿ ਕਹਿੰਦਾ ਹੈ ਕਿ ਕਲਯੁੱਗ ਵਿਚ ਤਿੰਨਾ ਯੁੱਗਾਂ ਦੀ ਵਾਸ਼ਨਾ ਜੋਗ ਵਿਚਾਰ ਕੇ ਪਾਈ ਦੀ ਹੈ।[157] ਪਾਤੰਜਲਿ ਰਿਸ਼ੀ ਨੇ ਕਲਿਯੁੱਗ ਵਿਚ ਜੋਗ ਮਾਰਗ ਦਾ ਉਪਦੇਸ਼ ਦਿੱਤਾ ਹੈ ਪਰ ਭਾਈ ਗੁਰਦਾਸ ਕਹਿੰਦੇ ਹਨ ਕਿ ਗੁਰਸਿੱਖਾਂ ਵਿਚ ਨਾਮ ਦਾਨ ਹੀ ਜੋਗ ਹੈ:

ਨਾਮ ਦਾਨ ਇਸ਼ਨਾਨ ਸੁਭਾਈ।

ਬਾਲਮੀਕ :

ਬਾਲਮੀਕ, ਇਕ ਵਰਮੀ ਤੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ। ਇਹ ਰਮਾਇਣ ਦਾ ਲੇਖਕ ਵੀ ਹੈ ਅਤੇ ਇਸ ਨੂੰ ਆਦਿ ਕਵੀ ਵੀ ਕਿਹਾ ਜਾਂਦਾ ਹੈ। ਕਾਨ੍ਹ ਸਿੰਘ ਨਾਭਾ ਅਨੁਸਾਰ, "ਇਹ ਇਕ ਚੰਡਾਲ ਸੀ, ਜੋ ਭਗਤੀ ਦੇ ਪ੍ਰਭਾਵ ਨਾਲ ਰਿਸ਼ੀਆਂ ਵਿਚ ਗਿਣਿਆ ਜਾਣ ਲੱਗਾ। ਇਹ ਬੁੰਦੇਲਖੰਡ ਦੇ ਚਿਤ੍ਰਕੂਟ ਪਹਾੜ ਪਰ ਨਿਵਾਸ ਕਰਦਾ ਸੀ। ਜਦੋਂ ਰਾਮ ਨੇ ਗਰਭਵਤੀ ਸੀਤਾ ਨੂੰ ਘਰੋਂ ਕੱਢ ਦਿੱਤਾ, ਤਦ ਉਹ ਇਸ ਦੇ ਆਸ਼ਰਮ ਵਿਚ ਰਹੀ। ਸੀਤਾ ਦੇ ਜੋੜੇ ਪੁੱਤਰ ਲਵ ਅਤੇ ਕੁਸ਼ ਬਾਲਮੀਕ ਰਿਸ਼ੀ ਦੇ ਆਸ਼ਰਮ ਵਿਚ ਹੀ ਜਨਮੇ ਅਤੇ ਇਸ ਨੇ ਦਿਨ੍ਹਾਂ ਦੋਹਾਂ ਬਾਲਕਾਂ ਨੂੰ ਸ਼ਸਤ੍ਰ ਅਤੇ ਸੰਗੀਤ ਵਿਦਿਆ ਸਿਖਾਈ।[152] ਗੁਰਬਾਣੀ ਵਿਚ ਇਹ ਸੰਕੇਤ ਦਰਜ ਹੈ ਕਿ ਸਾਧ ਸੰਗਤ ਸਦਕੇ ਇਕ ਮਾਮੂਲੀ ਜਾਤੀ ਦਾ ਨੀਚ ਤਰ ਗਿਆ:

ਬਾਲਮੀਕੁ ਸੁਪਚਾਰੋ ਤਰਿਓ, ਬਧਿਕ ਤਰੇ ਬਿਚਾਰੇ।[153]

ਭਾਈ ਗੁਰਦਾਸ ਨੇ ਬਾਲਮੀਕ ਦੇ ਜੀਵਨ ਨਾਲ ਸਬੰਧਤ ਇਕ ਪ੍ਰਸੰਗ ਨੂੰ ਵਾਰਾਂ ਵਿਚ ਬਿਆਨ ਕੀਤਾ ਹੈ। ਬਾਲਮੀਕ ਧਾੜਵੀ ਰਸਤੇ ਵਿਚ ਲੋਕਾਂ ਨੂੰ ਲੁੱਟਦਾ ਅਤੇ ਮਾਰ ਦਿੰਦਾ ਸੀ। ਇਕ ਵਾਰ ਪ੍ਰਭੂ ਦੀ ਕਿਰਪਾ ਹੋਈ ਤੇ ਮਨ ਦੁਚਿੱਤੀ ਵਿਚ ਪੈ ਗਿਆ, ਮਨ ਮਾਰਨ ਨੂੰ ਕਰੇ ਪਰ ਹੱਥ ਨਾ ਚੱਲਣ। ਸੰਤਾਂ ਨੇ ਸਮਝਾਇਆ ਕਿ ਜਿਨ੍ਹਾਂ ਵਾਸਤੇ ਤੂੰ ਇਹ ਕੁਕਰਮ ਕਰਦਾ ਹੈਂ ਕੀ ਉਹ ਵੀ ਤੇਰੇ ਨਾਲ ਹਨ ਤਾਂ ਜਾਹ ਘਰੋਂ ਪੁਛਕੇ ਆ। ਜਦੋਂ ਉਹ ਘਰੋਂ ਪੁਛਣ ਗਿਆ ਤਾਂ ਕਿਸੇ ਨੇ ਸਾਥ ਨਾ ਦਿੱਤਾ। ਸੰਤਾਂ ਨੇ ਉਪਦੇਸ਼ ਦਿੱਤਾ ਜਿਸ ਨਾਲ ਸੰਸਾਰ ਤੋਂ ਤੁਰ ਗਿਆ।[154]

ਲੋਮਸ ਰਿਸ਼ੀ :

ਪੁਰਾਣਾਂ ਵਿਚ ਸੱਤ ਚਿਰਜੀਵੀ ਰਿਸ਼ੀ ਮੰਨੇ ਗਏ ਹਨ ਜਿਨ੍ਹਾਂ ਵਿਚ ਲੋਮਸ ਰਿਸ਼ੀ ਇਕ ਹੈ । ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਸ ਦੇ ਸਰੀਰ ਤੇ ਬਹੁਤ ਵਾਲ ਸਨ ਇਸ ਦੇ ਗਲੇ ਵਿਚ ਪ੍ਰੀਕਸ਼ਤ ਨੇ ਮਰਿਆ ਹੋਇਆ ਸੱਪ ਪਾ ਦਿੱਤਾ ਅਤੇ ਇਸ ਦੇ ਚੇਲੇ ਸ਼੍ਰਿੰਗੀ ਰਿਸ਼ੀ ਨੇ ਸਰਾਪ ਦਿੱਤਾ ਕਿ ਸਤਵੇਂ ਦਿਨ ਤੱਕ ਨਾਗ ਪ੍ਰੀਕਸ਼ਤ ਨੂੰ ਡੱਸੇਗਾ।[155]

ਭਾਈ ਗੁਰਦਾਸ ਨੇ ਇਸ ਨੂੰ ਬ੍ਰਹਮਾ ਦਾ ਪੁੱਤਰ ਦੱਸਿਆ ਹੈ ਇਕ ਵਾਰ ਬ੍ਰਹਮਾ ਦੀ ਮੌਤ ਹੋ ਜਾਂਦੀ ਹੈ ਤਾਂ ਲੋਮਸ ਰਿਸ਼ੀ ਆਪਣੇ ਪਿਤਾ ਦੀ ਮੌਤ ਸਮੇਂ ਭੱਦਣ ਕਰਾਉਣ ਦੀ ਥਾਂ ਸਰੀਰ ਦਾ ਇਕ ਵਾਲ ਪੁੱਟ ਕੇ ਸੁੱਟ ਦਿੰਦਾ ਹੈ ਕਿ ਮੇਰਾ ਪਿਤਾ ਤਾਂ ਰੋਜ ਮਰਦਾ ਹੈ, ਰੋਜ ਰੋਜ ਭੱਦਨ ਕੌਣ ਕਰਾਉਂਦਾ ਫਿਰੇ।[156] ਲੋਮਸ ਵਰਗੇ ਲੱਖਾਂ ਹੀ ਚਿਰਜੀਵੀ ਆਦਿ, ਅੰਤ ਵਿਚ ਧੱਕੇ ਖਾਏ ਰਹੇ ਪਰ ਪ੍ਰਭੂ ਦੇ ਦਰਸ਼ਨ ਨਹੀਂ ਪਾਏ।[157] ਉਹ ਬੇਸ਼ੁਕ ਤੱਪ ਦੀ ਸਾਧਨਾ ਕਰਦਾ ਰਿਹਾ ਪਰ ਹਉਮੈ ਨੂੰ ਨਹੀਂ ਰੋਕ ਸਕਿਆ।

ਲੋਮਸ ਤਪੁ ਕਰਿ ਸਾਧਨਾ ਹਉਮੈ ਸਾਧਿ ਨ ਸਾਧੁ ਸਦਾਇਆ।[158]

ਵਿਆਸ :

ਹਿੰਦੂ ਮਿਥਿਹਾਸ ਵਿਚ ਵਿਆਸ ਨੂੰ ਸਾਰਿਆਂ ਪ੍ਰਾਚੀਨ ਧਾਰਮਿਕ ਗ੍ਰੰਥਾਂ ਦਾ

ਰਚਣਹਾਰ ਜਾਂ ਸੰਗ੍ਰਹਿਕਾਰ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਇਹ ਕੌਰਵਾਂ, ਪਾਂਡਵਾਂ ਦਾ ਪਿਤਾਮਾ ਸੀ । ਜੋਨ ਡੋਸਨ ਅਨੁਸਾਰ ਇਸ ਦਾ ਜਨਮ ਪਰਾਸ਼ਰ ਰਿਸ਼ੀ ਤੋਂ ਸਤਿਆਵਤੀ ਦੀ ਉਦੱਰ ਤੋਂ ਜਮਨਾ ਵਿਚ ਇਕ ਜਜ਼ੀਰੇ (ਦੀਪ) ਵਿਚ ਹੋਇਆ। ਇਸ ਦਾ ਰੰਗ ਕਾਲਾ ਸੀ। ਕਾਲੇ ਰੰਗ ਦਾ ਹੋਣ ਕਰਕੇ ਇਸ ਨੂੰ ਕ੍ਰਿਸ਼ਨ ਅਤੇ ਜਨਮਭੂਮੀ ਦੇ ਨਾਂ ਦੇ ਆਧਾਰ ਤੇ ਇਸ ਨੂੰ ਦਵੈਪਾਯਨ (ਦ੍ਵੈਪਾਯਨ) ਕਿਹਾ ਜਾਂਦਾ ਹੈ। ਪੁਰਾਣਾਂ ਵਿਚ ਘੱਟੋ ਘੱਟ ਵੀਹ ਵਿਆਸਾਂ ਦਾ ਵਰਨਣ ਕੀਤਾ ਮਿਲਦਾ ਹੈ। ਜਿਹੜੇ ਵਿਸ਼ਨੂੰ ਜਾਂ ਬ੍ਰਹਮਾ ਦੇ ਅਵਤਾਰ ਹਨ ਅਤੇ ਸਮੇਂ ਸਮੇਂ ਵੇਦਾਂ ਨੂੰ ਸੰਗ੍ਰਹਿਤ ਅਤੇ ਪ੍ਰਚਾਰਨ ਲਈ ਧਰਤੀ ਤੇ ਹੁੰਦੇ ਰਹੇ ਹਨ।[159]

ਗੁਰੂ ਨਾਨਕ ਬਾਣੀ ਵਿਚ ਵਿਆਸ ਸਬੰਧੀ ਆਏ ਹਵਾਲੇ ਤੋਂ ਇਸ ਦੇ ਗ੍ਰੰਥਕਾਰ ਅਤੇ ਗਿਆਨੀ ਹੋਣ ਦੀ ਸੂਚਨਾ ਮਿਲਦੀ ਹੈ ਅਤੇ ਇਸ ਦੇ ਨਾਲ ਗੁਰੂ ਦੀ ਮਹੱਤਤਾ ਦਾ ਪ੍ਰਗਟਾਵਾ ਹੈ।

> ਭਾਈ ਰੇ ਗੁਰ ਬਿਨ ਗਿਆਨ ਨ ਹੋਇ
> ਪੂਛਹੁ ਬ੍ਰਹਮੇ ਨਾਰਦ ਬੇਦ ਬਿਆਸੈ ਕੋਇ।[160]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵਿਆਸ ਦੇ ਸੁਕਦੇਵ ਦਾ ਪਿਤਾ ਹੋਣ ਵੱਲ ਸੰਕੇਤ ਹੈ ਅਤੇ ਦੱਸਿਆ ਹੈ ਕਿ ਇਸ ਨੇ ਹੀ ਆਪਣੇ ਪੁੱਤਰ ਸੁਕਦੇਵ ਨੂੰ ਰਾਜਾ ਜਨਕ ਪਾਸ ਗਿਆਨ ਦਾ ਅਭਿਆਸ ਕਰਨ ਲਈ ਭੇਜਿਆ ਸੀ।[161] ਰਿਸ਼ੀ ਵਿਆਸ ਨਿੱਕਾ ਜਿਹਾ ਕੀੜਾ ਬਣ ਕੇ ਘੋੜੇ ਦੇ ਕੰਨ ਵਿਚ ਵੜ ਗਿਆ ਅਤੇ ਲੁੱਕ ਕੇ ਵਿਦਿਆ ਪ੍ਰਾਪਤ ਕੀਤੀ।[162] ਆਦਿ ਵਿਆਸ ਕਹਿ ਕੇ ਸੱਦਿਆ ਗਿਆ ਤੇ ਵੇਦ ਸ਼ਾਸ਼ਤਰਾਂ ਅਤੇ ਪੁਰਾਣਾਂ ਦੀ ਕਥਾ ਕਰਦਾ ਰਿਹਾ, ਨਾਰਦ ਮੁਨੀ ਦੇ ਉਪਦੇਸ਼ ਰਾਹੀਂ ਭਾਗਵਤ ਦੀ ਭਗਤੀ ਪੜ੍ਹਨ ਨਾਲ ਹੀ ਸ਼ਾਂਤੀ ਪ੍ਰਾਪਤ ਹੋਈ।[163] ਉਸਨੇ ਵਿਦਿਆ ਨੂੰ ਵਿਚਾਰ ਲਿਆ ਪਰ ਅੰਤ ਵਿਚ ਪਰਉਪਕਾਰ ਕੀਤਿਆਂ ਹੀ ਸੁਖੀ ਹੋਇਆ।

(ਹ) <u>ਭਗਤ</u> :

<u>ਧਰੂ ਭਗਤ</u> :

ਧਰੂ ਦਾ ਸ਼ਾਬਦਿਕ ਅਰਥ ਹੈ ਸਥਿਰ ਰਹਿਣਾ, ਖੜੇ ਰਹਿਣਾ, ਧ੍ਰੁਵਤਾਰਾ

(Pole-star ) ਵੀ ਹੈ। ਆਦਰਸ਼ਕ ਭਗਤਾਂ ਵਿਚ ਇਸ ਦਾ ਨਾਮ ਵਿਸ਼ੇਸ਼ ਪ੍ਰਸਿੱਧੀ ਰੱਖਦਾ ਹੈ। ਜੋਨ ਡੋਸਨ ਅਨੁਸਾਰ ਇਹ ਕਸ਼ੱਤਰੀ ਸੀ, ਪਰ ਸੰਤਾਂ ਦੀ ਸੰਗਤ ਕਾਰਨ ਇਹ ਆਪ ਰਿਸ਼ੀ ਬਣਕੇ ਤਪੱਸਿਆ ਵਿਚ ਲੀਨ ਹੋ ਗਿਆ ਅਤੇ ਇਸ ਨੇ ਇੰਦਰ ਦੀਆਂ ਤਪੱਸਿਆ ਭੰਗ ਕਰਨ ਦੀਆਂ ਕੋਸ਼ਿਸ਼ਾਂ ਨੂੰ ਵੀ ਅਸਫਲ ਕਰ ਦਿੱਤਾ । ਅੰਤ ਵਿਚ ਇਸ ਤੇ ਵਿਸ਼ਨੂੰ ਦੀ ਕਿਰਪਾ ਹੋਈ ਅਤੇ ਉਸ ਨੇ ਇਸ ਨੂੰ ਅਸਮਾਨ ਵਿਚ ਪਹੁੰਚਾ ਕੇ ਧਰੂ ਤਾਰਾ ਬਣਾ ਦਿੱਤਾ।[164] ਵਿਸ਼ਨੂੰ ਪੁਰਾਣ ਅਨੁਸਾਰ ਧਰੂ ਉਤਾਨਪਤ ਰਾਜਾ ਦੀ ਪਤਨੀ ਸੁਨੀਤੀ ਦਾ ਪੁੱਤਰ ਸੀ। ਸਰਿਚੀ ਇਸ ਦੀ ਮਤਰੇਈ ਮਾਂ ਸੀ। ਆਪਣੀ ਮਤਰੇਈ ਮਾਂ ਦੇ ਵਰਤਾਰੇ ਤੋਂ ਤੰਗ ਆ ਕੇ ਇਸ ਨੇ ਬਚਪਨ ਵਿਚ ਹੀ, ਮਾਂ ਦੀ ਪ੍ਰੇਰਣਾ ਤੇ ਨਾਰਦਮੁਨੀ ਦੇ ਮੰਤਰ ਉਪਦੇਸ਼ ਸਦਕਾ, ਘੋਰ ਤਪੱਸਿਆ ਕਰਕੇ ਵਿਸ਼ਨੂੰ ਦੇ ਸ਼ਾਕਸ਼ਾਤ ਦਰਸ਼ਨ ਕੀਤੇ। ਵਿਸ਼ਨੂੰ ਨੇ ਇਸ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕੀਤੀਆਂ। ਪਿਛੋਂ ਰਾਜਾ ਉਤਾਨਪਾਦ ਨੇ ਇਸ ਨੂੰ ਰਾਜ ਸਿੰਘਾਸਨ ਦਿੱਤਾ ਜਿਸ ਉਤੇ ਇਸ ਨੇ 36 ਹਜ਼ਾਰ ਵਰ੍ਹੇ ਰਾਜ ਕੀਤਾ।[165] ਗੁਰੂ ਨਾਨਕ ਬਾਣੀ ਵਿਚ ਧਰੂ ਦਾ ਨਾਂ ਸੰਕੇਤ ਵਜੋਂ ਆਇਆ ਹੈ। ਗੁਰੂ ਨਾਨਕ ਅਨੁਸਾਰ ਧਰੂ ਵਰਗੇ ਤਪੱਸਵੀ ਅਤੇ ਰਾਜੇ ਅਨੇਕਾਂ ਹਨ।[166]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਧਰੂ ਭਗਤ ਨਾਲ ਸਬੰਧਤ ਪ੍ਰਸੰਗ ਆਇਆ ਹੈ ਕਿ ਇਕ ਦਿਨ ਧਰੂ ਹੱਸਦਾ ਹੋਇਆ ਘਰ ਆਇਆ ਤਾਂ ਪਿਤਾ ਨੇ ਪਿਆਰ ਨਾਲ ਇਸ ਨੂੰ ਕੁਛੜ ਚੁੱਕ ਲਿਆ । ਉਸ ਦੀ ਮਤਰੇਈ ਮਾਂ ਨੂੰ ਇਸ ਤੇ ਗੁੱਸਾ ਆਇਆ ਅਤੇ ਉਸ ਨੇ ਬਾਹੋਂ ਫੜ ਕੇ ਧਰੂ ਨੂੰ ਪਿਤਾ ਦੀ ਗੋਦੀ ਵਿਚੋਂ ਉਠੌਂ ਦਿੱਤਾ। ਧਰੂ ਰੋਂਦਾ ਹੋਇਆ ਆਪਣੀ ਮਾਂ ਕੋਲ ਗਿਆ ਤੇ ਪੁਛਿਆ ਕਿ ਤੂੰ ਇਸ ਰਾਜੇ ਦੀ ਰਾਣੀ ਹੈ ਜਾਂ ਦਾਸੀ ਹੈਂ? ਇਸ ਦੇ ਉੱਤਰ ਵਿਚ ਮਾਂ ਨੇ ਜੁਆਬ ਦਿੱਤਾ ਕਿ ਮੈਂ ਜਨਮ ਕਰਕੇ ਰਾਣੀ ਹਾਂ ਤੇ ਵਿਆਹੀ ਹੋਈ ਹਾਂ ਪਰ ਘਾਟਾ ਇਹ ਹੈ ਕਿ ਮੈਂ ਨਾਮ ਨਹੀਂ ਜਪਿਆ ਇਸ ਲਈ ਤੇਰਾ ਤੇ ਮੇਰਾ ਇਹ ਹਾਲ ਹੈ। ਇਸ ਤੇ ਧਰੂ ਮਾਂ ਪਾਸੋਂ ਆਗਿਆ ਲੈ ਕੇ ਤਪ ਕਰਨ ਲਈ ਨਿਕਲ ਪਿਆ, ਅਗੇ ਨਾਰਦਮੁਨੀ ਮਿਲਿਆ, ਉਸ ਨੇ ਉਪਦੇਸ਼ ਦਿੱਤਾ ਅਤੇ ਪ੍ਰਭੂ ਦੀ ਭਗਤੀ ਵਿਚ ਐਸਾ ਮਗਨ ਹੋਇਆ ਕਿ 'ਅਟੱਲ ਪਦਵੀ' ਨੂੰ ਪ੍ਰਾਪਤ ਕੀਤਾ।[167]

ਭਾਈ ਗੁਰਦਾਸ ਨੇ ਇਥੇ ਪ੍ਰਚਲਤ ਲੋਕ ਕਥਾ ਦਾ ਵਿਸਥਾਰ ਸਾਹਿਤ ਬਿਆਨ ਕੀਤਾ ਹੈ ਅਤੇ ਇਹ ਸੰਦੇਸ਼ ਦਿੱਤਾ ਹੈ ਕਿ ਜੀਵ ਇਸ ਸੰਸਾਰ ਤੋਂ ਪਹਿਲਾਂ ਹਾਰ ਜਾਂਦੇ ਹਨ

ਪਰ ਪ੍ਰਭੂ ਦੀ ਭਗਤੀ ਕਰਨ ਨਾਲ ਉਹ ਫਿਰ ਇਸ ਜਗਤ ਨੂੰ ਜਿੱਤ ਲੈਂਦੇ ਹਨ।

ਧਰੂ ਨੇ ਭਗਤੀ ਕਰਕੇ ਹਰੀ ਦਾ ਦਰਸ਼ਨ ਕੀਤਾ ਤੇ ਹਰੀ ਨੇ ਆਪ ਧਰੂ ਨੂੰ ਮਾਣ ਦਿਵਾਇਆ। ਸੰਸਾਰ ਵਿਚੋਂ ਮੁਕਤ ਕੀਤਾ ਅਤੇ ਆਕਾਸ਼ ਵਿਚ ਨਿਹਚਲ ਵਾਸਾ ਦਿੱਤਾ। ਚੰਦ, ਸੂਰਜ ਆਦਿ ਤੇਤੀ ਕਰੋੜ ਦੇਵਤੇ ਨੂੰ ਪ੍ਰਦਖਨਾ ਕਰਨ/ਦੁਫੇਰੇ (ਉਸਦਾ) ਫਿਰਾਇਆ ਹੈ । ਵੇਦ ਤੇ ਪੁਰਾਣ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਤਿਸਦਾ ਪ੍ਰਤਾਪ ਪ੍ਰਗਟ ਕਰਕੇ ਜਤਾ ਦਿੱਤਾ ਹੈ। ਗੁਰਮੁੱਖ ਨੇ ਭਗਤੀ ਕਰਕੇ ਅਲਖ ਨੂੰ ਜਾਣਿਆ ਹੈ।[168]

ਉਪਰੋਕਤ ਪਉੜੀ ਵਿਚ ਧਰੂ ਦੀ ਨਿਮਰਤਾ ਦਾ ਬਿਆਨ ਹੈ ਕਿ ਉਸ ਦੀ ਗਰੀਬੀ ਕਾਰਨ ਉਸ ਨੂੰ ਅਟਲ ਪਦਵੀ ਮਿਲੀ ਹੈ । ਇਹ ਪ੍ਰਸੰਗ ਗੁਰਮਤਿ ਵਿਧਾਨ ਅਨੁਸਾਰ ਨਹੀਂ ਹੈ। ਇਸੇ ਕਰਕੇ ਭਾਈ ਗੁਰਦਾਸ ਨੇ ਨਾਲ ਲਿਖ ਦਿੱਤਾ ਹੈ "ਵੇਦ ਪੁਰਾਨ ਵਖਾਣਦੇ" ਭਾਵ ਇਹ ਪ੍ਰਸੰਗ ਵੇਦਾਂ ਤੇ ਪੁਰਾਣਾਂ ਨੂੰ ਪੜ੍ਹਨ ਵਾਲੇ ਵਖਾਨਦੇ ਹਨ। ਗੁਰਮਤਿ ਨਾਲ ਤਾਂ ਇਕ ਸਤਰ ਮਿਲਦੀ ਹੈ ਕਿ ਭਗਤੀ ਦੁਆਰਾ ਹੀ ਪ੍ਰਭੂ ਨੂੰ ਜਾਣੀਦਾ ਹੈ।

ਭਾਈ ਗੁਰਦਾਸ ਇਕ ਥਾਂ ਤੇ ਪ੍ਰਸ਼ਨ ਕਰਦੇ ਹਨਕਿ ਧ੍ਰੂ ਅਸਮਾਨ ਤੇ ਕਿਵੇਂ ਚੜ੍ਹਿਆ ਹੈ? ਤੇ ਟਾਲਿਆਂ ਨਹੀਂ ਟਲਦਾ ਤੇ ਅਗਲੀ ਸਤਰ ਵਿਚ ਆਪ ਹੀ ਉੱਤਰ ਦਿੰਦੇ ਹਨ ਕਿ ਜਿਸ ਨੇ ਆਪਾ ਭਾਵ ਗਵਾਇਆ ਹੈ ਉਸ ਨਿਮਾਣੇ ਨੂੰ ਮਾਣ ਮਿਲਦਾ ਹੈ ਭਾਵ ਧਰੂ ਨਿਮਾਣਾ ਹੋਇਆ ਹੈ ਅਤੇ ਉਸ ਨੂੰ ਇਹ ਪਦਵੀ ਪ੍ਰਾਪਤ ਹੋਈ ਹੈ।[169] ਇਥੇ ਇਹ ਉਪਦੇਸ਼ ਦਿੰਦੇ ਹਨ ਕਿ ਜਿਵੇਂ ਧਰੂ ਨੂੰ ਨਿਮਾਣੇ ਹੋਇਆਂ ਮਾਣ ਮਿਲਿਆ ਹੈ ਇਸੇ ਤਰ੍ਹਾਂ ਜੀਵ ਦੁਆਰਾ ਨਿਮਰਤਾ ਨਾਲ ਸਿਮਰਨ ਕੀਤਿਆਂ ਕਰਤਾਰ ਨਾਲ ਲਿਵ ਲੱਗਦੀ ਹੈ ਅਤੇ ਸੱਚੀ ਦਰਗਾਹ ਵਿਚ ਪ੍ਰਵਾਨਗੀ ਮਿਲਦੀ ਹੈ ।

ਪ੍ਰਹਿਲਾਦ :

ਪ੍ਰਹਿਲਾਦ ਹਿਰਨਯਕਸ਼ਿਪ ਦਾ ਪੁੱਤਰ ਅਤੇ ਬਲਿ ਦਾ ਪਿਤਾ ਸੀ। ਪੁਰਾਨ ਕਥਾ ਅਨੁਸਾਰ ਹਿਰਨਯਕਸ਼ਿਪ ਨੇ ਦੇਵਤਿਆਂ ਨਾਲ ਯੁੱਧ ਕਰਕੇ ਸਵਰਗ ਲੋਕ ਇੰਦਰ ਕੋਲੋਂ ਜਿੱਤ ਲਿਆ ਸੀ। ਪ੍ਰਹਿਲਾਦ ਛੋਟੀ ਉਮਰ ਵਿਚ ਹੀ ਵਿਸ਼ਨੂੰ ਦਾ ਉਪਾਸ਼ਕ ਬਣ ਗਿਆ, ਇਸ ਤੇ ਉਸ ਦਾ ਪਿਤਾ ਬਹੁਤ ਗੁੱਸੇ ਹੋਇਆ ਅਤੇ ਪ੍ਰਹਿਲਾਦ ਨੂੰ ਮਾਰਨ ਦਾ ਹੁਕਮ ਦਿੱਤਾ। ਪਰ ਦੈਂਤਾਂ ਦੇ ਸ਼ਸਤਰ, ਸੱਪਾਂ ਦੇ

ਡੰਗਾਂ, ਹਾਥੀਆਂ ਦੇ ਦੰਦਾਂ, ਅੱਗ ਦੀਆਂ ਲਾਟਾਂ ਆਦਿ ਦਾ ਪ੍ਰਹਿਲਾਦ ਤੇ ਕੋਈ ਅਸਰ ਨਾ ਹੋਇਆ। ਹਿਰਣਯਕਸ਼ਿਪ ਨੂੰ ਦੰਡ ਦੇਣ ਲਈ ਵਿਸ਼ਨੂੰ ਨੇ ਨਰ ਸਿੰਘ ਰੂਪ ਧਾਰਿਆ ਅਤੇ ਉਸ ਦਾ ਨਾਸ਼ ਕੀਤਾ। ਪਿਤਾ ਦੇ ਪ੍ਰਲੋਕ ਜਾਣ ਪਿਛੋਂ ਪ੍ਰਹਿਲਾਦ ਦੈਤਾਂ ਦਾ ਰਾਜਾ ਬਣਿਆ ਅਤੇ ਪਾਤਾਲਾਂ ਵਿਚ ਰਹਿਣ ਲੱਗਾ।[170]

ਗੁਰੂ ਨਾਨਕ ਬਾਣੀ ਵਿਚ ਪ੍ਰਹਿਲਾਦ ਬਾਰੇ ਸੰਕੇਤ ਆਏ ਹਨ ਕਿ ਉਹ ਦੈਤ ਹੋ ਕੇ ਵੀ 'ਗੁਰਮੁੱਖ' ਹੈ ਤੇ ਸਦ ਬਿਰਤੀਆਂ ਦਾ ਧਾਰਨੀ ਹੈ। ਇਸ ਪਾਤਰ ਨੂੰ ਭਗਤੀ ਭਾਵਨਾ ਵਿਚ ਵਿਚਰਨ ਕਰਕੇ ਨਾਨਕ ਬਾਣੀ ਵਿਚ ਮਾਨਤਾ ਪ੍ਰਾਪਤ ਹੈ।

ਦੁਰਮਤਿ ਹਰਣਾਖਸੁ ਦੁਰਾਚਾਰੀ। ਪ੍ਰਭੂ ਨਾਰਾਇਣ ਗਰਬ ਪ੍ਰਹਾਰੀ।
ਪ੍ਰਹਲਾਦ ਉਧਾਰੇ ਕਿਰਪਾ ਧਾਰੀ।[171]

ਭਾਈ ਗੁਰਦਾਸ ਨੇ ਵਾਰਾਂ ਵਿਚ ਪ੍ਰਹਿਲਾਦ ਭਗਤ ਨਾਲ ਸਬੰਧਤ ਪੁਰਾਣਕ ਕਥਾ ਦਾ ਬੜਾ ਵਿਸਥਾਰ ਪੂਰਵਕ ਬਿਆਨ ਕੀਤਾ ਹੈ ਕਿ ਹਰਨਾਖਸ਼ ਦੈਤ ਦੇ ਕਲਹ ਰੂਪੀ ਘਰ ਵਿਚ ਪ੍ਰਹਿਲਾਦ ਦਾ ਕੰਵਲ ਦੇ ਰੂਪ ਵਿਚ ਜਨਮ ਹੋਇਆ। ਹਰਨਾਖਸ਼ ਨੇ ਉਸ ਨੂੰ ਪੜ੍ਹਨ ਲਈ ਪਾਠਸ਼ਾਲਾ ਭੇਜਿਆ ਤਾਂ ਰਾਜੇ ਦੇ ਪੁੱਤਰ ਨੂੰ ਦੇਖ ਕੇ ਪਾਧੇ ਬਹੁਤ ਖੁਸ਼ ਹੋਏ। ਪ੍ਰਹਿਲਾਦ ਹਰ ਸਮੇਂ ਮਨ ਵਿਚ ਰਾਮ ਨਾਮ ਜਪਦਾ ਸੀ ਅਤੇ ਮੁੱਖ ਤੋਂ ਵੀ ਇਕ ਰਸ ਰਾਮ ਨਾਮ ਦੀ ਧੁਨੀ ਉਚਾਰਨ ਕਰਦਾ ਸੀ। ਹੌਲੀ ਹੌਲੀ ਬਾਕੀ ਸਾਰੇ ਚੇਲੇ ਰਾਮ ਨਾਮ ਦੀ ਭਗਤੀ ਕਰਨ ਲੱਗ ਪਏ। ਪਾਧੇ ਨੂੰ ਇਸ ਤੇ ਬਹੁਤ ਗੁੱਸਾ ਆਇਆ। ਉਸਨੇ ਰਾਜਾ ਪਾਸ ਜਾ ਕੇ ਸ਼ਿਕਾਇਤ ਕੀਤੀ ਕਿ ਤੇਰਾ ਪੁੱਤਰ ਰਾਮ ਨਾਮ ਦੀ ਭਗਤੀ ਕਰਦਾ ਹੈ। ਇਹ ਸੁਣ ਕੇ ਦੋਖੀ ਦੈਤ ਨੇ ਝਗੜਾ ਵਧਾ ਲਿਆ। ਪ੍ਰਹਿਲਾਦ ਨੂੰ ਜਲ ਤੇ ਅੱਗ ਵਿਚ ਸੁੱਟਿਆ ਗਿਆ ਪਰ ਪ੍ਰਭੂ ਦੀ ਕਿਰਪਾ ਨਾਲ ਉਸ ਤੇ ਕੋਈ ਅਸਰ ਨਾ ਹੋਇਆ।

ਅੰਤ ਵਿਚ ਹਰਨਾਖਸ਼ ਨੇ ਤਲਵਾਰ ਕੱਢ ਕੇ ਪੁਛਿਆ ਤੇਰਾ ਕੌਣ ਗੁਰੂ ਹੈ ਇਸ ਤੇ ਪ੍ਰਭੂ ਨੇ ਨਰ ਸਿੰਹ ਰੂਪ ਧਾਰਿਆ ਤੇ ਥੰਮ ਪਾੜ ਕੇ ਪ੍ਰਗਟ ਹੋਏ। ਆਪਨੇ ਭਗਤ ਦੀ ਰੱਖਿਆ ਕੀਤੀ ਅਤੇ ਬੇਮੁੱਖ ਦੈਤ ਦਾ ਨਾਸ਼ ਕੀਤਾ।[172]

ਇਸ ਪ੍ਰਸੰਗ ਵਿਚ ਪ੍ਰਭੂ ਦੀ ਭਗਤ ਉਧਾਰਨ ਬਿਰਤੀ ਦਾ ਪ੍ਰਗਟਾਵਾ ਹੈ ਕਿ ਪ੍ਰਭੂ ਹਮੇਸ਼ਾ ਆਪਣੇ ਭਗਤਾਂ ਦੀ ਲਾਜ ਰੱਖਦਾ ਹੈ ਅਤੇ ਬੇਮੁੱਖ ਨੂੰ ਪਛਾੜਦਾ ਹੈ।

## (ਕ) ਕੁਝ ਹੋਰ ਸ਼ਖਸੀਅਤਾਂ:

### ਅਹੱਲਿਆ :

ਅਹੱਲਿਆ ਨੂੰ ਉਨ੍ਹਾਂ ਪੰਜ ਪਵਿਤ੍ਰ ਕੰਨਿਆਵਾਂ ਵਿਚੋਂ ਵੱਡੀ ਮੰਨਿਆ ਗਿਆ ਹੈ ਜਿਨ੍ਹਾਂ ਦਾ ਸਵੇਰ ਸਾਰ ਸਿਮਰਨ ਪਾਪਾਂ ਤੋਂ ਬਚਾਉਂਦਾ ਹੈ।[173]

ਗੌਤਮ ਰਿਸ਼ੀ ਦੀ ਪਤਨੀ ਸੀ। ਇਸ ਨੂੰ ਬ੍ਰਹਮ ਮਾਨਸ ਪੁੱਤਰੀ ਆਖਿਆ ਗਿਆ ਹੈ। ਬ੍ਰਹਮਦੇਵ ਨੇ ਇਸ ਨੂੰ ਅਤਿ ਦਾ ਸੁੰਦਰ ਬਣਾਇਆ ਸੀ। ਗੌਤਮ ਨੇ ਪ੍ਰਿਥਵੀ ਦੀ ਪ੍ਰਦਖਣਾ ਦੇ ਮੁਕਾਬਲੇ ਵਿਚ ਅਰਧ ਪ੍ਰਸੂਤ ਧੇਨੂੰ ਦੀ ਪ੍ਰਦਖਣਾ ਕਰਕੇ ਅਹੱਲਿਆ ਨੂੰ ਜਿੱਤ ਲਿਆ ਸੀ। ਇੰਦਰ ਨੇ ਗੌਤਮ ਰਿਸ਼ੀ ਦੀ ਗੈਰ-ਹਾਜ਼ਰੀ ਵਿਚ ਗੌਤਮ ਸਰੂਪ ਵਿਚ ਅਹੱਲਿਆ ਦਾ ਸਤ ਭੰਗ ਕੀਤਾ। ਇਸ ਮਦ ਕਰਮ ਕਾਰਨ ਇੰਦਰ ਨੂੰ ਰਿਸ਼ੀ ਸਰਾਪ ਕਾਰਨ ਸਹਸ ਭਗ ਹੋਣਾ ਪਿਆ ਅਤੇ ਅਹੱਲਿਆ ਨੂੰ ਸ਼ਿਲਾ ਹੋਣ ਦਾ ਸਰਾਪ ਮਿਲਿਆ। ਜਦੋਂ ਅਹੱਲਿਆ ਨੇ ਆਪਣੇ ਨਿਰਅਪਰਾਧੀ ਹੋਣ ਦੀ ਗੱਲ ਕਹੀ ਤਾਂ ਗੌਤਮ ਨੇ ਸਰਾਪ ਟਾਲਣ ਦੇ ਉਪਾ ਵੀ ਕੀਤੇ। ਤ੍ਰੇਤੇ ਯੁੱਗ ਵਿਚ ਰਾਮ ਚੰਦਰ ਦੀ ਚਰਨ ਛੁਹ ਨਾਲ ਸ਼ਿਲਾ ਤੋਂ ਮੁੜ ਮਾਨਵ ਜੀਵਨ ਵਿਚ ਆਉਣ ਦਾ ਵਰ ਦਿੱਤਾ।[174]

ਗੁਰੂ ਨਾਨਕ ਬਾਣੀ ਵਿਚ ਗੌਤਮ- ਅਹੱਲਿਆ-ਇੰਦਰ ਦੇ ਪ੍ਰਸੰਗ ਵਿਚ ਅਹੱਲਿਆ ਦਾ ਸੰਕੇਤ ਆਇਆ ਹੈ ਕਿ ਇੰਦਰ ਨੇ ਗੌਤਮ ਦੀ ਗੈਰਹਾਜ਼ਰੀ ਵਿਚ ਗੌਤਮ ਸਰੂਪ ਵਿਚ ਅਹੱਲਿਆ ਦਾ ਸਤ ਭੰਗ ਕੀਤਾ ਇਸ ਕਰਕੇ ਉਸ ਨੂੰ ਵੀ ਸਿਲਾ ਹੋਣ ਦਾ ਦੁੱਖ ਭੋਗਣਾ ਪਿਆ। ਜਿਸ ਨੂੰ ਸੂਰਜਵੰਸ਼ੀ ਰਾਮ ਚੰਦਰ ਜੀ ਨੇ ਮੁਕਤ ਕੀਤਾ।[175]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਇਸੇ ਤਰ੍ਹਾਂ ਦਾ ਸੰਕੇਤ ਆਇਆ ਹੈ ਕਿ ਇੰਦਰ ਪਰਾਈ ਔਰਤ ਅਹੱਲਿਆ ਤੇ ਲੁਭਾਇਆ ਅਤੇ ਸਹਸ ਭਗ ਹੋਣ ਦਾ ਸਰਾਪ ਲਿਆ ਬਾਅਦ ਵਿਚ ਇੰਦਰ ਪੁਰੀ ਨੂੰ ਛੱਡ ਸ਼ਰਮ ਦਾ ਮਾਰਿਆ ਤਲਾ ਵਿਚ ਜਾ ਲੁਕਿਆ। ਜਦੋਂ ਹਜ਼ਾਰ ਭਗ ਦੇ ਨੇਤਰ ਬਣ ਗਏ ਤਾਂ ਵਾਪਸ ਇੰਦਰ ਪੁਰੀ ਆਇਆ। ਅਹੱਲਿਆ ਵੀ ਰਿਸ਼ੀ ਦੇ ਸਰਾਪ ਕਾਰਨ ਪੱਥਰ ਹੋ ਗਈ ਅਤੇ ਨਦੀ ਕਿਨਾਰੇ ਪਈ ਰਹੀ, ਤ੍ਰੇਤਾ ਯੁੱਗ ਵਿਚ ਰਾਮ ਚੰਦਰ

ਦੇ ਚਰਨਾਂ ਦੀ ਛੂਹ ਨਾਲ ਜੀਵਤ ਹੋਈ ਅਤੇ ਸਵਰਗ ਨੂੰ ਗਈ।[176]

ਉਪਰੋਕਤ ਪ੍ਰਸੰਗ ਤੋਂ ਇਹ ਉਪਦੇਸ਼ ਮਿਲਦਾ ਹੈ ਕਿ ਵਿਭਚਾਰ ਪਾਪ ਹੈ ਇਸ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਤੋਂ ਪਾਪ ਤੋਂ ਬਚਣ ਲਈ ਅਕਾਲ ਪੁਰਖ ਦੇ ਗੁਣਾਂ ਦਾ ਵਖਿਆਨ ਕਰਨਾ ਚਾਹੀਦਾ ਹੈ।

<u>ਅਜਾਮਲ:</u>

ਅਜਾਮਲ ਕਨੌਜ ਦਾ ਇਕ ਦੁਰਾਚਾਰੀ ਬ੍ਰਾਹਮਣ ਸੀ। ਜਿਸ ਨੇ ਵੇਸਵਾ ਨਾਲ ਵਿਆਹ ਕੀਤਾ ਸੀ। ਵੇਸਵਾ ਦੇ ਪੇਟ ਤੋਂ ਦਸ ਪੁੱਤਰ ਹੋਏ।[177] ਦੈਵਨੇਤ ਨਾਲ ਇਕ ਦਿਨ ਇਕ ਮਹਾਤਮਾ ਆ ਨਿਕਲੇ, ਅਜਾਮਲ ਨੇ ਇਹਨਾਂ ਦੀ ਬਹੁਤ ਸੇਵਾ ਕੀਤੀ। ਮਹਾਤਮਾ ਨੇ ਉਧਾਰ ਦਾ ਢੰਗ ਸੋਚ ਕੇ ਇਸ ਨੂੰ ਆਗਿਆ ਦਿੱਤੀ ਕਿ ਤੇਰੀ ਇਸਤਰੀ ਗਰਭਵਤੀ ਹੈ,ਐਤਕੀਂ ਜੋ ਪੁੱਤਰ ਜਨਮੇ ਉਸ ਦਾ ਨਾਮ 'ਨਰਾਇਣ' ਰੱਖਣਾ ਤੇ ਹਰ ਸਮੇਂ ਲਾਡ ਪਿਆਰ ਵਿਚ ਉਸਨੂੰ 'ਨਾਰਾਇਣ' ਨਰਾਇਣ ਕਰਕੇ ਬੁਲਾਉਂਦੇ ਰਹਿਣਾ। ਅਜਾਮਲ ਦੇ ਪੁੱਤਰ ਪੈਦਾ ਹੋਇਆ ਉਸ ਦਾ ਨਾਮ ਨਰਾਇਣ ਰੱਖਿਆ। ਗਿਆ। ਉਹ ਪੁੱਤਰ ਦੇ ਮੋਹ ਵਿਚ ਇਕ ਰਸ ਇਕ ਤਰੀਕੇ ਨਾਲ ਨਰਾਇਣ, ਨਰਾਇਣ ਪੁਕਾਰਦਾ ਕਿ ਇਸ ਦੀ ਲਿਵ ਅਕਾਲ ਪੁਰਖ ਨਾਲ ਲੱਗ ਗਈ ਤੇ ਅੰਤ ਸਮੇਂ ਅਜਾਮਲ ਦਾ ਉਧਾਰ ਹੋਇਆ।[178]

ਗੁਰਬਾਣੀ ਵਿਚ ਵੀ ਇਸ ਘਟਨਾ ਸੰਬੰਧੀ ਸੰਕੇਤ ਦਰਜ ਹੈ:

ਅਜਾਮਲ ਕਉ ਅੰਤਿ ਕਾਲ ਮਹਿ
ਨਾਰਾਇਣ ਸੁਧਿ ਆਈ।[179]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਆਇਆ ਹੈ ਕਿ ਇਕ ਵਾਰ ਅਜਾਮਲ ਪਾਪ ਕਰਨ ਲਈ ਵੇਸਵਾ ਦੇ ਘਰ ਜਾ ਰਿਹਾ, ਬੇਮੁੱਖ ਹੋ ਕੇ ਪਾਪ ਕਮਾਉਣ ਲੱਗਾ ਤੇ ਜਨਮ ਵਿਰਥਾ ਗੁਆਉਣ ਲੱਗਾ, ਵੇਸਵਾ ਨੇ ਛੇ ਪੁੱਤਰ ਜੰਮੇ ਤੇ ਜਦ ਸਤਵਾਂ ਪੁੱਤਰ ਪੈਦਾ ਹੋਇਆ ਤਾਂ ਨਾਮ ਰੱਖਣ ਵਾਸਤੇ ਉਤਸ਼ਾਹ ਪੈਦਾ ਹੋਇਆ। ਇਸ ਉਤਸ਼ਾਹ ਕਰਕੇ ਗੁਰੂ ਦਵਾਰੇ ਜਾ ਕੇ ਨਾਮ ਰੱਖਣ ਲਈ ਬੇਨਤੀ ਕੀਤੀ ਤਾਂ ਗੁਰਾਂ ਨੇ ਮੁੱਖ ਤੋਂ ਲੜਕੇ ਦਾ ਨਾਮ ਨਾਰਾਇਣ ਕਿਹਾ ਅਜਾਮਲ ਆਪਣੇ ਅੰਤ ਸਮੇਂ ਜਮਦੂਤਾਂ ਨੂੰ ਵੇਖ ਕੇ ਡਰਦਾ ਹੋਇਆ ਨਾਰਾਇਣ ਪੁੱਤਰ ਦਾ ਨਾਮ ਬੋਲਿਆ ਕਿ ਹੇ ਨਰਾਇਣ,ਮੈਨੂੰ ਇਨ੍ਹਾਂ ਤੋਂ ਛੁਡਾਉ। ਇਸ ਅਵਾਜ ਨੂੰ ਸੁਣ ਕੇ ਹਰਿਜਨਾਂ ਨੇ ਜਮ ਗਣਾਂ ਨੂੰ ਮਾਰ ਕੇ

ਹਟਾ ਦਿੱਤਾ ਤੇ ਅਜਾਮਲ ਸਵਰਗ ਨੂੰ ਚਲਾ ਗਿਆ ਅਤੇ ਜਮ ਦਾ ਦੰਡ ਨਾ ਸਹਾਰਿਆ। ਇਕ ਵਾਰ ਨਾਮ ਦੇ ਲੈਣ ਕਰਕੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।[180]

ਇਸ ਪ੍ਰਸੰਗ ਵਿਚ ਗੁਰਮੁੱਖ ਦੀ ਮਹਾਨਤਾ ਦਾ ਪ੍ਰਗਟਾਵਾ ਹੈ ਕਿ ਗੁਰਮੁੱਖ ਦੁਖੀ ਜੀਵ ਦੀ ਸਹਾਇਤਾ ਕਰਦੇ ਹਨ ਅਤੇ ਕੋਈ ਐਸਾ ਉਪਾਅ ਕਰਦੇ ਹਨ ਜਿਸ ਤੋਂ ਛੁਟਕਾਰਾ ਹੋ ਜਾਵੇ।

ਅੰਬਰੀਕ :

ਬਾਲਮੀਕ ਰਮਾਇਣ ਅਨੁਸਾਰ ਅੰਬਰੀਕ ਪ੍ਰਸ਼ਸ਼ੁਕ ਦਾ ਪੁੱਤਰ ਅਤੇ ਅਯੁਧਿਆ ਪਤੀ ਸੂਰਜਵੰਸ਼ੀ ਰਾਜਾ ਸੀ। ਇਸ ਦੀ ਰੱਖਿਆ ਕਰਨ ਲਈ ਵਿਸ਼ਨੂੰ ਦੇ ਸੁਦਰਸ਼ਨ ਚੱਕਰ ਨੇ ਦੁਰਬਾਸ਼ਾ ਰਿਸ਼ੀ ਦਾ ਪਿੱਛਾ ਕੀਤਾ। ਜਿਸ ਦੀ ਕਥਾ ਇਸ ਪ੍ਰਕਾਰ ਹੈ ਕਿ "ਕੱਤਕ ਦੀ ਦਵਾਦਸ਼ੀ ਨੂੰ ਰਾਜਾ ਅੰਬਰੀਕ ਏਕਾਦਸ਼ੀ ਦਾ ਵਰਤ ਉਪਾਰਣ ਨੂੰ ਤਿਆਰ ਸੀ, ਇਤਨੇ ਵਿਚ ਦੁਰਵਾਸਾ ਰਿਸ਼ੀ ਆਇਆ, ਰਾਜਾ ਨੇ ਕਿਹਾ ਆਪ ਮੇਰੇ ਘਰ ਭੋਜਨ ਕਰੋ, ਰਿਸ਼ੀ ਨੇ ਆਖਿਆ ਮੈਂ ਇਸ਼ਨਾਨ ਕਰਕੇ ਆਉਂਦਾ ਹਾਂ, ਰਿਸ਼ੀ ਬਹੁਤ ਚਿਰ ਤੱਕ ਨਾ ਮੁੜਿਆ, ਰਾਜਾ ਨੇ ਪ੍ਰੋਹਿਤ ਦੇ ਕਹਿਣ ਤੇ ਵਰਤ ਤੋੜ ਲਿਆ, ਜਦ ਦੁਰਵਾਸ਼ਾ ਨੂੰ ਮਾਲੂਮ ਹੋਇਆ ਕਿ ਮੇਰੇ ਆਉਣ ਤੋਂ ਪਹਿਲਾਂ ਹੀ ਭੋਜਨ ਕਰ ਲਿਆ ਹੈ ਤਦ ਆਪਣੀ ਜਟਾਂ ਪੱਟ ਕੇ ਇਕ ਤੇਜ ਪੁੰਜ ਪੁਰਖ ਪੈਦਾ ਕੀਤਾ, ਜੋ ਅੰਬਰੀਕ ਨੂੰ ਮਾਰਨ ਲੱਗਾ, ਵਿਸ਼ਨੂੰ ਨੇ ਸੁਦਰਸ਼ਨ ਚੱਕਰ ਰਾਜੇ ਦੀ ਰੱਖਿਆ ਲਈ ਭੇਜਿਆ, ਜਿਸ ਨੇ ਤੇਜਪੁੰਜ ਪੁਰਖ ਨੂੰ ਨਾਸ਼ ਕਰਕੇ ਦੁਰਵਾਸ਼ਾ ਦਾ ਪਿੱਛਾ ਕੀਤਾ, ਜਦ ਕਿਸੇ ਲੋਕ ਵਿਚ ਦੁਰਵਾਸ਼ਾ ਦਾ ਬਚਾਉ ਨਾ ਹੋਇਆ ਤਦ ਹਾਰਕੇ ਅੰਬਰੀਕ ਦੀ ਸ਼ਰਣ ਲਈ, ਜਿਸ ਪੁਰ ਰਾਜੇ ਨੇ ਸੁਦਰਸ਼ਨ ਚੱਕਰ ਤੋਂ ਰਿਸ਼ੀ ਨੂੰ ਬਚਾਇਆ।"[181]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਮਿਲਦਾ ਹੈ ਕਿ ਰਾਜਾ ਅੰਬਰੀਕ ਦਾ ਮੂੰਹ ਵਰਤ ਵਾਲਾ ਸੀ। ਜਦੋਂ ਰਾਤ ਪਈ ਤਾਂ ਰਾਜੇ ਦੇ ਮਹਿਲਾਂ ਵਿਚ ਦੁਰਬਾਸ਼ਾ ਰਿਸ਼ੀ ਆ ਗਿਆ । ਰਾਜਾ ਦੇ ਵਰਤ ਉਪਾਰਨ ਦਾ ਸਮਾਂ ਹੋ ਗਿਆ ਤਾਂ ਰਿਸ਼ੀ ਨਦੀ ਤੇ ਨ੍ਹਾਉਣ ਚਲਾ ਗਿਆ। ਕਿਉਂਕਿ ਰਿਸ਼ੀ ਨੂੰ ਭੋਜਨ ਛਕਾਏ ਤੋਂ ਬਗੈਰ ਉਸ ਨੇ ਛਕਣਾ ਨਹੀਂ ਸੀ ਪਰ ਵਰਤ ਦੀ ਘੜੀ ਲੰਘਦੀ ਜਾ ਰਹੀ ਸੀ ਜਿਸ ਨਾਲ ਵਰਤ ਦਾ ਫਲ ਨਾਸ਼ ਹੋ ਜਾਣਾ ਸੀ । ਇਸ ਲਈ ਰਾਜੇ ਨੇ ਠਾਕੁਰ ਪੂਜਾ ਕਰਕੇ ਚਰਨਾਮਿਤ ਲੈ ਕੇ ਵਰਤ ਉਧਾਰ ਲਿਆ ਜਦ ਇਸ ਗੱਲ ਦਾ ਪਤਾ ਰਿਸ਼ੀ ਨੂੰ ਲੱਗਾ ਤਾਂ ਉਹ ਸਰਾਪ ਦੇਣ ਲਈ ਦੌੜਿਆ ਇਹ ਵੇਖ ਕੇ ਵਿਸ਼ਨੂੰ ਨੇ ਸੁਦਰਸ਼ਨ

ਚੱਕਰ ਨੂੰ ਆਗਿਆ ਦਿੱਤੀ ਤੇ ਸੁਦਰਸ਼ਨ ਚੱਕਰ ਨੇ ਕਾਲ ਦਾ ਭਿਆਨਕ ਰੂਪ ਧਾਰ ਕੇ ਦੁਰਬਾਸ਼ਾ ਰਿਸ਼ੀ ਦਾ ਪਿੱਛਾ ਕੀਤਾ ਤੇ ਉਸ ਦੇ ਹੰਕਾਰ ਦਾ ਨਾਸ਼ ਕੀਤਾ। ਇਸ ਦੇ ਡਰ ਤੋਂ ਦੁਰਬਾਸ਼ਾ ਰਿਸ਼ੀ ਸਾਰੇ ਲੋਕਾਂ ਵਿਚ ਘੁੰਮਿਆ ਪਰ ਕੋਈ ਵੀ ਦੇਵਤਾ ਉਸ ਨੂੰ ਆਪਣੇ ਕੋਲ ਨਾ ਰੱਖ ਸਕਿਆ ਅੰਤ ਵਿਸ਼ਨੂੰ ਨੂੰ ਬੇਨਤੀ ਕੀਤੀ ਕਿ ਸੁਦਰਸ਼ਨ ਚੱਕਰ ਤੋਂ ਮੇਰੀ ਜਾਨ ਛੁਡਾਉ। ਵਿਸ਼ਨੂੰ ਨੇ ਇਸ ਨੂੰ ਅੰਬਰੀਕ ਦੀ ਚਰਨੀ ਪੈਣ ਨੂੰ ਕਿਹਾ। ਇਹ ਸੁਣ ਕੇ ਰਿਸ਼ੀ ਅੰਬਰੀਕ ਦੀ ਚਰਨੀ ਪਿਆ ਅਤੇ ਉਸਨੇ ਮਰਦੇ ਦੁਰਬਾਸ਼ੇ ਨੂੰ ਸੁਦਰਸ਼ਨ ਚੱਕਰ ਤੋਂ ਛੁਡਾਇਆ।[182]

ਇਸ ਪ੍ਰਸੰਗ ਤੋਂ ਇਹ ਉਪਦੇਸ਼ ਦਿੰਦੇ ਹਨ ਕਿ ਭਗਤ ਨਾ ਕਰੋਧੀ ਤੇ ਨਾ ਹੀ ਵਿਸ਼ੇ ਅਧੀਨ ਹੋਣਾ ਚਾਹੀਦਾ ਹੈ। ਉਹ ਜੇ ਗਲਤੀ ਕਰੇ ਤਾਂ ਮਾਫ਼ੀ ਮੰਗੇ ਤੇ ਉਸ ਨੂੰ ਅੰਬਰੀਕ ਵਾਂਗ ਹਮੇਸ਼ਾ ਮਾਫ਼ੀ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ। ਵਾਹਿਗੁਰੂ ਤੇ ਭਰੋਸਾ ਰੱਖਣਾ ਜੀਵ ਦਾ ਫ਼ਰਜ ਹੈ।

ਭਾਈ ਗੁਰਦਾਸ ਨੇ ਇਕ ਥਾਂ ਤੇ ਅੰਬਰੀਕ ਨੂੰ ਸੁਦਰਸ਼ਨ ਚੱਕਰ ਲੈਣ ਲਈ ਲੋਭੀ ਦੱਸਿਆ ਹੈ:

> ਭੇਦ ਭਭੀਖਣ ਲੰਕ ਲੈ ਅੰਬਰੀਕੁ ਲੈ ਚੱਕ੍ਰ ਲੁਭਾਣਾ।
>
> - - - - - - - - - - - - - - - - - -
>
> - - - - - - - - - - - - - - - -
>
> ਗੁਰਮੁਖਿ ਸੁਖ ਫਲੁ ਪਤਿ ਪਰਵਾਣਾ।[183]

ਪਰ ਭਾਈ ਸਾਹਿਬ ਅਨੁਸਾਰ ਗੁਰਮੁੱਖ ਲੋਭ ਤੋਂ ਰਹਿਤ ਹੋ ਕੇ ਪ੍ਰਭੂ ਦੀ ਭਗਤੀ ਕਰਦੇ ਹਨ ਇਸ ਲਈ ਇਸ ਤੋਂ ਉੱਤਮ ਹਨ।

<u>ਸ਼ੁਕਰ :</u>

ਸ਼ੁਕਰ ਇਕ ਚਮਕੀਲਾ ਗ੍ਰਹਿ ਹੈ, ਜੋ ਧਰਤੀ ਦੇ ਬਹੁਤ ਨੇੜੇ ਹੈ। ਇਹ ਭ੍ਰਿਗ ਦਾ ਪੁੱਤਰ ਅਤੇ ਬਲਿ ਰਾਜਾ ਦਾ ਪ੍ਰੋਹਿਤ ਸੀ। ਇਸਨੂੰ ਦੈਤਾਂ ਦਾ ਗੁਰੂ, ਧਰਮ ਸ਼ਾਸਤਰ ਅਤੇ

ਨੀਤੀ ਸ਼ਾਸਤਰ ਦਾ ਕਰਤਾ ਮੰਨਿਆ ਜਾਂਦਾ ਹੈ। ਸ਼ਿਵ ਪਾਸੋਂ ਸ਼ਕਤੀ ਪ੍ਰਾਪਤ ਕਰਨ ਲਈ ਸਿਰ ਭਾਰ ਲਟਕਕੇ ਘੋਰ ਤਪ ਕਰਦਾ ਰਿਹਾ ਤਾਂ ਕੇ ਦੇਵਤੇ ਦੈਂਤਾਂ ਤੇ ਭਾਰੂ ਨਾ ਹੋ ਸਕਣ। ਇੰਦਰ ਨੇ ਡਰ ਕੇ ਕਿਤੇ ਸ਼ੁਕਰ ਦਾ ਤਪ ਪੂਰਾ ਨਾ ਹੋ ਜਾਏ ਆਪਣੀ ਸਪੁੱਤਰੀ ਜਯੰਤੀ ਨੂੰ ਇਸ ਦਾ ਤਪ ਭੰਗ ਕਰਨ ਲਈ ਭੇਜਿਆ, ਜਯੰਤੀ ਨੇ ਇਸ ਨੂੰ ਮੋਹ ਜ਼ਰੂਰ ਲਿਆ ਪਰ ਸ਼ੁਕਰ ਨੇ ਆਪਣਾ ਤਪ ਤੋੜ ਨਿਭਾਇਆ ਅਤੇ ਜਯੰਤੀ ਨਾਲ ਵਿਆਹ ਕੀਤਾ।[184] ਬਲਿਰਾਜਾ ਦਾ ਪ੍ਰੋਹਿਤ ਹੋਣ ਕਰਕੇ ਇਸ ਨੇ ਬਲਿਰਾਜਾ ਨੂੰ ਪਹਿਲਾਂ ਦੱਸ ਦਿੱਤਾ ਸੀ ਕਿ ਵਿਸ਼ਨੂੰ ਤੈਨੂੰ ਛੱਲਨ ਲਈ ਆਇਆ ਹੈ। ਰਾਜਾ ਨੇ ਇਸ ਦੀ ਗੱਲ ਨਾ ਮੰਨੀ। ਦਾਨ ਦੇਣ ਸਮੇਂ ਰਾਜਾ ਨੇ ਗੰਗਾ ਸਾਗਰ (ਲੋਟਾ) ਦੁਆਰਾ ਪਾਣੀ ਦੀਆਂ ਚੂਲੀਆਂ ਛੱਡੀਆਂ, ਸ਼ੁਕਰ ਡੱਡੂ ਬਨ ਕੇ ਲੋਟੇ ਵਿਚ ਵੜ ਗਿਆ ਅਤੇ ਲੋਟੇ ਦੀ ਨਲਕੀ ਅੱਗੇ ਫਸ ਗਿਆ, ਅਤੇ ਨਲਕੀ ਵਿਚੋਂ ਨਿਕਲਣ ਵਾਲੇ ਪਾਣੀ ਨੂੰ ਪੀ ਜਾਵੇ। ਰਾਜਾ ਬਲਿ ਨੇ ਇਕ ਤੀਲਾ ਲੈ ਕੇ ਲੋਟੇ ਦੀ ਨਲਕੀ ਵਿਚ ਮਾਰਿਆ ਜਿਸ ਨਾਲ ਸ਼ੁਕਰ ਦੀ ਅੱਖ ਫੁੱਟ ਗਈ ਅਤੇ ਕਾਣੀ ਹੋ ਗਈ। ਸ਼ੁਕਰ ਪਾਸੇ ਹੋ ਗਿਆ ਅਤੇ ਰਾਜੇ ਨੇ ਦਾਨ ਦੀਆਂ ਚੁਲੀਆਂ ਛੱਡ ਦਿੱਤੀਆਂ ਅਤੇ ਛੱਲਿਆ ਗਿਆ। ਭਾਈ ਗੁਰਦਾਸ ਨੇ ਵਾਰਾਂ ਵਿਚ ਇਸ ਘਟਨਾ ਵੱਲ ਸੰਕੇਤ ਕੀਤਾ ਹੈ:

(1) ਸੁਕਰ ਕਾਣਾ ਹੋਇਆ ਦੁਰਮੰਤ੍ਰ ਵੀਚਾਰੀ।[185]

(2) ਅਛਲੁ ਛਲਣਿ ਤੁਧੁ ਆਇਆ ਸੁਕ੍ਰ ਪਰੋਹਿਤੁ ਕਹਿ ਸਮਝਾਵੈ।[186]

ਭਾਈ ਗੁਰਦਾਸ ਅਨੁਸਾਰ ਹੰਕਾਰ ਕਰਕੇ ਅਤੇ ਖੋਟੀ ਸਲਾਹ ਵਿਚਾਰਨ ਕਰਕੇ ਸ਼ੁਕਰ ਕਾਣਾ ਹੋਇਆ।

ਗਨਿਕਾ :

ਗਨਿਕਾ ਇਕ ਪ੍ਰਸਿੱਧ ਸੁੰਦਰ ਵੇਸਵਾ ਸੀ। ਸੁੰਦਰਤਾ ਦੇ ਕਾਰਣ ਇਸ ਨੂੰ ਚੰਦਰਮਣੀ ਜਾਂ ਚੰਦਰਵਤੀ ਗਨਿਕਾ ਵੀ ਕਿਹਾ ਜਾਂਦਾ ਹੈ। ਇਹ ਰਾਜਾ ਜਨਕ ਦੀ ਪੁਰੀ ਵਿਚ ਰਹਿੰਦੀ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਕ ਰਾਤ ਇਸ ਨੂੰ ਕੋਈ ਵੀ ਕਾਮੀ ਪੁਰਖ ਨਾ ਮਿਲਿਆ, ਅੱਧੀ ਰਾਤ ਬੀਤਣ ਪੁਰ ਮਨ ਨੂੰ ਪਛਤਾਵਾ ਹੋਇਆ ਅਤੇ ਖ਼ਿਆਲ ਉਪਜਿਆ ਕਿ ਜੇ ਇਤਨਾ

ਧਿਆਨ ਅਤੇ ਪਿਆਰ ਕਰਤਾਰ ਵੱਲ ਜੋੜਦੀ, ਤਦ ਜੇਹਾ ਉੱਤਮ ਫਲ ਮਿਲਦਾ, ਉਸੇ ਵੇਲੇ ਸਭ ਕੁਕਰਮ ਛੱਡ ਕੇ ਕਰਤਾਰ ਪਰਾਇਣ ਹੋਈ ਅਤੇ ਪਵਿੱਤਰ ਜੀਵਨ ਬਿਤਾਇਆ।[187] ਮਾਸਟਰ ਮਹਿਤਾਬ ਸਿੰਘ ਅਨੁਸਾਰ ਇਕ ਵਾਰ ਸਖਤ ਹਨੇਰੀ ਅਤੇ ਬਾਰਸ਼ ਸਮੇਂ ਇਕ ਮਹਾਤਮਾ ਨੇ ਇਸ ਦੇ ਮਕਾਨ ਹੇਠਾਂ ਉਟ ਲਈ। ਕਈਆਂ ਦਾ ਖਿਆਲ ਹੈ ਕਿ ਇਹ ਮਹਾਤਮਾ ਨਾਰਦ ਜੀ ਸਨ। ਗਨਿਕਾ ਨੇ ਇਨ੍ਹਾਂ ਦਾ ਬੜਾ ਆਦਰ ਸਤਿਕਾਰ ਕੀਤਾ ਜਦ ਨਾਰਦ ਜੀ ਟੁਰਨ ਲੱਗੇ ਤਾਂ ਗਨਿਕਾ ਨੇ ਆਪਣੇਉਧਾਰ ਤੇ ਪਾਪਾਂ ਭਰੇ ਜੀਵਨ ਤੋਂ ਛੁਟਕਾਰੇ ਲਈ ਬੇਨਤੀ ਕੀਤੀ। ਨਾਰਦ ਜੀ ਨੇ ਉਸ ਨੂੰ ਇਕ ਤੋਤਾ ਦਿੱਤਾ ਤੇ ਆਗਿਆ ਕੀਤੀ ਕਿ ਇਸ ਨੂੰ ਹਰ ਸਮੇਂ 'ਰਾਮ ਨਾਮ' ਪੜ੍ਹਾਇਆ ਕਰ। ਗਨਿਕਾ ਤੋਤੇ ਨੂੰ ਪੜ੍ਹਾਉਂਦੀ ਆਪਣੀ ਭਗਤੀ ਦੀ ਵਿਦਿਆ ਪੜ੍ਹ ਗਈ ਤੇ ਮੁਕਤ ਹੋਈ।[188]ਗੁਰਬਾਣੀ ਵਿਚ ਵੀ ਇਸ ਸਬੰਧੀ ਸੰਕੇਤ ਮਿਲਦਾ ਹੈ:

ਗਨਿਕਾ ਉਧਰੀ ਹਰਿ ਕਹੈ ਤੋਤ।[189]

ਭਾਈ ਗੁਰਦਾਸ ਨੇ ਉਪਰੋਕਤ ਪ੍ਰਸੰਗ ਦਾ ਵਰਨਣ ਵਾਰਾਂ ਵਿਚ ਕੀਤਾ ਹੈ ਕਿ ਇਕ ਪਾਪਣ ਵੇਸਵਾ (ਗਨਿਕਾ) ਨੇ ਪਾਪਾਂ ਦਾ ਹਾਰ ਗਲ ਵਿਚ ਪਰੋਇਆ ਹੋਇਆ ਹੈ, ਇਕ ਦਿਨ ਅਚਾਨਕ ਇਕ ਮਹਾਂ ਪੁਰਖ ਉਸ ਦੇ ਦਰਵਾਜੇ ਤੇ ਆ ਖਲੋਤਾ। ਉਸ ਨੇ ਗਨਿਕਾ ਦੀ ਖੋਟੀ ਮੱਤ ਦੇਖ ਕੇਉਸ ਨੂੰ ; ਸੁੰਦਰ ਤੋਤਾ ਦਿੱਤਾ ਤੇ ਰਾਮ ਨਾਮ ਦਾ ਉਪਦੇਸ਼ ਦੇ ਕੇ ਚਲਾ ਗਿਆ। ਤੋਤੇ ਨਾਲ ਵੇਸਵਾ ਦੀ ਲਿਵ ਲੱਗੀ ਤੇ ਰੋਜ਼ ਸਾਰੀ ਸਾਰੀ ਰਾਤ ਉਸ ਨੂੰ ਰਾਮ ਨਾਮ ਪੜ੍ਹਾਇਆ ਕਰੇ। ਪਾਪੀਆਂ ਦੇ ਉਧਾਰ ਕਰਨ ਵਾਲਾ ਰਾਮ ਨਾਮ ਹੈ। ਇਸ ਲਈ ਵੇਸਵਾ ਦੀ ਖੋਟੀ ਮੱਤ ਨਾਸ਼ ਹੋ ਗਈਤੇ ਸਰੀਰ ਦੇ ਸਾਰੇ ਪਾਪ ਧੋਤੇ ਗਏ ਤੇ ਅੰਤ ਸਮੇਂ ਨਰਕਾਂ ਦੀ ਥਾਂ ਤੇ ਬੈਕੁੰਠ (ਸਵਰਗ) ਨੂੰ ਚਲੀ ਗਈ। ਕਿਉਂਕਿ ਨਰਾਇਣ ਨਿਥਾਵਿਆਂ ਦਾ ਥਾਨ ਅਤੇ ਨਿਮਾਣਿਆਂ ਦਾ ਮਾਨ ਹੈ।[190]

ਭਾਈ ਗੁਰਦਾਸ ਨੇ ਇਸ ਪ੍ਰਸੰਗ ਰਾਹੀਂ ਇਹ ਕਥਨ ਦੀ ਪੁਸ਼ਟੀ ਕੀਤੀ ਹੈ ਕਿ ਨਾਮ, ਪਵਿੱਤਰਅਤੇ ਅਸੰਗ ਹੈ। ਜਿਸ ਤਰ੍ਹਾਂ ਪਾਰਸ ਲੋਹੇ ਨੂੰ ਸੋਨਾ ਕਰ ਦਿੰਦਾ ਹੈ ਇਸੇ ਤਰ੍ਹਾਂ ਨਾਮ ਦੁਰੀ ਪਾਪੀ ਨੂੰ ਪਵਿੱਤਰ ਕਰ ਦਿੰਦਾ ਹੈ।

ਗੰਗਾ :

ਭਾਰਤ ਦੀ ਸੱਭ ਤੋਂ ਵੱਡੀ ਅਤੇ ਲੰਮੀ ਨਦੀ ਜੋ ਹਿੰਦੂਆਂ ਵਿਚ ਅਤੀ ਪਵਿੱਤਰ ਮੰਨੀ

ਜਾਂਦੀ ਹੈ। 'ਪੁਰਾਣਾਂ' ਵਿਚ ਦਰਜ ਹੈ ਕਿ ਵਿਯਦ ਗੰਗਾ (ਸਵਰਗੀ ਗੰਗਾ) ਜਿਹੜੀ ਵਿਸ਼ਨੂੰ ਦੇ ਪੈਰ ਦੇ ਅੰਗੂਠੇ ਵਿਚੋਂ ਨਿਕਲਦੀ ਸੀ, ਰਾਜੇ ਭਗੀਰਥ ਨੇ ਤਪ ਕਰਨ ਨਾਲ ਸਵਰਗ ਤੋਂ ਪ੍ਰਿਥਵੀ ਤੇ ਲਿਆਂਦੀ ਗਈ, ਤਾਂ ਜੋ ਰਾਜਾ ਸਾਗਰ ਦੇ ਕਪਲ ਰਿਸ਼ੀ ਦੀ ਕਰੋਧ ਅੱਗ ਨਾਲ ਭਸਮ ਹੋਏ ਸੱਠ ਹਜ਼ਾਰਪੁੱਤਰਾਂ ਦੀ ਸੁਆਹ ਨੂੰ ਇਸ ਦੇ ਜਲ ਨਾਲ ਪਵਿੱਤਰ ਕੀਤਾ ਜਾ ਸਕੇ। ਗੰਗਾ ਸਵਰਗ ਤੋਂ ਪ੍ਰਿਥਵੀ ਤੇ ਲਿਆਂਦੀ ਜਾਣ ਕਾਰਣ ਗੁੱਸੇ ਵਿਚ ਆ ਗਈ, ਪਰ ਇਸ ਦੇ ਡਿਗਣ ਦੇ ਕਹਿਰ ਤੋਂ ਪ੍ਰਿਥਵੀ ਨੂੰ ਬਚਾਉਣ ਲਈ ਸ਼ਿਵਜੀ ਨੇ ਇਸ ਨੂੰ ਮੱਥੇ ਨਾਲ ਰੋਕ ਲਿਆ ਅਤੇ ਇਸ ਦੇ ਵਹਿਣ ਨੂੰ ਆਪਣੀਆਂ ਜਟਾਂ ਨਾਲ ਠੱਲ ਲਿਆ।[191]

ਭਾਈ ਗੁਰਦਾਸ ਨੇ ਵਾਰਾਂ ਵਿਚ ਗੰਗਾ ਦੀ ਮਹਾਨਤਾ ਨੂੰ ਬਿਆਨ ਕੀਤਾ ਹੈ ਕਿ ਗੰਗਾ ਵਿਚ ਨੌ ਸੌ ਨੜਿਨਵੇਂ ਨਦੀਆਂ ਅਤੇ ਅਠਾਹਰ ਤੀਰਥ ਸਮਾਣੇ ਹੋਏ ਹਨ। ਸ਼ਿਵਜੀ ਨੇ ਇਸ ਨੂੰ ਆਪਣੇ ਮੱਥੇਉਪਰ ਰੱਖ ਕੇ ਇਸ ਦਾ ਸਤਿਕਾਰ ਕੀਤਾ ਹੈ। ਇਹ ਤਿੰਨਾਂ ਲੋਕਾਂ ਵਿਚ ਪ੍ਰਮਾਣੀਕ ਹੋਈ ਹੈ। ਸਭ ਦੇਵੀ ਦੇਵਤੇ ਇਸ ਨੂੰ ਸੇਵਦੇ ਹਨ ਅਤੇ ਇਸਦੀ ਵਡਿਆਈ ਕਰਦੇ ਹਨ। ਗੰਗਾ ਅਤੇ ਲੱਖਾਂ ਬੈਕੁੰਠਾ ਨੇ ਅਕਾਲ ਪੁਰਖ ਨਾਲ ਲਿਵ ਲਾਈ ਹੈ। ਸੰਤਾਂ ਦੇ ਚਰਨਾਂ ਦੀ ਧੂੜ ਦੁਰਲੱਭ ਹੈ। ਸਾਧ ਸੰਗਤ ਗੁਰੂ ਦੀ ਸ਼ਰਨ ਵਿਚ ਪਹੁੰਚਾਉਂਦੀ ਹੈ ਅਤੇ ਗੁਰੂ ਦੇ ਚਰਨਾਂ ਦੀ ਕੀਮਤ ਨਹੀਂ ਪਾਈ ਜਾ ਸਕਦੀ।[192] ਇਸ ਤਰ੍ਹਾਂ ਭਾਈ ਸਾਹਿਬ ਅਨੁਸਾਰ ਸਾਧ ਸੰਗਤ ਦੇ ਚਰਨ ਕੰਵਲ ਹੀ ਪਵਿੱਤਰ ਤੀਰਥਹਨ, ਜਿਸ ਵਿਚ ਉਪਰੋਕਤ ਸਾਰੇ ਤੀਰਥ ਸਮਾ ਜਾਂਦੇ ਹਨ।

ਚਿੱਤਰ ਗੁਪਤ :

ਹਿੰਦੂ ਪੁਰਾਣਕ ਰਵਾਇਤ ਅਨੁਸਾਰ ਚਿੱਤਰ ਗੁਪਤ ਧਰਮਰਾਜ ਦਾ ਮੁਨਸ਼ੀ ਹੈ, ਜੋ ਸਾਰੇ ਜੀਵਾਂ ਦੇ ਕਰਮ ਗੁਪਤ ਰੂਪ ਵਿਚ ਲਿਖਦਾ ਹੈ। ਸਕੰਦ ਪੁਰਾਨ ਅਨੁਸਾਰ ਇਹ 'ਚਿਤ੍ਰ' ਨਾਉ ਦਾ ਰਾਜਾ, ਹਿਸਾਬ ਵਿਚ ਵੱਡਾ ਨਿਪੁੰਨਸੀ, ਧਰਮਰਾਜ ਨੇ ਆਪਣੇਦਫ਼ਤਰ ਦਾ ਹਿਸਾਬ ਠੀਕ ਰੱਖਣ ਵਾਸਤੇ ਉਸ ਨੂੰ ਜਦੋਂ ਉਹ ਨਦੀ ਵਿਚ ਨਹਾਉਣ ਵੜਿਆ ਤਾਂ ਚੁੱਕ ਮਗਵਾਇਆ ਅਤੇ ਆਪਨੇ ਦਫ਼ਤਰ ਦਾ ਕੰਮ ਉਸ ਦੇ ਸਪੁਰਦ ਕਰ ਦਿੱਤਾ। ਭਵਿਸ਼ਤ ਪੁਰਾਣ ਵਿਚ ਲਿਖਿਆ ਹੈ ਕਿ ਜਦ ਬ੍ਰਹਮਾ ਸ੍ਰਿਸ਼ਟੀ ਰਚ ਕੇ ਧਿਆਨ ਪਰਾਇਣ ਹੋਇਆ, ਤਦ ਉਸ ਦੇ ਸਰੀਰ ਵਿਚ ਇਕ ਚਿੱਤਰ (ਰੰਗ ਬਰੰਗਾ) ਪੁਰਸ਼ ਪ੍ਰਗਟ ਹੋਇਆ ਜਿਸ ਦੇ ਹੱਥ ਵਿਚ ਕਲਮ-ਦਵਾਤ ਸੀ, ਬ੍ਰਹਮ ਦੀ ਅੱਖ ਖੁਲਣ ਪਰ ਉਸ ਨੇ ਆਖਿਆ ਕਿ ਮੇਰਾ ਨਾਮ ਅਤੇ ਕੰਮ ਦੱਸੋ। ਬ੍ਰਹਮਾ ਨੇ ਕਿਹਾ

ਤੂੰ ਮੇਰੇ ਸਰੀਰ ਵਿਚੋਂ ਪੈਦਾ ਹੋਇਆ ਹੈਂ, ਇਸ ਲਈ 'ਕਾਯਸਥ' ਸੰਗਯਾ ਹੋਈ, ਅਰ ਤੇਰਾ ਕੰਮ ਜੀਵਾਂ ਦੇ ਕਰਮ ਲਿਖਣ ਦਾ ਹੋਵੇਗਾ।[193]

ਗੁਰੂ ਨਾਨਕ ਬਾਣੀ ਵਿਚ ਚਿੱਤਰ ਗੁਪਤ ਦਾ ਵੇਰਵਾ ਨਹੀਂ ਮਿਲਦਾ। ਚਿੱਤਰ ਗੁਪਤ ਦੇ ਨਾਮ ਜ਼ਰੂਰ ਆਏ ਹਨ।[194] ਇਹ ਵੀ ਪ੍ਰਭੂ ਦੇ ਭਾਣੇ ਵਿਚ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਚਿੱਤਰ ਗੁਪਤ ਸਬੰਧੀ ਸੰਕੇਤ ਨਿਮਰਤਾ ਦੇ ਪ੍ਰਸੰਗ ਵਿਚ ਆਇਆ ਹੈ ਕਿ ਮੇਰੇ ਲੇਖ ਚਿੱਤਰਗੁਪਤ ਵੀ ਨਹੀਂ ਲਿਖ ਸਕਦਾ ਕਿਉਂਕਿ ਮੇਰੇ ਹਿਸਾਬ ਦੇ ਚਿੱਠੇ ਵਿਚ ਸਤੇ ਸਮੁੰਦਰ ਸਮਾ ਜਾਂਦੇ ਹਨ ਫਿਰ ਉਸ ਹਿਸਾਬ ਦੇ ਚਿਠੇ ਤੋਂ ਲੰਮੇ ਖਾਤੇ ਲਿਖੇ ਜਾਂਦੇ ਹਨ ਤੇ ਫਿਰ ਉਸ ਖਾਤੇ ਤੋਂ ਦੂਣੇ ਬਣ ਜਾਂਦੇ ਹਨ ਅਤੇ ਫਿਰ ਵੀ ਮੇਰੇ ਲੇਖਾਂ ਦਾ ਅੰਤ ਨਹੀਂ ਆਉਂਦਾ। ਕਿਉਂਕਿ ਮੈਂ ਬੇਮੁੱਖ ਦੇ ਸੁਆਗ ਕਰਕੇ ਅਤੇ ਮਸਕਰਾ ਹੋ ਕੇ ਉਸ ਨੂੰ ਸਾਰੀਆਂ ਸਭਾ ਵਿਚ ਠਿੱਠ ਕਰਦਾ ਰਿਹਾ ਹਾਂ। ਇਸ ਲਈ ਸ੍ਰਿਸ਼ਟੀ ਵਿਚ ਮੇਰੇ ਨਾਲੋਂ ਕੋਈ ਨਹੀਂ ਹੈ।[195] ਇਸ ਪ੍ਰਸੰਗ ਰਾਹੀਂ ਭਾਈ ਸਾਹਿਬ ਨੇ ਪ੍ਰਭੂ ਨਾਲ ਇਕ ਸੁਰ ਹੋਣ ਤੇ ਜ਼ੋਰ ਦਿੱਤਾ ਹੈ:

ਧਰਮ ਰਾਜ :

ਧਰਮ ਰਾਜ ਦਾ ਦੂਜਾ ਨਾਮ ਯਮਰਾਜ ਜਾਂ ਯਮ ਹੈ। ਹਿੰਦੂ ਵਿਸ਼ਵਾਸ਼ ਅਨੁਸਾਰ ਇਹ ਜੀਵਨ ਦਾ ਅੰਤ ਕਰਨ ਵਾਲਾ ਤੇ ਜੀਵਾਂ ਦੇ ਕਰਮਾਂ ਦਾ ਨਿਆਕਾਰ ਹੈ। ਇਸ ਦੀ ਉਤਪਤੀ ਸੰਗਯ ਦੇ ਗਰਭ ਤੋਂ ਸੂਰਜ ਦੁਆਰਾ ਹੋਈ ਲਿਖੀ ਹੈ, ਯਮਰਾਜ ਦੀ ਪੁਰੀ ਦਾ ਨਾਮ ਸੰਯਮਨੀ, ਮਹਿਲ ਦਾ ਨਾਮ ਕਾਲੀਚੀ ਅਤੇ ਸਿੰਘਾਸ੍ਨ ਦਾ ਨਾਮ ਵਿਚਾਰਭੂ ਹੈ। ਇਸਦੇ ਵੱਡੇ ਰਜਿਸਟਰ ਦਾ ਨਾਮ ਅਗ੍ਰਸੰਧਾਨੀ ਹੈ, ਜਿਸ ਵਿਚ ਇਹ ਮਨੁੱਖਾਂ ਦੇ ਕਰਮਾਂ ਦਾ ਹਿਸਾਬ ਰੱਖਦਾ ਹੈ।[196] ਵੈਦਿਕ ਗ੍ਰੰਥਾਂ ਵਿਚ ਯਮ ਨੂੰ ਮ੍ਰਿਤੂ ਲੋਕ ਦਾ ਦੇਵਤਾ ਮੰਨਿਆ ਗਿਆ ਹੈ। ਮਰਨ ਉਪਰੰਤ ਸਾਰੇ ਪ੍ਰਾਣੀਆਂ ਨੂੰ ਉਨ੍ਹਾਂ ਦੇ ਕਰਮਾਂ ਅਨੁਸਾਰ ਸਜਾ ਤੇ ਇਨਸਾਫ਼ ਦੇਣਾ ਇਸ ਦੇ ਜ਼ਿੰਮੇ ਹੈ।[197]

ਗੁਰੂ ਨਾਨਕ ਬਾਣੀ ਅਨੁਸਾਰ ਬੇਸ਼ੱਕ ਜੀਵਾਂ ਦਾ ਲੇਖਾ ਜੋਖਾ ਧਰਮਰਾਜ ਦੇ ਹੱਥ ਹੈ ਪਰ ਉਹ ਪ੍ਰਭੂ ਦੇ ਹੁਕਮ ਅਤੇ ਭਾਣੇ ਤੋਂ ਉਲਟ ਨਹੀਂ ਚਲ ਸਕਦਾ ਅਤੇ ਨਾ ਹੀ ਉਹ ਪ੍ਰਭੂ ਦੇ ਧਰਮ ਨਿਯਮਾਂ ਦੀ ਉਲੰਘਣਾ ਕਰ ਸਕਦਾ ਹੈ।[198] ਇਹਨਾਂ ਲੇਖਾਂ ਦੇ ਅੰਤਰਗਤ ਜੀਵ ਦੇ ਕੀਤੇ ਆਪਣੇ ਕਰਮ ਆਉਂਦੇ ਹਨ।[199]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸੰਕੇਤ ਆਇਆ ਹੈ ਕਿ ਧਰਮਰਾਜ ਸੂਰਜ ਦੇ ਘਰ ਜਨਮ ਲੈ ਕੇ ਇਨਸਾਫ਼ ਦੇ ਵਿਚਾਰਨ ਲਈ ਗੱਦੀ ਉਤੇ ਜਾ ਬੈਠਾ ਹੈ। ਮੂਰਤ ਉਸ ਦੀ ਇਕ ਹੈ ਪਰ ਨਾਮ ਦੋ ਹਨ, ਧਰਮਰਾਜ ਅਤੇ ਯਮ। ਧਰਮੀਆਂ ਲਈ ਉਹ ਧਰਮਰਾਜ ਹੈ ਅਤੇ ਪਾਪੀਆਂ ਲਈ ਯਮ ਜਾਂ ਯਮਰਾਜ ਹੈ। ਪਾਪੀਆਂ ਨੂੰ ਮਾਰਦਾ ਹੈ ਅਤੇ ਧਰਮੀਆਂ ਨਾਲ ਮਿੱਠਾ ਬੋਲਦਾ ਹੈ।[200] ਇਸ ਪ੍ਰਕਾਰ ਜੋ ਗੁਰਮੁੱਖ ਹਨ ਉਹ ਧਰਮਰਾਜ ਪਾਸ ਸੁਰਖਰੂ ਹੁੰਦੇ ਹਨ।

## ਰਾਮਾਇਣ ਅਤੇ ਮਹਾਂ ਭਾਰਤ ਨਾਲ ਸਬੰਧਤ ਸਖਸ਼ੀਅਤਾਂ :

### ਸੁਦਾਮਾ :

ਸੁਦਾਮਾ ਇਕ ਕੰਗਾਲ ਬ੍ਰਾਹਮਣ ਸੀ, ਜੋ ਕ੍ਰਿਸ਼ਨ ਜੀ ਦਾ ਹਮਜਮਾਤੀ ਅਤੇ ਮਿੱਤਰ ਸੀ।[201] 'ਭਗਵਤ' ਵਿਚ ਇਸ ਦਾ ਨਾਮ 'ਸ੍ਰੀ ਦਾਸ' ਲਿਖਿਆ ਮਿਲਦਾ ਹੈ।[202] ਭਾਈ ਗੁਰਦਾਸ ਨੇ ਵਾਰਾਂ ਵਿਚ ਇਸ ਦੇ ਜੀਵਨ ਨਾਲਸਬੰਧਤ ਇਕ ਮਹੱਤਵਪੂਰਨ ਘਟਨਾ ਦਾ ਬਿਆਨ ਵਿਸਥਾਰ ਪੂਰਵਕ ਕੀਤਾ ਹੈ। ਜਿਸ ਵਿਚ ਇਹ ਇਕ ਵਾਰ ਆਪਣੀ ਪਤਨੀ ਦਾ ਪ੍ਰੇਰਿਆ ਹੋਇਆ ਕ੍ਰਿਸ਼ਨ ਪਾਸ ਚਲਾ ਗਿਆ, ਜਦੋਂ ਕ੍ਰਿਸ਼ਨ ਨੇ ਇਸ ਨੂੰ ਦੂਰੋਂ ਆਉਂਦੇ ਦੇਖਿਆ ਤਾਂ ਬਹੁਤ ਆਦਰ, ਸਤਿਕਾਰ ਕੀਤਾ ਅਤੇ ਆਪਣੇ ਨਾਲ ਸਿੰਘਾਸ਼ਣ ਤੇ ਬਿਠਾਇਆ। ਫਿਰ ਚਾਵਲ ਲੈ ਕੇ ਚੱਬੇ ਅਤੇ ਦਰਵਾਜੇ ਤੱਕ ਆਪ ਵਿਦਾ ਕਰਨ ਆਇਆ।[203] ਇਹ ਕਥਾ ਕ੍ਰਿਸ਼ਨ ਅਤੇ ਸੁਦਾਮਾ ਦੀ ਮਿੱਤਰਤਾ ਦੇ ਪੱਖ ਨੂੰ ਰੂਪਮਾਨ ਕਰਦੀ ਹੈ। ਭਾਈਗੁਰਦਾਸ ਨੇ ਇਸ ਕਥਾ ਰਾਹੀਂ ਇਹ ਦੱਸਿਆ ਹੈ ਕਿ ਗੁਰਭਾਈਆਂ ਦਾ ਪਰਸਪਰ ਪਿਆਰ ਹੋਣਾ ਚਾਹੀਦਾ ਹੈ। ਜੇਕਰ ਇਕ ਗੁਰਭਾਈ ਕਿਸੇ ਉਚੀ ਅਹੁਦੇ ਤੇ ਪਹੁੰਚ ਜਾਏ ਤਾਂ ਉਸਨੂੰ ਦੂਜੇ ਗੁਰ-ਭਾਈਆਂ ਤੋਂ ਘਿਰਣਾ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਕਿਸੇ ਗਰੀਬ ਗੁਰਭਾਈ ਨੂੰ ਅਮੀਰ ਗੁਰਭਾਈ ਤੋਂ ਲੈਣ ਦੀ ਲਾਲਸਾ ਰੱਖਣੀ ਚਾਹੀਦੀ ਹੈ ।

### ਹਨੂਮਾਨ :

ਹਨੂਮਾਨ ਪਵਣ 'ਹਵਾ' ਦਾ ਪੁੱਤਰ ਸੀ। ਇਸ ਦਾ ਜਨਮ ਕੇਸਰੀ ਨਾਮ ਦੇ ਬਾਂਦਰ ਦੀ ਪਤਨੀ ਅੰਜਨਾ ਦੀ ਕੁੱਖੋਂ ਹੋਇਆ ਸੀ। "ਜਦੋਂ ਇਸ ਦਾ ਜਨਮ ਹੋਇਆ ਅਤੇ ਇਸਨੇ ਸੂਰਜ ਚੜ੍ਹਦਾ ਦੇਖਿਆ ਤਾਂ ਇਹ ਸੂਰਜ ਨੂੰ ਕਿਸੇ ਦਰਖਤ ਦਾ ਫਲ ਸਮਝ ਕੇ ਫੜਨ ਲਈ ਹੁੱਦਿਆ, ਇੰਦਰ ਨੇ ਸੂਰਜ ਦੀ ਰੱਖਿਆ ਲਈ ਬਾਲਕ ਨੂੰ ਵਜ੍ਰ ਮਾਰ ਦੇ ਜ਼ਮੀਨ ਤੇ ਸੁੱਟ ਦਿੱਤਾ, ਜਿਸ

ਤੋਂ ਬੱਚੇ ਦਾ ਹਨੂ (ਜਬਾੜਾ) ਵਿੰਗਾ ਹੋ ਗਿਆ। ਇਸੇ ਕਾਰਨ ਇਸ ਦਾ ਨਾਮ ਹਨੂਮਾਨ ਪਿਆ।"[204] ਇਹ ਇਕ ਨਿਪੁੰਨ ਯੋਧਾ ਸੀ ਅਤੇ ਇਸ ਨੇ ਰਾਵਣ ਦੇ ਵਿਰੁੱਧ ਯੁੱਧ ਵਿਚ ਰਾਮ ਦੀ ਨਿਰਸੁਆਰਥ ਸਹਾਇਤਾ ਕੀਤੀ। ਇਹ ਸਮੁੰਦਰ ਲੰਘ ਕੇ ਲੰਕਾਂ ਵਿਖੇ ਸੀਤਾ ਨੂੰ ਜਾ ਕੇ ਮਿਲਿਆ। ਸਮੁੰਦਰ ਤੇ ਪੁਲ ਬਣਾ ਕੇ ਲੰਕਾ ਤੇ ਚੜ੍ਹਾਈ ਕਰਨ ਦਾ ਮਾਰਗ ਬਣਾਇਆ। ਪ੍ਰਾਚੀਨ ਸਾਹਿਤ ਵਿਚ ਇਸ ਨੂੰ ਬ੍ਰਹਮਚਾਰੀ ਮੰਨਿਆ ਜਾਂਦਾ ਹੈ। ਜੋਨ ਡੋਸਨ ਅਨੁਸਾਰ, ਇਸ ਦਾ ਸਰੀਰ ਪਹਾੜ ਜਿੰਨਾ ਹੈ ਅਤੇ ਇਸ ਦਾ ਕੱਦ ਬੜੇ ਵੱਡੇ ਮੀਨਾਰ ਜਿੰਨਾ ਉੱਚਾ ਹੈ। ਇਸ ਦਾ ਰੰਗ ਪੀਲਾ ਹੈ ਅਤੇ ਪਿਘਲੇ ਹੋਏ ਸੋਨੇ ਵਾਂਗ ਲਿਸ਼ਕਦਾ ਹੈ। ਇਸ ਦਾ ਮੂੰਹ ਬੜਾ ਹੀ ਚਮਕਦਾਰ ਹੈ ਅਤੇ ਨਾਲ ਸੂਹਾ ਹੈ। ਇਸ ਦੀ ਲੰਮੀ ਤੇ ਭਾਰੀ ਪੂਛ ਅਮੁਕ ਦੂਰੀ ਤੱਕ ਫੈਲੀ ਹੋਈ ਹੈ। ਇਹ ਇਕ ਉਚੀ ਪਠਾਰ ਤੇ ਖੜ੍ਹਾ ਹੋ ਕੇ ਬੱਦਲ ਵਾਂਗ ਗਰਜਦਾ ਹੈ। ਇਹ ਹਵਾ ਵਿਚ ਛਾਲ ਮਾਰਕੇ ਬੱਦਲਾਂ ਵਿਚ ਬੜੇ ਵੇਗ ਨਾਲ ਉਡੱਦਾ ਹੈ। ਰਾਵਣ ਤੇ ਰਾਕਸ਼ਾਂ ਨਾਲ ਯੁੱਧ ਕਰਦਿਆਂ ਇਕ ਵਾਰ ਉਨ੍ਹਾਂ ਨੇ ਇਸਦੀ ਪੂਛ ਨੂੰ ਤੇਲ ਪਾ ਕੇ ਅੱਗ ਲਾ ਦਿੱਤੀ ਪਰ ਇਸ ਨਾਲ ਉਹਨਾਂ ਨੂੰ ਬੜਾ ਨੁਕਸਾਨ ਉਠਾਉਣਾ ਪਿਆ, ਕਿਉਂਕਿ ਇਸ ਨਾਲ ਇਸ ਨੇ ਉਹਨਾਂ ਦੀ ਰਾਜਧਾਨੀ ਲੰਕਾ ਨੂੰ ਸਾੜ ਦਿੱਤਾ। ਇਸ ਬਹਾਦਰੀ ਕਾਰਨ ਇਸ ਨੂੰ ਲੰਕਾ-ਦਾਹੀ ਕਹਿੰਦੇ ਹਨ। ਜਦੋਂ ਰਾਮ ਵਾਪਸ ਅਯੁਧਿਆ ਵਿਚ ਆਇਆ ਤਾਂ ਇਹ ਵੀ ਉਹਨਾਂ ਦੇ ਨਾਲ ਹੀ ਸੀ ਅਤੇ ਉਥੇ ਇਸ ਨੂੰ ਰਾਮ ਨੇ 'ਅਮਰ-ਜੀਵਨ' ਤੇ 'ਅਮਰ ਜਵਾਨੀ' ਦੀ ਦਾਤ ਪ੍ਰਦਾਨ ਕੀਤੀ।[205] ਹਿੰਦੂਆਂ ਵਿਚ ਹਨੂਮਾਨ ਦੇ ਬਾਲਪਨ ਤੋਂ ਲੈ ਕੇ ਬਿਰਧ ਅਵਸਥਾ ਤੱਕ ਕਾਰਨਾਮੇ ਬਹੁਤ ਪ੍ਰਸਿੱਧ ਹਨ। ਇਹ ਸ਼ਾਸਤਰਾਂ ਦਾ ਗਿਆਤਾ ਸੀ। ਵਿਦਵਤਾ ਤੇ ਧਰਮ ਗ੍ਰੰਥਾਂ ਦੇ ਤੱਤਾਂ ਦੀ ਜਾਣਕਾਰੀ ਵਿਚ ਇਸ ਦੀ ਕੋਈ ਸਮਾਨਤਾ ਨਹੀਂ ਕਰ ਸਕਦਾ। ਇਹ ਵੀ ਪ੍ਰਸਿੱਧ ਹੈ ਕਿ ਹਨੂਮਾਨ ਨੌਵਾਂ ਵਿਆਕਰਣਕਾਰ ਸੀ।

ਗੁਰੂ ਨਾਨਕ ਬਾਣੀ ਵਿਚ ਹਨੂਮਾਨ ਨੂੰ ਬੰਦਰ ਸੈਨਾ ਦਾ ਮੁੱਖੀ ਤੇ ਯੋਧਾ ਬਿਆਨ ਕੀਤਾ ਗਿਆ ਹੈ। ਇਸ ਦੀ ਰਾਮ ਚੰਦਰ ਦੀ ਰਾਵਣ ਨਾਲ ਯੁੱਧ ਸਮੇਂ ਸਹਾਇਤਾ ਦਾ ਵਰਨਣ ਹੈ।[206] ਇਸੇ ਹਨੂਮਾਨ ਦੇ ਬਲ ਦੀ ਤੇ ਪ੍ਰਭੂ ਭਗਤੀ ਦੀ ਭਾਵਨਾ ਦੀ ਪ੍ਰਸ਼ੰਸਾ ਹੋਈ ਹੈ ਕਿਉਂਕਿ ਉਸ ਅੰਦਰ ਬਲ ਦਾ ਅਭਿਮਾਨ ਨਹੀਂ, ਉਸ ਨੇ ਨਿਰ ਸੁਆਰਥ ਰਾਮ ਦੀ ਸੇਵਾ ਕੀਤੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਹਨੂਮਾਨ ਦੀ ਭਗਤੀ ਭਾਵਨਾ ਦਾ ਵਰਨਣ ਮਿਲਦਾ ਹੈ। ਇਕ ਸੰਕੇਤ ਅਨੁਸਾਰ ਰਾਮ ਨੇ ਹਨੂਮਾਨ ਨੂੰ ਵਚਨ ਦਿੱਤਾ ਸੀ ਜਦੋਂ ਉਹ ਸੰਜੀਵਨੀ

ਬੂਟੀ ਲੈ ਕੇ ਆਏਗਾ ਤਾਂ ਉਸਨੇ (ਰਾਮ ਨੇ ) ਜਿਹੜਾ ਵਸਤਰ ਪਹਿਨਿਆ ਹੋਵੇਗਾ ਉਹ ਹਨੂੰਮਾਨ ਨੂੰ ਦੇ ਦੇਵੇਗਾ। ਜਦੋਂ, ਹਨੂਮਾਨ ਸੰਜੀਵਨੀ ਬੂਟੀ ਲੈ ਕੇ ਵਾਪਸ ਆਇਆ ਤਾਂ ਰਾਮ ਇਸ਼ਨਾਨ ਕਰ ਰਿਹਾ ਸੀ, ਉਸਨੇ ਵਚਨ ਮੁਤਾਬਕ ਆਪਣੀ ਲੰਗੋਟੀ ਲਾਹ ਕੇ ਹਨੂਮਾਨ ਨੂੰ ਦੇ ਦਿੱਤੀ।[207] ਇਕ ਹੋਰ ਥਾਂ ਤੇ ਸੰਕੇਤ ਮਿਲਦਾ ਹੈ ਕਿ ਹਨੂਮਾਨ ਬਲਵਾਨ ਹੋਇਆ ਹੈ ਪਰ ਉਸ ਦੀ ਬੁੱਧੀ ਵੱਡੀ ਚੰਚਲ ਸੀ।[208] ਭਾਈ ਗੁਰਦਾਸ ਇਹ ਦੱਸਦੇ ਹਨ ਕਿ ਬੇਸ਼ੱਕ ਹਨੂਮਾਨ ਇਕ ਭਗਤ ਅਤੇ ਬਲਵਾਨ ਹੋਇਆ ਹੈ ਪਰ ਉਹ ਮਨ ਦੀ ਚੰਚਲਤਾ ਨੂੰ ਨਹੀਂ ਮਾਰ ਸਕਿਆ। ਪਰ ਇਕ ਗੁਰਸਿੱਖ ਇਸ ਸਭ ਤੋਂ ਉਪਰ ਹੈ, ਉਹ ਚੰਚਲਤਾ ਦੇ ਚੱਕਰ ਵਿਚ ਨਹੀਂ ਪੈਂਦਾ।

ਕਰਣ :

ਕਰਣ ਕੁੰਤੀ ਦਾ ਪੁੱਤਰ ਸੀ। ਇਹ ਸੂਰਜ ਦੇ ਸੰਜੋਗ ਨਾਲ ਕੁੰਤੀ ਦੇ ਪਾਂਡੂ ਨਾਲ ਵਿਆਹ ਹੋਣ ਤੋਂ ਪਹਿਲਾਂ ਪੈਦਾ ਹੋਇਆ ਸੀ। ਮਹਾਂਭਾਰਤ ਅਨੁਸਾਰ ਭੋਜਰਾਜ ਦੀ ਕੰਨਿਆ ਕੁੰਤੀ ਨੇ ਦੁਰ-ਬਾਸ਼ਾ ਰਿਸ਼ੀ ਦੀ ਸੇਵਾ ਕਰਕੇ ਉਸ ਤੋਂ ਅਜਿਹਾ ਮੰਤਰ ਪ੍ਰਾਪਤ ਕਰ ਲਿਆ, ਜਿਸ ਦੀ ਅਰਾਧਨਾ ਨਾਲ, ਉਹ ਆਪਣੇ ਮਨਚਾਹੇ ਦੇਵਤੇ ਨੂੰ ਸੱਦ ਕੇ, ਉਸ ਦੁਆਰਾ ਸੰਤਾਨ ਪੈਦਾ ਕਰ ਸਕਦੀ ਸੀ। ਕੁੰਤੀ ਨੇ ਮੰਤਰ ਦੁਆਰਾ ਸੂਰਜ ਦੇਵਤੇ ਨੂੰ ਪ੍ਰਗਟ ਕਰਕੇ, ਉਸ ਦੇ ਦੈਵੀ ਸੰਭੋਗ ਤੋਂ ਕਰਣ ਨੂੰ ਜਨਮ ਦਿਤਾ, ਜੋ ਧਨੁਸ਼ ਬਾਣ, ਕੁੰਡਲ ਅਤੇ ਸੰਜੋਆ ਸਮੇਤ ਪੈਦਾ ਹੋਇਆ।[209] ਕੁੰਤੀ ਨੇ ਬੇਇੱਜ਼ਤੀ ਤੋਂ ਡਰਦਿਆਂ ਇਸ ਨੂੰ ਦਰਿਆ ਜਮਨਾ ਦੇ ਕੰਢੇ ਤੇ ਸੁੱਟ ਦਿੱਤਾ। ਜਿਥੋਂ ਧਰਿਤਰਾਸ਼ਟਰ ਦੇ ਰੱਥਵਾਨ ਨੰਦਨ ਨੇ ਇਸ ਨੂੰ ਚੁੱਕ ਲਿਆ। ਨੰਦਨ ਅਤੇ ਉਸ ਦੀ ਪਤਨੀ ਰਾਧਾ ਨੇ ਇਸ ਨੂੰ ਆਪਣਾ ਪੁੱਤਰ ਬਣਾਇਆ ਅਤੇ ਪਾਲਣ ਪੋਸ਼ਣ ਕੀਤਾ। ਇਸ ਨੇ ਸ਼ਸਤਰ ਵਿਦਿਆ ਦ੍ਰੋਣਾਚਾਰੀਆ ਤੋਂ ਪ੍ਰਾਪਤ ਕੀਤੀ ਅਤੇ ਵੱਡਾ ਹੋ ਕੇ ਦਾਨਵੀਰ ਕਹਾਇਆ। ਜੋਨ ਡੌਸਨ ਅਨੁਸਾਰ, ਪਾਂਡਵਾਂ ਦਾ ਇਹ ਮਤਰੇਆ ਭਰਾ ਸੀ। ਇਸ ਰਿਸ਼ਤੇ ਦਾ ਪਤਾ ਪਾਂਡਵਾਂ ਨੂੰ ਇਸ ਦੀ ਮੌਤ ਤੋਂ ਪਿਛੋਂ ਲੱਗਾ। ਦਰੋਪਤੀ ਨੇ ਸਵੰਬਰ ਵਿਖੇ ਇਸ ਨੂੰ 'ਹਰਾਮੀ ਪੁੱਤਰ' ਕਿਹਾ, ਬਦਲੇ ਵਜੋਂ ਇਸ ਨੇ ਯੁੱਧ ਵਿਚ ਕੌਰਵਾਂ ਦਾ ਸਾਥ ਦਿੱਤਾ।[210] ਕਾਨ੍ਹ ਸਿੰਘ ਨਾਭਾ ਅਨੁਸਾਰ, ਕਰਣ ਇਕ ਵੱਡਾ ਦਾਨੀ ਅਤੇ ਯੋਧਾ ਸੀ, ਇਸ ਨੇ ਸ਼ਾਸਤਰ ਵਿਦਿਆ ਦ੍ਰੋਣਾਚਾਰਯ ਤੋਂ ਸਿਖੀ ਸੀ, ਇਹ ਪਰਸ਼ੂਰਾਮ ਦਾ ਚੇਲਾ ਸੀ ਅਤੇ ਕੁਰਕਸ਼ੇਤਰ ਦੇ ਜੰਗ ਵਿਚ ਅਰਜਨ ਨੇ ਇਸ ਨੂੰ ਮਾਰਿਆ।[211]

ਭਾਈ ਗੁਰਦਾਸ ਨੇ ਵਾਰਾਂ ਵਿਚ ਕਰਣ ਦੇ ਦਾਨਵੀਰ ਹੋਣ ਵੱਲ ਸੰਕੇਤ ਕੀਤਾ ਹੈ ਕੇ ਉਹ ਸਾਰੀ ਉਮਰ ਸੋਨਾ ਦਾਨ ਕਰਦਾ ਰਿਹਾ ਪਰ ਮਰਨ ਉਪਰੰਤ ਸਵਰਗ ਲੋਕ ਵਿਚ ਇਸ ਨੂੰ ਸੋਨਾ ਖਾਣ ਨੂੰ ਮਿਲਿਆ ਤੇ ਇਹ ਬਹੁਤ ਪਛਤਾਇਆ।[212] ਭਾਈ ਗੁਰਦਾਸ ਦੱਸਦੇ ਹਨ ਕਿ ਇਹ ਜਤੀ, ਸਤੀ, ਸੰਤੋਖੀ ਹੁੰਦੇ ਹੋਏ ਵੀ ਹੰਕਾਰ ਵਿਚ ਹਨ ਅਤੇ ਗੁਰਸਿੱਖ ਮਹਾਨ ਹੁੰਦੇ ਹੋਏ ਵੀ ਨਿਮਾਣੇ ਹਨ ਅਤੇ ਇਸ ਲਈ ਇਨ੍ਹਾਂ ਤੋਂ ਉੱਤਮ ਹਨ।

ਕ੍ਰਿਸ਼ਨ :

ਹਿੰਦੂ ਅਵਤਾਰ ਮਾਲਾ ਵਿਚ ਕ੍ਰਿਸ਼ਨ ਨੂੰ ਵਿਸ਼ਨੂੰ ਦਾ ਅਠਵਾਂ ਅਵਤਾਰ ਮੰਨਿਆ ਜਾਂਦਾ ਹੈ। ਇਹ ਵਾਸੂਦੇਵ ਅਤੇ ਦੇਵਕੀ ਦਾ ਪੁੱਤਰ ਸੀ। ਇਸ ਦਾ ਜਨਮ ਮਥੁਰਾ ਜੇਲ੍ਹ ਵਿਚ ਹੋਇਆ ਅਤੇ ਪਾਲਣ ਪੋਸ਼ਣ ਗੋਕਲ ਪਿੰਡ ਵਿਚ ਨੰਦ ਗਵਾਲੇ ਦੇ ਘਰ ਉਸ ਦੀ ਪਤਨੀ ਯਸ਼ੋਧਾਂ ਦੀ ਨਿਗਰਾਨੀ ਹੇਠ ਹੋਇਆ। ਇਹ ਵੱਡਾ ਨੀਤੀ-ਵਾਨ ਅਤੇ ਯੋਧਾ ਸੀ । ਇਸ ਦੀ ਹਿੰਮਤ ਨਾਲ ਹੀ ਯਾਦਵਾਂ ਦਾ ਪ੍ਰਤਾਪ ਵਧਿਆ। ਇਸ ਨੇ ਆਪਣੇ ਜਾਲਮ ਮਾਮੇ ਕੰਸ ਨੂੰ ਮਾਰ ਕੇ, ਨਾਨਾ ਉਗਰ-ਸੈਨ ਨੂੰ ਜੇਲ੍ਹ ਵਿਚੋਂ ਰਿਹਾ ਕਰਕੇ ਮਥਰਾ ਦੇ ਰਾਜ ਸਿੰਘਾਸਨ ਤੇ ਬਿਠਾਇਆ। ਇਸ ਨੇ ਅਰਜਨ ਦਾ ਰੱਥਵਾਨ ਬਣ ਕੇ, ਸਾਰੀ ਯੁੱਧ-ਨੀਤੀ ਵਿਚ ਉਸਦੀ ਅਗਵਾਈ ਕੀਤੀ ਅਤੇ ਮਹਾਂਭਾਰਤ ਦੇ ਯੁੱਧ ਵਿਚ ਪਾਂਡਵਾਂ ਦੀ ਜਿੱਤ ਕਰਾਈ। 'ਜਿੱਤ ਉਪਰੰਤ ਜਦੋਂ ਪਾਂਡਵਾਂ ਨੇ ਰਾਜਸੂਯ ਯੱਗ ਕੀਤਾ ਤਾਂ ਸ੍ਰੀ ਕ੍ਰਿਸ਼ਨ ਨੇ ਬ੍ਰਹਮਾ ਬਣ ਕੇ ਸਾਰੀ ਰੀਤ ਨਿਭਾਈ।[213] ਇਸ ਦਾ ਦੇਹਾਂਤ ਪ੍ਰਭਾਸ ਤੀਰਥ ਉਤੇ ਇਕ ਸ਼ਿਕਾਰੀ ਹੱਥੋਂ ਹੋਇਆ ਮੰਨਿਆ ਜਾਂਦਾ ਹੈ।

ਵਿਸ਼ਨੂੰ ਪੁਰਾਣ ਵਿਚ ਆਈ ਕ੍ਰਿਸ਼ਨ ਦੇ ਜਨਮ ਸਬੰਧੀ ਕਥਾ ਅਨੁਸਾਰ ਵਿਸ਼ਨੂੰ ਨੇ ਆਪਣੇ ਦੋ ਵਾਲਾਂ ਨੂੰ ਪੁਟਿਆ, ਜਿਨ੍ਹਾਂ ਵਿਚੋਂ ਇਕ ਚਿੱਟਾ ਸੀ ਅਤੇ ਦੂਜਾ ਕਾਲਾ ਸੀ। ਇਹ ਦੋਵੇਂ ਵਾਲ ਰੋਹਿਣੀ ਅਤੇ ਦੇਵਕੀ ਦੇ ਗਰਭ ਵਿਚ ਚਲੇ ਗਏ ਚਿੱਟਾ ਵਾਲ ਬਲਰਾਮ ਅਤੇ ਕਾਲਾ ਵਾਲ ਕ੍ਰਿਸ਼ਨ ਜਾਂ ਕੇਸ਼ਵ ਬਣ ਗਿਆ।[214]

ਮਹਾਂਭਾਰਤ ਵਿਚ ਕ੍ਰਿਸ਼ਨ ਨੂੰ ਇਕ ਬਲਵਾਨ ਯੋਧੇ ਤੇ ਨੀਤੀਵਾਨ ਪੁਰਸ਼ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਦੀ ਬਹਾਦਰੀ ਦੀਆਂ ਬਹੁਤ ਸਾਰੀਆਂ ਘਟਨਾਵਾਂ ਇਸ ਗ੍ਰੰਥ ਵਿਚ ਦਰਜ ਹਨ। ਜਿਨ੍ਹਾਂ ਵਿਚੋਂ ਪ੍ਰਮੁੱਖ ਜਰਾ-ਸੰਧ ਨੂੰ ਹਰਾਉਣਾ, ਗੰਧਾਰਾ ਦਾ ਨਾਸ਼ ਕਰਨਾ, ਸਾਨ੍ਹ ਦੀ ਸ਼ਕਲ ਵਿਚ ਇਕ ਭਿਅੰਕਰ ਦਾਨਵ ਨੂੰ ਮਾਰਨਾ, ਇੰਦਰ ਦੇ ਨਗਰ ਤੋਂ

ਪਾਰਜਾਤ ਬ੍ਰਿਛ ਲੈ ਆਉਣਾ , ਮਹਾਂਭਾਰਤ ਦੇ ਯੁੱਧ ਵਿਚ ਪਾਂਡਵਾਂ ਦੀ ਮਦਦ ਕਰਨਾ ਤੇ ਉਨ੍ਹਾਂ ਨੂੰ ਰਾਜ ਦੁਆਉਣਾ ਆਦਿ ਹਨ। ਪਰ ਇੰਸਦੇ ਨਾਲ ਨਾਲ ਮਹਾਂਭਾਰਤ ਦੇ ਮੂਲ-ਪਾਠਾਂ ਵਿਚ ਕਈਥਾਵਾਂ ਤੇ ਕ੍ਰਿਸ਼ਨ ਨੂੰ ਸਪਸ਼ਟ ਰੂਪ ਵਿਚ ਮਹਾਦੇਵ (ਸ਼ਿਵ)ਨਾਲੋਂ ਛੋਟਾ ਦੱਸਿਆ ਗਿਆ ਹੈ ਅਤੇ ਇਸ ਨੂੰ ਉਸ ਦਾ ਪੁਜਾਰੀ ਦਰਸਾਇਆ ਗਿਆ ਹੈ। ਇਸ ਨੇਉਸ ਤੋਂ ਅਤੇ ਉਸ ਦੀ ਪਤਨੀ ਉਮਾਂ ਤੋਂ ਬਹੁਤ ਸਾਰੇ ਵਰ ਪ੍ਰਾਪਤ ਕੀਤੇ।[215]

ਭਾਈ ਗੁਰਦਾਸ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਹਿੰਦੂ ਮਿਥਿਹਾਸ ਵਿਚੋਂ ਕਈ ਹਵਾਲੇ ਗ੍ਰਹਿਣ ਕੀਤੇ ਹਨ। ਜਿਸ ਤਰ੍ਹਾਂ ਭਾਈ ਸਾਹਿਬ ਕ੍ਰਿਸ਼ਨ ਦੇ ਜਨਮ ਅਤੇ ਪਾਲਣ ਪੋਸ਼ਣ ਸਬੰਧੀ ਲਿਖਦੇ ਹਨ:

> ਕਿਸਨੁ ਜਸੋਧਾ ਪਾਲਿਆ ਵਾਸਦੇਵ ਕੁਲ ਕਵਲ ਸਦਾਈ।
> ਘਿਉ ਭਾਡਾ ਨਾ ਵਿਚਾਰੀਐ ਭਗਤਾ ਜਾਤਿ ਸਨਾਤਿ ਨ ਕਾਈ।
> ਚਰਨ ਕਵਲ ਸਤਿਗੁਰ ਸਰਣਾਈ।[216]

ਅਰਥਾਤ ਕ੍ਰਿਸ਼ਨ ਨੂੰ ਜਸੋਧਾ ਨੇ ਪਾਲਿਆ ਪਰ ਅਖੀਰ ਵਿਚ ਉਹ ਵਾਸਦੇਵ ਦੀ ਕੁਲ ਦਾ ਕੰਵਲ ਸਦਾਇਆ। ਇਸ ਤਰ੍ਹਾਂਸੱਚੇ ਭਗਤ ਨੀਚ ਊਚ ਜਾਤ ਵਿਚ ਪਲਦੇ ਹਨ, ਅੰਤ ਵਿਚ ਇਨ੍ਹਾਂ ਤੋਂ ਉਪਰ ਨਿਕਲ ਜਾਂਦੇ ਹਨ। ਭਾਈਸਾਹਿਬ ਇਸ ਰਾਹੀਂ ਇਹ ਉਪਦੇਸ਼ ਦਿੰਦੇ ਹਨ ਕਿ ਜਿਵੇਂ ਘਿਉ ਤੇ ਭਾਂਡੇ ਦਾ ਵਿਚਾਰ ਨਹੀਂ ਕਰੀਦਾ ਇਸੇ ਤਰ੍ਹਾਂ ਭਗਤਾਂ ਦੀ ਜਾਤ (ਊਚ, ਨੀਚ) ਦਾ ਵਿਚਾਰ ਵੀ ਨਹੀਂ ਕਰੀਦਾ ਕਿਉਂਕਿ ਉਹ ਸਤਿਗੁਰਾਂ ਦੇ ਚਰਨਕਵਲਾਂ ਦੀ ਸਰਨਾਈ ਹਨ। ਜਿਵੇਂ ਕ੍ਰਿਸ਼ਨ ਗੁਆਲਿਆਂ ਵਿਚ ਪਲ ਕੇ ਵਾਸੂਦੇਵ ਨੂੰ ਜਾ ਮਿਲਿਆ:

> - - - - ਨੰਦ ਨੰਦਨ ਬਸੁਦੇਵ ਮਿਲਾਪੇ।
>
> (11/12)

ਇਸੇ ਤਰ੍ਹਾਂ ਹੀ ਸਿੱਖ ਕੁਸੰਗਤ ਤੋਂ ਲੰਘ ਕੇ ਸਤਿਗੁਰ ਨੂੰ ਜਾ ਮਿਲਦੇ ਹਨ।

ਭਾਈ ਗੁਰਦਾਸ ਨੇ ਵਾਰਾਂ ਵਿਚ ਕ੍ਰਿਸ਼ਨ ਦੇ ਅੰਤ ਦਾ ਵਰਨਣ ਵਿਸਥਾਰ ਪੂਰਵਕ ਕੀਤਾ ਹੈ। ਇਕ ਕਥਾ ਅਨੁਸਾਰ ਇਕ ਵਾਰ ਕ੍ਰਿਸ਼ਨ ਦੇ ਪੁੱਤਰ ਨੂੰ ਕੁਝ ਸ਼ਰਾਰਤੀ ਲੜਕਿਆਂ ਨੇ ਲੜਕੀਆਂ ਵਾਲੇ ਕਪੜੇ ਪੁਆ ਕੇ ਪੇਟ ਤੇ ਲੋਹੇ ਦੀ ਕੋਈ ਗੋਲ ਵਸਤੂ ਬੰਨ੍ਹ ਕੇ ਸ਼ਰਾਰਤ ਵਜੋਂ ਦੁਰਬਾਸ਼ਾ ਰਿਸ਼ੀ ਪਾਸ ਭੇਜ ਦਿੱਤਾ ਤੇ ਪੁਛਿਆ ਕਿ ਇਸ ਔਰਤ ਦੇ ਪੇਟੋਂ ਕੀ ਪੈਦਾ ਹੋਵੇਗਾ? ਦੁਰਬਾਸ਼ਾ ਰਿਸ਼ੀ ਨੇਗੁੱਸੇ ਵਿਚ ਸਰਾਪ ਦਿੱਤਾ ਕਿ ਐਸੀ ਚੀਜ਼ ਪੈਦਾ ਹੋਵੇਗੀ ਜਿਹੜੀ ਯਾਦਵਾਂ ਦੀ ਕੁੱਲ ਦਾ ਨਾਸ਼ ਕਰੇਗੀ। ਇਸ ਵਸਤੂ ਨੂੰ ਰਗੜ ਰਗੜ ਕੇ ਸਮੁੰਦਰ ਵਿਚ ਸੁੱਟ ਦਿੱਤਾ ਗਿਆ। ਬਾਕੀ ਬਚੇ ਛੋਟੇ ਟੁਕੜੇ ਨੂੰ ਮੱਛੀ ਨੇ ਨਿਗਲ ਲਿਆ। ਇਕ ਸ਼ਿਕਾਰੀ ਨੇ ਉਹ ਮੱਛੀ ਪਕੜ ਲਈ ਅਤੇ ਉਸ ਦੇ ਪੇਟ ਵਿਚੋਂ ਨਿਕਲੇ ਲੋਹੇ ਦੇ ਟੁਕੜੇ ਨੂੰ ਆਪਣੇ ਤੀਰ ਦੀ ਮੱਖੀ ਬਣਾ ਲਿਆ। ਜਦੋਂ ਕ੍ਰਿਸ਼ਨ ਜੀ ਨੂੰ ਸੱਦਾ ਆਇਆ ਤਾਂ ਉਹ ਪ੍ਰਭਾਸ਼ਾ ਸ਼ਹਿਰ ਨੂੰ ਚੱਲ ਪਏ। ਉਥੇ ਸਮੁੰਦਰ ਦੇ ਤੱਟ ਉਤੇ ਮਦਰਾ ਪੀ ਕੇ ਯਾਦਵ ਕੁੱਲ ਦੇ ਲੋਕ ਆਪਸ ਵਿਚ ਲੜ ਲੜ ਕੇ ਮਰ ਰਹੇ ਸਨ। ਵਿਸ਼ਨੂੰ ਪੁਰਾਣ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਅਫਸੋਸ ਵਿਚ ਇਕਾਂਤ ਵਿਚ ਜਾ ਬਿਰਾਜੇ, ਸ਼ਿਕਾਰੀ ਨੇ ਮਿਰਗ ਸਮਝ ਤੀਰ ਚਲਾਇਆ ਜੋ ਉਨ੍ਹਾਂ ਨੂੰ ਜਾ ਲੱਗਾ। ਸ਼ਿਕਾਰੀ ਡਰ ਗਿਆ। ਕ੍ਰਿਸ਼ਨ ਜੀ ਨੇ ਸ਼ਿਕਾਰੀ ਨੂੰ ਆਪਣੇ ਕੋਲ ਬੁਲਾਇਆ ਅਤੇ ਉਸ ਨੂੰ ਸਵਰਗ ਵਿਖੇ ਆਪਣੇ ਨਾਲ ਲੈ ਗਏ।[218] ਭਾਈ ਗੁਰਦਾਸ ਨੇ ਵਾਰਾਂ ਵਿਚ ਇਸ ਕਥਾ ਨੂੰ ਬੜੇ ਵਿਸਥਾਰ ਨਾਲ ਬਿਆਨ ਕੀਤਾ ਹੈ।[219] ਅਤੇ ਇਸ ਰਾਹੀਂ ਗੁਰਮਤਿ ਦਾ ਇਹ ਸਿਧਾਂਤ ਦ੍ਰਿੜਾਇਆ ਹੈ ਕਿ ਵਾਹਿਗੁਰੂ ਪਤਿਤ ਉਧਾਰਨ ਹੈ ਜੇਕਰ ਉਸ ਦੀ ਸ਼ਰਨ ਵਿਚ ਆ ਜਾਈਏ ਤਾਂ ਉਹ ਜ਼ਰੂਰ ਸਾਡੀ ਸਹਾਇਤਾ ਕਰਦਾ ਹੈ।

## ਦਰੋਪਤੀ :

ਪੰਚਾਲ ਦੇਸ਼ ਦੇ ਰਾਜੇ ਦਰੁਪਤ ਦੀ ਬੇਟੀ ਕ੍ਰਿਸ਼ਨਾ, ਜਿਸ ਨੂੰ ਪਿਤਾ ਦੇ ਨਾਂ ਤੇ 'ਦ੍ਰੋਪਤੀ' ਕਿਹਾ ਜਾਂਦਾ ਹੈ।[220] ਦ੍ਰੋਪਤੀ ਕਾਲੇ ਰੰਗ ਦੀ ਮੁਟਿਆਰ ਸੀ। ਇਸ ਦੀ ਸੁੰਦਰਤਾ ਦੀਆਂ ਧੁੰਮਾਂ ਚਾਰੇ ਪਾਸੇ ਪਈਆਂ ਹੋਈਆਂ ਸਨ। ਅਰਜਨ ਨੇ ਇਸ ਨੂੰ ਸਵੰਬਰ (ਸਵਯੰਬਰ) ਵਿਚ ਜਿਤਿਆ ਸੀ। ਜਦੋਂ ਪੰਜੇ ਪਾਂਡਵ ਇਸ ਨੂੰ ਸਵੰਯਬਰ ਵਿਚੋਂ ਜਿੱਤਣ ਤੋਂ ਬਾਅਦ ਘਰ ਵਾਪਸ ਆਏ ਤਾਂ ਇਨ੍ਹਾਂ ਨੇ ਹਮੇਸ਼ਾ ਦੀ ਤਰ੍ਹਾਂ ਆਪਣੀ ਮਾਂ ਕੁੰਤੀ ਨੂੰ ਕਿਹਾ ਕਿ ਇਕ ਅਦਭੁੱਤ ਚੀਜ਼ ਲੈ ਕੇ ਆਏ ਹਾਂ। ਮਾਂ ਨੇ ਕਿਹਾ ਆਪਸ ਵਿਚ ਵੰਡ ਲਵੋ। ਇਸ ਤਰ੍ਹਾਂ ਇਹ ਪੰਜਾਂ ਪਾਂਡਵਾਂ ਦੀ

ਪਤਨੀ ਬਣੀ। ਅਰਜਨ ਇਸ ਦਾ ਮਨਭਾਉਂਦਾ ਪਤੀ ਸੀ। ਇਕ ਵਾਰ ਹਸਤਨਾਪੁਰ ਵਿਚ ਪਾਂਡਵ ਇਸ ਨੂੰ ਕੌਰਵਾਂ ਕੋਲ ਜੂਏ ਵਿਚ ਹਾਰ ਗਏ। ਦੁਰਯੋਧਨ ਨੇ ਇਸ ਦਾ ਭਰੇ ਦਰਬਾਰ ਵਿਚ ਅਪਮਾਨ ਕੀਤਾ ਅਤੇ ਇਸ ਨੂੰ ਨੰਗੀ ਕਰਨ ਦਾ ਹੁਕਮ ਦਿੱਤਾ। ਇਸ ਨੇ ਸ੍ਰੀ ਕ੍ਰਿਸ਼ਨ ਨੂੰ ਯਾਦ ਕੀਤਾ, ਉਸ ਨੇ ਇਸ ਦੀ ਲਾਜ ਰੱਖੀ। ਤੇਰ੍ਹਾਂ ਸਾਲਾਂ ਦੇ ਬਨਵਾਸ ਸਮੇਂ, ਇਹ ਪਾਂਡਵਾਂ ਦੇ ਨਾਲ ਰਹੀ ਅਤੇ ਬਨਵਾਸ ਦਾ ਦੁੱਖ ਸਹਾਰਦੀ ਹੋਈ ਨਾਲ ਨਾਲ ਕੌਰਵਾਂ ਦੁਆਰਾ ਕੀਤੇ ਆਪਣੇ ਅਪਮਾਨ ਦੀਯਾਦ ਪਾਂਡਵਾਂ ਨੂੰ ਕਰਾਉਂਦੀ ਰਹੀ। ਅਖੀਰ ਮਹਾਂਭਾਰਤ ਦੇ ਯੁੱਧ ਸਮੇਂ ਇਸ ਦੇ ਪਤੀਆਂ ਨੇ ਕੌਰਵਾਂ ਨੂੰ ਮਾਰ ਦਿੱਤਾ ਅਤੇ ਰਾਜ ਪ੍ਰਾਪਤ ਕੀਤਾ।

ਭਾਈ ਗੁਰਦਾਸ ਨੇ ਵਾਰਾਂ ਵਿਚ ਦ੍ਰੋਪਤੀ ਦੇ ਚੀਰ ਹਰਣ ਨਾਲ ਸਬੰਧਤ ਘਟਨਾ ਦਾ ਬਿਆਨ ਕੀਤਾ ਹੈ ਕਿ ਦ੍ਰੋਪਤੀ ਨੂੰ ਭਰੀ ਸਭਾ ਵਿਚ ਵਾਲਾਂ ਤੋਂ ਫੜ ਕੇ ਲਿਆਂਦਾ ਗਿਆ ਅਤੇ ਨੰਗਿਆਂ ਕਰਨ ਦਾ ਹੁਕਮ ਦਿੱਤਾ ਗਿਆ।ਉਸ ਦੇ ਪੰਜੇ ਪਤੀ ਇਸ ਘਟਨਾ ਨੂੰ ਬੇਵਸੀ ਨਾਲ ਦੇਖਦੇ ਰਹੇ ਅਖੀਰ ਉਸ ਨੇ ਸ੍ਰੀ ਕ੍ਰਿਸ਼ਨ ਦਾ ਧਿਆਨ ਧਰਿਆ, ਤੇ ਉਸ ਨੇ ਦ੍ਰੋਪਤੀ ਦੀ ਲਾਜ ਰੱਖੀ।[221] ਭਾਈ ਗੁਰਦਾਸ ਇਸ ਘਟਨਾ ਰਾਹੀਂ ਇਹ ਉਪਦੇਸ਼ ਦਿੰਦੇ ਹਨ ਕਿ ਕਿਸੇ ਤੇ ਅਨੀਤੀ ਨਾ ਕਰੋ। ਪ੍ਰਭੂ ਨੂੰ ਹਮੇਸ਼ਾ ਯਾਦ ਰੱਖੋ, ਦੁੱਖ ਸਮੇਂ ਭਰੋਸਾ ਰੱਖੋ ਅਤੇ ਦੁੱਖ ਤੋਂ ਛੁਟਕਾਰਾ ਪਾ ਕੇ ਸ਼ੁਕਰਾਨਾ ਕਰੋ।

ਦੁਰਯੋਧਨ :

ਦੁਰਯੋਧਨ, ਧ੍ਰਿਤਰਾਸ਼ਟਰ ਦਾ ਵੱਡਾ ਪੁੱਤਰ ਸੀ ਅਤੇ ਮਹਾਂਭਾਰਤ ਦੇ ਯੁੱਧ ਵਿਚ ਕੌਰਵ ਰਾਜ ਕੁਮਾਰਾਂ ਦਾ ਮੁੱਖੀ ਸੀ। ਧ੍ਰਿਤਰਾਸ਼ਟਰ ਨੇ ਆਪਣੇ ਭਰਾ ਪਾਂਡੂ ਦੇ ਮਰਨ ਤੇ ਉਸ ਦੇ ਪੰਜ ਪੁੱਤਰਾਂ (ਪਾਂਡਵਾਂ) ਨੂੰ ਆਪਣੇ ਦਰਬਾਰ ਵਿਚ ਲੈ ਆਂਦਾ। ਇਸ ਕਾਰਨ ਕੌਰਵਾਂ ਤੇ ਪਾਂਡਵਾਂ ਵਿਚ ਈਰਖਾ ਸ਼ੁਰੂ ਹੋ ਗਈ। ਇਹਨਾਂ ਗਿਆਨ ਤੇ ਸਸ਼ਤਰ ਵਿਦਿਆ ਇਕੱਠੇ ਪ੍ਰਾਪਤ ਕੀਤੀ ਸੀ। ਦੁਰਯੋਧਨ ਵਿਸ਼ੇਸ਼ ਕਰਕੇ ਭੀਮ, ਜੋ ਗਧਾ ਚਲਾਉਣ ਵਿਚ ਮਾਹਿਰ ਸੀ ਨਾਲ ਖਾਸ ਦੁਸ਼ਮਣੀ ਰੱਖਦਾ ਸੀ ਕਿਉਂਕਿ ਉਹ ਆਪ ਇਕ ਨਿਪੁੰਨ ਗਧਾਧਾਰੀ ਸੀ ਅਤੇ ਕਿਸੇ ਵੀ ਰਕੀਬ ਕੋਲੋਂ ਖਾਰ ਖਾਂਦਾ ਸੀ। ਇਕ ਵਾਰ ਇਸ ਨੇ ਜ਼ਹਿਰ ਦੇ ਕੇ ਭੀਮ ਨੂੰ ਗੰਗਾ ਵਿਚ ਸੁੱਟ ਦਿੱਤਾ ਸੀ। ਜਦੋਂ ਧ੍ਰਿਤਰਾਸ਼ਟਰ ਨੇ ਯੁਧਿਸ਼ਟਰ ਨੂੰ ਤਖ਼ਤ ਦਾ ਯੁਵਰਾਜ ਬਨਾਉਣ ਦੀ ਸਲਾਹ ਕੀਤੀ ਤਾਂ ਦੁਰਯੋਧਨ ਨੇ ਇਸ ਦਾ ਬੜਾ ਵਿਰੋਧ ਕੀਤਾ। ਇਸ ਦੇ ਫਲਸਰੂਪ ਪਾਂਡਵਾਂ ਨੂੰ ਜੰਗਲਾਂ ਵਿਚ

ਜਾਣਾ ਪਿਆ। ਇਸ ਨੇ ਆਪਣੇ ਪਿਤਾ ਧ੍ਰਿਤਰਾਸ਼ਟਰ ਨੂੰ ਪਾਂਡਵਾਂ ਨੂੰ ਜੂਆ ਖੇਡਣ ਲਈ ਹਸਤਨਾਪੁਰ ਸੱਦਾਦੇਣ ਲਈ ਮਨਾ ਲਿਆ ਅਤੇ ਇਸ ਨੇ ਜੂਏ ਵਿਚ ਆਪਣੇ ਮਾਮੇ ਸ਼ਕੁਨੀ ਦੀ ਸਹਾਇਤਾ ਨਾਲ ਯੁਧਿਸ਼ਟਰ ਤੋਂ ਸਭ ਕੁਝ, ਜੋ ਕੁਝ ਉਸ ਪਾਸ ਸੀ ਜਿੱਤ ਲਿਆ, ਇਥੋਂ ਤੱਕ ਕਿ ਉਸ ਦੀ ਆਪਣੀ ਸੁਤੰਤਰਤਾ, ਭਰਾ ਅਤੇ ਪਤਨੀ ਦ੍ਰੋਪਤੀ ਵੀ ਜਿੱਤ ਲਏ। ਜਦੋਂ ਇਸ ਨੇ ਭਰੀ ਸਭਾ ਵਿਚ ਦ੍ਰੋਪਤੀ ਦਾ ਨਿਰਾਦਰ ਕੀਤਾ ਤਾਂ ਇਸ ਘਟਨਾ ਤੇ ਭੀਮ ਨੇ ਪ੍ਰਣ ਕੀਤਾ ਕਿ ਉਹ ਇਕ ਦਿਨ ਦੁਰਯੋਧਨ ਦਾ ਪੱਟ ਚੂਰ ਚੂਰ ਕਰ ਦੇਵੇਗਾ। ਜੂਏ ਦੀ ਖੇਡ ਦੇ ਪ੍ਰਣਾਮ ਵਜੋਂ ਪਾਂਡਵਾਂ ਨੂੰ ਤੇਰਾਂ ਸਾਲ ਦੇ ਬਨਵਾਸ ਤੇ ਜਾਣਾ ਪਿਆ। ਜਦੋਂ ਬਨਵਾਸ ਪੂਰਾ ਹੋ ਗਿਆ ਤਾਂ ਯੁੱਧ ਅਟੱਲ ਸੀ। ਦੁਰਯੋਧਨ ਆਪਣੀ ਸੈਨਾ ਨਾਲ ਰਣਭੂਮੀ ਵਿਚ ਆਇਆ। ਯੁੱਧ ਦੇ ਅਠਾਰਵੇਂ ਦਿਨ ਜਦੋਂ ਇਸ ਦੀ ਸੈਨਾ ਬੁਰੀ ਤਰ੍ਹਾਂ ਹਾਰ ਰਹੀ ਸੀ ਤਾਂ ਇਹ ਝੀਲ ਵਿਚ ਜਾ ਕੇ ਲੁੱਕ ਗਿਆ। ਫਿਰ ਇਸ ਨੂੰ ਝੀਲ ਵਿਚੋਂ ਬਾਹਰ ਕੱਢਣ ਲਈ ਉਕਸਾਇਆ ਗਿਆ। ਇਹ ਸਵੀਕਾਰ ਹੋਣ ਤੇ ਕਿ ਇਹ ਅਤੇ ਭੀਮ ਦੋਵੇਂ ਗਦਾਵਾਂ ਨਾਲ ਲੜਨਗੇ ਇਹ ਝੀਲ ਵਿਚੋਂ ਬਾਹਰ ਆਇਆ। ਲੜਾਈ ਸਮੇਂ ਭੀਮ ਨੂੰ ਆਪਣਾ ਪ੍ਰਣ ਯਾਦ ਆ ਗਿਆ ਅਤੇ ਭਾਵੇਂ ਲੱਕ ਤੋਂ ਥੱਲੇ ਵਾਰ ਕਰਨਾ ਅਯੋਗ ਸੀ, ਉਸ ਨੇਦੁਰਯੋਧਨ ਦੇ ਪੱਟ ਤੇ ਏਨੀ ਜ਼ੋਰ ਨਾਲ ਵਾਰ ਕੀਤਾ ਕਿ ਪੱਟ ਦੀ ਹੱਡੀ ਚੂਰ ਚੂਰ ਹੋ ਗਈ ਅਤੇ ਦੁਰਯੋਧਨ ਡਿੱਗ ਪਿਆ। ਥੱਲੇ ਪਏ ਦੁਰਯੋਧਨ ਦੇ ਸਿਰ ਤੇ ਭੀਮ ਨੇ ਠੁੱਡੇ ਮਾਰੇ ਅਤੇ ਜਿੱਤ ਪ੍ਰਾਪਤ ਕੀਤੀ।[222]

ਗੁਰੂ ਨਾਨਕ ਬਾਣੀ ਵਿਚ ਦੁਰਯੋਧਨ ਦੇ ਨਾਸ਼ ਦਾ ਵਰਨਣ ਹੋਇਆ ਹੈ ਇਸ ਨੇ ਆਪਣੇ ਹੰਕਾਰ ਅਤੇ ਲਾਲਚ ਦੇ ਕਾਰਨ ਆਪਣੇ ਕੁਲ ਦਾ ਨਾਸ਼ ਕਰਵਾਇਆ ਅਤੇ ਆਪ ਵੀ ਮਹਾਂਭਾਰਤ ਦੇ ਅਖੀਰ ਵਿਚ ਭੀਮ ਹੱਥੋਂ ਮਾਰਿਆ ਗਿਆ।[223] ਇਥੇ ਗੁਰੂ ਸਾਹਿਬ ਨੇ ਇਸ ਦੇ ਹੰਕਾਰ ਅਤੇ ਪ੍ਰਭੂ ਦੇ ਭਾਣੇ ਨੂੰ ਨਾ ਮੰਨਣਾ ਇਸ ਦੇ ਨਾਸ਼ ਦਾ ਕਾਰਨ ਦੱਸਿਆ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਦੁਰਯੋਧਨ ਨੂੰ ਝੂਠਾ ਵਿਅਕਤੀ ਕਿਹਾ ਗਿਆ ਹੈ ਤੇ ਦੱਸਿਆ ਗਿਆ ਹੈ ਕਿ ਇਸ ਕਰਕੇ ਹੀ ਉਸ ਨੂੰ ਸਾਰੇ ਝੂਠੇ ਦਿਸਦੇ ਹਨ।[224] ਇਕ ਹੋਰ ਸੰਕੇਤ ਵਿਚ ਉਸ ਨੂੰ ਹੰਕਾਰ ਵੱਸ ਦੈਂਤਾਂ ਵਾਂਗ ਲੜਦੇ ਕਿਹਾ ਗਿਆ ਹੈ।[225] ਭਾਈ ਸਾਹਿਬ ਨੇ ਕਿਹਾ ਹੈ ਕਿ ਬੇਸ਼ਕ ਇਹ ਯੋਧਾ ਸੀ ਪਰ ਆਪਣੇ ਹੰਕਾਰ ਨੂੰ ਨਾ ਮਾਰ ਸਕਿਆ ਤੇ ਇਸੇ ਕਰਕੇ ਸਾਰੀ ਉਮਰ ਲੜਦਾ ਝਗੜਦਾ ਰਿਹਾ ਅਤੇ ਮਾੜੀ ਮੌਤ ਮਰਿਆ। ਪਰ ਗੁਰਸਿੱਖ ਹੰਕਾਰ ਦੀ ਮਾਰ ਤੋਂ ਪਰੇ ਹਨ। ਇਸ ਕਰਕੇ ਉਹ ਉੱਤਮ ਹਨ।

<u>ਯੁਧਿਸ਼ਟਰ :</u>

ਯੁਧਿਸ਼ਟਰ ਕੁੰਤੀ ਦੀ ਉਦਰ ਤੋਂ ਪਾਂਡਵਾਂ ਵਿਚੋਂ ਸਭ ਤੋਂ ਵੱਡਾ ਰਾਜ ਕੁਮਾਰ ਸੀ।[226] ਇਸ ਨੂੰ ਮਿਥਿਹਾਸਕ ਤੌਰ ਤੇ ਨਿਆਂ ਦੇ ਦੇਵਤੇ ਧਰਮਰਾਜ ਦਾ ਪੁੱਤਰ ਮੰਨਿਆ ਜਾਂਦਾ ਹੈ। ਇਹ ਆਪਣੇ ਸ਼ਾਂਤ ਸੁਭਾਅ, ਨਿਆਂ ਅਤੇ ਪਵਿੱਤਰ ਆਚਰਨ ਕਰਕੇ ਪ੍ਰਸਿੱਧ ਸੀ। ਇਸ ਨੇ ਆਪਣੇ ਬਾਕੀ ਭਰਾਵਾਂ ਨਾਲ ਧ੍ਰਿਤਰਾਸ਼ਟਰ ਦੇ ਦਰਬਾਰ ਵਿਚ ਸਿਖਿਆ ਪ੍ਰਾਪਤ ਕੀਤੀ ਅਤੇ ਸ਼ਸਤਰ ਵਿਦਿਆ ਗੁਰੂ ਦ੍ਰੋਣ ਕੋਲੋਂ ਪ੍ਰਾਪਤ ਕੀਤੀ। ਜਦੋਂ ਹਸਤਨਾਪੁਰ ਦੇ ਯੁਵਰਾਜ ਚੁਣਨ ਦਾ ਮੌਕਾ ਆਇਆ ਤਾਂ ਧ੍ਰਿਤਰਾਸ਼ਟਰ ਨੇ ਆਪਣੇ ਵੱਡੇ ਪੁੱਤਰ ਦੁਰਯੋਧਨ ਦੀ ਥਾਂ ਇਸ ਨੂੰ ਯੁਵਰਾਜ ਬਨਾਉਣਾ ਚਾਹਿਆ ਪਰ ਦੁਰਯੋਧਨ ਦੇ ਵਿਰੋਧ ਕਰਨ ਤੇ ਇਸ ਨੂੰ ਆਪਣੇ ਭਰਾਵਾਂ ਨਾਲ ਬਨਵਾਸ ਤੇ ਜਾਣਾ ਪਿਆ। ਇਹ ਜਦੋਂ ਬਨਵਾਸ ਤੋਂ ਵਾਪਸ ਆਏ ਤਾਂ ਇਨ੍ਹਾਂ ਨੇ ਇੰਦਰਪ੍ਰਸਤ ਵਿਚ ਆਪਣਾ ਰਾਜ ਸਥਾਪਤ ਕੀਤਾ। ਇਸ ਦਾ ਰਾਜ ਬਹੁਤ ਖੁਸ਼ਹਾਲੀ ਵਾਲਾ ਸੀ। ਰਾਜ ਦਾ ਹਰ ਜੀਵ ਖੁਸ਼ ਸੀ। ਇਸ ਦੇ ਰਾਜ ਵਿਚ ਝੂਠ ਬੋਲਣ ਵਾਲਿਆਂ, ਚੋਰਾਂ ਅਤੇ ਧੋਖੇਬਾਜਾਂ ਦਾ ਨਾਮੋ ਨਿਸ਼ਾਨ ਨਹੀਂ ਸੀ। ਦੂਜੇ ਪਾਸੇ ਦੁਰਯੋਧਨ ਵਿਚ ਅਜੇ ਈਰਖਾ ਦੀ ਅੱਗ ਭੜਕ ਰਹੀ ਸੀ ਉਸਨੇ ਆਪਣੇ ਪਿਤਾ ਤੇ ਦਬਾ ਪਾ ਕੇ ਯੁਧਿਸ਼ਟਰ ਨੂੰ ਜੂਆ ਖੇਡਣ ਲਈ ਹਸਤਨਾਪੁਰ ਬੁਲਾ ਲਿਆ। ਯੁਧਿਸ਼ਟਰ ਜੂਆ ਖੇਡਣਾ ਨਹੀਂ ਸੀ ਚਾਹੁੰਦਾ ਪਰ ਧ੍ਰਿਤਰਾਸ਼ਟਰ ਦੇ ਹੁਕਮ ਨੂੰ ਉਹ ਟਾਲ ਵੀ ਨਹੀਂ ਸੀ ਸਕਦਾ। ਦੁਰਯੋਧਨ ਨੇ ਆਪਣੇ ਮਾਮੇ ਸ਼ਕੁਨੀ ਦੀ ਸਹਾਇਤਾ ਨਾਲ ਇਸ ਦਾ ਸਾਰਾ ਰਾਜਪਾਠ, ਭਰਾ, ਪਤਨੀ ਤੇ ਇਥੋਂ ਤੱਕ ਕਿ ਉਸ ਦੀ ਸੁਤੰਤਰਤਾ ਵੀ ਜੂਏ ਵਿਚ ਜਿੱਤ ਲਏ ਅਤੇ ਇਹਨਾਂ ਨੂੰ ਤੇਰਾਂ ਸਾਲਾਂ ਲਈ ਫਿਰ ਬਨਵਾਸ ਵਿਚ ਭੇਜ ਦਿਤਾ। ਜਦੋਂ ਬਨਵਾਸ ਦਾ ਸਮਾਂ ਪੂਰਾ ਹੋ ਗਿਆ ਤਾਂ ਇਸ ਨੇ ਹਸਤਨਾਪੁਰ ਵਿਖੇ ਇਕ ਦੂਤ ਭੇਜਿਆ ਅਤੇ ਆਪਣੇ ਰਾਜ ਦੀ ਵਾਪਸੀ ਦੀ ਮੰਗ ਕੀਤੀ। ਗੱਲਬਾਤ ਅਸਫਲ ਰਹੀ। ਯੁਧਿਸ਼ਟਰ ਦੇ ਸ਼ਾਂਤੀ ਰੱਖਣ ਦੇ ਬਾਵਜੂਦ ਯੁੱਧ ਆਰੰਭ ਹੋ ਗਿਆ। ਇਸ ਮਹਾਂ ਯੁੱਧ ਦੇ ਅੰਤ ਤੇ ਪਾਂਡਵਾਂ ਨੇ ਜਿੱਤ ਪ੍ਰਾਪਤ ਕੀਤੀ ਅਤੇ ਇਸ ਨੂੰ ਹਸਤਨਾਪੁਰ ਦਾ ਰਾਜਾ ਨਿਯੁਕਤ ਕੀਤਾ ਗਿਆ।

ਜੋਨ ਡੌਸਨ ਅਨੁਸਾਰ, ਮਿਸਟਰ ਵ੍ਹੀਲਰ ਦੀ ਰਚਨਾ ਵਿਚ ਮਹਾਂਭਾਰਤ ਦਾ ਦਿੱਤਾ ਗਿਆ ਪਾਠੰਤਰ ਯੁਧਿਸ਼ਟਰ ਤੇ ਕਾਇਰਤਾ ਦਾ ਦੋਸ਼ ਥੋਪਦਾ ਹੈ। ਕ੍ਰਿਸ਼ਨ ਦੇ ਕਹਿਣ ਤੇ ਇਸ ਨੇ ਦ੍ਰੋਣ ਨੂੰ ਉਸ ਦੇ ਲੜਕੇ ਅਸਵਥਾਮਾ ਦੀ ਮੌਤ ਦੀ ਝੂਠੀ ਖਬਰ ਦੱਸ ਕੇ ਮਰਵਾ ਦਿੱਤਾ।

ਇਸ ਦੀ ਸੱਤਵਾਨਤਾ ਕਰਕੇ ਇਹ ਅਫਵਾਹ ਸੱਚੀ ਮੰਨੀ ਗਈ। ਇਹ ਕਰਨ ਨਾਲ ਯੁੱਧ ਕਰਦਿਆਂ ਪਿਛੇ ਹੱਟ ਗਿਆ। ਇਸ ਗੱਲ ਤੇ ਅਰਜਨ ਨੂੰ ਏਨਾ ਗੁੱਸਾ ਆਇਆ ਕਿ ਜੇ ਕ੍ਰਿਸ਼ਨ ਵਿਚ ਨਾ ਪੈਂਦਾ ਤਾਂ ਉਸਨੇ ਇਸ ਨੂੰ ਮਾਰ ਦੇਣਾ ਸੀ।[227]

ਭਾਈ ਗੁਰਦਾਸ ਯੁਧਿਸ਼ਟਰ ਦੀ ਸ਼ਖਸੀਅਤ ਦਾ ਧਿਆਨ ਕਰਦੇ ਹੋਏ ਲਿਖਦੇ ਹਨ ਕਿ ਉਹ ਆਪ ਚੰਗਾ ਸੀ, ਇਸ ਲਈ ਉਸ ਨੂੰ ਕੋਈ ਬੁਰਾ ਨਜ਼ਰ ਨਹੀਂ ਸੀ ਆਉਂਦਾ।[228] ਇਕ ਹੋਰ ਸੰਕੇਤ ਵਿਚ ਯੁਧਿਸ਼ਟਰ ਨੂੰ ਧਰਮ ਪੁੱਤਰ ਅਤੇ ਸੱਤਵਾਦੀ ਕਿਹਾ ਹੈ ਪਰ ਨਾਲ ਹੀ ਦੱਸਿਆ ਹੈ ਕਿ ਇਕ ਝੂਠ ਬੋਲਣ ਕਰਕੇ ਉਸ ਨੂੰ ਜਮਪੁਰੀ ਜਾਣਾ ਪਿਆ। ਇਹ ਹਉਮੈ ਵਿਚ ਫਸਿਆ ਹੋਇਆ ਹੈ ਅਤੇ ਗੁਰਸਿੱਖ ਦੇ ਰੋਮ ਦੇ ਬਰਾਬਰ ਨਹੀਂ ਹੈ। ਕਿਉਂਕਿ ਗੁਰਸਿੱਖ ਮਾਣ ਤੋਂ ਨਿਮਾਣੇ ਹਨ।[229]

ਲਛਮਣ :

ਲਛਮਣ ਰਾਜਾ ਦਸ਼ਰਥ ਦਾ ਪੁੱਤਰ ਸੀ, ਜੋ ਰਾਣੀ ਸੁਮਿਤਰਾ ਦੀ ਕੁੱਖੋਂ ਪੈਦਾ ਹੋਇਆ। ਰਾਜਾ ਜਨਕ ਦੀ ਪੁੱਤਰੀ ਉਰਮਿਲਾ ਨਾਲ ਇਸ ਦਾ ਵਿਆਹ ਹੋਇਆ। ਆਪਣੇ ਵੱਡੇ ਭਰਾ ਰਾਮ ਅਤੇ ਉਸ ਦੀ ਪਤਨੀ ਸੀਤਾ ਨਾਲ ਇਸ ਦਾ ਬਹੁਤ ਪਿਆਰ ਸੀ। ਚੌਦਾਂ ਸਾਲਾਂ ਦੇ ਬਨਵਾਸ ਸਮੇਂ ਇਸ ਨੇ ਕਦਮ ਕਦਮ ਤੇ ਉਨ੍ਹਾਂ ਦਾ ਸਾਥ ਦਿੱਤਾ। ਰਾਵਣ ਨਾਲ ਯੁੱਧ ਸਮੇਂ ਇਹ ਬਹਾਦਰੀ ਨਾਲ ਲੜਿਆ, ਮੂਰਛਿਤ ਹੋਇਆ, ਸੰਜੀਵਨੀ ਬੂਟੀ ਨਾਲ ਹੋਸ਼ ਵਿਚ ਆਇਆ ਅਤੇ ਯੁੱਧ ਵਿਚ ਜਿੱਤ ਪ੍ਰਾਪਤ ਕੀਤੀ। ਇਸ ਦੇ ਮੂਰਛਿਤ ਹੋਣ ਦਾ ਕਾਰਨ, ਇਸ ਦਾ ਭੀਲਣੀ ਦੇ ਜੂਠੇ ਬੇਰ ਖਾਣ ਤੋਂ ਸੰਕੋਚ ਕਰਨਾ ਸੀ। ਇਹ ਵੀ ਰਵਾਇਤ ਪ੍ਰਚਲਿਤ ਹੈ ਕਿ "ਰਾਮ ਚੰਦਰ ਜੀ ਦੀ ਔਧ ਮੁੱਕ ਚੁੱਕੀ ਸੀ। ਜਦੋਂ ਕਾਲ, ਰਾਮ ਚੰਦਰ ਜੀ ਨਾਲ ਗੱਲਾਂ ਕਰ ਰਿਹਾ ਸੀ ਤਾਂ ਦੁਰਬਾਸ਼ਾ ਰਿਸ਼ੀ ਵੀ ਮਿਲਣ ਲਈ ਆਇਆ ਤੇ ਉਸਨੇ ਸਰਾਪ ਦੀ ਧਮਕੀ ਦਿਤੀ। ਲਛਮਣ ਨੇ ਸਰਾਪ ਦਾ ਫਲ ਭੁਗਤਣ ਲਈ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਯੋਗ ਸਾਧਨਾ ਦੁਆਰਾ ਪ੍ਰਾਣ ਤਿਆਗ ਕੇ ਬਾਕੀ ਦੀ ਉਮਰ ਭਾਈ ਨੂੰ ਦੇ ਦਿੱਤੀ।[230] ਪੁਰਾਣਾਂ ਵਿਚ ਇਸ ਨੂੰ ਸ਼ੇਸ਼ਨਾਗ ਦਾ ਅਵਤਾਰ ਮੰਨਿਆ ਗਿਆ ਹੈ।[231]

ਗੁਰੂ ਨਾਨਕ ਬਾਣੀ ਵਿਚ ਲਛਮਣ ਸਬੰਧੀ ਸੰਕੇਤ ਆਏ ਹਨ:

(1) ਸੀਤਾ ਲੈ ਗਿਆ ਦਹਿਸਿਰੋ, ਲਛਮਣੁ ਮੂਓ ਸਰਾਪ।[232]

(2) ਮਨ ਮਹਿ ਝੂਰੈ ਰਾਮ ਚੰਦੁ, ਸੀਤਾ ਲਛਮਣ ਜੋਗੁ।[233]

ਇਨ੍ਹਾਂ ਸੰਕੇਤਾਂ ਵਿਚ ਰਾਮ, ਲਛਮਣ ਦੇ ਮੂਰਛਿਤ ਹੋਣ ਅਤੇ ਸੀਤਾਂ ਦੇ ਵਿਛੋੜੇ ਵਿਚ ਦੁੱਖੀ ਦੱਸੇ ਗਏ ਹਨ। ਇਨ੍ਹਾਂ ਹਵਾਲਿਆਂ ਰਾਹੀਂ ਲਛਮਣ ਦੀ ਭਗਤੀ ਭਾਵਨਾ ਦਾ ਪ੍ਰਗਟਾਵਾ ਹੋਇਆ ਹੈ ਅਤੇ ਉਹ ਇਕ ਬਲਵਾਨ ਯੋਧੇ ਦੇ ਰੂਪ ਵਿਚ ਪੇਸ਼ ਹੋਇਆ ਹੈ। ਇਨ੍ਹਾਂ ਸੰਕੇਤਾਂ ਦਾ ਵਰਨਣ ਪਹਿਲਾਂ ਹਿੰਦੂ ਮਿਥਿਹਾਸ ਵਿਚ ਵੀ ਮਿਲਦਾ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਗੁਰੂ ਨਾਨਕ ਬਾਣੀ ਦੁਆਰਾਂ ਲਛਮਣ ਦੀ ਰਾਮ ਅਤੇ ਸੀਤਾ ਪ੍ਰਤੀ ਭਗਤੀ ਭਾਵਨਾ ਸਬੰਧੀ ਸੰਕੇਤ ਦਰਜ ਹਨ ਕਿ ਲਛਮਣ ਨੇ ਚੌਦਾਂ ਵਰ੍ਹਿਆਂ ਦੇ ਬਨਵਾਸ ਸਮੇਂ ਕਿਸ ਤਰ੍ਹਾਂ ਭੁੱਖ ਤੇ ਪਿਆਸ ਸਹਾਰੀ, ਪਰ ਹਉਮੈ ਕਰਕੇ ਉਹ ਵੀ ਹੰਕਾਰੀ ਰਿਹਾ:

ਲਛਮਣ ਸਾਧੀ ਭੁਖ ਤੇਹ ਹਉਮੈ ਅਹੰਕਾਰੀ।[234]

**ਇਥੇ** ਭਾਈ ਗੁਰਦਾਸ ਇਹ ਦੱਸਣਾ ਚਾਹੁੰਦੇ ਹਨ ਕਿ ਲਛਮਣ ਵਰਗਾ ਜਤੀ ਹੰਕਾਰ ਨੂੰ ਨਹੀਂ ਮਾਰ ਸਕਿਆ ਅਤੇ ਇਕ ਸਾਧਾਰਣ ਗੁਰਮੁੱਖ ਨੇ ਹੰਕਾਰ ਉੱਤੇ ਕਾਬੂ ਪਾਇਆ ਹੈ, ਇਸ ਲਈ ਉਹ ਉੱਤਮ ਹੈ।

ਵਿਦੁਰ :

ਵਿਦੁਰ, ਵਿਆਸ ਰਿਸ਼ੀ ਦਾ ਪੁੱਤਰ ਸੀ। ਇਸ ਦਾ ਜਨਮ ਇਕ ਦਾਸੀ ਦੀ ਕੁੱਖੋਂ ਹੋਇਆ। ਵਿਦੁਰ ਨੂੰ ਕਸ਼ੱਤਰੀ ਕਿਹਾ ਜਾਂਦਾ ਹੈ। ਇਹ ਬੜਾ ਬੁਧੀਮਾਨ ਸੀ। ਇਸ ਨੇ ਮਹਾਂ-ਭਾਰਤ ਦੇ ਯੁੱਧ ਤੋਂ ਪਹਿਲਾਂ ਕੌਰਵਾਂ ਤੇ ਪਾਂਡਵਾਂ ਨੂੰ ਬਹੁਤ ਸਮਝਾਇਆ ਅਤੇ ਯੁੱਧ ਸ਼ੁਰੂ ਹੋਣ ਤੇ ਪਾਂਡਵਾਂ ਦਾ ਸਾਥ ਦਿੱਤਾ।[235] ਕ੍ਰਿਸ਼ਨ ਜੀ ਨੇ ਦੁਰਯੋਧਨ ਦੇ ਮਹਿਲਾਂ ਨੂੰ ਛੱਡ ਕੇ ਵਿਦੁਰ ਦੇ ਘਰ ਵਿਸ਼੍ਰਾਮ ਕੀਤਾ ਸੀ ਇਸ ਤੇ ਦੁਰਯੋਧਨ ਬਹੁਤ ਦੁਖੀ ਹੋਇਆ ਪਰ ਕ੍ਰਿਸ਼ਨ ਨੇ ਜੁਆਬ ਦਿੱਤਾ ਕਿ ਮੈਂ ਜਿਹੜਾ ਪ੍ਰੇਮ (ਵਿਦੁਰ ਦੇ) ਮਨ ਵਿਚ ਵੇਖਿਆ ਹੈ, ਉਹ ਹੋਰ ਕਿਸੇ ਦੇ ਮਨ ਵਿਚ ਨਹੀਂ। ਭਾਈ ਗੁਰਦਾਸ ਨੇ ਇਸੇ ਪ੍ਰਸੰਗ ਨੂੰ ਵਾਰਾਂ ਵਿਚ ਬਿਆਨ ਕੀਤਾ[236] ਅਤੇ ਦੱਸਿਆ

ਹੈ ਕਿ ਵਾਹਿਗੁਰੂ ਦੀ ਪ੍ਰਾਪਤੀ ਵਾਲੇ ਨੂੰ ਪ੍ਰੇਮ ਦੀ ਲੋੜ ਹੈ, ਜਿਥੇ ਪ੍ਰੇਮ ਹੈ, ਉਥੇ ਮਹਾਪੁਰਖ ਠਹਿਰਦੇ ਹਨ। ਸੰਤਾਂ ਤੇ ਪਿਆਰਿਆਂ ਨੂੰ ਇੱਛਾ ਰਹਿਤ ਹੋਣਾ ਚਾਹੀਦਾ ਹੈ।

ਵਿਭੀਸ਼ਨ :

ਵਿਭੀਸ਼ਨ, ਰਾਵਣ ਦਾ ਛੋਟਾ ਭਰਾ ਸੀ। ਇਸ ਨੇ ਬ੍ਰਹਮਾ ਭਗਤੀ ਕਰਕੇ ਇਹ ਵਰ ਪ੍ਰਾਪਤ ਕੀਤਾ ਸੀ ਕਿ ਇਹ ਵੱਡੀ ਤੋਂ ਵੱਡੀ ਮੁਸ਼ਕਲ ਵਿਚ ਵੀ ਕਦੀ ਕੋਈ ਅਯੋਗ ਕੰਮ ਨਹੀਂ ਕਰੇਗਾ। ਇਹ ਬੜਾ ਨੇਕ ਸੁਭਾ ਸੀ ਅਤੇ ਰਾਖਸ਼ਾਂ ਦੀਆਂ ਭੈੜੀਆਂ ਹਰਕਤਾਂ ਦਾ ਹਰ ਸਮੇਂ ਵਿਰੋਧ ਕਰਦਾ ਸੀ। ਰਾਵਣ ਦੀ ਅਤੇ ਇਸ ਦੀ ਹਮੇਸ਼ਾਂ ਖਟਕਦੀ ਰਹਿੰਦੀ ਸੀ। ਜੈਨ ਭੇਸਨ ਅਨੁਸਾਰ, ਰਾਵਣ ਨੇ ਇਸ ਨੂੰ ਇਸ ਦੀ ਪਦਵੀ ਤੋਂ ਹਟਾ ਦਿੱਤਾ ਸੀ। ਇਹ ਕੈਲਾਸ਼ ਪਰਬਤ ਚਲਾ ਗਿਆ ਅਤੇ ਸ਼ਿਵਜੀ ਦੀ ਸਲਾਹ ਨਾਲ ਰਾਮ ਚੰਦਰ ਦਾ ਮਦਦਗਾਰ ਬਣ ਕੇ ਆ ਗਿਆ। ਇਸ ਨੇ ਲੰਕਾਂ ਦਾ ਸਾਰਾ ਭੇਦ ਰਾਮ ਚੰਦਰ ਨੂੰ ਦੱਸ ਦਿੱਤਾ। ਰਾਮ ਚੰਦਰ ਨੇ ਇਸ ਦਾ ਬੜਾ ਸਤਿਕਾਰ ਕੀਤਾ ਅਤੇ ਰਾਵਣ ਦੀ ਮੌਤ ਤੋਂ ਬਾਅਦ ਇਸ ਨੂੰ ਲੰਕਾ ਦਾ ਰਾਜਾ ਬਣਾ ਦਿੱਤਾ।[237]

ਗੁਰੂ ਨਾਨਕ ਬਾਣੀ ਵਿਚ ਇਹ ਸੰਕੇਤ ਮਿਲਦਾ ਹੈ ਕਿ ਵਿਭੀਸ਼ਨ ਦੈਂਤ ਤੇ ਵੀ ਸਦ ਬਿਰਤੀਆਂ ਦਾ ਮਾਲਕ ਸੀ। ਰਾਮ ਚੰਦਰ ਰਾਵਣ ਨੂੰ ਵਿਭੀਸ਼ਨ ਦੁਆਰਾ ਦਿੱਤੇ ਭੇਦ ਕਾਰਨ ਹੀ ਮਾਰ ਸਕਿਆ।[238]

ਭਾਈ ਗੁਰਦਾਸ ਨੇ ਵਾਰਾਂ ਵਿਚ ਵਿਭੀਸ਼ਨ ਨੂੰ ਭਗਤ ਕਿਹਾ ਹੈ।[239] ਪਰ ਨਾਲ ਇਹ ਵੀ ਸੰਕੇਤ ਮਿਲਦੇ ਹਨ ਕਿ ਉਸ ਨੇ ਲੰਕਾ ਦਾ ਰਾਜ ਲੈਣ ਦੇ ਲਾਲਚ ਕਾਰਨ, ਘਰ ਦਾ ਸਾਰਾ ਭੇਦ ਰਾਮ ਨੂੰ ਦੱਸ ਦਿੱਤਾ।[240] ਭਾਈ ਗੁਰਦਾਸ ਲਿਖਦੇ ਹਨ ਕਿ ਵਿਭੀਸ਼ਨ ਨੇ ਲਾਲਚ ਵੱਸ ਰਾਮ ਦੀ ਮਦਦ ਕੀਤੀ ਪਰ ਇਕ ਗੁਰਸਿੱਖ ਇਸ ਭਾਵਨਾ ਤੋਂ ਮੁਕਤ ਹਨ। ਉਹ ਬਗੈਰ ਕਿਸੇ ਲੋਭ ਦੇ ਪ੍ਰਭੂ ਭਗਤੀ ਕਰਦੇ ਹਨ, ਇਸੇ ਲਈ ਉਹ ਉੱਤਮ ਹਨ।

(ਖ) ਦੈਂਤ :

ਸ਼ਿਸ਼ੂਪਾਲ :

ਸ਼ਿਸ਼ੂਪਾਲ ਚੇਦੀ ਦੇ ਰਾਜਾ ਦਮ ਘੋਸ਼ ਤੇ ਸ਼ਰੁਤਦੇਵਾ ਦਾ ਪੁੱਤਰ ਸੀ। ਸ਼ਰੁਤਦੇਵਾਂ

ਵਾਸੂਦੇਵ ਦੀ ਭੈਣ ਸੀ। ਇਸ ਤਰ੍ਹਾਂ ਇਹ ਰਿਸ਼ਤੇ ਵਿਚ ਕ੍ਰਿਸ਼ਨ ਦਾ ਭੂਆ ਦਾ ਪੁੱਤਰ, ਭਰਾ ਸੀ, ਪਰ ਇਹ ਕ੍ਰਿਸ਼ਨ ਦਾ ਜਾਨੀ ਦੁਸ਼ਮਨ ਸੀ। ਇਸ ਦੁਸ਼ਮਣੀ ਦਾ ਕਾਰਨ ਇਹ ਕਿ ਕ੍ਰਿਸ਼ਨ ਨੇ ਇਸ ਦੀ ਮੰਗੇਤਰ ਰੁਕਮਿਣੀ ਨੂੰ ਐਨ ਵਿਆਹ ਵਾਲੇ ਦਿਨ ਉਧਾਲ ਲਿਆ ਸੀ। ਇਸ ਨੂੰ ਕ੍ਰਿਸ਼ਨ ਨੇ ਯੁਧਿਸ਼ਟਰ ਦੇ ਰਾਜਸੂਯ ਯੱਗ ਸਮੇਂ ਕਤਲ ਕਰ ਦਿੱਤਾ ਸੀ।

ਮਹਾਂਭਾਰਤ ਵਿਚ ਦਰਜ ਹੈ ਕਿ ਜਦੋਂ ਸ਼ਿਸ਼ੂਪਾਲ ਜੰਮਿਆ ਸੀ ਤਾਂ ਉਸਸਮੇਂ ਇਸ ਦੀਆਂ ਤਿੰਨ ਅੱਖਾਂ ਤੇ ਚਾਰ ਬਾਹਵਾਂ ਸਨ। ਮਾਂ ਪਿਉ ਨੇ ਇਸਦੀ ਅਜੀਬ ਸ਼ਕਲ ਦੇਖ ਕੇ ਇਸ ਦਾ ਤਿਆਗ ਕਰ ਦੇਣਾ ਚਾਹਿਆ ਪਰ ਇਸ ਸਮੇਂ ਇਕ ਅਕਾਸ਼ਵਾਣੀ ਹੋਈ ਕਿ ਇਹ ਸ਼ਿਸ਼ੂ ਪ੍ਰਤਾਪੀ ਹੋਵੇਗਾ, ਇਸ ਦੀ ਪਾਲਣਾ ਕਰੋ। ਇਸੇ ਕਰਕੇ ਇਸ ਦਾ ਨਾਮ ਸ਼ਿਸ਼ੂਪਾਲ ਪਿਆ।[241] ਇਕ ਹੋਰ ਕਥਾ ਅਨੁਸਾਰ ਇਸ ਦੇ ਜਨਮ ਸਮੇਂ ਭਵਿਖਬਾਣੀ ਹੋਈ ਕਿ ਜਦੋਂ ਵਿਅਕਤੀ ਜਿਹੜਾ ਬਾਅਦ ਵਿਚ ਇਸ ਨੂੰ ਮਾਰੇਗਾ ਇਸ ਨੂੰ ਛੋਹੇਗਾ ਤਾਂ ਇਸ ਦੀ ਤੀਜੀ ਅੱਖ ਅਤੇ ਵਾਧੂ ਬਾਹਵਾਂ ਗਾਇਬ ਹੋ ਜਾਣਗੀ। ਇਸ ਦੀ ਮਾਂ ਇਸ ਨੂੰ ਲੈ ਕੇ ਆਪਣੇ ਸਾਰੇ ਰਿਸ਼ਤੇਦਾਰਾਂ ਕੋਲ ਗਈ ਪਰ ਕੋਈ ਹੱਲ ਨਾ ਲੱਭਾ। ਇਕ ਦਿਨ ਕ੍ਰਿਸ਼ਨ ਆਪ ਚੇਦੀ ਵਿਖੇ ਆਏ ਅਤੇ ਬੱਚੇ ਨੂੰ ਆਪਣੇ ਗੋਡਿਆਂ ਤੇ ਬਿਠਾਇਆ ਤਾਂ ਇਸ ਦੀ ਵਾਧੂ ਤੀਜੀ ਅੱਖ ਤੇ ਬਾਹਵਾਂ ਗਾਇਬ ਹੋ ਗਈਆਂ।[242] ਇਸ ਤਰ੍ਹਾਂ ਇਸ ਦੀ ਮੌਤ ਕ੍ਰਿਸ਼ਨ ਦੇ ਹੱਥੋਂ ਹੋਈ। ਵਿਸ਼ਨੂੰ ਪੁਰਾਣ ਇਸ ਕਹਾਣੀ ਵਿਚ ਹੋਰ ਵਾਧਾ ਕਰਦਾ ਹੈ ਕਿ ਇਹ ਬੜਾ ਹੀ ਜਾਲਮ ਅਤੇ ਬਹਾਦਰ ਸੀ। ਇਹ ਨਰਸਿੰਹ ਅਵਤਾਰ ਦੇ ਹੱਥੋਂ ਮਾਰਿਆ ਗਿਆ ਸੀ। ਉਸ ਤੋਂ ਅਗਲੇ ਜਨਮ ਵਿਚ ਇਹ ਦਸਾਂ ਸਿਰਾਂ ਵਾਲੇ ਰਾਵਣ ਦੇ ਰੂਪ ਵਿਚ ਜੰਮਿਆ, ਇਹ ਵੀ ਬੜਾ ਸ਼ਕਤੀਸ਼ਾਲੀ ਤੇ ਬਹਾਦਰ ਸੂਰਮਾ ਸੀ ਉਸ ਨੂੰ ਰਾਮ ਨੇ (ਜੋ ਵਿਸ਼ਨੂੰ ਦਾ ਅਵਤਾਰ ਸੀ) ਮਾਰਿਆ। ਇਸ ਜਨਮ ਵਿਚ ਇਸ ਨੇ ਵਿਸ਼ਨੂੰ ਦੇ ਵਿਰੁੱਧ ਆਪਣੀ ਘਿਰਣਾ ਤੇ ਦੁਸ਼ਮਣੀ ਔਰੋ ਨਾਲੋਂ ਵੀ ਵਧੇਰੇ ਦਿਖਾਈ ਅਤੇ ਇਸ ਦੇ ਫਲ ਵਜੋਂ ਇਹ ਕ੍ਰਿਸ਼ਨ ਹੱਥੋਂ ਮਾਰਿਆ ਗਿਆ।[243]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸ਼ਿਸ਼ੂਪਾਲ ਨੂੰ ਗੁਰੂ ਨਿੰਦਕ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਕਿ ਉਸ ਨੇ ਸਾਰੀ ਉਮਰ ਨਿੰਦਾ ਕਰਦਿਆਂ ਹੀ ਬਿਤਾਈ ਅਤੇ ਇਸ ਲਈ ਉਸ ਨੂੰ ਮੂੰਹ ਦੀ ਖਾਣੀ ਪਈ।[244] ਭਾਈ ਗੁਰਦਾਸ ਇਹ ਉਪਦੇਸ਼ ਦਿੰਦੇ ਹਨਕਿ ਜੇ ਸ਼ਿਸ਼ੂਪਾਲ ਵਰਗੇ ਨਿੰਦਾ ਕਰਨਕਰਕੇ ਨਾਸ਼ ਹੋ ਗਏ ਤਾਂ ਇਕ ਮਾਮੂਲੀ ਜੀਵ ਦਾ ਭਵਿੱਖ ਕੀ ਹੈ? ਸਾਧ ਸੰਗਤਿ ਕਰਨੀ ਚਾਹੀਦੀ ਹੈ ਜਿਸ ਨਾਲ ਜੀਵ ਦਾ ਹੰਕਾਰ ਦੂਰ ਹੁੰਦਾ ਹੈ ਅਤੇ ਨਿੰਦਾ ਤੋਂ ਮੁਕਤੀ ਮਿਲਦੀ ਹੈ।

ਹਿਰਨਕਸ਼ਪ/ਹਰਨਾਖਸ਼ :

ਹਿਰਨਕਸ਼ਪ ਅਤੇ ਹਰਨਾਖਸ਼ ਦੋਵੇਂ ਜੌੜੇ ਭਰਾ ਸਨ। ਹਿਰਣਕਸ਼ਪ ਨੂੰ ਦੈਂਤ ਕੁਲ ਦਾ ਆਦਿ ਪੁਰਖ ਮੰਨਿਆ ਜਾਂਦਾ ਹੈ। ਇਸੇ ਹੀ ਕੁਲ ਵਿਚ ਪ੍ਰਹਿਲਾਦ ਅਤੇ ਰਾਜਾ ਬਲਿ ਵਰਗੇ ਦੈਂਤ ਪਰ ਦਿਆਲੂ ਰਾਜੇ ਪੈਦਾ ਹੋਏ।[245] ਇਸ ਨੇ ਭਾਰੀ ਤਪੱਸਿਆ ਕਰਕੇ ਬ੍ਰਹਮਾ ਤੋਂ ਅਵਧਯ ਹੋਣ ਦਾ ਵਰ ਪ੍ਰਾਪਤ ਕਰ ਲਿਆ ਸੀ। ਨਾਲ ਹੀ ਇਸ ਨੂੰ ਇਹ ਵਰ ਵੀ ਪ੍ਰਾਪਤ ਸੀ ਕਿ ਕੋਈ ਵੀ ਵਿਅਕਤੀ ਇਸ ਨੂੰ ਕਿਸੇ ਵੀ ਸਸ਼ਤਰ ਨਾਲ ਨਹੀਂ ਮਾਰ ਸਕੇਗਾ। ਇਸ ਦੀ ਮੌਤ ਦਿਨ ਨੂੰ ਜਾਂ ਰਾਤ ਨੂੰ ਵੀ ਨਹੀਂ ਹੋਵੇਗੀ।

ਹਿਰਨਕਸ਼ਪ ਦੇ ਪੁੱਤਰ ਪ੍ਰਹਿਲਾਦ ਦਾ ਝੁਕਾ ਵਿਸ਼ਨੂੰ ਭਗਵਾਨ ਵੱਲ ਸੀ। ਪਰ ਉਹ ਇਸ ਗੱਲ ਨੂੰ ਪਸੰਦ ਨਹੀਂ ਸੀ ਕਰਦਾ ਕਿ ਉਸ ਦਾ ਪੁੱਤਰ ਉਸਨੂੰ ਛੱਡ ਕੇ ਕਿਸੇ ਹੋਰ ਦੀ ਭਗਤੀ ਕਰੇ। ਉਸਨੇ ਪ੍ਰਹਿਲਾਦ ਨੂੰ ਬਹੁਤ ਕਸ਼ਟ ਦਿੱਤੇ ਅਤੇ ਕਈ ਵਾਰ ਮਰਵਾਉਣ ਦੀ ਅਸਫਲ ਕੋਸ਼ਿਸ਼ ਕੀਤੀ। ਅਖੀਰ ਤੱਤਾ ਥੰਮ੍ਹ ਕਰਕੇ ਪ੍ਰਹਿਲਾਦ ਨੂੰ ਆਖਣ ਲੱਗਾ ਤੂੰ ਇਸਨੂੰ ਜੱਫੀ ਪਾ, ਜੇਕਰ ਤੇਰਾ ਕੋਈ ਭਗਵਾਨ ਹੋਇਆ, ਆਪੇ ਪਤਾ ਲਗ ਜਾਵੇਗਾ। ਕਹਿੰਦੇ ਹਨ ਵਿਸ਼ਨੂੰ ਆਪਣੇ ਭਗਤ ਦੀ ਰੱਖਿਆ ਕਰਨ ਲਈ ਅਤੇ ਆਪਣੀ ਸਰਵ ਉੱਚਤਾ ਕਾਇਮ ਰੱਖਣ ਲਈ, ਨਰ ਸਿੰਹ ਰੂਪ ਵਿਚ ਥੰਮ੍ਹ ਪਾੜ ਕੇ ਪ੍ਰਗਟ ਹੋਇਆ ਅਤੇ ਹਿਰਣਕਸ਼ਪ ਨੂੰ ਮਿਲੇ ਵਰਦਾਨ ਨੂੰ ਬਿਨਾਂ ਭੰਗ ਕੀਤੇ ਸੰਧਿਆ ਸਮੇਂ ਉਸਨੂੰ ਆਪਣੇ ਨਹੁੰਆਂ ਨਾਲ ਮਾਰ ਦਿੱਤਾ। ਇਸ ਘਟਨਾ ਦੀ ਯਾਦਗਾਰੀ ਵਜੋਂ ਮੁਲਤਾਨ ਵਿਚ ਇਕ ਮੰਦਰ ਬਣਿਆ ਹੋਇਆ ਹੈ।[246]

ਹਿੰਦੂ ਪੁਰਾਤਨ ਗ੍ਰੰਥਾਂ ਅਤੇ ਮਹਾਂਭਾਰਤ ਵਿਚ ਇਸ ਕਥਾ ਦਾ ਸਬੰਧ ਹਿਰਣਕਸ਼ਪ ਨਾਲ ਜੋੜਿਆ ਜਾਂਦਾ ਹੈ ਪਰ ਗੁਰੂ ਸਾਹਿਬਾਨ, ਭਾਈ ਗੁਰਦਾਸ ਤੇ ਭਗਤੀ ਲਹਿਰ ਦੇ ਸਾਰੇ ਕਵੀਆਂ ਨੇ ਇਸ ਕਥਾ ਦਾ ਸਬੰਧ ਹਰਨਾਖਸ਼ ਨਾਲ ਜੋੜਿਆ ਹੈ। ਇਸ ਨਾਂ ਦੀ ਤਬਦੀਲੀ ਕਿਵੇਂ ਹੋਈ ਇਸ ਬਾਰੇ ਸਪਸ਼ਟ ਰੂਪ ਵਿਚ ਅਜੇ ਕੁਝ ਵੀ ਨਹੀਂ ਕਿਹਾ ਜਾ ਸਕਦਾ।

ਹਿੰਦੂ ਮਿਥਿਹਾਸ ਵਿਚ ਹਰਨਾਖਸ਼ ਨੂੰ ਦੈਂਤਾਂ ਦਾ ਰਾਜਾ ਮੰਨਿਆ ਗਿਆ ਹੈ। ਮਾਸਟਰ ਮਹਿਤਾਬ ਸਿੰਘ ਅਨੁਸਾਰ ਇਕ ਵਾਰ ਇਸ ਨੇ ਸਭ ਦੇਵਤਿਆਂ ਨੂੰ ਜਿੱਤ ਲਿਆ ਅਤੇ ਇਹ ਐਲਾਨ ਕੀਤਾ ਕਿ ਲੋਕੀ ਈਸ਼ਵਰ ਦੀ ਥਾਂ ਮੇਰਾ ਨਾਮ ਜਪਣ।[247] ਹਿੰਦੂ ਮਿਥਿਹਾਸ ਕੋਸ਼ ਅਨੁਸਾਰ ਇਕ ਵਾਰ ਇਹ ਪ੍ਰਿਥਵੀ ਨੂੰ ਸਮੁੰਦਰ ਦੇ ਥੱਲੇ ਡੂੰਘੇ ਪਾਣੀ ਵਿਚ ਲੈ ਗਿਆ, ਇਸਨੂੰ

ਵਿਸ਼ਨੂੰ ਨੇ ਵਰਾਹ ਅਵਤਾਰ ਧਾਰ ਕੇ ਮਾਰਿਆ ਅਤੇ ਪ੍ਰਿਥਵੀ ਨੂੰ ਆਪਣੀ ਅਸਲੀ ਥਾਂ ਤੇ ਲਿਆਂਦਾ।[248] ਇਸ ਪ੍ਰਕਾਰ ਹਿੰਦੂ ਮਿਥਿਹਾਸ ਵਿਚ ਹਿਰਣਕਸ਼ਪ ਅਤੇ ਹਰਨਾਖਸ਼ ਦੋ ਵੱਖਰੀਆਂ ਵੱਖਰੀਆਂ ਹਸਤੀਆਂ ਦੇ ਰੂਪ ਵਿਚ ਪੇਸ਼ ਹੋਏ ਹਨ। ਪਰ ਗੁਰਬਾਣੀ ਵਿਚ ਹਰਨਾਖਸ਼ ਸਬੰਧੀ ਸੰਕੇਤ ਪ੍ਰਹਿਲਾਦ ਦੀ ਕਥਾ ਦੇ ਸੰਦਰਭ ਵਿਚ ਆਏ ਹਨ। ਇਸ ਨੂੰ ਦੁਰਾਚਾਰੀ ਕਿਹਾ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਦੁਰਾਚਾਰ ਦਾ ਅੰਤ ਵਿਚ ਨਾਸ਼ ਹੁੰਦਾ ਹੈ:

ਦੁਰਮਤਿ ਹਰਣਾਖਸੁ ਦੁਰਾਚਾਰੀ।
ਪ੍ਰਭੁ ਨਾਰਾਇਣ ਗਰਬ ਪ੍ਰਹਾਰੀ।
ਪ੍ਰਹਿਲਾਦ ਉਧਾਰੇ ਕਿਰਪਾ ਧਾਰੀ।[249]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭਗਤ ਪ੍ਰਹਿਲਾਦ ਦੀ ਕਥਾ ਦੇ ਸਬੰਧ ਵਿਚ ਹਰਨਾਖਸ਼ ਦੈਂਤ ਦਾ ਵਰਨਣ ਆਇਆ ਹੈ ਅਤੇ ਭਾਈ ਸਾਹਿਬ ਨੇ ਹਰਣਾਖਸ਼ ਨੂੰ ਪ੍ਰਭੂ ਨੂੰ ਲਲਕਾਰਦੇ ਪੇਸ਼ ਕੀਤਾ ਹੈ:

ਘਰਿ ਹਰਨਾਖਸੁ ਦੈਂਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।

- - - - - - - - - - - - - - - - - - - -

ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ[250]

ਇਕ ਥਾਂ ਤੇ ਭਾਈ ਗੁਰਦਾਸ ਇਹ ਵੀ ਸਪਸ਼ਟ ਕਰਦੇ ਹਨ ਕਿ ਹਰਣਾਖਸ਼ ਨੇ ਪ੍ਰਭੂ ਦੀ ਨਿੰਦਾ ਕਰਕੇ ਕੀ ਫੱਲ ਪਾਇਆ ਹੈ:

ਨਿੰਦਾ ਕਰਿ ਹਰਣਾਖਸੈ ਵੇਖਹੁ ਫਲੁ ਵੱਟੇ।[251]

ਵਾਰ 38 ਦੀ ਪਉੜੀ ਤੀਜੀ ਵਿਚ ਭਾਈ ਗੁਰਦਾਸ ਨੇ ਹਿਰਨਕਸ਼ਪ ਅਤੇ ਹਰਨਾਖਸ਼ ਨੂੰ ਇਕੋ ਸਤਰ ਵਿਚ ਬਿਆਨ ਕੀਤਾ ਹੈ:

ਹਰਨਾਕਸੁ ਬਹੁ ਹਰਣਾਕਸਾ ਨਰਸਿੰਘ ਬੁਕੰਦੇ।[252]

ਅਰਥਾਤ ਹਿਰਨਕਸ਼ਪ ਅਤੇ ਹਰਣਾਖਸ਼ ਦੋਵੇਂ ਹੰਕਾਰ ਵਿਚ ਰਹੇ ਅਤੇ ਲੜਾਈ ਕਰਦੇ ਰਹੇ। ਪਰ ਭਾਈ ਸਾਹਿਬ ਅਨੁਸਾਰ ਗੁਰਸਿੱਖ ਸਦਾ ਹੀ ਹੰਕਾਰ ਤੋਂ ਸਾਵਧਾਨ ਰਹਿੰਦਾ ਹੈ। ਇਸ ਕਰਕੇ ਇਨ੍ਹਾਂ ਤੋਂ ਉੱਤਮ ਹੈ।

## ਕੰਸ :

ਕੰਸ ਰਾਜਾ ਉਗ੍ਰਸੈਨ ਦੀ ਇਸਤਰੀ ਦੀ ਉਦੱਰ ਤੋਂ ਦ੍ਰਮਿਲ ਦੈਂਤ ਦੇ ਸੰਯੋਗ ਨਾਲ ਪੈਦਾ ਹੋਇਆ ਸੀ। ਪੁਰਾਣਕ ਕਥਾ ਅਨੁਸਾਰ ਇਹ ਪਿਛਲੇ ਜਨਮ ਵਿਚ ਕਾਲਨੇਮ ਦੈਂਤ ਸੀ[253] ਇਹ ਮਥਰਾ ਦਾ ਬੜਾ ਜ਼ਾਲਮ ਰਾਜਾ ਸੀ ਜੋ ਕ੍ਰਿਸ਼ਨ ਦਾ ਮਾਮਾ ਅਤੇ ਵੱਡਾ ਦੁਸ਼ਮਣ ਸੀ।ਕੰਸ, ਮਗਧਪਤੀ ਜਰਾਸੰਧ ਦਾ ਜਵਾਈ ਸੀ। ਇਸ ਨੇ ਆਪਣੇ ਸਹੁਰੇ ਦੀ ਮਦਦ ਨਾਲ ਸਾਜਸ਼ ਕਰਕੇ ਆਪਣੇ ਪਿਤਾ ਉਗ੍ਰਸੈਨ ਨੂੰ ਗੱਦੀ ਤੋਂ ਲਾਹ ਦਿੱਤਾ ਅਤੇ ਆਪ ਰਾਜਾ ਬਣ ਗਿਆ। ਇਸ ਨੇ ਆਪਣੀ ਭੈਣ ਦੇਵਕੀ ਦਾ ਵਿਆਹ ਵਾਸਦੇਵ ਨਾਲ ਕੀਤਾ। ਵਿਆਹ ਸਮੇਂ ਇਹ ਅਕਾਸ਼ਵਾਣੀ ਹੋਈ ਕਿ ਦੇਵਕੀ ਦੇ ਅਠਵੇਂ ਗਰਭ ਤੋਂ ਕੰਸ ਦਾ ਨਾਸ਼ ਹੋਵੇਗਾ। ਹੋਣੀ ਦਾ ਮੂੰਹ ਭੰਨਣ ਲਈ ਕੰਸ ਨੇ ਦੇਵਕੀ ਅਤੇ ਵਾਸਦੇਵ ਨੂੰ ਕੈਦ ਕਰ ਲਿਆ ਅਤੇ ਜੋ ਸੰਤਾਨ ਪੈਦਾ ਹੋਈ ਸਭ ਮਾਰ ਦਿੱਤੀ: ਛੇ ਬੱਚੇ ਕੰਸ ਦੀ ਨਿਰਦੈਤਾ ਦੀ ਭੇਟ ਚੜੇ, ਸਤਵਾਂ ਬਲਰਾਮ ਗੁਪਤ ਢੰਗ ਨਾਲ ਬੰਦੀਖਾਨੇ ਵਿਚੋਂ ਬਾਹਰ ਕੱਢ ਕੇ ਗੋਕਲ ਪਹੁੰਚਾ ਦਿੱਤਾ ਗਿਆ। ਅਠਵੇਂ ਗਰਭ ਵਿਚ ਕ੍ਰਿਸ਼ਨ ਜੀ ਆਏ, ਜੋ ਵਾਸਦੇਵ ਨੇ ਜੰਮਦੇ ਸਾਰ ਗੋਕਲ ਵਿਚ ਨੰਦ ਦੇ ਘਰ ਪਹੁੰਚਾ ਦਿੱਤੇ ਅਤੇ ਯਸ਼ੋਧਾ ਦੇ ਉਸ ਦਿਨ ਜੋ ਲੜਕੀ ਪੈਦਾ ਹੋਈ ਉਹ ਕੰਸ ਨੂੰ ਲਿਆ ਦਿੱਤੀ। ਉਸਨੂੰ ਕੰਸ ਨੇ ਪੱਥਰ ਤੇ ਪਟਕਾ ਕੇ ਮਾਰ ਦਿਤਾ, ਪਰ ਬੱਚੀ ਬਿਜਲੀ ਦਾ ਰੂਪ ਧਾਰ ਕੇ ਅਲੋਪ ਹੋ ਗਈ। ਕੰਸ ਨੇ ਕ੍ਰਿਸ਼ਨ ਨੂੰ ਮਾਰਨ ਦੇ ਬਹੁਤ ਉਪਾ ਕੀਤੇ ਜੋ ਨਿਸਫਲ ਰਹੇ। ਅੰਤ ਵਿਚ ਕ੍ਰਿਸ਼ਨ ਨੇ ਭਰੇ ਦਰਬਾਰ ਵਿਚ ਕੰਸ ਨੂੰ ਕੇਸਾਂ ਤੋਂ ਪਕੜ ਕੇ ਪਛਾੜ ਮਾਰਿਆ ਅਤੇ ਨਾਨਾ ਉਗ੍ਰਸੈਨ ਨੂੰ ਗੱਦੀ ਤੇ ਬਿਠਾਇਆ।[254]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਕੰਸ ਨੂੰ ਨਿੰਦਕ ਵਜੋਂ ਪੇਸ਼ ਕੀਤਾ ਗਿਆ ਹੈ ਕਿ ਉਹ ਸਾਰੀ ਉਮਰ ਆਪਣੇ ਵਡੇਰਿਆਂ ਦੀ ਨਿੰਦਾ ਕਰਦਾ ਰਿਹਾ।[255] ਅਤੇ ਹੰਕਾਰ ਵੱਸ ਦੈਂਤਾਂ ਵਾਂਗ ਲੜਦਾ ਰਿਹਾ ਤੇ ਆਪਣੇ ਹੰਕਾਰਨੂੰ ਮਾਰ ਨਹੀਂ ਸਕਿਆ। ਇਹ ਗੁਰਸਿੱਖ ਤੱਕ ਨਹੀਂ ਪਹੁੰਚ ਸਕਦਾ ਕਿਉਂਕਿ ਗੁਰਸਿੱਖ ਸਾਧ ਸੰਗਤਿ ਨਾਲ ਮਿਲਦੇ ਹਨ ਅਤੇ ਹੰਕਾਰ ਤੋਂ ਹਮੇਸ਼ਾ ਦੂਰ ਰਹਿੰਦੇ ਹਨ।[256]

ਕੁੰਭਕਰਣ :

ਕੁੰਭਕਰਣ, ਰਾਵਣ ਦਾ ਛੋਟਾ ਭਰਾ ਸੀ, ਜੋ ਸੁਆਲੀ ਰਾਕਸ਼ ਦੀ ਪੁੱਤਰੀ ਕੇਕਸੀ ਦੇ ਉਦਰ ਤੋਂ ਕ੍ਰਿਸ਼ਨਾ ਦਾ ਪੁੱਤਰ ਸੀ। ਇਸ ਨੇ ਬ੍ਰਹਮਾ ਨੂੰ ਤਪ ਕਰਕੇ ਪ੍ਰਸੰਨ ਕੀਤਾ ਜਦ ਵਰ ਲੈਣ ਦਾ ਸਮਾਂ ਆਇਆ ਤਦ ਦੇਵਤਿਆਂ ਨੇ ਸਰਸਵਤੀ ਨੂੰ ਇਸ ਦੀ ਰਸਨਾ ਪੁਰ ਬਿਠਾ ਕੇ ਇਹ ਕਹਾਇਆ ਕਿ ਮੈਂ ਬਹੁਤਾ ਸਮਾਂ ਸੁੱਤਾ ਰਹਾਂ, ਕੇਵਲ ਛੇ ਮਹੀਨੇ ਪਿਛੋਂ ਇਕ ਦਿਨ ਖਾਣ ਲਈ ਜਾਗਾਂ।[257] ਜੋਨ ਡੋਸਨ ਅਨੁਸਾਰ ਜਦੋਂ ਰਾਵਣ ਰਾਮ ਤੋਂ ਤੰਗ ਆ ਗਿਆ ਤਾਂ ਇਸ ਨੇ ਕੁੰਭਕਰਣ ਨੂੰ ਜਗਾਉਣ ਲਈ ਕਿਹਾ, ਇਹ ਕਰਨ ਵਾਸਤੇ ਬਹੁਤ ਮਿਹਨਤ ਕਰਨੀ ਪਈ। ਇਹ 2000 ਸ਼ਰਾਬ ਦੀਆਂ ਸੁਰਾਹੀਆਂ ਪੀਣ ਤੋਂ ਬਾਅਦ ਆਪਣੇ ਭਰਾ ਰਾਵਣ ਨਾਲ ਸਲਾਹ ਮਸ਼ਵਰਾ ਕਰਨ ਗਿਆ ਅਤੇ ਬਾਂਦਰ ਸੈਨਾ ਦੇ ਵਿਰੁੱਧ ਮੈਦਾਨ ਵਿਚ ਆਇਆ। ਇਸ ਨੇ ਬਾਂਦਰ ਸੈਨਾ ਦੇ ਮੁੱਖੀ ਸੰਗ੍ਰੀਵ ਨੂੰ ਕੈਦੀ ਬਣਾ ਕੇ ਲੰਕਾ ਸ਼ਹਿਰ ਲੈ ਆਦਾ। ਰਣਖੇਤਰ ਵਿਚ ਵਾਪਸ ਆਉਣ ਤੇ ਇਸ ਦਾ ਟਾਕਰਾ ਰਾਮਚੰਦਰ ਨਾਲ ਹੋ ਗਿਆ ਅਤੇ ਭਿਅੰਕਰ ਲੜਾਈ ਪਿਛੋਂ ਉਸ ਤੋਂ ਹਾਰ ਗਿਆ। ਰਾਮ ਨੇ ਇਸ ਦਾ ਸਿੱਰ ਕੱਟ ਦਿੱਤਾ ਸੀ।[258]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਕੁੰਭਕਰਨ ਨੂੰ ਮੰਦੇ ਸੁਭਾਅ ਵਾਲਾ ਕਿਹਾ ਹੈ। ਕਿ ਇਸ ਤਰ੍ਹਾਂ ਦੇ ਲੱਖ ਕੁੰਭਕਰਣ ਮਾੜੇ ਰਾਕਸ਼ ਸੁਭਾਅ ਵਾਲੇ ਹੋਏ ਹਨ।[259] ਇਹ ਸਾਰੀ ਉਮਰ ਆਪਣੇ ਹੰਕਾਰ ਵਿਚ ਹੀ ਰਹੇ ਪਰ ਗੁਰਸਿੱਖ ਹੰਕਾਰ ਤੋਂ ਦੂਰ ਹਨ ਇਸ ਲਈ ਇਹਨਾਂ ਤੋਂ ਉੱਤਮ ਹਨ।

ਜੈ ਬਿਜੈ :

ਇਹ ਦੋਨੋਂ ਵਿਸ਼ਨੂੰ ਦੇ ਸੇਵਕ ਅਤੇ ਦੁਆਰਪਾਲ ਸਨ। ਕਾਨ੍ਹ ਸਿੰਘ ਨਾਭਾ ਅਨੁਸਾਰ, ਇਕ ਵਾਰ ਜੈ ਅਤੇ ਬਿਜੈ ਨੇ ਸਨਕਾਦਿਕ ਰਿਸ਼ੀਆਂ ਨੂੰ ਵਿਸ਼ਨੂੰ ਪਾਸ ਜਾਣ ਤੋਂ ਰੋਕ ਦਿੱਤਾ ਸੀ, ਇਸ ਪਰ ਸਰਾਪ ਮਿਲਿਆ ਕਿ ਤੁਸੀਂ ਦੋਵੇਂ ਪ੍ਰਿਥਵੀ ਪੁਰ ਜਾ ਕੇ ਰਾਖਸ਼ ਬਣੋ। ਪੁਰਾਣ ਕਥਾ ਹੈ ਕਿ ਜੈ ਅਤੇ ਬਿਜੈ ਹਿਰਨਯਕਸ਼ਿਪ, ਰਾਵਣ ਅਤੇ ਕੰਸ ਆਦਿ ਹੋਏ ਹਨ।[260] ਭਾਈ ਗੁਰਦਾਸ ਨੇ ਵਾਰਾਂ ਵਿਚ ਇਸੇ ਪੁਰਾਣ ਕਥਾ ਨੂੰ ਦੁਹਰਾਇਆਂ ਹਵਾਲਾ ਦਿੱਤਾ ਹੈ ਕਿ ਸਨਕਾਦਿਕ ਰਿਸ਼ੀਆਂ ਦੇ ਹੰਕਾਰ ਕਾਰਨ ਇਹਨਾਂ ਦੋਹਾਂ ਨੂੰ ਦੁੱਖ ਵੇਖਣਾ ਪਿਆ।

ਜਾਇ ਬੈਕੁੰਠ ਕਰੋਧ ਕਰਿ ਦੇਇ ਸਰਾਪੁ ਜੈਇ ਬਿਜੈ ਘਿਰਾਣੇ।
(ਵਾਰ 10/11-4)

ਦੰਤ-ਬਕਤ:

ਇਸ ਦਾ ਅਸਲ ਨਾਮ ਦੰਦਣਵਕਤ੍ਰ ਸੀ। ਇਹ ਪ੍ਰਿਥੀਕੀਤਿ ਦੇ ਗਰਭ ਵਿਚੋਂ ਵ੍ਰਿਧ ਸਰਮਾ ਦਾ ਪੁੱਤਰ ਸੀ। ਇਹ ਕਰੂੰਸ਼ ਦੇਸ਼ ਦਾ ਰਾਜਾ ਸੀ। ਇਸ ਨੇ ਕ੍ਰਿਸ਼ਣ ਦੇ ਵਿਰੁੱਧ ਲੜਾਈ ਕੀਤੀ ਅਤੇ ਕ੍ਰਿਸ਼ਨ ਦੇ ਹੱਥੋਂ ਮਾਰਿਆ ਗਿਆ। ਪੁਰਾਣਾ ਵਿਚ ਇਸ ਨੂੰ ਹਿਰਨਯਕਸ਼ਿਪ ਦਾ ਅਵਤਾਰ ਲਿਖਿਆ ਹੈ।[261] ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਨੂੰ ਗੁਰੂ ਨਿੰਦਕ ਕਿਹਾ ਗਿਆ ਹੈ:

ਦੰਤ-ਬਕਤ੍ਰ ਸਿਸਪਾਲ ਦੇ ਦੰਦ ਹੋਏ ਖੱਟੇ।

(355/5)

ਪੂਤਨਾ :

ਪੁਰਾਣਕ ਕਥਾ ਅਨੁਸਾਰ ਪੂਤਨਾ ਇਕ ਰਾਖਸ਼ਣੀ ਸੀ ਜੋ ਬਲਿ ਦੀ ਧੀ ਅਤੇ ਬਕਾਸੁਰ ਅਤੇ ਅਘਾਸੁਰ ਦੀ ਭੈਣ ਸੀ। ਜਦੋਂ ਕ੍ਰਿਸ਼ਨ ਜੀ ਗੋਕਲ ਵਿਖੇ ਨੰਦ ਦੇ ਘਰ ਪਰਵਰਸ਼ ਪਾ ਰਹੇ ਸਨ ਤਾਂ ਦੋਖੀ ਰਾਜੇ ਕੰਸ ਨੇ ਉਨ੍ਹਾਂ ਨੂੰ ਮਾਰਨ ਲਈ ਪੂਤਨਾ ਨੂੰ ਭੇਜਿਆ ਕਿ ਉਹ ਦੁੱਧ ਚੁੰਘਾਉਣ ਦੇ ਬਹਾਨੇ ਜ਼ਹਿਰ ਦੇ ਕੇ ਉਨ੍ਹਾਂ ਨੂੰ ਮਾਰ ਦੇਵੇ ਪਰ ਕ੍ਰਿਸ਼ਨ ਜੀ ਨੇ ਥਾਂ ਉਤੇ ਉਸ ਨੂੰ ਮਾਰ ਦਿੱਤਾ ਅਤੇ ਉਧਾਰ ਕੀਤਾ।[262]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸੇ ਪੁਰਾਤਨ ਕਥਾ ਦਾ ਸੰਕੇਤ ਕੀਤਾ ਹੈ ਕਿ ਇਕ ਵਾਰ ਪਾਪਣ ਪੂਤਨਾ ਕੰਸ ਦੀ ਭੇਜੀ ਹੋਈ, ਆਪਣੇ ਦੋਹਾਂ ਥਣਾਂ ਤੇ ਜ਼ਹਿਰ ਲਾ ਕੇ ਨੰਦ ਦੇ ਘਰ ਆਈ ਤੇ ਪਰਿਵਾਰ ਵਿਚ ਰਚ ਮਿਚ ਗਈ। ਉਸਨੇ ਕ੍ਰਿਸ਼ਨ ਨੂੰ ਕੁੱਛੜ ਚੁੱਕ ਲਿਆ ਅਤੇ ਪਿਆਰ ਕਰਕੇ ਦੁੱਧ ਪਿਆਉਣ ਲੱਗੀ। ਉਸ ਦਾ ਹੰਕਾਰ ਬਾਹਰ ਆ ਗਿਆ, ਉਸ ਨੇ ਆਪਣੀ ਦੇਹ ਨੂੰ ਵਧਾ ਲਿਆ। ਕ੍ਰਿਸ਼ਨ ਨੇ ਉਸ ਦੇ ਗਲ ਚੰਬੜਿਆ ਹੋਇਆ ਤਿੰਨਾਂ ਲੋਕਾਂ ਦਾ ਭਾਰ ਉਸ ਉਤੇ ਪਾ ਦਿੱਤਾ ਤਾਂ ਉਹ ਬਹੁਤ ਦੁੱਖੀ ਹੋਈ ਅਤੇ ਪਹਾੜ ਵਾਂਗ ਭੁਆਟਣੀ ਖਾ ਕੇ ਉਜਾੜ ਵਿਚ ਜਾ ਡਿੱਗੀ ।ਅੰਤ ਸਮੇਂ ਕ੍ਰਿਸ਼ਨ ਨੇ ਮਾਤਾ ਦੇ ਬਰਾਬਰ ਸਥਾਨ ਦਿੱਤਾ ਅਤੇ ਪੂਤਨਾ ਦਾ ਉਧਾਰ ਕੀਤਾ।[263] ਇਹ ਉਪਦੇਸ਼ ਦਿੱਤਾ ਹੈ ਕਿ ਜੇ ਕਰ ਪੂਤਨਾ ਨੇ ਬੁਰਾ ਕੀਤਾ ਤੇ ਕ੍ਰਿਸ਼ਨ ਨੇ ਉਸ ਦਾ ਉਧਾਰ ਕੀਤਾ ਤਾਂ ਸਾਨੂੰ ਵੀ ਉਸ ਦੁਆਰਾ ਦੱਸੇ ਨੇਮਾਂ ਅਨੁਸਾਰ ਜੀਵਨ ਕਠੋਰ ਨਹੀਂ ਕਰਨਾ ਚਾਹੀਦਾ:

ਜੇਕਰਿ ਉਧਰੀ ਪੂਤਨਾ ਵਿਹੁ ਪੀਆਲਣੁ ਕੰਮੁ ਨ ਚੰਗਾ।

(31/9-1)

ਰਾਵਣ :

ਰਾਵਣ ਰਾਖਸ਼ਾਂ ਦਾ ਆਗੂ ਮਹਾਬਲੀ ਯੋਧਾ ਅਤੇ ਲੰਕਾ ਦਾ ਰਾਜਾ ਸੀ। ਇਸ ਨੇ ਆਪ ਰਾਜਾ ਬਨਣ ਲਈ ਆਪਣੇ 'ਮਤਰੇਏ ਭਰਾ 'ਕੁਵੇਰ' ਨੂੰ ਲੰਕਾ ਵਿਚੋਂ ਕੱਢ ਦਿੱਤਾ ਸੀ। ਇਸ ਦੇ ਪਿਤਾ ਦਾ ਨਾਮ ਵਿਸ਼ਵ ਅਤੇ ਮਾਤਾ ਦਾ ਨਾਮ ਕ੍ਰਿਕਸ਼ਾ ਸੀ। ਰਾਵਣ ਨੇ ਲੰਮੀ ਤਪ ਸਾਧਨਾ ਕਰਕੇ ਸ਼ਿਵਾ ਤੋਂ ਸਾਰਾ ਜਗਤ ਜਿੱਤਣ ਦਾ ਅਤੇ ਅਮਰ ਰਹਿਣ ਦਾ ਵਰ ਪ੍ਰਾਪਤ ਕਰ ਲਿਆ ਸੀ। ਰਾਵਣ ਜਾਤ ਦਾ ਬ੍ਰਾਹਮਣ ਸੀ ਅਤੇ ਸੰਸਕ੍ਰਿਤ ਦਾ ਪ੍ਰਸਿੱਧ ਵਿਦਵਾਨ ਸੀ। ਇਹ ਆਪਣੇ ਕਰੂਰ ਸੁਭਾਅ ਕਰਕੇ ਅਕਸਰ ਪ੍ਰਸਿੱਧ ਹੋਇਆ।

ਜੋਨ ਡੋਸਨ ਰਮਾਇਣ ਦਾ ਹਵਾਲਾ ਦਿੰਦਾ ਹੋਇਆ ਲਿਖਦਾ ਹੈ, "ਰਾਵਣ ਦੇ ਦਸ ਸਿਰ ਸਨ, ਜਿਨ੍ਹਾਂ ਕਰਕੇ ਇਸ ਦਾ ਨਾਂ ਦਸ਼ਾਸ਼ਨ,ਦਸ਼ਕੰਠ, ਪ੍ਰਸਿੱਧ ਹੋਇਆ। ਇਸ ਦੀਆਂ ਵੀਹ ਬਾਹਵਾਂ, ਅੱਖਾਂ ਤਾਂਬੇ ਰੰਗ ਵਰਗੀਆਂ ਲਾਲ ਅਤੇ ਦੰਦ ਚੰਦਰਮਾਂ ਵਰਗੇ ਚਮਕੀਲੇ ਸਨ। ਇਸ ਦੀ ਸ਼ਕਲ ਗੂਹੜੇ ਬਦਲ ਜਾਂ ਪਹਾੜ ਵਰਗੀ ਸੀ। ਇਸ ਵਿਚ ਸਾਰੇ ਹੀ ਰਾਜਸੀ ਗੁਣ ਮੌਜੂਦ ਸਨ। ਇਹ ਏਨਾ ਤਾਕਤਵਰ ਅਤੇ ਬਹਾਦਰ ਸੀ ਕਿ ਸਮੁੰਦਰ ਨੂੰ ਹਿਲਾ ਸਕਦਾ ਸੀ ਅਤੇ ਪਹਾੜ ਦੀਆਂ ਚੋਟੀਆਂ ਨੂੰ ਚੀਰ ਸਕਦਾ ਸੀ। ਸਾਰੇ ਕਾਨੂੰਨਾਂ ਨੂੰ ਤੋੜਨਾ ਅਤੇ ਦੂਜਿਆਂ ਦੀਆਂ ਇਸਤਰੀਆਂ ਨੂੰ ਜਬਰਦਸਤੀ ਫੜ ਕੇ ਲੈ ਜਾਣਾ ਇਸ ਦਾ ਕੰਮ ਸੀ। ਇਹ ਪਹਾੜ ਦੀ ਚੋਟੀ ਦੀ ਤਰ੍ਹਾਂ ਲੰਮਾ ਉਚਾ ਸੀ। ਇਸ ਨੇ ਆਪਣੀਆਂ ਬਾਹਵਾਂ ਨਾਲ ਸੂਰਜ ਤੇ ਚੰਦਰਮਾ ਦਾ ਰਸਤਾ ਰੋਕ ਲਿਆ ਸੀ ਅਤੇ ਉਨ੍ਹਾਂ ਦਾ ਚੜ੍ਹਨਾ ਬੰਦ ਕਰ ਦਿੱਤਾ ਸੀ।[269] ਰਾਵਣ ਵਧੇਰੇ ਤਾਕਤ ਕਾਰਣ ਏਨਾ ਅਭਿਮਾਨੀ ਹੋ ਚੁੱਕਾ ਸੀ ਕਿ ਮਨੁੱਖ ਤੇ ਜਾਨਵਰ ਇਸ ਦੇ ਜੁਲਮਾਂ ਤੋਂ ਬਹੁਤ ਦੁੱਖੀ ਸਨ। ਰਾਵਣ ਦੇ ਅੱਤਿਆਚਾਰ ਅਤੇ ਸਖਤੀਆਂ ਰਾਹੀਂ ਪੀੜਤ ਜੀਵਾਂ ਦੀ ਅਵਾਜ਼ ਸਵਰਗ ਲੋਕ ਵਿਚ ਪਹੁੰਚ ਗਈ। ਵਿਸ਼ਨੂੰ ਨੇ ਰਾਵਣ ਦਾ ਨਾਸ਼ ਕਰਨ ਲਈ ਰਾਮ ਚੰਦਰ ਦੇ ਰੂਪ ਵਿਚ ਅਵਤਾਰ ਧਾਰਿਆ। ਵਿਸ਼ਨੂੰ ਨੇ ਉਨ੍ਹਾਂ ਨਾਲ ਇਸ ਮੰਤਵ ਦੀ ਪੂਰਤੀ ਲਈ ਅਨੇਕਾਂ ਬਾਂਦਰ ਵੀ ਪੈਦਾ ਕੀਤੇ। ਰਾਵਣ ਦੀ ਭੈਣ ਸਰੂਪਨਖਾਂ ਨੇ ਰਾਮ ਦੇ ਵਿਰੁੱਧ ਇਸ ਦੇ ਕੰਨ ਭਰੇ ਅਤੇ ਇਹ ਗੁੱਸੇ ਦਾ ਭਰਿਆ ਹੋਇਆ ਰਾਮ ਦੀ ਪਤਨੀ ਸੀਤਾ ਨੂੰ ਉਧਾਲ ਕੇ ਲੰਕਾ ਲੈ ਆਇਆ। ਰਾਮ ਨੇ ਸੰਗ੍ਰੀਵ ਅਤੇ ਹਨੂੰਮਾਨ ਦੀ ਸਹਾਇਤਾ ਨਾਲ ਇਸ ਤੇ ਹਮਲਾ ਕੀਤਾ। ਬਹੁਤ ਘਮਸਾਨ ਦਾ ਯੁੱਧ ਹੋਇਆ ਅਤੇ ਅੰਤ ਵਿਚ ਅਮਰ ਤੇ ਅਜਿੱਤ ਕਹਾਉਣ ਵਾਲਾ ਰਾਵਣ ਮਾਰਿਆ ਗਿਆ। "ਅੰਤ ਏਨਾ ਭਿਆਨਕ ਹੋਇਆ ਕਿ ਇਸ ਦਾ ਮ੍ਰਿਤਕ ਸੰਸਕਾਰ ਭੀ ਸਮੇਂ ਦੀ ਪ੍ਰਚਲਤ ਰੀਤੀ ਅਨੁਸਾਰ ਕਰਨ ਵਾਲਾ

ਕੋਈ ਨਾ ਨਿਕਲਿਆ।[266] ਰਾਵਣ ਬਾਰੇ ਇਕ ਕਥਾ ਪ੍ਰਸਿੱਧ ਹੈ ਕਿ ਇਸ ਦੇ ਘਰ ਸਾਰੇ ਦੇਵਤੇ ਕੋਈ ਨਾ ਕੋਈ ਕੰਮ ਕਰਦੇ ਸਨ। ਅਗਨੀ ਦੇਵਤਾ ਰਸੋਈਏ ਦਾ, ਵਰੁਣ ਪਾਣੀ ਭਰਨ ਦਾ, ਕੁਵੇਰ ਧੰਨ ਦੇਣ ਦਾ ਅਤੇ ਵਾਯੂ ਦੇਵਤਾ ਇਸ ਦੇ ਘਰ ਨੂੰ ਸਾਫ਼ ਰੱਖਣ ਦਾ ਕੰਮ ਕਰਦੇ ਸਨ।

ਗੁਰੂ ਨਾਨਕ ਬਾਣੀ ਵਿਚ ਰਾਵਣ ਨਾਲ ਸਬੰਧਤ ਮਿਥ ਕਥਾਵਾਂ ਦੇ ਬੀਜ ਰੂਪ ਹੀ ਦਰਜ ਹਨ। ਇਹਨਾਂ ਵਿਚ ਜ਼ਿਆਦਾ ਤਰ ਰਾਮ ਨਾਲ ਯੁੱਧ ਅਤੇ ਯੁੱਧ ਸਮੇਂ ਹਨੂਮਾਨ ਦੀ ਸਹਾਇਤਾ ਨਾਲ ਰਾਮ ਦੁਆਰਾ ਰਾਵਣ ਦਾ ਮਾਰਿਆ ਜਾਣਾ ਸ਼ਾਮਲ ਹੈ। ਗੁਰੂ ਨਾਨਕ ਅਨੁਸਾਰ ਰਾਵਣ ਮੁਗਧ ਅਤੇ ਅਚੇਤ ਹੈ। ਉਸ ਨੇ ਲੰਕਾ ਵੀ ਲੁਟਾਈ ਅਤੇ ਆਪਣਾ ਸਿਰ ਵੀ ਕਟਵਾਇਆ। ਉਸ ਨੇ ਹੰਕਾਰ ਦੇ ਕਾਰਨ ਇਹ ਸਭ ਕੁਝ ਗਵਾਇਆ ਤੇ ਸਤਿਗੁਰ ਨਾਲ ਪਿਆਰ ਨਹੀਂ ਕੀਤਾ।[267] ਰਾਮ ਦੀ ਰਾਵਣ ਤੇ ਚੜ੍ਹਾਈ, ਹਨੂਮਾਨ ਦੀ ਮਦਦ, ਦੈਂਤਾਂ ਦਾ ਨਾਸ਼, ਲੰਕਾਦੀ ਤਬਾਹੀ ਆਦਿ ਸਭ ਪ੍ਰਭੂ ਦੇ ਭਾਣੇ ਵਿਚ ਹਨ।

ਭਾਈ ਗੁਰੂਦਾਸ ਦੀਆਂ ਵਾਰਾਂ ਵਿਚ ਸੰਕੇਤ ਹੈ ਕਿ ਰਾਵਣ ਸੋਨੇ ਦੀ ਲੰਕਾ ਦਾ ਮਾਲਕ ਸੀ, ਉਸ ਦੇ ਲੱਖ ਪੁੱਤਰ ਤੇ ਸਵਾ ਲੱਖ ਪੋਤਰਾ ਸੀ। ਕੁੰਭਕਰਨ ਤੇ ਸਹਿ ਰਾਵਣ ਭਰਾ ਸਨ। ਪਵਣ ਰੋਜ ਝਾੜੂ ਦਿੰਦੀ ਸੀ, ਇੰਦਰ ਪਾਣੀ ਭਰਦਾ ਸੀ, ਅਗਨੀ ਰੋਸੋਈਏ ਦਾ ਕੰਮ ਕਰਦੀ ਸੀ ਅਤੇ ਚੰਦਰਮਾ ਤੇ ਸੂਰਜ ਉਸ ਦੇ ਚਰਾਗਾਂ ਨੂੰ ਜਗਾਉਣ ਵਾਲੇ ਸਨ। ਦੇਵਤੇ ਤੇ ਦੈਤ ਹਮੇਸ਼ਾ ਉਸ ਦੀ ਸ਼ਰਨ ਵਿਚ ਰਹਿੰਦੇ ਸਨ, ਪ੍ਰਭੂ ਬੁਰੇ ਕਰਮਾਂ ਕਰਕੇ ਉਸ ਨੇ ਅਪਜਸਖੱਟਿਆ।[268] ਹੋਰ ਥਾਵਾਂ ਤੇ ਲੰਕਾ ਦੇ ਲੁਟੇ ਜਾਣ ਤੇ ਰਾਵਣ ਦੇ ਦਸ ਸਿਰਾਂ ਦੇ ਕੱਟੇ ਜਾਣ ਵੱਲ ਸੰਕੇਤ ਹੈ।

ਉਪਰੋਕਤ ਹਵਾਲਿਆਂ ਰਾਹੀਂ ਭਾਈ ਗੁਰਦਾਸ ਇਹ ਉਪਦੇਸ਼ ਦਿੰਦੇ ਹਨਕਿ ਜਦ ਏਨੇ ਵੱਡੇ ਵਿਦਵਾਨ ਤੇ ਯੋਧਾ ਦਾ ਇੰਦਾ ਕਰਕੇ (ਬੁਰੇ ਕਰਮ ਕਰਕੇ) ਵਿਨਾਸ਼ ਹੋ ਸਕਦਾ ਹੈ ਤਾਂ ਇਕ ਮਾਮੂਲੀ ਇਨਸਾਨ ਕੀ ਚੀਜ਼ ਹੈ।

## ਮਿਥਿਹਾਸਕ ਨਗਰ :

### ਸਵਰਗ/ਬਹਿਸ਼ਤ :

ਭਾਰਤੀ ਮਨੌਤ ਅਨੁਸਾਰ ਤਿੰਨ ਲੋਕ ਹਨ : ਸਵਰਗ, ਮਾਤ ਤੇ ਪਾਤਾਲ। ਸਵਰਗ ਅਸਮਾਨ ਵਿਚ ਮੰਨਿਆ ਜਾਂਦਾ ਹੈ। ਵਣਜਾਰਾ ਬੇਦੀ ਅਨੁਸਾਰ, ਇਹ ਸਵਰਗ ਜਿਸ ਖੇਤਰ ਵਿਚ ਸਥਿਤ ਹੈ, ਉਸ ਨੂੰ 'ਇਲਾਵ੍ਰਿਤ' ਕਿਹਾ ਗਿਆ ਹੈ। ਇਸੇ ਦੀਪ ਵਿਚ ਹੀ ਸੋਨੇ ਦਾ ਬਣਿਆ ਸੁਮੇਰ ਪਰਬਤ ਹੈ। ਇਸ ਪਹਾੜ ਦੇ ਉਤਰ ਵੱਲ ਸਵਰਗ ਲੋਕ ਹੈ।[269] "ਏਥੇ ਕਾਮਧੇਨ ਗਊ ਹੈ, ਕਲਪ ਬ੍ਰਿਛ ਹੈ, ਅੰਮ੍ਰਿਤ ਦੀਆਂ ਨਦੀਆਂ ਵਹਿ ਰਹੀਆਂ ਹਨ। ਅਸੁਰ ਇਸ ਨਦੀ ਨੂੰ ਹਮੇਸ਼ਾ ਖੋਹਣ ਦੀ ਲਾਲਸਾ ਵਿਚ ਰਹਿੰਦੇ ਹਨ। ਵਿਸ਼ਨੂੰ ਦੀ ਪੁਰੀ 'ਬੈਕੁੰਠ' ਵੀ ਸਵਰਗ ਹੀ ਆਖ ਲਈ ਜਾਂਦੀ ਹੈ।[270] ਹਿੰਦੂ ਧਰਤੀ ਅਨੁਸਾਰ ਇਸ ਨੂੰ ਇੰਦਰ ਦੀ ਨਗਰੀ, ਅਪਸਰਾਵਾਂ, ਗੰਧਰਵਾਂ ਤੇ ਦੇਵਤਿਆਂ ਦਾ ਸਥਾਨ ਮੰਨਿਆ ਜਾਂਦਾ ਹੈ। ਹਿੰਦੂ ਮੱਤ ਵਿਚ ਜੀਵ ਦੇ ਸਾਰੇ ਕਰਮਾਂ ਦਾ ਉਦੇਸ਼ ਸਵਰਗ ਦੀ ਪ੍ਰਾਪਤੀ ਦੱਸਿਆ ਹੈ। ਜਿਹੜੇ ਜੀਵ ਇਸ ਧਰਤੀ ਤੇ ਜਨਮ ਲੈ ਕੇ ਕਰਮ ਕਰਦੇ ਹਨ, ਉਨ੍ਹਾਂ ਨੂੰ ਸਵਰਗ ਵਿਚ ਸਥਾਨ ਤੇ ਹਰ ਤਰ੍ਹਾਂ ਦੇ ਸੁੱਖ ਪ੍ਰਾਪਤ ਹੁੰਦੇ ਹਨ। ਇਸੇ ਧਰਮੀ, ਕਰਮੀ ਅਤੇ ਸਤਿਵਾਦੀ ਲੋਕ ਹੀ ਪਹੁੰਚ ਸਕਦੇ ਹਨ।

ਗੁਰਬਾਣੀ ਵਿਚ ਸਵਰਗ ਨੂੰ ਜੀਵਨ ਦਾ ਆਦਰਸ਼ ਨਹੀਂ ਮੰਨਿਆ ਗਿਆ ਅਤੇ ਨਾ ਹੀ ਇਸ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ।

> ਕਵਨ ਨਰਕੁ ਕਿਆ ਸੁਰਗੁ ਬਿਚਾਰਾ
> ਸੰਤਨ ਦੋਊ ਰਾਦੇ।[271]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸਵਰਗ ਸਬੰਧੀ ਸੰਕੇਤ ਇਸ ਪ੍ਰਕਾਰ ਮਿਲਦਾ ਹੈ:

> ਸੁਖ ਦੁਖ ਸਾਧੇ ਹਰਖ ਸੋਗ ਨਰਕ ਸੁਰਗ ਪੁੰਨ ਪਾਪ ਲੰਘਾਏ।[272]

ਅਰਥਾਤ ਦੁੱਖ ਸੁੱਖ ਸਾਧ ਕੇ, ਹਰਖ, ਸੋਗ, ਨਰਕ, ਸਵਰਗ, ਪਾਪ, ਪੁੰਨ ਤੋਂ ਗੁਰਸਿੱਖ ਲੰਘ ਗਏ ਹਨ ਭਾਵ ਸਿੱਖ ਦਵੈਤ ਤੋਂ ਰਹਿਤ ਹਨ।

ਇਸਲਾਮ ਵਿਚਇਸ ਲੋਕ ਨੂੰ 'ਬਹਿਸ਼ਤ' ਕਿਹਾ ਗਿਆ ਹੈ। 'ਬਹਿਸ਼ਤ' ਫਾਰਸੀ ਦਾ ਸ਼ਬਦ ਹੈ। ਇਸ ਲਈ 'ਜਨਤ' ਸ਼ਬਦ ਵੀ ਵਰਤਿਆ ਜਾਂਦਾ ਹੈ। ਕੁਰਾਨ ਸਰੀਫ ਅਨੁਸਾਰ, ਬਹਿਸ਼ਤ ਵਿਚ ਐਸੇ ਪਾਣੀ ਦੀਆਂ ਨਹਿਰਾਂ ਹਨ ਜਿਨ੍ਹਾਂ ਵਿਚ ਬਦਬੂ ਨਹੀਂ ਹੁੰਦੀ; ਦੁੱਧ ਦੀਆਂ ਨਹਿਰਾਂ ਹਨ ਜਿਨ੍ਹਾਂ ਦਾ ਸੁਆਦ ਨਹੀਂ ਬਦਲਿਆ; ਸ਼ਰਾਬ ਦੀਆਂ ਨਹਿਰਾਂ ਹਨ ਜਿਹੜੀਆਂ ਪੀਣ ਵਾਲਿਆਂ ਨੂੰ ਬੜਾ ਅਨੰਦ ਦਿੰਦੀਆਂ ਹਨ; ਸਾਫ਼ ਸ਼ਹਿਦ ਦੀਆਂ ਨਹਿਰਾਂ ਹਨ, ਕਈ ਤਰ੍ਹਾਂ ਦੇ ਮੇਵੇ ਹੋਣਗੇ ਅਤੇ ਪਰਵਦਗਾਰ ਵਲੋਂ ਖਿਮਾ ਹੋਵੇਗੀ। ਪ੍ਰਹੇਜਗਾਰ ਚੈਨ ਦੀ ਥਾਂ ਟਿੱਕੇ ਹੋਣਗੇ, ਬਹਿਸ਼ਤ ਬਾਗ ਅਤੇ ਹਸਨੀਕ ਵਰਗੇ ਚਸ਼ਮਿਆਂ ਵਿਚ ਅਰਾਮ ਕਰਨਗੇ ਤੇ ਪਾਣੀ ਪੀਣਗੇ। ਮਹੀਨ, ਮਜ਼ਬੂਤ ਰੇਸ਼ਮ ਦੀਆਂ ਪੋਸ਼ਾਕਾਂ ਪਹਿਨਕੇ ਬੈਠਣਗੇ। ਵੱਡੀਆਂ ਵੱਡੀਆਂ ਅੱਖਾਂ ਵਾਲੀਆਂ ਹੂਰਾਂ ਨਾਲ ਉਨ੍ਹਾਂ ਦਾ ਵਿਆਹ ਹੋਵੇਗਾ। ਮੌਤ ਤੋਂ ਸਿਵਾਏ ਉਨ੍ਹਾਂ ਨੂੰ ਉਥੇ ਮੌਤ ਵੇਖਣੀ ਨਹੀਂ ਪੈਣੀ।"[273]

ਭਾਈ ਗੁਰਦਾਸ ਨੇ ਵਾਰਾਂ ਵਿਚ 'ਬਹਿਸ਼ਤ' ਦੀ ਬਹੁਤ ਸੁੰਦਰ ਤਸਵੀਰ ਖਿੱਚੀ ਹੈ:

ਲਖ ਕਾਮਣਿ ਲਖ ਕਾਮਰੂਪ ਲਖ ਕਾਮਣਿਆਰੀ।
ਸੰਗਲਦੀਪਹੁੰ ਪਦਮਣੀ ਬਹੁ ਰੂਪਿ ਸੀਗਾਰੀ।
ਮੋਹਣੀਆਂ ਇੰਦ੍ਰਪੁਰੀ ਅਪਛਰਾਂ ਸੁਚਾਰੀ।
ਹੂਰਾਂ ਪਰੀਆਂ ਲੱਖ ਲੱਖ ਬਹਿਸ਼ਤ ਸਵਾਰੀ।
ਲਖ ਕਉਲਾਂ ਨਵ ਜੋਬਨੀ ਲਖ ਕਾਮ ਕਰਾਰੀ।
ਗੁਰਮੁਖਿ ਮੋਹਿ ਨ ਸਕਨੀ ਸੰਧ ਸੰਗਤਿ ਭਾਰੀ।[274]

ਭਾਈ ਸਾਹਿਬ ਬਹਿਸ਼ਤ ਦੀ ਸੁੰਦਰਤਾ ਦਾ ਬਿਆਨ ਕਰਦੇ ਹੋਏ ਅਖੀਰ ਵਿਚ ਇਹ ਲਿਖਦੇ ਹਨ ਕਿ ਐਨੇ ਅਰਾਮ ਦੀਆਂ ਵਸਤੂਆਂ ਗੁਰਮੁੱਖ ਨੂੰ ਮੋਹ ਨਹੀਂ ਸਕਦੀਆਂ ਕਿਉਂਕਿ ਗੁਰਮੁੱਖ ਸਾਧ ਸੰਗਤਿ ਕਰਦਾ ਹੈ ਅਤੇ ਉਸ ਲਈ ਇਹਨਾਂ ਚੀਜ਼ਾਂ ਤੋਂ ਸਾਧ ਸੰਗਤ ਉਤਮ ਹੈ।

ਹਰਿਚੰਦ ਉਰੀ :

ਹਰਿਚੰਦ ਉਰੀ ਇਕ ਮਿਥਿਹਾਸਕ ਨਗਰ ਹੈ। ਇਸ ਸਬੰਧੀ ਪੁਰਾਤਨ ਕਥਾ ਇਸ ਤਰ੍ਹਾਂ ਪ੍ਰਸਿੱਧ ਹੈ ਕਿ ਜਦੋਂ ਰਾਜਾ ਹਰਿਸ਼ ਚੰਦਰ ਆਪਣੇ ਪੁੰਨ ਤੇ ਧਰਮ ਦੇ ਕਾਰਨ ਆਪਣੀ ਪਰਜਾ ਸਮੇਤ ਸਵਰਗ ਵਿਚ ਚਲਾ ਗਿਆ ਤਦ ਨਾਰਦਮੁਨੀ ਨੇ ਇਸ ਦਾ ਪੁੰਨ ਨਾਸ਼ ਕਰਨ ਲਈ, ਧੋਖੇ ਨਾਲੋਂ ਇਸ ਦੇ ਮੂੰਹੋਂ ਆਪਣੀ ਉਸਤਤਿ ਕਰਵਾਈ, ਜਿਸ ਦਾ ਸਿੱਟਾ ਇਹ ਸਵਰਗ ਵਿਚੋਂ ਕੱਢਿਆ ਗਿਆ। ਜਦ ਇਹ ਸਵਰਗੋਂ ਡਿੱਗ ਰਿਹਾ ਸੀ ਤਦ ਇਸ ਨੇ ਈਸਵਰ ਤੋਂ ਭੁੱਲ ਬਖਸ਼ਾਈ। ਇਹ ਬਖਸ਼ਿਆ ਗਿਆ ਅਤੇ ਹੇਠਾਂ ਵੱਲ ਆਉਂਦਾ ਆਉਂਦਾ ਰਸਤੇ ਵਿਚ ਰੁੱਕ ਗਿਆ।"[275] ਇਸ ਨਗਰ ਨੂੰ ਹਰਿਚੰਦਉਰੀ ਕਹਿੰਦੇ ਹਨ ਅਤੇ ਵਿਸ਼ਵਾਸ਼ ਕੀਤਾ ਜਾਂਦਾਹੈ ਕਿ ਇਹ ਨਗਰ ਅਜੇ ਵੀ ਅਸਮਾਨ ਵਿਚ ਲਟਕ ਰਿਹਾ ਹੈ। ਜੋਨ ਡੋਸਨ ਅਨੁਸਾਰ, ਇਸ ਬਾਰੇ ਇਹ ਆਮ ਵਿਸ਼ਵਾਸ ਹੈ ਕਿ ਇਹ ਸੁਹਿਰ ਪੁਲਾੜ ਵਿਚ ਤੁਰੇ ਤੁਰੇ ਹੁਣ ਵੀ ਦਿਸਦਾ ਹੈ।[276]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਹਰਿਚੰਦਉਰੀ ਨਗਰ ਸਬੰਧੀ ਸੰਕੇਤ ਮਿਲਦਾ ਹੈ:

ਸਾਧ ਸੰਗਤਿ ਰਹਰਾਸਿ ਹੈ ਹਰਿ ਚੰਦਉਰੀ ਨਗਰੁ ਵਸੰਦਾ।[277]

ਅਰਥਾਤ ਸਾਧ ਸੰਗਤ ਹੀ ਸਿਧਾ ਰਸਤਾ ਹੈ। ਸੰਸਾਰ ਹਰਿਚੰਦਉਰੀ ਨਗਰ ਵਾਂਗੂੰ ਹੈ ਅਰਥਾਤ ਭਰਮ ਹੈ।

ਵਾਰ 36 ਦੀ ਸਤਵੀਂ ਪਉੜੀ ਵਿਚ ਭਾਈ ਸਾਹਿਬ ਨੇ ਮੀਣਿਆਂ ਦੀ ਸੰਗਤ ਨੂੰ ਵੀ ਇਸੇ ਭਰਮ ਨਗਰੀ ਦਾ ਰੂਪ ਦਿੱਤਾ ਹੈ:

ਹਰਿ ਚੰਦਉਰੀ ਦੇਖਿਕੈ ਕਰਦੇ ਭਰਵਾਸਾ

- - - - - - - - - - - - - -

ਰਲੈ ਜੁ ਸੰਗਤਿ ਮੀਣਿਆਂ ਉਠਿ ਚਲੈ ਨਿਰਾਸਾ।[278]

ਦੇਵ ਲੋਕ :

ਹਿੰਦੂ ਪੌਰਾਣਿਕ ਗ੍ਰੰਥਾਂ ਵਿਚ ਹਰੇਕ ਦੇਵਤੇ ਦਾ ਆਪਣਾ ਆਪਣਾ ਵੱਖਰਾ ਲੋਕ ਮੰਨਿਆ

ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਬ੍ਰਹਮਾ ਆਦਿ ਦੇਵਤਿਆਂ ਦੇ ਰਹਿਣ ਦੀਆਂ ਪਰੀਆਂ ਨੂੰ ਦੇਵ ਲੋਕ ਕਿਹਾ ਜਾਂਦਾ ਹੈ।"[279] ਆਮ ਤੌਰ ਤੇ ਤਿੰਨ ਮੁੱਖ ਲੋਕ ਮੰਨੇ ਗਏ ਹਨ: ਸਵਰਗ, ਮਾਤ ਤੇ ਪਾਤਾਲ। ਕਈ ਵਿਦਵਾਨਾਂ ਨੇ ਇਨ੍ਹਾਂ ਦੀ ਗਿਣਤੀ ਸੱਤ ਮੰਨੀ ਹੈ, ਪ੍ਰਿਥਵੀ ਲੋਕ, ਅਕਾਸ਼ ਲੋਕ, ਸਵਰਗ,ਲੋਕ, ਮੱਧ ਲੋਕ, ਜਨਮ ਅਸਥਾਨ ਲੋਕ, ਭਾਗਸ਼ਾਲੀ ਲੋਕ ਅਤੇ ਸਤਯ ਲੋਕ।[280]

ਭਾਈ ਗੁਰਦਾਸ ਵਾਰਾਂ ਵਿਚ ਦੇਵ ਲੋਕਾਂ ਦੀ ਗਿਣਤੀ ਜਾਂ ਵਰਗੀਕਰਣ ਵਿਚ ਨਹੀਂ ਪਏ ਉਨ੍ਹਾਂ ਨੇ ਇਨ੍ਹਾਂ ਸਬੰਧੀ ਹਵਾਲੇ ਜ਼ਰੂਰ ਦਿੱਤੇ ਹਨ:

ਦੇਵ ਲੋਕ ਨੋ ਚਲਿਆ ਹਾਣ ਗੰਧਰਬੁ ਸਭਾ ਸੁਖਵਾਸੀ।[281]

ਉਪਰੋਕਤ ਪ੍ਰਸੰਗ ਰਾਜਾ ਜਨਮ ਦੇ ਸੰਦਰਭ ਵਿਚ ਆਇਆ ਹੈ ਕਿ ਉਹ ਜਦੋਂ ਦੇਵ ਲੋਕ ਨੂੰ ਚਲਾ ਗਿਆ ਤਾਂ ਉਸ ਨਾਲ ਗੰਦਰਬ ਅਤੇ ਹਰਿ ਗਣਾਂ ਦੀ ਸਭਾ ਵੀ ਨਾਲ ਹੀ ਰਹੀ ਸੀ।

ਨਰਕ/ਜਮਪੁਰੀ :

ਹਿੰਦੂ ਪੁਰਾਤਨ ਗ੍ਰੰਥਾਂ ਵਿਚ ਨਰਕ ਦਾ ਡਰਾਉਣਾ ਚਿੱਤਰਣ ਉਲੀਕਿਆ ਗਿਆ ਹੈ। ਇਸ ਨੂੰ ਜਮਪੁਰੀ ਵੀ ਕਿਹਾ ਜਾਂਦਾ ਹੈ। ਇਸ ਦੇ ਸਮਾਨਤਰ ਇਸਲਾਮ ਵਿਚ 'ਦੋਜ਼ਖ' ਅਤੇ ਈਸਾਈ ਧਰਮ ਵਿਚ 'ਹੈਲ' ਦੀ ਮਨੌਤ ਹੈ। ਦੁਨੀਆਂ ਦੇ ਹਰ ਇਕ ਧਰਮ ਵਿਚ ਇਕ ਅਜੇਹਾ ਵਿਸ਼ਵਾਸ਼ ਚਲਿਆ ਆ ਰਿਹਾ ਹੈ ਕਿ ਚੰਗੇ ਕਰਮ ਕਰਨ ਵਾਲਿਆਂ ਨੂੰ 'ਸਵਰਗ' ਦੇ ਸੁੱਖ ਮਿਲਦੇ ਹਨ ਅਤੇ ਮਾੜੇ ਕਰਮ ਕਰਨ ਵਾਲਿਆਂ ਨੂੰ ਨਰਕ ਜਾਂ ਜਮਪੁਰੀ ਦੇ ਦੁੱਖ ਸਹਾਰਨੇ ਪੈਂਦੇ ਹਨ। ਇਸ ਪ੍ਰਕਾਰ ਨਰਕ ਇਕ ਅਜਿਹਾ ਸਥਾਨ ਹੈ ਜਿਥੇ ਪਾਪ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਪਾਪਾਂ ਅਨੁਸਾਰ ਦੰਡ ਭੁਗਤਣਾ ਪੈਂਦਾ ਹੈ। ਹਿੰਦੂ ਪੁਰਾਤਨ ਗ੍ਰੰਥਾਂ ਵਿਚ ਨਰਕਾਂ ਦੇ ਕਈ ਭੇਦ ਕੀਤੇ ਗਏ ਹਨ। "ਮਨੂ ਸਿਮ੍ਰਤੀ ਵਿਚ 21 ਨਰਕਾਂ ਦਾ ਜਿਕਰ ਹੈ ਜਿਵੇਂ ਕਿ ਤਾਮਿਸ੍ਰ, ਤਾਮਿਸ੍ਰ ਅੰਧ, ਰੌਰਵ, ਮਹਾਂ ਰੌਰਵ, ਨਰਕ, ਮਹਾਂ ਨਰਕ, ਕਾਲ ਸੂਤ੍ਰ, ਸੰਜੀਵਨ, ਮਹਾਂਬੀਚੀ, ਤਾਪਨ, ਸੰਪ੍ਰਤਾਪਨ, ਸੰਗਤ, ਸੰਕਾ ਲੋਲ, ਕੁਡਮਲ, ਪ੍ਰਤਿਮੂਰਤਕ, ਲੋਹ ਸ਼ੰਕੂ ਰਿਜਿਸ਼, ਸ਼ਾਲਮਲੀ, ਵੈਤਰਣੀ, ਅਸਿਪਤ੍ਰਵਨ ਤੇ ਲੋਹ ਦਾਰਨ।"[282]

ਨਰਕਾਂ ਵਿਚ ਦਿਤੀਆਂ ਜਾਣ ਵਾਲੀਆਂ ਸਜਾਵਾਂ ਬਾਰੇ ਨਾਰਦ ਪੁਰਾਣ ਵਿਚ ਦਰਜ

ਹੈ ਕਿ, ਨਰਕਾਂ ਭੋਗਦ ਸਜਾਵਾਂ ਸਹਿਣੀਆਂ ਪੈਂਦੀਆਂ ਹਨ। ਬਿਛੂਆਂ ਅਤੇ ਸੱਪਾਂ ਤੋਂ ਡਸਾਇਆ ਜਾਂਦਾ ਹੈ, ਕੀੜਿਆਂ ਤੇ ਸੌਣਾ ਪੈਂਦਾ ਹੈ, ਕੌੜਾ ਜਲ ਪੀਣ ਨੂੰ ਅਤੇ ਨਿਰਾ ਲੂਣ ਖਾਣ ਨੂੰ ਮਿਲਦਾ ਹੈ। ਉਬਲਦੇ ਪਾਣੀ ਵਿਚ ਨਹਾ ਕੇ ਗਰਮ ਚਾਦਰਾਂ ਉਤੇ ਲੇਟਣ ਲਈ ਮਜਬੂਰ ਕੀਤਾ ਜਾਂਦਾ ਹੈ। ਪੁੱਠਾ ਲਟਕਾਇਆ ਜਾਂਦਾ ਹੈ ਅਤੇ ਪਾਪੀਆਂ ਦੀਆਂ ਜੀਭਾਂ ਨੂੰ ਚਿਮਟਿਆਂ ਨਾਲ ਖਿਚਿਆ ਜਾਂਦਾ ਹੈ। ਲਹੂ, ਮਿਝ ਅਤੇ ਦੁਰਗੰਧਿਕ ਪਦਾਰਥ ਖਾਣ ਨੂੰ ਮਿਲਦੇ ਹਨ। ਇਨ੍ਹਾਂ ਸਜਾਵਾਂ ਦਾ ਸਮਾਂ ਹਜਾਰਾਂ ਸਾਲਾਂ ਤੱਕ ਚਲਦਾ ਹੈ ਅਤੇ ਪਾਪੀਆਂ ਨੂੰ ਮਿਲਣ ਵਾਲੀਆਂ ਸਜਾਵਾਂ ਦੀ ਗਿਣਤੀ ਐਨੀ ਜ਼ਿਆਦਾ ਹੈ ਕਿ ਵਿਸਨੂੰ ਭਗਵਾਨ ਹੀ ਗਿਣ ਸਕਦੇ ਹਨ।"[283]

ਗੁਰਬਾਣੀ ਵਿਚ ਨਰਕਾਂ ਦੀ ਕਿਸੇ ਪ੍ਰਕਾਰ ਦੀ ਹੋਂਦ ਨੂੰ ਜਾਂ ਕਿਸਮ ਨੂੰ ਸਵੀਕਾਰ ਨਹੀਂ ਕੀਤਾ ਗਿਆ। ਜੀਵ ਨੂੰ ਭੈੜੇ ਕਰਮ ਨਾ ਕਰਨ ਦੀ ਤਾੜਨਾ ਵਜੋਂ ਨਰਕਾਂ ਵਿਚ ਜਾਣ ਦਾ ਡਰ ਜ਼ਰੂਰ ਪਾਇਆ ਗਿਆ ਹੈ:

ਪਾਪ ਪੁੰਨ ਤਹ ਭਈ ਕਹਾਵਤ।
ਕੋਊ ਨਰਕ ਕੋਊ ਸੁਰਗ ਬੰਛਾਵਤ।[284]

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਨਰਕ ਸਬੰਧੀ ਸੰਕੇਤ ਮਿਲਦਾ ਹੈ ਕਿ ਗੁਰਸਿੱਖ ਦੁੱਖ ਸੁੱਖ ਨੂੰ ਸਾਧ ਕੇ ਹਰਖ, ਸੋਗ, ਨਰਕ ਸੁਰਗ, ਪੁੰਨ ਪਾਪ ਤੋਂ ਵੀ ਔਗੇ ਲੰਘ ਗਏ ਹਨ ਕਿਉਂਕਿ ਗੁਰਸਿੱਖ ਦਵੈਤ ਤੋਂ ਰਹਿਤ ਹੈ ਅਤੇ ਨਰਕ ਸਵਰਗ ਦੇ ਖਿਆਲੀ ਪੁਲਾਵਾਂ ਮਗਰ ਨਹੀਂ ... ਲਗਦਾ:

ਸੁੱਖ ਦੁੱਖ ਸਾਧੇ ਹਰਖ ਸੋਗ ਨਰਕ ਸੁਰਗ ਪੁੰਨ ਪਾਪ ਲੰਘਾਏ।[285]

ਇਸ ਪ੍ਰਕਾਰ ਗੁਰਬਾਣੀ ਵਾਂਗ ਹੀ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਨਰਕ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਗਿਆ।

ਪਾਤਾਲਪੁਰੀ :

ਪ੍ਰਿਥਵੀ ਦੇ ਹੇਠਲੇ ਲੋਕਾਂ ਵਿਚੋਂ ਸਤਵਾਂ ਲੋਕ ਹੈ।[286] ਵਿਸਨੂੰ ਪੁਰਾਣ ਅਨੁਸਾਰ ਇਨ੍ਹਾਂ

ਦੇ ਨਾਮ ਇਹ ਹਨ: ਅਤਲ, ਨਿਤਲ, ਵਿਤਲ, ਗਭਸੁਤਿਮਤ, ਮਹਾਤਾਲ, ਸੁਤਲ ਤੇ ਪਾਤਾਲ। ਪਦਮ ਪੁਰਾਣ ਵਿਚ ਇਹਨਾਂ ਸੱਤਾਂ ਪਾਤਾਲਾਂ ਦੇ ਨਾਲ ਇਨ੍ਹਾਂ ਦੇ ਸ਼ਾਸ਼ਕਾਂ ਦੇ ਨਾਮ ਵੀ ਦਿੱਤੇ ਹਨ:

1) ਅਤਲ - ਇਹ ਮਹਾਮਾਇਆ ਦੇ ਅਧੀਨ ਹੈ।

2) ਵਿਤਲ- ਇਥੇ ਹਾਟਕੇਸ਼੍ਵਰ, ਜੋ ਕਿ ਸ਼ਿਵਜੀ ਦਾ ਇਕ ਰੂਪ ਹੈ, ਦਾ ਰਾਜ ਹੈ।

3) ਸੁਤਲ - ਇਥੇ ਬਲੀ ਦਾ ਰਾਜ ਹੈ।

4) ਤਲਾਤਲ- ਇਥੇ ਮਾਇਆ ਦਾ ਰਾਜ ਹੈ।

5) ਮਹਾਤਲ- ਇਥੇ ਅਜਹਦ ਰਹਿੰਦੇ ਹਨ।

6) ਰਸਾਤਲ- ਇਥੇ ਦੈਂਤ ਤੇ ਦਾਨਵ ਰਹਿੰਦੇ ਹਨ।

7) ਪਾਤਾਲ- ਸਭ ਤੋਂ ਹੇਠਲਾ ਦੇਸ਼ ਹੈ, ਇਥੇ ਵਾਸਕੀ, ਮੁੱਖੀ ਨਾਗ ਦੇਵਤਿਆਂ ਤੇ ਰਾਜ ਕਰਦਾ ਹੈ।

ਸ਼ਿਵ ਪੁਰਾਣ ਅਨੁਸਾਰ ਇਹ ਅੱਠ ਹਨ। ਜਦੋਂ ਨਾਰਦ ਰਿਸ਼ੀ ਇਨ੍ਹਾਂ ਪਾਤਲਾਂ ਨੂੰ ਦੇਖਣ ਗਿਆ ਤਾਂ ਉਸ ਨੇ ਆਪਣੀ ਵਾਪਸੀ ਤੇ ਇਨ੍ਹਾਂ ਦੀ ਬੜੀ ਪ੍ਰਸੰਸਾ ਕੀਤੀ।ਉਸ ਨੇ ਕਿਹਾ ਕਿ ਇਹ ਪ੍ਰਦੇਸ਼ ਇੰਦਰਪੁਰੀ ਨਾਲੋਂ ਵੀ ਜ਼ਿਆਦਾ ਸੋਹਣੇ ਹਨ ਅਤੇ ਇਥੇ ਹਰ ਤਰ੍ਹਾਂ ਦੇ ਐਸ਼ੋ ਇਸ਼ਰਤ ਦੇ ਸਮਾਨ ਮਿਲਦੇ ਹਨ।[287] ਭਾਈ ਗੁਰਦਾਸ ਨੇ ਪਾਤਾਲ ਪੁਰੀ ਸਬੰਧੀ ਸੰਕੇਤ ਬਲ ਰਾਜੇ ਦੇ ਪ੍ਰਸੰਗ ਵਿਚ ਦਿੱਤਾ ਹੈ:

ਦਿਤਾ ਰਾਜ ਪਾਤਾਲ ਦਾ ਹੋਇ ਅਧੀਨੁ ਭਗਤਿ ਜਸੁ ਗਾਵੈ।[288]

<u>ਮਾਨ ਸਰੋਵਰ :</u>

ਮਾਨਸਰੋਵਰ, ਹਿਮਾਲੀਆ ਦੀ ਇਕ ਪ੍ਰਸਿਧ ਝੀਲ ਦਾ ਨਾਮ ਹੈ। "ਵਾਯੂ ਪੁਰਾਣ ਵਿਚ ਦਰਜ ਹੈ ਕਿ ਜਦੋਂ ਸਮੁੰਦਰ ਨੂੰ ਸਵਰਗ ਤੋਂ ਥੱਲੇ ਸੁਟਿਆ ਗਿਆ ਤਾਂ ਉਹ ਸੁਮੇਰ ਪਰਬਤ ਤੇ ਡਿੱਗ ਕੇ ਚਾਰ ਝੀਲਾਂ ਦੇ ਰੂਪ ਵਿਚ ਵਟ ਗਿਆ। ਇਹ ਚਾਰ ਝੀਲਾਂ ਚਾਰ ਦਿਸ਼ਾਵਾਂ ਵਿਚ ਹਨ— ਪੂਰਬ ਵਿਚ ਅਰੁਣੋਦ, ਪੱਛਮ ਵਿਚ ਸ਼ਿਤੋਦ, ਉੱਤਰ ਵਿਚ ਮਹ ਭਾਦਰ ਅਤੇ ਦੱਖਣ ਵਿਚ

ਮਾਨਸਰੋਵਰ।[289] ਇਸ ਝੀਲ ਦੇ ਕਿਨਾਰੇ ਉਤੇ ਹੰਸ ਰਹਿੰਦੇ ਮੰਨੇ ਜਾਂਦੇ ਹਨ। ਇਸ ਦਾ ਸੰਕੇਤ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸ ਤਰ੍ਹਾਂ ਮਿਲਦਾ ਹੈ:

ਹੰਸ ਵੰਸੁ ਵਸਿ ਮਾਨਸਰਿ ਮਾਣਕ ਮੋਤੀ ਚੋਗ ਚੁਗਾਣੈ।
ਗਿਆਨਿ ਧਿਆਨਿ ਸਿਮਰਣਿ ਸਦਾ ਸਤਿਗੁਰੁ ਸਿਖੁ ਰਖੈ ਨਿਰਬਾਣੈ।[290]

ਅਰਥਾਤ ਜਿਸ ਤਰ੍ਹਾਂ ਹੰਸਾਂ ਦੇਬੱਚੇ ਮਾਨਸਰੋਵਰ ਤੇ ਵੱਸਕੇ ਮਾਣਕ ਤੇ ਮੋਤੀ ਚੁਗਦੇ ਹਨ ਇਸੇ ਤਰ੍ਹਾਂ ਹੀ ਸਤਿਗੁਰੂ, ਸਿੱਖ ਨੂੰ ਗਿਆਨ ਧਿਆਨ ਦਾ ਸਿਮਰਨ ਦੇ ਕੇ ਹਮੇਸ਼ਾ ਲਈ ਬੰਧਨਾਂ ਤੋਂ ਰਹਿਤ ਰੱਖਦੇ ਹਨ। ਭਾਈ ਗੁਰਦਾਸ ਨੇ ਧਰਮਸਾਲ ਨੂੰ ਸਿੱਖ ਦੀ ਮਾਨਸਰੋਵਰ ਕਿਹਾ ਹੈ। ਅਤੇ ਗੁਰਸਿੱਖ ਨੂੰ ਧੰਨਤਾ ਯੋਗ ਹੰਸਾ ਕਿਹਾ ਹੈ:

ਧਰਮਸਾਲ ਹੈ ਮਾਨਸਰੁ ਹੰਸ ਗੁਰ ਸਿਖ ਵਾਹੁ।[291]

ਉਪਰੋਕਤ ਮਿਥਿਹਾਸਕ ਸੰਕੇਤਾਂ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਤ੍ਰੈ ਲੋਕ (3/11, 7/3), ਚਾਰ ਯੁੱਗ (1/5, 7/4), ਸੱਤ ਸਮੁੰਦਰ, ਸੱਤ ਦੀਪ, ਸੱਤ ਜਤੀ, ਸੱਤ ਆਕਾਸ਼, ਸੱਤ ਪਾਤਾਲ, ਸੱਤ ਧਾਰਾ, ਸੱਤ ਰੋਹਣੀਆ, ਸੱਤ ਰਿਖੀਂ, ਸੱਤ ਸੁਹਾਗਣਾ, ਸੱਤ ਪੁਰੀਆਂ

ਸਤ ਸਮੁੰਦ ਉਲੰਘਿਆ ਦੀਪ ਸਤ ਇਕ ਦੀਪਕ ਬਲਿਆ।
ਸਤ ਸੂਤ ਇਕ ਸੂਤਿ ਕਰਿ ਸਤੇ ਪੁਰੀਆ ਲੰਘਿ ਉਛਲਿਆ।
ਸਤ ਸਤੀ ਜਿਣਿ ਸਪਤ ਰਿਖੀ ਸਤਿ ਸੁਰਾ ਜਿਣਿ ਅਟੁਲੁ ਨ ਟਲਿਆ।
ਸਤੇ ਸੀਵਾ ਸਾਧਿਕੈ ਸਤੀ ਥੀਵੀ ਸੁਫਲਿਓ ਫਲਿਆ।
ਸਤ ਅਕਾਸ ਪਤਾਲ ਸਤ ਵਸਿਗਤਿ ਕਰਿ ਉਪਰੇਰੈ ਚਲਿਆ।
ਸਤੇ ਧਾਰੀ ਲੰਘਿਕੈ ਭੈਰਉ ਖੇਤ੍ਰਪਾਲ ਦਲ ਮਲਿਆ।
ਸਤੇ ਰੋਹਣਿ ਸਤਿ ਵਾਰ ਸਤਿ ਸੁਹਾਗਣਿ ਸਾਧ ਨ ਛਲਿਆ।
ਗੁਰਮੁਖਿ ਸਾਧ ਸੰਗਤਿ ਵਿਚ ਖਲਿਆ।[292]

(7/7) ਨੌ ਗ੍ਰਹਿ (1/28, 9/17), ਨੌ ਨਾਦ (1/15), ਨੌ ਨਿਧਾਨ, ਨੌ ਨਿਧੀਆਂ (7/9) ਚੌਦਾਂ ਰਤਨ, ਚੌਦਾਂ ਭਵਨ (7/14), ਸੋਲਾਂ ਕਲਾ (7/14) ਅਠਾਰਾਂ ਸਿਧੀਆਂ (1/14, 5/7) , ਅਠਾਰਹ ਤੀਰਥ (6/17, 15/2, 15/10) ਚੌਰਾਸੀ ਸਿੱਧ (1/28) ਚੌਰਾਸੀ ਲੱਖ ਜੂਨ (1/3), ਤੇਤੀ ਕਰੋੜ ਦੇਵਤੇ (4/21) ਆਦਿ ਦਾ ਸੰਕੇਤ ਮਿਲਦਾ ਹੈ। ਇਨ੍ਹਾਂ ਮਿਥਿਹਾਸਕ ਸੰਕੇਤਾਂ ਦੀ ਵਰਤੋਂ ਮਿਥਕ ਸ਼ਬਦਾਵਲੀ ਦੇ ਰੂਪ ਵਿਚ ਹੋਈ ਹੈ।

ਅੰਤ ਵਿਚ ਗੁਰਮੁੱਖ ਨੂੰ ਉੱਤਮ ਮੰਨਿਆ ਹੈ ਕਿਉਂਕਿ ਉਹ ਸਾਧ ਸੰਗਤ ਵਿਚ ਜਾ ਕੇ ਇਨ੍ਹਾਂ ਸਭ ਕਰਮਾਂ ਭਰਮਾਂ ਤੋਂ ਦੂਰ ਰਹਿੰਦਾ ਹੈ।

ਉਪਰੋਕਤ ਵਿਚਾਰ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਿਥਿਹਾਸਕ ਸ਼ਖਸੀਅਤਾਂ ਅਤੇ ਸਥਾਨਾਂ ਸੰਬੰਧੀ ਸੰਕੇਤ ਪ੍ਰਸੰਗਕ ਰੂਪ ਵਿਚ ਆਏ ਹਨ। ਇਨ੍ਹਾਂ ਵਿਚ ਦੇਵੀ-ਦੇਵਤੇ, ਅਵਤਾਰ , ਰਿਸ਼ੀ, ਮੁਨੀ, ਦੈਂਤ, ਰਮਾਇਣ ਤੇ ਮਹਾਂਭਾਰਤ ਨਾਲ ਸੰਬੰਧਤ ਸ਼ਖਸੀਅਤਾਂ ਆਦਿ ਮੁੱਖ ਹਨ। ਇਨ੍ਹਾਂ ਸੰਕੇਤਾਂ ਰਾਹੀਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਭਾਈ ਸਾਹਿਬ ਦਾ ਇਨ੍ਹਾਂ ਦੀ ਪੇਸ਼ਕਾਰੀ ਸਮੇਂ ਮੰਤਵ ਇਨ੍ਹਾਂ ਨੂੰ ਮੁੱਖ ਦਿਖਾਉਣਾ ਜਾਂ ਇਨ੍ਹਾਂ ਵਿਚ ਸ਼ਰਧਾ ਪ੍ਰਗਟ ਕਰਨਾ ਨਹੀਂ ਹੈ ਅਤੇ ਉਹ ਨਾ ਹੀ ਇਨ੍ਹਾਂ ਦੀ ਪੇਸ਼ਕਾਰੀ ਰਾਹੀਂ ਲੋਕਾਂ ਵਿਚ ਇਨ੍ਹਾਂ ਪ੍ਰਤੀ ਪੁਰਾਣੇ ਵਿਸ਼ਵਾਸ਼ਾਂ ਨੂੰ ਉਜਾਗਰ ਕਰਨਾ ਚਾਹੁੰਦੇ ਹਨ। ਭਾਈ ਸਾਹਿਬ ਨੇ ਤਾਂ ਇਨ੍ਹਾਂ ਸਾਰਿਆਂ ਨੂੰ ਬਾਕੀ ਸਧਾਰਨ ਜੀਵਾਂ ਵਾਂਗ ਸ੍ਰਿਸ਼ਟੀ ਤੇ ਵਿਚਰਦੇ ਪੇਸ਼ ਕੀਤਾ ਹੈ ਅਤੇ ਕੋਈ ਵਿਸ਼ੇਸ਼ ਸ਼ਖਸੀਅਤ ਵਜੋਂ ਸਵੀਕਾਰ ਨਹੀਂ ਕੀਤਾ। ਭਾਈ ਸਾਹਿਬ ਅਨੁਸਾਰ ਇਹ ਮੋਹ ਮਾਇਆ ਵਿਚ ਜਕੜੇ ਹੋਏ ਹਨ ਅਤੇ ਗੁਰਮੁੱਖ ਮੋਹ ਮਾਇਆ ਦੇ ਜਾਲ ਤੋਂ ਮੁਕਤ ਹੋਣ ਕਰਕੇ ਇਨ੍ਹਾਂ ਤੋਂ ਉੱਤਮ ਹੈ। ਇਨ੍ਹਾਂ ਮਿਥਿਹਾਸਕ ਸ਼ਖਸੀਅਤਾਂ ਅਤੇ ਉਨ੍ਹਾਂ ਨਾਲ ਸੰਬੰਧਤ ਘਟਨਾਵਾਂ ਦੇ ਨਾਲ ਸਥਾਨ ਵੀ ਜੁੜੇ ਹੋਏ ਹਨ। ਇਨ੍ਹਾਂ ਦੀ ਹੋਂਦ ਬਾਰੇ ਕੋਈ ਪੱਕਾ ਪ੍ਰਮਾਣ ਨਹੀਂ ਮਿਲਦਾ।

ਭਾਈ ਗੁਰਦਾਸ ਨੇ ਇਨ੍ਹਾਂ ਮਿਥਿਹਾਸਕ ਸ਼ਖਸੀਅਤਾਂ ਤੇ ਸਥਾਨਾਂ ਨੂੰ ਵਾਰਾਂ ਵਿਚ ਇਸ ਲਈ ਨਿਰੂਪਣ ਕੀਤਾ ਹੈ ਕਿਉਂਕਿ ਇਹ ਵਿਚਾਰ ਮੁੱਖ ਰੂਪ ਵਿਚ ਉਘੜਦਾ ਹੈ ਕਿ ਭਾਈ ਸਾਹਿਬ ਨੇ ਕਿਸੇ ਸ਼ਖਸੀਅਤ ਜਾਂ ਸਥਾਨ ਵਿਚ ਵਿਸ਼ਵਾਸ਼ ਪ੍ਰਗਟ ਨਹੀਂ ਕੀਤਾ ਸਗੋਂ ਲੋਕਾਂ ਨੂੰ ਗੁਰਮਤਿ ਦੇ ਸਿਧਾਂਤਾਂ ਪ੍ਰਤੀ ਜਾਣੂ ਕਰਾਉਣ ਲਈ ਇਹਨਾਂ ਨੂੰ ਦ੍ਰਿਸ਼ਟਾਂਤ ਵਜੋਂ ਵਰਤਿਆ ਹੈ।

## ਹਵਾਲੇ ਅਤੇ ਟਿੱਪਣੀਆਂ

1. ਹਿੰਦੂ ਮਿਥਿਹਾਸ ਕੋਸ਼, ਪੰ. 271-72
2. ਪਦਮ ਪੁਰਾਣ, ਪੰ. 91
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 7 (ਜਪੁ)
4. ਵਾਰ 26/2
5. ਬ੍ਰਹਮਾ ਬਿਸਨੁ ਮਹੇਸ਼ ਤ੍ਰੈ ਸੰਸਾਰੀ ਭੰਡਾਰੀ ਰਾਜੇ। (26/18-1)
6. ਬ੍ਰਹਮਾ ਬਿਸਨੁ ਮਹੇਸੁ ਮਿਲਿ ਕਥਿ ਵੇਦ ਪੁਰਾਣੇ (13/14-3)
7. ਵਾਰ 21/2
8. William H.De, Brahamnic Mythology, (Asiatic Mythology), p.118
9. Thomas, P, Erics, Myths, and Legends of India, p.23
10. ਮਤਸਯ ਪੁਰਾਣ, 170/9-12
11. ਜੋਨ ਡੋਸਨ, ਹਿੰਦੂ ਮਿਥਿਹਾਸ ਕੋਸ਼, ਪੰ. 331
12. Thomas, P., Erics, Myths and Legends of India, p.23
13. ਮਹਿਤਾਬ ਸਿੰਘ, ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਪੰ. 147
14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 224
15. ਵਾਰ 12/7
16. ਵਾਰ 39/14
17. ਹਿੰਦੂ ਮਿਥਿਹਾਸ ਕੋਸ਼, ਪੰ. 538

18. Thomas,P, *Erics, Myths and Legends of India*, p.24

19. Ibid, p. 23

20. ਦਸ ਅਵਤਾਰ ਅਕਰ ਕਰਿ ਏਕੰਕਾਰ ਨ ਅਲਖ ਲਖਾਇਆ (7/10-2)

21. ਦਸ ਅਵਤਾਰੀ ਬਿਸਨ ਭਣੀਦੇ। (26/14-2)

22. ਵਾਰ 39/15

23. ਜੋਨ ਡੋਸਨ, *ਹਿੰਦੂ ਮਿਥਿਹਾਸ ਕੋਸ਼*, ਪੰ. 120

24. ਮਹਿਤਾਬ ਸਿੰਘ, ਮਾਸਟਰ, *ਨਾਵਾਂ ਤੇ ਥਾਵਾਂ ਦਾ ਕੋਸ਼*, ਪੰ. 183

25. ਜੋਨ ਡੋਸਨ, *ਹਿੰਦੂ ਮਿਥਿਹਾਸ ਕੋਸ਼*, ਪੰ. 500-501

26. ਵਾਰ 39/16-1

27. ਮਹਿਤਾਬ ਸਿੰਘ, ਮਾਸਟਰ, *ਨਾਵਾਂ ਤੇ ਥਾਵਾਂ ਦਾ ਕੋਸ਼*, ਪੰ. 184

28. Thomas, P, *Erics, Myths and Legends of India*, p.43

29. ਬੇਦੀ, ਵਣਜਾਰਾ, *ਪੰਜਾਬੀ ਲੋਕਧਾਰਾ ਵਿਸ਼ਵਕੋਸ਼*, ਜਿਲਦ ਤੀਜੀ, ਪੰ. 679

30. ਗਿਆਰਾ ਭਦ੍ਰ ਸੰਮੁਦ੍ਰ ਵਿਚਿ ਪਲ ਦਾ ਪਾਰਾਵਾਰੁ ਨ ਪਾਇਆ (7/11)

31. ਵਾਰ 26/17

32. ਵਾਰ 12/9

33. ਬੇਦੀ, ਵਣਜਾਰਾ, *ਪੰਜਾਬੀ ਲੋਕਧਾਰਾ ਵਿਸ਼ਵ ਕੋਸ਼*, ਜਿਲਦ ਦੂਜੀ, ਪੰ. 350

34. *ਹਿੰਦੂ ਮਿਥਿਹਾਸ ਕੋਸ਼*, ਪੰ. 6[illegible]

35. William,H.,De,*Brahamnic Mythology*, p.108

36. ਜੋਨ ਡੋਸਨ, *ਹਿੰਦੂ ਮਿਥਿਹਾਸ ਕੋਸ਼*, ਪੰ. 71-72

37. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 1344

38. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1041, 470

39. ਵਾਰ 10/12

40. ਵਾਰ 26/14

41. ਨਾਵਾਂ ਤੇ ਥਾਵਾਂ ਦਾ ਕੋਸ਼, ਪੰ. 173-74

42. ਜੋਨ ਡੌਸਨ, ਹਿੰਦੂ ਮਿਥਿਹਾਸ ਕੋਸ਼, ਪੰ. 53-54

43. ਵਾਰ 23/10

44. ਬੇਦੀ, ਵਣਜਾਰਾ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਚੌਥੀ, ਪੰ. 952

45. ਵਿਸ਼ਨੂੰ ਪੁਰਾਣ, ਪੰ. 5/17-1[illegible]

46. ਹਿੰਦੂ ਮਿਥਿਹਾਸ ਕੋਸ਼, ਪੰ [illegible]4

47. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1020

48. ਵਾਰ 23/10

49. ਮਹਿਤਾਬ ਸਿੰਘ, ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਪੰ. 186

50. ਵਾਰ 23/10

51. ਹਿੰਦੂ ਮਿਥਿਹਾਸ ਕੋਸ਼, ਪੰ. 55

52. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 2[illegible]4

53. ਵਾਰ 23/10-4

54. ਹਿੰਦੂ ਮਿਥਿਹਾਸ ਕੋਸ਼, ਪੰ. 55-56

55. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1344

56. ਉਹੀ, ਪੰ. 244

57. ਵਾਰ 23/6

58. ਮਹਾਨ ਕੋਸ਼, ਪੰ. 557

59. ਮਹਾਂਭਾਰਤ ਆਰਣਿਅਕਪਰਵ, 11[illegible]/14

60. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 953

61. ਵਾਰ 23/7

62. ਹਿੰਦੂ ਮਿਥਿਹਾਸ ਕੋਸ਼, ਪੰ. 483

63. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 942

64. ਉਹੀ, ਪੰ. 1412

65. ਉਹੀ, ਪੰ. 350

66. ਉਹੀ, ਪੰ. 8 (ਜਪੁਜੀ)

67. ਤ੍ਰੇਤੇ ਛੱਤ੍ਰੀ ਰੂਪ ਧਰਿ ਸੂਰਜ ਬੰਸੀ ਵਡ ਅਉਤਾਰਾ (1/6-1)

68. ਰਾਮਚੰਦ ਨਿਰਮਲ ਪੁਰਖ ਧਰਮਹੁੰ ਸਾਹਿਬ ਪੱਥਰ ਤਰਿਆ (31/18-4)

69. ਵਾਰ 23/8)

70. ਰਾਮਾਇਣ ਵਰਤਾਇਆ ਰਾਮ ਰਾਜ ਕਰ ਸਿਸ੍ਰਟ ਉਧਾਰੀ"। (31-20-5)

71. ਹਿੰਦੂ ਮਿਥਿਹਾਸ ਕੋਸ਼, ਪੰ. 56

72. ਸੰਪੂਰਨਾਨੰਦ (ਡਾ.), ਹਿੰਦੂ ਦੇਵ ਪਰਿਵਾਰ ਦਾ ਵਿਕਾਸ, ਪੰ. 157

73. ਉਹੀ, ਪੰ. 350

74. ਜਮਿ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵੱਡਾ ਭਇਆ, ਪੰ. 350

75. ਉਹੀ, ਪੰ. 754

76. ਉਹੀ, ਪੰ. 1041

77. ਵਾਰ 23/9

78. ਹਿੰਦੂ ਮਿਥਿਹਾਸ ਕੋਸ਼, ਪੰ. 56

79. ਆਖਹਿ ਕੇਤੇ ਕੀਤੇ ਬੁਧ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 3 (ਜਪੁਜੀ)

80. ਵਾਰ 1/18

81. ਹਿੰਦੂ ਮਿਥਿਹਾਸ ਕੋਸ਼, ਪੰ. 57

82. ਵਾਰ 39/15-4

83. ਮਹਿਤਾਬ ਸਿੰਘ ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਪੰ. 170-72

84. ਵਾਰ 21/2-2

85. ਹਿੰਦੂ ਮਿਥਿਹਾਸ ਕੋਸ਼, ਪੰ. 309-10

86. ਸਿਵ ਸ਼ਕਤੀ ਦਾ ਖੇਲੁ ਮੇਲੁ ਪ੍ਰਕਿਰਤਿ ਪਸਾਰਾ (32/19-4)

87. ਵਾਰ 21/6-1

88. ਹਿੰਦੂ ਮਿਥਿਹਾਸ ਕੋਸ਼, ਪੰ. 447

89. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 274

90. ਤ੍ਰੈ ਗੁਣ ਮਾਇਆ ਚਲਿਤੁ ਹੈ ਬ੍ਰਹਮਾ ਬਿਸ਼ਨੁ ਮਹੇਸ਼ ਚਲਾਇਆਂ (3/6-4)

91. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 717

92. ਫਾਂਧਾ ਮਾਇਆ ਮਹਾਂ ਕਾਲਿ ਪੰਜਿ ਦੂਤ ਜਮਕਾਲੁ ਦੁ ਭਾਰੀ (37/26-5)

93. Thomas, P, Erics, Myths and Legends of India, p.60

94. ਹਿੰਦੂ ਮਿਥਿਹਾਸ ਕੋਸ਼, ਪੰ. 730-31

95. ਉਹੀ, ਪੰ. 505-06

96. ਸਾਇਰ ਦੀ ਪੁਤ੍ਰੀ ਪਰਹਰਿ ਤਿਆਗੀ ਚਰਣ ਤਲੈ ਵੀਚਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ 437

97. ਸ੍ਰੀਧਰ ਨਾਥ ਮੇਰਾ ਮਨੁ ਲੀਨਾ ਪ੍ਰਭੁ ਜਾਨੈ ਪੀਰ ਪਰਾਈ, ਉਹੀ, ਪੰ. 1232

98. ਵਾਰ 23/5

99. ਹਿੰਦੂ ਮਿਥਿਹਾਸ ਕੋਸ਼, ਪੰ. 157

100. ਮਹਾਨ ਕੋਸ਼, ਪੰ. 197-9[illegible]

101. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 234

102. ਵਾਰ 10/6

103. ਹਿੰਦੂ ਮਿਥਿਹਾਸ ਕੋਸ਼, ਪੀ. 255-56

104. ਮਹਿਤਾਬ ਸਿੰਘ ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਪੀ. 232

105. ਵਾਰ 10/5

106. "ਮਾਇਆ ਵਿਚ ਉਦਾਸ ਕਰ ਗੁਰਸਿਖ ਜਨਕ ਅਸੰਖ ਭਗਤਾਂ" (24/20-5)

107. ਪੈਰ ਕਲਾਹੇ ਜਨਕ ਦਾ ਕਰ ਪਾਖੰਡ ਧਰੀਮ ਖਿਡਾਣਾ (12/14-5)

108. ਮਹਿਤਾਬ ਸਿੰਘ ,ਮਾਸਟਰ, ਨਾਵਾਂ ਤੇ/ਥਾਵਾਂ ਦਾ ਕੋਸ਼ 224-27

109. ਵਾਰ 10/3

110. Thomas,P, Erics, Myths and Legends of India, p.2

111. ਮਹਿਤਾਬ ਸਿੰਘ ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਪੀ. 172

112. ਮਹਾਨ ਕੋਸ਼, ਪੀ. 381

113. ਸ੍ਰੀ ਗੁਰੂ ਗ੍ਰੰਥ ਸਾਹਿਬ , ਪੀ. 1124

114. ਉਹੀ, ਪੀ. 1197

115. ਵਾਰ 12/11, 2-3

116. ਮਹਿਤਾਬ ਸਿੰਘ, ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਪੀ. 230

117. "ਅਹੰਮੇਉ ਸੁਕਦੇਵ ਕਰ ਗਰਭ ਵਾਸ ਹਉਮੈ ਹੈਰਾਣੇ।" (12/11-5)

118. ਵਾਰ 25/10

119. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੀ. 83

120. ਹਿੰਦੂ ਮਿਥਿਹਾਸ ਕੋਸ਼, ਪੀ. 145

121. "ਸਿਖਨਾਗ ਪਾਤੰਜਲ ਮਥਿਆ ਗੁਰਮੁਖਿ ਸ਼ਾਸਤ੍ਰ ਨਾਗਿ ਸੁਣਾਈ।" (1/14-1)

122. "ਸੇਖਨਾਗੁ ਸਿਮਰਨੁ ਕਰੈ ਸਾਗੀਤ ਤੁਹਾਵੈ।" (13/4-5)

123. ਵਾਰ 3/1-3

124. ਮਹਿਤਾਬ ਸਿੰਘ ,ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਪੰ. 188

125. ਪਦਮ ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ, ਪੰ. 102

126. ਵਾਰ 1/12

127. ਜੋਨ ਡੌਸਨ, ਹਿੰਦੂ ਮਿਥਿਹਾਸਕੋਸ਼, ਪੰ. 163

128. ਵਾਰ 1/13

129. ਵਾਰ 1/13

130. ਪਦਮ ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ, ਪੰ. 143

131. ਉਹੀ, ਪੰ. 144

132. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1344

133. ਵਾਰ 1/9

134. ਹਿੰਦੂ ਮਿਥਿਹਾਸ ਕੋਸ਼, ਪੰ. 251

135. ਵਾਰ 38/13-5-6

136. ਹਿੰਦੂ ਮਿਥਿਹਾਸ ਕੋਸ਼, ਪੰ. 265

137. ਵਾਰ 1/10

138. ਪਦਮ ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ/ਕੋਸ਼, ਪੰ. 204

139. ਹਿੰਦੂ ਮਿਥਿਹਾਸ ਕੋਸ਼, ਪੰ. 306

140. ਵਾਰ 35/5-7

141. ਵਾਰ 10/4

142. ਹਿੰਦੂ ਮਿਥਿਹਾਸ ਕੋਸ਼, ਪੰ. 312

143. ਵਾਰ 26/23-6

144. ਹਿੰਦੂ ਮਿਥਿਹਾਸ ਕੋਸ਼, ਪੰ. 329-30

145. ਮਹਿਤਾਬ ਸਿੰਘ, ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਪੰ. 180-83

146. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1028

147. ਵਾਰ 14/5-1-2

148. "ਨਾਰਦਿ ਮੁਨਿ ਉਪਦੇਸਿਆ ਸਾਉ ਗਿਆਨੁ ਅਮਿਉ ਰਸੁ ਪੀਤਾ।" (10/1-8)

149. ਵਾਰ 1/11)

150. ਹਿੰਦੂ ਮਿਥਿਹਾਸ ਕੋਸ਼, ਪੰ. 339

151. ਵਾਰ 1/14

152. ਮਹਾਨ ਕੋਸ਼, ਪੰ. 643

153. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 999

154. ਵਾਰ 10/19

155. ਮਹਾਨ ਕੋਸ਼, ਪੰ. 805

156. "ਧੰਧੇ ਹੀ ਬ੍ਰਹਮਾ ਮਰੈ ਲੋਮਸ ਦਾ ਇਕੁ ਰੋਮ ਛਿਜਾਵੈ।" (12/10-3)

157. "ਲਖ ਲੋਮਸੁ ਚਿਰ ਜੀਵਣੇ ਆਦਿ ਅੰਤਿ ਵਿਚਿ ਧੀਰਕ ਧੱਕੇ।" (29/16-4)

158. ਵਾਰ 16/14-6

159. ਹਿੰਦੂ ਮਿਥਿਹਾਸ ਕੋਸ਼, ਪੰ. 520-21

160. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 5

161. "ਪਿਤੁ ਬਿਆਸ ਪਰਬੋਧਿਆ ਗੁਰ ਕਰਿ ਜਨਕ ਸਹਜ ਅਭਿਆਸੀ।" (25/10-3)

162. "ਸੂਰਜ ਪਾਸਿ ਸਿਖਿਆ ... ਜਾਇ ਹੋਇ ਭੁਲਾਵਣਾ ਕੰਨਿ ਸਮਾਣਾ।" (25/9-1)

163. ਵਾਰ 25/9-3, 4)

164. ਹਿੰਦੂ ਮਿਥਿਹਾਸ ਕੋਸ਼, ਪੰ. 715

165. ਮਹਾਨਕੋਸ਼, ਪੰ. 505

166. "ਕੇਤੀਆਂ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ਼"(ਜਪੁਜੀ)

167. ਵਾਰ 10/1)

168. ਵਾਰ 4/21

169. ਵਾਰ 23/21

170. ਮਹਾਨ ਕੋਸ਼, ਪੀ. 596

171. ਸ੍ਰੀ ਗੁਰੂ ਗ੍ਰੰਥ ਸਾਹਿਬ, ਪੀ. 224

172. ਵਾਰ 10/2

173. ਪਦਮ ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੀ. 310

174. ਹਿੰਦੂ ਮਿਥਿਹਾਸ ਕੋਸ਼, ਪੀ. 19[illegible]

175. ਸ੍ਰੀ ਗੁਰੂ ਗ੍ਰੰਥ ਸਾਹਿਬ, ਪੀ. 1344

176. ਵਾਰ 10/18

177. ਮਹਾਨ ਕੋਸ਼, ਪੀ. 36

178. ਮਹਿਤਾਬ ਸਿੰਘ ,ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਪੀ. 328-29

179. ਸ੍ਰੀ ਗੁਰੂ ਗ੍ਰੰਥ ਸਾਹਿਬ, ਪੀ. 902

180. ਵਾਰ 10/20

181. ਮਹਾਨ ਕੋਸ਼, ਪੀ. 87

182. ਵਾਰ 10/4

183. ਨਾਤ ਕਢਨ ਜਗ ਕਿਰਦ ਸਧਾਇਆ (10/4)

184. ਵਾਰ 12/14,4-7

184. ਪਦਮ ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 76

185 ਵਾਰ 38/7

186. ਵਾਰ 10/3-4

187. ਮਹਾਨ ਕੋਸ਼, ਪੰ. 296

188. ਨਾਵਾਂ ਤੇ ਥਾਵਾਂ ਦਾ ਕੋਸ਼, ਪੰ. 188-89

189. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1192

190. ਵਾਰ 10/21

191. ਹਿੰਦੂ ਮਿਥਿਹਾਸ ਕੋਸ਼, ਪੰ. 219-20

192. ਵਾਰ 23/4

193. ਮਹਾਨ ਕੋਸ਼, ਪੰ. 350-51

194. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 6

195. ਵਾਰ 37/30

196. ਮਹਾਨ ਕੋਸ਼, ਪੰ. 497

197. Wilkens, W-J, Hindus Mhthology, Vedic & Pursuic,p.79

198. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 463

199. ਉਹੀ, ਪੰ. 3

200. ਵਾਰ 31/5

201. ਮਹਾਨ ਕੋਸ਼, ਪੰ. 160

202. ਹਿੰਦੂ ਮਿਥਿਹਾਸ ਕੋਸ਼, ਪੰ. 549

203. ਵਾਰ 10/9

204. Wilkins, W.J, Hindu Mythology, Vedic & Puranic,9.403

205. ਹਿੰਦੂ ਮਿਥਿਹਾਸ ਕੋਸ਼, ਪੰ. 15[illegible]-53

206(i) ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1412

(ii) ਉਹੀ, ਪੰ. 1412

207. "ਜਿਉ ਹਨੂਵੰਤਿ ਕਛੋਟੜਾ ਕਿਆ ਕਰੈ ਵਿਚਾਰਾ" (ਵਾਰ 35/10)

208. "ਹਨੂੰਮਾਨ ਬਲਵੰਤਿ ਆਖੀਐ ਚੰਚਲ ਮਤਿ ਖਾਰੀ" (ਵਾਰ 38/7)

209. ਬੇਦੀ, ਵਣਜਾਰਾ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਚੌਥੀ, ਪੰ. 1035

210. ਹਿੰਦੂ ਮਿਥਿਹਾਸ ,ਕੋਸ਼, ਪੰ. 172

211. ਮਹਾਨ ਕੋਸ਼, ਪੰ. 255

212. ਵਾਰ 38/8

213. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 107

214. ਹਿੰਦੂ ਮਿਥਿਹਾਸ ਕੋਸ਼, ਪੰ. 193

215. **Wilken, Hindu Mythology, p. 198**

216. ਵਾਰ 25/5-6,8

217. ਵਾਰ 11/12

218. **Wilken, W.J, Hindu Myth† lody, p.216-18**

219. ਵਾਰ 10/23

220. ਪਦਮ , ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 198

221. ਵਾਰ 10/8

222. ਹਿੰਦੂ ਮਿਥਿਹਾਸਕ ਕੋਸ਼, ਪੰ. [illegible] 3-5

223. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 225

224. ਵਾਰ 31/4-6

225. "ਲਖ ਦੁਰਜੋਧਨ ਕੰਸ ਲਖ ਲਖ ਦੈਂਤ ਲੜੰਦੇ।" (ਵਾਰ 38/3-1)

226. ਮਹਾਨ ਕੋਸ਼, ਪੰ. 756

227. ਹਿੰਦੂ ਮਿਥਿਹਾਸ ਕੋਸ਼, ਪੰ. 474

228. ਬੁਰਾ ਨ ਕੋਈ ਜੁਧਿਸਟਰੈ - - - (ਵਾਰ 31/4-6)

229. ਵਾਰ 38/8

230. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 203

231. ਨਾਭਾ, ਕਾਨ੍ਹ ਸਿੰਘ, ਮਹਾਨ ਕੋਸ਼, ਪੰ. 790

232. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 1412

233. ਉਹੀ, ਪੰ. 1412

234. ਵਾਰ 38/7-3

235. ਹਿੰਦੂ ਮਿਥਿਹਾਸ ਕੋਸ਼, ਪੰ. 549-50

236. ਵਾਰ 10/7

237. ਹਿੰਦੂ ਮਿਥਿਹਾਸ ਕੋਸ਼, ਪੰ. 552

238. ਸ੍ਰੀ ਗੁਰੂ ਗ੍ਰੰਥ ਸਾਹਿਬ ਪੰ. 942

239. ਅਸੁਰ ਭਭੀਸਣੁ ਭਗਤੁ ਹੈ - - -(ਵਾਰ 25/5-1)

240. ਭੇਦ ਭਭੀਖਣ ਲੈਨ ਲੈ - - -(ਵਾਰ 12/14-4)

241. ਮਹਾਨ ਕੋਸ਼, ਪੰ. 143

242. Thomas, P. Eruc., Myths & Legends of India, p.87

243. ਹਿੰਦੂ ਮਿਥਿਹਾਸ ਕੋਸ਼, ਪੰ. 118

244. ਦੰਦ ਭਨਤੂ ਸਿਸਪਾਲ ਦੇ ਦੰਦ ਹੋਏ ਖੱਟੇ।"(35/5-5)

245. ਹਿੰਦੂ ਮਿਥਿਹਾਸ ਕੋਸ਼, ਪੰ. 160

246. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 93

247. ਨਾਵਾਂ ਤੇ ਥਾਵਾਂ ਦਾ ਕੋਸ਼, ਪੰ. 222

248. ਹਿੰਦੂ ਮਿਥਿਹਾਸ ਕੋਸ਼, ਪੰ. 160

249. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 224

250. ਵਾਰ 10/2

251. ਵਾਰ 35/5-1

252. ਵਾਰ 38/3-4

253. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 126

254. ਬੇਦੀ, ਵਣਜਾਰਾ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਚੌਥੀ, ਪੰ. 938-39

255. "ਕੀਸ ਗਇਆ ਸਣ ਲਸ਼ਕਰੇ ਸਭ ਦੈਤ ਸਿਧੱਟੇ।"(35/5-3)

256. ਵਾਰ 38/3)

257. ਮਹਾਨ ਕੋਸ਼, ਪੰ. 255

258. ਹਿੰਦੂ ਮਿਥਿਹਾਸ ਕੋਸ਼, ਪੰ 207

259. ਵਾਰ 38/3

260. ਮਹਾਨ ਕੋਸ਼, ਪੰ. 381

261. ਉਹੀ, ਪੰ. 492

262. ਪਦਮ ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 243

263. ਵਾਰ 10/22

264. ਹਿੰਦੂ ਮਿਥਿਹਾਸ ਕੋਸ਼, ਪੰ. 494

265. ਮਾਸਟਰ ਮਹਿਤਾਬ ਸਿੰਘ, ਨਾਵਾਂ, ਤੇ ਥਾਵਾਂ ਦਾ ਕੋਸ਼, ਪੰ. 254

266. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ.224

267. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 155.

269. ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਦੂਜੀ, ਪੰ. 554

270. Thomas ,P.Incredible India, p.6

271. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 969 (ਰਾਮਕਲੀ ਕਬੀਰ)

272. ਵਾਰ 7/2-2

273. ਕੁਰਾਨ ਸ਼ਰੀਫ, ਸੂਰੇ ਮੁਹੰਮਦ, ਪਾਰਾ 26

274. ਵਾਰ 38/2

275. ਮਹਿਤਾਬ ਸਿੰਘ, ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਪੰ. 207

276. ਹਿੰਦੂ ਮਿਥਿਹਾਸ ਕੋਸ਼, ਪੰ. 153

277. ਵਾਰ 16/13-3

278. ਵਾਰ 36/7

279. ਮਹਾਨ ਕੋਸ਼, ਪੰ. 303

280. ਹਿੰਦੂ ਮਿਥਿਹਾਸ ਕੋਸ਼, ਪੰ. 510

281. ਵਾਰ 10/ 5-2

282. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 220

283. ਨਾਰਦ ਪੁਰਾਣ, 1-15/1-1[illegible]

284. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ. 272

285. ਵਾਰ 7/2-2

286. ਮਹਾਨ ਕੋਸ਼, ਪੰ. 762

287. ਹਿੰਦੂ ਮਿਥਿਹਾਸ ਕੋਸ਼, ਪੰ. 355-56

288. ਵਾਰ 10/3-8

289. ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਸੰਕੇਤ ਕੋਸ਼, ਪੰ. 276

290. ਵਾਰ 11/9-5,6

291. ਵਾਰ 9/14-6

292. ਵਾਰ 7/7

## ਨਿਸ੍ਕਰਸ਼

## ਭਾਈ ਗੁਰਦਾਸ ਦੀ ਇਤਿਹਾਸ ਦ੍ਰਿਸ਼ਟੀ

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਤਿਹਾਸਕ ਸੰਕੇਤ ਵਿਸ਼ੇ ਉਪਰ ਕੰਮ ਕਰਦਿਆਂ ਇਹ ਪੱਖ ਭਲੀ ਭਾਂਤ ਉਜਾਗਰ ਹੋਇਆ ਹੈ ਕਿ ਉਨ੍ਹਾਂ ਦੀ ਰਚਨਾ ਨੂੰ ਨਾ ਤਾਂ ਗੁਰੂ ਸਾਹਿਬਾਨ ਦੇ ਸਮਕਾਲੀ ਇਤਿਹਾਸ ਨਾਲੋਂ ਨਿਖੇੜਿਆ ਜਾ ਸਕਦਾ ਹੈ ਤੇ ਨਾ ਹੀ ਗੁਰਬਾਣੀ ਵਿਚ ਆਏ ਵਿਚਾਰਾਂ ਤੋਂ ਵੱਖਰਾ ਕੀਤਾ ਜਾ ਸਕਦਾ ਹੈ। ਭਾਈ ਗੁਰਦਾਸ ਇਕ ਅਜਿਹੀ ਸ਼ਖਸੀਅਤ ਹਨ ਜਿਹਨਾਂ ਨੇ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਗੁਰੂ ਆਸ਼ਿਆਂ ਦੇ ਪ੍ਰਸਾਰ ਲਈ ਵਾਰਾਂ ਦੀ ਰਚਨਾ ਕੀਤੀ ਅਤੇ ਦੂਜੇ ਪਾਸੇ ਗੁਰੂ ਸਾਹਿਬਾਨ ਅਤੇ ਹੋਰ ਸ਼ਖਸੀਅਤਾਂ ਦੇ ਜੀਵਨ ਸੰਬੰਧੀ ਆਪਣੀ ਰਚਨਾ ਵਿਚ ਸੰਕੇਤ ਪ੍ਰਸਤੁਤ ਕੀਤੇ ਹਨ। ਸੋ ਭਾਈ ਗੁਰਦਾਸ ਦੀ ਰਚਨਾ ਜਿਥੇ ਇਕ ਪਾਸੇ ਇਤਿਹਾਸ ਤੇ ਮਿਥਿਹਾਸ ਨਾਲ ਜੁੜੀ ਹੋਈ ਹੈ, ਦੂਜੇ ਪਾਸੇ ਇਸ ਦਾ ਸਿੱਖ ਇਤਿਹਾਸ, ਗੁਰੂ ਸਾਹਿਬਾਨ ਦੇ ਇਤਿਹਾਸ, ਗੁਰਮਤਿ ਵਿਚਾਰਧਾਰਾ ਤੇ ਗੁਰਬਾਣੀ ਨਾਲ ਵੀ ਡੂੰਘਾ ਸੰਬੰਧ ਹੈ। ਭਾਈ ਗੁਰਦਾਸ ਦੀ ਸਮੁੱਚੀ ਰਚਨਾ ਗੁਰਬਾਣੀ ਦੀ ਵਿਚਾਰਧਾਰਾ ਨੂੰ ਭਲੀ-ਭਾਂਤ ਉਜਾਗਰ ਕਰਦੀ ਹੈ।

ਭਾਈ ਗੁਰਦਾਸ ਦੇ ਜੀਵਨ ਅਤੇ ਵਿਸ਼ੇਸ਼ ਤੌਰ ਤੇ ਮੁਢਲੇ ਜੀਵਨ ਸੰਬੰਧੀ ਇਤਿਹਾਸ ਵਿਚੋਂ ਕੋਈ ਮਹੱਤਵਪੂਰਨ ਸਮੱਗਰੀ ਪ੍ਰਾਪਤ ਨਹੀਂ ਹੁੰਦੀ। ਹੁਣ ਤੱਕ ਦੀ ਹੋਈ ਖੋਜ ਅਨੁਸਾਰ ਵਿਦਵਾਨ ਇਹ ਮੰਨਦੇ ਹਨ ਕਿ ਭਾਈ ਗੁਰਦਾਸ ਦਾ ਜਨਮ 1553ਈ. (1610 ਬਿ.) ਨੂੰ ਪਿਤਾ ਈਸ਼ਰ ਦਾਸ ਭੱਲਾ ਅਤੇ ਮਾਤਾ ਜੀਵਨੀ ਦੇ ਘਰ ਹੋਇਆ। ਇਤਿਹਾਸ ਵਿਚ ਇਹ ਵੀ ਦਰਜ ਹੈ ਕਿ ਆਪ ਗੁਰੂ ਅਮਰਦਾਸ ਜੀ ਦੇ ਭਤੀਜੇ, ਬੀਬੀ ਭਾਨੀ ਜੀ ਦੇ ਚਚੇਰੇ ਭਾਈ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਸਨ। ਗੁਰੂ ਅਮਰਦਾਸ ਜੀ ਦੇ ਸਮੇਂ ਹੀ ਆਪ ਨੇ ਸਿੱਖੀ ਧਾਰਨ ਕੀਤੀ। ਆਪ ਜੀ ਨੇ ਆਪਣੇ ਜੀਵਨ ਕਾਲ ਵਿਚ ਗੁਰੂ ਸਾਹਿਬਾਨ ਦੇ ਆਦੇਸ਼ਾਂ ਮੁਤਾਬਕ ਕਈ ਮਹੱਤਵਪੂਰਨ ਕਾਰਜਾਂ ਵਿਚ ਜਿਵੇਂ ਰਾਮਦਾਸਪੁਰ ਦੀ ਉਸਾਰੀ, ਗੋਇੰਦਵਾਲ ਵਿਖੇ ਬਉਲੀ ਦੀ ਉਸਾਰੀ ਆਦਿ ਵਿਚ ਨਿੱਗਰ ਹਿੱਸਾ ਪਾਇਆ। ਧਰਮ ਪ੍ਰਚਾਰ ਲਈ ਆਪ ਜੰਮੂ ਕਸ਼ਮੀਰ, ਆਗਰਾ, ਲਖਨਊ, ਕਾਂਸ਼ੀ, ਆਦਿ ਸਥਾਨਾਂ ਤੇ ਗਏ। ਆਪ ਨੇ ਦਸਵੰਧ ਦੀ ਪ੍ਰਥਾ ਦੇ ਵਿਕਾਸ ਵਿਚ ਨਿੱਗਰ ਕੰਮ ਕੀਤਾ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਸਮੇਂ ਲਿਖਾਈ

ਦੀਸੇਵਾ ਆਪ ਨੂੰ ਸੌਂਪੀ। ਬਾਬਾ ਬੁੱਢਾ ਜੀ ਦੇ ਅਕਾਲ ਚਲਾਣੇ ਪਿਛੋਂ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਵਜੋਂ ਵੀ ਆਪ ਨੇ ਕੁਝ ਸਮਾਂ ਸੇਵਾ ਨਿਭਾਈ।

ਭਾਈ ਗੁਰਦਾਸ ਇਕ ਸੁਲਝੇ ਹੋਏ ਕਵੀ ਅਤੇ ਵਿਆਖਿਆਕਾਰ ਸਨ। ਆਪ ਨੇ ਪੰਜਾਬੀ ਵਿਚ 40 ਵਾਰਾਂ, ਬ੍ਰਜ ਵਿਚ 675 ਕਬਿੱਤ ਸਵੱਯੇ ਅਤੇ ਸੰਸਕ੍ਰਿਤ ਵਿਚ 6 ਸ਼ਲੋਕਾਂ ਦੀ ਰਚਨਾ ਕੀਤੀ ਹੈ। 40ਵੀਂ ਵਾਰ ਪ੍ਰਤੀ ਸ਼ੰਕਿਆਂ ਦੀ ਨਵਿਰਤੀ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਇਹ ਵਾਰ ਭਾਈ ਗੁਰਦਾਸ ਦੀ ਹੀ ਰਚਨਾ ਹੈ। 41ਵੀਂ ਵਾਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਏ ਗੁਰਦਾਸ ਸਿੰਘ ਦੀ ਰਚਨਾ ਹੈ। ਆਪ ਦੀਆਂ ਰਚਨਾਵਾਂ ਗੁਰਮਤਿ ਦੇ ਸਿਧਾਂਤਾਂ ਤੇ ਆਧਾਰਤ ਹਨ ਅਤੇ ਇਨ੍ਹਾਂ ਦਾ ਮੁੱਖ ਮੰਤਵ ਸਿੱਖ ਧਰਮ ਦੇ ਵਿਸ਼ਵਾਸ਼ਾਂ ਨੂੰ ਮਜ਼ਬੂਤ ਕਰਨਾ ਹੈ। ਵਾਰਾਂ ਨੂੰ ਸਿੱਖ ਜਗਤ ਵਿਚ ਕਬਿੱਤ ਸਵੱਯਾਂ ਤੇ ਸ਼ਲੋਕਾਂ ਨਾਲੋਂ ਵਧੇਰੇ ਲੋਕਪ੍ਰਿਯਤਾ ਪ੍ਰਾਪਤ ਹੋਈ ਹੈ। ਕਬਿੱਤ ਸਵੱਯੇ ਤੇ ਸ਼ਲੋਕ ਬ੍ਰਜ ਤੇ ਸੰਸਕ੍ਰਿਤ ਭਾਸ਼ਾ ਵਿਚ ਹੋਣ ਕਾਰਨ ਪਾਠਕਾਂ ਦੇ ਵੱਡੇ ਘੇਰੇ ਤੱਕ ਨਹੀਂ ਪਹੁੰਚੇ।

ਭਾਈ ਗੁਰਦਾਸ ਦੀਆਂ ਰਚਨਾਵਾਂ ਦਾ ਇਕ ਮਹੱਤਵਪੂਰਨ ਪਹਿਲੂ ਇਹ ਹੈ ਕਿ ਗੁਰੂ ਸਾਹਿਬਾਨ ਦੇ ਨਿਕਟ ਵਰਤੀ ਹੋਣ ਕਰਕੇ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਬਾਰੇ ਅਤੇ ਹੋਰ ਗੁਰੂ ਸਾਹਿਬਾਨ ਬਾਰੇ ਜੋ ਕੁਝ ਵੀ ਲਿਖਿਆ ਹੈ, ਉਸਨੂੰ ਵਧੇਰੇ ਪ੍ਰਮਾਣਿਕ ਸਮਝਿਆ ਗਿਆ ਹੈ। ਆਉਣ ਵਾਲੇ ਸਮੇਂ ਵਿਚ ਸਾਹਿਤਕਾਰਾਂ ਤੇ ਇਤਿਹਾਸਕਾਰਾਂ ਨੇ ਵੀ ਇਸ ਖੇਤਰ ਵਿਚ ਖੋਜ ਕਰਦਿਆਂ ਭਾਈ ਗੁਰਦਾਸ ਦੀਆਂ ਰਚਨਾਵਾਂ ਵਿਚੋਂ ਮਹੱਤਵਪੂਰਨ ਸਮੱਗਰੀ ਪ੍ਰਾਪਤ ਕੀਤੀ ਹੈ।

ਭਾਈ ਗੁਰਦਾਸ ਬੁਨਿਆਦੀ ਤੌਰ ਤੇ ਇਕ ਕਵੀ ਸਨ। ਕਵਿਤਾ ਵਿਚ ਇਤਿਹਾਸ ਦੀ ਪੇਸ਼ਕਾਰੀ ਇਕ ਕਠਿਨ ਕਾਰਜ ਹੈ, ਪਰ ਭਾਈ ਸਾਹਿਬ ਦੀਆਂ ਵਾਰਾਂ ਵਿਚ ਪੇਸ਼ ਹੋਏ ਵਿਚਾਰ ਮਹੱਤਵਪੂਰਨ ਹਨ। ਭਾਈ ਗੁਰਦਾਸ ਨੇ ਵਾਰਾਂ ਵਿਚ ਵਿਚਾਰਾਂ ਦੀ ਪੇਸ਼ਕਾਰੀ ਲਈ ਵੱਖ ਵੱਖ ਜੁਗਤਾਂ ਦੀ ਵਰਤੋਂ ਕੀਤੀ ਹੈ, ਜਿਨ੍ਹਾਂ ਵਿਚੋਂ ਇਤਿਹਾਸ ਇਕ ਪ੍ਰਮੁੱਖ ਜੁਗਤ ਹੈ। ਇਹੀ ਕਾਰਨ ਹੈ ਕਿ ਭਾਈ ਸਾਹਿਬ ਦੀਆਂ ਵਾਰਾਂ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵਿਸ਼ੇਸ਼ ਮਹੱਤਤਾ ਰੱਖਦੀਆਂ ਹਨ। ਇਨ੍ਹਾਂ ਵਿਚ ਮੁੱਖ ਰੂਪ ਵਿਚ ਪਹਿਲੇ ਛੇ ਗੁਰੂ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਭਗਤ, ਗੁਰੂ ਸਾਹਿਬਾਨ ਦੇ ਪ੍ਰਸਿੱਧ ਸਿੱਖ ਅਤੇ ਹੋਰ ਅਨੇਕਾਂ ਸ਼ਖਸੀਅਤਾਂ ਪ੍ਰਤੀ ਹਵਾਲੇ ਮਿਲਦੇ ਹਨ। ਸਿੱਖ ਧਰਮ ਦੇ ਨਾਲ ਨਾਲ ਹੋਰ ਭਾਰਤੀ ਧਰਮਾਂ ਨਾਲ ਸੰਬੰਧਤ ਸਥਾਨਾਂ ਦਾ ਵੇਰਵਾ ਵੀ ਪ੍ਰਾਪਤ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ ਦਾ ਵਰਨਣ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵਿਸਥਾਰਪੂਰਵਕ ਹੋਇਆ ਹੈ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਹ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸ ਵਿਚ ਗੁਰੂ ਸਾਹਿਬ ਦਾ ਜੀਵਨ, ਯਾਤਰਾਵਾਂ, ਅਤੇ 'ਸ਼ਬਦ' ਦੀ ਸ਼ਕਤੀ ਨਾਲ ਮਨੁੱਖਤਾ ਨੂੰ ਵਹਿਮਾਂ-ਭਰਮਾਂ, ਕਰਮ-ਕਾਂਡਾਂ ਅਤੇ ਊਚ-ਨੀਚ ਦੇ ਵਿਤਕਰੇ ਤੋਂ ਉੱਚਾ ਉਠਣ ਸੰਬੰਧੀ ਭਰਪੂਰ ਜਾਣਕਾਰੀ ਮਿਲਦੀ ਹੈ। ਅੰਤ ਵਿਚ ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਨੂੰ ਪੁਰਾਣੇ ਧਰਮਾਂ ਦਾ ਬਦਲ ਪੇਸ਼ ਕਰਨ ਵਾਲੇ ਅਤੇ ਨਵੇਂ ਧਰਮ ਦੇ ਸੰਸਥਾਪਕ ਦੇ ਰੂਪ ਵਿਚ ਪੇਸ਼ ਕੀਤਾ ਹੈ।

ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਸਾਹਿਬ ਇਕ ਨਵੀਂ ਲਹਿਰ ਦੇ ਬਾਨੀ ਸਨ। ਜਿਨ੍ਹਾਂ ਨੇ ਮਨੁੱਖਤਾ ਨੂੰ ਪੁਰਾਣੀਆਂ ਪ੍ਰਚੱਲਤ ਰਸਮਾਂ ਵਿਚੋਂ ਕੱਢ ਕੇ ਉਨ੍ਹਾਂ ਵਿਚ ਇਕ ਨਵੀਂ ਚੇਤਨਾ ਜਗਾਈ। ਇਸ ਮਨੋਰਥ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਸੰਸਾਰ ਵਿਚ ਅਵਤਾਰ ਧਾਰਿਆ। ਇਥੇ ਭਾਈ ਗੁਰਦਾਸ ਨੇ ਗੁਰੂ ਸਾਹਿਬ ਨੂੰ ਇਕ ਅਵਤਾਰ ਦੇ ਰੂਪ ਵਿਚ ਪੇਸ਼ ਕੀਤਾ ਹੈ। ਗੁਰਬਾਣੀ ਵਿਚ ਅਵਤਾਰਵਾਦ ਦਾ ਭਰਪੂਰ ਖੰਡਨ ਮਿਲਦਾ ਹੈ। ਪਰ ਭਾਈ ਗੁਰਦਾਸ ਇਕ ਸ਼ਰਧਾਲੂ ਸਿੱਖ ਸਨ, ਇਸ ਕਰਕੇ ਉਨ੍ਹਾਂ ਨੇ ਆਪਣੀ ਰਚਨਾ ਵਿਚ ਗੁਰੂ ਸਾਹਿਬ ਨੂੰ ਇਕ ਅਵਤਾਰ ਦੇ ਰੂਪ ਵਿਚ ਪੇਸ਼ ਕੀਤਾ ਹੈ। ਭਾਈ ਸਾਹਿਬ ਅਨੁਸਾਰ ਗੁਰੂ ਸਾਹਿਬ ਦੇ ਪ੍ਰਗਟ ਹੋਣ ਨਾਲ ਸਾਰੇ ਸੰਸਾਰ ਤੇ ਚਾਨਣ ਹੋ ਗਿਆ ਅਤੇ ਸਾਰੇ ਪਾਸੇ ਫੈਲਿਆ ਹਨੇਰਾ ਮਿਟ ਗਿਆ। ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਸਮੁੱਚੀ ਮਨੁੱਖਤਾ ਦਾ ਜੀਵਨ ਰਾਜਨੀਤਕ, ਸਮਾਜਿਕ ਤੇ ਧਾਰਮਕ ਗਿਲਾਨੀ ਦਾ ਸ਼ਿਕਾਰ ਸੀ। ਭਾਈ ਗੁਰਦਾਸ ਅਨੁਸਾਰ ਅਜਿਹੀ ਮਾੜੀ ਸਥਿਤੀ ਵਿਚ ਸ਼ਬਦ ਹੀ ਮਨੁੱਖਤਾ ਨੂੰ ਇਸ ਦੁੱਖਾਂ ਦੇ ਘੇਰੇ ਵਿਚੋਂ ਕੱਢ ਸਕਦਾ ਸੀ। ਇਥੇ ਭਾਈ ਸਾਹਿਬ ਨੇ ਗੁਰੂ ਸਾਹਿਬ ਨੂੰ ਹਰ ਕਿਸਮ ਦਾ ਹਨੇਰਾ ਦੂਰ ਕਰਨ ਵਾਲੇ ਦੇ ਰੂਪ ਵਿਚ ਪੇਸ਼ ਕੀਤਾ ਹੈ ਅਤੇ ਗੁਰੂ ਨਾਨਕ ਸਾਹਿਬ ਦੇ ਆਗਮਨ ਨੂੰ ਸੰਸਾਰ ਦੀ ਇਕ ਮਹਾਨ ਇਤਿਹਾਸਕ ਘਟਨਾ ਕਿਹਾ ਹੈ।

ਗੁਰੂ ਨਾਨਕ ਸਾਹਿਬ ਦੀਆਂ ਯਾਤਰਾਵਾਂ ਦਾ ਵਰਨਣ ਕਰਦੇ ਹੋਏ ਭਾਈ ਗੁਰਦਾਸ ਨੇ ਉਨ੍ਹਾਂ ਨੂੰ ਇਕ ਮਹਾਨ ਯਾਤਰੂ ਦੇ ਰੂਪ ਵਿਚ ਪੇਸ਼ ਕੀਤਾ ਹੈ। ਵਾਰਾਂ ਅਨੁਸਾਰ ਗੁਰੂ ਸਾਹਿਬ ਸੁਮੇਰ ਪ੍ਰਬਤ, ਮੱਕਾ, ਮਦੀਨਾ, ਬਗਦਾਦ, ਅਚਲ ਵਟਾਲੇ ਅਤੇ ਮੁਲਤਾਨ ਆਦਿ ਸਥਾਨਾਂ ਤੇ ਗਏ ਅਤੇ ਉਥੋਂ ਦੇ ਸਿੱਧਾਂ, ਪੀਰਾਂ, ਅਤੇ ਨਾਥ ਜੋਗੀਆਂ ਆਦਿ ਨਾਲ ਵਿਚਾਰ ਵਟਾਂਦਰਾ ਕਰਕੇ ਉਨ੍ਹਾਂ ਵਿਚ ਇਕ ਨਵੀਂ ਚੇਤਨਾ ਦਾ ਪ੍ਰਕਾਸ਼ ਕੀਤਾ, ਜਿਸ ਨਾਲ ਉਹ ਬਾਹਰੀ ਕਰਮਕਾਂਡਾਂ ਤੋਂ ਮੁਕਤ ਹੋ ਕੇ ਗੁਰੂ ਸਾਹਿਬ ਦੇ ਸ਼ਰਧਾਲੂ ਬਣ ਗਏ। ਭਾਈ ਗੁਰਦਾਸ ਇਕ ਹੋਰ ਵੱਲ ਵੀ ਸੰਕੇਤ

ਕਰਦੇ ਹਨ ਕਿ ਗੁਰੂ ਸਾਹਿਬ ਨੇ ਨੌਂ ਖੰਡਾਂ ਵਾਲੀ ਪ੍ਰਿਥਵੀ ਜਿਥੋਂ ਤੱਕ ਸੀ ਦੇਖੀ। ਇਸ ਦਾ ਭਾਵ ਹੈ ਕਿ ਗੁਰੂ ਸਾਹਿਬ ਦੀ ਪਹੁੰਚ ਦੀ ਕੋਈ ਸੀਮਾਂ ਨਹੀਂ ਸੀ ਅਤੇ ਉਨ੍ਹਾਂ ਦੀ ਵਿਸ਼ਾਲ ਦ੍ਰਿਸ਼ਟੀ ਬ੍ਰਹਿਮੰਡਾਂ ਨੂੰ ਛੂਹਣ ਵਾਲੀ ਸੀ।

ਗੁਰੂ ਨਾਨਕ ਸਾਹਿਬ ਨੇ ਭਾਰਤੀ ਸਮਾਜ ਵਿਚ ਸਥਾਪਤ ਕਦਰਾਂ-ਕੀਮਤਾਂ ਜਿਵੇਂ ਮੂਰਤੀ ਪੂਜਾ, ਬੁੱਤ ਪੂਜਾ, ਮੜ੍ਹੀ ਪੂਜਾ, ਜਾਤ-ਪਾਤ ਆਦਿ ਨੂੰ ਰੱਦ ਕਰਦਿਆਂ ਹੋਇਆਂ ਇਕ ਈਸ਼੍ਵਰਵਾਦ ਦੇ ਮੁੱਲਾਂ ਦੀ ਸਥਾਪਨਾ ਕੀਤੀ ਹੈ। ਉਨ੍ਹਾਂ ਨੇ ਵੱਖ ਵੱਖ ਤੀਰਥ ਸਥਾਨਾਂ ਤੇ ਜਾ ਕੇ ਇਸ਼ਨਾਨ ਕਰਨ, ਸਰੀਰ ਤੇ ਸੁਆਹ ਮਲ ਕੇ ਪਰਬਤਾਂ ਵਿਚ ਲੁਕ ਬੈਠ ਕੇ ਭਗਤੀ ਕਰਨ ਦੀ ਨਿੰਦਾ ਕੀਤੀ ਹੈ। ਪਰ ਇਨ੍ਹਾਂ ਦੇ ਨਾਲ ਨਾਲ ਕਰਤਾਰਪੁਰ ਵਿਖੇ ਇਕ ਧਰਮਸਾਲ ਦੀ ਸਥਾਪਨਾ ਕਰਕੇ ਸੰਗਤਾਂ ਨੂੰ ਮਿਲ ਬੈਠ ਕੇ ਸ਼ਬਦ ਤੇ ਕੀਰਤਨ ਸੁਣਨ ਲਈ ਪ੍ਰੇਰਿਆ ਵੀ ਹੈ। ਇਸ ਪ੍ਰਕਾਰ ਗੁਰੂ ਸਾਹਿਬ ਦੀ ਸੁਖਸ਼ੀਅਤ ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਗੁਰਾਉਣ ਵਾਲੇ ਦੇ ਨਾਲ ਨਾਲ ਨਵੀਆਂ ਉਸਾਰਨ ਵਾਲੇ ਦੇ ਰੂਪ ਵਿਚ ਮੂਰਤੀਮਾਨ ਹੋਈ ਹੈ।

ਭਾਈ ਗੁਰਦਾਸ ਨੇ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਨੂੰ 'ਇੱਗ ਵਜਥੀ' ਦੇ ਰੂਪ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਗੁਰੂ ਸਾਹਿਬ ਇਕ ਮਹਾਨ ਸ਼ਕਤੀ ਸਨ। ਗੁਰੂ ਸਾਹਿਬ ਦੀ ਸ਼ਕਤੀ ਕਿਸੇ ਬਾਹੂਬਲ ਕਰਕੇ ਨਹੀਂ 'ਸ਼ਬਦ' ਕਰਕੇ ਹੈ। ਇਹੀ ਕਾਰਨ ਹੈ ਕਿ ਭਾਈ ਗੁਰਦਾਸ ਨੇ ਵਾਰਾਂਵਿਚ ਗੁਰੂ ਨਾਨਕ ਸਾਹਿਬ ਦੀ ਜਿੱਤ 'ਸ਼ਬਦ' ਦੀ ਸ਼ਕਤੀ ਦੇ ਆਧਾਰ ਤੇ ਹੁੰਦੀ ਪੇਸ਼ ਕੀਤੀ ਹੈ। ਭਾਈ ਸਾਹਿਬ ਨੇ ਇਸ'ਸ਼ਕਤੀ' ਨੂੰ 'ਜੋਤਿ' ਦਾ ਨਾਮ ਦਿੱਤਾ ਹੈ। ਅਸਲ ਵਿਚ ਇਸੇ ਜੋਤ ਨੂੰ ਮਨੁੱਖਤਾ ਵਿਚ ਵਿਦਮਾਨ ਕਰਨਾ ਹੀ ਗੁਰੂ ਸਾਹਿਬ ਦੇ ਜੀਵਨ ਦਾ ਮੁੱਖ ਮਨੋਰਥ ਸੀ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਅਸਲੀ ਬਦਲਾਉ ਇਹ 'ਜੋਤਿ' ਹੀ ਹੈ, ਜਿਹੜੀ ਬਾਕੀ ਗੁਰੂ ਸਾਹਿਬਾਨ ਦੇ ਸਰੂਪਾਂ ਵਿਚ ਤਬਦੀਲ ਹੋਈ ਅਤੇ ਇਸ'ਜੋਤਿ' ਦਾ ਪ੍ਰਕਾਸ਼ ਜਾਰੀ ਰਿਹਾ।

ਇਸ ਪ੍ਰਕਾਰ ਭਾਈ ਗੁਰਦਾਸ ਅਨੁਸਾਰ ਅਕਾਲ ਪੁਰਖ ਨੇ ਗੁਰੂ ਨਾਨਕ ਸਾਹਿਬ ਨੂੰ ਧਰਤੀ ਤੇ ਸੱਚ ਤੇ ਤੇ ਕੂੜ ਦਾ ਨਿਖੇੜਾ ਕਰਨ ਲਈ ਭੇਜਿਆ ਸੀ। ਗੁਰੂ ਸਾਹਿਬ ਨੇ ਇਸੇ ਉਦੇਸ਼ ਅਧੀਨ ਪੌਧੇ ਤਿਆਰ ਕੀਤੇ। ਜਿਹੜੇ ਕਿਸੇ ਇਤਿਹਾਸ ਨੂੰ ਬਣਾਉਣ ਵਾਲੀ ਕੋਈ ਸ਼ਕਤੀਸ਼ਾਲੀ

ਸ਼ਖ਼ਸੀਅਤ ਹੁੰਦੀ ਹੈ। ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਸਾਹਿਬ ਸੰਸਾਰ ਦੀ ਸ਼ਕਤੀਸ਼ਾਲੀ ਤੇ ਮਹਾਨ ਸ਼ਖਸੀਅਤ ਸਨ, ਜਿਨ੍ਹਾਂ ਨੇ ਪ੍ਰਚਲਤ ਰਹੁ-ਰੀਤਾਂ ਨੂੰ ਬਦਲ ਕੇ ਇਕ ਨਵੀਂ ਸਿਧਾਂਤ ਦੀ ਸਥਾਪਨਾ ਕੀਤੀ, ਜਿਸ ਵਿਚ ਜਾਤ-ਪਾਤ, ਊਚ-ਨੀਚ, ਭੇਦ-ਭਾਵ ਦਾ ਕੋਈ ਫਰਕ ਨਹੀਂ ਸੀ। ਹਰ ਇਕ ਜੀਵ ਨੂੰ ਬਰਾਬਰਤਾ ਦਾ ਪੂਰਨ ਅਧਿਕਾਰ ਸੀ। ਗੁਰੂ ਨਾਨਕ ਸਾਹਿਬ **ਦੇ ਇਸੇ** ਸਿਧਾਂਤ ਦੀ ਵਿਆਖਿਆ ਵਾਰਾਂ ਵਿਚ ਹੋਈ ਹੈ ਅਤੇ ਭਾਈ ਗੁਰਦਾਸ ਅਨੁਸਾਰ ਇਸ ਸਿਧਾਂਤ ਦੀ ਬੁਨਿਆਦ ਤੇ ਹੀ ਗੁਰੂ ਨਾਨਕ ਸਾਹਿਬ ਦੀ ਲਹਿਰ ਖੜ੍ਹੀ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਸਿੱਖ ਇਤਿਹਾਸ ਵਿਚ ਵਾਪਰੀਆਂ ਘਟਨਾਵਾਂ ਦਾ ਵਰਨਣ ਮਿਲਦਾ ਹੈ। ਇਹ ਘਟਨਾਵਾਂ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਹਨ। ਇਨ੍ਹਾਂ ਵੱਖ ਵੱਖ ਘਟਨਾਵਾਂ ਦੀ ਪੇਸ਼ਕਾਰੀ ਲੱਗਭਗ ਸਾਰੇ ਗੁਰੂ ਸਾਹਿਬਾਨ ਦੇ ਜੀਵਨ ਕਾਲ ਦੀ ਪੇਸ਼ਕਾਰੀ ਸਮੇਂ ਸੰਕੇਤਮਈ ਢੰਗ ਨਾਲ ਹੋਈ ਹੈ। ਉਸ ਸਮੇਂ ਦੇ ਸਿੱਖ ਇਤਿਹਾਸ ਵਿਚ ਕਈ ਮਹੱਤਵ-ਪੂਰਨ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੇ ਸਿੱਖ ਸੋਚ ਨੂੰ ਤਬਦੀਲ ਕਰਕੇ ਰੱਖ ਦਿੱਤਾ, ਜਿਨ੍ਹਾਂ ਵਿਚੋਂ ਮੁੱਖ ਰੂਪ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਗੁਰੂ ਹਰਗੋਬਿੰਦ ਸਾਹਿਬ ਦੁਆਰਾ ਗੁਰਗੱਦੀ ਤੇ ਬੈਠਣ ਸਮੇਂ ਦੋ ਤਲਵਾਰਾਂ ਪਹਿਨਣੀਆਂ ਹਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸੰਬੰਧਤ ਘਟਨਾ ਦਾ ਬਿਆਨ ਵਧੇਰੇ ਵਿਸਥਾਰ ਵਿਚ ਨਹੀਂ ਮਿਲਦਾ। ਗੁਰੂ ਹਰਗੋਬਿੰਦ ਸਾਹਿਬ ਦੇ ਜੀਵਨ ਕਾਲ ਨਾਲ ਸੰਬੰਧਤ ਉਪਰੋਕਤ ਘਟਨਾ ਦਾ ਬਿਆਨ ਸਿੱਖ ਇਤਿਹਾਸ ਵਿਚ ਦਰਜ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਇਸ ਘਟਨਾ ਦਾ ਹਵਾਲਾ ਮਿਲਦਾ ਹੈ। ਪਰ ਭਾਈ ਸਾਹਿਬ ਨੇ ਇਸ ਦੀ ਪੇਸ਼ਕਾਰੀ ਸਮੇਂ ਜੁਗਤ ਇਹ ਵਰਤੀ ਹੈ ਕਿ ਇਸ ਸਾਰੀ ਘਟਨਾ ਨੂੰ ਬਿਆਨ ਕਰਨ ਦੀ ਬਜਾਇ, ਇਸ ਘਟਨਾ ਦੇ ਲੋਕਾਂ ਉਪਰ ਪਏ ਪਰਭਾਵ ਨੂੰ ਬਿਆਨ ਕੀਤਾ ਹੈ। ਇਸ ਪ੍ਰਕਾਰ ਭਾਈ ਸਾਹਿਬ ਨੇ ਇਥੇ ਘਟਨਾ ਦੇ ਪ੍ਰਭਾਵ ਰਾਹੀਂ ਗੁਰੂ ਹਰਗੋਬਿੰਦ ਸਾਹਿਬ ਦੀ ਸ਼ਖਸੀਅਤ ਦੇ ਨਿਖਾਰ ਦਾ ਪ੍ਰਗਟਾਵਾ ਕੀਤਾ ਹੈ। ਇਸ ਦੇ ਨਾਲ ਨਾਲ ਭਾਈ ਸਾਹਿਬ ਨੇ ਲੋਕਾਂ ਦੇ ਮਨਾਂ ਵਿਚ ਪੈਦਾ ਹੋਏ ਸ਼ੰਕਿਆਂ ਦੀ ਵੀ ਨਵਿਰਤੀ ਕੀਤੀ ਹੈ।

ਗੁਰੂ ਹਰਗੋਬਿੰਦ ਸਾਹਿਬ ਦੁਆਰਾ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਣ ਨੂੰ ਕਈ ਊਪਰੀ ਸਮਝ ਰੱਖਣ ਵਾਲਿਆਂ ਨੇ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਤੇ ਆਸ਼ੇ ਦੇ ਉਲਟ

ਸਮਝਿਆ। ਪਰ ਇਤਿਹਾਸ ਗਵਾਹ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਵੀ ਉਨ੍ਹਾਂ ਸਿਧਾਂਤਾਂ ਦੀ ਪੈਰਵਾਈ ਕਰ ਰਹੇ ਸਨ, ਜਿਨ੍ਹਾਂ ਸਿਧਾਂਤਾਂ ਦਾ ਮੁੱਢ ਗੁਰੂ ਨਾਨਕ ਸਾਹਿਬ ਨੇ ਬੰਨ੍ਹਿਆ ਸੀ।

ਭਾਈ ਗੁਰਦਾਸ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਦੀ ਸ਼ਖਸੀਅਤ ਸੰਬੰਧੀ ਲੋਕਾਂ ਵਿਚ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋਏ। ਇਨ੍ਹਾਂ ਸ਼ੰਕਿਆਂ ਦਾ ਬਿਆਨ ਭਾਈ ਸਾਹਿਬ ਨੇ ਵਾਰ 26/24 ਵਿਚ ਕੀਤਾ ਹੈ ਕਿ ਉਹ ਧਰਮਸਾਲ ਵਿਚ ਟਿਕ ਕੇ ਨਹੀਂ ਬੈਠਦੇ, ਸਮੇਂ ਦਾ ਪਾਤਸ਼ਾਹ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਸੋਚਦਾ ਹੈ, ਉਨ੍ਹਾਂ ਨੂੰ ਰਤਾ ਡਰ ਭੈਅ ਨਹੀਂ ਹੈ, ਪ੍ਰਚਾਰ ਵਲ ਧਿਆਨ ਨਹੀਂ ਦਿੰਦੇ, ਮੰਜੀ ਅਸਥਾਪਨ ਨਹੀਂ ਕਰਦੇ, ਯੁੱਧ ਕਰਨ ਤੇ ਸ਼ਿਕਾਰ ਦੀ ਪ੍ਰੇਰਨਾ ਦਿੰਦੇ ਹਨ, ਕੁੱਤਿਆਂ ਨੂੰ ਪਾਲਦੇ ਹਨ, ਨਾ ਬਾਣੀ ਪੜ੍ਹਦੇ ਹਨ, ਨਾ ਸੁਣਦੇ ਹਨ, ਨਾ ਲਿਖਦੇ ਹਨ, ਦੁਸ਼ਟਾਂ ਨੂੰ ਆਪਣਾ ਸੇਵਕ ਬਣਾਇਆ ਹੈ ਆਦਿ। ਭਾਈ ਗੁਰਦਾਸ ਨੇ ਇਸੇ ਵਾਰ ਦੀ ਅਗਲੀ ਪਉੜੀ ਵਿਚ ਇਨ੍ਹਾਂ ਸ਼ੰਕਿਆਂ ਦੀ ਨਵਿਰਤੀ ਕੀਤੀ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖੀ ਨੂੰ ਮਜ਼ਬੂਤ ਕਰਨ ਲਈ ਇਹ ਉਪਾ ਕੀਤੇ ਹਨ।

ਭਾਈ ਗੁਰਦਾਸ ਨੇ ਇਸ ਘਟਨਾ ਰਾਹੀਂ ਗੁਰੂ ਹਰਗੋਬਿੰਦ ਸਾਹਿਬ ਨੂੰ ਧਰਮ ਦੇ ਰੱਖਿਅਕ ਵਜੋਂ ਪੇਸ਼ ਕੀਤਾ ਹੈ ਅਤੇ ਇਸ ਵਿਚਾਰ ਦੀ ਪੁਸ਼ਟੀ ਕੀਤੀ ਹੈ ਕਿ ਜਬਰ ਦੇ ਵਿਰੁੱਧ ਤਲਵਾਰ ਉਠਾਉਣੀ ਧਰਮ ਹੈ। ਭਾਈ ਸਾਹਿਬ ਅਨੁਸਾਰ ਗੁਰੂ ਸਾਹਿਬ ਆਪਣਾ ਧਰਮ ਨਿਭਾ ਰਹੇ ਹਨ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਅਨੇਕਾਂ ਵਿਚਾਰਾਂ ਦੀ ਪੇਸ਼ਕਾਰੀ ਹੋਈ ਹੈ ਜਿਨ੍ਹਾਂ ਵਿਚੋਂ ਭਗਤੀ ਦਾ ਵਿਚਾਰ ਮੁੱਖ ਹੈ। ਭਗਤੀ ਦੇ ਦੋ ਪੱਖ ਹਨ; ਇਕ ਲੌਕਿਕ ਤੇ ਦੂਜਾ ਪ੍ਰੇਮਾ ਭਗਤੀ। ਲੌਕਿਕ ਭਗਤੀ ਵਿਚ ਕਈ ਕਿਸਮ ਦੀਆਂ ਪੂਜਾ ਵਿਧੀਆਂ ਜਿਵੇਂ ਬੁੱਤ ਪੂਜਾ, ਮੜ੍ਹੀਆਂ ਦੀ ਪੂਜਾ ਆਦਿ ਉਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ ਅਤੇ ਪ੍ਰੇਮਾ ਭਗਤੀ ਵਿਚ ਪ੍ਰੇਮ ਭਾਵ ਦੀ ਪ੍ਰਧਾਨਤਾ ਹੁੰਦੀ ਹੈ। ਗੁਰਬਾਣੀ ਵਿਚ ਲੌਕਿਕ ਭਗਤੀ ਦੀ ਨਿੰਦਾ ਕਰਦਿਆਂ ਹੋਇਆਂ ਪ੍ਰੇਮਾ ਭਗਤੀ ਤੇ ਵਿਸ਼ੇਸ਼ ਬਲ ਦਿੱਤਾ ਹੈ। ਗੁਰਬਾਣੀ ਅਨੁਸਾਰ ਭਗਤੀ ਇਕ ਵਿਖਮ ਮਾਰਗ ਹੈ, ਇਸ ਦੀ ਧਾਰ ਖੰਨਿਉਂ ਤਿੱਖੀ ਹੈ, ਇਸ ਉਤੇ ਚੱਲਣਾ ਕੋਈ ਸੌਖਾ ਕੰਮ ਨਹੀਂ ਹੈ। ਇਸ ਮਾਰਗ ਤੇ ਚੱਲ ਕੇ ਹੀ ਸਿੱਖਾਂ ਵਿਚ ਤਾਕਤ ਆਈ ਹੈ। ਇਸੇ ਨਾਲ ਹੀ ਉਸ ਸਮੇਂ ਦੇ ਦੱਬੇਕੁਚਲੇ ਲੋਕਾਂ ਵਿਚ ਇਕ ਨਵੀਂ ਸ਼ਕਤੀ ਪੈਦਾ ਹੋਈ ਜਿਸਨੇ ਇਨਕਲਾਬ ਲਿਆਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਭਗਤੀ

ਲਹਿਰ ਨੇ ਇਤਿਹਾਸ ਦੀ ਉਸਾਰੀ ਵਿਚ ਵੀ ਮਹੱਤਵਪੂਰਨ ਰੋਲ ਅਦਾ ਕੀਤਾ ਹੈ ਅਤੇ ਇਸ ਲਹਿਰ ਵਿਚ ਵਾਪਰਨ ਵਾਲੀਆਂ ਘਟਨਾਵਾਂ ਬਾਅਦ ਵਿਚ ਇਤਿਹਾਸ ਬਣ ਗਈਆਂ ਹਨ।

ਭਾਈ ਗੁਰਦਾਸ ਨੇ ਵਾਰਾਂ ਵਿਚ ਸਿੱਖ ਇਤਿਹਾਸ ਨੂੰ ਸੰਕੇਤਕ ਰੂਪ ਵਿਚ ਬਿਆਨ ਕੀਤਾ ਹੈ। ਉਹ ਗੁਰਮਤਿ ਦੇ ਸਿਧਾਂਤਾਂ ਦੇ ਪ੍ਰਚਾਰਕ ਸਨ ਅਤੇ ਗੁਰਮਤਿ ਵਿਚਾਰਧਾਰਾ ਅਨੁਸਾਰ ਸੇਵਾ ਭਗਤੀ ਵਿਚ ਵਿਸ਼ਵਾਸ਼ ਰੱਖਦੇ ਸਨ। ਜਿਸ ਤਰ੍ਹਾਂ ਗੁਰਬਾਣੀ ਵਿਚ ਬਾਹਰੀ ਪੂਜਾ ਵਿਧੀਆਂ ਨੂੰ ਫੋਕਟ ਕਰਮ ਕਿਹਾ ਗਿਆ ਹੈ। ਇਸੇ ਤਰ੍ਹਾਂ ਹੀ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਇਸਦੀ ਨਿੰਦਾ ਹੋਈ ਹੈ। ਜਿਵੇਂ:

ਮਿਲੈ ਜਿ ਤੀਰਥਿ ਨਾਤਿਆਂ ਡਡਾਂ ਜਲ ਵਾਸੀ।
ਵਾਲ ਵਧਾਇਆਂ ਪਾਈਐ ਬੜ ਜਟਾਂ ਪਲਾਸੀ।
ਨੰਗੇ ਰਹਿਆਂ ਜੇ ਮਿਲੈ ਵਣਿ ਮਿਰਗ ਉਦਾਸੀ।
ਭਸਮ ਲਾਇ ਜੇ ਪਾਈਐ ਖਰੁ ਖੇਹ ਨਿਵਾਸੀ।
ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ
ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ। (ਵਾਰ 36/14)

ਭਾਈ ਗੁਰਦਾਸ ਅਨੁਸਾਰ ਪ੍ਰੇਮਾ ਭਗਤੀ ਕਰਕੇ ਹੀ ਗੁਰਮਤਿ ਦਾ ਪਾਰ ਉਤਾਰਾ ਹੋਣਾ ਹੈ:

ਭਾਇ ਭਗਤਿ ਗੁਰਮੁਖਿ ਨਿਸਤਾਰਾ। (ਵਾਰ 6/4)

ਭਾਈ ਗੁਰਦਾਸ ਆਪ ਇਕ ਭਗਤ ਸਨ ਅਤੇ ਉਨ੍ਹਾਂ ਨੇ ਭਗਤਾਂ ਸੰਬੰਧੀ ਬਿਆਨ ਵੀ ਵਾਰਾਂ ਵਿਚ ਕੀਤਾ ਹੈ। ਇਨ੍ਹਾਂ ਬਿਆਨਾਂ ਰਾਹੀਂ ਉਨ੍ਹਾਂ ਨੇ ਇਹ ਵਿਚਾਰ ਵਿਅਕਤ ਕੀਤਾ ਹੈ ਕਿ ਭਗਤ, ਪੀਰ-ਪੈਗੰਬਰ ਆਦਿ ਵੀ ਗੁਰੂ ਦੀ ਭਗਤੀ ਕਰਦੇ ਹਨ ਤੇ ਇਸੇ ਭਗਤੀ ਰਾਹੀਂ ਹੀ ਉਹ ਮਹਾਨ ਹੋਏ ਹਨ। ਉਹ ਜਨਮ ਤੋਂ ਮਹਾਨ ਨਹੀਂ ਸਨ, ਉਨ੍ਹਾਂ ਦੀ ਮਹਾਨਤਾ ਭਗਤੀ ਦੀ ਸ਼ਕਤੀ ਕਰਕੇ ਹੈ। ਇਸ ਪ੍ਰਕਾਰ ਭਾਈ ਗੁਰਦਾਸ ਦੀਆਂ ਨਜ਼ਰਾਂ ਵਿਚ ਭਗਤੀ ਉੱਤਮ ਮਾਰਗ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਆਏ ਇਤਿਹਾਸਕ ਸੰਕੇਤਾਂ ਦੀ ਜਿਥੋਂ ਤਕ ਗੱਲ ਹੈ, ਉਨ੍ਹਾਂ ਨੇ ਵਾਰਾਂ ਵਿਚ ਘਟਨਾਵਾਂ ਜਾਂ ਸਥਾਨਾਂ ਪ੍ਰਤੀ ਜੋ ਸੰਕੇਤ ਦਿਤੇ ਹਨ, ਉਹ ਕਿਸੇ ਨਾ ਕਿਸੇ ਢੰਗ ਨਾਲ ਗੁਰੂ ਸਾਹਿਬਾਨ ਜਾਂ ਹੋਰ ਸ਼ਖਸੀਅਤਾਂ ਦੇ ਵਿਚਾਰਾਂ, ਉਪਦੇਸ਼ਾਂ ਨਾਲ ਜੁੜੀਆਂ

ਹੋਈਆਂ ਘਟਨਾਵਾਂ ਨਾਲ ਸੰਬੰਧਤ ਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਭਾਈ ਗੁਰਦਾਸ ਦਾ ਮੁੱਖ ਮੰਤਵ ਗੁਰਮਤਿ ਵਿਚਾਰਧਾਰਾ ਦੇ ਵਿਸ਼ੇਸ਼ ਪੱਖਾਂ ਨੂੰ ਉਜਾਗਰ ਕਰਨਾ ਹੈ ਭਾਵੇਂ ਘਟਨਾ ਜਾਂ ਸਥਾਨ ਦੀ ਇਤਿਹਾਸਕਤਾ ਵੀ ਮਹੱਤਵ ਗ੍ਰਹਿਣ ਕਰ ਜਾਂਦੀ ਹੈ। ਸੁਮੇਰ ਪਰਬਤ, ਮੱਕਾ, ਮਦੀਨਾ, ਬਗਦਾਦ, ਅਚਲ ਵਟਾਲੇ, ਮੁਲਤਾਨ ਆਦਿ ਕੁਝ ਸਥਾਨ ਇਸੀ ਪ੍ਰਸੰਗ ਵਿਚ ਭਾਈ ਗੁਰਦਾਸ ਦੀ ਰਚਨਾ ਵਿਚ ਮਹੱਤਵ ਗ੍ਰਹਿਣ ਕਰਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਣ ਉਪਰੰਤ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪੁਰਾਤਨ ਵਾਰਤਕ ਦੇ ਆਰੰਭ ਅਤੇ ਵਿਕਾਸ ਦਾ ਯੁੱਗ ਸ਼ੁਰੂ ਹੁੰਦਾ ਹੈ। ਇਹ ਵਾਰਤਕ ਦਾ ਮੁਢਲਾ ਸਰੂਪ ਸਾਨੂੰ ਜਨਮਸਾਖੀ ਪਰੰਪਰਾ ਵਿਚ ਉਪਲਭਦ ਹੈ। ਇਹ ਜਨਮਸਾਖੀਆਂ- ਪੁਰਾਤਨ ਜਨਮ ਸਾਖੀ, ਸੋਢੀ ਮਿਹਰਬਾਨਵਾਲੀ ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀਤੇ ਗਿਆਨ ਰਤਨਾਵਲੀ ਆਦਿ ਸਾਰੀਆਂ ਗੁਰੂ ਨਾਨਕ ਸਾਹਿਬ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕਰਦੀਆਂ ਹਨ। ਇਨ੍ਹਾਂ ਜਨਮ ਸਾਖੀਆਂ ਦੇ ਲੇਖਕਾਂ ਨੇ ਵੀਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਮੁਢਲੀ ਸਮੱਗਰੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਹੀ ਪ੍ਰਾਪਤ ਕੀਤੀ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਦੀਆਂ ਵਾਰਾਂ ਗੁਰੂ ਸਾਹਿਬਾਨ ਦੇ ਜੀਵਨਨੂੰ ਜਾਨਣ ਲਈ ਮੁਢਲਾ ਸੋਮਾ ਹਨ।

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਿਥਿਹਾਸਕ ਸ਼ਖਸੀਅਤਾਂ ਸੰਬੰਧੀ ਸੰਕੇਤ ਪ੍ਰਸੰਗਿਕ ਰੂਪ ਵਿਚ ਆਏ ਹਨ। ਇਨ੍ਹਾਂ ਵਿਚ ਦੇਵੀ ਦੇਵਤੇ, ਦੈਂਤ, ਅਵਤਾਰ, ਰਿਸ਼ੀ-ਮੁਨੀ, ਰਮਾਇਣ, ਮਹਾਂ-ਭਾਰਤ ਤੇ ਹੋਰ ਗ੍ਰੰਥਾਂ ਨਾਲ ਸ਼ਖਸੀਅਤਾਂ ਮੁੱਖ ਹਨ। ਇਨ੍ਹਾਂ ਸੰਕੇਤਾਂ ਰਾਹੀਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਭਾਈ ਗੁਰਦਾਸ ਦਾ ਮੰਤਵ ਕਿਸੇ ਮਿਥਿਹਾਸਕ ਸ਼ਖਸੀਅਤ ਨੂੰਪ੍ਰਮੁੱਖ ਦਿਖਾਉਣ ਜਾਂ ਉਸ ਵਿਚ ਸ਼ਰਧਾ ਪ੍ਰਗਟ ਕਰਨਾ ਨਹੀਂ ਹੈ ਅਤੇ ਨਾ ਹੀ ਉਹ ਇਨ੍ਹਾਂ ਮਿਥਿਹਾਸਕ ਸੰਕੇਤਾਂ ਰਾਹੀਂ ਲੋਕਾਂ ਵਿਚ ਪੁਰਾਣੇ ਵਿਸ਼ਵਾਸ਼ਾਂ ਨੂੰ ਉਜਾਗਰ ਕਰਨਾ ਚਾਹੁੰਦੇ ਹਨ ਸਗੋਂ ਸਪਸ਼ਟ ਰੂਪ ਵਿਚ ਇਨ੍ਹਾਂ ਸਾਰੇ ਮਿਥਿਹਾਸਕ ਹਵਾਲਿਆਂ ਨੂੰ ਗੁਰਬਾਣੀ ਦੇ ਆਸ਼ਿਆਂ ਨੂੰ ਪ੍ਰਗਟ ਕਰਨ ਲਈ ਕੇਵਲ ਇਕ ਮਾਧਿਅਮ ਵਜੋਂ ਵਰਤਦੇ ਹਨ। ਮਿਥਿਹਾਸਕ ਸ਼ਖਸੀਅਤਾਂ ਦੇ ਨਾਲ ਘਟਨਾਵਾਂ ਅਤੇ ਸਥਾਨ ਵੀ ਜੁੜੇ ਹੋਏ ਹਨ। ਨਿਸ਼ਚੇ ਹੀ ਇਨ੍ਹਾਂ ਘਟਨਾਵਾਂ ਤੇ ਸਥਾਨਾਂ ਦੀ ਪ੍ਰਮਾਣਿਕਤਾ ਨੂੰ ਸਿੱਧ ਕਰਨਾ ਅਸੰਭਵ ਹੈ। ਇਹੀ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਮਿਥਿਹਾਸਕ ਘਟਨਾਵਾਂ ਅਤੇ ਸਥਾਨਾਂ ਨੂੰ ਆਪਣੀਆਂ ਵਾਰਾਂ ਵਿਚ ਇਸ ਲਈ ਨਿਰੂਪਣ ਕਰਦੇ ਹਨ ਕਿ ਇਹ ਸਭ ਕੁਝ ਲੋਕ ਮਾਨਸਿਕਤਾ ਨਾਲ ਜੁੜਿਆ ਹੋਇਆ ਹੈ। ਇਸ ਤੋਂ ਇਹ ਵੀ ਜ਼ਾਹਿਰ ਹੁੰਦਾ ਹੈ ਕਿ ਲੋਕ ਜੀਵਨ ਵਿਚ ਪ੍ਰਚਲਤ

ਧਾਰਨਾ ਨੂੰ ਜਾਂ ਕਿਸੇ ਵਿਚਾਰ ਨੂੰ ਜਾਂ ਕਿਸੇ ਸੁਖਸ਼ੀਅਤ ਨੂੰ ਕਿਸੇ ਘਟਨਾ ਜਾਂ ਸਥਾਨ ਨਾਲ ਜੋੜ ਕੇ ਪੇਸ਼ ਕਰਨ ਵਿਚ ਭਾਈ ਗੁਰਦਾਸ ਦਾ ਆਪਣਾ ਵਿਸ਼ਵਾਸ਼ ਨਹੀਂ ਉਘੜਦਾ ਸਗੋਂ ਲੋਕਾਂ ਨੂੰ ਨਵੀਂ ਸੇਧ ਦੇਣ ਲਈ ਇਨ੍ਹਾਂ ਹਵਾਲਿਆਂ ਨੂੰ ਕੇਵਲ ਦ੍ਰਿਸ਼ਟਾਂਤ ਵਜੋਂ ਵਰਤਿਆ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਦੀਆਂ ਵਾਰਾਂ **ਇਕ** ਐਸੀ ਰਚਨਾ ਹਨ ਜਿਸ ਵਿਚੋਂ ਇਤਿਹਾਸ ਅਤੇ ਸਾਹਿਤ ਦੋਵੇਂ ਰੂਪਮਾਨ ਹੁੰਦੇ ਹਨ। ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਜਿੰਨੀਆਂ ਵੀ ਪੁਸਤਕਾਂ ਪ੍ਰਾਪਤ ਹੁੰਦੀਆਂ ਹਨ, ਉਹ ਸਾਰੀਆਂ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਬਾਅਦ ਵਿਚ ਲਿਖੀਆਂ ਗਈਆਂ ਹਨ। ਇਸ ਦਾ ਭਾਵ ਇਹ ਹੈ ਕਿ ਭਾਈ ਗੁਰਦਾਸ ਪਹਿਲੇ ਸਿੱਖ ਇਤਿਹਾਸਕਾਰ ਹਨ ਜਿਨ੍ਹਾਂ ਨੇ ਵਾਰਾਂ ਵਿਚ ਸਿੱਖ ਇਤਿਹਾਸ ਨੂੰ ਕਲਮਬੰਦ ਕੀਤਾ ਹੈ। ਪੰਜਾਬੀ ਸਾਹਿਤ ਦੇ ਵੱਖ ਵੱਖ ਰੂਪਾਂ ਦੀ ਉਤਪਤੀ ਵਿਚ ਭਾਈ ਗੁਰਦਾਸ ਦੀਆਂ ਰਚਨਾਵਾਂ ਪ੍ਰਮੁੱਖ ਸੋਮਾਂ ਬਣ ਕੇ ਉਭਰੀਆਂ ਹਨ। ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਨੂੰ ਸਮੁੱਚੀ ਮਨੁੱਖਤਾ ਦੇ ਨਾਇਕ ਵਜੋਂ ਚਿਤਰਿਆ ਹੈ। ਇਸ ਨਾਇਕ ਦੇ ਜੀਵਨ ਦੁਆਲੇ ਪੰਜਾਬੀ ਵਾਰਤਕ ਘੁੰਮਦੀ ਹੈ। ਇਸ ਪ੍ਰਕਾਰ ਪੰਜਾਬੀ ਵਾਰਤਕ ਦੀ ਉਤਪਤੀ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਹ ਪੰਜਾਬੀ ਜੀਵਨ ਨਾਲ ਸੰਬੰਧਤ ਸਮੁੱਚੀ ਸਥਿਤੀ ਨੂੰ ਚਿਤਰਣ ਵਾਲੀ ਰਚਨਾ ਹੈ। ਇਸ ਕਰਕੇ ਇਨ੍ਹਾਂ ਦਾ ਇਤਿਹਾਸਕ ਮਹੱਤਵ ਵੱਧ ਜਾਂਦਾ ਹੈ।

# ਸਹਾਇਕ ਪੁਸਤਕ ਸੂਚੀ

## ਪੰਜਾਬੀ ਪੁਸਤਕਾਂ :

ਅਜ਼ਾਦ, ਪ੍ਰਿਥਵੀ ਸਿੰਘ, ਗੁਰੂ ਰਵਿਦਾਸ, ਸ੍ਰੀ ਗੁਰੂ ਰਵਿਦਾਸ ਸੰਸਥਾਨ, ਚੰਡੀਗੜ੍ਹ, 1977

ਅਤਰ ਸਿੰਘ, ਦ੍ਰਿਸ਼ਟੀਕੋਣ, ਲਾਹੌਰ ਬੁਕ ਸ਼ਾਪ, ਲਧਿਆਣਾ, 1964

ਅਸ਼ੋਕ, ਸ਼ਮਸ਼ੇਰ ਸਿੰਘ, ਸਿੱਖੀ ਤੇ ਸਿੱਖ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 1951

ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਤੀਜੀ, ਰਾਜ ਪਬਲੀਸ਼ਰਜ, ਜਲੰਧਰ, 1962

ਸਾਹਿਬ ਸਿੰਘ, ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1969

ਸਤਿਬੀਰ ਸਿੰਘ (ਪ੍ਰੋ.), ਆਦਿ ਸਿੱਖ ਤੇ ਆਦਿ ਸਾਖੀਆਂ, ਨਿਊ ਬੁੱਕ ਕੰਪਨੀ, ਜਲੰਧਰ ਦੂਜੀ ਵਾਰ, 1991

_____, ਸਾਡਾ ਇਤਿਹਾਸ (ਭਾਗ ਪਹਿਲਾ), ਨਿਊ ਬੁਕ ਕੰਪਨੀ, ਜਲੰਧਰ, ਚੌਥਾ ਐਡੀਸ਼ਨ 1979

_____, ਖਾਲਸੇ ਦੀ ਵਾਸੀ, ਨਿਊ ਬੁਕ ਕੰਪਨੀ, ਜਲੰਧਰ, 1966

_____, ਗੁਰ ਭਾਰੀ (ਜੀਵਨੀ ਗੁਰੂ ਹਰਗੋਬਿੰਦ ਜੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਵੀਂ ਵਾਰ, 1988

ਸਰਦੂਲ ਸਿੰਘ, ਭਾਈ ਗੁਰਦਾਸ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1961

ਸੰਤੋਖ ਸਿੰਘ, ਭਾਈ, ਗੁਰ ਪ੍ਰਤਾਪ ਸੂਰਜ ਗ੍ਰੰਥ-ਭਾਗ ਪਹਿਲਾ, ਦੂਜਾ ਅਤੇ ਤੀਜਾ, ਖਾਲਸਾ ਸਮਾਚਾਰ, ਅੰਮ੍ਰਿਤਸਰ, ਮਿਤੀਹੀਣ

ਸੇਖੋਂ, ਸੰਤ ਸਿੰਘ, ਭਾਈ ਗੁਰਦਾਸ: ਇਕ ਅਧਿਐਨ, ਲਾਹੌਰ ਬੁਕ ਸ਼ਾਪ, ਲੁਧਿਆਣਾ, 1975

ਸ਼ਾਂਤ, ਗੁਰਬਖਸ਼ ਸਿੰਘ (ਡਾ.), ਭਾਈ ਗੁਰਦਾਸ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1984

ਸੁਰਮਾ, ਬੇਣੀ ਪ੍ਰਸਾਦਿ, ਸੰਤ ਗੁਰੂ ਰਵਿਦਾਸ, ਹਜ਼ੂਰੀਆ ਐਂਡ ਸੰਨਜ਼, ਜਲੰਧਰ, 1974

ਸ਼ੇਰ ਸਿੰਘ, ਗਿਆਨੀ, ਗੁਰਮਤ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962

ਸੋਧੀ, ਐਸ. ਐਲ, ਸੰਤ ਕਬੀਰ, ਰਾਧਾ ਸਵਾਮੀ ਸਤਿਸੰਗ, ਬਿਆਸ, 1984

ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1951

ਹਜਾਰਾ ਸਿੰਘ, ਗਿਆਨੀ, ਵਾਰਾਂ ਭਾਈ ਗੁਰਦਾਸ - ਸਟੀਕ, ਖਾਲਸਾ ਸਮਾਚਾਰ, ਅੰਮ੍ਰਿਤਸਰ ਅਠਵੀਂ ਵਾਰ, 1972

ਹਰਿਭਜਨ ਸਿੰਘ, ਅਧਿਐਨ ਅਤੇ ਅਧਿਆਪਨ, ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1970

ਕਰਤਾਰ ਸਿੰਘ, ਸਿੱਖ ਇਤਿਹਾਸ (ਭਾਗ ਪਹਿਲਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦੂਜੀ ਵਾਰ 1971

______, ਸਿੱਖ ਇਤਿਹਾਸ (ਭਾਗ ਦੂਜਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦੂਜੀ ਵਾਰ, 1971

ਕਰਤਾਰ ਸਿੰਘ (ਸੰਪਾ.), ਵਾਰਾਂ ਭਾਈ ਗੁਰਦਾਸ ਦਾ ਤੁਕ-ਤਤਕਰਾ, ਲੇਖਕ ਦੁਆਰਾ ਪ੍ਰਕਾਸ਼ਿਤ ਜਲੰਧਰ, 1963

ਕ੍ਰਿਪਾਲ ਸਿੰਘ, ਜਨਮਸਾਖੀ ਪਰੰਪਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਕੁਸ਼ਤਾ, ਮੌਲਾ ਬਖਸ਼, ਪੰਜਾਬ ਦੇ ਹੀਰੇ, ਲਾਹੌਰ ਬੁਕ ਸ਼ਾਪ, ਲੁਧਿਆਣਾ, ਦੂਜੀ ਵਾਰ, 1950

ਕੇਸਰ, ਕੇਸਰ ਸਿੰਘ (ਸੰਪਾ.), ਪੰਜਾਬੀ ਸਾਹਿਤ ਕੋਸ਼ ਭਾਗ ਤੀਜਾ, ਪੰਜਾਬ ਯੂਨੀਵਰਸਿਟੀ, 1992

ਕੋਹਲੀ, ਸੁਰਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 1955

______(ਸੰਪਾ.), ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ-ਕਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969

______(ਸੰਪਾ.), ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1974

ਗਿਆਨ, ਸਿੰਘ, ਗਿਆਨੀ, ਤਵਾਰੀਖ ਗੁਰਦਵਾਰਿਆਂ, ਭਾਈ ਬੂਟਾ ਸਿੰਘ, ਪ੍ਰਤਾਪ ਸਿੰਘ, ਅੰਮ੍ਰਿਤਸਰ (ਦੂਜੀ ਵਾਰ) ਮਿਤੀਹੀਣ

______, ਤਵਾਰੀਖ ਗੁਰੂ ਖਾਲਸਾ (ਹਿੱਸਾ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਫਰਵਰੀ 1970

ਗਿਆਨੀ, ਪੰਡਤ ਨਰੈਣ ਸਿੰਘ, 41 ਵਾਰਾਂ ਭਾਈ ਗੁਰਦਾਸ-ਸਟੀਕ, ਭਾਈ ਜਵਾਹਰ ਸਿੰਘ, ਕ੍ਰਿਪਾਲ ਸਿੰਘ, ਅੰਮ੍ਰਿਤਸਰ, 1914

ਗਿੱਲ, ਮਹਿੰਦਰ ਕੌਰ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ, ਨੈਸ਼ਨਲ ਬੁਕ ਸ਼ਾਪ, ਦਿੱਲੀ, 1975

ਗੰਡਾ ਸਿੰਘ, ਸਿੱਖ ਇਤਿਹਾਸ ਵਲ, ਲਾਹੌਰ ਬੁਕ ਸ਼ਾਪ, ਲੁਧਿਆਣਾ, 1946

ਗੁਪਤਾ, ਹਰੀ ਰਾਮ, ਗੁਰੂ ਨਾਨਕ ਦੇਵ ਜੀ ਦਾ ਸੰਖੇਪ ਜੀਵਨ ਚਿੱਤਰ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1969

ਗੁਰਦਿੱਤ ਸਿੰਘ, ਗਿਆਨੀ, ਇਤਿਹਾਸ ਗੁਰੂ ਗ੍ਰੰਥ ਸਾਹਿਬ, ਸਿੱਖ ਸਾਹਿਤ ਸੰਸਥਾਨ, ਚੰਡੀਗੜ੍ਹ-ਦਿੱਲੀ, 1990

ਚਾਕਰ, ਅਮਰ ਸਿੰਘ (ਸੰਪਾ.), ਵਾਰਾਂ ਭਾਈ ਗੁਰਦਾਸ ਜੀ , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਜਵੀਂ ਐਡੀਸ਼ਨ, 1990

ਛਿੱਬਰ, ਕੇਸਰ ਸਿੰਘ, ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਸੰਪਾ. ਡਾ. ਰਤਨ ਸਿੰਘ ਜੱਗੀ ਵਿਸ਼ੇਸ਼ ਅੰਕ-ਪਰਖ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ,1972

ਜੋਨ ਡੋਸਨ, ਹਿੰਦੂ ਮਿਥਿਹਾਸ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963

ਜੱਗੀ, ਰਤਨ ਸਿੰਘ, ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ, ਨਿਊ ਬੁਕ ਕੰਪਨੀ, ਜਲੰਧਰ, 1965

______, ਭਾਈ ਗੁਰਦਾਸ ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974

______, ਵਿਚਾਰਧਾਰਾ, ਮਹਾਨ ਪਬਲਿਸ਼ਰਜ਼, ਪਟਿਆਲਾ, 1966

______(ਸੰਪਾ.), ਵਾਰਾਂ ਭਾਈ ਗੁਰਦਾਸ ਸ਼ਬਦ-ਅਨੁਕ੍ਰਮਣਿਕਾ ਅਤੇ ਕੋਸ਼ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966

ਜੋਗਿੰਦਰ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ-ਦਰਪਣ, ਪੰਜਾਬੀ ਪ੍ਰਕਾਸ਼ਨ, ਨਵੀਂ ਦਿਲੀ, 1966

ਜੋਧ ਸਿੰਘ ਭਾਈ, ਭਗਤ ਨਾਮਦੇਵ ਤਥਾ ਹੋਰ ਭਗਤ-ਜੀਵਨੀ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

ਤਾਰਨ ਸਿੰਘ, ਗੁਰੂ ਅਮਰਦਾਸ ਜੀਵਨ, ਰਚਨਾ ਤੇ ਸਿਖਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.

ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968

______, ਸ੍ਰੀ ਗੁਰੂ ਗ੍ਰੰਥ ਰਤਨਾਵਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

______, ਗੁਰੂ ਨਾਨਕ ਚਿੰਤਨ ਤੇ ਕਲਾ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1963

ਥਿੰਦ, ਕਰਨੈਲ ਸਿੰਘ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਜੀਵਨ ਮੰਦਿਰ ਪ੍ਰਕਾਸ਼ਨ, ਅੰਮ੍ਰਿਤਸਰ, 1973

ਦਰਸ਼ਨ ਸਿੰਘ, ਭਾਈ ਗੁਰਦਾਸ: ਸਿੱਖੀ ਤੇ ਪਹਿਲੇ ਵਿਆਖਿਆਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986

ਦੀਪ, ਦਲੀਪ ਸਿੰਘ, ਗੁਰੂ ਅਮਰਦਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1960

______, ਭਾਈ ਗੁਰਦਾਸ ਦੀ ਪਹਿਲੀ ਵਾਰ (ਇਕ ਆਲੋਚਨਾਤਮਕ ਅਤੇ ਤੁਲਨਾਤਮਕ ਅਧਿਐਨ) ਲਾਹੌਰ ਬੁਕ ਸ਼ਾਪ, ਲੁਧਿਆਣਾ, ਮਿਤੀਹੀਣ

ਦੀਵਾਨ ਸਿੰਘ (ਡਾ.), ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ, ਫਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1968

ਨਾਭਾ, ਕਾਨ੍ਹ ਸਿੰਘ, ਗੁਰਮਤ ਸੁਧਾਕਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਚੌਥਾ ਐਡੀਸ਼ਨ, 1970

ਨਾਭਾ, ਕਾਨ੍ਹ ਸਿੰਘ, ਮਹਾਨਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਦੂਜੀ ਐਡੀਸ਼ਨ, 1960

ਨਰੈਣ ਸਿੰਘ, ਗਿਆਨੀ, ਸ੍ਰੀ ਗੁਰੂ ਭਗਤਮਾਲ ਸਟੀਕ, ਬੂਟਾ ਸਿੰਘ ਪ੍ਰਤਾਪ ਸਿੰਘ, ਅੰਮ੍ਰਿਤਸਰ, 1951

ਪਦਮ, ਪਿਆਰਾ ਸਿੰਘ, ਆਦਿ ਗੁਰੂ ਗ੍ਰੰਥ ਸਾਹਿਬ ਦੀ ਵਡਿਆਈ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

_____, ਸੰਖੇਪ ਸਿੱਖ ਇਤਿਹਾਸ, ਕਲਮ ਮੰਦਿਰ, ਪਟਿਆਲਾ, 1979

_____, ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977

ਪ੍ਰਤਾਪ ਸਿੰਘ, ਟੀਕਾਕਾਰ, ਕਾਰਤਕ ਮਹਾਤਮ, ਪਦਮ ਪੁਰਾਣ ਵਿਚੋਂ, ਬੂਟਾ ਸਿੰਘ ਪ੍ਰਤਾਪ ਸਿੰਘ, ਅੰਮ੍ਰਿਤਸਰ, 1953

ਪ੍ਰਤਾਪ ਸਿੰਘ, ਗਿਆਨੀ, ਗੁਰਮਤ ਲੈਕਚਰ, ਮੋਹਨ ਸਿੰਘ ਐਂਡ ਸੰਨਜ, ਅੰਮ੍ਰਿਤਸਰ, 1953

_____, ਭਗਤ ਦਰਸ਼ਨ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, ਮਿਤੀਹੀਣ

ਬਿਸ਼ਨ ਸਿੰਘ, ਭਾਈ, ਕਬਿੱਤ ਸਵੱਯੇ ਭਾਈ ਗੁਰਦਾਸ- ਦੇ ਸਟੀਕ, ਭਾਈ ਜਵਾਹਰ ਸਿੰਘ, ਸਿੰਘ, ਕ੍ਰਿਪਾਲ ਸਿੰਘ, ਐਂਡ ਕੋ., ਅੰਮ੍ਰਿਤਸਰ, 1911

ਬੇਦੀ, ਕਾਲਾ ਸਿੰਘ, ਗੁਰੂ ਨਾਨਕ ਦਰਸ਼ਨ, ਪੰਜਾਬੀ ਪ੍ਰਕਾਸ਼ਕ, ਦਿੱਲੀ, 1965

ਬੇਦੀ, ਗੁਰਨਾਮ ਕੌਰ, ਕਬੀਰ ਬਾਣੀ, ਆਲੋਚਨਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1987

ਬੇਦੀ, ਤਰਲੋਚਨ ਸਿੰਘ (ਸੰਪਾ.), ਸਿੱਖਾਂ ਦੀ ਭਗਤਮਾਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1986

ਬੇਦੀ, ਵਣਜਾਰਾ, ਪੰਜਾਬੀ ਲੋਕਧਾਰਾ ਵਿਸ਼ਵ ਕੋਸ਼, ਜਿਲਦ ਪਹਿਲੀ, ਨੈਸ਼ਨਲ ਬੁਕ ਸ਼ਾਪ, ਦਿੱਲੀ, 1978

ਭੱਲਾ ਸਰੂਪ ਦਾਸ, ਮਹਿਮਾ ਪ੍ਰਕਾਸ਼ (ਭਾਗ ਦੂਜਾ) (ਸੰਪਾ.) ਗੋਬਿੰਦ ਸਿੰਘ ਲਾਂਬਾ / ਖਜਾਨ ਸਿੰਘ

ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971

ਮਹਿਤਾਬ ਸਿੰਘ, ਮਾਸਟਰ, ਨਾਵਾਂ ਤੇ ਥਾਵਾਂ ਦਾ ਕੋਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਚੌਥੀਵਾਰ,

1991

ਮਨੀ ਸਿੰਘ, ਭਾਈ, ਸਿੱਖਾਂ ਦੀ ਭਗਤਮਾਲਾ, ਸੰਪਾ. ਭਾਈ ਵੀਰ ਸਿੰਘ, ਖਾਲਸਾ ਸਮਾਚਾਰ

ਅੰਮ੍ਰਿਤਸਰ, 1950

ਮੈਕਸਮੂਲਰ, ਐਫ. ਧਰਮ ਦੀ ਉਤਪਤੀ ਅਤੇ ਵਿਕਾਸ, (ਅਨੁ.) ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ,

ਪਟਿਆਲਾ, 1989

ਮਿਹਰਬਾਨ ਜੀ ਸੋਢੀ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, (ਸੰਪਾ.) ਡਾ. ਕਿਰਪਾਲ ਸਿੰਘ,

ਖਾਲਸਾ ਕਾਲਜ, ਅੰਮ੍ਰਿਤਸਰ, 1962

ਰਜਿੰਦਰ ਕੌਰ, ਭਾਈ ਗੁਰਦਾਸ ਦੀਆਂ ਵਾਰਾਂ - ਇਕ ਸਾਹਿਤਕ ਅਧਿਐਨ, ਨਿਊ ਬੁਕ

ਕੰਪਨੀ ਜਲੰਧਰ, 1971

ਰੂਪ, ਹਰਿੰਦਰ ਸਿੰਘ, ਭਾਈ ਗੁਰਦਾਸ, ਹਿੰਦ ਪਬਲਿਸ਼ਰਜ਼, ਕੋਰਟ ਰੋਡ, ਅੰਮ੍ਰਿਤਸਰ, 1952

ਲਾਲ ਸਿੰਘ, ਗਿਆਨੀ (ਸੰਗਰੂਰ), ਗੁਰਦਾਸ ਦਰਸ਼ਨ, ਲੇਖਕ ਦੁਆਰਾ ਪ੍ਰਕਾਸ਼ਿਤ ਸੰਗਰੂਰ, 1950

ਵਾਤਿਸ, ਧਰਮ ਚੰਦ, (ਸੰਪਾ.), ਸਿਖਾਂ ਦੀ ਭਗਤਮਾਲਾ: ਅਧਿਐਨ ਅਤੇ ਸੰਪਾਦਨ, ਲਾਹੌਰ

ਬੁਕ ਸ਼ਾਪ, ਲੁਧਿਆਣਾ, 1979

ਵੀਰ ਸਿੰਘ, ਭਾਈ, ਸਿੱਧ ਗੋਸਟਿ ਸਟੀਕ, ਭਾਗ ਪਹਿਲਾ, ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ

1969

ਵੀਰ ਸਿੰਘ, ਭਾਈ (ਸੰਪਾ.), ਕਬਿੱਤ - ਭਾਈ ਗੁਰਦਾਸ, ਦੂਸਰਾ ਸਕੰਧ, ਖਾਲਸਾ ਸਮਾਚਾਰ,ਅੰਮ੍ਰਿਤਸਰ,ਤੀਜੀ ਵਾਰ, 1966

______, ਸ੍ਰੀ ਗੁਰੂ ਨਾਨਕ ਚਮਤਕਾਰ, ਖਾਲਸਾ ਸਮਾਚਾਰ, ਅੰਮ੍ਰਿਤਸਰ, 1969

______(ਸੰਪਾ.), ਗੁਰੂ ਪ੍ਰਤਾਪ ਸੂਰਜ ਗ੍ਰੰਥ, ਜਿਲਦ ਦੂਜੀ, ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਮਈ, 1963

______ (ਸੰਪਾ.), ਪੁਰਾਤਨ ਜਨਮਸਾਖੀ, ਮੈਨੇਜਰ, ਖਾਲਸਾ ਸਮਾਚਾਰ, ਅੰਮ੍ਰਿਤਸਰ, 1952

______, ਬਾਬਾ ਨੌਧ ਸਿੰਘ, ਖਾਲਸਾ ਸਮਾਚਾਰ, ਅੰਮ੍ਰਿਤਸਰ, 1968

ਖੋਜ ਪੱਤਰਕਾਵਾਂ :

ਖੋਜ-ਪੱਤ੍ਰਿਕਾ, ਗੁਰੂ ਨਾਨਕ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਪਰਖ, (ਗੁਰੂ ਨਾਨਕ ਅੰਕ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969

ਪੰਜਾਬੀ ਦੁਨੀਆਂ, (ਸੂਫੀ ਕਾਵਿ ਅੰਕ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਜੁਲਾਈ-ਦਸੰਬਰ, 1964

ਪੰਜਾਬੀ ਦੁਨੀਆਂ, (ਗੁਰੂ ਅਰਜਨ ਅੰਕ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਜੂਨ-ਜੁਲਾਈ 1953

ਪੰਜਾਬੀ ਦੁਨੀਆਂ(ਗੁਰੂ ਅਮਰਦਾਸ ਅੰਕ),ਭਾਸ਼ਾ ਵਿਭਾਗ ਪੰਜਾਬ,ਪਟਿਆਲਾ, ਨਵੰਬਰ,1962

ਪੰਜਾਬੀ ਦੁਨੀਆਂ, (ਭਾਈ ਗੁਰਦਾਸ ਅੰਕ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ,ਸਤੰਬਰ-ਅਕਤੂਬਰ, 1968

<u>ਹਿੰਦੀ ਪੁਸਤਕਾਂ</u> :

ਅਹਿਮਦ ਬਸ਼ੀਰ ਮੌਲਵੀ (ਅਨੁ.) <u>ਕੁਰਾਨ ਸਰੀਫ</u>, <u>ਸੂਰੇ</u> ਮੁਹੰਮਦ, ਸ੍ਰੀ ਪ੍ਰਭਾਕਰ ਸਹਿਲੋਕ, ਲਖਨਊ, 1962

ਆਚਾਰੀਯ, ਸ੍ਰੀ ਰਾਮ ਜੀ ਸ਼ੁਰਮਾ (ਸੰਪਾ.), <u>ਨਾਰਦ ਪੁਰਾਣ</u>, ਸੰਸਕ੍ਰਿਤ ਸੰਸਥਾਪਨ, ਬਰੇਲੀ, 1971

_____, <u>ਵਿਸ਼ਨੂੰ ਪੁਰਾਣ</u>, ਸੰਸਕ੍ਰਿਤ ਸੰਸਥਾਨ, ਬਰੇਲੀ, 1967

_____, <u>ਪਦਮ ਪੁਰਾਣ</u>, ਸੰਸਕ੍ਰਿਤ ਸੰਸਥਾਪਨ, ਬਰੇਲੀ, 1968

ਗੋਵਿੰਦ ਤ੍ਰਿਗੁਣਾਇਤ, <u>ਹਿੰਦੀ ਕੀ ਨਿਰਗੁਣ ਕਾਵਯਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਠ ਭੂਮੀ</u>, ਸਾਹਿਤ ਨਿਕੇਤਨ, ਕਾਨਪੁਰ, 1961

ਤ੍ਰਿਪਾਠੀ, ਸ੍ਰੀਰਾਮ ਪ੍ਰਤਾਪ (ਅਨੁ.), <u>ਮਤਸਯ ਪੁਰਾਣ</u>, ਹਿੰਦੀ ਸਾਹਿਤ ਸੰਮੇਲਨ, ਪ੍ਰਯਾਗ, ਸੰਮਤ 2003

ਨਰੇਂਦਰ (ਡਾ.), (ਸੰਪਾ.), <u>ਭਾਰਤੀਏ ਸਾਹਿਤ-ਕੋਸ਼</u>, ਨੈਸ਼ਨਲ ਪਬਲਿਸ਼ਿੰਗ ਹਾਊਸ, ਨਵੀਂ ਦਿੱਲੀ, 1981

ਢਿੱਲੋਂ, ਸੁਰੈਣ ਸਿੰਘ, <u>ਆਦਿ ਗ੍ਰੰਥ ਕੇ ਪਰੰਪਰਾਗਤ ਤਤਵੋਂ ਕਾ ਅਧਿਐਨ</u>, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1978

ਸਹਿਗਲ, ਮਨਮੋਹਨ , <u>ਗੁਰੂ ਗ੍ਰੰਥ ਸਾਹਿਬ :ਏਕ ਸਰਵੇਖਣ</u>, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971

ਸੰਪੂਰਨਾ ਨੰਦ, <u>ਹਿੰਦੂ ਦੇਵ ਪਰਿਵਾਰ ਕਾ ਵਿਕਾਸ</u>, ਮਿਤ੍ਰ ਪ੍ਰਕਾਸ਼ਨ, ਇਲਾਹਾਬਾਦ, 1964

ਸਿੰਗਲ, ਧਰਮਪਾਲ (ਡਾ.) ਸੰਤ ਸਿਰੋਮਣੀ ਰਵਿਦਾਸ, ਦੀਪਕ ਪਬਲੀਸ਼ਰਜ਼, ਜਲੰਧਰ, 1983

ਸ਼ਰਮਾ, ਸੁਸ਼ੀਲ ਕੁਮਾਰ (ਅਨੁ.), ਭਾਗਵਦ ਪੁਰਾਣ, ਭਾਰਤੀਯ ਪੁਸਤਕ ਭੰਡਾਰ, ਬੰਬਈ, ਸੰਮਤ 2016

English Books :

Archer, John Clark, The Sikhs, Princeton University Press, 1946

Banerjee, Anil Chander, Guru Nanak and His Times, Punjabi University, Patiala, 1971

Banerjee, Indu Bhushan, Evolution of Khalsa (Vol.I), A Mukerjee & Co. (Pvt.) Ltd., Calcutta, II edition, 1962

Chabbra, G.S., Advanced Study of the History of Panjab(Part-I), New Academic Publishing Co., Jallandhur, 1960

Cunnigham, J.D., Short History of the Sikhs, S.Chand & Co., New Delhi, 1955

Darshan Singh, The Religion of Guru Nanak, Lyall Book Depot, Ludhiana, 1970

Diwana, Mohan Singh, A History of Panjabi Literature, Bharat Parkashan, Jullundhar, IIIrd Edition, 1971

Dunkin Greenlice, The Gospel of the Guru Granth Sahib, The Theosophical Publishing House, Madras, 1960

Eliade, Mircea, Myth and Reality, George Allen and Unwin Ltd., London, 1963

Fauja Singh, 'Papers on Guru Nanak' Proceedings of Punjab History Conference, Panjabi University, Patiala, 1970

Fauja Singh & others, Sikhism (Development of Sikhism Under Gurus), Punjabi University, Patiala, 1969

Ganda Singh, 'Life of Bhai Gurdas', The Khalsa, Ed. Bhagat Lakshman Singh, Lahore, 1930

______, 'Papers on Guru Nanak' Proceeding of Punjabi History Conference, Punjabi University, Patiala, 1970

Gopal Singh, A History of the Sikh People (1469-1978), World Sikh University Press, New Delhi, 1970

Gupta, Hari Ram, History of the Sikh Guru's (Vol.I), U.C. Kapur & Sons, New Delhi, 1973

Hughes J.P., Dictionary of Islam, Allen, London, 1935

Khushwant Singh, A History of the Sikhs (Vol.I), Oxford University Press, 1966

Kohli, Surinder Singh, A Critical Study of Adi Granth, Punjabi Writers Co-operative Industries Society Ltd.,New Delhi, 1961

_____, Philosophy of Guru Nanak, Panjab University, Chandigarh, 1969

_____, Sikh Ethics, Munshiram Manohar Lal Publishers (Pvt.), Ltd., Delhi,1975

_____, Travels of Guru Nanak, Panjab University, Chandigarh, 1969

Latif, Syad Mohammad, History of Panjab, Eurasia Publishing Pvt, Ltd., New Delhi,1964

Macaullife,M.A., The Sikh Religion (Vol. I to VI), Low Price Publication, Delhi, Reprint, 1990

Maclead,W.H., Guru Nanak and the Sikh Religion, Oxford University Press, New Delhi, 1968

Malcom, John, Sketch of the Sikhs, Vinay Publication, Chandigarh, 1981

Narang, Gokal Chand, Transformation of Sikhism, New Book Society, of India (Publisher) New Delhi, 5th Ed., 1960

Pike, E. Royston, Mohammad Prophet of Religion of Islam, Weiden-field and Nicoloson, Ltd, London, 1962

Puran Singh, The Ten Masters, Panjabi University, Patiala, 1980

Radha Krishan, Sacred Writings of the Sikhs, George Allen & Unwin Ltd., Museum Street, London, 1965

Ranbir Singh, Glimpses of the Divine Masters (Guru Nanak - Guru Gobind Singh), International Traders Corp, New Delhi, 1965

Sarkar, J.N , Short History of Aurangzeb, M.C. Sarkar, Calcutta, 1962

Swami Parmanand, Exploration in Tibet, Calcutta University, Calcutta, 1950

Tara Chand, Influence of Islam on India Culture, The Indian Press, Allahabad, 1954

Teja Singh, Essays in Sikhism, Sikh University Press, Lahore, 1944

Teja Singh & Ganda Singh, A Short History of the Sikhs (Vol.I), Orient Longmans Ltd, Bombay Ist Ed., 1950

Thomas, P., Epics,Myths and Legends of India, D.B., Taraporevala Sons & Co.,Ltd, Bombay.

Thomas, P, Incredible India, D.B., Taraporewala & Sons,Bombay 1966

Trumpp, E., The Adi Granth, Munshiram Manmohar Lal, New Delhi 1970 (Second Edition)

Wilson, H.H., Religious Sects of the Hindus, ed. by Ernst R., Rost, 2nd ed., Sushil Gupta,Calcutta, 1958

Encyclopaedias :

Collier's Encyclopaedia (Vol. 14), P.F. Collier and Sons Corporation, New York, Toronto, 1959

The Enchclopaedia Americana (Vol.19), Americana Corporation, New York, 1944

Encyclopaedia Britannica (Vol.II), Encyclopaedia Britannica, Ltd London, 1950

Enchclopaedia of Islam, Vol.II, Luzac & Co.,London, 1936

Encyclopaedia of Religion & Ethics (Vol.VI & IX),T and T, Clark Edinburg, 1956